
23 ਫਰਵਰੀ 1881 – 15 ਅਗਸਤ 1947

ਆਤਮ ਕਥਾ ਸਰਦਾਰ ਅਜੀਤ ਸਿੰਘ

ਚਾਚਾ ਸ਼ਹੀਦ ਭਗਤ ਸਿੰਘ

ਪੱਗੜੀ ਸੰਭਾਲ ਜੱਟਾ

ਤੋਂ ਅਜ਼ਾਦੀ ਵੱਲ



ਪੱਗੜੀ ਸੰਭਾਲ ਜੱਟਾ
ਤੋਂ ਆਜ਼ਾਦੀ ਵੱਲ

(ਆਤਮ ਕਥਾ ਸਰਦਾਰ ਅਜੀਤ ਸਿੰਘ ਚਾਚਾ ਸ਼ਹੀਦ ਭਗਤ ਸਿੰਘ)

ਅਨੁਵਾਦ : ਸੁਦਰਸ਼ਨ ਕੁਮਾਰ

ਸੰਪਾਦਕ : ਜਗਮੋਹਨ ਸਿੰਘ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

PAGRI SAMBHAAL JATTA TO'N AZAADI WAL

(a autobiography S. Ajit Singh Uncle of Shaheed Bhagat Singh)

Edited *by:*

Jagmohan Singh

2409, ਕ੍ਰਿਸ਼ਨਾ ਨਗਰ, ਸਾਹਮਣੇ ਆਰਤੀ ਸਿਨੇਮਾ, ਲੁਧਿਆਣਾ

ਫੋਨ : 0161-2406560

ਸਹਿਯੋਗ : ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ

Published by :

Chetna Parkashan

Punjabi Bhawan, Ludhiana (Pb.) INDIA

Ph. 0161-2413613, 2404928

Website : *www.chetnaparkashan.com*

E-mail : *chetnaparkashan@sify.com*
chetnaparkashan@gmail.com

ISBN 81-7883-402-2

ਪਹਿਲੀ ਵਾਰ	:	23 ਮਾਰਚ, 2001
ਦੂਜੀ ਵਾਰ	:	(ਸੋਧਿਆ ਹੋਇਆ ਐਡੀਸ਼ਨ 28 ਸਤੰਬਰ 2007)
ਪ੍ਰਕਾਸ਼ਕ	:	ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ (ਫ਼ੋਨ 2413613, 2404928)
ਛਾਪਕ	:	ਆਰ.ਕੇ. ਆਫ਼ਸੈੱਟ, ਦਿੱਲੀ।
ਮੁੱਲ	:	125 ਰੁਪਏ ਪੇਪਰ ਬੈਕ

ਸ਼ਹੀਦ ਜਤਿਨ ਦਾਸ

ਦੀ

ਸ਼ਹੀਦੀ

ਅਤੇ

ਅਟੱਲ ਇਰਾਦੇ ਨੂੰ

ਸਮਰਪਿਤ

ਤਰਤੀਬ

ਦੂਸਰੇ ਐਡੀਸ਼ਨ ਦੀ ਭੂਮਿਕਾ

"ਪੱਗੜੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ" ਦਾ ਦੂਸਰਾ ਐਡੀਸ਼ਨ ਪੇਸ਼ ਕਰਦੇ, ਚੰਦ ਵਿਚਾਰ ਸਾਂਝੇ ਕਰਨਾ ਜ਼ਰੂਰੀ ਹੈ। ਇਹ ਸਾਲ 2007, ਪਗੜੀ ਸੰਭਾਲ ਦਾ 100 ਸਾਲਾ ਵੀ ਹੈ। 1857 ਦੀ ਪਹਿਲੀ ਆਜ਼ਾਦੀ ਦੀ ਜੰਗ ਦਾ 150 ਸਾਲਾ ਵੀ। 1907 ਵਿਚ ਸ. ਅਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਆਜ਼ਾਦੀ ਦੀ ਜੰਗ ਦੇ 50ਵੇਂ ਸਾਲ ਨੂੰ ਮੁੱਖ ਰੱਖ ਕੇ ਤਿਆਰੀ ਕੀਤੀ ਸੀ।

ਇਸ ਕਰਕੇ ਇਹ ਜਾਨਣਾ ਪ੍ਰਾਠਕਾਂ ਲਈ ਜ਼ਰੂਰੀ ਹੈ ਕਿ ਇਨ੍ਹਾਂ ਘਟਨਾਵਾਂ ਵਿਚ ਕਿਸ ਅਸੂਲ ਦੀ ਸੂਤਰ ਦੀ ਸਾਂਝ ਸੀ। ਹਾਂ ਅੰਗਰੇਜ਼ੀ ਰਾਜ ਦਾ ਭਾਰਤ ਵਿਚੋਂ ਪੂਰੀ ਤਰ੍ਹਾਂ ਖ਼ਾਤਮਾ ਕਰਕੇ ਲੋਕਾਂ ਦਾ ਆਪਣੇ ਫ਼ੈਸਲੇ ਆਪ ਕਰਨ ਦਾ ਹੱਕ ਪ੍ਰਾਪਤ ਕਰਨ ਦਾ ਮੰਤਵ ਤਾਂ ਇਹ ਹੈ ਹੀ ਸੀ। ਸਵਰਾਜ ਦੀ ਭਾਰਤ ਵਿਚ ਸਥਾਪਤੀ। ਪਰ ਇਸ ਮਹਾਨ ਮੰਤਵ ਨੂੰ ਪੂਰਣ ਪ੍ਰਾਪਤੀ ਲਈ ਜਿਸ ਵਿਚਾਰ ਨੂੰ ਯੁਗ ਬਣਾਇਆ ਗਿਆ ਉਹ ਬਹੁਤ ਅਹਿਮ ਹੈ।

1857 ਪਹਿਲੀ ਆਜ਼ਾਦੀ ਦੀ ਜੰਗ ਨੇ ਭਾਰਤੀ ਲੋਕ ਰਾਸ਼ਟਰਵਾਦ ਨੂੰ ਜਨਮ ਦਿੱਤਾ। ਈਸਟ ਇੰਡੀਆ ਕੰਪਨੀ ਦੇ ਬਰਖ਼ਿਲਾਫ਼ ਉਹ ਮਹਾਨ ਜੰਗ ਲੜੀ ਗਈ। ਕੰਪਨੀ ਦੀਆਂ ਆਪਣੇ ਲਾਭ ਦੇ ਲੋਭ ਵਿਚ ਅਜਿਹੀਆਂ ਨੀਤੀਆਂ ਦਾ ਚਲਣ ਕੀਤਾ ਗਿਆ ਕਿ ਪਹਿਲਾਂ ਮਿਹਨਤੀ ਕਿਸਾਨ ਕੰਗਾਲ ਹੋ ਗਿਆ। ਕੁਸ਼ਲ ਕਾਰੀਗਰ ਬੇਰੁਜ਼ਗਾਰ ਤੇ ਬੇਕਾਰ ਕਰ ਦਿੱਤਾ। ਪਿੰਡਾਂ ਦੇ ਪਿੰਡ ਅਕਾਲ, ਘਟੀਆ ਪੌਸ਼ਿਟਕਤਾ ਦੇ ਬਿਮਾਰੀਆਂ ਦੇ ਸ਼ਿਕਾਰ ਹੋ ਗਏ। ਪਿੰਡਾਂ ਦਾ ਅਰਥਚਾਰਾ ਜਿਹੜਾ ਕਿ ਖੇਤੀ ਦੀ ਨੀਂਹ 'ਤੇ ਖੜਾ ਸੀ, ਬਰਬਾਦ ਹੋਇਆ ਤਾਂ ਪਿੰਡ ਦੇ ਸਵਰਨ ਜਾਤੀ ਤੇ ਦਲਿਤ ਇਕੋ ਜਿਹੇ ਮਾਰ ਹੇਠ ਆ ਗਏ। ਇਸ ਦੇ ਨਾਲ ਹੀ ਖੁੱਲ੍ਹੇ ਬਾਜ਼ਾਰ ਦੀ ਨੀਤੀ 1810 ਈ. ਤੋਂ ਬਾਅਦ ਕੰਪਨੀ ਨੇ ਲਾਗੂ ਕੀਤੀ, ਜਿਸ ਦਾ ਮੂਲ ਤੰਤਰ ਹੈ, ਬਾਹਰੋਂ ਜਿਹੜਾ ਮਾਲ ਦੇਸ਼ ਵਿਚ ਆਵੇ ਉਸ ਉਤੇ ਕੋਈ ਕਰ ਨਾ ਲਗਾਇਆ ਜਾਵੇ, ਪਰ ਦੇਸ਼ ਅੰਦਰ ਮਾਲ ਦੇ ਅਦਾਨ ਪ੍ਰਦਾਨ 'ਤੇ ਥਾਂ ਥਾਂ ਚੂੰਗੀ ਕਰ ਵਸੂਲ ਕੀਤਾ ਜਾਵੇ। ਅਜਿਹੀ ਨੀਤੀ ਦੇਸੀ ਵਪਾਰੀਆਂ ਨੂੰ ਵਿਦੇਸ਼ੀ ਵਪਾਰੀਆਂ ਦੇ ਮੁਕਾਬਲੇ ਬਹੁਤ ਘਾਟਾ ਠੋਸਦੀ ਹੈ।

ਇਹੀ ਕਾਰਨ ਹੈ ਕਿ 1857 ਦੀ ਆਜ਼ਾਦੀ ਦੀ ਜੰਗ ਵਿਚ ਹਰ ਵਰਗ ਨੇ ਬਰਾਬਰ ਤਨਦੇਹੀ ਨਾਲ ਹਿੱਸਾ ਪਾਇਆ। ਰਾਜੇ ਤੇ ਰੰਕ ਇਕ ਹੋ ਕੇ ਲੜੇ,

ਜ਼ਿਮੀਂਦਾਰ-ਕਿਸਾਨ ਮੋਢੇ ਨਾਲ ਮੋਢਾ ਜੋੜ ਕੇ ਲੜੇ, ਵਪਾਰੀ ਤੇ ਕਾਰੀਗਰ ਇਕੱਠੇ ਲੜੇ, ਸਵਰਨ ਜਾਤੀ ਤੇ ਦਲਿਤ ਸਾਥ ਸਾਥ ਲੜੇ। ਖਾਸ ਤੌਰ 'ਤੇ ਔਰਤਾਂ ਨੇ ਹੱਥੀਂ ਤਲਵਾਰ ਫੜ ਕੇ ਵੱਡੀ ਗਿਣਤੀ ਵਿਚ ਕੰਪਨੀ ਤੇ ਭਾੜੇ ਦੇ ਟੱਟੂਆਂ ਨੂੰ ਮੂੰਹ ਦੀ ਖਵਾਈ। ਆਦਿ ਵਾਸੀ ਵੀ ਲੜੇ। ਧਰਮਾਂ ਦੇ ਵਖਰੇਵੇਂ ਕਿਤੇ ਨਜ਼ਰ ਹੀ ਨਹੀਂ ਆਉਂਦੇ। ਪਹਿਲੀ ਵਾਰ ਭਾਰਤ ਨੂੰ ਇਕ ਜਨ ਰਾਸ਼ਟਰ ਦੀ ਭਾਵਨਾ ਨੇ ਇਕਮੁੱਠ ਕਰ ਦਿੱਤਾ।

ਭਾਰਤੀ ਮਨੋ ਵਿਕਾਸ ਵਿਚ ਇਹ ਬਹੁਤ ਵੱਡੀ ਪ੍ਰਾਪਤੀ ਸੀ। ਭਾਰਤੀ ਲੋਕਾਂ ਦਾ ਸਭ ਸਮਾਜੀ ਵਖਰੇਵਿਆਂ 'ਤੇ ਉਪਰ ਉਠ ਕੇ ਲੋਕ ਕੌਮਵਾਦੀ ਭਾਵਨਾ ਨਾਲ ਪ੍ਰੇਰਿਤ ਹੋ ਕੇ ਇਕੱਠੇ ਆਪਣੀ ਹੋਣੀ ਦੇ ਮਾਲਕ ਬਣਨ ਦਾ ਯਤਨ ਕੀਤਾ।

1907 ਦੀ ਪਗੜੀ ਸੰਭਾਲ, ਭਾਰਤ ਮਾਤਾ ਸੋਸਾਇਟੀ, ਸਵਰਾਜ ਅੰਜੁਮਨੇ ਮੁਹੈਬਾਨੇ ਵਤਨ (ਦੇਸ਼ ਨੂੰ ਪਿਆਰ ਕਰਨ ਵਾਲੀ ਸੋਸਾਇਟੀ) ਆਦਿ ਨਾਵਾਂ ਨਾਲ ਚੱਲੀ ਵਿਸ਼ਾਲ ਲੋਕ ਲਹਿਰ ਇਸੇ ਲੋਕ ਕੌਮਵਾਦ ਦੇ ਭਾਵ ਨਾਲ ਓਤ ਪ੍ਰੋਤ ਸੀ। ਇਹੀ ਕਾਰਣ ਸੀ ਕਿ ਅੰਗਰੇਜ਼ ਸਾਮਰਾਜੀ ਸ਼ਕਤੀ ਨੂੰ ਲੋਕ ਲੀਡਰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਬਰਮਾ ਤੋਂ ਵਾਪਸ ਹੀ ਨਹੀਂ ਬੁਲਾਣਾ ਪਿਆ, ਸਗੋਂ ਨਾ ਸਿਰਫ਼ ਆਪਣਾ ਥੁੱਕ ਕੇ ਚੱਟਣਾ ਪਿਆ, ਜਿਵੇਂ ਲੋਕ ਹਿੱਤ, ਕਿਸਾਨ ਹਿਤ ਵਿਰੋਧੀ ਕਾਨੂੰਨ ਵਾਪਸ ਲੈਣੇ ਪਏ ਸਗੋਂ ਲੀਡਰਾਂ ਨੂੰ ਬਰੀ ਕਰਨਾ ਪਿਆ।

ਇਸੇ ਲੋਕ ਕੌਮਵਾਦ ਨੂੰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਹੋਰ ਅਗਲੀਆਂ ਮੰਜ਼ਿਲਾਂ 'ਤੇ ਪਹੁੰਚਾ ਦਿੱਤਾ।

ਅੱਜ ਜਦ ਅਮਰੀਕੀ ਸਾਮਰਾਜਵਾਦ, ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਘ, ਆਈ. ਐਮ. ਐਫ. ਰਾਹੀਂ ਖੁੱਲ੍ਹੀ ਮੰਡੀ ਦੀ ਦਲੀਲ ਨਾਲ ਹਰ ਜਨ ਦੇ ਜੀਵਨ ਨੂੰ ਦੁੱਭਰ ਕਰ ਰਿਹਾ ਹੈ। ਇਹ ਕਿਵੇਂ ਹੋ ਗਿਆ ਕਿ 84 ਕਰੋੜ ਜਨਤਾ 20 ਰੁਪਏ ਰੋਜ਼ ਵਿਚ ਜੀਵਨ ਨਿਰਭਰ ਕਰਨ ਲਈ ਮਜ਼ਬੂਰ ਹੈ। ਜਦ ਕਿ ਵਿਦੇਸ਼ੀ ਸੱਟੇ ਬਜ਼ਾਰੀ-ਸ਼ੇਅਰ ਮਾਰਕੀਟ ਰਾਹੀਂ ਅਰਬਾਂ ਖਰਬਾਂ ਰੁਪਏ ਲੁੱਟ ਕੇ ਲੈ ਜਾ ਰਿਹਾ ਹੈ।

ਅੱਜ ਵਿਸ਼ਵ ਬੈਂਕ ਦੇ ਉਧਾਰ ਨਾਲ ਬਹੁ-ਪ੍ਰਚਾਰੀ ਜਾਂਦੀ ਤਰੱਕੀ, ਦੇਸ਼ ਦੀ ਆਉਣ ਵਾਲੀਆਂ ਨਸਲਾਂ ਦੇ ਸਿਰ ਕਰਜ਼ਾ ਮੜ੍ਹ ਕੇ ਉਨ੍ਹਾਂ ਨੂੰ ਭਵਿੱਖ ਵਿਚ ਜੋ ਕੁਝ ਆਜ਼ਾਦੀ ਦੀ ਜੰਗ ਨਾਲ ਪ੍ਰਾਪਤ ਹੋਇਆ ਸੀ ਉਸ ਤੋਂ ਵੀ ਵੰਚਿਤ ਕਰਨ ਦੀ ਸਾਜ਼ਿਸ਼ ਹੈ।

ਅਜਿਹੇ ਸਮੇਂ ਸ. ਅਜੀਤ ਸਿੰਘ ਜੀ ਦਾ ਤਜ਼ਰਬਾ ਖਾਸਾ ਲਾਹੇਵੰਦ ਹੋ ਸਕਦਾ ਹੈ। ਉਨ੍ਹਾਂ ਦੇ ਤਜ਼ਰਬੇ ਦੀ ਨਜ਼ਰ ਵਿਚ ਅੱਜ ਨੂੰ ਪਰਖ ਕਿ ਭਵਿੱਖ ਲਈ

ਠੋਸ ਨੀਤੀ ਦਾ ਨਿਰਣਾ, ਜ਼ਰੂਰ ਹੀ ਲਾਹੇਵੰਦ ਹੋਵੇਗਾ।

ਇਹ ਵੀ ਸਿੱਖਿਆ ਜਾਣਾ ਚਾਹੀਦਾ ਹੈ ਕਿ ਲੋਕ ਕੌਮੀਵਾਦੀ ਭਾਵਨਾ ਦੇ ਉਲਟ, ਤੰਗ ਨਜ਼ਰੀਆ, ਸਵਾਰਥੀ ਬਿਰਤੀ ਨਾਲ ਪ੍ਰੇਰਿਤ ਝੂਠੀ ਰਾਸ਼ਟਰਵਾਦੀ ਪ੍ਰਚਾਰ ਵੀ ਜ਼ੋਰਾਂ 'ਤੇ ਹੈ ਜਿਹੜਾ ਕਿ ਫਾਸ਼ੀਵਾਦੀ ਵਿਚਾਰਾਂ ਦਾ ਪਾਸਾਰ ਕਰਦਾ ਹੈ। ਇਸ ਵਿਚਾਰ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹੋਏ ਲੋਕ ਏਕਤਾ ਰਾਹੀਂ ਪ੍ਰਸਾਰੇ ਕੌਮਵਾਦੀ ਵਿਚਾਰ ਹੀ, ਸਾਮਰਾਜੀ ਦੈਂਤ ਨੂੰ ਢਾਉਣ ਦੀ ਤਾਕਤ ਰੱਖਦੀ ਹੈ। ਇਹ ਤਜ਼ਰਬਾ ਇਸ ਕਿਤਾਬ ਵਿਚੋਂ ਖ਼ਾਸ ਸਮਝਣ ਦੀ ਲੋੜ ਹੈ।

'ਪੜ੍ਹੋ, ਵਿਚਾਰ ਕਰੋ ਤੇ ਆਪਣੇ ਵਿਚਾਰ ਠੋਸ ਕਰਕੇ ਅਮਲ ਕਰੋ" ਭਗਤ ਸਿੰਘ ਦੇ ਇਸ ਸੁਨੇਹੇ ਨਾਲ ਸ਼ੁੱਭ ਕਾਮਨਾਵਾਂ ਪਿਆਰੇ ਪਾਠਕੋ!

13 ਸਤੰਬਰ 2007 - ਜਗਮੋਹਨ ਸਿੰਘ

ਜਨਤਕ ਇਨਕਲਾਬ ਲਈ ਸਮਰਪਤ ਜੀਵਨ
ਸਰਦਾਰ ਅਜੀਤ ਸਿੰਘ

ਭਾਰਤ ਉੱਤੇ ਅੰਗਰੇਜ਼ੀ ਰਾਜ ਦੀ ਜਕੜ ਨੂੰ ਜ਼ੋਰਦਾਰ ਝਟਕਾ ਦੇਣ ਵਾਲੀਆਂ ਚੰਦ ਮੋਹਰੀ ਸ਼ਖ਼ਸੀਅਤਾਂ ਵਿਚ ਸਰਦਾਰ ਅਜੀਤ ਸਿੰਘ ਚਾਚਾ ਸ਼ਹੀਦ ਭਗਤ ਸਿੰਘ ਦਾ ਖ਼ਾਸ ਸਥਾਨ ਹੈ। ਹਰ ਸ਼ਖ਼ਸ ਲਈ ਉਨ੍ਹਾਂ ਦਾ ਜੀਵਨ ਉਤਸ਼ਾਹਿਤ ਕਰਨ ਵਾਲਾ ਹੈ। ਉਨ੍ਹਾਂ ਨੇ ਆਪਣੇ ਜੀਵਨ ਦੇ 50 ਸਾਲ ਲੋਕ ਇਨਕਲਾਬ ਰਾਹੀਂ ਆਪਣੀ ਹੋਣੀ ਦੇ ਆਪ ਮਾਲਕ ਬਣਨ ਦੇ ਕਾਬਲ ਬਣਾਉਣ ਵਿਚ ਲਗਾਏ। ਦੇਸ਼ ਦੇ ਅੰਦਰ ਤੇ ਦੇਸ਼ ਦੇ ਬਾਹਰ, ਇਕ ਚਿਤ ਹੋ ਕੇ, ਆਪਣੇ ਨਿੱਜ ਨੂੰ ਪੂਰੀ ਤਰ੍ਹਾਂ ਤਿਆਗ ਕੇ ਉਨ੍ਹਾਂ ਨੇ ਆਪਣਾ ਜੀਵਨ, ਆਪਣੇ ਦੇਸ਼ ਦੇ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਦੱਬੇ ਕੁਚਲੇ ਲੋਕਾਂ ਦੇ ਖ਼ੁਸ਼ਹਾਲ ਭਵਿੱਖ ਲਈ ਅਰਪਤ ਕੀਤਾ।

ਜਦ ਮਾਰਚ 1947 ਵਿਚ ਉਹ ਚਾਲੀ ਸਾਲ ਦੀ ਜਲਾਵਤਨੀ ਬਾਅਦ ਭਾਰਤ ਵਾਪਸ ਪੁਜੇ ਤਾਂ ਦੋਸਤਾਂ ਦੇ ਜ਼ੋਰ ਪਾਉਣ ਉਤੇ ਉਨ੍ਹਾਂ ਆਪਣੇ ਜੀਵਨ ਦੇ ਤਜ਼ਰਬਿਆਂ ਨੂੰ ਆਪਣੀ ਆਤਮ ਕਥਾ, ਜਿਸ ਦਾ ਨਾਂ ਉਨ੍ਹਾਂ 'ਜ਼ਿੰਦਾ ਦਫ਼ਨ' ਦਿੱਤਾ ਸੀ, ਵਿਚ ਕਲਮ ਬੰਦ ਕੀਤਾ। ਉਹ ਆਤਮ ਕਥਾ, ਕੁਝ ਉਨ੍ਹਾਂ ਦੀਆਂ ਤਕਰੀਰਾਂ ਤੇ ਹੋਰ ਦਸਤਾਵੇਜ਼ਾਂ ਦੇ ਨਾਲ ਇਸ ਕਿਤਾਬ ਰਾਹੀਂ ਪੰਜਾਬੀ ਪਾਠਕਾਂ ਨੂੰ ਭੇਂਟ ਕਰਦਿਆਂ, ਇਕ ਜ਼ਿੰਮੇਵਾਰੀ ਦੀ ਪੂਰਤੀ ਦਾ ਅਹਿਸਾਸ ਕਰਦੇ ਹਾਂ।

'ਪੱਗੜੀ ਸੰਭਾਲ ਜੱਟਾ' ਅਜਿਹੇ ਬੋਲ ਬਣ ਗਏ ਹਨ, ਜੋ ਜਿਥੇ ਸਰਦਾਰ ਅਜੀਤ ਸਿੰਘ ਨਾਲ ਇਕ ਮਿਕ ਹੋ ਗਏ ਹਨ। ਉਥੇ ਹਰ ਸਮੇਂ ਕਿਸਾਨੀ ਨੂੰ ਆਪਣੀ ਹੋਣੀ ਦੇ ਆਪ ਮਾਲਕ ਬਣਨ ਲਈ ਇਹ ਇਕ ਅਜਿਹੀ ਲਲਕਾਰ ਹਨ ਜੋ ਕਿ ਇਕ ਸਦੀ ਬਾਅਦ ਵੀ ਬੰਦ ਖਲਾਸੀ ਲਈ ਪ੍ਰੇਰਦੇ ਹਨ।

ਸਰਦਾਰ ਅਜੀਤ ਸਿੰਘ ਦਾ ਜਨਮ 23 ਫਰਵਰੀ 1881 ਵਿਚ ਖਟਕੜ ਕਲਾਂ (ਹੁਣ ਜ਼ਿਲ੍ਹਾ ਨਵਾਂ ਸ਼ਹਿਰ) ਵਿਚ ਸਰਦਾਰ ਅਰਜਨ ਸਿੰਘ ਦੇ ਘਰ ਮਾਤਾ ਜੈ ਕੌਰ ਦੀ ਕੁੱਖੋਂ ਹੋਇਆ। ਵੱਡੇ ਭਰਾ ਕਿਸ਼ਨ ਸਿੰਘ (ਪਿਤਾ ਸ਼ਹੀਦ ਭਗਤ ਸਿੰਘ) ਤੇ ਛੋਟੇ ਭਰਾ.ਸਰਦਾਰ ਸਵਰਨ ਸਿੰਘ ਨਾਲ ਜੁੜ ਕੇ ਉਨ੍ਹਾਂ ਨੇ ਬਹੁਤ ਵੱਡੇ ਇਨਕਲਾਬੀ ਕਾਰਜ ਸਿਰੇ ਚੜ੍ਹਾਏ। ਮੁਢਲੀ ਪੜ੍ਹਾਈ ਬੰਗਾ (ਹੁਣ ਜ਼ਿਲਾ ਨਵਾਂ ਸ਼ਹਿਰ) ਸਕੂਲ ਵਿਚ ਪੂਰੀ ਕਰਨ ਬਾਅਦ, ਉਨ੍ਹਾਂ ਮੈਟਰਿਕ 1884 ਵਿਚ ਸਾਈਂ ਦਾਸ ਐਂਗਲੋ

ਸੰਸਕ੍ਰਿਤ ਸਕੂਲ ਜਲੰਧਰ ਤੋਂ ਕੀਤੀ। 13 ਸਾਲ ਦੀ ਉਮਰ ਦੇ ਉਹ ਸਭ ਤੋਂ ਛੋਟੀ ਉਮਰ ਦੇ ਵਿਦਿਆਰਥੀ ਸਨ ਅਤੇ ਆਪਣੇ ਵੱਡੇ ਭਰਾ ਸਰਦਾਰ ਕਿਸ਼ਨ ਸਿੰਘ ਤੇ ਚਚੇਰੇ ਭਰਾ ਦਿਲਬਾਗ ਸਿੰਘ ਦੇ ਸਹਿਪਾਠੀ। ਸਰਦਾਰ ਅਜੀਤ ਸਿੰਘ ਜੀ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੇ ਇਛੁੱਕ ਸਨ, ਪਰ ਪਿਤਾ ਜੀ ਨੇ ਉਨ੍ਹਾਂ ਨੂੰ ਲਾ ਕਾਲਜ ਬਰੇਲੀ ਵਿਚ ਵਕੀਲ ਬਣਨ ਲਈ ਘੱਲਿਆ। ਸਿਹਤ ਵਿਗੜਨ ਕਰਕੇ ਉਨ੍ਹਾਂ ਨੂੰ ਕਾਲਜ ਛੱਡ ਕੇ ਵਾਪਸ ਲਾਹੌਰ ਪਰਤਣਾ ਪਿਆ। ਵਕਾਲਤ ਦੀ ਪੜ੍ਹਾਈ ਅਧੂਰੀ ਹੀ ਰਹਿ ਗਈ। ਇਲਾਜ ਉਪਰੰਤ, ਡੀ.ਏ.ਵੀ. ਕਾਲਜ ਲਾਹੌਰ ਵਿਚੋਂ ਐਫ.ਏ. ਦਾ ਇਮਤਿਹਾਨ 1896 ਈ. ਵਿਚ ਪਾਸ ਕੀਤਾ। ਇਸ ਬਾਅਦ ਉਹ ਲਾਹੌਰ ਵਿਚ ਯੂਰਪੀਨਾਂ ਨੂੰ ਉਰਦੂ ਅਤੇ ਪੰਜਾਬੀ ਪੜ੍ਹਾਉਣ ਲੱਗੇ। ਉਨ੍ਹਾਂ ਨੇ ਆਪਣਾ ਪਛਾਣ ਪੱਤਰ ਇਸ ਤਰ੍ਹਾਂ ਛਪਾਇਆ :-

1. ਪੇਜ਼ ਹਿਜ਼ ਬੈਸਟ ਕੰਪਲੀਮੈਂਟਸ ਐਂਡ ਬੈਗਜ਼ ਟੂ ਅਨਾਊਂਸ ਟੂ ਸਿਵਲ ਐਂਡ ਮਿਲਟਰੀ ਆਫੀਸਰਜ਼ ਦੈਟ ਹੀ ਅੰਡਰ ਟੇਕਸ ਟੂ ਟੀਚ ਉਰਦੂ, ਹਿੰਦੀ, ਪਰਸ਼ੀਅਨ ਐਂਡ ਪੰਜਾਬੀ ਐਟ ਲਾਹੌਰ ਐਂਡ ਅਬੂ ਰੋਡ।

(ਮੈਂ ਸ਼ੁਭ ਕਾਮਨਾਵਾਂ ਪੇਸ਼ ਕਰਦਾ ਹਾਂ ਅਤੇ ਸਿਵਲ ਅਤੇ ਮਿਲਟਰੀ ਅਫ਼ਸਰਾਂ ਨੂੰ ਸੂਚਤ ਕਰਨ ਦੀ ਇਜਾਜ਼ਤ ਮੰਗਦਾ ਹਾਂ ਕਿ ਮੈਂ ਉਰਦੂ, ਹਿੰਦੀ, ਫ਼ਾਰਸੀ ਅਤੇ ਪੰਜਾਬੀ ਲਾਹੌਰ ਅਤੇ ਅਬੂ ਰੋਡ ਵਿਖੇ ਪੜ੍ਹਾਉਂਦਾ ਹਾਂ।)

2. ਮੁਨਸ਼ੀ ਅਜੀਤ ਸਿੰਘ ਦਾ ਕੰਮ ਉਸ ਦੇ ਸ਼ਾਗਿਰਦਾਂ ਵਲੋਂ ਹਮੇਸ਼ਾ ਸਲਾਹਿਆ ਗਿਆ ਹੈ।

3. ਮੁਨਸ਼ੀ ਅਜੀਤ ਸਿੰਘ ਇਕ ਤਜਰਬੇਕਾਰ, ਨਿਪੁੰਨ ਅਤੇ ਯੋਗ ਟਿਊਟਰ ਹੈ ਅਤੇ ਘੱਟ ਘੱਟ ਸਮੇਂ ਵਿਚ ਵਧੀਆ ਪੜ੍ਹਾਉਣਾ ਜਾਣਦਾ ਹੈ।

4. ਮੁਨਸ਼ੀ ਅਜੀਤ ਸਿੰਘ ਡਾਕ ਰਾਹੀਂ ਵੀ ਅਫ਼ਸਰਾਂ ਨੂੰ ਪੜ੍ਹਾ ਸਕਦਾ ਹੈ।

5. ਟਰਮਜ਼ ਮਾਡਰੇਟ, ਉਚ ਰੇਫਰੇਸ਼ਿਜ਼ ਅਤੇ ਵਧੀਆ ਸਰਟੀਫਿਕੇਟ।

6. ਬੜੇ ਅਦਬ ਨਾਲ ਸੱਦਾ ਹੈ ਕਿ ਥੋੜ੍ਹਾ ਚਿਰ ਪੜ੍ਹ ਕੇ ਦੇਖੋ।

ਇਸ ਪਹਿਚਾਣ ਪੱਤਰ ਵਿਚ ਉਨ੍ਹਾਂ ਆਪਣੀ ਯੋਗਤਾ ਅਤੇ ਤਰੀਕੇ ਦਾ ਬਿਆਨ, ਜਿਸ ਢੰਗ ਨਾਲ ਕੀਤਾ ਹੈ, ਉਨ੍ਹਾਂ ਦੀ ਅਕਲਮੰਦੀ ਦਾ ਅੱਛਾ ਪ੍ਰਗਟਾਵਾ ਕਰਦਾ ਹੈ। ਉਹ ਪੰਡਤ ਸ਼ਰਧਾ ਰਾਮ ਫਿਲੌਰੀ ਦੀ ਪੰਜਾਬੀ ਬਾਤ-ਚੀਤ ਨੂੰ ਪੜ੍ਹਾਉਣ ਲਈ ਵਰਤਦੇ ਸਨ।

ਇਸ ਕੰਮ ਦਾ ਉਦੇਸ਼ ਉਹ ਕਿਹਾ ਕਰਦੇ ਸਨ ਕਿ "ਅੰਗਰੇਜ਼ ਦੀ ਮਨੋਬਿਰਤੀ ਤੇ ਜੀਵਨ ਪੱਧਤੀ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਇਹ ਸਭ ਤੋਂ ਵੱਧ ਚੰਗਾ ਤਰੀਕਾ ਹੈ ਅਤੇ ਅਧਿਆਪਕ ਦੇ ਨਾਤੇ ਉਨ੍ਹਾਂ ਦੇ ਦਫਤਰਾਂ ਵਿਚ ਖੁੱਲ੍ਹੇ ਆਉਣ ਜਾਣ ਦਾ ਮੌਕਾ ਵੀ ਮਿਲਦਾ ਹੈ।" ਇਹ ਉਨ੍ਹਾਂ ਦੇ ਇਨਕਲਾਬੀ ਹੋਣ ਦੀ ਬਹੁਤ ਵੱਡੀ ਮਿਸਾਲ ਹੈ।

19ਵੀਂ ਸਦੀ ਦੇ ਆਖਰੀ ਦਹਾਕੇ ਵਿਚ "ਅੰਗਰੇਜ਼ੀ ਰਾਜ ਦੀਆਂ ਨੇਹਮਤਾਂ" ਅਕਾਲ, ਪਲੇਗ ਆਦਿ ਨੇ ਭਾਰਤ ਨੂੰ ਗਰੱਸ ਲਿਆ। ਪੰਜਾਬ ਵਿਚ ਵੀ ਏਨੇ ਭਿਆਨਕ ਅਕਾਲ ਪਏ ਕਿ ਛੇਵਾਂ ਹਿੱਸਾ ਅਬਾਦੀ ਮਰ ਗਈ। ਪਲੇਗ ਅਤੇ ਭੂਚਾਲ ਦੇ ਦੌਰਾਨ ਅੰਗਰੇਜ਼ ਰਾਜ ਪ੍ਰਬੰਧ ਲੋਕਾਂ ਦੀ ਮੱਦਦ ਕਰਨ ਦੇ ਉਲਟ ਲੋਕਾਂ ਨੂੰ ਤੰਗ ਕਰਦਾ ਅਤੇ ਇਸ ਤਰ੍ਹਾਂ ਉਹ ਲੋਕਾਂ ਦੇ ਦੁੱਖਾਂ ਨੂੰ ਹੋਰ ਵਧਾ ਦਿੰਦਾ ਸੀ। ਅਜਿਹੇ ਹਾਲਾਤ ਕਰਕੇ ਹੀ 1857 ਬਾਅਦ ਸ਼ਾਇਦ ਪਹਿਲਾ ਰਾਜਨੀਤਕ ਕਤਲ ਜੋ ਕਿ ਚਾਫੇਕਰ ਭਰਾਵਾਂ ਨੇ ਕੀਤਾ ਸੀ ਉਹ ਪਲੇਗ ਅਫ਼ਸਰ ਰਾਨਾਡੇ ਦਾ ਸੀ।

ਇਸ ਸਥਿਤੀ ਦਾ ਮੂਲਰੂਪ ਵਿਚ ਹੱਲ ਤਿਲਕ ਨੇ "ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ" ਨਾਲ ਦਿੱਤਾ ਸੀ। ਮੌਰਲੇ ਜੋ ਕਿ ਭਾਰਤ ਦਾ ਸੈਕਟਰੀ ਆਫ ਸਟੇਟ ਸੀ, ਨੇ ਇਹ ਮੰਨਿਆ ਸੀ ਕਿ ਅੰਗਰੇਜ਼ ਲੋਕਾਂ ਨੂੰ ਅਜਿਹਾ ਕੁਸ਼ਲ ਰਾਜ ਪ੍ਰਬੰਧ ਨਹੀਂ ਦੇ ਸਕਦਾ ਜੋ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਜ਼ਿੰਮੇਵਾਰੀ ਨਾਲ ਕਰੇ। ਇਹ ਤਾਂ ਸਿਰਫ਼ ਅੰਗਰੇਜ਼ ਰਾਜ ਦੇ ਖ਼ਾਤਮੇ ਨਾਲ ਹੀ ਹੋ ਸਕਦਾ ਸੀ ਕਿਉਂਕਿ ਮੁਨਾਫ਼ੇ ਲਈ ਚਲਾਇਆ ਜਾਂਦਾ ਰਾਜ ਲੋਕਾਂ ਪ੍ਰਤੀ ਜ਼ਿੰਮੇਵਾਰੀਆਂ ਨਹੀਂ ਨਿਭਾ ਸਕਦਾ।

ਪਰ ਆਪਣੇ ਵੱਡੇ ਭਰਾ ਸਰਦਾਰ ਕਿਸ਼ਨ ਸਿੰਘ ਨਾਲ 1898, ਬਰਾਰ (ਮੱਧ ਪ੍ਰਾਂਤ) ਵਿਚ ਅਕਾਲ ਪੀੜਤਾਂ ਦੀ ਮਦਦ, 1900 ਅਹਿਮਦਾਬਾਦ ਵਿਚ ਅਕਾਲ ਪੀੜਤਾਂ ਦੀ ਮਦਦ, 1904 ਕਾਂਗੜੇ ਭੂਚਾਲ ਪੀੜਤਾਂ ਦੀ ਮਦਦ, 1905 ਵਿਚ ਜਿਹਲਮ ਦੇ ਹੜ੍ਹਾਂ ਵਿਚ ਸ੍ਰੀ ਨਗਰ ਦੇ ਪੀੜ੍ਹਤਾਂ ਦੀ ਮਦਦ ਕਰਦੇ ਸਮੇਂ ਮੌਰਲੇ ਦੇ ਕਥਨ ਦੀ ਅਸਲੀਅਤ ਜਾਣ ਚੁੱਕੇ ਸਨ। ਅੰਗਰੇਜ਼ ਰਾਜ ਦਾ ਖ਼ਾਤਮਾ ਤੇ ਲੋਕਾਂ ਦੇ ਰਾਜ ਦੀ ਸਥਾਪਤੀ ਹੀ ਕੁਸ਼ਲ, ਲੋਕਾਂ ਦੀ ਮਦਦ ਕਰਨ ਵਾਲਾ- ਰਾਜ ਪ੍ਰਬੰਧ ਹੋ ਸਕਦਾ ਹੈ, ਦੇ ਉਹ ਪੱਕੇ ਧਾਰਨੀ ਹੋ ਗਏ ਸਨ।

ਇਸ ਕਰਕੇ ਉਨ੍ਹਾਂ ਕੋਸ਼ਿਸ਼ 1903 ਵਿਚ ਹੀ ਸ਼ੁਰੂ ਕਰ ਦਿੱਤੀ ਸੀ ਜਦ ਵਾਇਸਰਾਇ ਲਾਰਡ ਕਰਜਨ ਨੇ ਦਿੱਲੀ ਦਰਬਾਰ ਬੁਲਾਇਆ। ਸਾਰੇ ਭਾਰਤੀ ਰਾਜੇ ਵੀ ਬੁਲਾਏ ਗਏ ਸਨ। ਇਹ ਅਗਰ ਅੰਗਰੇਜ਼ ਵੱਲੋਂ ਆਪਣੀ ਹਕੂਮਤ ਮਜ਼ਬੂਤ ਕਰਨ ਦਾ ਇਕ ਮਨੋਵਿਗਿਆਨਕ ਪ੍ਰਯੋਗ ਸੀ ਤਾਂ ਸਰਦਾਰ ਅਜੀਤ ਸਿੰਘ ਆਪਣੇ ਸਾਥੀਆਂ ਨਾਲ ਉਥੇ ਪਹੁੰਚ ਗਏ ਅਤੇ ਦੇਸੀ ਰਾਜਿਆਂ ਨਾਲ ਸੰਬੰਧ ਬਣਾਉਣ ਲਈ ਉਨ੍ਹਾਂ ਨੇ ਰਾਜ ਪੰਡਤਾਂ ਨਾਲ ਸੰਬੰਧ ਪੱਕੇ ਕਰਨੇ ਸ਼ੁਰੂ ਕਰ ਦਿੱਤੇ। ਉਥੇ ਇਕ ਘਟਨਾ ਇਹ ਘਟੀ ਕਿ ਜਦ ਦਰਬਾਰ ਸਜਣਾ ਸ਼ੁਰੂ ਹੋ ਗਿਆ ਤਾਂ ਸਾਰੇ ਰਾਜਿਆਂ ਨੇ ਆਪਣੀਆਂ ਥਾਵਾਂ ਲੈ ਲਈਆਂ, ਅੰਗਰੇਜ਼ ਅਫ਼ਸਰ ਵੀ ਆ ਗਏ, ਸਭ ਵਾਇਸਰਾਇ ਦੀ ਇੰਤਜ਼ਾਰ ਕਰ ਰਹੇ ਸਨ। ਤਾਂ ਇਕ ਅੰਗਰੇਜ਼ ਅਫ਼ਸਰ ਦਾ ਕੁੱਤਾ ਦੌੜਦਾ ਹੋਇਆ ਆਇਆ ਤੇ ਵਾਇਸਰਾਇ ਦੀ ਕੁਰਸੀ 'ਤੇ ਬੈਠ ਗਿਆ ਅਤੇ ਭੌਂਕਣ ਲੱਗ ਪਿਆ। ਇਸ ਨੇ ਸਭ ਦਾ ਧਿਆਨ ਖਿੱਚ ਲਿਆ। ਇਸ ਘਟਨਾ ਦਾ ਲਾਭ ਉਠਾਂਦੇ ਹੋਏ ਦੇਸੀ ਰਾਜਿਆਂ ਦੇ ਸਨਮਾਨ ਨੂੰ ਟੁੰਬਦੇ ਹੋਏ, ਪਰਚਾਰ ਕੀਤਾ ਗਿਆ ਕਿ ਇਹ ਘਟਨਾ ਦਰਸਾਉਂਦੀ ਹੈ

ਕਿ ਤੁਹਾਡੇ ਤੇ "ਕੁੱਤਾ" ਰਾਜ ਕਰਦਾ ਹੈ। ਇਸ ਨਾਲ ਕੁਝ ਦੇਸੀ ਰਾਜਿਆਂ ਨਾਲ ਸੰਬੰਧ ਜੋੜਨ ਵਿਚ ਉਹ ਕਾਮਯਾਬ ਵੀ ਹੋਏ। ਇਕ ਤਰ੍ਹਾਂ ਨਾਲ 1857 ਦੀ ਪੰਜਾਹਵੀਂ ਵਰ੍ਹੇਗੰਢ ਦੀ ਤਿਆਰੀ ਕੀਤੀ ਜਾ ਰਹੀ ਸੀ।

21-22 ਸਾਲ ਦੀ ਉਮਰ ਵਿਚ ਸਰਦਾਰ ਅਜੀਤ ਸਿੰਘ ਇਕ ਛੋਟੇ ਜਿਹੇ ਗਰੁੱਪ ਨਾਲ ਇਕ ਕ੍ਰਾਂਤੀ ਦੀ ਨੀਂਹ ਧਰ ਰਿਹਾ ਸੀ। ਦਿੱਲੀ ਵਿਚ, ਜਿਸ ਅਧੂਰੇ ਕੰਮ ਨੂੰ 21-22 ਸਾਲ ਦੀ ਉਮਰੇ ਸ਼ਹੀਦ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਅਸੈਂਬਲੀ ਵਿਚ ਬੰਬ ਸੁੱਟ ਕੇ ਪੂਰਾ ਕੀਤਾ।

ਜਿਵੇਂ ਕਿ ਉਹ ਆਤਮ ਕਥਾ ਵਿਚ ਲਿਖਦੇ ਹਨ ਕਿ ਉਨ੍ਹਾਂ ਦੇ ਪੜਦਾਦਾ ਸਰਦਾਰ ਫਤਹਿ ਸਿੰਘ ਨੇ 1857 ਵਿਚ ਜਿਥੇ ਪੰਜਾਬ ਦੀ ਜਗੀਰਦਾਰੀ ਨੇ ਜਗੀਰੀ ਹਵਸ ਤੇ ਲਾਲਸਾ ਕਰਕੇ ਅੰਗਰੇਜ਼ ਦੀ ਮਦਦ ਕੀਤੀ ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਨੂੰ ਦ੍ਰਿੜ੍ਹਾਉਂਦੇ ਹੋਏ ਮਨੁੱਖੀ ਆਜ਼ਾਦੀ ਲਈ ਖੜ੍ਹੇ ਹੋਣ ਦੇ ਅਸੂਲਾਂ ਨੂੰ ਅਪਣਾਇਆ। ਸਰਦਾਰ ਅਰਜਨ ਸਿੰਘ ਤੇ ਉਸ ਦੇ ਪੁੱਤਰਾਂ ਨੇ ਵੀ ਇਸੇ ਅਸੂਲ ਨੂੰ ਅਪਣਾਇਆ। ਜ਼ਮੀਨ ਦੀ ਹਵਸ ਤਿਆਗੀ ਤੇ ਮਨੁੱਖਤਾ ਦੀ ਸੇਵਾ ਦੇ ਅਸੂਲ ਨੂੰ ਅਪਨਾਇਆ। ਮੇਰੇ ਵਿਚਾਰ ਵਿਚ ਸ਼ਹੀਦ ਭਗਤ ਸਿੰਘ ਇਸੇ ਸਭਿਆਚਾਰਕ ਵਰਤਾਰੇ ਦੀ ਉੱਚਤਮ ਮਿਸਾਲ ਹੈ।

1906 ਵਿਚ ਸਰਦਾਰ ਕਿਸ਼ਨ ਸਿੰਘ, ਅਜੀਤ ਸਿੰਘ, ਸਵਰਨ ਸਿੰਘ, ਸੂਫ਼ੀ ਅੰਬਾ ਪ੍ਰਸ਼ਾਦ, ਕਰਤਾਰ ਸਿੰਘ ਕਸੂਰ, ਮਹਾਸ਼ਾ ਘਸੀਟਾ ਰਾਮ ਨੇ ਭਾਰਤ ਮਾਤਾ ਸੁਸਾਇਟੀ ਨਾਂ ਦੀ ਸੰਸਥਾ ਸਥਾਪਤ ਕਰਕੇ ਸਰਗਰਮ ਰਾਜਨੀਤੀ ਵਿਚ ਪ੍ਰਵੇਸ਼ ਕੀਤਾ। ਇਸ ਤੋਂ ਪਹਿਲਾਂ ਲੋਕਾਂ ਦੇ ਦਰਦ ਵਿਚ ਸਾਂਝੀਵਾਲ ਬਣ ਕੇ ਉਸ ਦਰਦ ਦਾ ਅਹਿਸਾਸ ਕਰਦੇ ਰਹੇ ਸਨ, ਯਤੀਮ ਖ਼ਾਨੇ ਚਲਾਉਣਾ, ਲੋਕਾਂ ਦੇ ਦੁੱਖਾਂ ਵਿਚ ਸਾਂਝੀਵਾਲ ਬਣਨਾ, ਹਰ ਮਦਦ ਦੇਣਾ। ਉਨ੍ਹਾਂ ਦੀ ਦੇਸ਼ ਭਗਤੀ ਲੋਕਾਂ ਦੀ ਦਰਦ ਦਾ ਪੱਕਾ ਇਲਾਜ ਲੱਭਣਾ ਸੀ, ਲੋਕਾਂ ਨੂੰ ਆਪਣੇ ਬਲਬੂਤੇ ਤੁਰਨ ਦੀ ਆਜ਼ਾਦੀ ਦਵਾਉਣਾ ਸੀ।

ਇਸ ਤੋਂ ਕੁਝ ਦੇਰ ਪਹਿਲਾਂ 1903 ਦੀ ਗੱਲ ਹੈ। ਜਦ ਉਹ ਕੁਝ ਕਾਨੂੰਨੀ ਸਲਾਹ ਮਸ਼ਵਰਾ ਲੈਣ ਬਾਬਾ ਧਨਪਤ ਰਾਏ ਜੀ ਕੋਲ ਕਸੂਰ ਗਏ। ਕਸੂਰ ਸੂਫ਼ੀਵਾਦ ਦਾ ਘਰ, ਬੁੱਲੇ ਸ਼ਾਹ ਦਾ ਵਰਸੋਇਆ ਸੀ। ਬਾਬਾ ਧਨਪਤ ਰਾਏ ਵੀ ਸੂਫ਼ੀਆਨਾ ਜੀਵਨ ਜਿਉਂਦੇ ਸਨ। ਨਿਡਰ, ਪਿਆਰ ਦੇ ਪੁੰਜ, ਗਰੀਬਾਂ, ਦੁਖੀਆਂ, ਮਜ਼ਲੂਮਾਂ ਦੀ ਮਦਦ ਕਰਨ ਵਾਲੇ, ਰੂੜੀ ਰੀਤੀ ਰਿਵਾਜਾਂ ਨੂੰ ਉਖਾੜਨ ਵਾਲੇ। ਉਨ੍ਹਾਂ ਗਊਸ਼ਾਲਾ ਬਣਾਈ ਸੀ, ਪਰੰ ਉਸ ਲਈ ਪੱਠਾ, ਚਾਰਾ ਬੀਜਣ ਲਈ ਗਊਆਂ ਨੂੰ ਹਲ ਜੋੜਦੇ ਸਨ। ਜੇ ਕਿਸੇ ਨੇ ਕਿੰਤੂ ਪ੍ਰੰਤੂ ਕਰਨਾ ਤਾਂ ਉਨ੍ਹਾਂ ਕਹਿਣਾ ਬਈ ਜੇ ਗਊਆਂ ਆਪਣੇ ਲਈ ਪੱਠਾ, ਚਾਰਾ ਨਹੀਂ ਉਗਾ ਸਕਦੀਆਂ ਤਾਂ ਫਿਰ ਇਹ ਭੁੱਖੀਆਂ ਰਹਿਣ। ਇਨ੍ਹਾਂ ਲਈ ਬਲਦਾਂ ਦਾ ਭਾਰ ਨਹੀਂ ਚੁੱਕਿਆ ਜਾ ਸਕਦਾ। ਕੈਸੀ ਠੋਸ ਗੱਲ ਹੈ। ਉਨ੍ਹਾਂ ਨੇ

ਅਕਾਲ ਪੀੜਤਾਂ ਨੂੰ ਘਰ ਵਿਚ ਰੱਖਿਆ ਹੋਇਆ ਸੀ। ਮਾਤਾ ਪਿਤਾ ਦੀ ਮੌਤ ਹੋ ਗਈ ਤਾਂ ਬੇਟੀ ਬਣਾ ਲਿਆ ਨਾਮੋ ਨੂੰ। ਉਨ੍ਹਾਂ ਦੇ ਭੁੱਖ ਨਾਲ ਵਾਲ ਝੜੇ ਹੋਏ ਸਨ। ਜਦ ਅਜੀਤ ਸਿੰਘ ਆਪਣੇ ਸਾਥੀ ਕਰਤਾਰ ਸਿੰਘ ਨਾਲ ਬਾਬਾ ਜੀ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ ਤਾਂ ਨਾਮੋ ਬਾਬਾ ਜੀ ਤੋਂ ਸੂਫ਼ੀ ਬੁੱਲੇ ਸ਼ਾਹ ਦੇ ਮੇਲੇ ਵਿਚ ਜਾ ਕੇ ਸੂਫ਼ੀ ਕਲਾਮ ਸੁਣਨ ਦੀ ਇਜਾਜ਼ਤ ਲੈਣ ਆਈ। ਇਹ ਬਹੁਤ ਸਹਿਬਨ ਹੋਇਆ। ਜਦ ਉਹ ਇਜਾਜ਼ਤ ਲੈ ਕੇ ਚਲੀ ਗਈ ਤਾਂ ਬਾਬਾ ਜੀ ਨੇ ਸਰਦਾਰ ਅਜੀਤ ਸਿੰਘ ਨੂੰ ਵਿਆਹ ਬਾਰੇ ਵਿਚਾਰ ਪੁੱਛੇ। ਉਨ੍ਹਾਂ ਦਾ ਜਵਾਬ ਸੀ ਕਿ ਕੀ ਕਾਹਲੀ ਹੈ ਤਾਂ ਬਾਬਾ ਜੀ ਨੇ ਕਿਹਾ ਕਿ ਕੁਦਰਤ ਦਾ ਅਸੂਲ ਹੈ, ਕਿ ਇਨਸਾਨੀਅਤ ਦੇ ਵਿਕਾਸ ਲਈ ਔਰਤ ਤੇ ਆਦਮੀ ਦੋਵਾਂ ਦਾ ਸਾਥ ਹੋਣਾ ਜ਼ਰੂਰੀ ਹੈ। ਨਾਮੋ ਤੇਰਾ ਸਾਥ ਦੇਣ ਦੇ ਕਾਬਲ ਹੈ। ਸਰਦਾਰ ਅਜੀਤ ਸਿੰਘ ਖ਼ੁਦ ਮਨੁੱਖਾਂ ਦੇ ਬੜੇ ਪਾਰਖੂ ਸਨ। ਉਹ ਇਸ ਵਿਆਹ ਲਈ ਮੰਨ ਗਏ ਤੇ ਵਿਆਹ ਵੀ ਸੂਫ਼ੀ ਤਰੀਕੇ ਨਾਲ ਹੋਇਆ। ਬਾਬਾ ਜੀ ਨੇ ਕਮਰੇ ਦੇ ਅੰਦਰ ਨਾਮੋ (ਹਰਨਾਮ ਕੌਰ) ਨੂੰ ਬਿਠਾ ਲਿਆ ਤੇ ਕਮਰੇ ਦੇ ਬਾਹਰ ਅਜੀਤ ਸਿੰਘ ਨੂੰ। ਤੇ ਫਿਰ ਸੂਫ਼ੀ ਮੱਤ ਪੜ੍ਹੀ ਜਿਸਦਾ ਭਾਵ ਹੈ ਕਿ ਦੁਨੀਆਂ ਦੇ ਵਿਕਾਸ ਲਈ ਇਸਤਰੀ ਪੁਰਸ਼ ਦਾ ਸਾਥ ਇਕ ਕੁਦਰਤੀ ਜ਼ਰੂਰਤ ਹੈ। ਇਹ ਗੱਲ ਮਾਂ ਜੀ ਹਰਨਾਮ ਕੌਰ ਤੋਂ ਮੈਂ ਕਈ ਵਾਰ ਸੁਣੀ।

ਮੈਂ ਸੋਚਦਾ ਹਾਂ ਕਿ ਮਾਂ ਜੀ ਹਰਨਾਮ ਕੌਰ ਨੇ ਘਰ ਵਿਚ ਸੂਫ਼ੀ ਬੁੱਲੇ ਸ਼ਾਹ ਦਾ ਪ੍ਰਵਾਹ ਲਿਆਂਦਾ। ਬੇਬੇ ਜੀ ਵਿਦਿਆਵਤੀ (ਮਾਤਾ ਸ਼ਹੀਦ ਭਗਤ ਸਿੰਘ) ਸਿੰਘ ਸਭਾ ਦਾ ਪ੍ਰਭਾਵ ਲੈ ਕੇ ਆਏ। ਉਹ ਕਿਹਾ ਕਰਦੇ ਸਨ ਕਿ ਭਗਤ ਸਿੰਘ ਦੇ ਜਨਮ ਵੇਲੇ ਮੈਂ ਚੰਡੀ ਦੀ ਵਾਰ ਦਾ ਪਾਠ ਕਰਿਆ ਕਰਦੀ ਸੀ। ਬਾਬਾ ਅਰਜਨ ਸਿੰਘ ਨੇ ਆਰੀਆ ਸਮਾਜ ਰਾਹੀਂ ਛੂਆ ਛਾਤ ਦਾ ਖ਼ਾਤਮਾ, ਤਰਕ, ਲੋਕਾਂ ਦੀ ਸੇਵਾ ਵਿਚ ਮੁਕਤੀ ਜਿਹੇ ਵਿਚਾਰਾਂ ਦਾ ਪ੍ਰਵਾਹ ਦਿੱਤਾ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ, ਵੇਦ ਤੇ ਕੁਰਾਨ ਸਭ ਦਾ ਅਧਿਅਨ ਕੀਤਾ। ਤੇ ਮਨੁੱਖਤਾ ਲਈ ਉਨ੍ਹਾਂ ਨੂੰ ਇਨ੍ਹਾਂ ਵਿਚੋਂ ਏਕਤਾ ਦਾ ਸਬਕ ਮਿਲਿਆ। ਇਸ ਤਰ੍ਹਾਂ ਭਗਤ ਸਿੰਘ ਭਾਰਤ ਦੀਆਂ ਸਾਰੀਆਂ ਸਭਿਆਚਾਰਕ ਪ੍ਰਵਾਹਾਂ ਦੇ ਹਾਂ ਪੱਖੀ ਸੁਮੇਲ ਦੀ ਪੈਦਾਵਾਰ ਵੀ ਹੈ। ਇਸੇ ਅਧਾਰ ਕਰਕੇ ਉਹ ਇਨਕਲਾਬੀ ਵਿਚਾਰਧਾਰਾ ਦੀਆਂ ਉੱਚ ਬੁਲੰਦੀਆਂ ਨੂੰ ਛੂਹ ਸਕਿਆ।

ਮਾਂ ਜੀ ਹਰਨਾਮ ਕੌਰ ਨੇ ਜਿਵੇਂ ਇਸਤਰੀ ਜਾਤੀ ਲਈ ਇਕ ਆਦਰਸ਼ ਜੀਵਨ ਜੀ ਕੇ ਸਰਦਾਰ ਅਜੀਤ ਸਿੰਘ ਦਾ ਪੂਰਨ ਇਨਕਲਾਬੀ ਸਾਥ ਨਿਭਾਇਆ ਹੈ। ਮੈਂ ਉਨ੍ਹਾਂ ਦੇ ਕੋਲ ਰਹਿ ਕੇ ਦੇਖਿਆ ਕਿ ਉਹ ਔਰਤਾਂ ਦੇ ਮਸਲਿਆਂ ਨੂੰ ਹੱਲ ਕਰਨ ਵਿਚ ਬਹੁਤ ਹੀ ਸਿਆਣੇ ਸਨ। ਗਲਤ ਫ਼ਹਿਮੀ ਦੇ ਸ਼ਿਕਾਰ ਬਹੁਤ ਸਾਰੇ ਘਰਾਂ ਨੂੰ ਉਨ੍ਹਾਂ ਟੁਟਣੋਂ ਬਚਾਇਆ। ਔਰਤ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਪ੍ਰੇਰਣਾ ਅਤੇ ਸਿੱਖਿਆ ਦੇਣੀ ਪੜ੍ਹਨ ਲਿਖਣ ਕਾਬਲ ਬਣਾਉਣ। ਹੱਡੀਆਂ ਦਾ ਇਲਾਜ ਕਰਨਾ। ਬੱਚਿਆਂ ਨੂੰ ਨਿੱਗਰ ਜੀਵਨ ਜਿਊਣ ਲਈ ਪ੍ਰੇਰਨਾ ਦੇਣੀ। ਇਉਂ ਉਹ ਸਮਾਜਕ

ਇਨਕਲਾਬੀ ਸਨ।

1961 ਵਿਚ ਮੈਂ ਉਨ੍ਹਾਂ ਨੂੰ ਫਿਰੋਜ਼ਪੁਰ ਲੈ ਕੇ ਗਿਆ। ਸਰਦਾਰ ਕੁਲਬੀਰ ਸਿੰਘ ਪੰਜਾਬ ਅਸੈਂਬਲੀ ਦਾ ਇਲੈਕਸ਼ਨ ਲੜ ਰਹੇ ਸਨ। ਉਥੇ ਪਹੁੰਚ ਕੇ ਉਨ੍ਹਾਂ ਨੇ ਇਕ ਆਨੰਦ ਦਾ ਅਨੁਭਵ ਕੀਤਾ ਕਿਉਂਕਿ ਕਸੂਰ ਦੇ ਕੋਲ ਪਹੁੰਚ ਗਏ ਸਨ। ਫਿਰੋਜ਼ਪੁਰ ਭਰਜਾਈ ਨਾਲ ਮੁਲਾਕਾਤ ਹੋ ਗਈ ਤੇ ਦੂਸਰਾ ਕਿ ਮੈਂ ਆਪਣੇ ਪੁਤਰਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਕੋਲ ਪਹੁੰਚ ਗਈ। 10 ਫਰਵਰੀ 1962 ਨੂੰ ਉਹ ਆਪਣਾ ਜੀਵਨ ਸਫ਼ਰ ਪੂਰਨ ਕਰ ਗਏ। ਉਨ੍ਹਾਂ ਦੀ ਖ਼ਾਹਿਸ਼ ਮੁਤਾਬਕ ਸੰਸਕਾਰ ਹੁਸੈਨੀ ਵਾਲੇ ਹੀ ਕੀਤਾ ਗਿਆ। ਪਰ ਅਫ਼ਸੋਸ ਕਿ ਇਸ ਇਨਕਲਾਬੀ ਮਹਾਨ ਔਰਤ ਨੂੰ ਅਸੀਂ ਯਾਦਗਾਰ ਵਿਚ ਸੰਭਾਲ ਨਹੀਂ ਸਕੇ। ਜੋ ਕਿ ਭਗਤ ਸਿੰਘ ਦੀ ਚਾਚੀ ਕਰਕੇ ਹੀ ਨਹੀਂ ਸਗੋਂ ਆਪਣੇ ਜੀਵਨ ਦਰਸ਼ਨ ਕਰਕੇ ਵੀ ਅਤੇ ਸਾਡੇ ਸਭਿਆਚਾਰ ਦੇ ਉਚਤਮ ਮਨੁੱਖਤਾਵਾਦੀ ਫਲਸਫ਼ੇ 'ਤੇ ਜੀਵਨ ਜਾਚ ਸਿਖਾਉਣ ਕਰਕੇ ਵੀ। ਆਖ਼ਰੀ ਸਮੇਂ 15 ਅਗਸਤ 1947 ਨੂੰ ਸਰਦਾਰ ਅਜੀਤ ਸਿੰਘ ਜੀ ਨੇ ਖ਼ੁਦ ਝੁਕ ਕੇ ਉਨ੍ਹਾਂ ਨੂੰ ਆਦਰਸ਼ ਜੀਵਨ ਬਿਤਾਉਣ ਲਈ ਸਲਾਮ ਕੀਤੀ ਸੀ।

ਆਓ ਸਰਦਾਰ ਅਜੀਤ ਸਿੰਘ ਜੀ ਦੇ ਜੀਵਨ ਤੇ ਹੋਰ ਝਾਤ ਮਾਰੀਏ। 1905 ਵਿਚ ਬੰਗਾਲ ਵੰਡ ਦਾ ਅੰਗਰੇਜ਼ਾਂ ਵਲੋਂ ਫੈਸਲਾ, ਲੋਕਾਂ ਲਈ ਵੱਡੀ ਚੁਨੌਤੀ ਬਣ ਕੇ ਆਇਆ। ਲੋਕਾਂ ਵਲੋਂ ਡਟਵੀਂ ਮੁਖ਼ਾਲਿਫ਼ਤ ਕਰਕੇ ਅੰਗਰੇਜ਼ ਨੂੰ ਇਹ ਫ਼ੈਸਲਾ ਵਾਪਸ ਲੈਣਾ ਪਿਆ। 1906 ਦਸੰਬਰ ਨੂੰ ਕਾਂਗਰਸ ਦਾ 22ਵਾਂ ਸਮਾਗਮ ਦਾਦਾ ਭਾਈ ਨਾਰੋਜੀ ਦੀ ਪ੍ਰਧਾਨਗੀ ਹੇਠ ਹੋਇਆ। ਲਾਲਾ ਲਾਜਪਤ ਰਾਏ ਤੇ ਅਜੀਤ ਸਿੰਘ ਇਸ ਵਿਚ ਸ਼ਾਮਲ ਸਨ। ਦਾਦਾ ਭਾਈ ਨਾਰੋਜੀ ਨੇ ਪ੍ਰਧਾਨਗੀ ਭਾਸ਼ਨ ਵਿਚ ਨਵੀਂ ਦਿਸ਼ਾ ਦਿੰਦਿਆਂ ਐਲਾਨ ਕੀਤਾ ਕਿ "ਅਸੀਂ ਕੋਈ ਦਾਨ ਨਹੀਂ ਮੰਗਦੇ, ਅਸੀਂ ਕੇਵਲ ਨਿਆਂ ਚਾਹੁੰਦੇ ਹਾਂ। ਸਾਡੀ ਮੰਗ ਹੈ- ਸਵਰਾਜ" ਉਨ੍ਹਾਂ ਅੱਗੇ ਕਿਹਾ "ਸੁਤੰਤਰਤਾ ਸਾਡੀ ਜਿੰਦ ਜਾਨ ਹੈ। ਅਸੀਂ ਅਜ਼ਾਦੀ ਚਾਹੁੰਦੇ ਹਾਂ। ਹਰ ਵਿਭਾਗ ਦੀ ਵਾਗਡੋਰ ਸਮੁੱਚੇ ਤੌਰ 'ਤੇ ਭਾਰਤੀ ਪ੍ਰਬੰਧਕਾਂ ਦੇ ਹੱਥ ਵਿਚ ਹੋਣੀ ਜ਼ਰੂਰੀ ਹੈ। ਜੇ ਇਹ ਭਾਰਤੀ ਹੱਥਾਂ ਵਿਚ ਹੁੰਦੀ ਤਾਂ ਭਾਰਤ ਦੇ ਲੋਕ ਅੱਜ ਗਰੀਬ, ਪੀੜਤ ਤੇ ਅਸੰਤੁਸ਼ਟ ਨਾ ਹੁੰਦੇ।" ਇਸ ਦੀ ਪ੍ਰੋੜ੍ਹਤਾ ਲੋਕਮਾਨਿਆ ਬਾਲ ਗੰਗਾਧਰ ਤਿਲਕ ਨੇ ਗਰਜ਼ਵੇਂ ਭਾਸ਼ਨ ਨਾਲ ਕੀਤੀ। ਜਦ ਕਿ ਗੋਖਲੇ ਜੀ ਕਹਿ ਰਹੇ ਸਨ ਅੰਗਰੇਜ਼ ਆਪਣੇ ਕੌਲ ਦੇ ਪੂਰੇ ਹਨ ਤੇ ਸਾਡੇ ਭਲੇ ਲਈ ਸੁਧਾਰ ਕਰਨੇ ਮੰਨ ਗਏ ਹਨ।

ਇਸੇ ਮੰਤਵ ਦੀ ਪੂਰਤੀ ਲਈ ਪੰਜਾਬ ਵਿਚ ਸਰਦਾਰ ਅਜੀਤ ਸਿੰਘ ਜੱਥੇਬੰਦਕ ਢਾਂਚਾ ਤਿਆਰ ਕਰ ਹੀ ਰਹੇ ਸਨ। ਭਾਰਤ ਮਾਤਾ ਸੁਸਾਇਟੀ ਦੇ ਨਾਲ ਕਿਰਤੀਆਂ ਦਾ ਸੰਘ ਬਣਾਇਆ ਜਿਸ ਦਾ ਨਾਂ ਮਹਿਬੂਬਾਨੇ ਵਤਨ ਰਖਿਆ। ਇਸ ਵਿਚ ਸੂਫ਼ੀ ਅੰਬਾ ਪ੍ਰਸ਼ਾਦ ਤਿੰਨੇ ਭਰਾਵਾਂ ਦੇ ਨਾਲ ਲਾਲਾ ਪਿੰਡੀ ਦਾਸ ਜਿਆ-ਉਲ-ਹੱਕ ਤੇ ਲਾਲਾ ਲਾਲ ਚੰਦ ਫਲਕ ਵੀ ਸਾਥੀ ਸਨ।

ਜਨਵਰੀ 1907 ਵਿਚ ਪੇਸ਼ਵਾ ਨਾਮੀ ਪੱਤਰਿਕਾ ਸ਼ੁਰੂ ਕੀਤੀ ਗਈ। ਇਸ ਦੇ ਸੰਪਾਦਕ ਸਰਦਾਰ ਸਵਰਨ ਸਿੰਘ ਨੂੰ ਬਣਾਇਆ ਗਿਆ। ਤੇ ਬਾਅਦ ਵਿਚ ਸੂਫ਼ੀ ਅੰਬਾ ਪ੍ਰਸ਼ਾਦ ਨੇ ਇਸ ਦੇ ਸੰਪਾਦਕ ਦਾ ਭਾਰ ਆਪ ਚੁੱਕ ਲਿਆ। ਇਸ ਰਾਹੀਂ ਲੋਕਾਂ ਵਿਚ ਜਾਗ੍ਰਿਤੀ ਦਾ ਕੰਮ ਸ਼ੁਰੂ ਕੀਤਾ ਗਿਆ।

ਇਹ ਹੀ ਸਮਾਂ ਹੀ ਜਦ ਅੰਗਰੇਜ਼ਾਂ ਨੇ ਬੰਗਾਲ ਵਿਚ ਦੰਦ ਖੱਟੇ ਹੋਣ ਬਾਅਦ, ਪੰਜਾਬ ਵਿਚ ਪੈਰ ਪੱਕੇ ਕਰਨ ਦੀ ਠਾਣੀ। ਇਸ ਨੀਅਤ ਨਾਲ ਪੰਜਾਬ ਕਾਲੋਨਾਈਜੇਸ਼ਨ ਲੈਂਡ ਬਿੱਲ ਪਾਸ ਕਰਕੇ ਨਹਿਰੀ ਪਾਣੀ ਦਾ ਆਬਿਆਨਾ ਵਧਾ ਦਿੱਤਾ। ਜਦ ਕਿ ਅਸਲੀਅਤ ਇਹ ਸੀ ਕਿ 1887 ਵਿਚ ਭਿਆਨਕ ਅਕਾਲਾਂ ਬਾਅਦ ਬਾਰੀ ਤੇ ਰਚਨਾ ਦੋਆਬ ਵਿਚ ਕਪਾਹ ਤੇ ਕਣਕ ਦੀ ਖੇਤੀ ਦੀ ਵੱਡੀ ਸੰਭਾਵਨਾ ਦੇਖੀ ਗਈ ਤੇ ਇਹ ਦੋਵੇਂ ਫਸਲਾਂ ਇੰਗਲੈਂਡ ਦੀ ਲੋੜ ਵੀ ਸਨ। ਇਸ ਲਈ ਚਨਾਬ ਦਰਿਆ ਦੇ ਪਾਣੀ ਨੂੰ ਬੰਨ੍ਹ ਕੇ ਨਹਿਰਾਂ ਰਾਹੀਂ 20 ਲੱਖ ਏਕੜ ਬੇਅਬਾਦ ਜ਼ਮੀਨ ਨੂੰ ਖੇਤੀ ਹੇਠ ਲਿਆਂਦਾ ਗਿਆ। ਕਿਸਾਨਾਂ ਨੇ ਮਿਹਨਤ ਕਰਕੇ ਇਸ ਜ਼ਮੀਨ ਨੂੰ ਆਬਾਦ ਕਰ ਲਿਆ। ਇਸ ਨਾਲ ਪੰਜਾਬ ਸਰਕਾਰ ਨੂੰ ਬਹੁਤ ਮਾਲੀਆ ਇਕੱਠਾ ਹੋਣ ਲੱਗਾ। 1906 ਦੇ ਅੰਤ ਤੱਕ ਨਾ ਸਿਰਫ਼ ਨਹਿਰਾਂ ਤੇ ਲੱਗੀ ਲਾਗਤ ਵਾਪਸ ਹੋ ਗਈ ਸਗੋਂ 7 ਲੱਖ ਰੁਪਏ ਤੋਂ ਵੱਧ ਸਾਲਾਨਾ ਲਾਭ ਸਿਰਫ਼ ਆਬਿਆਨਾ ਮਾਲੀਏ ਤੋਂ ਸਰਕਾਰ ਨੂੰ ਹੋਣ ਲੱਗਾ।

ਪਰ ਸਰਕਾਰ ਜ਼ਮੀਨ ਦੀ ਮਲਕੀਅਤ ਲੋਕਾਂ ਨੂੰ ਆਨੇ ਬਹਾਨੇ ਕਰਕੇ ਨਹੀਂ ਦੇਣਾ ਚਾਹੁੰਦੀ ਸੀ। ਇਸ ਸਥਿਤੀ ਨੂੰ ਲੈ ਕੇ ਸਰਦਾਰ ਅਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਖੂਬ ਡੱਟ ਕੇ ਸਰਕਾਰ ਵਿਰੁੱਧ ਪ੍ਰਚਾਰ ਸ਼ੁਰੂ ਕਰ ਦਿੱਤਾ। ਇਸ ਵਿਚ ਉਠਾਏ ਜਾਂਦੇ ਵਿਸ਼ੇ ਤੇ ਭਾਸ਼ਨ ਦੂਸਰੇ ਭਾਗ ਵਿਚ ਤੁਸੀਂ ਪੜ੍ਹ ਸਕਦੇ ਹੋ।

ਨਤੀਜੇ ਵਜੋਂ ਜਦ ਲੋਕ ਖਾਸ ਕਰ ਕਿਸਾਨੀ ਇਕਮੁੱਠ ਹੋ ਗਈ ਤਾਂ ਸਰਕਾਰ ਨੇ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਮਾਂਡਲੇ ਜਲਾਵਤਨ ਕਰ ਦਿੱਤਾ। ਪਰ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ, ਅੰਗਰੇਜ਼ੀ ਸਰਕਾਰ ਨੂੰ ਆਪਣੇ ਪਾਸ ਕੀਤੇ ਬਿੱਲ ਵਾਪਸ ਲੈਣੇ ਪਏ। 9 ਨਵੰਬਰ, 1907 ਨੂੰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਰਿਹਾਅ ਕਰਨਾ ਪਿਆ ਕਿਉਂਕਿ ਲੰਡਨ ਪਾਰਲੀਮੈਂਟ ਵਿਚ ਸਵਾਲ ਉਠਾਏ ਜਾਣ ਲੱਗੇ।

ਇਸ ਸਮੇਂ ਕਈ ਕਿਤਾਬਾਂ ਭਾਰਤ ਮਾਤਾ ਸੋਸਾਇਟੀ ਵਲੋਂ ਛਾਪੀਆਂ ਤੇ ਵੰਡੀਆਂ ਗਈਆਂ। ਬਗ਼ਾਵਤ, ਯੂਰਪੀ ਤਹਿਜ਼ੀਬ ਕੀ ਬੇਜਾਬਤੀਆਂ-ਬੰਦਰ ਬਾਂਟ, ਉਂਗਲੀ ਪਕੜੀ ਪਹੁੰਚਾ ਪਕੜਾ, ਦੇਸੀ ਫੌਜ ਜਫ਼ਰ ਮੌਜ, ਬਾਗ਼ੀ ਮਸੀਹਾ, ਇਨਕਲਾਬ - (ਅਮਰੀਕੀ ਤੇ ਫਰਾਂਸ ਦੇ ਇਨਕਲਾਬ ਦੀ ਤੁਲਨਾ) ਤਰੱਕੀ ਕਾ ਆਗਾਜ਼, ਕੌਮ ਪਰਸਤੀ, 1857 ਦਾ ਗ਼ਦਰ, ਸਵਦੇਸ਼ੀ ਅੰਦੋਲਨ, ਪਰਲ ਬੈਂਗਲ ਆਦਿ। ਪਰਚਾਰ ਨੂੰ ਫੌਜਾਂ ਤੱਕ ਵੀ ਲਿਜਾਇਆ ਗਿਆ।

ਦਸੰਬਰ 1907 ਵਿਚ ਕਾਂਗਰਸ ਦਾ ਅਜਲਾਸ ਸੂਰਤ ਵਿਚ ਕੀਤਾ ਗਿਆ। ਗੋਖਲੇ ਅੰਗਰੇਜ਼ਾਂ ਨਾਲ ਰਲ ਕੇ ਚੱਲਣ ਦੇ ਹੱਕ ਵਿਚ ਸੀ ਤੇ ਕਲਕੱਤਾ ਮਤੇ ਨੂੰ ਰੱਦ ਕਰਨਾ ਚਾਹੁੰਦੇ ਸੀ। ਤਿਲਕ ਗਰੁਪ ਦੇ ਰੋਸ ਕਰਨ ਤੇ ਉਨ੍ਹਾਂ ਪੰਡਾਲ ਵਿਚ ਦੰਗੇ ਕਰਵਾ ਦਿੱਤੇ। ਤਿਲਕ, ਅਰਬਿੰਦੂ ਆਦਿ ਨੇ ਵੱਖਰੀ ਮੀਟਿੰਗ ਕਰਕੇ ਸਵਰਾਜ ਦੇ ਲਈ ਲੜਾਈ ਜਾਰੀ ਰੱਖਣ ਦੀ ਪ੍ਰੋੜ੍ਹਤਾ ਕੀਤੀ। ਇਸ ਮੀਟਿੰਗ ਵਿਚ ਹੀ ਸਰਦਾਰ ਅਜੀਤ ਸਿੰਘ ਨੂੰ ਤਾਜ ਭੇਂਟ ਕਰਦੇ ਹੋਏ ਤਿਲਕ ਜੀ ਨੇ ਕਿਹਾ ਕਿ "ਸਰਦਾਰ ਅਜੀਤ ਸਿੰਘ ਇਕ ਅਨੋਖੀ ਸ਼ਖ਼ਸੀਅਤ ਹਨ ਅਤੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਣਨ ਦੇ ਪਾਤਰ ਹਨ।"

ਸੂਫ਼ੀ ਅੰਬਾ ਪ੍ਰਸ਼ਾਦ ਜੋ ਕਿ ਦ੍ਰਿੜ੍ਹ ਇਰਾਦੇ ਦੇ, ਬੇਬਾਕ ਤੇ ਨਿਧੜਕ ਪੱਤਰਕਾਰ ਸਨ। ਮੁਰਾਦਾਬਾਦ ਦੇ ਜੰਮਪਲ ਸਨ। ਅੰਗਰੇਜ਼ਾਂ ਦੀਆਂ ਚਾਲਾਂ ਨੂੰ ਲੋਕਾਂ ਵਿਚ ਨੰਗਾ ਕਰਦੇ ਰਹਿੰਦੇ ਸਨ। ਏਥੇ ਸਰਦਾਰ ਅਜੀਤ ਸਿੰਘ ਦੇ ਖਾਸ ਸਾਥੀ ਸਨ। ਅੰਗਰੇਜ਼ਾਂ ਵਿਰੁੱਧ ਤੇ ਸਵਰਾਜ ਦੇ ਹੱਕ ਵਿਚ ਡੱਟ ਕੇ ਪਰਚਾਰ ਚਲਦਾ ਰਿਹਾ।

ਇਹ ਇਕ ਇਤਿਹਾਸਕ ਵਿਡੰਬਨਾ ਹੈ ਕਿ ਜਿਸ ਪੂਰਨ ਸਵਰਾਜ ਨੂੰ ਸੂਰਤ ਕਾਂਗਰਸ ਨੇ ਅੱਗੇ ਨਹੀਂ ਵਧਣ ਦਿੱਤਾ। ਸਰਦਾਰ ਅਜੀਤ ਸਿੰਘ ਉਸ ਪੂਰਨ ਸਵਰਾਜ ਲਈ ਲੜਦੇ ਸਨ। ਉਸ ਦੀ ਪ੍ਰਤਿੱਗਿਆ 1929 ਦੀ ਲਾਹੌਰ ਕਾਂਗਰਸ ਨੂੰ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਖਾਸ ਕਰ ਸ਼ਹੀਦ ਜਤਿਨ ਦਾਸ ਦੀ ਸ਼ਹੀਦੀ ਦੇ ਦਬਾਅ ਹੇਠ ਜਨਵਰੀ 1930 ਤੋਂ ਅਪਨਾਉਣਾ ਪਿਆ।

24 ਜੂਨ 1908 ਨੂੰ ਇਕ ਇਤਰਾਜ਼ਯੋਗ ਲੇਖ ਪ੍ਰਕਾਸ਼ਿਤ ਕਰਨ ਦੇ ਬਹਾਨੇ ਤਿਲਕ ਜੀ ਨੂੰ ਸਜ਼ਾ ਦੇ ਦਿੱਤੀ ਗਈ। ਇਸ ਦੇ ਰੋਸ ਵਜੋਂ ਸਰਦਾਰ ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸਾਦ, ਲਾਲ ਚੰਦ ਫਲਕ ਤੇ ਸ੍ਰੀ ਈਸ਼ਵਰੀ ਪ੍ਰਸਾਦ ਨੇ ਸਾਧੂਆਂ ਦਾ ਭੇਸ ਧਾਰਨ ਕਰ ਲਿਆ ਤੇ ਤਿਲਕ ਆਸ਼ਰਮ ਸਥਾਪਤ ਕਰਕੇ, ਲੋਕਾਂ ਵਿਚ ਤੇਜ਼ ਪ੍ਰਚਾਰ ਸ਼ੁਰੂ ਕਰ ਦਿੱਤਾ। ਪੇਸ਼ਵਾ ਅਖ਼ਬਾਰ ਨੂੰ, ਜਿਆ-ਉਲ-ਹੱਕ, ਜੋ ਕਿ ਮੁਰਾਦਾਬਾਦ ਵਿਚ ਇਕ ਮੁਕੱਦਮੇ ਵਿਚ ਅੰਗਰੇਜ਼ ਵਿਰੁੱਧ ਪਰਚਾਰ ਕਰਕੇ ਦੋ ਸਾਲ ਦੀ ਸਜ਼ਾ ਭੁਗਤ ਚੁੱਕੇ ਸਨ ਦੀ, ਸੰਪਾਦਕੀ ਵਿਚ ਸ਼ੁਰੂ ਕੀਤਾ ਗਿਆ।

ਸਰਦਾਰ ਅਜੀਤ ਸਿੰਘ ਦੇ ਭਾਸ਼ਨਾਂ, ਪੇਸ਼ਵਾ ਅਖ਼ਬਾਰ ਦੇ ਲੇਖਾਂ, ਟਰੈਕਟਾਂ ਅਤੇ ਪੁਸਤਕਾਂ ਦੁਆਰਾ ਜਨਤਾ ਨੂੰ ਖੁੱਲ੍ਹੇ ਆਮ ਸੰਗਠਤ ਕਰਨ ਤੇ ਨਾਲ ਹੀ ਗੁਪਤ ਰੂਪ ਵਿਚ ਇਨਕਲਾਬੀ ਦਲ ਨੂੰ ਸੰਗਠਤ ਕਰਨ ਦਾ ਕੰਮ ਹੁੰਦਾ ਰਿਹਾ। ਏਧਰ ਅੰਗਰੇਜ਼ ਸਰਕਾਰ ਬਹਾਨੇ ਲੱਭਣ ਲੱਗੀ ਜਿਸ ਨਾਲ ਸਰਦਾਰ ਅਜੀਤ ਸਿੰਘ ਨੂੰ ਲੰਬੇ ਸਮੇਂ ਲਈ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਵੇ।

ਸਰਦਾਰ ਸਵਰਨ ਸਿੰਘ ਨੂੰ ਫੜ ਲਿਆ ਗਿਆ। ਕਿਤਾਬਾਂ ਛਾਪਣ ਕਰਕੇ ਦੋ ਸਾਲ ਸਜ਼ਾ ਦਿੱਤੀ ਤੇ ਜੇਲ੍ਹ ਵਿਚ ਇਕ ਕੋਹਲੂ ਅੱਗੇ ਜੋੜਨ ਦੀ ਸਜ਼ਾ ਦਿੱਤੀ ਗਈ ਜਿਸ ਦੇ ਨਤੀਜੇ ਵਜੋਂ ਉਹ 1910 ਵਿਚ 23 ਸਾਲ ਦੀ ਉਮਰੇ ਸ਼ਹੀਦ ਹੋ ਗਏ।

ਅਗਸਤ 1909 ਵਿਚ ਸਰਦਾਰ ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸਾਦ, ਜਿਆ-ਉਲ-ਹੱਕ ਤੇ ਹਰਿਸ਼ੀਕੇਸ਼ ਲੱਠਾ ਕਰਾਚੀ ਰਾਹੀਂ ਹੁੰਦੇ ਹੋਏ ਬੁਸ਼ੈਰ (ਇਰਾਨ) ਚਲੇ ਗਏ। ਉਥੇ ਦੇ ਹਾਲਾਤ ਬੜੇ ਰੌਚਕ ਤਰੀਕੇ ਨਾਲ ਆਤਮ ਕਥਾ ਵਿਚ ਦਰਜ ਹਨ। ਸੂਫ਼ੀ ਜੀ, ਸ਼ਿਰਾਜ ਠਹਿਰ ਗਏ ਅਤੇ ਉਥੇ ਇਰਾਨੀ ਦੇਸ਼ ਭਗਤਾਂ ਨੂੰ ਇਨਕਲਾਬੀ ਟਰੇਨਿੰਗ ਦੇਣ ਲੱਗ ਪਏ। ਪਹਿਲੀ ਜੰਗ ਦੌਰਾਨ ਫੜ ਲਏ ਗਏ ਅਤੇ ਫਾਂਸੀ ਦੀ ਸਜ਼ਾ ਦਿੱਤੀ ਗਈ। ਪਰ ਫਾਂਸੀ ਵਾਲੇ ਦਿਨ ਉਨ੍ਹਾਂ ਨੂੰ ਸਮਾਧੀ ਵਿਚ ਪਾਇਆ ਗਿਆ ਤੇ ਉਹ ਮਰ ਚੁੱਕੇ ਸਨ। ਉਨ੍ਹਾਂ ਦੇ ਅਨੁਆਈਆਂ ਨੇ ਉਨ੍ਹਾਂ ਦੀ ਕਬਰ ਬਣਾਈ, ਅੱਜ ਵੀ ਸ਼ਿਰਾਜ਼ ਵਿਚ ਇਕ ਮੇਲਾ ਸੂਫ਼ੀ ਜੀ ਦੀ ਯਾਦ ਵਿਚ ਲਗਦਾ ਹੈ। ਪਰ ਅਸੀਂ ਭਾਰਤ ਵਿਚ ਅਜ਼ਾਦੀ ਦੇ ਮਹਾਨ ਪਰਵਾਨੇ ਨੂੰ ਭੁਲਾਈ ਬੈਠੇ ਹਾਂ।

ਸਰਦਾਰ ਅਜੀਤ ਸਿੰਘ ਇਰਾਨ ਤੋਂ ਬਾਕੂ, ਤੁਰਕੀ ਆਦਿ ਦੇਸ਼ਾਂ ਵਿਚ ਹੁੰਦੇ ਹੋਏ ਪੈਰਿਸ ਆਏ। ਏਥੇ ਭਾਰਤੀ ਕ੍ਰਾਂਤੀਕਾਰੀ ਸੰਘ ਦੀ ਸਥਾਪਨਾ ਕੀਤੀ। ਪੈਰਿਸ ਤੋਂ ਸਵਿਟਜਰਲੈਂਡ ਪਹੁੰਚੇ। 1912 ਤੱਕ ਉਥੇ ਰਹੇ। ਇਸ ਦੀ ਵਿਸਥਾਰ ਪੂਰਵਕ ਜਾਣਕਾਰੀ ਆਤਮਕਥਾ ਵਿਚ ਹੈ।

ਮਾਰਚ 1912 ਵਿਚ ਇਕ ਖ਼ਤ ਆਪਣੇ ਸਹੁਰਾ ਸਾਹਿਬ ਬਾਬਾ ਧਨਪਤ ਰਾਏ ਜੀ ਨੂੰ ਲਿਖਿਆ। ਪੱਤਰ ਦੇ ਕੁਝ ਹਿੱਸੇ ਏਥੇ ਦਿੱਤੇ ਜਾ ਰਹੇ ਹਨ। ਇਹ ਉਨ੍ਹਾਂ ਦੀ ਮਨੋਬਿਰਤੀ ਨੂੰ ਸਮਝਣ ਵਿਚ ਬਹੁਤ ਸਹਾਇਕ ਹੈ।

ਪਿਆਰੇ ਬਾਬਾ ਜੀ ਮਹਾਰਾਜ, ਮੌਜ ਬਹਾਰ।

ਤੁਹਾਡੇ ਚੰਦ ਮੁਬਾਰਕ ਕਲਮਬੰਦ ਲਫਜ਼ ਬੰਦੇ ਤੱਕ ਪਹੁੰਚੇ। ਉਨ੍ਹਾਂ ਨੂੰ ਪੜ੍ਹ ਕੇ ਬੇਹਦ ਖ਼ੁਸ਼ਹਾਲ ਹੋਇਆ। ਖੁਦਾ ਆਪ ਦਾ ਵਜੂਦ ਸਲਾਮਤ ਰੱਖੇ। ਅਰਜ਼ ਹੈ ਕਿ ਇਸ ਤੋਂ ਪਹਿਲਾਂ ਕਿ ਮੈਂ ਹਿੰਦੁਸਤਾਨ ਆਉਣ ਦਾ ਫ਼ਿਕਰ ਕਰਾਂ, ਤੁਸੀਂ ਹਿੰਦੁਸਤਾਨ ਤੋਂ ਬਾਹਰ ਦੇ ਦੂਸਰੇ ਮੁਲਕ ਵੀ ਦੇਖੋ। ਤੁਸੀਂ ਆਪਣੀਆਂ ਅੱਖਾਂ ਨਾਲ ਦੇਖੋਗੇ ਕਿ ਦੁਨੀਆ ਕਿਧਰ ਜਾ ਰਹੀ ਹੈ। ਮੈਂ ਯੂਰਪ ਦੇ ਕੁਝ ਦੇਸ਼ ਦੇਖੇ ਹਨ ਅਤੇ ਏਥੋਂ ਦੀ ਜ਼ਿੰਦਗੀ ਬਾਰੇ ਕੁਝ ਵਾਕਫ਼ੀਅਤ ਹੋਈ ਹੈ। ਹਰ ਚੀਜ਼ ਆਦਮੀ ਲਈ ਬਣੀ ਨਜ਼ਰ ਆਉਂਦੀ ਹੈ। ਇਸ ਵਿਚ ਜਰਾ ਵੀ ਸ਼ੱਕ ਨਹੀਂ ਹੈ ਕਿ ਯੂਰਪ ਵਿਚ ਜ਼ਿੰਦਗੀ ਦੇ ਵਸੀਲੇ ਚੰਗੇ ਹਨ। 100 ਰੁਪੈ ਮਹੀਨਾ ਵਿਚ ਆਦਮੀ ਯੂਰਪ ਦੇ ਕਿਸੇ ਵੀ ਸ਼ਹਿਰ ਵਿਚ ਚੰਗੀ ਜ਼ਿੰਦਗੀ ਗੁਜ਼ਾਰ ਸਕਦਾ ਹੈ। ਇਸ ਤੋਂ ਘੱਟ ਨਾਲ ਮਾੜਾ ਗੁਜ਼ਾਰਾ ਹੁੰਦਾ ਹੈ। ਜਿਸ ਦਾ ਜਿੰਨਾਂ ਵੀ ਜ਼ਿਆਦਾ ਦਿਲ ਕਰੇ, ਖ਼ਰਚ ਕਰ ਸਕਦਾ ਹੈ।

ਏਥੇ ਦੁਨੀਆਂ ਬਿਲਕੁਲ ਨਿਰਾਲੀ ਹੈ। ਚਾਹੇ ਮੇਰੇ ਲਈ ਕੋਈ ਗ਼ੈਰ ਮਾਮੂਲੀ ਚੀਜ਼ ਨਹੀਂ ਪਰ ਮੁਕਾਬਲਾ ਕਰਨ ਤੋਂ ਮਾਲੂਮ ਹੁੰਦਾ ਹੈ ਕਿ ਇਸ ਪੱਛਮੀ ਜ਼ਿੰਦਗੀ ਤੇ ਪੂਰਬੀ ਜ਼ਿੰਦਗੀ ਵਿਚ ਬਹੁਤ ਫ਼ਰਕ ਹੈ। ਕੁਦਰਤ ਅਤੇ ਸਨਅਤ ਦੋਨੋਂ ਨਾਲ ਨਾਲ ਚੱਲਣ ਤਾਂ ਏਥੇ ਜ਼ਿੰਦਗੀ ਚੰਗੀ ਗੁਜ਼ਰ ਜਾਂਦੀ ਹੈ। ਮਨੁੱਖ ਦੀਆਂ ਜਰੂਰਤਾਂ ਦੇ ਮੁਤਾਬਕ ਹਰ ਚੀਜ਼ ਬਕਾਇਦਾ ਮਿਲਦੀ ਹੈ। ਦੇਸ਼ ਪ੍ਰੇਮ ਦੀ ਸਿੱਖਿਆ ਦੇਣ ਦੀ ਏਥੇ

ਲੋੜ ਨਹੀਂ ਹੈ। ਲੋਕਾਂ ਦੇ ਖ਼ੂਨ ਵਿਚ ਇਹ ਗੁਣ ਪੂਰੀ ਤਰ੍ਹਾਂ ਰਚਿਆ ਹੋਇਆ ਹੈ। ਚਾਹੇ ਪੂਰਬੀ ਖੁੱਲ੍ਹ ਦਿਲੀ ਜਾਂ ਰੂਹਾਨੀਅਤ ਏਥੇ ਦੇਖਣ ਵਿਚ ਨਜ਼ਰ ਨਹੀਂ ਆਉਂਦੀ। ਹਰ ਆਦਮੀ ਦਿਨ ਰਾਤ ਰੁਪਿਆ ਪੈਦਾ ਕਰਨ ਤੋਂ ਸਿਵਾ ਹੋਰ ਕਿਸੇ ਫਿਕਰ ਵਿਚ ਨਹੀਂ ਹੈ। ਆਪਣੇ ਆਪਣੇ ਘਰ ਲਈ ਸਭ ਚੰਗੇ ਹਨ।

ਇਹ ਲੋਕ ਸਿਰਫ਼ ਪੱਛਮੀ ਜ਼ਮੀਨੀ ਲੋਕਾਂ ਨੂੰ ਹੀ ਆਦਮੀ ਸਮਝਦੇ ਹਨ। ਪੂਰਬੀ ਲੋਕਾਂ ਨੂੰ ਕਾਬਲ ਨਹੀਂ ਸਮਝਦੇ। ਉਨ੍ਹਾਂ ਦੀਆਂ ਮੁਸੀਬਤਾਂ ਸੁਣ ਕੇ ਖ਼ੁਸ਼ ਹੁੰਦੇ ਹਨ। ਆਪਣੀ ਖ਼ੁਸ਼ਹਾਲੀ ਦੇਖ ਕੇ ਉਨ੍ਹਾਂ ਦੇ ਦਿਲ ਖ਼ੁਸ਼ ਹੁੰਦੇ ਹਨ। ਪ੍ਰਮਾਤਮਾ ਦੀ ਥਾਂ ਸਿਰਫ਼ ਲਫ਼ਜਾਂ ਵਿਚ ਹੈ। ਅਮਲਾਂ ਵਿਚ ਸਿਰਫ਼ ਖ਼ੁਦਗਰਜ਼ੀ ਦੇਖੀ ਜਾਂਦੀ ਹੈ। ਲੇਕਿਨ ਇਨ੍ਹਾਂ ਸਾਰੀਆਂ ਸਿਫ਼ਤਾਂ ਦੇ ਬਾਵਜੂਦ ਤਰੱਕੀ ਦੇਖਣਯੋਗ ਹੈ ਅਤੇ ਆਜ਼ਾਦੀ ਦੀਆਂ ਖ਼ੂਬੀਆਂ ਇਨਸਾਨ ਇਥੇ ਦੇਖਦਾ ਹੈ।

ਕੁਦਰਤ ਦੇ ਮੰਜ਼ਰ ਬੇਹਦ ਖ਼ੁਸ਼ਗਵਾਰ ਹਨ ਅਤੇ ਰੇਲਵੇ ਦੀ ਮਦਦ ਨਾਲ ਹਰ ਪਹਾੜ ਤੇ ਜਾਣਾ ਆਸਾਨ ਹੈ। ਕਿਉਂਕਿ ਲੋਕ ਏਥੇ ਬਹੁਤ ਸਫ਼ਰ ਕਰਦੇ ਹਨ। ਇਸ ਕਰਕੇ ਸਫ਼ਰ ਵਿਚ ਰਾਹਤ ਦੇ ਬਹੁਤ ਹੀ ਵਧੀਆ ਪ੍ਰਬੰਧ ਹਨ। ਇਨਸਾਨੀ ਜ਼ਿੰਦਗੀ ਸਿਰਫ਼ ਇਸ ਲਈ ਨਹੀਂ ਕਿ ਸਾਰੀ ਇਕ ਜਗਾਹ ਹੀ ਬਸਰ ਕੀਤੀ ਜਾਵੇ। ਇਕ ਚੱਕਰ ਇਸ ਦੁਨੀਆਂ ਵਿਚ ਲਗਾਉਣਾ ਚਾਹੀਦਾ ਹੈ। ਮੇਰੇ ਖ਼ਿਆਲ ਵਿਚ ਤੁਸੀਂ ਕੰਮ ਵਿਚ ਬਹੁਤ ਰੁੱਝੇ ਹੋਵੋਗੇ।"

ਪੈਰਿਸ ਵਿਚ ਦੂਜੇ ਦੇਸ਼ ਭਗਤਾਂ ਨਾਲ ਸੰਪਰਕ ਕਰਕੇ ਇਕ ਵਾਰੀ ਮੱਕੇ ਆਉਣ ਵਾਲੇ ਭਾਰਤੀ ਮੁਸਲਮਾਨਾਂ ਨੂੰ ਅੰਗਰੇਜ਼ ਵਿਰੁੱਧ ਤਿਆਰ ਕਰਨ ਦਾ ਉਪਰਾਲਾ ਵੀ ਕੀਤਾ।

ਪਹਿਲੀ ਜੰਗ ਸਮੇਂ ਜਦ ਅਮਰੀਕਾ ਕੈਨੇਡਾ ਤੋਂ ਗਦਰ ਪਾਰਟੀ ਆਜ਼ਾਦੀ ਤੇ ਬਰਾਬਰੀ ਦੇ ਨਾਹਰੇ ਹੇਠ ਭਾਰਤ ਅੰਦਰ ਹੰਭਲਾ ਮਾਰ ਰਹੀ ਸੀ। ਇਸ ਵਿਚ ਬਹੁਤ ਉਹ ਫੌਜੀ ਤੇ ਕਿਸਾਨ ਸਨ ਜਿਨ੍ਹਾਂ ਪੱਗੜੀ ਸੰਭਾਲ ਜੱਟਾ ਲਹਿਰ ਸਮੇਂ ਵੀ ਜਾਗ੍ਰਿਤੀ ਪ੍ਰਾਪਤ ਕੀਤੀ ਸੀ। ਕਾਬਲ ਵਿਚ ਰਾਜਾ ਮਹਿੰਦਰ ਪ੍ਰਤਾਪ ਨੇ ਆਜ਼ਾਦ ਹਿੰਦ ਸਰਕਾਰ ਸਥਾਪਿਤ ਕੀਤੀ ਸੀ ਤੇ ਸਰਦਾਰ ਅਜੀਤ ਸਿੰਘ ਉਨ੍ਹਾਂ ਭਾਰਤੀ ਸੈਨਿਕਾਂ ਨੂੰ ਅੰਗਰੇਜ਼ੀ ਸਰਕਾਰ ਤੋਂ ਬਾਗ਼ੀ ਹੋ ਕੇ ਉਨ੍ਹਾਂ ਨਾਲ ਆ ਮਿਲੇ ਜਾਂ ਫਿਰ ਜਰਮਨ ਸੈਨਿਕਾਂ ਰਾਹੀਂ ਗ੍ਰਿਫ਼ਤਾਰ ਹੋ ਕੇ ਕੈਂਪਾਂ ਵਿਚ ਰਹਿ ਰਹੇ ਸਨ। ਇਕ ਆਜ਼ਾਦ ਹਿੰਦ ਲਸ਼ਕਰ ਦਾ ਸੰਗਠਨ ਕਰ ਰਹੇ ਸਨ। ਉਹ ਆਸ ਕਰ ਰਹੇ ਸਨ ਕਿ ਤੁਰਕੀ ਦੇ ਰਸਤੇ ਇਹ ਸੈਨਾ ਕਾਬਲ ਸਰਕਾਰ ਨਾਲ ਮਿਲੇਗੀ ਅਤੇ ਭਾਰਤ ਨੂੰ ਅੰਗਰੇਜ਼ ਦੀ ਜਕੜ ਤੋਂ ਆਜ਼ਾਦ ਕਰਵਾਏਗੀ।

1915 ਵਿਚ ਸਿਆਮ (ਥਾਈਲੈਂਡ) ਵਿਚ ਦਸ ਹਜ਼ਾਰ ਭਾਰਤੀਆਂ ਨੂੰ ਸਿਖਲਾਈ ਦੇਣ ਦੀ ਵਿਉਂਤ ਵੀ ਬਣਾਈ ਗਈ। ਭਾਈ ਭਗਵਾਨ ਸਿੰਘ ਜੋ ਕਿ 1907 ਵੇਲੇ ਉਨ੍ਹਾਂ ਨਾਲ ਕੰਮ ਕਰ ਚੁੱਕੇ ਸਨ, ਗਦਰ ਪਾਰਟੀ ਦੇ ਪੂਰਬੀ ਏਸ਼ੀਆਈ

ਦੇਸ਼ਾਂ ਵਿਚ ਤਿਆਰੀ ਕਰ ਰਹੇ ਸਨ। ਇਸ ਬਰਮਾ-ਸਿਆਮ ਸਕੀਮ ਵਿਚ ਹਿੱਸਾ ਲੈਣ ਲਈ ਆਪਣੇ ਸਾਥੀ ਜੋਧ ਸਿੰਘ ਨੂੰ ਆਪਣਾ ਇਰਾਨੀ ਪਾਸਪੋਰਟ ਦੇ ਕੇ ਬਰਲਨ ਭੇਜਿਆ ਸੀ। ਬਰਾਜੀਲ ਵਿਚ ਜਰਮਨ ਰਾਜਦੂਤ ਤੋਂ ਪਛਾਣ ਪੱਤਰ ਵੀ ਬਣਵਾ ਕੇ ਦਿੱਤਾ। ਉਸ ਨੂੰ ਜਰਮਨ ਨਾਗਰਿਕ ਦੇ ਤੌਰ 'ਤੇ ਨਵਾਂ ਪਾਸਪੋਰਟ ਵੀ ਦਿੱਤਾ। ਉਹ ਬਰਲਨ ਤੋਂ ਸਿਆਮ ਪਹੁੰਚਿਆ।

ਯੁੱਧ ਵਿਚ ਜਦ ਜਰਮਨ ਦੀ ਹਾਰ ਹੋ ਗਈ ਤਾਂ ਉਹ ਬਰਾਜੀਲ ਚਲੇ ਗਏ। ਉਥੇ ਦੇ ਤਜਰਬੇ ਉਨ੍ਹਾਂ ਆਪਣੀ ਆਤਮ ਕਥਾ ਵਿਚ ਸਾਂਝੇ ਕੀਤੇ ਹਨ। ਕਿਵੇਂ ਉਹ ਉਥੇ ਦੇ ਕ੍ਰਾਂਤੀਕਾਰੀਆਂ ਨਾਲ ਜੁੜੇ ਹੋਏ ਸਨ। ਦੱਖਣੀ ਅਮਰੀਕਾ ਵਿਚ ਸੰਗਠਤ ਕੀਤੀ ਜਾਂਦੀ ਗਦਰ ਪਾਰਟੀ ਨਾਲ ਸੰਪਰਕ ਵਿਚ ਸਨ, ਜਿਸ ਬਾਰੇ ਬਾਬਾ ਭਗਤ ਸਿੰਘ ਬਿਲਗਾ ਜੀ ਦਾ ਲੇਖ ਇਸ ਸੰਗ੍ਰਹਿ ਵਿਚ ਦਿੱਤਾ ਹੈ। ਇਥੇ ਬਾਬਾ ਬਿਲਗਾ ਜੀ ਦੇ ਨਾਲ ਨਾਲ ਭਾਈ ਰਤਨ ਸਿੰਘ ਤੇ ਸਰਦਾਰ ਤੇਜਾ ਸਿੰਘ ਸੁਤੰਤਰ ਨਾਲ ਖਾਸ ਸੰਪਰਕ ਸੀ।

1932 ਵਿਚ ਦੁਨੀਆਂ ਨਵੀਂ ਉਥਲ ਪੁਥਲ ਵਿਚ ਦੀ ਲੰਘਦੀ ਦੇਖ ਕੇ ਉਹ ਵਾਪਸ ਫਰਾਂਸ ਆ ਗਏ। ਹੁਣ ਉਨ੍ਹਾਂ ਨੇ ਬਰਾਜ਼ੀਲ ਮਿੱਤਰਾਂ ਦੀ ਸਲਾਹ ਉਤੇ, ਦੇਸੀ ਕਿਰਤ ਸਰਟੀਫਿਕੇਟ ਰਾਹੀਂ ਬਰਾਜ਼ੀਲ ਦਾ ਰਾਜ ਕਿਰਤ ਨਾਗਰਿਕ ਦੇ ਤੌਰ 'ਤੇ ਪਾਸਪੋਰਟ ਪ੍ਰਾਪਤ ਕੀਤਾ।

ਇਸੇ ਪਾਸਪੋਰਟ ਤੇ ਉਹ ਅੰਗਰੇਜ਼ ਸਰਕਾਰ ਦੇ ਰਿਕਾਰਡ ਮੁਤਾਬਕ ਵੀ "ਉਹ ਗ਼ਦਰ ਪਾਰਟੀ ਹੈਡਕਵਾਟਰ ਅਰਜਨਟਾਈਨਾ ਗਏ" ਪੈਰਿਸ ਵਿਚ ਪੁਰਾਣੇ ਇਨਕਲਾਬੀ ਸਾਥੀਆਂ ਸਿਆਮ ਜੀ ਕ੍ਰਿਸ਼ਨ ਵਰਮਾ ਤੇ ਮੈਡਮ ਕਾਮਾ ਨੂੰ ਮਿਲੇ। ਸਰ ਮੁਹੰਮਦ ਇਕਬਾਲ ਤੇ ਸਰ ਮੁਹੰਮਦ ਜਫਰਉਲਾ ਨੂੰ ਵੀ ਮਿਲੇ। ਬ੍ਰਿਟਿਸ਼ ਦੀ ਜਾਸੂਸੀ ਦੀ ਏਜੰਸੀ ਸਕਾਟਲੈਂਡ ਯਾਰਡ ਨੇ ਪੈਰਿਸ ਵਿਚ ਰਹਿੰਦੇ ਭਾਰਤੀਆਂ ਨੂੰ ਤੰਗ ਕਰਨਾ ਸ਼ੁਰੂ ਕੀਤਾ ਤਾਂ ਸਰਦਾਰ ਅਜੀਤ ਸਿੰਘ ਨੂੰ ਪੈਰਿਸ ਛੱਡ ਕੇ ਇਟਲੀ ਜਾਣਾ ਪਿਆ। ਇਟਲੀ ਦੇ ਸ਼ਾਸਕ ਵੈਨੀਟੋ ਮੁਸੋਲੀਨੀ ਨੇ ਉਨ੍ਹਾਂ ਦਾ ਸਵਾਗਤ ਕੀਤਾ। 1935 ਵਿਚ ਰੋਮ ਯੂਨੀਵਰਸਿਟੀ ਵਿਚ ਏਸ਼ਿਆਈ ਭਾਸ਼ਾਵਾਂ ਦੇ ਪ੍ਰੋਫੈਸਰ ਨਿਯੁਕਤ ਕਰ ਦਿੱਤਾ ਗਿਆ। 1937 ਵਿਚ ਭਾਰਤ ਪਰਤਣ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ ਸਰਕਾਰ ਨੇ ਕਈ ਢੁਚਰਾਂ ਖੜ੍ਹੀਆਂ ਕਰਕੇ, ਉਨ੍ਹਾਂ ਨੂੰ ਭਾਰਤ ਨਾ ਪਰਤਣ ਦਿੱਤਾ। ਉਹ ਭਾਰਤ, ਭਾਰਤੀ ਪਾਸਪੋਰਟ 'ਤੇ ਹੀ ਪਰਤਣਾ ਚਾਹੁੰਦੇ ਸਨ।

ਦੂਜੇ ਮਹਾਂਯੁੱਧ ਦੇ ਸ਼ੁਰੂ ਹੁੰਦੇ ਹੀ ਭਾਰਤ ਦੇ ਬਾਹਰ ਇਨਕਲਾਬੀਆਂ ਲਈ ਇਕ ਨਵੀਂ ਆਸ਼ਾ ਪੈਦਾ ਹੋਈ। ਭਾਰਤ ਨੂੰ ਅੰਗਰੇਜ਼ ਰਾਜ ਤੋਂ ਮੁਕਤੀ ਲਈ ਇਹ ਇਕ ਸੁਨਹਿਰੀ ਮੌਕਾ ਸੀ। ਉਨ੍ਹਾਂ ਰੋਮ ਯੂਨੀਵਰਸਿਟੀ ਦੀ ਨੌਕਰੀ ਛੱਡ ਦਿੱਤੀ ਅਤੇ 'ਇੰਡੀਅਨ ਫਰੀਡਮ ਸੁਸਾਇਟੀ' ਕਾਇਮ ਕਰ ਲਈ। ਇਸ ਦਾ ਮੁੱਖ ਮੰਤਵ ਭਾਰਤ ਤੋਂ ਅੰਗਰੇਜ਼ੀ ਰਾਜ ਦਾ ਖ਼ਾਤਮਾ ਸੀ। ਉਨ੍ਹਾਂ ਇਸ ਮੰਤਵ ਲਈ ਰੋਮ ਰੇਡੀਓ ਤੋਂ ਪ੍ਰਚਾਰ

ਕਰਨਾ ਆਰੰਭਿਆ, ਯੂਰਪ ਵਿਚ ਰਹਿੰਦੇ ਹਮ ਖ਼ਿਆਲੀ ਹਿੰਦੁਸਤਾਨੀਆਂ ਨੂੰ ਜੱਥੇਬੰਦ ਕਰਨਾ, ਜਰਮਨੀ ਤੇ ਇਟਲੀ ਵਿਚਲੇ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਇਕ ਸੈਨਾ ਦੇ ਰੂਪ ਵਿਚ ਸੰਗਠਿਤ ਕਰਨਾ ਅਤੇ ਬਰਤਾਨੀਆ ਵਿਰੁੱਧ ਲੜ ਰਹੀਆਂ ਤਾਕਤਾਂ ਤੋਂ ਸਭ ਸੰਭਵ ਸਹਾਇਤਾ ਪ੍ਰਾਪਤ ਕਰਨਾ ਅਤੇ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਦੇਣ ਦੇ ਪ੍ਰੋਗਰਾਮ ਸ਼ਾਮਲ ਸਨ।

ਜੂਨ 1940 ਈ. ਵਿਚ ਇਟਲੀ ਨੇ ਬਰਤਾਨੀਆਂ ਅਤੇ ਫਰਾਂਸ ਵਿਰੁੱਧ ਲੜਾਈ ਦਾ ਐਲਾਨ ਕੀਤਾ। ਉਸੇ ਸਾਲ ਸਰਦਾਰ ਅਜੀਤ ਸਿੰਘ ਨੇ ਆਜ਼ਾਦ ਹਿੰਦੁਸਤਾਨ ਲਸ਼ਕਰ ਬਣਾਇਆ। ਇਸ ਵਿਚ ਮੁਹੰਮਦ ਇਕਬਾਲ ਸ਼ੈਦਾਈ ਅਤੇ ਸ. ਰਤਨ ਸਿੰਘ ਜੀ ਨੇ ਬਹੁਤ ਅਹਿਮ ਰੋਲ ਨਿਭਾਇਆ। ਮੁਹੰਮਦ ਇਕਬਾਲ ਸ਼ੈਦਾਈ ਅਫਰੀਕੀ ਕੈਂਪਾਂ ਵਿਚ ਬੰਦ ਹਿੰਦੁਸਤਾਨੀ ਫੌਜੀ ਕੈਦੀਆਂ ਪਾਸ ਜਹਾਜ਼ ਰਾਹੀਂ ਗਏ ਅਤੇ ਅੰਗਰੇਜ਼ ਵਿਰੁੱਧ ਭਾਰਤ ਅੰਦਰ ਚਲ ਰਹੀ ਜੰਗ ਵਿਚ ਹਿੱਸੇਦਾਰ ਬਣਨ ਲਈ ਪ੍ਰੇਰਿਆ। ਪਿੱਛੋਂ ਸਰਦਾਰ ਅਜੀਤ ਸਿੰਘ ਨੇ ਉਨ੍ਹਾਂ ਨੂੰ ਸੰਬੋਧਿਤ ਕੀਤਾ ਅਤੇ ਵਿਦੇਸ਼ੀ ਅੰਗਰੇਜ਼ ਲਈ ਲੜਣ ਦੀ ਥਾਂ ਭਾਰਤ ਦੀ ਅੰਗਰੇਜ਼ਾਂ ਤੋਂ ਮੁਕਤੀ ਲਈ ਲੜਨ ਨੂੰ ਪ੍ਰੇਰਿਆ। ਇਸ ਨੂੰ ਬਹੁਤ ਹੁੰਗਾਰਾ ਮਿਲਿਆ। ਇਸ ਤਰ੍ਹਾਂ ਜੰਗੀ ਕੈਦੀਆਂ ਵਿਚੋਂ ਇਕ ਕੌਮੀ ਫੌਜ ਤਿਆਰ ਕੀਤੀ ਗਈ। ਉਨ੍ਹਾਂ ਲਈ ਟਰੇਨਿੰਗ ਕੈਂਪ ਚਾਲੂ ਕੀਤੇ ਗਏ।

ਉਨ੍ਹਾਂ ਨੇ ਇਟਲੀ ਤੇ ਜਰਮਨ (ਐਕਸਿਜ ਤਾਕਤਾਂ) ਨਾਲ ਇਕ ਸਮਝੌਤਾ ਵੀ ਕੀਤਾ ਜਿਸ ਰਾਹੀਂ ਭਾਰਤ ਦੀ ਆਜ਼ਾਦੀ ਨੂੰ ਪ੍ਰਵਾਨਿਆਂ ਗਿਆ ਤੇ ਇਹ ਸਪੱਸ਼ਟ ਰੂਪ ਵਿਚ ਨਿਸ਼ਚਿਤ ਕੀਤਾ ਗਿਆ ਕਿ ਇਹ ਕੌਮੀ ਫੌਜ ਸਿਰਫ਼ ਭਾਰਤੀ ਧਰਤੀ ਉਤੇ ਹੀ ਲੜੇਗੀ।

ਜਦ ਸੁਭਾਸ਼ ਚੰਦਰ ਬੋਸ 1941 ਵਿਚ ਭਾਰਤ ਤੋਂ ਬਚਣ ਉਪਰੰਤ ਯੂਰਪ ਪੁੱਜੇ ਅਤੇ ਇਟਲੀ ਵੀ ਆਏ ਤਾਂ ਸਰਦਾਰ ਅਜੀਤ ਸਿੰਘ ਨਾਲ ਮੁਲਾਕਾਤ ਵੀ ਹੋਈ ਤੇ ਆਜ਼ਾਦ ਹਿੰਦ ਫੌਜ ਦਾ ਸੰਕਲਪ ਵੀ ਏਥੇ ਹੀ ਨਿਰਧਾਰਤ ਹੋਇਆ।

ਕੁਝ ਸਮੇਂ ਬਾਅਦ ਜਰਮਨੀ ਨੇ ਸਰਦਾਰ ਅਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੁਆਰਾ ਸੰਗਠਿਤ ਕੌਮੀ ਫੌਜ ਨੂੰ ਆਪਣੇ ਮੰਤਵ ਲਈ ਵਰਤਣ ਦੀ ਪੇਸ਼ਕਸ਼ ਕੀਤੀ। ਸਰਦਾਰ ਅਜੀਤ ਸਿੰਘ ਨੇ ਇਸ ਪੇਸ਼ਕਸ਼ ਦਾ ਡੱਟ ਕੇ ਵਿਰੋਧ ਕੀਤਾ ਅਤੇ ਅਜਿਹਾ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ। ਇਕ ਰਿਪੋਰਟ ਦੱਸਦੀ ਹੈ ਕਿ 50 ਲੱਖ ਸਵਿਸ ਫਰੈਂਕ ਦੀ ਵੱਢੀ ਵੀ ਪੇਸ਼ ਕੀਤੀ ਗਈ। ਪਰ ਉਨ੍ਹਾਂ ਨੇ ਇਹ ਠੁਕਰਾ ਦਿੱਤੀ ਕਿਉਂਕਿ ਦੇਸ਼ ਦੀ ਆਜ਼ਾਦੀ ਨੂੰ ਵੇਚਿਆ ਨਹੀਂ ਜਾ ਸਕਦਾ ਸੀ। ਇਸੇ ਤਰ੍ਹਾਂ ਗੁਨਡੋਲਡੋ ਵਿਖੇ ਪੋਪ ਦੇ ਬਰਤਾਨਵੀ ਰਾਜਦੂਤ ਨੇ ਇਕ ਇਟਾਲੀਅਨ ਨੂੰ ਵੱਢੀ ਦੇ ਕੇ ਆਜ਼ਾਦ ਹਿੰਦ ਲਸ਼ਕਰ ਨੂੰ ਯੂਰਪੀਨ ਧਰਤੀ ਉਤੇ ਲੜਨ ਲਈ ਮਜਬੂਰ ਕਰਵਾਇਆ। ਪਰ ਭਾਰਤ ਦੇ ਇਨ੍ਹਾਂ ਬਹਾਦਰ ਸੈਨਿਕਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਇਸ ਕਰਕੇ ਉਨ੍ਹਾਂ ਫੌਜੀਆਂ ਨੂੰ ਫੜ ਲਿਆ ਗਿਆ। ਸਰਦਾਰ ਅਜੀਤ ਸਿੰਘ ਜੀ ਨੇ ਮੁਸੋਲੀਨੀ ਨੂੰ ਦਖ਼ਲ ਦੇਣ ਲਈ ਕਿਹਾ। ਉਸ ਦੇ ਦਖ਼ਲ ਦੇਣ 'ਤੇ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ। ਇਨ੍ਹਾਂ ਬਹਾਦਰ ਹਿੰਦੁਸਤਾਨੀ ਸਿਪਾਹੀਆਂ ਨੇ ਮਹਾਨ ਦੇਸ਼ ਭਗਤਾਂ ਵਾਂਗ ਆਪਣੇ ਸਿਧਾਂਤ ਤੇ ਅਮਲ ਕੀਤਾ। ਅਫ਼ਸੋਸ ਕਿ ਆਜ਼ਾਦ ਹਿੰਦ ਲਸ਼ਕਰ ਦੇ ਉਨ੍ਹਾਂ ਸਿਪਾਹੀਆਂ ਨੂੰ ਅਸੀਂ ਭੁਲਾ ਦਿੱਤਾ ਹੈ।

ਅਕਤੂਬਰ 1943 ਵਿਚ ਆਈ.ਐਨ.ਏ. (ਆਜ਼ਾਦ ਹਿੰਦ ਫੌਜ) ਵਲੋਂ ਆਰਜ਼ੀ ਭਾਰਤੀ ਸਰਕਾਰ ਬਣਾਉਣ ਦੇ ਐਲਾਨ ਦਾ ਸਰਦਾਰ ਅਜੀਤ ਸਿੰਘ ਨੇ ਸਵਾਗਤ ਕੀਤਾ ਅਤੇ ਉਸ ਦੇ ਹੱਕ ਵਿਚ ਬਰਤਾਨੀਆਂ ਵਿਰੁੱਧ ਆਪਣਾ ਪ੍ਰਚਾਰ ਹੋਰ ਪ੍ਰਚੰਡ ਕਰ ਦਿੱਤਾ। ਜੂਨ 1944 ਵਿਚ ਰੋਮ ਦੀ ਹਾਰ ਹੋਈ। ਮੁਸੋਲੀਨੀ ਫੜਿਆ ਗਿਆ। ਸਰਦਾਰ ਅਜੀਤ ਸਿੰਘ ਬਚ ਕੇ ਉੱਤਰੀ ਇਟਲੀ ਵਲ ਚਲੇ ਗਏ। ਉਥੇ ਅਲਾਈਜ ਫੌਜ ਨੇ 2 ਮਈ 1945 ਨੂੰ ਗ੍ਰਿਫ਼ਤਾਰ ਕਰ ਕੇ ਨਜ਼ਰਬੰਦੀ ਕੈਂਪ ਵਿਚ ਘੱਲ ਦਿੱਤਾ। ਤੇ ਭਾਰਤ ਭੇਜਣ ਦੀ ਬਜਾਏ ਜਰਮਨ ਭੇਜ ਦਿੱਤਾ। ਉਸ ਕੈਂਪ ਦਾ ਜ਼ਿਕਰ ਉਨ੍ਹਾਂ ਦੀ ਕਲਮ ਤੋਂ ਪੜ੍ਹਨ ਵਾਲਾ ਹੈ।

1946 ਵਿਚ ਭਾਰਤ ਵਿਚ ਉਨ੍ਹਾਂ ਦੇ ਬੀਮਾਰ ਹੋਣ ਦੀਆਂ ਖ਼ਬਰਾਂ ਪਹੁੰਚਣ ਲੱਗੀਆਂ। ਭਾਰਤ ਵਿਚ ਅਜੀਤ ਸਿੰਘ ਜੀ ਦੀ ਭਾਰਤ ਵਾਪਸੀ ਤੇ ਜੋਰ ਦਿੱਤਾ ਜਾਣ ਲੱਗਾ। 16 ਜੂਨ 1946 ਨੂੰ ਅੰਤਰਿਮ ਸਰਕਾਰ ਦਾ ਐਲਾਨ ਹੋ ਗਿਆ ਤੇ 2 ਸਤੰਬਰ 1946 ਈ. ਨੂੰ ਇਸ ਭਾਰਤੀ ਸਰਕਾਰ ਨੇ ਰਾਜ ਪ੍ਰਬੰਧ ਆਪਣੇ ਹੱਥ ਲਿਆ। ਆਖ਼ਿਰ ਸਰਦਾਰ ਅਜੀਤ ਸਿੰਘ ਬਾਰੇ ਭਾਰਤੀ ਅਖ਼ਬਾਰਾਂ ਵਿਚ ਖ਼ਬਰਾਂ ਦੇ ਛਪਣ ਨਾਲ ਤੇ ਹੋਰ ਦਬਾਅ ਵਧਣ ਤੇ ਭਾਰਤੀ ਸਰਕਾਰ ਨੇ ਉਨ੍ਹਾਂ ਦਾ ਭਾਰਤ ਪਰਤਣਾ ਮਨਜ਼ੂਰ ਕਰ ਲਿਆ। ਦਸੰਬਰ 1946 ਦੇ ਇਕ ਖ਼ਤ ਵਿਚ ਉਨ੍ਹਾਂ ਕਿਹਾ ਕਿ "ਮੇਰੀ ਤੀਬਰ ਇੱਛਾ ਹੈ ਕਿ ਭਾਰਤ ਜ਼ਿੰਦਾ ਪਹੁੰਚਾਂ।"

ਪੰਜਾਬ ਵਿਚ ਵੀ ਉਨ੍ਹਾਂ ਦੇ ਪੁਰਾਣੇ ਸਾਥੀਆਂ ਮਹਿਤਾ ਆਨੰਦ ਕਿਸ਼ੋਰ, ਲਾਲਾ ਲਾਲ ਚੰਦ ਫਲਕ, ਲਾਲਾ ਪਿੰਡੀ ਦਾਸ, ਭਾਈ ਪਰਮਾਨੰਦ ਤੇ ਸ੍ਰੀ ਕਿਦਾਰ ਨਾਥ ਨੇ ਵੀ ਉਨ੍ਹਾਂ ਦੀ ਵਾਪਸੀ ਤੇ ਜ਼ੋਰ ਦਿੱਤਾ। ਆਖ਼ਿਰ ਦਸੰਬਰ 1946 ਦੇ ਅਖ਼ੀਰ ਵਿਚ ਉਹ ਲੰਡਨ ਲਿਆਂਦੇ ਗਏ। ਭਾਰਤੀ ਵਰਕਰਜ਼ ਐਸੋਸੀਏਸ਼ਨ ਨੇ 2 ਜਨਵਰੀ 1947 ਨੂੰ ਵੱਡਾ ਹਾਰਦਿਕ ਸਵਾਗਤ ਕੀਤਾ। ਪਰ ਕ੍ਰਿਸ਼ਨਾ ਮੈਨਿਨ ਦੀ ਇੰਡੀਆ ਲੀਗ ਨੇ ਹਿੱਸਾ ਨਾ ਲਿਆ ਕਿਉਂਕਿ "ਪੰਡਤ ਨਹਿਰੂ ਵਲੋਂ ਆਦੇਸ਼ ਮਿਲੇ ਸਨ ਕਿ ਜਨਤਕ ਮੁਜ਼ਾਹਰਿਆਂ ਤੋਂ ਸੰਕੋਚ ਕੀਤਾ ਜਾਵੇ।" ਤਿੰਨ ਮਹੀਨੇ ਲੰਡਨ ਆਰਾਮ ਕਰਨ ਬਾਅਦ, ਆਖ਼ਿਰ 7 ਮਾਰਚ 1947 ਨੂੰ ਠੀਕ 38 ਸਾਲ ਬਾਅਦ ਕਰਾਚੀ ਪਹੁੰਚੇ। ਉਥੇ ਰੇਲਵੇ ਇੰਸਟੀਚਿਊਟ ਦੇ ਪ੍ਰਧਾਨ ਸਰਦਾਰ ਜਗਤ ਸਿੰਘ ਨੇ ਉਨ੍ਹਾਂ ਦੇ ਸਵਾਗਤ ਵਿਚ ਇਕ ਵਿਸ਼ਾਲ ਜਲਸਾ ਅਯੋਜਿਤ ਕੀਤਾ। ਤਬੀਅਤ ਦੀ ਖ਼ਰਾਬੀ ਕਾਰਨ ਉਹ ਕਰਾਚੀ ਇਕ ਹਫ਼ਤਾ ਠਹਿਰੇ ਤੇ ਫਿਰ ਦਿੱਲੀ ਆ ਗਏ। ਕੁਝ ਦਿਨ

ਪੰਡਤ ਜਵਾਹਰ ਲਾਲ ਨਹਿਰੂ ਦੇ ਮਹਿਮਾਨ ਦੇ ਤੌਰ 'ਤੇ ਠਹਿਰੇ ਤਾਂ ਕਿ ਭਾਰਤ ਵਿਚ ਨਵੇਂ ਵਿਕਾਸ ਲਈ ਯੂਰਪ ਦੇ ਦੂਸਰੇ ਦੇਸ਼ਾਂ ਤੇ ਦੱਖਣੀ ਅਮਰੀਕਾ ਦੇ ਆਪਣੇ ਸੂਤਰਾਂ ਦੀ ਜਾਣਕਾਰੀ ਨਵੀਂ ਭਾਰਤੀ ਸਰਕਾਰ ਨੂੰ ਦੇ ਸਕਣ। ਭਾਰਤ ਦੇ ਨਵੇਂ ਇੰਡਸਟਰੀਅਲ ਵਿਕਾਸ ਦਾ ਨਕਸ਼ਾ ਉਹ ਨਾਲ ਲੈ ਕੇ ਆਏ ਸਨ। ਉਨ੍ਹਾਂ ਦੇ ਵਿਚਾਰ ਵਿਚ ਬਰਤਾਨੀਆ ਦੀ ਪੂੰਜੀ ਦੇ ਦਬਾਅ ਤੋਂ ਛੁਟਕਾਰਾ ਉਸਦੇ ਕੁਦਰਤੀ ਮੁਖ਼ਾਲਿਫ਼ਾਂ ਦੀ ਪੂੰਜੀ ਲਗਾ ਕੇ ਹੀ ਕਾਬੂ ਵਿਚ ਰੱਖਿਆ ਜਾ ਸਕਦਾ ਹੈ।

ਦਿੱਲੀ 38 ਵਰ੍ਹੇ ਬਾਅਦ ਆਪਣੀ ਧਰਮ ਪਤਨੀ, ਹਰਨਾਮ ਕੌਰ ਜੀ ਨਾਲ ਮੁਲਾਕਾਤ ਹੋਈ। ਮੈਂ ਤਿੰਨ ਸਾਲ ਦੀ ਉਮਰ ਦਾ ਸਾਂ ਤਾਂ ਆਪਣੇ ਮਾਤਾ ਬੀਬੀ ਅਮਰ ਕੌਰ ਨਾਲ ਏਥੇ ਪਹੁੰਚਿਆ ਸਾਂ। ਅੰਬਾਲਾ ਜੇਲ੍ਹ ਵਿਚ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੇ ਮੈਨੂੰ ਨਾਹਰਾ ਸਿਖਾਇਆ ਸੀ, ਲਾਲ ਕਿਲ੍ਹੇ ਤੇ ਤਿਰੰਗਾ ਝੰਡਾ ਲਹਿਰਾ ਦਿਓ। ਮੈਂ ਵੀ ਉਨ੍ਹਾਂ ਦੀ ਗੋਦ ਵਿਚ ਬੈਠ ਕੇ ਇਹ ਨਾਹਰਾ ਸੁਣਾ ਦਿੱਤਾ। ਉਹ ਕਹਿਣ ਲੱਗੇ ਇਹ ਤੇ ਲੱਗ ਹੀ ਜਾਵੇਗਾ ਹੁਣ ਪਰ ਅਜੇ ਭਾਰਤ ਦੀ ਜਨਤਕ ਆਜ਼ਾਦੀ ਤਾਂ ਬੜੀ ਦੂਰ ਹੈ।

ਪਹਿਲੀ ਅਪ੍ਰੈਲ, 1947 ਦਾ ਨੌਜਵਾਨਾਂ ਦੇ ਨਾਂ ਸੰਦੇਸ਼ ਅਤੇ ਆਜ਼ਾਦੀ ਦਾ ਅਧੂਰਾ ਲੇਖ ਅੱਜ ਸਾਥੋਂ ਪੂਰਾ ਹੋਣ ਦੀ ਮੰਗ ਕਰਦਾ ਹੈ। ਉਨ੍ਹਾਂ ਕਿਹਾ ਨਵੇਂ ਦੌਰ ਵਿਚ ਭਾਰਤ ਲਈ ਗੰਭੀਰ ਵੰਗਾਰ ਹੈ। 1947 ਨਵੀਆਂ ਸੰਭਾਵਨਾਵਾਂ ਤੇ ਨਵੇਂ ਟੀਚਿਆਂ ਦਾ, ਖ਼ੁਸ਼ੀ ਤੇ ਗ਼ਮੀ ਦੇ ਭਰਪੂਰ ਤਜ਼ਰਬਿਆਂ ਨਾਲ ਆਇਆ। ਉਨ੍ਹਾਂ ਦੇ ਇਹ ਸ਼ਬਦ ਸਾਡੇ ਲਈ ਉਨ੍ਹਾਂ ਦੀ ਇਨਕਲਾਬੀ ਵਸੀਅਤ ਹੈ ਕਿ "ਭਾਰਤ ਵਿਚ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀਆਂ ਦੀ ਬਹੁਤ ਲੋੜ ਹੈ ਅਤੇ ਇਸ ਕਠਨ ਕੰਮ ਨੂੰ ਅਸਾਂ ਲੋਕਾਂ ਨੇ ਇਸ ਸਦੀ ਦੇ ਆਰੰਭ ਵਿਚ ਸ਼ੁਰੂ ਕੀਤਾ ਹੈ, ਜਿਸ ਦੀ ਪੂਰਤੀ ਤੁਹਾਡੀ ਜ਼ਿੰਮੇਵਾਰੀ ਹੈ।" ਇਹ ਸੰਦੇਸ਼ ਪੂਰੇ ਰੂਪ ਵਿਚ ਵਿਚਾਰਨ ਤੇ ਅਮਲ ਕਰਨ ਲਈ ਅੱਜ ਵੀ ਸਕਾਰਾਤਮਕ ਹੈ।

9 ਅਪ੍ਰੈਲ, 1947 ਨੂੰ ਲਾਹੌਰ ਪਹੁੰਚੇ। ਪੱਗੜੀ ਸੰਭਾਲ ਜੱਟਾ ਦੀ ਤਹਿਰੀਕ ਦੀ ਯਾਦ ਨੇ ਲਾਹੌਰ ਨੂੰ ਭਾਵੁਕ ਬਣਾ ਦਿੱਤਾ। ਪੁਰਾਣੇ ਸਾਥੀ ਮਿਲੇ। ਹਰ ਵਰਗ ਦੇ ਲੋਕਾਂ ਨੇ ਸੁਆਗਤ ਕੀਤਾ। ਸਿਹਤ ਦੀ ਮਜਬੂਰੀ ਕਰਕੇ, ਪੰਜਾਬ ਦੇ ਮੌਸਮ (ਗਰਮੀਆਂ), ਜਿਨ੍ਹਾਂ ਦਾ 1907 ਨੂੰ ਉਨ੍ਹਾਂ ਰੁੱਖ ਬਦਲਿਆ ਸੀ, ਇਸ ਲੰਬੇ ਪਰ ਅਣ ਮੁੱਕੇ ਆਜ਼ਾਦੀ ਦੇ ਸਫ਼ਰ ਬਾਅਦ, ਨੂੰ ਬਰਦਾਸ਼ਤ ਕਰਨਾ ਉਨ੍ਹਾਂ ਲਈ ਔਖਾ ਹੋ ਰਿਹਾ ਸੀ। ਡਾਕਟਰਾਂ ਨੇ ਸਲਾਹ ਦਿੱਤੀ ਕਿ ਡਲਹੌਜ਼ੀ ਚਲੇ ਜਾਓ। ਡਲਹੌਜ਼ੀ ਆ ਗਏ। ਨਾਲ ਸਨ ਮਾਤਾ ਹਰਨਾਮ ਕੌਰ ਤੇ ਮੇਰੀ ਵੱਡੀ ਭੈਣ ਨਰਿੰਦਰ, ਜੋ ਬਚਪਨ ਤੋਂ ਹੀ ਮਾਂ ਜੀ ਪਾਸ ਰਹਿੰਦੇ ਸਨ।

ਸ੍ਰੀ ਹੰਸ ਰਾਜ ਸਿਆਲ ਦਾ ਸਪਰਿੰਗ ਹਾਊਸ ਉਨ੍ਹਾਂ ਦੀ ਅਰਾਮਗਾਹ ਸੀ। ਚਾਲੀ ਸਾਲ ਬਾਅਦ ਸਰਦਾਰ ਅਜੀਤ ਸਿੰਘ ਤੇ ਮਾਤਾ ਹਰਨਾਮ ਕੌਰ ਮਿਲੇ ਸਨ।

ਮਾਂ ਜੀ ਕਿਹਾ ਕਰਦੇ ਸਨ ਪਰਸੋਂ ਕਹਿ ਕੇ ਗਏ ਸੀ ਬਰਸੋਂ ਨਹੀਂ ਆਏ। ਜਵਾਬ ਸੀ ਪਰਸੋਂ ਤੇ ਬਰਸੋਂ ਵਿਚ ਇਕ ਨੁਕਤੇ ਦਾ ਹੀ ਤਾਂ ਫ਼ਰਕ ਹੈ।

ਮੇਰੇ ਭੈਣ ਜੀ ਨੇ ਦੱਸਿਆ ਕਿ, ਵੰਡ ਦੀਆਂ ਖ਼ਬਰਾਂ ਉਨ੍ਹਾਂ ਨੂੰ ਬਹੁਤ ਗੰਭੀਰ ਬਣਾ ਦਿੰਦੀਆਂ ਸਨ। ਉਹ ਕਹਿ ਉਠਦੇ "ਮੇਰੇ ਲੋਕਾਂ ਤੇ ਜੋ ਹਨੇਰੀ ਝੁੱਲੇਗੀ ਉਸ ਨੂੰ ਨਾ ਨਹਿਰੂ ਦੇਖੇਗਾ ਨਾ ਜਿਨਾਹ, ਅੰਗਰੇਜ਼ ਦੀ ਚਾਲ ਨੇ ਦੋਵਾਂ ਨੂੰ ਬੇਵਕੂਫ ਬਣਾਇਆ ਹੈ। ਲੋਕ ਲਹੂ ਦੇ ਦਰਿਆ ਵਿਚ ਤਾਰੀਆਂ ਲਾਉਣਗੇ।" ਕਦੀ ਕਹਿੰਦੇ ਗਾਂਧੀ ਦੀ ਇਕ ਕੇਹੀ ਸ਼ਾਂਤੀ ਹੈ ਜਿਸ ਦਾ ਮੁੱਲ ਲੱਖਾਂ ਜ਼ਿੰਦਗੀਆਂ ਗੁਆ ਕੇ, ਲੱਖਾਂ ਘਰ ਉਜਾੜ ਕੇ ਦਿੱਤਾ ਜਾਣਾ ਹੈ। ਮੈਂ ਇਹ ਕਿਵੇਂ ਦੇਖ ਸਕਾਂਗਾ?

ਉਨ੍ਹਾਂ ਦੇ ਭਾਵ ਅੰਤਰ ਪੀੜਾ ਨੂੰ ਮਹਿਸੂਸ ਕਰਕੇ ਫੈਜ਼ ਦੀ ਇਹ ਹੂਕ ਯਾਦ ਆ ਜਾਂਦੀ ਹੈ।

"ਯਹ ਦਾਗ ਦਾਗ ਉਜਾਲਾ, ਯਹ ਸ਼ਬ ਗਜੀਦਾ ਸਾਹਿਰ,
ਯਹ ਵੁਹ ਸਾਹਿਰ ਤੋ ਨਹੀਂ ਜਿਸ ਕੀ ਇੰਤਜ਼ਾਰ ਥੀ।"

14 ਅਗਸਤ, 1947 ਦੀ ਸ਼ਾਮ। ਖ਼ੁਸ਼ੀ ਦਾ ਆਲਮ ਸੀ। ਅੰਗਰੇਜ਼ ਜਾ ਰਿਹਾ ਹੈ, ਪਰ ਲੋਕਾਂ ਨੂੰ ਕੀ ਮਿਲਿਆ? ਅੱਗ, ਖ਼ੂਨ, ਘਰਾਂ ਦਾ ਉਜਾੜਾ, ਇਸ ਦਾ ਦਰਦ। ਇਸ ਕਸ਼ਮਕਸ਼ ਨੇ ਸਰਦਾਰ ਅਜੀਤ ਸਿੰਘ ਨੂੰ ਜੋ ਕਿ ਅਜਿਤ ਸੀ, ਜ਼ਿੰਦਗੀ ਦੀ ਇਕੱਲ ਨੂੰ ਸਹਾਰ ਸਕਦਾ ਸੀ, ਘਰ ਬਾਹਰ ਛੱਡ ਸਕਦਾ ਸੀ, ਸਖ਼ਤ ਤੋਂ ਸਖ਼ਤ ਹਾਲਾਤ ਦਾ ਸਾਹਮਣਾ ਕਰ ਸਕਦਾ ਸੀ, ਪਰ ਘਰ ਪਰਤ ਕੇ ਲੋਕਾਂ ਦੇ ਦੁੱਖਾਂ ਅੱਗੇ ਨਿਢਾਲ ਹੋ ਗਿਆ ਸੀ। ਘਰ ਵਾਪਸ ਤੁਰ ਕੇ ਨਾ ਪਰਤ ਸਕੇ। ਡਾਂਗੀ ਵਿਚ ਲਿਆਂਦਾ ਗਿਆ। ਦੋਸਤਾਂ ਨੇ ਕਿਹਾ ਆਓ ਸ਼ਤਰੰਜ ਦੀ ਬਾਜੀ ਲਾਈਏ, ਦਿਲ ਪਰਚ ਜਾਏਗਾ। ਬਾਜੀ ਸ਼ੁਰੂ ਹੋਈ, ਜੋ ਉਹ ਹਮੇਸ਼ਾ ਜਿਤਦੇ ਸਨ, ਅੱਜ ਹਾਰ ਗਏ। ਦੋਸਤਾਂ ਕਿਹਾ ਸਰਦਾਰ ਜੀ ਇਹ ਕੀ? ਉਹ ਬੋਲੇ ਅੱਜ ਬਾਜੀ ਦਾ ਪਾਸਾ ਕੁਝ ਉਲਟ ਗਿਆ ਹੈ। ਹੁਣ ਤਾਂ ਬਾਜੀ ਨੌਜਵਾਨ ਹੀ ਖੇਡ ਸਕਣਗੇ। ਨਵੇਂ ਢੰਗ, ਨਵੇਂ ਤਰੀਕੇ। ਪਰ ਮੰਜ਼ਿਲ ਅਜੇ ਆਈ ਨਹੀਂ।

ਅੱਧੀ ਰਾਤ ਭਾਰਤ-ਪਾਕਿਸਤਾਨ ਬਣ ਗਏ। ਉਨ੍ਹਾਂ ਨੇ ਕਿਹਾ ਅੰਗਰੇਜ਼ ਨੂੰ ਕੱਢਣ ਦਾ ਕੰਮ ਪੂਰਾ ਹੋਇਆ, ਪਰ ਲੋਕ ਇਨਕਲਾਬ ਦਾ ਕੰਮ ਅਜੇ ਅਧੂਰਾ ਹੈ। ਸਾਡੀ ਜ਼ਿੰਦਗੀ ਦਾ ਇਕ ਮਕਸਦ ਤਾਂ ਪੂਰਾ ਹੋਇਆ। ਖ਼ੁਸ਼ ਰਹੋ ਅਹਿਲੇ ਵਤਨ ਹਮ ਤੋ ਚਲਤੇ ਹੈਂ।

ਚਾਰ ਵਜੇ ਧਰਮ ਪਤਨੀ ਨੂੰ ਜਗਾਇਆ। ਕਹਿਣ ਲਗੇ ਸਿਆਲ ਜੀ ਨੂੰ ਬੁਲਾਓ। ਮੇਰੇ ਦੁਨੀਆਂ ਭਰ ਵਿਚ ਦੋਸਤ ਹਨ, ਉਨ੍ਹਾਂ ਲਈ ਸੁਨੇਹਾ ਲਿਖ ਲੈਣ ਨਹੀਂ ਤਾਂ ਉਹ ਸ਼ਿਕਾਇਤ ਕਰਨਗੇ, ਬਿਨਾਂ ਕਹੇ ਹੀ ਚਲਾ ਗਿਆ। ਡਾਕਟਰ ਵੀ ਆ ਗਿਆ। ਉਸ ਕਿਹਾ ਕੁਝ ਨਹੀਂ ਐਵੇਂ ਵਹਿਮ ਹੈ। ਮਗਰ ਸੁਨੇਹਾ ਲਿਖਾਂਗੇ ਤਾਂ ਭਰਮ ਬਧ ਜਾਏਗਾ ਜਿਸ ਨਾਲ ਦਿਲ ਫੇਲ ਹੋ ਸਕਦਾ ਹੈ। ਡਾਕਟਰ ਇਹ ਕਹਿ ਕੇ ਚਲੇ

ਗਏ। ਟਾਲ ਮਟੋਲ ਕੀਤੀ ਗਈ ਬਿਆਨ ਲਿਖਿਆ ਨਾ ਗਿਆ। ਉਹ ਬੋਲੇ, ਤੁਹਾਡੇ ਲੋਕਾਂ ਦੀ ਨਜ਼ਰ ਵਿਚ ਮੇਰੀ ਰਾਇ ਗਲਤ ਹੈ ਅਤੇ ਡਾਕਟਰ ਦੀ ਠੀਕ। ਖ਼ੈਰ ਨਾ ਲਿਖੋ, ਦੁਨੀਆ ਦੇ ਮੇਰੇ ਦੋਸਤ ਤੁਹਾਡੀ ਹੀ ਸ਼ਿਕਾਇਤ ਕਰਨਗੇ।"

ਆਖ਼ਿਰ ਸਰਦਾਰਨੀ ਨੂੰ ਬੁਲਾਇਆ। ਹੱਥ ਜੋੜ ਕੇ ਸਹਿਜ ਭਾਵ ਨਾਲ ਬੋਲੇ-ਤੁਹਾਡੇ ਨਾਲ ਸ਼ਾਦੀ ਕੀਤੀ ਸੀ। ਤੁਹਾਡੀ ਸੇਵਾ ਕਰਨਾ ਮੇਰਾ ਫਰਜ਼ ਸੀ, ਪਰ ਮੈਂ ਭਾਰਤ ਮਾਤਾ ਤੇ ਲੋਕਾਈ ਦੀ ਸੇਵਾ ਵਿਚ ਹੀ ਲੱਗਿਆ ਰਿਹਾ। ਕੁਝ ਵੀ ਹੋਵੇ ਮੈਂ ਆਪਣੀ ਜ਼ਿੰਮੇਵਾਰੀ ਪੂਰੀ ਨਾ ਕਰ ਸਕਣ ਲਈ ਕਸੂਰਵਾਰ ਤਾਂ ਹਾਂ ਹੀ।" ਫਿਰ ਗੰਭੀਰ ਹੁੰਦੇ ਬੋਲੇ, "ਤੁਸਾਂ ਜਿਵੇਂ ਉੱਚ ਜੀਵਨ ਜੀਵਿਆ ਹੈ, ਉਸ ਲਈ ਸਭ ਨਾਜ਼ ਕਰਨਗੇ, ਆਉਣ ਵਾਲੀਆਂ ਨਸਲਾਂ ਲਿਖਣਗੀਆਂ ਕਿ ਆਦਰਸ਼ ਮਈ ਜੀਵਨ ਕਿਵੇਂ ਜੀਵਿਆ ਜਾ ਸਕਦਾ ਹੈ। ਬੜੀਆਂ ਔਖਾਂ ਝੱਲੀਆਂ ਪਰ ਗਿਲਾ ਨਹੀਂ ਕੀਤਾ। ਮੈਨੂੰ ਮੁਆਫ਼ ਕਰਨਾ।" ਇਹ ਕਹਿੰਦੇ ਉਨ੍ਹਾਂ ਦੇ ਦੋ ਹੱਥ ਸ੍ਰੀਮਤੀ ਹਰਨਾਮ ਕੌਰ ਦੇ ਪੈਰਾਂ ਨੂੰ ਛੂਹ ਗਏ। ਉਹ ਚੌਂਕ ਕੇ ਪਿੱਛੇ ਹੱਟ ਗਈ ਉਨ੍ਹਾਂ ਨੇ ਤਕੀਏ ਦੀ ਢੋਹ ਠੀਕ ਕੀਤੀ ਤੇ ਕਿਹਾ 'ਸਰਦਾਰ ਜੀ ਇਹ ਕੀ?' ਉਨ੍ਹਾਂ ਕਿਹਾ 'ਜੈ ਹਿੰਦ' ਤੇ ਜੀਵਨ ਮੁਕਤ ਹੋ ਗਏ।

15 ਅਗਸਤ 1947 ਦਾ ਪਹਿਲਾ ਤਿਰੰਗਾ ਸਰਦਾਰ ਅਜੀਤ ਸਿੰਘ ਦੀ ਅੰਤਮ ਯਾਤਰਾ 'ਤੇ ਚਾੜ੍ਹਿਆ ਗਿਆ। ਪੰਜ ਪੁਲੇ ਉਨ੍ਹਾਂ ਦੀ ਆਖ਼ਰੀ ਅਰਾਮਗਾਹ ਬਣ ਗਈ। ਪਰ ਆਜ਼ਾਦੀ ਦੀ ਸਮਾਜਕ ਤੇ ਰਾਜਨੀਤਕ ਕ੍ਰਾਂਤੀ ਦੀ ਵੰਗਾਰ ਅੱਜ ਵੀ ਸਾਨੂੰ ਲਲਕਾਰਦੀ ਹੈ।

ਇਸ ਕਿਤਾਬ ਰਾਹੀਂ ਪਾਠਕ ਸਰਦਾਰ ਅਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਜਾਣ ਸਕਣਗੇ, ਫਿਰ ਮੁੱਲਾਂਕਣ ਕਰਕੇ ਅੱਜ ਬਦਲਦੇ ਹਾਲਾਤ ਨੂੰ ਸਮਝ ਸਕਣਗੇ, ਅਜਿਹੀ ਆਸ਼ਾ ਹੈ।

ਮਾਸਟਰ ਸੁਦਰਸ਼ਨ ਕੁਮਾਰ ਜੀ ਦੀ ਘਾਲਣਾ ਕਰਕੇ ਇਹ ਪੁਸਤਕ ਪ੍ਰਕਾਸ਼ਤ ਹੋ ਸਕੀ ਹੈ, ਇਸ ਕਰਕੇ ਉਹ ਸਾਡੇ ਸਾਰਿਆਂ ਦੀਆਂ ਸ਼ੁਭ ਆਸ਼ਾਵਾਂ ਦੇ ਪਾਤਰ ਹਨ।

- ਜਗਮੋਹਨ ਸਿੰਘ
ਸਕੱਤਰ
ਸ਼ਹੀਦ ਭਗਤ ਸਿੰਘ ਖੋਜ ਕਮੇਟੀ

ਭਾਗ - 1

ਜ਼ਿੰਦਾ ਦਫ਼ਨ

(ਆਤਮ ਕਥਾ)

1.

ਖ਼ਾਨਦਾਨ ਤੇ ਮੁਢਲਾ ਜੀਵਨ

(ਮੇਰਾ ਪਿੰਡ)

ਪ੍ਰਸਿੱਧ ਜ਼ਿਲਾ ਜਲੰਧਰ, ਜਿਸਦਾ ਜ਼ਿਕਰ ਮੁਢਲੇ ਆਰੀਅਨ ਸਾਹਿਤ ਵਿਚ ਆਉਂਦਾ ਹੈ, ਵਿਚ ਨਵਾਂ ਸ਼ਹਿਰ ਨਾਂ ਦੀ ਤਹਿਸੀਲ (ਹੁਣ ਜ਼ਿਲ੍ਹਾ) ਹੈ। ਇਸ ਤਹਿਸੀਲ ਦੇ ਬੰਗਾ ਥਾਣੇ ਵਿਚ ਖੱਟਕੜ ਕਲਾਂ ਨਾਂ ਦਾ ਖ਼ਾਸ ਪ੍ਰਸਿੱਧੀ ਵਾਲਾ ਪਿੰਡ ਸਥਿਤ ਹੈ।

ਇਹ ਥਾਂ ਕਦੇ ਇਕ ਵੱਡੇ ਜਾਗੀਰਦਾਰ ਦੇ ਕਿਲ੍ਹੇ ਦੇ ਤੌਰ 'ਤੇ ਵਰਤੀ ਜਾਂਦੀ ਸੀ, ਜਿਸ ਦੇ ਇਸ ਤੋਂ ਇਲਾਵਾ ਬਹੁਤ ਸਾਰੇ ਹੋਰ ਵੀ ਕਿਲ੍ਹੇ ਸਨ ਪਰੰਤੂ ਉਹ ਇਸ ਨਾਲੋਂ ਛੋਟੇ ਸਨ ਅਤੇ ਇਸੇ ਕਾਰਨ ਉਨ੍ਹਾਂ ਨੂੰ ਗੜ੍ਹ ਖ਼ੁਰਦ ਕਿਹਾ ਜਾਂਦਾ। ਮੇਰੇ ਜਨਮ ਸਥਾਨ ਨੂੰ ਗੜ੍ਹ ਕਲਾਂ ਕਿਹਾ ਜਾਂਦਾ ਸੀ।

ਮੇਰੇ ਪੁਰਖਿਆਂ ਦੇ ਪਰਿਵਾਰ ਦਾ ਇਕ ਮੈਂਬਰ ਜਿਹੜਾ ਜ਼ਿਲਾ ਲਾਹੌਰ ਦੇ ਨਾਰਲੀ ਨਾਂ ਦੇ ਪਿੰਡ ਵਿਚ ਰਹਿੰਦਾ ਸੀ, ਮੁਗ਼ਲ ਕਾਲ ਦੌਰਾਨ ਪਿੰਡ ਵਿਚੋਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦਾ ਸਸਕਾਰ ਕਰਕੇ ਉਸਦੀਆਂ ਅਸਥੀਆਂ ਗੰਗਾ ਵਿਚ ਪ੍ਰਵਾਹ ਕਰਨ ਲਈ ਹਰਦੁਆਰ ਨੂੰ ਚਲਿਆ। ਰਸਤੇ ਵਿਚ ਇਕ ਥਾਂ ਹਨੇਰਾ ਹੁੰਦਿਆਂ ਦੇਖ ਉਹ ਉੱਪਰ ਜ਼ਿਕਰ ਕੀਤੇ ਵੱਡੇ ਕਿਲ੍ਹੇ ਪੁੱਜਾ। ਉਸਨੇ ਗੇਟ ਕੀਪਰ ਨੂੰ ਪੁੱਛਿਆ ਕਿ ਕੀ ਉਹ ਉਥੇ ਰਾਤ ਲਈ ਠਹਿਰ ਸਕਦਾ ਸੀ। ਇਸ ਉੱਤੇ ਗੇਟ ਕੀਪਰ ਨੇ ਇਕ ਛੋਟੇ ਬੱਚੇ ਰਾਹੀਂ ਕਿਲ੍ਹੇ ਦੇ ਮਾਲਕ ਜਾਗੀਰਦਾਰ ਨੂੰ ਸੁਨੇਹਾ ਭੇਜਿਆ। ਉਸਨੇ ਹੁਕਮ ਦਿੱਤਾ ਕਿ ਅਜਨਬੀ ਨੌਜਵਾਨ ਨੂੰ ਉਨ੍ਹਾਂ ਕੋਲ ਭੇਜਿਆ ਜਾਵੇ। ਨੌਜਵਾਨ ਨੂੰ ਬੜੇ ਆਦਰ ਨਾਲ ਲਿਆਂਦਾ ਗਿਆ ਜਿਥੇ ਜਾਗੀਰਦਾਰ ਆਪਣੀ ਪਤਨੀ ਅਤੇ ਆਪਣੀ ਸੁੰਦਰ ਜਵਾਨ ਧੀ ਨਾਲ ਆਰਾਮ ਨਾਲ ਬੈਠਾ ਸੀ। ਨੌਜਵਾਨ ਨੇ ਬੜੀ ਨਿਮਰਤਾ ਨਾਲ ਪਰਿਵਾਰ ਨੂੰ ਫਤਹਿ ਬੁਲਾਈ ਜਿਸ ਦਾ ਜਵਾਬ ਉਸ ਨੂੰ ਉਸੇ ਹੀ ਸ਼ਿਸ਼ਟਾਚਾਰ ਨਾਲ ਦਿੱਤਾ ਗਿਆ। ਨੌਜਵਾਨ ਅਤਿਥੀ ਦੇ ਦਿਲਕਸ਼, ਦਲੇਰ, ਖ਼ੂਬਸੂਰਤ ਚਿਹਰੇ ਅਤੇ ਚਮਕੀਲੀਆਂ ਅੱਖਾਂ ਨੇ ਪਰਿਵਾਰ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਉਹ ਸਾਰੇ ਉਸਦਾ ਗਰਮ ਜੋਸ਼ੀ ਨਾਲ ਸਵਾਗਤ ਕਰਨ ਲਈ ਖੜ੍ਹੇ ਹੋ ਗਏ। ਉਸਨੂੰ ਜਾਗੀਰਦਾਰ ਅਤੇ ਉਸ ਦੀ ਪਤਨੀ ਦੇ ਵਿਚਕਾਰ

ਕੁਰਸੀ 'ਤੇ ਬੈਠਣ ਲਈ ਸੱਦਾ ਦਿੱਤਾ ਗਿਆ ਜਿਹੜੀ ਉਨ੍ਹਾਂ ਦੀ ਧੀ ਦੇ ਸਾਹਮਣੇ ਪੈਂਦੀ ਸੀ। ਉਸ ਦੇ ਸਫ਼ਰ ਬਾਰੇ ਅਤੇ ਸਫ਼ਰ ਦੇ ਕਾਰਨ ਬਾਰੇ ਗੱਲਬਾਤ ਨੇ ਰਾਤ ਦਾ ਖਾਣਾ ਤਿਆਰ ਹੋਣ ਤੱਕ ਉਨ੍ਹਾਂ ਨੂੰ ਰੁਝਾਈ ਰੱਖਿਆ। ਮੇਜ਼ 'ਤੇ ਬੈਠਿਆਂ ਉਹ ਇਕ ਦੂਜੇ ਨਾਲ ਘੁਲ ਮਿਲ ਗਏ। ਉੱਝ ਉਸ ਸਮੇਂ ਕੁਝ ਅਜੀਬ ਵਾਪਰ ਰਿਹਾ ਸੀ ਜਦੋਂ ਮੇਜ਼ਬਾਨ ਪਤੀ ਪਤਨੀ ਆਪਣੇ ਮਹਿਮਾਨ ਨਾਲ ਗੱਲਬਾਤ ਕਰ ਰਹੇ ਸਨ। ਮੇਜ਼ਬਾਨਾਂ ਦੀ ਜਵਾਨ ਧੀ ਮਹਿਮਾਨ ਵੱਲ ਖਿੱਚੀ ਜਾ ਰਹੀ ਸੀ। ਉਨ੍ਹਾਂ ਦੀਆਂ ਅੱਖਾਂ ਮਿਲੀਆਂ ਅਤੇ ਅੱਖਾਂ ਹੀ ਅੱਖਾਂ ਵਿਚ ਦਿਲ ਦੀਆਂ ਡੂੰਘਾਈਆਂ ਵਿਚੋਂ ਪਿਆਰ ਦਾ ਸੰਦੇਸ਼ ਇਕ ਦੂਜੇ ਨੂੰ ਗਿਆ।

ਰਾਤ ਦੇ ਖਾਣੇ ਤੋਂ ਬਾਅਦ ਪਰਿਵਾਰ ਨੇ ਨੌਜਵਾਨ ਦੇ ਜਾਂਬਾਜੀ ਦੇ ਕਿੱਸੇ ਬੜੀ ਦਿਲਚਸਪੀ ਨਾਲ ਸੁਣੇ। ਜੇਕਰ ਛੇਤੀ ਸੌਣ ਅਤੇ ਸਵੇਂਖਤੇ ਉੱਠਣ ਤੇ ਸਵੇਲੇ ਸਫ਼ਰ 'ਤੇ ਚੜ੍ਹਨ ਨੇ ਜ਼ੋਰ ਨਾ ਪਾਇਆ ਹੁੰਦਾ ਤਾਂ ਉਹ ਦਿਨ ਦੇ ਚੜ੍ਹਾ ਤੱਕ ਕਹਾਣੀਆਂ ਸੁਣਦੇ ਰਹਿੰਦੇ। ਜਾਗੀਰਦਾਰ, ਖ਼ਾਸ ਤੌਰ 'ਤੇ ਬਣਾਏ ਆਪਣੇ ਪੁੱਤਰ ਦੇ ਕ਼ਮਰੇ ਵਿਚ ਮਹਿਮਾਨ ਨੂੰ ਛੱਡਣ ਲਈ ਗਿਆ ਅਤੇ ਉਸਨੂੰ ਉੱਥੇ ਆਰਾਮ ਵਿਚ ਦੇਖ ਕੇ ਸ਼ੁਭ ਰਾਤਰੀ ਕਹਿ ਕੇ ਵਾਪਸ ਆ ਗਿਆ।

ਆਪਣੀ ਪਤਨੀ ਕੋਲ ਵਾਪਸ ਆਇਆ ਤਾਂ ਉਸਨੇ ਵੇਖਿਆ ਕਿ ਉਸਦੀ ਧੀ ਰਾਤ ਠਹਿਰੇ ਮਹਿਮਾਨ ਦੀ ਖ਼ੂਬਸੂਰਤੀ ਅਤੇ ਚਾਅ ਦਾ ਖ਼ੁਸ਼ੀ ਨਾਲ ਵਰਨਣ ਕਰ ਰਹੀ ਸੀ ਅਤੇ ਉਸਨੇ ਇਹ ਇੱਛਾ ਪ੍ਰਗਟ ਕੀਤੀ ਕਿ ਉਹ ਇਹੋ ਜਿਹੇ ਨੌਜਵਾਨ ਦੀ ਪਤਨੀ ਬਣਨਾ ਚਾਹੇਗੀ। ਆਪਣੇ ਮਨ ਦੀ ਗੱਲ ਨਾ ਕਹਿੰਦਿਆਂ, ਮਾਪਿਆਂ ਦੇ ਮਨ ਵਿਚ ਵੀ ਇਹੀ ਵਿਚਾਰ ਆਇਆ। ਉਨ੍ਹਾਂ ਆਪਣੀ ਧੀ ਦੇ ਸਾਹਮਣੇ ਨੌਜਵਾਨ ਦੀ ਪ੍ਰਸ਼ੰਸਾ ਕੀਤੀ ਅਤੇ ਉਸਦੇ ਤੌਰ ਤਰੀਕੇ, ਬਿਆਨ, ਧੜੱਲੇ ਅਤੇ ਖੁੱਲ੍ਹੇ ਵਿਹਾਰ ਦੀ ਪ੍ਰਸ਼ੰਸਾ ਕੀਤੀ। ਇਸੇ ਤਰ੍ਹਾਂ ਗੱਲਾਂ ਕਰਦੇ ਉਹ ਸੌਣ ਲਈ ਚਲੇ ਗਏ। ਪ੍ਰੰਤੂ ਜਾਗੀਰਦਾਰ ਸੌਣ ਜਾਣ ਤੋਂ ਪਹਿਲਾਂ ਆਪਣੇ ਨੌਕਰਾਂ ਨੂੰ ਹੁਕਮ ਕਰ ਗਿਆ ਕਿ ਜਦੋਂ ਹੀ ਉਨ੍ਹਾਂ ਦਾ ਮਹਿਮਾਨ ਸਵੇਰੇ ਜਾਗੇ ਤਾਂ ਉਸਨੂੰ ਵੀ ਜਗਾ ਦੇਣ।

ਅਗਲੇ ਦਿਨ ਸਵੇਰੇ ਨੌਜਵਾਨ ਲਗਭੱਗ 4 ਵਜੇ ਉੱਠਿਆ ਅਤੇ ਜੰਗਲ ਪਾਣੀ ਗਿਆ। ਨੌਕਰ ਆਪਣੇ ਮਾਲਕ ਦੇ ਹੁਕਮ ਅਨੁਸਾਰ ਉਸਨੂੰ ਜਗਾਉਣ ਲਈ ਚਲਾ ਗਿਆ। ਮੇਜ਼ਬਾਨ ਅਤੇ ਮਹਿਮਾਨ ਦੋਵੇਂ ਹੀ ਕਾਹਲੀ ਵਿਚ ਲਗਦੇ ਸਨ ਕਿਉਂਕਿ ਲਗਭਗ 4 ਵਜੇ ਤੱਕ ਦੋਵੇਂ ਹੀ ਜੰਗਲ ਪਾਣੀ ਤੋਂ ਵਿਹਲੇ ਹੋ ਕੇ ਦਿਨ ਭਰ ਦੇ ਰੁਝੇਵੇਂ ਲਈ ਤਿਆਰ ਹੋ ਚੁੱਕੇ ਸਨ।

ਮੇਜ਼ਬਾਨ ਨੌਜਵਾਨ ਦੇ ਕਮਰੇ ਵਿਚ ਆਇਆ, ਉਸਨੂੰ ਫਤਹਿ ਬੁਲਾਈ, ਉਸਦੀ ਪਿੱਠ ਥਾਪੜੀ ਤੇ ਸਨੇਹ ਦਾ ਪ੍ਰਗਟਾਵਾ ਕੀਤਾ ਤੇ ਉਸਨੇ ਯਕਲਖ਼ਤ ਪੁੱਛਿਆ "ਨੌਜਵਾਨ, ਕੀ ਤੇਰੀ ਸ਼ਾਦੀ ਹੋ ਗਈ ਹੈ?" "ਅਜੇ ਨਹੀਂ", ਨੌਜਵਾਨ

ਨੇ ਉੱਤਰ ਦਿੱਤਾ। ਤਾਂ ਕਿਲ੍ਹੇ ਦੇ ਮਾਲਕ ਨੇ ਨੌਜਵਾਨ ਨੂੰ ਕਿਹਾ ਕਿ ਕੀ ਉਹ ਆਪਣੇ ਸਫ਼ਰ ਦੀ ਵਾਪਸੀ ਵੇਲੇ ਦੂਸਰੀ ਵਾਰ ਉਨ੍ਹਾਂ ਦਾ ਮਹਿਮਾਨ ਬਣਨ ਦਾ ਉਨ੍ਹਾਂ ਨੂੰ ਮਾਣ ਦੇਵੇਗਾ। ਇਸ ਸੱਦੇ ਨੂੰ ਨੌਜਵਾਨ ਨੇ ਪ੍ਰਵਾਨ ਕਰ ਲਿਆ ਅਤੇ ਅਲਵਿਦਾ ਕਹੀ ਅਤੇ ਮੇਜ਼ਬਾਨ ਤੇ ਮਹਿਮਾਨ ਨਿੱਖੜ ਗਏ।

ਨੌਜਵਾਨ ਵਿਚਲੀ ਗੱਲ ਸਮਝ ਗਿਆ। ਖ਼ਾਸ ਤੌਰ 'ਤੇ ਉਸ ਦੇ ਵਿਆਹ ਬਾਰੇ ਪ੍ਰਸ਼ਨ ਤੋਂ ਕਿ ਇਸ ਸੱਦੇ ਦਾ ਕੀ ਅਰਥ ਸੀ। ਇਸ ਲਈ ਉਹ ਇਸ ਵਿਚਾਰ ਦੀ ਖ਼ੁਮਾਰੀ ਵਿਚ ਸਫ਼ਰ 'ਤੇ ਚੜ੍ਹ ਗਿਆ ਅਤੇ ਆਪਣੀ ਭਵਿੱਖੀ ਜ਼ਿੰਦਗੀ ਬਾਰੇ ਸ਼ੇਖ਼ਚਿਲੀ ਵਿਚਾਰਾਂ ਦੀ ਉਧੇੜ ਬੁਣ ਵਿਚ ਪਿਆ ਸੀ ਕਿ ਉਹ ਆਪਣੇ ਤੇ ਆਪਣੀ ਮਾਸ਼ੂਕ ਲਈ ਢੁੱਕਵਾਂ ਘਰ ਬਣਾਵੇਗਾ।

ਅਜੇ ਉਸਨੇ ਕਈ ਦਿਨਾਂ ਦਾ ਸਫ਼ਰ ਕਰਨਾ ਸੀ, ਪਰ ਹੁਣ ਉਸ ਵਿਚ ਕੁਝ ਇਹੋ ਜਿਹੀ ਗੱਲ ਸੀ ਜਿਹੜੀ ਉਸਨੂੰ ਉਤਸ਼ਾਹਤ ਕਰ ਰਹੀ ਸੀ ਕਿ ਉਹ ਗੰਗਾ ਦੇ ਕਿਨਾਰੇ ਉੱਤੇ ਜਿੰਨੀ ਛੇਤੀ ਹੋ ਸਕੇ, ਪੁੱਜ ਜਾਵੇ। ਉਸਨੇ ਉਤਸ਼ਾਹ ਪੂਰਵਕ ਆਪਣਾ ਸਫ਼ਰ ਜਾਰੀ ਰੱਖਿਆ ਅਤੇ ਛੇਤੀ ਹੀ ਹਰਦੁਆਰ ਪਹੁੰਚ ਗਿਆ। ਏਥੇ ਉਸਨੇ ਧਾਰਮਿਕ ਰਸਮਾਂ ਨਿਭਾਈਆਂ, ਆਪਣੇ ਪਰਿਵਾਰਕ ਮੈਂਬਰ ਦੀਆਂ ਅਸਥੀਆਂ ਪਵਿੱਤਰ ਗੰਗਾ ਮਈਆ ਦੀ ਭੇਂਟ ਕੀਤੀਆਂ, ਪਵਿੱਤਰ ਗੰਗਾ ਵਿਚ ਇਸ਼ਨਾਨ ਕੀਤਾ ਅਤੇ ਆਪਣਾ ਵਾਪਸੀ ਦਾ ਸਫ਼ਰ ਸ਼ੁਰੂ ਕੀਤਾ।

ਸਭਨਾਂ ਜ਼ਿੰਮੇਵਾਰੀਆਂ ਦੇ ਭਾਰ ਤੋਂ ਮੁਕਤ, ਆਪਣੀ ਭਵਿੱਖੀ ਜ਼ਿੰਦਗੀ ਦੀ ਉਮੀਦ ਤੇ ਉਤਸ਼ਾਹ ਨਾਲ ਭਰਿਆ ਉਹ ਲੰਮੀਆਂ ਲੰਮੀਆਂ ਪੁਲਾਂਘਾਂ ਭਰਦਾ ਚਲਾ ਜਾ ਰਿਹਾ ਸੀ। ਉਸਨੇ ਚੱਲਣ ਸਮੇਂ ਜਿਹੜਾ ਸਮਾਂ ਵਾਪਸ ਆਉਣ ਦਾ ਮਿਥਿਆ ਸੀ, ਉਸ ਤੋਂ ਹਫ਼ਤਾ ਪਹਿਲਾਂ ਹੀ ਖੱਟਕੜ ਕਲਾਂ ਪੁੱਜ ਗਿਆ।

ਉਸ ਦੀ ਗ਼ੈਰਹਾਜ਼ਰੀ ਵਿਚ ਅਜਨਬੀ ਨੌਜਵਾਨ ਦੇ ਸਵਾਗਤ ਦੀਆਂ ਤਿਆਰੀਆਂ ਹੋਣ ਲੱਗੀਆਂ। ਪਰ ਇਸ ਵਾਰ ਮਾਲਕ ਦੀ ਇਕਲੌਤੀ ਸੁੰਦਰ ਧੀ ਦੇ ਹੋਣ ਵਾਲੇ ਪਤੀ ਦੇ ਰੂਪ ਵਿਚ। ਮਾਪਿਆਂ ਦੀ ਇਕੋ ਹੀ ਮੰਗ ਸੀ ਕਿ ਉਹ ਉਨ੍ਹਾਂ ਕੋਲ ਮਹਿਮਾਨ ਬਣ ਕੇ ਨਹੀਂ, ਮਾਲਕ ਬਣ ਕੇ ਰਹੇ। ਇਸ ਪ੍ਰਕਾਰ ਇਹ ਵੱਡਾ ਕਿਲਾ (ਗੜ੍ਹ ਕਲਾਂ) ਨਵਵਿਵਾਹਤ ਜੋੜੇ ਨੂੰ ਦਹੇਜ ਵਿਚ ਦਿੱਤਾ ਗਿਆ। ਵਿਆਹ ਤੋਂ ਬਾਅਦ ਇਸ ਥਾਂ ਨੂੰ 'ਖੱਟ ਗੜ੍ਹ ਕਲਾਂ' ਕਿਹਾ ਜਾਣ ਲੱਗਾ। ਹਾਲਤ ਹੁਣ ਪੂਰੀ ਤਰ੍ਹਾਂ ਬਦਲ ਗਏ। ਪੂਰਵ ਮਾਲਕ ਜਿਨ੍ਹਾਂ ਨੇ ਆਪਣਾ ਕਿਲਾ ਇਕਲੌਤੀ ਧੀ ਦੇ ਵਿਆਹ ਸਮੇਂ ਦਹੇਜ ਦੇ ਰੂਪ ਵਿਚ ਜੁਆਈ ਨੂੰ ਦੇ ਦਿੱਤਾ ਸੀ, ਹੁਣ ਉਹ ਆਪਣੀ ਧੀ ਤੇ ਜੁਆਈ ਦੇ ਮਹਿਮਾਨ ਬਣ ਗਏ ਸਨ।

ਇਸੇ ਦੰਪਤੀ ਤੋਂ ਸਾਡਾ ਪਰਿਵਾਰ ਹੋਇਆ। ਸਮੇਂ ਦੇ ਗੁਜ਼ਰਨ ਨਾਲ ਕਿਲ੍ਹੇ ਦੀਆਂ ਕੰਧਾਂ ਢਹਿ ਗਈਆਂ। ਵੱਡੇ ਕਿਲ੍ਹੇ ਦੀਆਂ ਨੀਹਾਂ ਅਤੇ ਡੂੰਘੀਆਂ ਖਾਈਆਂ ਨੇ ਪਿੰਡ ਨੂੰ ਚੁਫੇਰਿਉਂ ਘੇਰਿਆ ਹੋਇਆ ਸੀ ਜਿਹੜੇ ਚਾਰ ਵੱਡੇ ਛੱਪੜਾਂ

ਵਿਚ ਵਟ ਗਏ। ਉਹ ਅੱਜ ਵੀ ਵੇਖੇ ਜਾ ਸਕਦੇ ਹਨ ਅਤੇ ਇਹ ਬੰਦਿਆਂ ਦੇ ਨਹਾਉਣ ਦੇ ਕੰਮ ਆਉਂਦੇ ਹਨ। ਇਥੇ ਬੱਤਖਾਂ ਤਰਦੀਆਂ ਅਤੇ ਹੋਰ ਪਸ਼ੂ ਵੀ ਨਹਾਉਂਦੇ ਨਜ਼ਰ ਪੈਂਦੇ ਹਨ। ਜਦੋਂ ਭਾਰੀ ਬਾਰਸ਼ ਹੁੰਦੀ ਹੈ ਤਾਂ ਇਹਨਾਂ 'ਚੋਂ ਦੋ ਟੋਭੇ ਅਤੇ ਕਈ ਵਾਰ ਤਿੰਨ ਟੋਭੇ ਵੀ ਆਪੋ ਵਿਚ ਰਲ ਮਿਲ ਜਾਂਦੇ ਹਨ। ਇਹਨਾਂ ਵਿਚੋਂ ਇਕ ਵੱਖਰਾ ਬਚ ਰਹਿੰਦਾ ਹੈ ਅਤੇ ਸਭ ਤੋਂ ਉੱਚਾ ਇਕ ਥਾਂ ਜਿਹੜਾ ਪਾਣੀ ਦੀ ਮਾਰ ਤੋਂ ਬਚ ਰਹਿੰਦਾ ਹੈ ਉਥੇ ਐਸੇ ਮੌਕਿਆਂ 'ਤੇ ਬੱਤਖਾਂ ਆਂਡੇ ਦੇਣ ਨੂੰ ਪਹਿਲ ਦਿੰਦੀਆਂ ਹਨ।

ਪਰਿਵਾਰਕ ਇਤਿਹਾਸ

ਸਾਡੇ ਪਰਿਵਾਰ ਦੇ ਵੱਡੇ ਵਡੇਰੇ ਦਰਬਾਰ ਲਾਇਆ ਕਰਦੇ ਸਨ ਜਿਥੇ ਕਚਹਿਰੀ ਲਗਦੀ ਅਤੇ ਨਿਆਂ ਕੀਤਾ ਜਾਂਦਾ ਤੇ ਫ਼ੈਸਲਿਆਂ ਨੂੰ ਪ੍ਰਵਾਨਗੀ ਦਿੱਤੀ ਜਾਂਦੀ। ਉਸ ਥਾਂ ਨੂੰ ਅਜੇ ਵੀ ਦੀਵਾਨਖ਼ਾਨਾ ਕਿਹਾ ਜਾਂਦਾ ਹੈ। (ਸ਼ਹੀਦ ਭਗਤ ਸਿੰਘ ਦਾ ਜੱਦੀ ਘਰ ਜੋ ਅੱਜ ਕੱਲ੍ਹ ਨੁਮਾਇਸ਼ ਵਿਚ ਬਦਲਿਆ ਹੋਇਆ ਹੈ। ਸੰ.)

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਅਤੇ ਉਸ ਤੋਂ ਵੀ ਬਹੁਤ ਚਿਰ ਪਹਿਲਾਂ ਸਾਡੇ ਪਰਿਵਾਰ ਨੂੰ ਜਾਗੀਰਦਾਰ ਮੰਨਿਆਂ ਜਾਂਦਾ ਸੀ ਜਿਹੜਾ ਲੜਾਈ ਮੌਕੇ ਰਾਜ ਨੂੰ ਬਹੁਤ ਸਾਰੀ ਭਰਤੀ ਮੁਹੱਈਆ ਕਰਦਾ ਸੀ। ਮੇਰੇ ਪੁਰਖਿਆਂ ਦੀ ਸਰਪ੍ਰਸਤੀ ਹੇਠ ਸਿੱਖ ਕੌਮੀ ਝੰਡਾ ਲਹਿਰਾਇਆ ਜਾਂਦਾ ਅਤੇ ਇਹ ਰਸਮ ਸੱਠ ਗਜ਼ ਲੰਮੀ ਵਿਸ਼ਾਲ ਇਮਾਰਤ ਵਿਚ ਅਦਾ ਹੁੰਦੀ। ਜਿਥੇ ਸਾਲ ਵਿਚ ਚਾਰ ਵਾਰ ਵੱਡੀ ਗਿਣਤੀ ਵਿਚ ਲੋਕ ਆਉਂਦੇ ਅਤੇ ਝੰਡਾ ਲਹਿਰਾਉਣ ਦੀ ਇਤਿਹਾਸਕ ਰਸਮ ਵਿਚ ਸ਼ਾਮਲ ਹੁੰਦੇ ਸਨ। ਉਸ ਥਾਂ ਨੂੰ 'ਝੰਡਾ ਜੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਥਾਂ (ਮੰਦਰ) ਗੁਰਦੁਆਰੇ ਦਾ ਰੱਖ ਰਖਾਉ ਲੋਕਾਂ ਦੁਆਰਾ ਦਿੱਤੇ ਦਾਨ ਨਾਲ ਕੀਤਾ ਜਾਂਦਾ ਜਿਹੜੇ ਜ਼ਿਆਦਾ ਕਰਕੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਤੋਂ ਆਉਂਦੇ। ਇਸ ਖੱਟਗੜ੍ਹ ਕਲਾਂ ਦੇ ਸਾਂਝੇ ਪਰਿਵਾਰ ਦੇ ਬਾਨੀ ਦੇ ਦਿਲ ਵਿਚ ਪਵਿੱਤਰ ਕੌਮੀ ਝੰਡੇ ਲਈ ਏਨਾ ਸਨਮਾਨ ਸੀ ਕਿ ਜਦ ਉਨ੍ਹਾਂ ਨੂੰ ਆਪਣੇ ਪਿਤਾ-ਪੁਰਖੀ ਪਿੰਡ ਵਿਚ ਵਾਪਸ ਜਾਣ ਲਈ ਕਿਹਾ ਗਿਆ ਤਾਂ ਉਸਨੇ ਕਿਹਾ ਕਿ ਸਭ ਤੋਂ ਪਹਿਲਾਂ ਤਾਂ ਮੈਂ ਇਸ ਕਰਕੇ ਇਸ ਥਾਂ ਨੂੰ ਨਹੀਂ ਛੱਡਣਾ ਚਾਹੁੰਦਾ ਕਿਉਂਕਿ ਮੈਂ ਆਪਣੇ ਸੱਸ ਸਹੁਰਾ ਨੂੰ ਵਚਨ ਦੇ ਚੁੱਕਾ ਸੀ। ਦੂਸਰਾ ਇਕ ਮਹੱਤਵਪੂਰਨ ਕਾਰਨ ਇਹ ਥਾਂ ਨਾ ਛੱਡਣ ਦਾ ਇਹ ਸੀ ਕਿ ਇਸ ਝੰਡੇ ਦਾ ਆਦਰ ਉਸ ਲਈ ਆਪਣੀ ਜਾਨ ਤੋਂ ਵੀ ਵੱਧ ਪਿਆਰਾ ਸੀ।

ਮੇਰੇ ਵਡੇਰਿਆਂ 'ਚੋਂ ਇਕ ਨੂੰ ਇਹ ਵੇਖ ਕੇ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਬਦੇਸ਼ੀ ਲੋਕ ਹੱਕਾਂ ਨੂੰ ਦਬਾਉਣ ਦੀ ਸ਼ਰਾਰਤੀ ਖੇਡ ਖੇਡਣ ਲੱਗੇ ਸਨ ਅਤੇ ਭਾਰਤੀ ਉਪਮਹਾਂਦੀਪ ਦੇ ਲੋਕਾਂ ਨੂੰ ਗੁਲਾਮ ਬਣਾ ਰਹੇ

ਸਨ ਅਰਥਾਤ ਪੰਜਾਬ ਬਰਤਾਨਵੀ ਧਾੜਵੀਆਂ ਵਿਰੁੱਧ ਹਥਿਆਰ ਲੈ ਕੇ ਆ ਡਟਿਆ। ਉਸਨੇ ਉਨ੍ਹਾਂ ਸ਼ਕਤੀਆਂ ਦਾ ਸਾਥ ਦਿੱਤਾ ਜਿਹੜੀਆਂ ਅੰਗਰੇਜ਼ਾਂ ਖ਼ਿਲਾਫ਼ ਲੜ ਰਹੀਆਂ ਸਨ ਅਤੇ ਮੁਦਕੀ, ਬੱਦੋਵਾਲ, ਆਲੀਵਾਲ ਅਤੇ ਸਭਰਾਉਂ ਦੀ ਲੜਾਈ ਵਿਚ ਬਹਾਦਰੀ ਨਾਲ ਹਿੱਸਾ ਲਿਆ। ਬਰਤਾਨੀਆਂ ਵਿਰੁੱਧ ਲੜਾਈ ਵਿਚ ਹਿੱਸਾ ਲੈਣ ਦੇ ਸਿੱਟੇ ਵਜੋਂ ਪਰਿਵਾਰ ਦੀ ਜਗੀਰ ਛੋਟੀ ਕਰ ਦਿੱਤੀ ਗਈ। ਪਰੰਤੂ ਜਦੋਂ 1857 ਈਸਵੀ ਦੇ ਵਿਦਰੋਹ ਵਿਚ ਕੁਝ ਜਾਗੀਰਦਾਰਾਂ ਅਤੇ ਰਾਜਿਆਂ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਅਤੇ ਉਹ ਵੀ ਆਪਣੇ ਹੀ ਲੋਕਾਂ ਵਿਰੁੱਧ, ਜਿਹੜੇ ਆਜ਼ਾਦੀ ਦੀ ਲੜਾਈ ਵਿਚ ਆਪਣੀਆਂ ਕੁਰਬਾਨੀਆਂ ਦੇ ਰਹੇ ਸਨ ਅਤੇ ਅੰਗਰੇਜ਼ੀ ਗੁਲਾਮੀ ਦਾ ਜੂਲਾ ਲਾਹੁਣ ਲਈ ਗਹਿਗੱਚ ਲੜਾਈ ਲੜ ਰਹੇ ਸਨ, ਸਰਦਾਰ ਫਤਹਿ ਸਿੰਘ, ਮੇਰੇ ਸਤਿਕਾਰਤ ਦਾਦਾ ਜੀ, ਨੂੰ ਵੀ ਸੁੰਦਰ ਸਿੰਘ ਮਜੀਠੀਏ ਦੇ ਪਿਤਾ ਮਜੀਠੀਏ ਸਰਦਾਰ ਸੂਰਤ ਸਿੰਘ ਨੇ ਅੰਗਰੇਜ਼ਾਂ ਦੀ ਸਹਾਇਤਾ ਲਈ ਕਿਹਾ। ਉਨ੍ਹਾਂ ਅਜਿਹਾ ਕੁਕਰਮ ਕਰਨ ਤੋਂ ਦੋ ਟੁੱਕ ਜਵਾਬ ਦੇ ਦਿੱਤਾ। ਸੂਰਤ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਪਰਿਵਾਰ ਦੀ ਖੁੱਸੀ ਹੋਈ ਜਾਗੀਰ ਵਾਪਸ ਆ ਜਾਵੇਗੀ, ਜੇਕਰ ਉਹ ਬਰਤਾਨੀਆ ਸਰਕਾਰ ਦਾ ਸਾਥ ਦੇਵੇਗਾ। ਸ. ਫਤਹਿ ਸਿੰਘ ਹੋਰਾਂ ਉੱਤਰ ਦਿੱਤਾ ਕਿ ਉਹ ਆਪਣੇ ਦੇਸ਼ਵਾਸੀਆਂ ਵਿਰੁੱਧ ਲੜਨ ਨਾਲੋਂ ਆਪਣਾ ਸਭ ਕੁਝ ਗੁਆਉਣਾ ਬਿਹਤਰ ਸਮਝੇਗਾ। ਕਿਉਂਕਿ ਗੁਰੂ ਗੋਬਿੰਦ ਸਿੰਘ ਦੇ ਆਜ਼ਾਦੀ ਲਈ ਲੜਨ ਦੇ ਅਸੂਲਾਂ ਨੂੰ ਬੇਦਾਵਾ ਨਹੀਂ ਦੇ ਸਕਦਾ। ਇਹ ਗੱਲ ਉਨ੍ਹਾਂ ਕਈ ਵਾਰ ਮੈਨੂੰ ਸੁਣਾਈ। ਮੈਂ ਉਦੋਂ ਹਾਲੀ ਬਿਲਕੁਲ ਬੱਚਾ ਹੀ ਸੀ ਅਤੇ ਅਕਸਰ ਮੈਨੂੰ ਮਵੇਰੇ ਗੰਨੇ ਦੇ ਖੇਤਾਂ ਵਿਚ ਲਿਜਾਇਆ ਜਾਂਦਾ ਅਤੇ ਮੁੜਦੇ ਵਕਤ ਮੈਂ ਸਾਰੇ ਰਾਹ ਗੰਨੇ ਚੂਪਦਾ ਆਉਂਦਾ ਅਤੇ ਨਾਲ ਨਾਲ ਦੇਸ਼ ਦੀ ਆਜ਼ਾਦੀ ਲਈ ਲੜੀਆਂ ਸਿੱਖ ਲੜਾਈਆਂ ਦੇ ਵੇਰਵੇ ਸੁਣਦਾ ਅਤੇ ਕੁਝ ਉਸ ਤੋਂ ਦਹਾਕਾ ਬਾਅਦ 1857 ਦੀ ਭਾਰਤੀ ਆਜ਼ਾਦੀ ਦੀ ਲਹਿਰ ਦੇ ਵੇਰਵੇ ਸੁਣਦਾ। ਮੈਂ ਉਨ੍ਹਾਂ ਨੂੰ ਪੁੱਛਦਾ ਕਿ ਬਦੇਸ਼ੀ 1857 ਵਿਚ ਭਾਰਤੀ ਦੇਸ਼ ਭਗਤਾਂ ਵਿਰੁੱਧ ਕਿਵੇਂ ਕਾਮਯਾਬ ਹੋ ਗਏ। ਉਨ੍ਹਾਂ ਮੈਨੂੰ ਦੁੱਖ ਨਾਲ ਦੱਸਿਆ ਕਿ ਇਹ ਅੰਗਰੇਜ਼ਾਂ ਨੂੰ ਪੰਜਾਬੀਆਂ ਵੱਲੋਂ ਦਿੱਤੀ ਗਈ ਮੱਦਦ ਸਦਕਾ ਵਾਪਰਿਆ। ਬਦੇਸ਼ੀ ਭਾਰਤੀ ਲੋਕਾਂ ਦੀ ਆਜ਼ਾਦੀ ਅਤੇ ਸਾਡੇ ਬਜ਼ੁਰਗਾਂ ਦੀ ਇਸ ਧਰਤੀ ਦੇ ਮਾਲ ਖਜ਼ਾਨੇ ਹਰ ਭੈੜੇ ਤੋਂ ਭੈੜੇ ਸੰਭਵ ਤਰੀਕੇ ਨਾਲ ਲੁੱਟਣ ਲੱਗੇ। ਇਹਨਾਂ ਕਹਾਣੀਆਂ ਨੇ ਮੇਰੇ ਵਿਚ ਉਤਸੁਕਤਾ ਜਗਾਈ ਕਿ ਮੈਂ ਉਨ੍ਹਾਂ ਬਦੇਸ਼ੀਆਂ ਨੂੰ ਦੇਖਾਂ ਜਿਹੜੇ ਸਾਡੇ ਦੇਸ਼ 'ਤੇ ਰਾਜ ਕਰਦੇ ਸਨ। ਮੈਂ ਕਈ ਵਾਰ ਤਹਿਸੀਲਦਾਰ ਜਾਂ ਸਬ ਇੰਸਪੈਕਟਰ ਨੂੰ ਸਾਡੇ ਘਰ ਆਉਂਦੇ ਦੇਖਿਆ ਸੀ। ਉਹ ਸਾਰੇ ਪੰਜਾਬੀ ਸਨ। ਸਰਦਾਰ ਫਤਹਿ ਸਿੰਘ ਨਾਲ ਮੈਂ ਕਿਸੇ ਅੰਗਰੇਜ਼ ਜਾਂ ਅੰਗਰੇਜ਼ ਅਫ਼ਸਰ ਨੂੰ ਨਹੀਂ ਦੇਖ ਸਕਦਾ ਸੀ। ਪਰ ਮੈਂ ਅੰਗਰੇਜ਼ ਅਫ਼ਸਰ ਨੂੰ ਸ. ਸੁਰਜਨ ਸਿੰਘ ਜਿਹੜਾ ਬਦੇਸ਼ੀਆਂ ਮਗਰ ਦੌੜਾ ਫਿਰਦਾ ਸੀ, ਦੇ

ਸਾਥ ਵਿਚ ਦੇਖਿਆ। ਮੈਂ ਆਪਣੇ ਤਾਏ ਨੂੰ ਅਫ਼ਸਰ ਨੂੰ ਸਲਾਮ ਕਰਦੇ ਦੇਖਿਆ ਜਿਹੜਾ ਉਸ ਤੋਂ ਛੋਟਾ ਸੀ ਅਤੇ ਉਹ ਸਾਡੀ ਜ਼ਬਾਨ ਵੀ ਚੰਗੀ ਤਰ੍ਹਾਂ ਨਹੀਂ ਬੋਲ ਸਕਦਾ ਸੀ। ਮੈਂ ਸਗੋਂ ਉਸ ਦੇ ਬੋਲਣ ਉਤੇ ਹੱਸ ਪਿਆ। ਮੇਰਾ ਤਾਇਆ ਮੈਨੂੰ ਹੱਸਣਾ ਬੰਦ ਕਰਨ ਦੇ ਇਸ਼ਾਰੇ ਕਰਨ ਲੱਗਾ ਪਰੰਤੂ ਮੈਂ ਹਾਸਾ ਨਹੀਂ ਰੋਕ ਸਕਿਆ। ਇਹ ਬਦੇਸ਼ੀ ਮੇਰੇ ਸਲਾਮ ਨਾ ਕਰਨ 'ਤੇ ਨਰਾਜ਼ ਹੋ ਗਿਆ ਲਗਦਾ ਸੀ। ਮੇਰੇ ਤਾਏ ਨੇ ਦੱਸਿਆ ਕਿ ਮੈਂ ਉਸਦਾ ਭਤੀਜਾ ਹਾਂ। ਮੇਰੇ ਤਾਏ ਨੇ ਉਸ ਨਾਲ ਕੁਝ ਹੋਰ ਗੱਲਾਂ ਕੀਤੀਆਂ। ਕੁਝ ਚਿਰ ਬਾਅਦ ਅਫ਼ਸਰ ਘੋੜੇ 'ਤੇ ਸਵਾਰ ਹੋ ਗਿਆ ਅਤੇ ਮੇਰੇ ਤਾਏ ਨੂੰ ਕਿਹਾ ਕਿ 'ਹਮ ਨਵਾਂ ਸ਼ਹਿਰ ਜਾਨੇ ਕੋ ਮਾਂਗਤਾ ਹੈ ਤੁਮਕੋ ਲੌਟ ਸਕਤਾ ਹੈ," ਅਤੇ ਉਸਨੇ ਤੇ ਉਸਦੇ ਨਾਲ ਦਿਆਂ ਘੋੜੇ ਨੂੰ ਅੱਡੀ ਲਾਈ ਤੇ ਉਹ ਚਲਾ ਗਿਆ। ਮੈਂ ਤੇ ਮੇਰਾ ਤਾਇਆ ਘਰ ਨੂੰ ਮੁੜ ਆਏ। ਉਹ ਮੇਰੇ ਨਾਲ ਨਾਰਾਜ਼ ਲਗਦਾ ਸੀ ਤੇ ਆਖਿਆ, "ਮੈਂ ਤੈਨੂੰ ਕਦੇ ਵੀ ਆਪਣੇ ਨਾਲ ਲੈ ਕੇ ਸਾਹਿਬ ਕੋਲ ਨਹੀਂ ਜਾਵਾਂਗਾ।" ਮੈਂ ਆਪਣੇ ਚਾਚੇ ਨੂੰ ਪੁੱਛਿਆ ਕਿ ਕੀ ਇਸ ਬਦੇਸ਼ੀ ਦਾ ਨਾਂ ਸਾਹਿਬ ਹੈ ਜਾਂ ਸਾਰੇ ਬਦੇਸ਼ੀਆਂ ਨੂੰ ਸਾਹਿਬ ਕਿਹਾ ਜਾਂਦਾ ਹੈ।" ਉਸਨੇ ਕਿਹਾ "ਸਾਰੇ ਹੀ ਅੰਗਰੇਜ਼ਾਂ ਨੂੰ ਸਾਹਿਬ ਕਿਹਾ ਜਾਂਦਾ ਹੈ। ਤੂੰ ਮੂਰਖ ਮੁੰਡਾ ਹੈਂ, ਤੂੰ ਉਸ ਨੂੰ ਸਲਾਮ ਕਿਉਂ ਨਹੀਂ ਕੀਤੀ?" ਇਸ ਤੇ ਮੈਂ ਕਿਹਾ, "ਉਹ ਮੇਰੇ ਨਾਲੋਂ ਵੱਧ ਮੂਰਖ ਹੈ, ਜੋ ਕੁਝ ਉਹ ਬੋਲਿਆ ਗਲਤ ਸੀ। ਭਾਵੇਂ ਮੈਂ ਬੱਚਾ ਹਾਂ, ਮੈਂ ਉਸਨੂੰ ਬੋਲਣਾ ਸਿਖਾ ਸਕਦਾ ਹਾਂ। ਉਹਦੇ ਮਾਪੇਂ ਜ਼ਰੂਰ ਬੇਵਕੂਫ਼ ਹੋਣਗੇ, ਜਿਨ੍ਹਾਂ ਉਸਨੂੰ ਠੀਕ ਤਰ੍ਹਾਂ ਬੋਲਣਾ ਵੀ ਨਹੀਂ ਸਿਖਾਇਆ। ਮੈਂ ਇਹੋ ਜਿਹੇ ਮੂਰਖ ਬੰਦੇ ਨੂੰ ਸਲਾਮ ਕਿਉਂ ਆਖਾਂ। ਮੈਨੂੰ ਬਕਵਾਸ ਬੰਦ ਕਰਨ ਲਈ ਕਿਹਾ ਗਿਆ। ਇਸ ਲਈ ਅਸੀਂ ਕੁਝ ਪਲਾਂ ਲਈ ਕੁਝ ਨਹੀਂ ਬੋਲੇ, ਫਿਰ ਮੈਂ ਹੀ ਚੁੱਪ ਤੋੜੀ। ਮੈਂ ਆਪਣੇ ਤਾਏ ਨੂੰ ਪੁੱਛਿਆ ਕਿ ਉਹ ਬੰਦਾ ਏਥੇ ਕਿਉਂ ਆਇਆ ਸੀ ਤੇ ਉਹ ਕੀ ਕੰਮ ਕਰਦਾ ਸੀ। ਤਾਏ ਨੇ ਕਿਹਾ "ਉਹ ਸਾਹਿਬ ਸੀ ਅਤੇ ਇਸਦਾ ਅਰਥ ਹੈ ਮੀਲਾਰਡ (ਅੰਗਰੇਜ਼ ਲਾਡਰ ਲਈ ਫਰਾਂਸੀਸੀ ਸ਼ਬਦ) ਤੇ ਮਾਲਕ।" ਮੈਂ ਉਸ ਨੂੰ ਫਿਰ ਪੁੱਛਿਆ, "ਤੁਸੀਂ ਰਾਜ ਕਿਉਂ ਨਹੀਂ ਕਰਦੇ? ਉਹ ਕਿਉਂ ਆਉਂਦਾ ਹੈ? ਤੁਸੀਂ ਉਸ ਨਾਲੋਂ ਵੱਡੇ ਹੋ, ਜ਼ਿਆਦਾ ਸਮਝਦਾਰ ਹੋ ਜਿਵੇਂ ਦਾ ਉਹ ਲਗਦਾ ਹੈ। ਉਸ ਨੂੰ ਚੰਗੀ ਤਰ੍ਹਾਂ ਬੋਲਣਾ ਵੀ ਨਹੀਂ ਆਉਂਦਾ ਤੇ ਨਾ ਹੀ ਉਹ ਲੋਕਾਂ ਦੀ ਗੱਲ ਸਮਝ ਸਕਦਾ ਹੈ।" ਮੇਰੇ ਤਾਏ ਨੇ ਫਿਰ ਕਿਹਾ ਕਿ ਮੈਂ ਅਹਿਮਕਾਨਾ ਗੱਲਾਂ ਕਰ ਰਿਹਾ ਸੀ। ਇਸ ਸਮੇਂ ਤੱਕ ਅਸੀਂ ਦੀਵਾਨਖ਼ਾਨੇ ਪਹੁੰਚ ਗਏ ਜਿਥੇ ਮੈਂ ਇਹ ਕਹਿ ਕੇ ਘਰ ਭੇਜ ਦਿੱਤਾ ਗਿਆ ਕਿ ਉਸ ਲਈ ਲੱਸੀ ਦਾ ਗਲਾਸ ਭੇਜਿਆ ਜਾਵੇ। ਮੇਰੇ ਉਤੇ ਪ੍ਰਭਾਵ ਬਹੁਤਾ ਚੰਗਾ ਨਹੀਂ ਪਿਆ ਸੀ। ਮੈਂ ਉਸ ਤੋਂ ਬਾਅਦ ਤਾਏ ਨੂੰ ਕਈ ਵਾਰ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਕਿ ਉਹ ਸਾਹਿਬ ਨੂੰ ਮਿਲਣ ਲਈ ਜਾ ਰਿਹਾ ਸੀ, ਪਰ ਉਹ ਮੈਨੂੰ ਕਦੇ ਆਪਣੇ ਨਾਲ ਲੈ ਕੇ ਨਹੀਂ ਗਿਆ। ਇਕ ਦਿਨ ਅਚਾਨਕ ਮੈਂ ਆਪਣੇ

ਚਚੇਰੇ ਭਰਾ ਨਾਲ ਖੂਹ ਨੇੜੇ ਨਵਾਂ ਸ਼ਹਿਰ ਤੋਂ ਰਾਹੋਂ ਜਾਂਦੀ ਪੱਕੀ ਸੜਕ ਤੇ ਖੇਡ ਰਿਹਾ ਸੀ ਜਦੋਂ ਇਕ ਅੰਗਰੇਜ਼ ਕੁਝ ਹਿੰਦੁਸਤਾਨੀਆਂ ਨਾਲ ਉਥੇ ਆਇਆ। ਉਹ ਆਪਣੇ ਘੋੜੇ ਤੋਂ ਉਤਰਿਆ ਅਤੇ ਪਿੱਛੇ ਸਾਡੇ ਪਿੰਡ ਵੱਲ ਤੱਕਿਆ, ਮੈਂ ਤਾਏ ਨੂੰ ਥੋੜ੍ਹੇ ਕਦਮਾਂ ਦੀ ਵਿੱਥ 'ਤੇ ਦੇਖਿਆ ਜਿਵੇਂ ਮੈਨੂੰ ਪਤਾ ਸੀ ਉਹ ਮੈਨੂੰ ਆਪਣੇ ਕੋਲ ਹੋਣ ਨੂੰ ਪਸੰਦ ਨਹੀਂ ਸੀ ਕਰਦਾ, ਜਦੋਂ ਉਥੇ ਸਾਹਿਬ ਹੋਵੇ। ਮੈਂ ਦਰੱਖ਼ਤ ਉਹਲੇ ਲੁਕ ਗਿਆ ਅਤੇ ਉੱਥੋਂ ਦੇਖਿਆ ਕਿ ਮੇਰੇ ਤਾਏ ਨੇ ਬਹੁਤ ਝੁਕ ਕੇ ਸਾਹਿਬ ਨੂੰ ਸਲਾਮ ਕੀਤੀ ਜਿਸ ਤੇ ਮੈਨੂੰ ਬੜੀ ਖਿੱਝ ਆਈ। ਮੈਂ ਇਸ ਨਵੇਂ ਬਦੇਸ਼ੀ ਨਾਲ ਉਸਨੂੰ ਗੱਲਾਂ ਕਰਦੇ ਸੁਣਿਆ। ਸਾਹਿਬ ਲੋਕਾਂ ਬਾਰੇ ਮੇਰੇ ਵਿਚਾਰ ਪਹਿਲਾਂ ਵਾਲੇ ਹੀ ਸਨ ਜਿਹੜੇ ਮੈਂ ਪਹਿਲੀ ਵਾਰ ਮਿਲਣ ਸਮੇਂ ਬਣਾਏ ਸਨ, ਕਿਉਂਕਿ ਦੂਸਰਾ ਸਾਹਿਬ ਵੀ ਪਹਿਲੇ ਵਰਗਾ ਹੀ ਮੂਰਖ ਲਗਦਾ ਸੀ। ਇਸ ਵਾਰ ਉਹ ਤਾਏ ਨੂੰ ਨਾਲ ਲੈ ਗਿਆ ਅਤੇ ਮੈਂ ਉਨ੍ਹਾਂ ਦਾ ਪਿੱਛਾ ਨਾ ਕਰ ਸਕਿਆ। ਸ਼ਾਮ ਵੇਲੇ ਜਦੋਂ ਮੇਰਾ ਤਾਇਆ ਵਾਪਸ ਆਇਆ ਤਾਂ ਮੈਂ ਉਸਨੂੰ ਕਿਹਾ ਕਿ ਸਾਰੇ ਹੀ ਸਾਹਿਬ ਅਹਿਮਕ ਹੁੰਦੇ ਹਨ। ਕਿਸੇ ਨੂੰ ਵੀ ਠੀਕ ਤਰ੍ਹਾਂ ਬੋਲਣਾ ਨਹੀਂ ਆਉਂਦਾ। ਮੈਂ ਅੱਜ ਇਸ ਨਵੇਂ ਬੰਦੇ ਨੂੰ ਬੋਲਦਿਆਂ ਸੁਣਿਆ 'ਹਮ ਜਾਨਾ' ਦਾ ਅਰਥ 'ਅਸੀਂ ਜਾਣਾ ਹੈ।' ਇਸ ਤੇ ਮੈਨੂੰ ਹਾਸਾ ਆਇਆ ਤਾਏ ਨੇ ਪੁੱਛਿਆ ਕਿ ਮੈਂ ਉਨ੍ਹਾਂ ਨੂੰ ਕਦੋਂ ਗੱਲਾਂ ਕਰਦੇ ਸੁਣਿਆ। ਮੈਂ ਉਸਨੂੰ ਦੱਸਿਆ ਕਿ ਮੈਂ ਖੂਹ ਨੇੜੇ ਦਰਖ਼ਤ ਓਹਲੇ ਲੁਕਿਆ ਹੋਇਆ ਸੀ ਜਦੋਂ ਇਹ ਗੱਲਾਂ ਸੁਣੀਆਂ। ਮੇਰੀ ਉਤਸੁਕਤਾ ਇਸ ਸਿੱਟੇ ਨਾਲ ਸੰਤੁਸ਼ਟ ਸੀ ਕਿ ਜਿਹੜਾ ਮੈਂ ਸਿੱਟਾ ਕੱਢਿਆ ਸੀ ਕਿ ਮੈਂ ਸਾਹਿਬਾਂ ਦੀ ਨੌਕਰੀ ਨਹੀਂ ਕਰਾਂਗਾ ਤੇ ਨਾ ਹੀ ਉਨ੍ਹਾਂ ਦੀ ਸੇਵਾ ਕਰਾਂਗਾ ਕਿਉਂਕਿ ਉਹ ਸਾਰੇ ਬੇਵਕੂਫ਼ ਹਨ।

ਅੰਮ੍ਰਿਤ

ਜਦੋਂ ਮੈਂ ਬੱਚਾ ਹੀ ਸੀ ਤਾਂ ਮੈਨੂੰ ਵੱਡੇ ਭਰਾ ਨਾਲ ਸਿੱਖ ਰਹੁ ਰੀਤਾਂ ਨਿਭਾਉਣ ਲਈ ਆਨੰਦਪੁਰ ਸਾਹਿਬ ਲਿਜਾਇਆ ਗਿਆ ਜਿਸਨੂੰ 'ਪਹੁਲ' ਜਾਂ 'ਅੰਮ੍ਰਿਤ ਛਕਣਾ' ਕਿਹਾ ਜਾਂਦਾ ਹੈ। ਇਹ ਹੋਲੇ ਦਾ ਮੇਲਾ ਸੀ ਜਿਹੜਾ ਕਿ ਸਿੱਖ ਹੋਲੀ ਤੋਂ ਬਾਅਦ ਸ਼ਾਨੋ ਸ਼ੌਕਤ ਨਾਲ ਮਨਾਉਂਦੇ ਹਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਨੂੰ ਸਿੰਘ ਸਜਾਉਣ ਲਈ ਮਿੱਠਾ ਪਾਣੀ ਪੀਣ ਨੂੰ ਦਿੱਤਾ ਗਿਆ। ਇਸ ਦਾ ਕੁਝ ਹਿੱਸਾ ਸਾਡੇ ਚਿਹਰਿਆਂ 'ਤੇ ਪਵਿੱਤਰਤਾ ਦੇ ਤੌਰ 'ਤੇ ਛਿੜਕਿਆ ਗਿਆ। ਇਹ ਆਮ ਵਿਅਕਤੀ ਨੂੰ ਸਿਖਾਉਂਦੀ ਹੈ ਕਿ ਜੋ ਇਸ ਰਸਮ 'ਚੋਂ ਗੁਜ਼ਰਦਾ ਹੈ, ਉਸ ਵਿਚੋਂ ਮੌਤ ਦਾ ਭੈ ਦੂਰ ਹੋ ਜਾਂਦਾ ਹੈ ਅਤੇ ਉਹ ਜ਼ਾਲਮਾਂ ਅਤੇ ਲੁਟੇਰਿਆਂ ਅਤੇ ਅਨਿਆਈ ਲੋਕਾਂ ਵਿਰੁੱਧ ਲੜਦਾ ਹੈ ਅਤੇ ਕਮਜ਼ੋਰ, ਗਰੀਬਾਂ, ਬੱਚਿਆਂ ਅਤੇ ਔਰਤਾਂ ਦੀ ਹਰ ਤਰ੍ਹਾਂ ਦੀ ਛੇੜਛਾੜ ਵਿਰੁੱਧ ਰਾਖੀ ਕਰਦਾ ਹੈ। ਉਸ ਦਿਨ

ਤੋਂ ਵਿਅਕਤੀ ਦਾ ਮਨ ਤੇ ਤਨ ਸ਼ੁਧ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਸਿੱਖਾਂ ਨੂੰ ਖਾਲਸਾ ਕਿਹਾ ਜਾਂਦਾ ਹੈ। ਰਸਮ ਨਿਭਾਉਣ ਤੋਂ ਬਾਅਦ ਜਿਹੜੇ ਆਪਣੀ ਬਾਹਰੀ ਦਿੱਖ ਤੋਂ ਖਾਲਸਾ ਲਗਦੇ ਹਨ ਪਰੰਤੂ ਉਨ੍ਹਾਂ ਦੇ ਹਿਰਦੇ ਅਤੇ ਸਰੀਰ ਅਪਵਿੱਤਰ ਹਨ, ਪੰਥ ਲਈ ਅਤੇ ਪਵਿੱਤਰ ਕਰਮਾਂ ਲਈ ਕਲੰਕ ਹਨ। ਇਹੀ ਗੁਰੂਆਂ ਰਾਹੀਂ ਪ੍ਰਚਾਰਿਆ ਗਿਆ ਸੀ। ਹੋਲਾ ਮੁਹੱਲਾ ਉਤੇ ਲਾਲ ਰੰਗ ਜਿਸ ਨੂੰ ਗੁਲਾਲ ਕਿਹਾ ਜਾਂਦਾ ਸੀ, ਮੇਲੇ ਵਿਚ ਆਏ ਬੰਦਿਆਂ ਦੇ ਚਿਹਰਿਆਂ ਤੇ ਮਲਿਆ ਤੇ ਪਾਇਆ ਜਾਂਦਾ ਹੈ। ਨਵੇਂ ਕਪੜਿਆਂ ਚਿਹਰਿਆਂ ਤੇ ਸਰੀਰ ਤੇ ਪਿਆ ਲਾਲ ਰੰਗ ਬੜਾ ਪਿਆਰਾ ਲੱਗਦਾ ਹੈ, ਜਿਹੜੇ ਲੋਕ ਮੇਲੇ ਵਿਚ ਪਹੁਲ ਰਸਮਾਂ ਨਿਭਾਉਣ ਲਈ ਆਨੰਦਪੁਰ ਆਉਂਦੇ। ਸਾਡੇ ਪਰਿਵਾਰ ਦੇ ਮਰਦ ਮੈਂਬਰਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਹੀ ਉੱਥੇ ਲਿਜਾਇਆ ਜਾਂਦਾ ਸੀ।

ਸਿੱਖਿਆ

ਮੁੱਢਲੀ ਸਿੱਖਿਆ ਮੈਂ ਆਪਣੇ ਪਿੰਡ ਵਿਚ ਹੀ ਪ੍ਰਾਪਤ ਕੀਤੀ। ਮੇਰੇ ਪਿਤਾ ਜੀ ਨੂੰ ਫ਼ਾਰਸੀ ਬਹੁਤ ਚੰਗੀ ਤਰ੍ਹਾਂ ਆਉਂਦੀ ਸੀ ਅਤੇ ਉਹ ਅਰਬੀ ਵਿਆਕਰਨ ਵੀ ਚੰਗੀ ਤਰ੍ਹਾਂ ਜਾਣਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਯੂਨਾਨੀ ਸਿਹਤ ਸਿਸਟਮ ਦਾ ਅਧਿਅਨ ਵੀ ਕੀਤਾ ਸੀ। ਉਨ੍ਹਾਂ ਸਾਨੂੰ ਉਰਦੂ ਸਿਖਾਉਣ ਤੋਂ ਛੇਤੀ ਬਾਅਦ ਫ਼ਾਰਸੀ ਭਾਸ਼ਾ ਸਿਖਾਉਣੀ ਸ਼ੁਰੂ ਕੀਤੀ ਅਤੇ ਅਸੀਂ ਉਰਦੂ, ਫ਼ਾਰਸੀ ਅਤੇ ਅਰਬੀ ਪੜ੍ਹ ਲੈਂਦੇ ਕਿਉਂਕਿ ਇਹਨਾਂ ਸਾਰਿਆਂ ਦੀ ਲਿਪੀ ਅਰਬੀ ਸੀ। ਇਸ ਤਰ੍ਹਾਂ ਆਪਣੀ ਮੁੱਢਲੀ ਉਮਰ ਵਿਚ ਹੀ ਮੈਂ ਤੇ ਮੇਰੇ ਭਰਾ ਨੂੰ 'ਗੁਲਸਿਤਾਂ' ਪੜ੍ਹ ਲਈ ਸੀ ਜਿਸਨੂੰ ਮਹਾਨ ਅਤੇ ਅਮਰ ਅਰਬੀ ਲੇਖਕ ਸ਼ੇਖ ਸਾਅਦੀ ਨੇ ਲਿਖਿਆ। ਮੈਂ ਮਿਡਲ ਪ੍ਰੀਖਿਆ ਬੰਗਾ ਤੋਂ ਪਾਸ ਕੀਤੀ। ਜਦੋਂ ਮੈਂ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ ਤਾਂ ਮੇਰੇ ਪਿਤਾ ਜੀ ਜਿਹੜੇ ਆਰੀਆ ਸਮਾਜ ਦੇ ਹਮਦਰਦ ਸਨ, ਮੈਨੂੰ ਆਰੀਆ ਸਮਾਜ ਦੇ ਸਲਾਨਾ ਸਮਾਗਮ ਵਿਚ ਲੈ ਕੇ ਗਏ। ਉਥੇ ਮੈਂ ਸਵਦੇਸ਼ੀ ਕਪੜੇ ਪਹਿਨਣ ਦੇ ਨਫ਼ਿਆਂ ਬਾਰੇ ਭਾਸ਼ਨ ਸੁਣਿਆਂ। ਉਸਨੇ (ਵਕਤਾ) ਵਿਸਥਾਰ ਨਾਲ ਦੱਸਿਆ ਕਿ ਕਿਵੇਂ ਬਦੇਸ਼ੀ ਕੱਪੜਾ ਦੇਸ਼ ਦੀ ਦੌਲਤ ਨੂੰ ਲੁੱਟ ਰਿਹਾ ਹੈ। ਵਾਪਸ ਆ ਕੇ ਮੈਂ ਪਿੰਡ ਦੇ ਜੁਲਾਹੇ ਨੂੰ ਬੁਲਾਇਆ ਅਤੇ ਸਾਰੇ ਪਰਿਵਾਰ ਨੂੰ ਸਵਦੇਸ਼ੀ ਕਪੜਾ ਪੁਆ ਦਿੱਤਾ। ਉਸ ਦਿਨ ਤੋਂ ਮੇਰੀਆਂ ਭਾਵਨਾਵਾਂ ਬਦੇਸ਼ੀ ਰਾਜ ਵਿਰੁੱਧ ਵਧਣ ਲੱਗੀਆਂ ਕਿ ਬਦੇਸ਼ੀ ਰਾਜ ਨਾ ਸਹਿਣਯੋਗ ਹੈ।

ਸ. ਦਿਲਬਾਗ ਸਿੰਘ, ਮੇਰਾ ਇਕ ਚਚੇਰਾ ਭਰਾ ਇਕ ਮਿਸ਼ਨ ਸਕੂਲ ਵਿਚ ਪੜ੍ਹਿਆ ਕਰਦਾ ਸੀ, ਜਿਥੇ ਅਧਿਆਪਕ ਅੰਗਰੇਜ਼ ਮਿਸ਼ਨਰੀ (ਪ੍ਰਚਾਰਕ) ਸਨ। ਮੈਂ ਇਸ ਨੂੰ ਬੁਰਾ ਸਮਝਦਾ। ਮੈਂ ਆਪਣੇ ਚਾਚੇ ਤੇ ਜ਼ੋਰ ਪਾਇਆ ਕਿ ਅਸੀਂ

ਜਲੰਧਰ ਵਿਚ ਇਕ ਸਕੂਲ ਖੋਲ੍ਹੀਏ ਜਿਥੇ ਸਾਡੇ ਦੇਸ਼ ਦੇ ਅਧਿਆਪਕ ਹੋਣ ਅਤੇ ਉਹ ਦੇਸ਼ ਭਗਤ ਹੋਣੇ ਚਾਹੀਦੇ ਹਨ। ਸਥਾਨਕ ਆਰੀਆ ਸਮਾਜ ਉਥੇ ਸਕੂਲ ਖੋਲਣਾ ਚਾਹੁੰਦਾ ਸੀ। ਪ੍ਰਸਿੱਧ ਆਰੀਆ ਸਮਾਜੀ ਲਾਲਾ ਸੁੰਦਰ ਦਾਸ ਮੁਖਅਧਿਆਪਕ ਬਣਨਾ ਮੰਨ ਗਏ। ਇਸ ਤਰ੍ਹਾਂ ਮੇਰੇ ਤਾਏ ਨੇ ਜਲੰਧਰ ਵਿਚ ਸਕੂਲ ਸਾਈਂ ਦਾਸ ਐਂਗਲੋ ਸੰਸਕ੍ਰਿਤ ਸਕੂਲ ਚਾਲੂ ਕੀਤਾ। ਮੈਂ ਆਪਣੀ ਦਸਵੀਂ ਜਮਾਤ ਉਸ ਸਕੂਲ ਵਿਚੋਂ ਪਾਸ ਕੀਤੀ। ਸੁੰਦਰ ਦਾਸ ਮਹਾਨ ਦੇਸ਼ ਭਗਤ ਸੀ। ਉਹ ਸਕੂਲ ਵਿਚ ਆਪਣੇ ਭਾਸ਼ਨਾਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਦੇ। ਧਾਰਮਿਕ ਸੰਸਥਾ ਹੋਣ ਕਰਕੇ ਉਹ ਮੁਸਲਮਾਨਾਂ ਨੂੰ ਬਦੇਸ਼ੀ ਮੰਨਦੇ। ਉਨ੍ਹਾਂ ਰਾਜਪੂਤਾਂ ਦੀ ਬਹਾਦਰੀ ਖ਼ਾਸ ਤੌਰ 'ਤੇ ਮਹਾਰਾਣਾ ਪ੍ਰਤਾਪ ਦੀ ਬਹਾਦਰੀ ਅਤੇ ਸਿੱਖ ਗੁਰੂਆਂ ਬਾਰੇ 'ਪਰਲ ਨੈਕਲਸ' (ਮੋਤੀਆਂ ਦਾ ਹਾਰ) ਨਾਂ ਦੀਆਂ ਕਹਾਣੀਆਂ ਦੀ ਕਿਤਾਬ ਲਿਖੀ। ਮੇਰੇ ਵਿਚਾਰ ਵਿਚ ਇਹਨਾਂ ਧਾਰਮਿਕ ਸੰਸਥਾਵਾਂ ਨੇ ਹਿੰਦੁਸਤਾਨ ਦੀਆਂ ਬਰਾਦਰੀਆਂ ਵਿਚ ਵੰਡੀਆਂ ਪਾ ਕੇ ਬਹੁਤ ਵੱਡਾ ਨੁਕਸਾਨ ਪਹੁੰਚਿਆਇਆ ਹੈ। ਸੁੰਦਰ ਦਾਸ ਸਵਦੇਸ਼ੀ ਦਾ ਪ੍ਰਚਾਰ ਕਰਿਆ ਕਰਦੇ। ਇਸ ਦੇ ਨਤੀਜੇ ਵਜੋਂ ਉਸ ਸਕੂਲ ਦੇ 70 ਪ੍ਰਤੀਸ਼ਤ ਵਿਦਿਆਰਥੀਆਂ ਨੇ ਸਵਦੇਸ਼ੀ ਨੂੰ ਅਪਣਾਇਆ। ਇਹ 1893 ਜਾਂ 1894 ਦੀ ਗੱਲ ਹੈ। ਉੱਥੇ ਆਪਣੀ ਪੜ੍ਹਾਈ ਪੂਰੀ ਕਰਕੇ ਮੈਂ ਡੀ.ਏ.ਵੀ. ਕਾਲਜ ਲਾਹੌਰ ਆ ਗਿਆ। ਪ੍ਰਿੰਸੀਪਲ ਹੰਸ ਰਾਜ ਮੇਰੇ 'ਤੇ ਬੜੇ ਮਿਹਰਬਾਨ ਸਨ ਅਤੇ ਉਹ ਸਾਨੂੰ ਹੋਰ ਦੇਸਾਂ ਦੇ ਇਤਿਹਾਸ ਬਾਰੇ ਦੱਸਿਆ ਕਰਦੇ। ਮੈਂ ਗੈਰੀਬਾਲਡੀ ਅਤੇ ਮੈਜ਼ਿਨੀ ਦੀ ਜੀਵਨ ਕਹਾਣੀ ਦਾ ਉਰਦੂ ਅਨੁਵਾਦ ਪੜ੍ਹਿਆ ਅਤੇ ਇਸ ਨੇ ਮੇਰੇ 'ਤੇ ਬਹੁਤ ਪ੍ਰਭਾਵ ਪਾਇਆ। ਮੁਲਖ ਰਾਜ ਭੱਲਾ ਨੇ ਸ਼ਹੀਦੋਂ ਕੀ ਕਹਾਣੀਆਂ ਨਾਂ ਦੀਆਂ ਕਹਾਣੀਆਂ ਤੇ ਕਵਿਤਾਵਾਂ ਲਿਖੀਆਂ। ਮੈਂ ਇਹ ਕਿਤਾਬ ਵੀ ਪੜ੍ਹੀ ਅਤੇ ਇਸ ਨੇ ਮੇਰੇ ਮਨ 'ਤੇ ਬਹੁਤ ਅਸਰ ਕੀਤਾ। ਮੈਂ ਗੁਰੂ ਸਾਹਿਬਾਂ ਦੀ ਕੁਰਬਾਨੀ ਦੀਆਂ ਕਹਾਣੀਆਂ ਪੰਜਾਬੀ ਵਿਚ ਪੜ੍ਹੀਆਂ। ਮੈਂ ਉਨ੍ਹਾਂ ਦੀ ਕੁਰਬਾਨੀ ਦੀ ਭਾਵਨਾ ਅਤੇ ਮਨੁੱਖਤਾ ਦੀ ਸੇਵਾ ਭਾਵ ਤੋਂ ਬਹੁਤ ਪ੍ਰਭਾਵਤ ਹੋਇਆ। ਲਾਹੌਰ ਵਿਚ ਆਪਣੀ ਪੜ੍ਹਾਈ ਪੂਰੀ ਕਰਕੇ ਮੈਂ ਬਰੇਲੀ ਕਾਲਜ ਵਿਚ ਕਾਨੂੰਨ ਦੀ ਪੜ੍ਹਾਈ ਕਰਨ ਲਈ ਗਿਆ। ਮੈਂ ਬਰੇਲੀ ਵਿਖੇ ਸਾਲ ਜਾਂ ਕੁਝ ਜ਼ਿਆਦਾ ਸਮਾਂ ਰਿਹਾ ਪਰੰਤੂ ਮੈਂ ਆਪਣੀ ਪੜ੍ਹਾਈ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਕਿਉਂਕਿ ਉਦੋਂ ਤੱਕ ਮੇਰੇ ਵਿਚ ਰਾਜਸੀ ਚੇਤਨਾ ਭਰ ਚੁੱਕੀ ਸੀ ਅਤੇ ਇਸਨੇ ਮੇਰੇ ਵਿਚ ਡੂੰਘੀਆਂ ਜੜ੍ਹਾਂ ਲਾ ਲਈਆਂ ਸਨ। ਮੈਂ ਬਦੇਸ਼ੀ ਰਾਜ ਨੂੰ ਧੁਰ ਅੰਦਰੋਂ ਨਫ਼ਰਤ ਕਰਨ ਲੱਗਾ ਅਤੇ ਆਪਣੇ ਦੇਸ਼ ਨੂੰ ਆਜ਼ਾਦ ਵੇਖਣਾ ਚਾਹੁੰਦਾ ਸੀ। ਮੇਰੇ ਅੰਦਰ ਇਨਕਲਾਬੀ ਭਾਵਨਾ ਦਾ ਸੰਚਾਰ ਹੋਇਆ।

2.

ਰਾਜਨੀਤੀ ਵਿਚ ਹਿੱਸਾ ਅਤੇ ਦੇਸ਼ ਨਿਕਾਲਾ

ਜਦੋਂ ਮੈਂ ਬਰੇਲੀ ਵਿਚ ਸੀ ਤਾਂ ਮੇਰੇ ਮਨ ਵਿਚ ਵਿਚਾਰ ਆਇਆ ਕਿ ਨਿਪਾਲ ਰਾਜੇ ਨਾਲ ਸੰਬੰਧ ਬਣਾਏ ਜਾਣ। ਇਸ ਵਿਚਾਰ ਨੂੰ ਅਮਲੀ ਰੂਪ ਦੇਣ ਲਈ ਮੈਂ ਆਪਣੇ ਵੱਡੇ ਭਰਾ ਸ. ਕਿਸ਼ਨ ਸਿੰਘ ਨਾਲ ਨਿਪਾਲ ਸਰਹੱਦ ਨੇੜੇ ਜ਼ਮੀਨ ਲੈਣ ਦਾ ਫ਼ੈਸਲਾ ਕੀਤਾ ਤਾਂ ਕਿ ਨਿਪਾਲ ਦੀ ਹੱਦ ਨੇੜਿਉਂ ਇਨਕਲਾਬੀ ਕਾਰਕੁੰਨ ਬਚਦੇ ਹੋਏ ਨਿਪਾਲ ਖੇਤਰ ਵਿਚ ਪ੍ਰਵੇਸ਼ ਕਰ ਸਕਣ। ਅਸੀਂ ਉਦੋਂ ਇਨਕਲਾਬੀ ਕੰਮ ਦੀ ਨੀਂਹ ਤਿਆਰ ਕਰ ਰਹੇ ਸੀ। ਮੈਂ ਇਨਕਲਾਬੀ ਬਣਨ ਦਾ ਪਹਿਲਾਂ ਹੀ ਮਨ ਬਣਾ ਚੁੱਕਿਆ ਸਾਂ ਅਤੇ ਸਾਰੀਆਂ ਹੀ ਯੋਜਨਾਵਾਂ ਵਿਚ ਇਸੇ ਵਿਚਾਰ ਨੂੰ ਹੀ ਅੱਗੇ ਵਧਾਉਣ ਲਈ ਪ੍ਰੇਰਿਤ ਸੀ।

ਤਕਰੀਬਨ ਉਸੇ ਸਮੇਂ ਲਾਰਡ ਕਰਜ਼ਨ ਨੇ ਜਨਵਰੀ 1903 ਨੂੰ ਦਿੱਲੀ ਵਿਚ ਇਕ ਦਰਬਾਰ ਦਾ ਆਯੋਜਨ ਕੀਤਾ। ਅਸੀਂ ਉਸ ਦਰਬਾਰ ਵਿਚ ਇਸ ਵਿਚਾਰ ਨਾਲ ਗਏ ਕਿ ਭਾਰਤੀ ਰਾਜਿਆਂ ਵਿਚ ਅੰਗਰੇਜ਼ੀ ਰਾਜ ਵਿਰੁੱਧ ਇਕਮੁੱਠਤਾ ਪੈਦਾ ਕੀਤੀ ਜਾਵੇ। ਅਸੀਂ ਬੜੌਦਾ ਦੇ ਮਹਾਰਾਜਾ ਨੂੰ ਮਿਲੇ। ਬੜੌਦਾ ਉਸ ਵੇਲੇ ਸਭ ਤੋਂ ਪ੍ਰਗਤੀਵਾਦੀ ਸਟੇਟ ਸੀ। ਉਹ ਕੌਮੀ ਸਿੱਖਿਆ ਨੂੰ ਲਾਜ਼ਮੀ ਕਰਾਰ ਦੇਣਾ ਚਾਹੁੰਦਾ ਸੀ। ਮੈਂ ਉਸ ਨੂੰ ਦੱਸਿਆ ਕਿ ਅਸੀਂ ਉਸ ਲਈ ਆਰੀਆ ਸਮਾਜੀ ਅਧਿਆਪਕਾਂ ਦਾ ਪ੍ਰਬੰਧ ਕਰ ਸਕਦੇ ਹਾਂ। ਮੈਂ ਬੜੌਦਾ ਦੇ ਰਾਜਾ ਨੂੰ ਸੁਝਾਉ ਦਿੱਤਾ ਕਿ ਰਾਜਿਆਂ ਨੂੰ ਆਪਸ ਵਿਚ ਘਨਿਸ਼ਟ ਦੋਸਤਾਨਾ ਸੰਬੰਧ ਬਣਾਉਣੇ ਚਾਹੀਦੇ ਹਨ। ਇਸ ਮਕਸਦ ਲਈ ਅਸੀਂ ਕਸ਼ਮੀਰ ਅਤੇ ਜੋਧਪੁਰ ਰਿਆਸਤਾਂ ਦੇ ਗੁਰੂਆਂ ਦਾ ਸਹਿਯੋਗ ਲਿਆ ਅਸੀਂ ਉਨ੍ਹਾਂ ਨਾਲ ਦਿੱਲੀ ਦਰਬਾਰ ਤੋਂ ਪਹਿਲਾਂ ਸੰਬੰਧ ਬਣਾਏ। ਅਸੀਂ ਉਨ੍ਹਾਂ ਨੂੰ ਵਿਭਿੰਨ ਰਾਜਿਆਂ ਵਿਚਕਾਰ ਸੰਦੇਸ਼ਵਾਹਕ ਵਜੋਂ ਜਾਂ ਲੇਜ਼ਨ ਵਜੋਂ ਕਾਰਜਸ਼ੀਲ ਹੋਣ ਲਈ ਆਖਿਆ। ਉਨ੍ਹਾਂ ਸਾਡੀ ਬਹੁਤ ਸਹਾਇਤਾ ਕੀਤੀ। ਕਸ਼ਮੀਰ ਅਤੇ ਬੜੌਦਾ ਦੇ ਰਾਜਿਆਂ ਨੇ ਉਥੇ ਇਕ ਦੂਜੇ ਨੂੰ ਸੱਦਾ ਦਿੱਤਾ। ਅਸੀਂ ਡਲਹੌਜੀ ਗਏ ਅਤੇ ਉਥੇ ਅਸੀਂ ਕਸ਼ਮੀਰ ਦੇ ਗੁਰੂ ਨੂੰ ਮਿਲੇ। ਉਹ ਸਾਨੂੰ ਚੰਬਾ ਲੈ ਗਿਆ ਅਤੇ ਉਥੇ ਅਸੀਂ ਚੰਬਾ ਦੇ ਰਾਜੇ ਨੂੰ ਮਿਲੇ। ਮੇਰੇ ਵੱਡੇ ਭਰਾ ਸ. ਕਿਸ਼ਨ ਸਿੰਘ ਨੇ ਮੇਰੀ ਇਸ ਯੋਜਨਾ ਵਿਚ ਬਹੁਤ ਸਹਾਇਤਾ ਕੀਤੀ। ਮੇਰੀ ਯੋਜਨਾ ਸੀ ਕਿ ਅੰਗਰੇਜ਼ੀ ਰਾਜ ਦੇ ਵਿਰੁੱਧ ਹਿੰਦੁਸਤਾਨੀ ਰਾਜਿਆਂ ਤੇ ਲੋਕਾਂ ਦਾ ਸਾਂਝਾ ਵਿਦਰੋਹ ਹੋਵੇ। ਇਸ ਜੱਥੇਬੰਦੀ ਦਾ ਮੁੱਖ ਦਾਰੋਮਦਾਰ ਮੇਰੇ ਵੱਡੇ ਭਰਾ ਤੇ ਮੇਰੇ ਉੱਤੇ ਸੀ। ਉਸਨੇ ਮਨੁੱਖਤਾ ਦੀ ਸੇਵਾ ਲਈ ਆਪਣੀ ਜ਼ਿੰਦਗੀ ਵਕਫ਼ (ਅਰਪਤ) ਕਰ ਦਿੱਤੀ ਸੀ। ਉਹ ਅਕਾਲ ਪੀੜਤ ਲੋਕਾਂ ਦੀ

ਬਹੁਤ ਸਹਾਇਤਾ ਕਰਦਾ। ਕਰਜ਼ਨ ਦਰਬਾਰ ਵਿਚ ਸਾਨੂੰ ਬਹੁਤ ਕਾਮਯਾਬੀ ਮਿਲੀ। ਅਸੀਂ ਇਹ ਪ੍ਰਬੰਧ ਕਰ ਲਿਆ ਕਿ ਰਾਜੇ ਇਕ ਦੂਸਰੇ ਨੂੰ ਆਪਣੇ ਆਉਣ ਜਾਣ ਲਈ ਸੱਦਾ ਦੇਣ। ਉਨ੍ਹਾਂ ਦੇ ਆਪਸ ਵਿਚ ਸ਼ਾਦੀਆਂ ਹੋਣ। ਪੰਜਾਬ ਦੀ ਇਕੋ ਇਕ ਰਿਆਸਤ ਕਸ਼ਮੀਰ ਸੀ, ਜਿਸਨੂੰ ਅਸੀਂ ਪਹੁੰਚ ਕੀਤੀ। ਅਸੀਂ ਸਿੱਖ ਰਿਆਸਤਾਂ 'ਤੇ ਇਤਬਾਰ ਨਹੀਂ ਸੀ ਕਰਦੇ। ਸਵਾਮੀ ਪ੍ਰਕਾਸ਼ਾਨੰਦ (ਭਾਵੇਂ ਕਿ ਖੁੱਲ੍ਹੇ ਤੌਰ 'ਤੇ ਨਹੀਂ) ਨੇ ਰਿਆਸਤਾਂ ਵਿਚ ਵੈਦਿਕ ਮਿਸ਼ਨਰੀ ਦੇ ਤੌਰ 'ਤੇ ਇਸ ਪਾਸੇ ਬਹੁਤ ਕੰਮ ਕੀਤਾ। ਮੈਂ ਕੁਝ ਰਿਆਸਤਾਂ ਨਾਲ ਇਸ ਗੁਪਤ ਸਮਝੌਤੇ 'ਤੇ ਪੁੱਜ ਗਿਆ ਕਿ ਇਨਕਲਾਬੀਆਂ ਨੂੰ ਹਥਿਆਰ ਅਤੇ ਅਸਲਾ ਸਪਲਾਈ ਕੀਤਾ ਜਾਵੇ। ਮੈਂ ਇਹ ਵੀ ਚਿਤਾਇਆ ਕਿ ਹਿੰਦੁਸਤਾਨੀ ਬਰਤਾਨਵੀ ਰਾਜ ਵਿਰੁੱਧ ਲੋਕਾਂ ਦੇ ਸੰਘਰਸ਼ ਵਿਚ ਰਿਆਸਤਾਂ ਕਦੋਂ ਸ਼ਾਮਲ ਹੋਣ। ਮੋਤੀ ਲਾਲ ਘੋਸ਼ (ਅੰਮ੍ਰਿਤਾ ਬਾਜ਼ਰ ਪੱਤ੍ਰਿਕਾ ਦਾ ਮਾਲਕ) ਰਿਆਸਤਾਂ ਨਾਲ ਸਾਡੇ ਇਸ ਪ੍ਰਬੰਧ ਬਾਰੇ ਜਾਣਦਾ ਸੀ। ਉਹ ਸਾਡਾ ਸਹਿਯੋਗੀ ਹੋਇਆ ਕਰਦਾ ਸੀ। ਦੂਸਰਾ ਸਿਰਫ਼ ਇਕ ਹੋਰ ਵਿਅਕਤੀ ਜਿਸ ਨੂੰ ਇਸ ਪ੍ਰਬੰਧ ਦਾ ਪਤਾ ਸੀ, ਉਹ ਸੀ ਟ੍ਰਿਬਿਊਨ ਦਾ ਐਡੀਟਰ ਕਾਲੀ ਪ੍ਰਸਾਦ ਚੈਟਰਜੀ।

ਅਸੀਂ ਉਸ ਸਮੇਂ ਮਹਿਸੂਸ ਕਰਦੇ ਸੀ ਕਿ ਕਾਂਗਰਸ ਗਲਤ ਰਸਤੇ 'ਤੇ ਚਲ ਰਹੀ ਸੀ। ਇਹ ਸਰਕਾਰ ਨੂੰ ਪਟੀਸ਼ਨ ਕਰਨ ਤੱਕ ਹੀ ਸੀਮਤ ਸੀ। ਮੈਂ ਇਨਕਲਾਬੀ ਕੰਮਾਂ ਲਈ ਵਧੇਰੇ ਸਮਾਂ ਦੇਣ ਲਈ ਬਰੇਲੀ ਕਾਲਜ ਛੱਡ ਦਿੱਤਾ। ਅੰਗਰੇਜ਼ੀ ਰਾਜ ਵਿਰੁੱਧ ਆਪਣੇ ਆਪ ਨੂੰ ਇਨਕਲਾਬੀ ਕੰਮਾਂ ਲਈ ਤਿਆਰ ਕਰਨ ਲਈ ਮੈਂ ਵਿਚਾਰਿਆ ਕਿ ਅੰਗਰੇਜ਼ੀ ਮਨ ਤੇ ਸੁਭਾਉ ਨੂੰ ਨੇੜਿਉਂ ਦੇਖਣਾ ਸਮਝਣਾ ਜ਼ਰੂਰੀ ਹੈ। ਇਸ ਮਕਸਦ ਲਈ ਮੇਰਾ ਵਿਚਾਰ ਬਣਿਆ ਕਿ ਮੈਂ ਕਿਸੇ ਅਜਿਹੇ ਲਾਹੇਵੰਦ ਕਿੱਤੇ ਨੂੰ ਅਪਣਾਵਾਂ ਜਿਸ ਨਾਲ ਮੈਂ ਅੰਗਰੇਜ਼ਾਂ ਦੇ ਗੂੜ੍ਹੇ ਸੰਪਰਕ ਵਿਚ ਆ ਸਕਾਂ। ਇਸ ਲਈ ਮੈਂ ਅੰਗਰੇਜ਼ ਅਫ਼ਸਰਾਂ ਅਤੇ ਪ੍ਰਚਾਰਕਾਂ, ਜੰਗਲਾਤ ਅਫ਼ਸਰਾਂ, ਫੌਜੀ ਅਧਿਕਾਰੀਆਂ ਅਤੇ ਨਾਗਰਿਕਾਂ ਨੂੰ ਉਰਦੂ ਅਤੇ ਪੰਜਾਬੀ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ ਅਤੇ ਉਹ ਮੇਰੇ ਸਕੂਲ ਵਿਚ ਦਾਖ਼ਲ ਹੋ ਗਏ।

ਤਕਰੀਬਨ ਇਸੇ ਸਮੇਂ ਕਾਂਗਰਸ ਨੇ ਆਪਣਾ ਸਭ ਤੋਂ ਵੱਡਾ ਕਲਕੱਤਾ ਸੈਸ਼ਨ 1906 ਵਿਚ ਕੀਤਾ। ਰਮੇਸ਼ ਚੰਦਰ ਦੱਤ (ਜਿਹੜਾ ਆਕਸਫੋਰਡ ਯੂਨੀਵਰਸਿਟੀ ਵਿਚ ਇਤਿਹਾਸ ਦਾ ਪ੍ਰੋਫੈਸਰ ਸੀ ਅਤੇ ਜਿਹੜਾ ਪਹਿਲਾ ਹਿੰਦੁਸਤਾਨੀ ਸੀ ਜਿਸ ਨੇ ਕਿਤਾਬ ਲਿਖੀ ਕਿ ਅੰਗਰੇਜ਼ ਨੇ ਕਿਵੇਂ ਭਾਰਤੀ ਉਦਯੋਗ ਨੂੰ ਤਬਾਹ ਕਰ ਦਿੱਤਾ ਅਤੇ ਭਾਰਤ ਤੇ ਕਬਜ਼ਾ ਜਮਾ ਲਿਆ) ਅਤੇ ਨਾਨਾ ਭਾਈ ਨਾਰੋਜੀ ਨੇ ਵੀ ਇਸ ਸੈਸ਼ਨ ਵਿਚ ਹਿੱਸਾ ਲਿਆ। ਮੈਂ ਵੀ ਉਥੇ ਇਸ ਆਸ ਨਾਲ ਗਿਆ ਕਿ ਉੱਥੇ ਉਨ੍ਹਾਂ ਸਭਨਾਂ ਨੂੰ ਇਕੱਠੇ ਕਰੀਏ ਜਿਹੜੇ ਕਾਂਗਰਸ ਦੀਆਂ ਮੌਜੂਦਾ ਨੀਤੀਆਂ ਦਾ ਵਿਰੋਧ ਕਰਦੇ ਸਨ ਅਤੇ ਇਸ ਨੂੰ ਬਦਲਣਾ ਚਾਹੁੰਦੇ ਸਨ। ਕਲਕੱਤਾ

ਸੈਸ਼ਨ ਵਿਚ ਅਸੀਂ ਦੂਸਰਿਆਂ ਦੇ ਨਾਲ ਰਲ ਕੇ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ, ਜਿਵੇਂ ਕਿ ਬੰਗਾਲ ਵਿਚ ਐਜ਼ੀਟੇਸ਼ਨ ਚਲ ਰਹੀ ਸੀ। ਜਿਥੇ ਵੀ ਕਿਤੇ ਉਹੋ ਜਿਹੇ ਜਾਂ ਕੁਝ ਭਿੰਨ ਹਾਲਾਤ ਹੋਣ, ਇਕੋ ਵੇਲੇ ਜਦੋਜਹਿਦ ਕੀਤੀ ਜਾਵੇ। ਪੰਜਾਬ ਵਾਪਸ ਆ ਕੇ, ਅਸੀਂ ਭਾਰਤ ਮਾਤਾ ਸੁਸਾਇਟੀ ਬਣਾਈ। ਇਸ ਨੂੰ ਸ਼ੁਰੂ ਕਰਨ ਵਾਲੇ ਅਸੀਂ ਤਿੰਨ ਜਣੇ ਸਾਂ- ਮੇਰਾ ਵੱਡਾ ਭਰਾ ਸਰਦਾਰ ਕਿਸ਼ਨ ਸਿੰਘ, ਘਸੀਟਾ ਰਾਮ ਤੇ ਮੈਂ ਆਪ। ਵਿਚਾਰ ਮੇਰੇ ਮਨ ਦਾ ਸੀ। ਇਸ ਨੂੰ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਬਣਾਇਆ ਗਿਆ ਸੀ। ਕੇਵਲ ਵਿਸ਼ਵਾਸਪਾਤਰ ਬੰਦਿਆਂ ਨੂੰ ਹੀ ਇਸ ਵਿਚ ਲਿਆ ਗਿਆ। ਕਿਉਂਕਿ ਇਹ ਗੁਪਤ ਸੁਸਾਇਟੀ ਸੀ, ਜਿਸ ਦੇ ਗਠਨ ਦਾ ਕੋਈ ਐਲਾਨ ਨਹੀਂ ਕੀਤਾ ਗਿਆ। ਨਾ ਹੀ ਕੋਈ ਪ੍ਰਚਾਰ ਕੀਤਾ ਗਿਆ ਅਤੇ ਨਾ ਹੀ ਕੋਈ ਪ੍ਰਕਾਸ਼ਨ ਜਾਂ ਮੈਂਬਰਸ਼ਿਪ ਜਾਂ ਰਜਿਸਟਰ ਰੱਖੇ ਗਏ। ਰਾਵਲ ਪਿੰਡੀ ਜ਼ਿਲ੍ਹੇ ਵਿਚ ਜ਼ਮੀਨ ਦਾ ਮਾਲੀਆ ਬਹੁਤ ਵਧਾ ਦਿੱਤਾ ਗਿਆ, ਦੁਆਬ ਬਾਰੀ ਐਕਟ ਅਤੇ ਕਲੋਨਾਈਜੇਸ਼ਨ ਐਕਟ ਨੇ ਹਿੰਦੁਸਤਾਨ ਵਿਚ ਬਰਤਾਨਵੀ ਰਾਜ ਵਿਰੁੱਧ ਜਨਤਾ ਦੀਆਂ ਭਾਵਨਾਵਾਂ ਨੂੰ ਭੜਕਾਉਣ ਦਾ ਮੌਕਾ ਦਿੱਤਾ ਅਤੇ ਖ਼ਾਸ ਤੌਰ 'ਤੇ ਪੰਜਾਬ ਅੰਦਰ ਜਦੋਜਹਿਦ ਕਰਨ ਅਤੇ ਇਹਨਾਂ ਕਾਨੂੰਨਾਂ ਨੂੰ ਬਰਤਾਨਵੀ ਹਕੂਮਤ ਖ਼ਿਲਾਫ਼ ਮੁਹਿੰਮ ਚਲਾਉਣ ਲਈ ਮੌਕਾ ਮੁਹੱਈਆ ਕੀਤਾ। ਜਨਤਾ ਨੂੰ ਜਗਾਉਣ ਅਤੇ ਉਨ੍ਹਾਂ ਅੰਦਰ ਰਾਜਨੀਤਕ ਚੇਤਨਾ ਜਗਾ ਕੇ ਇਹਨਾਂ ਕਾਨੂੰਨਾਂ ਨੂੰ ਰੱਦ ਕਰਾਉਣਾ ਸੀ। ਮੈਂ ਆਪਣੇ ਵੱਡੇ ਭਰਾ ਸ. ਕਿਸ਼ਨ ਸਿੰਘ ਤੇ ਘਸੀਟਾ ਰਾਮ ਨੂੰ ਆਪਣੇ ਇਹਨਾਂ ਵਿਚਾਰਾਂ ਬਾਰੇ ਜਾਣੂ ਕਰਾਇਆ ਅਤੇ ਉਨ੍ਹਾਂ ਨੂੰ ਇਸ ਗੱਲ ਦੀ ਵਿਆਖਿਆ ਦਿੱਤੀ ਕਿ ਮੈਂ ਪੰਜਾਬ ਅੰਦਰ ਕਿਵੇਂ ਇਨਕਲਾਬ ਕਰਨਾ ਚਾਹੁੰਦਾ ਹਾਂ। ਮੈਨੂੰ ਉਨ੍ਹਾਂ ਹਮਾਇਤ ਦੇਣ ਦਾ ਭਰੋਸਾ ਦਿੱਤਾ। ਮੇਰੇ ਭਰਾ ਦਾ ਵਿਚਾਰ ਸੀ ਕਿ ਲਾਲਾ ਲਾਜਪਤ ਰਾਏ ਅਤੇ ਹੋਰ ਪ੍ਰਸਿੱਧ ਨੇਤਾਵਾਂ ਦੀ ਵੀ ਸਹਾਇਤਾ ਪ੍ਰਾਪਤ ਕੀਤੀ ਜਾਵੇ। ਮੈਨੂੰ ਇਸ ਵਿਚਾਰ ਤੇ ਯਕੀਨ ਨਹੀਂ ਸੀ ਕਿ ਉਹ ਆਉਣ ਵਾਲੇ ਸਮੇਂ ਵਿਚ ਸਹਾਇਤਾ ਦੇਣਗੇ, ਪਰ ਫਿਰ ਸੋਚਿਆ ਘੱਟੋ ਘੱਟ ਕੋਸ਼ਿਸ਼ ਕਰਨ ਵਿਚ ਹਰਜ਼ ਤਾਂ ਕੋਈ ਨਹੀਂ। ਮੇਰੇ ਭਰਾ ਕਿਸ਼ਨ ਸਿੰਘ ਨੇ ਲਾਲਾ ਲਾਜਪਤ ਰਾਏ ਨੂੰ ਮਿਲਣ ਦੀ ਜ਼ਿੰਮੇਵਾਰੀ ਲਈ ਅਤੇ ਲਾਲਾ ਲਾਜਪਤ ਰਾਏ ਨਾਲ ਸੰਪਰਕ ਕਰਕੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਕਿਵੇਂ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾਉਣ ਲਈ ਲੋਕਾਂ ਨੂੰ ਜਾਗਰਤ ਕੀਤਾ ਜਾਵੇਗਾ। ਲਾਲਾ ਲਾਜਪਤ ਰਾਏ ਪੂਰੀ ਤਰ੍ਹਾਂ ਬਣਤਰ ਨਾ ਸਮਝ ਸਕਿਆ। ਉਸਨੂੰ ਡਰ ਸੀ ਕਿ ਇਸ ਨਾਲ ਮੁਸੀਬਤਾਂ ਵਧਣਗੀਆਂ ਅਤੇ ਸਾਰੇ ਹੀ ਪ੍ਰਮੁੱਖ ਨੇਤਾ ਜੇਲ ਭੇਜ ਦਿੱਤੇ ਜਾਣਗੇ। ਇਹ ਇਸਨੂੰ ਕਾਹਲੀ ਦਾ ਕਦਮ ਮੰਨਦਾ ਸੀ ਅਤੇ ਮੈਨੂੰ ਗਰਮ ਮਿਜ਼ਾਜ ਵਿਅਕਤੀ। ਉਸਨੇ ਲਹਿਰ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਪਰ ਵਚਨ ਦਿੱਤਾ ਕਿ ਉਹ ਇਸ ਤਜ਼ਵੀਜ 'ਤੇ ਵਿਚਾਰ ਕਰੇਗਾ ਅਤੇ ਦੇਖੇਗਾ ਕਿ

ਕੀ ਸਾਡੇ ਲਈ ਸੰਭਵ ਹੋਵੇਗਾ ਕਿ ਲਹਿਰ ਚਲਾਈ ਜਾ ਸਕਦੀ ਸੀ। ਅਸਲ 'ਚ ਉਸਨੇ ਮੇਰੇ ਭਰਾ ਨੂੰ ਨਿਰਉਤਸ਼ਾਹਤ ਕਰਨ ਦੀ ਕੋਸ਼ਿਸ਼ ਕੀਤੀ।

ਜਦੋਂ ਮੇਰੇ ਭਰਾ ਨੇ ਮੈਨੂੰ ਲਾਲਾ ਲਾਜਪਤ ਰਾਏ ਦਾ ਮੇਰੀ ਤਜ਼ਵੀਜ ਬਾਰੇ ਪ੍ਰਤਿਕਰਮ ਦਸਿਆ ਤਾਂ ਮੈਂ ਉਸ ਨੂੰ ਤੇ ਘਸੀਟਾ ਰਾਮ ਨੂੰ ਪੁੱਛਿਆ ਕਿ ਕੀ ਉਹ ਇਸ ਲਹਿਰ ਦੇ ਵਿਚਾਰਾਂ 'ਤੇ ਦ੍ਰਿੜ੍ਹ ਸਨ ਤੇ ਕੀ ਉਹ ਪੂਰੇ ਮਨ ਨਾਲ ਤੇ ਦ੍ਰਿੜ੍ਹਤਾ ਨਾਲ ਸਹਾਇਤਾ ਦੇਣ ਲਈ ਤਿਆਰ ਸਨ। ਉਨ੍ਹਾਂ ਪੂਰੇ ਮਨ ਨਾਲ ਇਸ ਦੀ ਹਮਾਇਤ ਕਰਨ ਦਾ ਯਕੀਨ ਦੁਆਇਆ।

ਅਸੀਂ ਆਪਣੀਆਂ ਯੋਜਨਾਵਾਂ ਘੜੀਆਂ। ਪਹਿਲਾ ਕੰਮ ਇਹਨਾਂ ਕਾਨੂੰਨਾਂ ਨੂੰ ਘੋਖਣਾ ਸੀ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਝਣਾ ਸੀ। ਫਿਰ ਅਸੀਂ ਬਿਲਾਂ ਨੂੰ ਵਿਸਥਾਰ ਪੂਰਬਕ ਪੜ੍ਹਿਆ ਅਤੇ ਇਹਨਾਂ ਐਕਟਾਂ ਦੀ ਸਾਡੇ ਲਈ ਕੀ ਰੁਕਾਵਟਾਂ ਹੋ ਸਕਦੀਆਂ ਸਨ ਅਤੇ ਇਹ ਕਿਸਾਨੀ ਉੱਤੇ ਕੀ ਪ੍ਰਭਾਵ ਪਾ ਸਕਦੇ ਸਨ। ਇਹ ਕਰਨ ਤੋਂ ਬਾਅਦ ਅਸੀਂ ਸਵੇਰ ਸ਼ਾਮ ਲਾਹੌਰ ਦੇ ਵੱਖ ਵੱਖ ਕੇਂਦਰਾਂ ਤੇ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਨੂੰ ਮੇਰੇ ਭਰਾ ਤੇ ਘਸੀਟਾ ਰਾਮ ਨੇ ਸੰਬੋਧਨ ਕੀਤਾ। ਮੀਟਿੰਗ ਦੇ ਅਖ਼ੀਰ ਵਿਚ ਐਲਾਨ ਕੀਤਾ ਜਾਂਦਾ ਕਿ ਜਿਹੜੇ ਇਹਨਾਂ ਕਾਨੂੰਨਾਂ ਬਾਰੇ ਹੋਰ ਜਾਨਣਾ ਚਾਹੁੰਦੇ ਹਨ, ਉਹ ਐਤਵਾਰ ਨੂੰ ਭਾਰਤ ਮਾਤਾ ਮੰਦਰ ਆਉਣ ਜਿਥੇ ਉਨ੍ਹਾਂ ਬਿੱਲਾਂ ਬਾਰੇ ਵਿਸਥਾਰ ਪੂਰਬਕ ਦੱਸਿਆ ਜਾਵੇਗਾ। ਉਦੋਂ ਹੀ ਜਦੋਂ ਲਾਹੌਰ ਵਿਚ ਇਹ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ ਤਾਂ ਨੇੜੇ ਤੇੜੇ ਦੇ ਪਿੰਡਾਂ ਤੋਂ ਲੋਕ ਲਾਲਾ ਲਾਜਪਤ ਰਾਏ ਦੀ ਡੈਪੂਟੇਸ਼ਨ ਦੇ ਰੂਪ ਵਿਚ ਉਡੀਕ ਕਰ ਰਹੇ ਸਨ ਕਿ ਕਾਂਗਰਸ ਦੀ ਇਨ੍ਹਾਂ ਬਿੱਲਾਂ ਨੂੰ ਰੱਦ ਕਰਾਉਣ ਲਈ ਮੱਦਦ ਹਾਸਲ ਕੀਤੀ ਜਾ ਸਕੇ। ਲਾਲਾ ਲਾਜਪਤ ਰਾਏ ਨੇ ਉਨ੍ਹਾਂ ਨੂੰ ਨਿਰਾਸ ਕਰ ਦਿੱਤਾ ਕਿ ਕਾਂਗਰਸ ਉਨ੍ਹਾਂ ਲਈ ਕੁਝ ਵੀ ਕਰਨ ਤੋਂ ਲਾਚਾਰ ਹੈ ਅਤੇ ਇਹ ਕਾਨੂੰਨ ਕਦੇ ਰੱਦ ਨਹੀਂ ਕਰਵਾਏ ਜਾ ਸਕਦੇ। ਇਸ ਡੈਪੂਟੇਸਨ ਨੂੰ ਲਾਹੌਰ ਦੇ ਲੋਕਾਂ ਤੋਂ ਪਤਾ ਲੱਗਾ ਕਿ ਲਾਹੌਰ ਵਿਖੇ ਹਰ ਰੋਜ਼ ਇਹਨਾਂ ਬਿੱਲਾਂ ਦੇ ਵਿਰੋਧ ਵਿਚ ਮੀਟਿੰਗਾਂ ਹੁੰਦੀਆਂ ਸਨ ਅਤੇ ਐਤਵਾਰ ਵਾਲੇ ਦਿਨ ਲਾਹੌਰ ਵਿਚ ਭਾਰਤ ਮਾਤਾ ਮੰਦਰ ਵਿਖੇ ਇਕ ਵੱਡੀ ਮੀਟਿੰਗ ਹੋ ਰਹੀ ਸੀ। ਉਹ ਵੀ ਐਤਵਾਰ ਨੂੰ ਭਾਰਤ ਮਾਤਾ ਮੰਦਰ ਆਏ। ਉਸ ਮੀਟਿੰਗ ਵਿਚ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਆਏ। ਇਕੱਠ ਵਿਚ ਬੜਾ ਉਤਸ਼ਾਹ ਸੀ। ਇਸ ਤੋਂ ਪਹਿਲਾਂ ਕਦੇ ਵੀ ਲਾਹੌਰ ਵਿਚ ਕਿਸੇ ਰਾਜਨੀਤਕ ਮੀਟਿੰਗ ਵਿਚ ਏਨਾ ਇਕੱਠ ਨਹੀਂ ਸੀ ਹੋਇਆ। ਜਿਸ ਲਈ ਕੋਈ ਪ੍ਰਚਾਰ ਵੀ ਨਹੀਂ ਸੀ ਕੀਤਾ ਗਿਆ। ਇਸ ਤੇ ਪੁਲਸ ਤੇ ਅਧਿਕਾਰੀ ਬੁਖਲਾ ਗਏ ਅਤੇ ਉਨ੍ਹਾਂ ਦੇ ਮਨ ਵਿਚ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ। ਉਨ੍ਹਾਂ ਮੀਆਂ ਮੀਰ ਛਾਉਣੀ ਤੋਂ ਫੌਜ ਬੁਲਾ ਲਈ ਕਿਉਂਕਿ ਉਹ ਲਾਹੌਰ ਦੀ ਪੁਲਸ ਫੋਰਸ ਨੂੰ ਸਥਿਤੀ ਨਾਲ ਨਿਪਟਣ ਲਈ ਘੱਟ ਗਿਣਤੀ ਮੰਨਦੀ ਸੀ। ਭਾਰਤ ਮਾਤਾ ਮੰਦਰ ਸਾਰੇ ਸਰੋਤਿਆਂ ਨੂੰ ਸਮੋ

ਨਾ ਸਕਿਆ। ਮੰਦਰ ਨੂੰ ਜਾਂਦੀਆਂ ਸਾਰੀਆਂ ਸੜਕਾਂ ਤੇ ਰਾਹ ਲੋਕਾਂ ਨਾਲ ਭਰੇ ਹੋਏ ਸਨ। ਇਹ ਗਿਣਤੀ ਅਜੇ ਵੀ ਵਧੀ ਜਾ ਰਹੀ ਸੀ। ਐਤਵਾਰ ਛੁੱਟੀ ਦਾ ਦਿਨ ਹੋਣ ਕਰਕੇ ਇਸ ਨੇ ਵੀ ਲੋਕਾਂ ਦੀ ਭੀੜ ਬਣਾਉਣ ਵਿਚ ਸਹਾਇਤਾ ਕੀਤੀ। ਲਾਊਡ ਸਪੀਕਰ ਦਾ ਕੋਈ ਪ੍ਰਬੰਧ ਨਹੀਂ ਸੀ ਅਤੇ ਭਾਵੇਂ ਕਿ ਸਾਰੇ ਲੋਕ ਮੇਰੀ ਗੱਲ ਸੁਣ ਨਹੀਂ ਸਕਦੇ ਸਨ ਉਨ੍ਹਾਂ ਦੇ ਉਤਸ਼ਾਹ ਨੇ ਉਨ੍ਹਾਂ ਨੂੰ ਉਥੇ ਰੋਕ ਰੱਖਿਆ। ਮੀਟਿੰਗ ਤੋਂ ਇਕ ਹਫ਼ਤਾ ਪਹਿਲਾਂ ਸੂਫ਼ੀ ਅੰਬਾ ਪ੍ਰਸਾਦ ਲਾਹੌਰ ਪਹੁੰਚਿਆ। ਉਸ ਨੂੰ ਗੇਟ ਉੱਤੇ ਭੀੜ ਨੂੰ ਕਾਬੂ ਕਰਨ ਲਈ ਲਾਇਆ ਗਿਆ। ਮੰਦਰ ਦੇ ਵਿਹੜੇ ਦੇ ਵਿਚਕਾਰ ਇਕ ਮੇਜ਼ ਰੱਖਿਆ ਗਿਆ ਸੀ। ਜਿਸ 'ਤੇ ਖੜ੍ਹ ਕੇ ਮੈਂ ਬੋਲਿਆ। ਜਦੋਂ ਮੈਂ ਬੋਲਣ ਲਈ ਖੜ੍ਹਾ ਹੋਇਆ ਤਾਂ ਚੁਫੇਰੇ ਦੇਖਿਆ ਅਤੇ ਕਿਹਾ ਕਿ ਮੈਨੂੰ ਪਤਾ ਹੈ ਕਿ ਲੋਕਾਂ ਵਿਚ ਸੀ.ਆਈ.ਡੀ. ਦੇ ਬੰਦੇ ਹਨ। ਜਿਥੇ ਕਿਤੇ ਵੀ ਇਹ ਲੋਕ ਹੁੰਦੇ ਹਨ, ਉਥੇ ਸਾਡੇ ਆਪਣੇ ਲੋਕ ਵੀ ਹੁੰਦੇ ਹਨ ਅਤੇ ਜੇਕਰ ਉਹ ਕੋਈ ਗੜਬੜ ਕਰਨ ਦੀ ਕੋਸ਼ਿਸ਼ ਕਰਨਗੇ ਤਾਂ ਉਨ੍ਹਾਂ ਨਾਲ ਬੁਰੀ ਤਰ੍ਹਾਂ ਨਿਪਟਿਆ ਜਾਵੇਗਾ। ਮੇਰੇ ਇਸ ਐਲਾਨ ਦਾ ਸੀ.ਆਈ.ਡੀ. ਦੇ ਲੋਕਾਂ 'ਤੇ ਅਸਰ ਹੋਇਆ ਅਤੇ ਉਨ੍ਹਾਂ ਆਲੇ ਦੁਆਲੇ ਝਾਕ ਕੇ ਆਪਣੀ ਪਛਾਣ ਕਰਵਾ ਦਿੱਤੀ ਅਤੇ ਉਹ ਮੇਰੇ ਭਾਸ਼ਣ ਦੌਰਾਨ ਅੱਖਾਂ ਉਤਾਂਹ ਚੁੱਕਣ ਦਾ ਹੌਸਲਾ ਨਹੀਂ ਕਰ ਸਕੇ। ਮੈਂ ਕੋਈ ਢਾਈ ਘੰਟੇ ਤੱਕ ਬੋਲਿਆ ਅਤੇ ਲੋਕਾਂ ਨੂੰ ਦੱਸਿਆ ਬਿੱਲ ਉਨ੍ਹਾਂ ਦੇ ਹਿੱਤਾਂ ਨੂੰ ਕਿਵੇਂ ਨੁਕਸਾਨ ਪਹੁੰਚਿਆਉਂਦੇ ਸਨ ਅਤੇ ਕਿਵੇਂ ਅੰਗਰੇਜ਼ ਹਮੇਸ਼ਾ ਲੋਕਾਂ ਦੇ ਵਿਰੁੱਧ ਕੰਮ ਕਰਦੇ ਸਨ ਅਤੇ ਕਿਵੇਂ ਆਪਣੀਆਂ ਘਟੀਆ ਚਾਲਾਂ ਨਾਲ ਉਹ ਦੇਸ਼ ਨੂੰ ਗ਼ੁਲਾਮ ਰੱਖਣਾ ਚਾਹੁੰਦੇ ਸਨ। ਮੇਰੇ ਭਾਸ਼ਨ ਦੇ ਦੌਰਾਨ ਉਤਸ਼ਾਹ ਵਧਦਾ ਗਿਆ ਅਤੇ ਲੋਕਾਂ ਵਿਚ ਕੋਈ ਅਕੇਵਾਂ ਨਹੀਂ ਸੀ। ਮੈਂ ਵਿਸਥਾਰ ਨਾਲ ਦੋਆਬ ਬਾਰੀ ਐਕਟ ਰਾਹੀਂ ਮਾਲੀਏ ਦੇ ਵਧਾਉਣ ਬਾਰੇ ਦੱਸਿਆ ਕਿਉਂਕਿ ਲਾਹੌਰ ਅਤੇ ਇਸ ਦੇ ਨਾਲ ਦੇ ਇਲਾਕੇ ਇਸ ਨਾਲ ਪ੍ਰਭਾਵਿਤ ਹੋਏ ਸਨ। ਰਾਵਲ ਪਿੰਡੀ ਜ਼ਿਲ੍ਹੇ ਅੰਦਰ ਮਾਲੀਏ ਵਿਚ ਵਾਧੇ, ਕਲੋਨਾਈਜ਼ੇਨ ਐਕਟ ਦਾ ਰੀਵੀਊ ਕੀਤਾ ਪਰੰਤੂ ਇਸ ਦਾ ਵਿਸਥਾਰ ਪੂਰਬਕ ਜ਼ਿਕਰ ਨਹੀਂ ਕੀਤਾ। ਮੈਂ ਬਰਤਾਨਵੀ ਰਾਜ ਦੇ ਅਨਿਆਂ, ਇੰਡੀਗੋ ਐਕਟ ਅਤੇ ਕਿਵੇਂ ਉਸਨੇ ਹਿੰਦੁਸਤਾਨੀ ਉਦਯੋਗ ਨੂੰ ਤਬਾਹ ਤੇ ਬਰਬਾਦ ਕਰ ਦਿੱਤਾ ਸੀ, ਤੇ ਜ਼ੋਰ ਦਿੱਤਾ। ਇਸ ਨੇ ਉਨ੍ਹਾਂ ਲੋਕਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਜੋ ਅੰਗਰੇਜ਼ ਨੂੰ ਹਮੇਸ਼ਾ ਨਿਆਂਸ਼ੀਲ ਅਤੇ ਭਲੇ ਲੋਕ ਮੰਨਦੇ ਸਨ। ਅੰਗਰੇਜ਼ੀ ਵੱਕਾਰ ਮਿੱਟੀ ਵਿਚ ਮਿਲ ਗਿਆ ਸੀ। ਉਸ ਤੋਂ ਬਾਅਦ ਕਿਸੇ ਨੇ ਵੀ ਅੰਗਰੇਜ਼ ਨੂੰ ਨਿਆਂਸ਼ੀਲ ਜਾਂ ਏਥੋਂ ਤਕ ਕਿ ਇਨਸਾਨ ਵੀ ਨਹੀਂ ਮੰਨਿਆ। ਅੰਗਰੇਜ਼ ਲੋਕ ਗਿਣਤੀ ਵਿਚ ਬਹੁਤ ਘੱਟ ਸਨ। ਪੁਲਸ ਸਾਡੀ ਸੀ। ਜ਼ਿਆਦਾ ਕਰਕੇ ਫੌਜ ਵੀ ਸਾਡੀ ਸੀ ਅਤੇ ਜੇਕਰ ਅਸੀਂ ਮਿਲ ਕੇ ਚੱਲੀਏ ਤਾਂ ਅਸੀਂ ਅੰਗਰੇਜ਼ ਨੂੰ ਬਾਹਰ ਕੱਢ ਸਕਦੇ ਹਾਂ। ਇਸ ਨਾਲ ਲੋਕਾਂ ਵਿਚ ਜਾਗਰਤੀ ਅਤੇ ਰਾਜਸੀ ਚੇਤਨਾ ਆਈ ਅਤੇ ਉਨ੍ਹਾਂ 'ਚੋਂ

ਅੰਗਰੇਜ਼ਾਂ ਦਾ ਡਰ ਉੱਡ ਗਿਆ। ਆਪਣਾ ਭਾਸ਼ਨ ਮੁਕਾ ਕੇ ਮੈਂ ਐਲਾਨ ਕੀਤਾ ਕਿ ਅਗਲੇ ਐਤਵਾਰ ਇਕ ਹੋਰ ਮੀਟਿੰਗ ਹੋਵੇਗੀ, ਲੋਕ ਹੁਣ ਜਾ ਸਕਦੇ ਸਨ, ਜਿਹੜੇ ਅੰਦੋਲਨ ਵਿਚ ਹਿੱਸਾ ਲੈਣਾ ਚਾਹੁੰਦੇ ਸਨ ਅਤੇ ਜੋ ਦੁੱਖ ਤਕਲੀਫ਼ਾਂ ਝੱਲ ਸਕਦੇ ਸਨ ਅਤੇ ਕੁਰਬਾਨੀਆਂ ਕਰ ਸਕਦੇ ਸਨ, ਰੁਕ ਸਕਦੇ ਸਨ। ਲਗਭਗ 180 ਵਿਅਕਤੀ ਰੁਕੇ ਤੇ ਬਾਕੀ ਦੇ ਚਲੇ ਗਏ ਅਤੇ ਉਨ੍ਹਾਂ ਮੈਨੂੰ ਭਰੋਸਾ ਦਿੱਤਾ ਕਿ ਉਹ ਦੇਸ਼ ਦੀ ਖ਼ਾਤਰ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਨ। ਮੈਂ ਉਨ੍ਹਾਂ ਨੂੰ ਕੰਮ ਵੰਡੇ ਅਤੇ ਉਨ੍ਹਾਂ ਵਿਚੋਂ ਕੁਝ ਨੂੰ ਲਾਇਲਪੁਰ ਜ਼ਿਲ੍ਹੇ ਵਿਚ ਭੇਜਿਆ ਅਤੇ ਉਨ੍ਹਾਂ ਨੂੰ ਪਿੰਡਾਂ ਵਿਚ ਜਾਣ ਲਈ ਆਖਿਆ ਕਿ ਉਹ ਸਰਕਾਰ ਦੇ ਕਦਮਾਂ ਤੋਂ ਲੋਕਾਂ ਨੂੰ ਹੁੰਦੇ ਨੁਕਸਾਨ ਬਾਰੇ ਦੱਸਣ। ਮੈਂ ਲਾਇਲਪੁਰ ਨੂੰ ਆਪਣੇ ਅੰਦੋਲਨ ਦਾ ਕੇਂਦਰ ਬਣਾਇਆ ਕਿਉਂਕਿ ਇਹ ਨਵਾਂ ਵਿਕਸਤ ਇਲਾਕਾ ਸੀ। ਇਸ ਵਿਚ ਲਗਭਗ ਸਾਰੇ ਪੰਜਾਬ ਦੇ ਇਲਾਕਿਆਂ ਦੇ ਲੋਕ ਸਨ ਅਤੇ ਇਹਨਾਂ ਵਿਚ ਰਿਟਾਇਰ ਫੌਜੀ ਵੀ ਸਨ। ਰਿਟਾਇਰ ਫੌਜੀ ਲੋਕ, ਮੇਰਾ ਵਿਚਾਰ ਸੀ ਕਿ ਫੌਜ ਵਿਚ ਬਗ਼ਾਵਤ ਕਰਨ ਵਿਚ ਸਹਾਈ ਹੋ ਸਕਦੇ ਸਨ। ਇਹਨਾਂ ਲੋਕਾਂ ਨੇ ਲਾਇਲਪੁਰ ਜ਼ਿਲ੍ਹੇ ਵਿਚ ਘੁੰਮ ਫਿਰ ਕੇ ਲੋਕਾਂ ਨੂੰ ਦੱਸਿਆ ਕਿ ਦੋਆਬ ਬਾਰੀ ਐਕਟ, ਕਲੋਨਾਈਜ਼ੇਸ਼ਨ ਐਕਟ ਅਤੇ ਮਾਲੀਏ ਵਿਚ ਵਾਧੇ ਨਾਲ ਉਨ੍ਹਾਂ ਨਾਲ ਕਿਵੇਂ ਬੇਇਨਸਾਫ਼ੀ ਕੀਤੀ ਗਈ ਸੀ। ਇਸ ਤਰ੍ਹਾਂ ਬੁਨਿਆਦੀ ਕੰਮ ਕਰ ਲੈਣ ਤੋਂ ਬਾਅਦ 3 ਮਾਰਚ, 1907 ਨੂੰ ਲਾਇਲਪੁਰ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ 'ਝੰਗ ਸਿਆਲ' ਦੇ ਸੰਪਾਦਕ ਬਾਂਕੇ ਦਿਆਲ ਨੇ ਆਪਣਾ ਇਤਿਹਾਸਕ ਪ੍ਰਸਿੱਧ ਗੀਤ 'ਪੱਗੜੀ ਸੰਭਾਲ ਜੱਟਾ' ਪੜ੍ਹਿਆ।

ਇਹ ਗੀਤ ਬਹੁਤ ਲੋਕਪ੍ਰਿਯ ਹੋ ਗਿਆ ਅਤੇ ਸਾਰੇ ਪੰਜਾਬ ਵਿਚ ਇਸ ਦੀ ਗੂੰਜ ਸੁਣਾਈ ਦੇਣ ਲੱਗੀ। ਪਰ ਲੋਕ ਗਲਤੀ ਨਾਲ ਇਸਨੂੰ ਮੇਰਾ ਗੀਤ ਹੀ ਸਮਝਦੇ ਰਹੇ।

ਸਾਡੀ ਇਹ ਇੱਛਾ ਸੀ ਕਿ ਲਾਲਾ ਲਾਜਪਤ ਰਾਏ ਅਤੇ ਹੋਰ ਦੂਸਰੇ ਪ੍ਰਸਿੱਧ ਨੇਤਾ ਇਸ ਮੀਟਿੰਗ ਵਿਚ ਹਿੱਸਾ ਲੈਣ ਪਰੰਤੂ ਅਸੀਂ ਜਾਣਦੇ ਸੀ ਕਿ ਉਹ ਇਨਕਾਰ ਕਰ ਦੇਣਗੇ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਮੀਟਿੰਗ ਮੈਂ ਜੱਥੇਬੰਦ ਕਰ ਰਿਹਾ ਸੀ। ਇਸ ਲਈ ਅਸੀਂ ਰਾਮ ਭਜ ਦੱਤ ਨੂੰ ਲਾਲਾ ਲਾਜਪਤ ਰਾਏ ਅਤੇ ਹੋਰ ਲੀਡਰਾਂ ਨੂੰ ਮਨਾਉਣ ਲਈ ਭੇਜਿਆ ਕਿ ਉਹ ਲਾਇਲਪੁਰ ਆਉਣ ਅਤੇ ਮੀਟਿੰਗ ਨੂੰ ਸੰਬੋਧਨ ਕਰਨ। ਲਾਹੌਰ ਤੋਂ ਲਾਇਲਪੁਰ ਤੱਕ ਲਾਲਾ ਅਤੇ ਉਸ ਦੇ ਸਾਥੀਆਂ ਅਤੇ ਮੈਂ ਇਕੋ ਹੀ ਗੱਡੀ ਵਿਚ ਸਫ਼ਰ ਕੀਤਾ ਪਰ ਮੈਂ ਇਸ ਗੱਲ ਦਾ ਧਿਆਨ ਰੱਖਿਆ ਕਿ ਉਸ ਨੂੰ ਇਸ ਗੱਲ ਦਾ ਪਤਾ ਨਾ ਲੱਗੇ। ਅਸੀਂ ਇਸ ਗੱਲ ਦਾ ਪ੍ਰਬੰਧ ਕੀਤਾ ਸੀ ਕਿ ਲਾਇਲਪੁਰ ਸਟੇਸ਼ਨ ਉੱਤੇ ਲਾਲਾ ਜੀ ਦਾ ਉਤਸ਼ਾਹਪੂਰਨ ਨਿੱਘਾ ਸਵਾਗਤ ਕੀਤਾ ਜਾਵੇ ਅਤੇ ਲੋਕ ਵੱਡੀ ਗਿਣਤੀ ਵਿਚ ਉਸ ਦਾ

ਸਵਾਗਤ ਕਰਨ ਲਈ ਪੁੱਜੇ। ਉਸਨੂੰ ਹੱਥਾਂ ਤੇ ਚੁੱਕ ਲਿਆ ਗਿਆ ਅਤੇ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ ਅਤੇ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ। ਉਸਦੀ ਗੱਡੀ ਨੂੰ ਬੈਲਾਂ ਦੀ ਬਜਾਏ ਬੰਦਿਆਂ ਵੱਲੋਂ ਖਿੱਚਿਆ ਗਿਆ ਤਾਂ ਜੋ ਉਸ ਪ੍ਰਤੀ ਲੋਕਾਂ ਦਾ ਉਤਸ਼ਾਹ ਤੇ ਉਸ ਪ੍ਰਤੀ ਸ਼ਰਧਾ ਨੂੰ ਪ੍ਰਗਟਾਇਆ ਜਾ ਸਕੇ। ਮੈਂ ਇਸ ਮੌਕੇ ਨੂੰ ਆਪਣੇ ਲਾਭ ਲਈ ਵਰਤਣਾ ਚਾਹੁੰਦਾ ਸੀ ਅਤੇ ਮੈਂ ਸਟੇਸ਼ਨ ਤੋਂ ਸਿੱਧਾ ਮੀਟਿੰਗ ਵਿਚ ਗਿਆ ਤੇ ਇਸ ਨੂੰ ਸੰਬੋਧਨ ਕੀਤਾ। ਜਿਉਂ ਹੀ ਲਾਲਾ ਜਾ ਪਹੁੰਚੇ ਮੈਂ ਆਪਣਾ ਭਾਸ਼ਨ ਖ਼ਤਮ ਕਰ ਦਿੱਤਾ। ਲਾਲਾ ਜੀ ਮੈਨੂੰ ਉਥੇ ਦੇਖ ਕੇ ਹੈਰਾਨ ਹੋ ਗਏ। ਮੈਂ ਲੋਕਾਂ ਨੂੰ ਆਪਣੀ ਤਾਕਤ ਬਾਰੇ ਦੱਸਿਆ ਕਿ ਪੁਲਸ ਫੌਜ ਸਾਡੀ ਸੀ, ਕਿ ਵਧੇ ਮਾਲੀਏ ਦੀ ਇਕ ਦਮੜੀ ਵੀ ਸਰਕਾਰ ਨੂੰ ਨਹੀਂ ਦੇਣੀ ਚਾਂਹੀਦੀ।

ਲਾਲਾ ਜੀ ਨੇ ਮੀਟਿੰਗ ਨੂੰ ਸੰਬੋਧਨ ਕਰਨ ਵਿਚ ਪਹਿਲਾਂ ਝਿਝਕ ਵਿਖਾਈ ਪਰੰਤੂ ਲੋਕਾਂ ਨੇ ਰੌਲਾ ਪਾਇਆ ਕਿ ਉਹ ਲਾਲਾ ਜੀ ਨੂੰ ਸੁਣਨ ਲਈ ਉਤਸੁਕ ਸਨ। ਅਸਲ ਵਿਚ ਲਾਲਾ ਜੀ ਨੂੰ ਬੋਲਣ ਲਈ ਮਜ਼ਬੂਰ ਕੀਤਾ ਗਿਆ ਕਿਉਂਕਿ ਮੈਂ ਰਾਮ ਭਜ ਦੱਤ ਨੂੰ ਅੱਖ ਦਾ ਇਸ਼ਾਰਾ ਕੀਤਾ ਅਤੇ ਉਹ ਉੱਠ ਖੜ੍ਹਾ ਹੋਇਆ ਅਤੇ ਉਸ ਨੇ ਐਲਾਨ ਕੀਤਾ ਕਿ ਹੁਣ ਲਾਲਾ ਜੀ ਮੀਟਿੰਗ ਨੂੰ ਸੰਬੋਧਨ ਕਰਨਗੇ। ਲਾਲਾ ਜੀ ਪਹਿਲਾਂ ਆਪਣੇ ਆਪ 'ਤੇ ਕਾਬੂ ਰੱਖਿਆ ਪਰੰਤੂ ਲੋਕਾਂ ਦਾ ਉਤਸ਼ਾਹ ਦੇਖ ਕੇ ਉਨ੍ਹਾਂ ਨੇ ਆਪਣਾ ਸਭ ਤੋਂ ਵਧੀਆ ਭਾਸ਼ਨ ਦਿੱਤਾ। ਭਾਸ਼ਨ ਕਲਾ ਤੇ ਜਜ਼ਬਾਤਾਂ ਨਾਲ ਭਰਿਆ ਹੋਇਆ ਸੀ। ਉਨ੍ਹਾਂ ਦਾ ਭਾਸ਼ਨ ਖ਼ਤਮ ਹੋਣ ਤੋਂ ਬਾਅਦ ਦੋ ਜਾਂ ਤਿੰਨ ਬੁਲਾਰੇ ਹੋਰ ਬੋਲੇ ਅਤੇ ਉਸ ਤੋਂ ਬਾਅਦ ਫਿਰ ਮੈਂ ਬੋਲਿਆ। ਜਦੋਂ ਮੈਂ ਦੂਜੀ ਵਾਰ ਆਪਣਾ ਭਾਸ਼ਨ ਕੀਤਾ ਤਾਂ ਮੀਟਿੰਗ ਦੇ ਪ੍ਰਬੰਧਕਾਂ ਨੂੰ ਇਹ ਚੰਗਾ ਨਾ ਲੱਗਾ ਅਤੇ ਉਨ੍ਹਾਂ ਕਿਹਾ ਕਿ ਉਹ ਮੀਟਿੰਗ ਦੇ ਜ਼ਿੰਮੇਵਾਰ ਨਹੀਂ ਸਨ ਅਤੇ ਉਹ ਚਲੇ ਗਏ। ਪਰ ਲੋਕ ਮੈਨੂੰ ਸੁਣਦੇ ਰਹੇ। ਇਸ ਭਾਸ਼ਨ ਵਿਚ ਮੈਂ ਜ਼ੋਰ ਦਿੱਤਾ ਕਿ ਪੁਲਸ ਤੇ ਫੌਜ ਜ਼ਿਮੀਦਾਰਾਂ ਰਾਹੀਂ ਬਣਾਈ ਗਈ ਸੀ ਅਤੇ ਇਹਨਾਂ ਲੋਕਾਂ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ ਅਤੇ ਆਪਣੇ ਘਰਾਂ ਨੂੰ ਚਲੇ ਜਾਣਾ ਚਾਹੀਦਾ ਸੀ। ਜ਼ਮੀਨ ਦਾ ਲਗਾਨ ਨਾ ਦਿੱਤਾ ਜਾਵੇ। ਸਰਕਾਰੀ ਕਰਮਚਾਰੀਆਂ ਅਤੇ ਅਧਿਕਾਰੀਆਂ ਦਾ ਪੂਰੀ ਤਰ੍ਹਾਂ ਬਾਈਕਾਟ ਕੀਤਾ ਜਾਵੇ।

1907, 1857 ਦੇ ਵਿਦਰੋਹ ਦੀ 50ਵੀਂ ਵਰ੍ਹੇਗੰਢ ਹੋਣ ਕਰਕੇ, ਸਰਕਾਰ ਡਰੀ ਹੋਈ ਸੀ। ਫੌਜ ਵਿਚ ਭਾਰਤੀਆਂ ਨਾਲ ਮਾੜੇ ਵਰਤਾਉ ਨੇ ਬੇਚੈਨੀ ਪੈਦਾ ਕੀਤੀ ਸੀ ਅਤੇ ਫੌਜ ਵਿਚ ਆਰਥਕ ਵਿਦਰੋਹ ਦੇ ਸੰਕੇਤ ਮਿਲ ਰਹੇ ਸਨ। ਅੰਗਰੇਜ਼ ਸਰਕਾਰ ਨੇ ਹੁਕਮ ਜਾਰੀ ਕੀਤਾ ਕਿ ਉਹ ਅਜੀਤ ਸਿੰਘ ਨੂੰ ਨਾ ਸੁਣਨ, ਜਿਸਨੇ ਫੌਜੀਆਂ ਦੀ ਹਮਾਇਤ ਪ੍ਰਾਪਤ ਕਰਨ ਵਿਚ ਮੇਰੀ ਸਹਾਇਤਾ ਕੀਤੀ। ਇਸ ਹੁਕਮ ਨੇ ਸਰਕਾਰ ਲਈ ਫੌਜੀਆਂ ਵਿਚ ਅਵਿਸ਼ਵਾਸ ਦੀ ਭਾਵਨਾ ਨੇ ਉਨ੍ਹਾਂ ਦੀ

ਸ਼ਮੂਲੀਅਤ ਵਧਾਈ। ਭਾਰਤੀ ਸਿਪਾਹੀ ਪ੍ਰਤੀ ਵਿਹਾਰ ਵਿਚ ਆਈ ਸਰਕਾਰ ਦੀ ਅਚਾਨਕ ਤਬਦੀਲੀ ਨੇ ਅੰਤੇ ਜਿਹੜੀ ਪਹਿਲਾਂ ਵੀ ਭੈੜਾ ਵਰਤਾਉ ਕਰਦੀ ਸੀ, ਨੇ ਵੀ ਭਾਰਤੀ ਫੌਜੀਆਂ ਦੇ ਮਨ ਵਿਚ ਸ਼ੱਕ ਪੈਦਾ ਕਰ ਦਿੱਤਾ। ਜਿੰਨਾ ਭਾਰਤੀ ਫੌਜੀਆਂ ਨੂੰ ਕਿਹਾ ਗਿਆ ਕਿ ਉਹ ਮੇਰੀ ਗੱਲ ਨਾ ਸੁਣਨ ਉਨੇ ਹੀ ਭਾਰਤੀ ਸਿਪਾਹੀ ਮੇਰੇ ਵੱਲ ਖਿੱਚੇ ਆਏ। ਜੇ ਹੋਰ ਕੁੱਝ ਨਹੀਂ ਤਾਂ ਉਤਸੁਕਤਾ ਵੱਸ ਹੀ।

ਲਾਇਲਪੁਰ ਮੀਟਿੰਗ ਤੋਂ ਬਾਅਦ ਮੈਂ ਪੰਜਾਬ ਦੇ ਪ੍ਰਸਿੱਧ ਸ਼ਹਿਰਾਂ ਜਿਵੇਂ ਕਿ ਗੁਰਦਾਸਪੁਰ, ਹੁਸ਼ਿਆਰਪੁਰ, ਫਿਰੋਜ਼ਪੁਰ, ਅੰਬਾਲਾ, ਜਲੰਧਰ, ਕਸੂਰ, ਮੁਲਤਾਨ, ਗੁਜਰਾਂਵਾਲਾ, ਰਾਵਲਪਿੰਡੀ ਆਦਿ ਦਾ ਤੂਫ਼ਾਨੀ ਦੌਰਾ ਕੀਤਾ। ਫਿਰੋਜ਼ਪੁਰ ਵਿਖੇ ਭਾਰਤੀ ਫੌਜੀਆਂ ਦਾ ਇਕ ਡੇਪੂਟੇਸ਼ਨ ਮੇਰੀ ਇੰਤਜ਼ਾਰ ਕਰ ਰਿਹਾ ਸੀ ਅਤੇ ਉਨ੍ਹਾਂ ਮੈਨੂੰ ਆਪਣੀ ਮੱਦਦ ਦਾ ਭਰੋਸਾ ਦਿੱਤਾ। ਮੈਂ ਉਨ੍ਹਾਂ ਨੂੰ ਦੱਸਿਆ ਕਿ ਅੰਗਰੇਜ਼ ਸਰਕਾਰ ਨੇ ਉਨ੍ਹਾਂ ਦੀ ਵਫ਼ਾਦਾਰੀ ਦਾ ਕਿਵੇਂ ਲਾਭ ਉਠਾਇਆ ਹੈ ਅਤੇ ਕਿਵੇਂ ਉਨ੍ਹਾਂ ਨੇ ਆਪਣੇ ਹੀ ਲੋਕਾਂ ਤੇ ਜ਼ੁਲਮ ਢਾਹਿਆ ਅਤੇ ਉਨ੍ਹਾਂ ਦਾ ਸਭ ਤੋਂ ਪਹਿਲਾ ਫਰਜ਼ ਅਤੇ ਵਫ਼ਾਦਾਰੀ ਆਪਣੇ ਦੇਸ਼ ਅਤੇ ਆਪਣੇ ਲੋਕਾਂ ਪ੍ਰਤੀ ਹੈ। ਰਾਵਲਪਿੰਡੀ ਦੇ ਸਾਰੇ ਪ੍ਰਬੰਧਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਲੋਕਾਂ ਨੇ ਦੋ ਅਪ੍ਰੈਲ ਨੂੰ ਇਕ ਹੋਰ ਮੀਟਿੰਗ ਸੱਦ ਲਈ ਜਿਸ ਵਿਚ ਉਨ੍ਹਾਂ ਲਾਲਾ ਲਾਜਪਤ ਰਾਏ ਨੂੰ ਸੱਦਿਆ।

ਮੇਰਾ ਪੱਕਾ ਵਿਚਾਰ ਸੀ ਕਿ ਮੀਟਿੰਗ ਤੇ ਪਾਬੰਦੀ ਲਾ ਦਿੱਤੀ ਜਾਵੇਗੀ ਅਤੇ ਲਾਲਾ ਜੀ ਨੂੰ ਮੀਟਿੰਗ ਵਿਚ ਬੋਲਣ ਨਹੀਂ ਦਿੱਤਾ ਜਾਵੇਗਾ। ਮੈਂ ਵੀ ਉਸੇ ਹੀ ਗੱਡੀ ਤੇ ਚੜ੍ਹਿਆ ਜਿਸ ਉਤੇ ਲਾਲਾ ਜੀ ਚੜ੍ਹੇ ਪਰ ਮੈਂ ਇਸ ਗੱਲ ਦਾ ਧਿਆਨ ਰੱਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਾ ਲੱਗੇ। ਜਦੋਂ ਅਸੀਂ ਰਾਵਲਪਿੰਡੀ ਪਹੁੰਚੇ ਤਾਂ ਪਤਾ ਲੱਗਾ ਕਿ ਮੀਟਿੰਗ 'ਤੇ ਪਾਬੰਦੀ ਲਾ ਦਿੱਤੀ ਗਈ ਸੀ ਅਤੇ ਪੁਲਸ ਨੇ ਲਾਲਾ ਜੀ ਨੂੰ ਇਕ ਨੋਟਿਸ ਦਿੱਤਾ ਕਿ ਉਹ ਮੀਟਿੰਗ ਵਿਚ ਬੋਲ ਨਹੀਂ ਸਕਦੇ ਸਨ। ਲਾਲਾ ਜੀ ਰੇਲਵੇ ਸਟੇਸ਼ਨ ਤੋਂ ਜ਼ਿਲ੍ਹਾ ਕਚਹਿਰੀਆਂ ਗਏ ਅਤੇ ਗ੍ਰਿਫ਼ਤਾਰ ਕੀਤੇ ਵਕੀਲਾਂ ਦੇ ਕੇਸ ਬਾਰੇ ਬਹਿਸ ਕੀਤੀ। ਉਹ ਪਹਿਲੀ ਮੀਟਿੰਗ ਦੇ ਪ੍ਰਬੰਧਕ ਸਨ ਜਿਸਨੂੰ ਮੈਂ ਸੰਬੋਧਨ ਕੀਤਾ ਸੀ ਅਤੇ ਮੈਂ ਇਸ ਮੌਕੇ ਨੂੰ ਵਰਤਦਿਆਂ ਸਟੇਸ਼ਨ 'ਤੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ। ਪੁਲਸ ਨੇ ਲਾਲਾ ਜੀ ਦੇ ਜ਼ਿਲ੍ਹਾ ਕਚਹਿਰੀਆਂ ਪਹੁੰਚਣ ਤੇ ਸੁੱਖ ਦਾ ਸਾਹ ਲਿਆ ਅਤੇ ਉਨ੍ਹਾਂ ਸੋਚਿਆ ਕਿ ਭਾਸ਼ਨ ਵਾਸਤੇ ਹੁਣ ਕੋਈ ਮੀਟਿੰਗ ਨਹੀਂ ਹੋਵੇਗੀ, ਇਸ ਲਈ ਉਹ ਮੇਰੇ ਲਈ ਮੈਦਾਨ ਖੁੱਲ੍ਹਾ ਛੱਡ ਕੇ ਚਲੇ ਗਏ। ਫੌਜ ਬੁਲਾ ਲਈ ਗਈ ਅਤੇ ਫੌਜ ਦੇ ਕਮਾਂਡਰ ਨੇ ਸਾਨੂੰ ਖਿੰਡ ਜਾਣ ਲਈ ਕਿਹਾ, ਜੇ ਇੰਵ ਨਾ ਕੀਤਾ ਤਾਂ ਉਹ ਗੋਲੀ ਚਲਾਉਣ ਦਾ ਹੁਕਮ ਦੇਵੇਗਾ। ਕੋਈ ਵੀ ਆਪਣੀ ਥਾਂ ਤੋਂ ਨਾ ਹਿੱਲਿਆ ਅਤੇ ਉਸਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਪਰੰਤੂ ਭਾਰਤੀ ਸਿਪਾਹੀਆਂ ਨੇ ਬੰਦੂਕਾਂ ਦੇ ਮੂੰਹ

ਲੋਕਾਂ ਵੱਲ ਕਰਨ ਦੀ ਬਜਾਏ ਆਪਣੇ ਕਮਾਂਡਰ ਵੱਲ ਕਰ ਦਿੱਤਾ ਤੇ ਕਿਹਾ ਕਿ ਜੇ ਉਸਨੇ ਫਿਰ ਇਹ ਹੁਕਮ ਕੀਤਾ ਤਾਂ ਉਹ ਉਸਨੂੰ ਗੋਲੀ ਮਾਰ ਦੇਣਗੇ। ਇਹ ਦੇਖ ਕੇ ਉਸਨੇ ਹਿੰਦੁਸਤਾਨੀ ਸਿਪਾਹੀਆਂ ਨੂੰ ਕਿਹਾ ਕਿ ਉਹ ਛਾਉਣੀ ਵਾਪਸ ਚਲੇ ਜਾਣ ਅਤੇ ਉਹ ਆਪ ਵੀ ਉਨ੍ਹਾਂ ਨਾਲ ਚਲਾ ਗਿਆ। ਮੀਟਿੰਗ ਖ਼ਤਮ ਹੋ ਗਈ ਤੇ ਮੈਂ ਵਾਪਸ ਆ ਗਿਆ। ਪਰੰਤੂ ਭੀੜ ਭੜਕ ਪਈ ਅਤੇ ਉਸਨੇ ਰਸਤੇ ਵਿਚ ਬਹੁਤ ਸਾਰੇ ਅੰਗਰੇਜ਼ਾਂ ਦੀ ਖਿੱਚ ਧੂਹ ਕੀਤੀ, ਦਫ਼ਤਰ ਤੇ ਚਰਚ ਸਾੜ ਦਿੱਤੇ। ਅੰਗਰੇਜ਼ ਇਥੋਂ ਤੱਕ ਘਬਰਾ ਗਏ ਅਤੇ ਡਰ ਗਏ ਕਿ ਉਹ ਪੁਲਸ, ਸੀ.ਆਈ.ਡੀ. ਆਪਣੇ ਘਰੇਲੂ ਨੌਕਰਾਂ ਅਤੇ ਇਥੋਂ ਤੱਕ ਕਿ ਫੌਜੀ ਅਧਿਕਾਰੀਆਂ ਅਤੇ ਸਰਕਾਰੀ ਕਰਮਚਾਰੀਆਂ 'ਤੇ ਵੀ ਬੇਵਿਸਵਾਸ਼ੀ ਕਰਨ ਲੱਗੇ। ਰਾਵਲਪਿੰਡੀ ਵਿਖੇ ਹਿੰਦੁਸਤਾਨੀ ਫੌਜੀ ਸਿਪਾਹੀ ਲਾਲਾ ਜੀ ਨੂੰ ਮਿਲਣ ਲਈ ਡੈਪੂਟੇਸ਼ਨ ਦੀ ਸ਼ਕਲ ਵਿਚ ਇੰਤਜ਼ਾਰ ਕਰ ਰਹੇ ਸਨ ਪਰੰਤੂ ਜਦੋਂ ਲਾਲਾ ਜੀ ਨੇ ਉਨ੍ਹਾਂ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਤਾਂ ਫਿਰ ਡੈਪੂਟੇਸ਼ਨ ਮੇਰੀ ਇੰਤਜ਼ਾਰ ਕਰਨ ਲੱਗਾ ਅਤੇ ਮੈਂ ਉਨ੍ਹਾਂ ਨੂੰ ਆਪਣੇ ਦੇਸ਼ ਅਤੇ ਲੋਕਾਂ ਪ੍ਰਤੀ ਉਨ੍ਹਾਂ ਦੇ ਫਰਜ਼ ਬਾਰੇ ਸਮਝਾਇਆ।

ਰਾਵਲਪਿੰਡੀ, ਗੁਰਦਾਸਪੁਰ, ਲਾਹੌਰ ਆਦਿ ਵਿਚ ਦੰਗੇ ਹੋ ਗਏ। ਅੰਗਰੇਜ਼ਾਂ ਦੀ ਖਿੱਚ ਧੂਹ ਕੀਤੀ ਗਈ, ਚਿੱਕੜ ਉਨ੍ਹਾਂ ਦੇ ਮੂੰਹਾਂ ਤੇ ਮਲਿਆ ਗਿਆ। ਦਫ਼ਤਰ ਅਤੇ ਚਰਚ ਸਾੜ ਦਿੱਤੇ ਗਏ, ਤਾਰ, ਟੈਲੀਗਰਾਫ਼ ਦੇ ਖੰਭੇ ਉਖਾੜ ਦਿੱਤੇ ਗਏ ਤੇ ਤਾਰਾਂ ਕੱਟ ਦਿੱਤੀਆਂ ਗਈਆਂ। ਮੁਲਤਾਨ ਡਵੀਜ਼ਨ ਵਿਚ ਕਾਮੇ ਹੜਤਾਲ ਤੇ ਚਲੇ ਗਏ ਅਤੇ ਹੜਤਾਲ ਉਦੋਂ ਹੀ ਵਾਪਸ ਹੋਈ ਜਦੋਂ ਐਕਟ ਰੱਦ ਕਰ ਦਿੱਤੇ ਗਏ। ਲਾਹੌਰ ਵਿਚ ਪੁਲਸ ਸੁਪਰਡੰਟ ਮਿ. ਫਿਲਿਪ ਨੂੰ ਦੰਗਾਕਾਰੀਆਂ ਵੱਲੋਂ ਕੁੱਟਿਆ ਗਿਆ। ਅੰਗਰੇਜ਼ ਸਿਵਲ ਕਰਮਚਾਰੀਆਂ ਵਲੋਂ ਆਪਣੇ ਪਰਿਵਾਰਾਂ ਨੂੰ ਬੰਬਈ ਭੇਜ ਦਿੱਤਾ ਗਿਆ ਕਿਉਂਕਿ ਜੇਕਰ ਹਾਲਾਤ ਹੋਰ ਵਿਗੜ ਜਾਣ ਤਾਂ ਉਨ੍ਹਾਂ ਨੂੰ ਇੰਗਲੈਂਡ ਭੇਜਿਆ ਜਾ ਸਕੇ। ਇੰਗਲੈਂਡ ਭੇਜਣ ਲਈ ਜਹਾਜ਼ ਕਿਰਾਏ 'ਤੇ ਲੈ ਲਿਆ ਗਿਆ ਸੀ। ਕੁਝ ਪਰਿਵਾਰਾਂ ਨੂੰ ਕਿਲ੍ਹੇ ਵਿਚ ਤਬਦੀਲ ਕਰ ਦਿੱਤਾ ਗਿਆ। ਮੇਰੇ ਵੱਡੇ ਭਰਾ ਸ. ਕਿਸ਼ਨ ਸਿੰਘ ਅਤੇ ਛੋਟੇ ਭਰਾ ਸ. ਸਵਰਨ ਸਿੰਘ ਨੂੰ ਇਸ ਸੰਬੰਧ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਇੰਨੀ ਦਹਿਸ਼ਤ ਸੀ ਕਿ ਅੰਗਰੇਜ਼ ਜਨਤਕ ਥਾਵਾਂ 'ਤੇ ਰੁਕਣ, ਸਿਨਮੇਂ ਜਾਂ ਬਾਜ਼ਾਰ ਜਾਣੋਂ ਬੰਦ ਹੋ ਗਏ।

ਲਾਰਡ ਕਿਚਨਰ ਡਰ ਗਿਆ, ਕਿਉਂਕਿ ਕਿਸਾਨੀ ਬਗ਼ਾਵਤ 'ਤੇ ਉਤਰ ਆਈ ਸੀ ਅਤੇ ਉਸਨੂੰ ਫੌਜ ਤੇ ਪੁਲਸ ਤੇ ਵਿਸ਼ਵਾਸ ਨਹੀਂ ਸੀ। ਮਾਰਲੇ ਨੇ ਹਾਊਸ ਆਫ਼ ਕਾਮਨਜ਼ ਵਿਚ ਬਿਆਨ ਦਿੱਤਾ ਸੀ ਕਿ ਸਾਰੇ ਪੰਜਾਬ ਵਿਚ ਕੁੱਲ 33 ਮੀਟਿੰਗਾਂ ਹੋਈਆਂ। ਉਨ੍ਹਾਂ ਵਿਚੋਂ 19 ਨੂੰ ਸ. ਅਜੀਤ ਸਿੰਘ ਨੇ ਸੰਬੋਧਨ ਕੀਤਾ। ਮਾਲੀਏ ਵਿਚ ਵਾਧਾ ਹੀ ਇਸ ਬੇਚੈਨੀ ਦਾ ਕਾਰਨ ਨਹੀਂ। ਇਹ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਖ਼ਤਮ ਕਰਨ ਦੇ ਉਦੇਸ਼ ਨਾਲ ਸੀ ਤੇ ਇਸ ਨੂੰ ਰਾਜਨੀਤਕ

ਸਟੇਟ ਵਜੋਂ ਵਰਤਿਆ ਗਿਆ।

ਇਸ ਅੰਦੋਲਨ ਦਾ ਇਹ ਨਤੀਜਾ ਨਿਕਲਿਆ ਕਿ ਸਾਰੇ ਹੀ ਤਿੰਨੇ ਬਿੱਲ ਰੱਦ ਹੋ ਗਏ। ਲਾਲਾ ਲਾਜਪਤ ਰਾਏ ਨੂੰ ਬਿੱਲਾਂ ਦੇ ਰੱਦ ਹੋਣ ਤੋਂ ਪਹਿਲਾਂ 9 ਮਈ 1907 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਨਾਲ ਜਨਤਾ ਹੋਰ ਗੁੱਸੇ ਵਿਚ ਆ ਗਈ ਅਤੇ ਲਾਹੌਰ ਵਿਚ ਫੇਰ ਦੰਗੇ ਭੜਕ ਪਏ। ਲਾਰੰਸ ਗਾਰਡਨ ਲਾਹੌਰ ਅਤੇ ਹੋਰ ਥਾਵਾਂ ਉੱਤੇ ਬੰਦੂਕਾਂ ਬੀੜ ਦਿੱਤੀਆਂ ਗਈਆਂ ਤਾਂ ਕਿ ਲੋਕ ਸਰਕਾਰੀ ਦਫ਼ਤਰਾਂ 'ਤੇ ਹਮਲਾ ਨਾ ਕਰ ਸਕਣ। ਇਹ ਸੁਣ ਕਿ ਲਾਲਾ ਲਾਜਪਤ ਰਾਏ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤਾਂ ਮੈਂ ਰੂਪੋਸ਼ ਹੋ ਗਿਆ ਅਤੇ ਉਦੋਂ ਹੀ ਦੁਬਾਰਾ ਦੋ ਜੂਨ ਨੂੰ ਸਾਹਮਣੇ ਆਇਆ ਜਦੋਂ ਮੈਂ ਆਪਣੇ ਆਪਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਇਹ ਅੰਮ੍ਰਿਤਸਰ ਵਿਚ ਹੋਈ। ਮੈਂ ਪੁਲਸ ਅਧਿਕਾਰੀਆਂ ਨੂੰ ਲਿਖਿਆ ਕਿ ਮੈਂ ਇਸ ਸਮੇਂ ਉੱਤੇ ਸੈਰ ਕਰਦਾ ਹੋਵਾਂਗਾ ਜਦੋਂ ਉਹ ਆ ਕੇ ਮੈਨੂੰ ਹਿਰਾਸਤ ਵਿਚ ਲੈ ਸਕਦੇ ਸਨ। ਇਹ ਮੈਂ ਲੋਕਾਂ ਦੇ ਮੁਜ਼ਾਹਰੇ ਨੂੰ ਟਾਲਣ ਅਤੇ ਦੰਗੇ ਆਦਿ ਭੜਕਣ ਤੋਂ ਬਚਾਉਣ ਲਈ ਕੀਤਾ। ਜਦੋਂ ਮੈਂ ਰੂਪੋਸ਼ ਸੀ ਤਾਂ ਮੈਂ ਆਪਣਾ ਬਹੁਤਾ ਸਮਾਂ ਲਾਹੌਰ ਦੇ ਇਕ ਛੋਟੇ ਮੰਦਰ ਵਿਚ ਬਿਤਾਇਆ। ਇਸ ਦਾ ਪੁਜਾਰੀ ਸਾਡਾ ਉਤਸ਼ਾਹੀ ਕਾਰਕੁੰਨ ਸੀ।

ਅੰਮ੍ਰਿਤਸਰ ਤੋਂ ਮੈਨੂੰ ਬਜਬਜ ਲਿਜਾਇਆ ਗਿਆ ਅਤੇ ਇਸ ਗੱਲ ਦਾ ਧਿਆਨ ਰੱਖਿਆ ਕਿ ਗੱਡੀ ਰਸਤੇ ਵਿਚ ਰੁਕੇ ਨਾ। ਇਹ ਖ਼ਾਸ ਗੱਡੀ ਜਿਸ ਵਿਚ ਮੈਂ ਸਫ਼ਰ ਕਰ ਰਿਹਾ ਸੀ। ਜਿਸ ਵੀ ਕਿਸੇ ਥਾਂ 'ਤੇ ਰੁਕੀ ਤਾਂ ਉਹ ਥਾਂ ਜੰਗਲ ਵਿਚ ਸੀ। ਬਜਬਜ ਤੋਂ ਮੈਨੂੰ ਰੰਗੂਨ ਲਿਆਂਦਾ ਗਿਆ ਤੇ ਇਥੋਂ ਮਾਂਡਲੇ ਲਿਜਾਇਆ ਗਿਆ। ਜਦੋਂ ਮੈਂ ਮਾਂਡਲੇ ਵਿਚ ਸੀ ਤਾਂ ਮੈਂ ਇਕ ਸੁਫ਼ਨੇ ਵਿਚ ਕਸੂਰ ਤੋਂ ਆਪਣੇ ਦੋਸਤ ਸ. ਕਰਤਾਰ ਸਿੰਘ ਨੂੰ ਦੇਖਿਆ ਤੇ ਉਸ ਨਾਲ ਗੱਲਾਂ ਕੀਤੀਆਂ। ਉਸਨੇ ਮੈਨੂੰ ਦੱਸਿਆ ਕਿ ਮੈਨੂੰ 11 ਨਵੰਬਰ, 1907 ਨੂੰ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਸਾਰਾ ਹੀ ਦੇਸ਼ ਬੜੀ ਉਤਸੁਕਤਾ ਨਾਲ ਮੇਰੀ ਇੰਤਜ਼ਾਰ ਕਰ ਰਿਹਾ ਸੀ। ਉਹ ਮੇਰਾ ਸਨਮਾਨ ਕਰਨਾ ਚਾਹੁੰਦੇ ਸਨ ਅਤੇ ਢੁੱਕਵਾਂ ਇਨਾਮ ਦੇਣਾ ਚਾਹੁੰਦੇ ਸਨ। ਭਾਵੇਂ ਕਿ ਮੈਨੂੰ ਸੁਫ਼ਨਿਆਂ ਵਿਚ ਵਿਸ਼ਵਾਸ਼ ਨਹੀਂ ਪਰ ਕਿਸੇ ਤਰ੍ਹਾਂ ਮੈਨੂੰ ਇਹ ਯਕੀਨ ਸੀ ਕਿ ਇਹ ਸੁਫ਼ਨਾ ਸੱਚ ਹੋਵੇਗਾ। ਕੁਝ ਹੋਰ ਤੱਥ ਵੀ ਹਨ ਜੋ ਮੇਰੇ ਇਸ ਯਕੀਨ ਨੂੰ ਬੱਲ ਦਿੰਦੇ ਸਨ। ਲਾਜਪਤ ਰਾਏ ਨੂੰ 9 ਤਰੀਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਮੈਨੂੰ ਦੋ ਨੂੰ। ਇਹਨਾਂ ਦੋਹਾਂ ਤਰੀਕਾਂ ਦਾ ਜੋੜ 11 ਬਣਦਾ ਹੈ। ਮਾਂਡਲੇ ਵਿਚ ਇਕ ਬਿੱਲੀ ਨੇ ਗਿਆਰਾਂ ਬਲੂੰਗੜੇ ਦਿੱਤੇ ਸਨ ਅਤੇ ਉਹ ਸਾਰੇ ਹੀ ਇਕ ਇਕ ਕਰਕੇ ਲੈ ਗਈ। ਇਹ ਅਕਤੂਬਰ ਦਾ ਮਹੀਨਾ ਸੀ ਮੈਂ ਸੋਚਿਆ ਜਦੋਂ ਕਿ ਜਾਨਵਰ ਇਸ ਥਾਂ ਨੂੰ ਛੱਡ ਗਏ ਸਨ ਤਾਂ ਕੋਈ ਕਾਰਨ ਨਹੀਂ ਬਣਦਾ ਕਿ ਮੈਨੂੰ ਰਿਹਾਅ ਨਾ ਕੀਤਾ ਜਾਵੇ।

11 ਨਵੰਬਰ ਦਾ ਦਿਨ ਸੀ ਅਤੇ ਇਹ ਵੀ ਇਤਫ਼ਾਕ ਹੀ ਸੀ ਕਿ ਸਮਾਂ ਵੀ 11 ਵਜੇ ਹੀ ਸੀ ਜਦੋਂ ਕਮਿਸ਼ਨਰ ਨੇ ਮੈਨੂੰ ਬੁਲਾਇਆ। ਜਿਉਂ ਹੀ ਮੈਂ ਉਸਨੂੰ ਮਿਲਿਆ ਮੈਂ ਉਸਨੂੰ ਪੁੱਛਿਆ "ਕੀ ਉਹ ਮੇਰੀ ਰਿਹਾਈ ਦੇ ਹੁਕਮ ਦੇਣ ਆਇਆ ਸੀ?" ਉਹ ਹੱਕਾ ਬੱਕਾ ਰਹਿ ਗਿਆ। ਪਰੰਤੂ ਮੈਂ ਕੁਝ ਸਮਾਂ ਪਹਿਲਾਂ ਆਪਣੇ ਦਰਬਾਨ ਸਿਪਾਹੀ ਨੂੰ ਦੱਸ ਦਿੱਤਾ ਸੀ ਕਿ ਮੈਨੂੰ 11 ਨਵੰਬਰ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਹਿੰਦੁਸਤਾਨ ਆ ਕੇ ਮੈਨੂੰ ਪਤਾ ਲੱਗਾ ਕਿ ਕਰਤਾਰ ਸਿੰਘ ਜੋ ਮੈਨੂੰ ਸੁਫ਼ਨੇ ਵਿਚ ਮਿਲਿਆ ਸੀ, ਮੇਰੇ ਸੁਫ਼ਨੇ ਤੋਂ ਕੁਝ ਦਿਨ ਬਾਅਦ ਮਰ ਗਿਆ ਸੀ। ਇਸ ਲਈ ਮੈਨੂੰ ਬਹੁਤ ਦੁੱਖ ਹੋਇਆ।

ਲਾਲਾ ਲਾਜਪਤ ਰਾਏ ਵਾਂਗ ਮੈਂ ਆਪਣੀ ਗ੍ਰਿਫ਼ਤਾਰੀ ਅਤੇ ਮਾਂਡਲੇ ਵਿਚ ਕੈਦ ਹੋਣ ਦੀ ਪਟੀਸ਼ਨ ਨਹੀਂ ਸੀ ਪਾਈ।

16 ਅਪ੍ਰੈਲ 1907 ਨੂੰ ਲਾਹੌਰ ਵਿਖੇ ਗੜਬੜ ਹੋਈ ਜਿਸ ਵਿਚ ਮੇਰਾ ਵੱਡਾ ਭਰਾ ਸ. ਕਿਸ਼ਨ ਸਿੰਘ ਤੇ ਛੋਟਾ ਭਰਾ ਸ. ਸਵਰਨ ਸਿੰਘ ਸ਼ਾਮਲ ਸਨ। ਸ. ਕਿਸ਼ਨ ਸਿੰਘ, ਸੂਫ਼ੀ ਅੰਬਾ ਪ੍ਰਸਾਦ ਅਤੇ ਮਹਿਤਾ ਕਿਸ਼ੋਰ ਨਾਲ ਨਿਪਾਲ ਨੂੰ ਭੱਜ ਗਏ। ਸ. ਸਵਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸਨੂੰ ਡੇਢ ਸਾਲ ਦੀ ਕੈਦ ਹੋਈ। ਨਿਪਾਲ ਰਿਆਸਤ ਉਪਰੋਕਤ ਤਿੰਨਾਂ ਨੂੰ ਅੰਗਰੇਜ਼ ਸਰਕਾਰ ਦੇ ਹਵਾਲੇ ਕਰਨ ਲਈ ਰਾਜ਼ੀ ਨਾ ਹੋਈ। ਪਰੰਤੂ ਜਦੋਂ ਅੰਗਰੇਜ਼ ਸਰਕਾਰ ਨੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਦਾ ਵਾਇਦਾ ਕੀਤਾ ਤਾਂ ਨਿਪਾਲ ਨੇ ਉਨ੍ਹਾਂ ਨੂੰ ਅੰਗਰੇਜ਼ਾਂ ਨੂੰ ਸੌਂਪ ਦਿੱਤਾ। ਪਰੰਤੂ ਅੰਗਰੇਜ਼ ਸਰਕਾਰ ਨੇ ਆਪਣਾ ਵਾਇਦਾ ਨਿਭਾਇਆ ਨਹੀਂ। ਸੂਫ਼ੀ ਅੰਬਾ ਪ੍ਰਸਾਦ ਤੇ ਮਹਿਤਾ ਨੰਦ ਕਿਸ਼ੋਰ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਸ. ਕਿਸ਼ਨ ਸਿੰਘ ਨੂੰ ਸਜ਼ਾ ਹੋ ਗਈ।

ਮੈਂ ਅਲਾਹਾਬਾਦ ਤੋਂ "ਸਵਰਾਜ" ਅਖ਼ਬਾਰ ਚਾਲੂ ਕੀਤਾ। ਇਸ ਅਖ਼ਬਾਰ ਦੇ ਨੌਂ ਸੰਪਾਦਕਾਂ ਤੇ ਵਾਰੀ ਵਾਰੀ ਮੁਕੱਦਮਾ ਚਲਾਇਆ ਗਿਆ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ। ਇਹਨਾਂ ਵਿਚੋਂ ਪੰਜ ਪੰਜਾਬੀ ਸਨ।

ਭਾਰਤ ਮਾਤਾ ਸੁਸਾਇਟੀ ਦੇ ਲੋਕ ਗੁਪਤ ਤੇ ਖੁੱਲ੍ਹਾ ਦੋਹਾਂ ਪੱਧਰਾਂ ਤੇ ਕੰਮ ਕਰ ਰਹੇ ਸਨ। ਕਿਉਂਕਿ ਇਸ ਲਈ ਕੰਮ ਵੰਡ ਜ਼ਰੂਰੀ ਸੀ ਇਸ ਲਈ ਮੈਂ (ਲਾਲਾ) ਹਰਦਿਆਲ ਨੂੰ ਗੁਪਤ ਕੰਮ ਲਈ ਰੱਖਿਆ ਅਤੇ ਆਪਣੇ ਆਪ ਨੂੰ ਖੁੱਲ੍ਹੇ ਕੰਮ ਲਈ ਉਸਨੇ ਬੜੀ ਖ਼ੂਬਸੂਰਤੀ ਨਾਲ ਸਫ਼ਲਤਾ ਪੂਰਬਕ ਆਪਣਾ ਕੰਮ ਕੀਤਾ। ਅਲਬੱਤਾ ਹਿੰਦੁਸਤਾਨ 'ਤੋਂ ਸਾਡੇ ਚਲੇ ਜਾਣ ਨਾਲ ਸਾਡੇ ਕੁਝ ਬੰਦੇ ਮੁਸੀਬਤ ਵਿਚ ਫਸ ਗਏ ਜਿਵੇਂ ਕਿ ਮਾਸਟਰ ਅਮੀਰ ਚੰਦ ਦਿੱਲੀ ਸਾਜ਼ਿਸ਼ ਕੇਸ ਵਿਚ ਫਸ ਗਏ। ਉਸਦੀ ਵਧੀਆ ਇਨਕਲਾਬੀ ਲੇਖਕ ਦੇ ਤੌਰ 'ਤੇ ਸਮਰੱਥਾ ਨੂੰ ਦੇਖ ਕੇ ਕਿ ਉਹਨੂੰ ਕਿਹਾ ਗਿਆ ਸੀ ਕਿ ਆਪਣਾ ਸਾਰਾ ਸਮਾਂ ਲਿਖਣ ਤੇ ਗੁਪਤ ਸਾਹਿਤ ਛਾਪਣ ਤੇ ਲਾਵੇ। ਉਸ ਨੇ ਆਪਣਾ ਕੰਮ ਸਫ਼ਲਤਾ

ਨਾਲ ਕੀਤਾ। ਉਸ ਦੀ ਸ਼ਹੀਦੀ ਮੇਰੇ ਲਈ ਅਤੇ ਸੂਫ਼ੀ ਅੰਬਾ ਪ੍ਰਸਾਦ ਲਈ ਬੜੀ ਪ੍ਰੇਰਨਾਦਾਇਕ ਸੀ। ਸੂਫ਼ੀ ਸਾਹਿਬ ਨੇ ਮੈਨੂੰ ਦੱਸਿਆ ਕਿ ਆਪਣੇ ਸਾਥੀਆਂ ਅਵਧ ਬਿਹਾਰੀ, ਭਾਈ ਬਾਲ ਮੁਕੰਦ, ਬਸੰਤ ਕੁਮਾਰ ਬਿਸਵਾਸ ਨਾਲ ਉਸਨੇ ਬੜੀ ਬਹਾਦਰੀ ਨਾਲ ਮੁਕੱਦਮਾ ਲੜਿਆ ਅਤੇ ਆਪਣੀ ਦੇਸ਼ ਭਗਤੀ ਦਾ ਸਬੂਤ ਦਿੱਤਾ ਅਤੇ ਆਪਣੇ ਅੰਤਮ ਸਾਹਾਂ ਤੱਕ ਪਵਿੱਤਰ ਕਾਰਜ ਲਈ ਜੀਵੇ। ਉਹ ਆਪਣੇ ਅੰਦਰ ਲੋਕਾਂ ਲਈ ਅਥਾਹ ਪਿਆਰ ਲੈ ਕੇ ਸ਼ਹੀਦ ਹੋ ਗਏ ਅਤੇ ਲੋਕ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣਗੇ।

1907–1911 ਦੇ ਦਰਮਿਆਨ ਦੇਸ਼ ਧਰੋਹੀ ਦੇ ਸਾਰੇ ਕੇਸ, ਜਿਨ੍ਹਾਂ ਬਾਰੇ ਕਿਸੇ ਨੇ ਆਪਣਾ ਸੰਬੰਧ ਹੋਣ ਤੋਂ ਇਨਕਾਰ ਕਰ ਦਿੱਤਾ, ਮੇਰੇ ਤੇ ਪਾ ਦਿੱਤੇ ਗਏ। ਅਜਿਹੇ 25 ਕੇਸ ਸਨ। ਹਿੰਦੁਸਤਾਨ ਤੋਂ ਬਾਹਰ ਹੁੰਦਿਆਂ ਮੇਰੀ ਗ਼ੈਰਹਾਜ਼ਰੀ ਵਿਚ ਮੇਰੇ 'ਤੇ ਇਕ ਕੇਸ ਪਾਇਆ ਗਿਆ। ਇਕ ਵਾਰ ਭਾਈ ਪਰਮਾਨੰਦ ਦੇ ਘਰ ਦੀ ਤਲਾਸ਼ੀ ਲਈ ਗਈ ਅਤੇ ਉਸ ਵਿਚ ਕੁਝ ਹੋਰ ਕਾਗਜ਼ਾਂ ਦੇ ਨਾਲ ਇਕ ਨਕਸ਼ਾ ਸੀ, ਜਿਸ ਵਿਚ ਵੱਖ–ਵੱਖ ਛਾਉਣੀਆਂ, ਫੌਜਾਂ ਅਤੇ ਹਥਿਆਰਾਂ ਦੀ ਗਿਣਤੀ ਸੀ, ਫੜ੍ਹਿਆ ਗਿਆ। ਇਹ ਮੇਰੇ ਵੱਲੋਂ ਉਸਨੂੰ ਦਿੱਤੇ ਸਨ ਅਤੇ ਉਨ੍ਹਾਂ ਵਿਚ ਮੇਰੇ ਬਾਰੇ ਵੀ ਜ਼ਿਕਰ ਸੀ। ਪੰਜਾਬ ਦੇ ਕੁਝ ਪ੍ਰਸਿੱਧ ਵਿਅਕਤੀਆਂ ਨੇ ਮੇਰੇ ਨਾਲ ਸੰਬੰਧਾਂ ਤੋਂ ਇਨਕਾਰ ਕਰ ਦਿੱਤਾ।

(ਗਵਰਨਰ ਮਾਇਕਲ ਓਡਵਾਇਰ ਲਿਖਦਾ ਹੈ ਕਿ ਸਿੱਖ ਜਾਗੀਰਦਾਰਾਂ ਦਾ ਡੈਪੂਟੇਸ਼ਨ ਅਤੇ ਆਰੀਆ ਸਮਾਜ ਦਾ ਡੈਪੂਟੇਸ਼ਨ ਇਹ ਯਕੀਨ ਦਹਾਨੀ ਕਰਾਉਣ ਲਈ ਮਿਲ੍ਹਿਆ ਕਿ ਪਹਿਲੇ ਗਰੁਪ ਲਈ ਅਜੀਤ ਸਿੰਘ ਸਿੱਖ ਨਹੀਂ ਹੈ ਤੇ ਦੂਸਰਿਆਂ ਲਈ ਆਰੀਆ ਸਮਾਜੀ ਨਹੀਂ ਹੈ। –ਸੰਪਾਦਕ)

3.

ਇਰਾਨ ਵਿਚ

ਮੈਂ ਸੂਫ਼ੀ ਅੰਬਾ ਪ੍ਰਸਾਦ ਤੇ ਤਿੰਨ ਹੋਰਾਂ ਨਾਲ 1908 ਵਿਚ ਹਿੰਦੁਸਤਾਨ ਤੋਂ ਇਰਾਨ ਆਇਆ। ਉਨ੍ਹਾਂ ਦਿਨਾਂ ਵਿਚ ਦੇਸ਼ ਤੋਂ ਬਾਹਰ ਜਾਣ ਲਈ ਪਾਸਪੋਰਟ ਦੀ ਲੋੜ ਨਹੀਂ ਸੀ ਹੁੰਦੀ। ਆਸਾਨੀ ਨਾਲ ਅਸੀਂ ਕਰਾਚੀ ਤੋਂ ਕਿਸ਼ਤੀ ਵਿਚ ਸਵਾਰ ਹੋਏ ਅਤੇ ਬੁਸ਼ਾਇਰ ਲਈ ਚੱਲ ਪਏ। ਇਹ ਇਰਾਨੀ ਇਨਕਲਾਬ ਦਾ ਸਮਾਂ ਸੀ। ਬੁਸ਼ਾਇਰ ਪਹੁੰਚ ਕੇ ਜੋ ਅਸੀਂ ਸਭ ਤੋਂ ਪਹਿਲਾਂ ਕੀਤਾ, ਇਹ ਸੀ ਕਿ ਅਸੀਂ ਇਰਾਨੀ ਇਨਕਲਾਬੀ ਪਾਰਟੀ ਦੇ ਮੁਖੀ ਸਈਅਦ ਅਸਾਉਦੱਲਾ ਮੁਜਾਤੁਬਿਕ ਨਾਲ ਸੰਪਰਕ ਕੀਤਾ। ਮੈਂ ਸਈਅਦ ਅਸਾਉਦੁੱਲਾ ਮੁਜਾਤੁਬਿਕ ਨੂੰ ਆਪਣੇ ਵੱਲੋਂ ਪੰਜਾਬ

ਵਿਚ ਚਲਾਏ ਅੰਦੋਲਨ ਬਾਰੇ ਦੱਸਿਆ। ਇਹ ਇਕ ਸਫ਼ਲ ਅੰਦੋਲਨ ਸੀ ਤੇ ਅੰਦੋਲਨ ਦੇ ਸਿੱਟੇ ਵਜੋਂ ਅੰਗਰੇਜ਼ ਨੂੰ ਇਨ੍ਹਾਂ ਅਨਿਆਈ ਬਿੱਲਾਂ ਦਾ ਗਿਆਨ ਹੋ ਗਿਆ ਅਤੇ ਬਦਲਾ ਲੈਣ ਲਈ ਉਨ੍ਹਾਂ ਮੈਨੂੰ ਮਾਂਡਲੇ ਬਰਮਾ ਵਿਚ ਜਲਾਵਤਨ ਕਰ ਦਿੱਤਾ। ਬਦੇਸ਼ੀ ਸ਼ਾਸਕਾਂ ਦੁਆਰਾ ਲਾਏ ਹੋਏ ਬੇਨਿਆਈਂ ਕਾਨੂੰਨਾਂ ਵਿਰੁੱਧ ਲੋਕ ਲਹਿਰ ਦੇ ਦਬਾਅ ਅੱਗੇ ਸਰਕਾਰ ਨੂੰ ਝੁਕਣਾ ਪਿਆ ਤੇ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਪਏ ਅਤੇ ਹਾਕਮ ਕਦੇ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਲੋਕ ਵਿਦਰੋਹ ਕਰਨ ਅਤੇ ਉਨ੍ਹਾਂ ਨੂੰ ਬਦੇਸ਼ੀ ਰਾਕਸ਼ਾਂ ਦੇ ਜ਼ੁਲਮਾਂ ਵਿਰੁੱਧ ਖਲੋਅ ਸਕਣ ਦੀ ਸਿੱਖਿਆ ਦਿੱਤੀ ਜਾਵੇ। ਇਸ ਲਈ ਉਸਨੇ ਫ਼ੈਸਲਾ ਕੀਤਾ ਕਿ ਉਨ੍ਹਾਂ ਸਾਰਿਆਂ ਨੂੰ ਜਿਹੜੇ ਆਜ਼ਾਦੀ ਤੇ ਮੁਕਤੀ ਦੇ ਵਿਚਾਰਾਂ ਦਾ ਪ੍ਰਚਾਰ ਕਰਦੇ ਸਨ, ਉਨ੍ਹਾਂ ਨੂੰ ਉਮਰ ਭਰ ਲਈ ਜੇਲਾਂ ਵਿਚ ਸੁੱਟ ਦਿੱਤਾ ਜਾਵੇ। ਉਨ੍ਹਾਂ ਸਭ ਤੋਂ ਪਹਿਲਾਂ ਇਸ ਗਰੁੱਪ ਨੂੰ ਆਪਣਾ ਸ਼ਿਕਾਰ ਬਣਾਇਆ। ਇਹ ਉਹ ਗਰੁੱਪ ਹੈ ਜਿਸਦਾ ਜ਼ਿਕਰ ਉੱਪਰ ਆਇਆ ਹੈ। ਫਿਰ ਉਸਨੂੰ ਪੁੱਛਿਆ ਕਿ ਕੀ ਇਹ ਗਰੁੱਪ ਬਿਨਾਂ ਕਿਸੇ ਡਰ ਭਉ ਦੇ ਏਥੇ ਰਹਿ ਸਕਦਾ ਸੀ ਅਤੇ ਇਸ ਨੂੰ ਅੰਗਰੇਜ਼ ਸਰਕਾਰ ਦੇ ਪ੍ਰਤੀਨਿਧਾਂ ਦੁਆਰਾ ਖਿੱਚ ਧੂਹ ਨਹੀਂ ਕੀਤੀ ਜਾਵੇਗੀ। ਇਸ ਉੱਤੇ ਉਸਨੇ ਜਵਾਬ ਦਿੱਤਾ ਕਿ ਇਸ ਮੌਕੇ 'ਤੇ ਅੰਗਰੇਜ਼ ਆਪਣੀ ਮਰਜ਼ੀ ਨਾਲ ਕੁਝ ਵੀ ਕਰ ਸਕਦਾ ਸੀ। ਖ਼ਾਸ ਤੌਰ 'ਤੇ ਦੱਖਣੀ ਇਰਾਨ ਵਿਚ ਤਾਂ ਇਹ ਹਾਲਤ ਸੀ। ਇਸ ਦੇ ਉਸ ਨੇ ਕੁਝ ਵੱਖਰੇ ਕਾਰਨ ਦੱਸੇ।

ਤਹਿਰਾਨ ਦੀ ਨਵੀਂ ਸਰਕਾਰ ਕੋਲ ਨਾ ਤਾਂ ਸਮਾਂ ਹੈ ਤੇ ਨਾ ਹੀ ਤਾਕਤ ਕਿ ਉਹ ਦੇਸ਼ ਦੇ ਵੱਖੋ-ਵੱਖ ਹਿੱਸਿਆਂ ਉੱਤੇ ਆਪਣਾ ਅਸਰ ਪਾ ਸਕੇ ਅਤੇ ਸੱਚ ਬੋਲਦਿਆਂ ਕਿ ਨਵੀਂ ਵਿਧਾਨਕ ਸਰਕਾਰ ਦਾ ਪ੍ਰਭਾਵ ਅਜੇ ਸਿਰਫ਼ ਤਹਿਰਾਨ ਜਿਲ੍ਹੇ ਤੱਕ ਹੀ ਹੈ ਅਤੇ ਦੇਸ਼ ਦੇ ਦੱਖਣੀ ਜ਼ਿਲ੍ਹਿਆਂ ਵਿਚ ਅਨਾਰਕੀ ਅਤੇ ਗੜਬੜ ਚੱਲ ਰਹੀ ਹੈ। ਅਜੇ ਵਿਧਾਨਕ ਸਰਕਾਰ ਦੇ ਅਸਰ ਅੰਦਾਜ਼ ਹੋਣ ਦੇ ਆਸਾਰ ਵੀ ਨਹੀਂ ਸਨ। ਸਾਰੇ ਦੇਸ਼ ਵਿਚ ਹੀ ਅਨਾਰਕੀ ਫ਼ੈਲੀ ਹੋਈ ਹੈ। ਇਹਨਾਂ ਹਾਲਤਾਂ ਵਿਚ ਬੁਸ਼ਾਇਰ ਦਾ ਬ੍ਰਿਟਿਸ਼ ਕੌਂਸਲ ਜੋ ਕੁਝ ਵੀ ਚਾਹੇ, ਕਰ ਸਕਦਾ ਹੈ। ਹਿੰਦੁਸਤਾਨੀ ਸਿਪਾਹੀ ਅਤੇ ਘੋੜ ਸਵਾਰ ਉਸ ਦੇ ਹੁਕਮ ਵਿਚ ਸਨ।

ਉਹ (ਸਈਅਦ) ਇਰਾਨੀ ਮਾਮਲਿਆਂ ਵਿਚ ਬਰਤਾਨੀਆ ਦੀ ਦਖ਼ਲ ਅੰਦਾਜ਼ੀ ਤੋਂ ਅਪਮਾਨਤ ਮਹਿਸੂਸ ਕਰ ਰਿਹਾ ਸੀ। ਇਸ ਲਈ ਅਸੀਂ ਸਾਰੇ ਏਸ਼ੀਆ ਵਿਚ ਬਦੇਸ਼ੀ ਤੱਤ (ਅੰਗਰੇਜ਼) ਦੇ ਬਰਾਬਰ ਦੇ ਦੁਸ਼ਮਣ ਸੀ। ਸਾਡਾ ਸਾਂਝੇ ਦੁਸ਼ਮਣ ਵਿਰੁੱਧ ਲੜਨ ਦਾ ਸਾਂਝਾ ਕਾਜ ਸੀ। ਉਸ ਮੀਟਿੰਗ ਵਿਚ ਅਸੀਂ ਮਹਿਸੂਸ ਕੀਤਾ ਕਿ ਜਿੰਨੀ ਛੇਤੀ ਹੋ ਸਕੇ, ਅਸੀਂ ਬੁਸ਼ਾਇਰ ਤੋਂ ਚਲੇ ਜਾਈਏ। ਹੁਣ ਸਵਾਲ ਪੈਦਾ ਹੁੰਦਾ ਸੀ ਕਿ ਕਿੱਥੇ ਜਾਇਆ ਜਾਵੇ। ਯਕੀਨਨ ਸਾਡਾ ਨਿਸ਼ਾਨਾ ਸ਼ੀਰਾਜ ਸੀ ਅਤੇ ਅੰਗਰੇਜ਼ ਸਾਨੂੰ ਬੁਸ਼ਾਇਰ ਵਿਚ ਨਾ ਪਾ ਕੇ, ਇਹ ਕੁਦਰਤੀ ਸੀ ਕਿ ਉਹ

ਸਾਨੂੰ ਸ਼ੀਰਾਜ਼ ਦੀ ਸ਼ਾਹ ਸੜਕ 'ਤੇ ਲੱਭਦੇ। ਅਸੀਂ ਇਸ ਤੋਂ ਟਾਲਾ ਵਟ ਗਏ। ਇਸ ਲਈ ਅਸੀਂ ਤੁੰਗਸਥਾਨ ਵਿਚੋਂ ਦੀ ਜਾਣ ਦਾ ਫ਼ੈਸਲਾ ਕੀਤਾ। ਇਹ ਰਸਤਾ ਘੱਟ ਵਰਗਦਾ ਸੀ ਅਤੇ ਉਘੜ ਦੁਘੜਾ ਸੀ। ਇਸ ਤੋਂ ਇਰਾਨੀ ਵੀ ਜਾਣੋਂ ਘਬਰਾਉਂਦੇ ਸਨ। ਅਸੀਂ ਉਸੇ ਵੇਲੇ ਚਲ ਪਏ। ਉਸ ਨਾਲ ਸੰਪਰਕ ਬਣਾਈ ਰੱਖਣਾ ਜ਼ਰੂਰੀ ਸੀ ਕਿਉਂਕਿ ਸਾਡੇ ਪਹੁੰਚਣ ਦੇ ਕੁਝ ਦਿਨਾਂ ਬਾਅਦ ਹੀ ਅੰਗਰੇਜ਼ ਸਾਨੂੰ ਗ੍ਰਿਫ਼ਤਾਰ ਕਰਨਾ ਚਾਹੁੰਦਾ ਸੀ। ਇਸ ਲਈ ਅਸੀਂ ਇਸ ਰਾਹੇ ਜਾਣ ਦਾ ਫ਼ੈਸਲਾ ਕੀਤਾ ਕਿਉਂਕਿ ਸਾਨੂੰ ਡਰ ਸੀ ਕਿ ਬਰਤਾਨਵੀ ਘੋੜ ਸਵਾਰ ਕਿਤੇ ਸਾਡਾ ਪਿੱਛਾ ਨਾ ਕਰਨ। ਇਸ ਤਰ੍ਹਾਂ ਅਸੀਂ ਤੁੰਗਸਥਾਨ ਪਹੁੰਚੇ ਤੇ ਤੁੰਗਸਥਾਨ ਦੇ ਖ਼ਾਨ ਜੌੜੀ ਖਿਜ਼ਰ ਇਕ ਬੜੇ ਬਹਾਦਰ ਇਨਸਾਨ ਨੂੰ ਮਿਲੇ, ਜਿਸਨੇ ਸਾਡਾ ਨਿੱਘਾ ਸਵਾਗਤ ਕੀਤਾ।

ਅਸੀਂ ਤੁੰਗਸਥਾਨ ਦੇ ਖ਼ਾਨ ਕੋਲ ਸਿੱਧੇ ਹੀ ਬਿਨਾਂ ਕਿਸੇ ਜਾਣ ਪਛਾਣ ਅਤੇ ਸਿਫ਼ਾਰਸ਼ ਤੋਂ ਪਹੁੰਚੇ। ਸੂਫ਼ੀ ਜੀ ਨੇ ਉਸ ਸਾਹਮਣੇ ਪੇਸ਼ ਹੋ ਕੇ ਖ਼ਾਨ ਨੂੰ ਸਭ ਕੁਝ ਸੱਚ ਸੱਚ ਦੱਸਿਆ ਕਿ ਅਸੀਂ ਕਿਸ ਹਾਲਤ ਵਿਚ ਸੀ। ਖ਼ਾਨ ਨੇ ਸਾਡੇ ਕਾਜ਼ ਪ੍ਰਤੀ ਬਹੁਤ ਹਮਦਰਦੀ ਵਿਖਾਈ ਅਤੇ ਹਰ ਤਰ੍ਹਾਂ ਦੀ ਸਹਾਇਤਾ ਦੀ ਪੇਸ਼ਕਸ਼ ਕੀਤੀ ਅਤੇ ਕਿਹਾ ਕਿ ਅਸੀਂ ਜਿੰਨਾ ਚਿਰ ਚਾਹੀਏ ਉੱਥੇ ਰਹਿ ਸਕਦੇ ਸਾਂ ਅਤੇ ਅਸੀਂ ਪੂਰੀ ਤਰ੍ਹਾਂ ਸੁਰਖਿਅਤ ਸਾਂ ਜਦੋਂ ਤੱਕ ਕਿ ਉਹ ਜੀਉਂਦਾ ਸੀ। ਸੂਫ਼ੀ ਜੀ ਨੇ ਉਸਦਾ ਧੰਨਵਾਦ ਕੀਤਾ। ਉਸਨੇ ਸਾਡੇ ਨਾਲ ਖ਼ਾਸ ਮਹਿਮਾਨਾਂ ਵਾਲਾ ਸਲੂਕ ਕੀਤਾ। ਅਸੀਂ ਉਸ ਆਜ਼ਾਦ ਥਾਂ ਘਰ ਵਾਂਗੂ ਆਜ਼ਾਦ ਮਹਿਸੂਸ ਕੀਤਾ। (ਹਿੰਦੁਸਤਾਨ ਵਿਚ ਨਹੀਂ)

ਕੁਝ ਘੰਟਿਆਂ ਬਾਦ ਹੀ ਅੰਗਰੇਜ਼ ਘੋੜ ਸਵਾਰ ਆ ਗਏ। ਤੁੰਗਸਥਾਨ ਦੇ ਖ਼ਾਨ ਨੇ ਸਾਨੂੰ ਪੁੱਛਿਆ ਕਿ ਅਸੀਂ ਅੰਗਰੇਜ਼ ਘੋੜ ਸਵਾਰਾਂ ਨਾਲ ਕੀ ਕਰਨਾ ਚਾਹੁੰਦੇ ਸਾਂ। ਕੀ ਅਸੀਂ ਉਨ੍ਹਾਂ ਨੂੰ ਕੈਦ ਕਰਨਾ ਚਾਹੁੰਦੇ ਸਾਂ ਜਾਂ ਕਿਸੇ ਹੋਰ ਤਰ੍ਹਾਂ ਸਜ਼ਾ ਦੇਣੀ ਚਾਹੁੰਦੇ ਸਾਂ। ਅਸੀਂ ਕਿਹਾ ਕਿ ਉਨ੍ਹਾਂ ਨੂੰ ਵਾਪਸ ਚਲੇ ਜਾਣ ਦਿੱਤਾ ਜਾਵੇ ਹੋਰ ਕੁਝ ਜ਼ਰੂਰੀ ਵੀ ਨਹੀਂ ਸੀ। ਇਸ ਉੱਤੇ ਬਹਾਦਰ ਖ਼ਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਵਾਰ ਜੀਉਂਦੇ ਜਾਣ ਦੀ ਆਗਿਆ ਹੈ, ਪਰ ਜੇਕਰ ਉਨ੍ਹਾਂ ਨੇ ਮੁੜ ਕੇ ਇਹੋ ਜਿਹੀ ਹਰਕਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਜੀਉਂਦੇ ਵਾਪਸ ਨਹੀਂ ਜਾਣਗੇ। ਘੋੜ ਸਵਾਰਾਂ ਨੇ ਖ਼ਾਨ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੂੰ ਜੀਉਂਦੇ ਵਾਪਸ ਜਾ ਲੈਣ ਦਿੱਤਾ ਗਿਆ ਸੀ। ਕੁੱਲ ਚਾਰ ਘੋੜ ਸਵਾਰ ਸਨ। ਅਸੀਂ ਕੁਝ ਦਿਨ ਓਥੇ ਰਹੇ ਅਤੇ ਫਿਰ ਅਸੀਂ ਜਾਣ ਦੀ ਇੱਛਾ ਪ੍ਰਗਟ ਕੀਤੀ। ਖ਼ਾਨ ਨੇ ਸਾਨੂੰ ਕੁਝ ਹੋਰ ਦਿਨ ਰਹਿਣ ਲਈ ਜ਼ੋਰ ਪਾਇਆ। ਪਹਾੜੀਆਂ 'ਤੇ ਇਥੇ ਸੁੰਦਰ ਬਾਗ ਸਨ ਜਿਥੇ ਅਸੀਂ ਆਰਾਮ ਨਾਲ ਵਿਚਾਰ ਕਰ ਸਕਦੇ ਸੀ।

ਸਾਡੇ ਤੁੰਗਸਥਾਨ ਤੋਂ ਜਾਣ ਤੋਂ ਪਹਿਲਾਂ ਵਾਪਰੀ ਅਜੀਬ ਘਟਨਾ

ਜਦੋਂ ਅਸੀਂ ਖ਼ਾਨ ਕੋਲੋਂ ਜਾਣ ਦਾ ਫ਼ੈਸਲਾ ਕੀਤਾ ਤਾਂ ਅਸੀਂ ਦੇਸ਼ ਦੇ ਉੱਤਰ ਵੱਲ ਜਾਣ ਦਾ ਫ਼ੈਸਲਾ ਕੀਤਾ ਅਤੇ ਖ਼ਾਨ ਦੀ ਬਹੁਤ ਹੀ ਵਧੀਆ ਮੇਜ਼ਬਾਨੀ ਦਾ ਧੰਨਵਾਦ ਕਰਨ ਲਈ ਸੂਫ਼ੀ ਜੀ ਨੇ ਖ਼ਾਨ ਦੇ ਸੈਕਟਰੀ ਨੂੰ ਪਹੁੰਚ ਕੀਤੀ ਅਤੇ ਆਪਣੇ ਜਾਣ ਦੀ ਮਰਜ਼ੀ ਦੱਸੀ। ਸੈਕਟਰੀ ਦਾ ਚਿਹਰਾ ਪੀਲਾ ਪੈ ਗਿਆ ਅਤੇ ਉਸਨੇ ਸੂਫ਼ੀ ਸਾਹਿਬ ਨੂੰ ਕਿਹਾ "ਤੁਸੀਂ ਸੱਚਮੁੱਚ ਇਹ ਥਾਂ ਛੱਡ ਨਹੀਂ ਸਕਦੇ। ਇਹ ਖ਼ਾਨ ਅਤੇ ਉਸਦੇ ਪਰਿਵਾਰ ਲਈ ਬੜੇ ਸਦਮੇ ਵਾਲੀ ਗੱਲ ਹੋਵੇਗੀ।" ਇਸ ਉੱਤੇ ਸੂਫ਼ੀ ਜੀ ਨੇ ਕਿਹਾ ਕਿ ਅਸੀਂ ਨਾਜਾਇਜ਼ ਲਾਭ ਨਹੀਂ ਲੈਣਾ ਚਾਹੁੰਦੇ। ਅਸੀਂ ਉਨ੍ਹਾਂ ਦੇ ਅਹਿਸਾਨ ਥੱਲੇ ਦੱਬੇ ਗਏ ਸਾਂ ਅਤੇ ਉਨ੍ਹਾਂ ਦੇ ਇਹ ਸਭ ਕੁਝ ਕਰਨ ਲਈ ਅਹਿਸਾਨਮੰਦ ਸਾਂ ਅਤੇ ਕੁਦਰਤੀ ਸੀ ਕਿ ਅਸੀਂ ਬੜੇ ਭਰੇ ਮਨ ਨਾਲ ਉਸਨੂੰ ਛੱਡ ਕੇ ਜਾ ਰਹੇ ਸਾਂ। ਇਹ ਕੋਈ ਨਵੀਂ ਗੱਲ ਨਹੀਂ ਸੀ। ਅਸੀਂ ਪਹਿਲਾਂ ਹੀ ਉਸ ਨੂੰ ਦੱਸ ਚੁੱਕੇ ਸਾਂ ਕਿ ਉਸਦੇ ਇਲਾਕੇ ਵਿਚੋਂ ਲੰਘ ਕੇ ਅਸੀਂ ਸ਼ੀਰਾਜ਼ ਜਾਣਾ ਸੀ। ਪਰੰਤੂ ਰੋਕਣ ਦਾ ਕਾਰਨ ਅਜੀਬ ਲੱਗਦਾ ਸੀ। ਸੂਫ਼ੀ ਜੀ ਨੇ ਪੁੱਛਿਆ ਕਿ "ਕੀ ਉਹ ਮਿਹਰਬਾਨੀ ਕਰਕੇ ਇਸ ਬਾਰੇ ਦੱਸ ਸਕਦਾ ਸੀ?" ਤਾਂ ਬੇਚਾਰੇ ਸੈਕਟਰੀ ਨੇ ਖ਼ਾਨ ਦੀ ਧੀ ਦੀ ਅਜੀਬ ਘਟਨਾ ਦੱਸੀ। ਆਪਣੇ ਪਿਤਾ-ਤੋਂ ਸਾਡੀ ਕਹਾਣੀ ਸੁਣ ਕੇ ਉਤਸੁਕਤਾ ਵੱਸ ਉਸ ਨੇ ਮੈਨੂੰ ਦੋ ਵਾਰ ਵੇਖਣ ਦਾ ਪ੍ਰਬੰਧ ਕੀਤਾ। ਉਹ ਮੇਰੇ 'ਤੇ ਮੋਹਿਤ ਹੋ ਗਈ ਸੀ ਅਤੇ ਮੇਰੇ ਨਾਲ ਵਿਆਹ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ। ਸਾਡੇ ਜਾਣ ਦੀ ਖ਼ਬਰ ਤੋਂ ਸੈਕਟਰੀ ਦੀ ਪ੍ਰੇਸ਼ਾਨੀ ਦੀ ਹੁਣ ਸਮਝ ਪਈ। ਫਿਰ ਉਸਨੇ ਖ਼ਾਨ ਦੀਂ ਜ਼ਮੀਨ ਅਤੇ ਪਹਾੜੀਆਂ ਦੀ ਜਾਇਦਾਦ ਗਿਣਾਈ, ਉਸਦੀ ਫੌਜ ਤੇ ਆਮਦਨ ਬਾਰੇ ਦੱਸਿਆ ਅਤੇ ਉਸਦਾ ਆਪਣੀ ਧੀ ਦੇ ਲਈ ਸਨੇਹ ਬਾਰੇ ਦੱਸਿਆ ਅਤੇ ਅਖ਼ੀਰ ਵਿਚ ਦੱਸਿਆ ਕਿ ਸਾਡੇ ਜਾਣ ਦੀ ਖ਼ਬਰ ਖ਼ਾਨ ਲਈ ਸਦਮੇ ਵਾਲੀ ਹੋਵੇਗੀ ਅਤੇ ਉਸ ਵਿਚ ਇਹ ਖ਼ਬਰ ਦੇਣ ਦਾ ਹੌਸਲਾ ਨਹੀਂ। ਸੂਫ਼ੀ ਉਸ ਸਮੇਂ ਉਸ ਕੋਲੋਂ ਆ ਗਿਆ ਅਤੇ ਵਾਪਸ ਆ ਕੇ ਮੈਨੂੰ ਸਾਰੀ ਕਹਾਣੀ ਸੁਣਾਈ। ਮੈਂ ਸੂਫ਼ੀ ਨੂੰ ਆਪਣੇ ਨਾਲ ਸੈਕਟਰੀ ਕੋਲ ਜਾਣ ਲਈ ਕਿਹਾ ਅਤੇ ਖ਼ਾਨ ਦੀ ਹਾਜ਼ਰੀ ਵਿਚ ਪਹੁੰਚਣ ਲਈ ਆਖਿਆ ਅਤੇ ਆਪਣਾ ਦਿਲੀ ਧੰਨਵਾਦ ਕਹਿਣ ਲਈ ਆਖਿਆ। ਅਤੇ ਜੇ ਅਚਾਨਕ ਕੋਈ ਪਿਆਰ ਕਹਾਣੀ ਦਾ ਵਰਣਨ ਆਇਆ ਤਾਂ ਮੈਂ ਖ਼ਾਨ ਨੂੰ ਆਪਣੇ ਮਿਸ਼ਨ ਬਾਰੇ ਬਿਆਨ ਕਰਾਂਗਾ ਜੋ ਮੇਰੇ ਵਿਚਾਰ ਨਾਲ ਅਤੇ ਜਿਨ੍ਹਾਂ ਕਰਕੇ ਮੈਨੂੰ ਥਾਂ ਪੁਰ ਥਾਂ ਜਾਣਾ ਪੈਣਾ ਸੀ। ਇਹੋ ਇਕੋ ਚੀਜ਼ ਸੀ ਜਿਸ ਦੀ ਖ਼ਾਤਰ ਮੈਂ ਤੇ ਮੇਰੇ ਸਾਥੀ ਜਿਉਂਦੇ ਸਾਂ ਅਤੇ ਅਸੀਂ ਸਾਰੇ ਇਸੇ ਕਾਜ਼ ਨੂੰ ਪ੍ਰਣਾਏ ਹੋਏ ਸਾਂ। ਇਸ ਅਨੁਸਾਰ ਸੂਫ਼ੀ ਜੀ ਸੈਕਟਰੀ ਨੂੰ ਮਿਲੇ ਅਤੇ ਦੱਸਿਆ ਕਿ ਜੇਕਰ ਖ਼ਾਨ ਦੇ ਦਰਬਾਰ ਵਿਚ ਪੇਸ਼ ਹੋਣ ਦੀ ਇਜਾਜ਼ਤ ਦੇਵੇ ਤਾਂ ਉਹ ਖ਼ੁਦ ਜਾਣ ਲਈ ਤਿਆਰ ਸੀ ਤੇ ਉਸਨੂੰ ਜਾਣ ਲਈ ਬੇਨਤੀ ਕਰ ਸਕਦਾ ਸੀ। ਸੈਕਟਰੀ

ਨੇ ਸੂਫ਼ੀ ਸਾਹਿਬ ਨੂੰ ਖ਼ਾਨ ਕੋਲ ਜਾਣ ਦਾ ਪ੍ਰਬੰਧ ਕੀਤਾ ਅਤੇ ਸੂਫ਼ੀ ਸਾਹਿਬ ਨੇ ਮੇਰਾ ਸੁਨੇਹਾ ਖ਼ਾਨ ਨੂੰ ਦਿੱਤਾ। ਖ਼ਾਨ ਬੜਾ ਉਦਾਸ ਹੋਇਆ ਅਤੇ ਸੂਫ਼ੀ ਜੀ ਨੂੰ ਉਹੀ ਕੁਝ ਦੱਸਿਆ ਜੋ ਉਹ ਸੈਕਟਰੀ ਤੋਂ ਸੁਣ ਚੁੱਕਾ ਸੀ ਅਤੇ ਉਸਨੇ ਸੂਫ਼ੀ ਜੀ ਨੂੰ ਫਿਰ ਬੇਨਤੀ ਕੀਤੀ ਕਿ ਜੇਕਰ ਉਹ ਅੱਗੇ ਜਾਣ ਤੋਂ ਪਹਿਲਾਂ ਘੱਟ ਘੱਟ ਕੁਝ ਹੋਰ ਹਫ਼ਤੇ ਠਹਿਰ ਸਕਣ ਪਰੰਤੂ ਸੂਫ਼ੀ ਜੀ ਨੇ ਦੱਸਿਆ ਕਿ ਸਾਡਾ ਮਿਸ਼ਨ ਸਾਨੂੰ ਹੋਰ ਦੇਰੀ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਅਤੇ ਅਸੀਂ ਉਸ ਦੇ ਅਹਿਸਾਨ ਥੱਲੇ ਦੱਬੇ ਹੋਏ ਸਾਂ। ਅੱਗੇ ਜਾਣਾ ਸਾਡੀ ਮਜ਼ਬੂਰੀ ਸੀ ਅਤੇ ਸਾਨੂੰ ਬੜੀ ਖ਼ੁਸ਼ੀ ਹੋਵੇਗੀ ਜੇ ਉਹ ਦੇਹਦਸਤ ਦੇ ਖ਼ਾਨ ਨੂੰ ਸਾਡੀ ਸਿਫ਼ਾਰਸ਼ ਕਰ ਦੇਵੇ। ਇਸ ਦਾ ਉਸਨੇ ਵਾਅਦਾ ਕੀਤਾ ਕਿ ਜੇਕਰ ਸਾਡੇ ਠਹਿਰਨ ਦਾ ਕੋਈ ਹੋਰ ਰਾਹ ਨਹੀਂ ਸੀ ਤਾਂ ਅਸੀਂ ਅਗਲੀ ਸਵੇਰ ਜਾ ਸਕਦੇ ਸਾਂ। ਪਰ ਅਸੀਂ ਕਿਹਾ ਕਿ ਸਾਨੂੰ ਜਾਣਾ ਹੀ ਪੈਣਾ ਸੀ। ਇਸ ਉੱਤੇ ਉਸਨੇ ਡੇਹਦਸਤ ਦੇ ਖ਼ਾਨ ਨੂੰ ਸੁਨੇਹਾ ਭੇਜਿਆ। ਉਸਨੇ ਸਾਡੀ ਹਿਫਾਜ਼ਤ ਲਈ 200 ਘੋੜ ਸਵਾਰ ਭੇਜੇ। ਅਸੀਂ ਹੋਰ ਇਕ ਦਿਨ ਲਈ ਉਸ ਦੇ ਮਹਿਮਾਨ ਰਹੇ। ਅਸੀਂ ਸਲਾਤ-ਉਦ-ਦੀਨ ਦੌਲਾ ਨੂੰ ਮਿਲਣਾ ਚਾਹੁੰਦੇ ਸੀ। ਸਲਾਤ-ਉਦ-ਦੀਨ ਦੌਲਾ ਕੋਲ 83,000 ਸਿਪਾਹੀ ਸਨ। ਜਮਾਲ ਖ਼ਾਨ ਚਾਹੁੰਦਾ ਸੀ ਕਿ ਅਸੀਂ ਉਸ ਕੋਲ ਹੋਰ ਠਹਿਰੀਏ, ਪਰੰਤੂ ਅਸੀਂ ਠਹਿਰ ਨਹੀਂ ਸੀ ਸਕਦੇ। ਸਲਾਤ-ਉਦ-ਦੀਨ ਦੌਲਾ ਨਮਾਦ ਕਬੀਲਿਆਂ ਕੁਸੁਕੁਨੀ ਅਤੇ ਖ਼ੁਨਾ ਕਬੀਲਿਆਂ ਦਾ ਸਰਦਾਰ ਸੀ ਜਿਸ ਬਾਰੇ ਮਹਾਨ ਇਰਾਨੀ ਕਵੀ ਹਾਫ਼ਿਜ਼ ਨੇ ਇਹ ਸ਼ੇਅਰ ਲਿਖਿਆ ਸੀ

ਅਗਰ ਅਨ ਤੁਰਕ ਸ਼ੀਰਾਜ਼ੀ ਬਾਦਸਤ ਅਰਾਦ ਦਿਲੇ ਮਾਰਾ
ਬਖਾਲ ਹਿੰਦੂਆਸ਼ ਸਰਕੇਦੋ ਬੁਖਾਰਾ-ਮ।

ਅਸੀਂ ਇਹਨਾਂ ਕਬੀਲਿਆਂ ਕੋਲ ਕਾਫ਼ੀ ਚੰਗਾ ਸਮਾਂ ਬਿਤਾਇਆ। ਇਹ ਕਬੀਲੇ ਤੰਬੂਆਂ ਵਿਚ ਰਹਿੰਦੇ ਅਤੇ ਇਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਦੇ ਰਹਿੰਦੇ ਸਨ। ਉਨ੍ਹਾਂ ਸਾਡੀ ਬੜੀ ਚੰਗੀ ਤਰ੍ਹਾਂ ਆਓ ਭਗਤ ਕੀਤੀ। ਅਗਲੇ ਦਿਨ ਕੁਝ ਨੇ ਮੇਰੀ ਘੜੀ ਦੇਖੀ ਅਤੇ ਉਸ ਦੀ ਟਿਕ ਟਿਕ ਦੀ ਆਵਾਜ਼ ਸੁਣੀ। ਇਸ ਤੋਂ ਪਹਿਲਾਂ ਉਨ੍ਹਾਂ ਕਦੇ ਘੜੀ ਨਹੀਂ ਸੀਂ ਦੇਖੀ ਅਤੇ ਉਨ੍ਹਾਂ ਸੋਚਿਆ ਕਿ ਇਸ ਦੇ ਅੰਦਰ ਕੋਈ ਕੀੜਾ ਹੋਵੇਗਾ। ਜਿਹੜਾ ਇਸ ਦੇ ਚੱਕਰ ਨੂੰ ਚਲਾ ਰਿਹਾ ਹੋਵੇਗਾ। ਇਹ ਕਬੀਲੇ ਦੁਨੀਆਂ ਬਾਰੇ ਬਹੁਤ ਘੱਟ ਜਾਣਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਦੁਨੀਆਂ ਦੇ ਸਾਰੇ ਰਾਜੇ ਇਰਾਨੀ ਰਾਜੇ ਦੇ ਅਧੀਨ ਸਨ। ਉਨ੍ਹਾਂ ਨੂੰ ਹੋਰ ਸਰਕਾਰਾਂ ਬਾਰੇ ਬਿਲਕੁਲ ਵੀ ਪਤਾ ਨਹੀਂ ਸੀ। ਮੁਸ਼ਰੁਤੇ ਇਨਕਲਾਬ ਦਾ ਮੁਖੀ ਸੀ। ਧਾਰਮਿਕ ਲੀਡਰਾਂ ਨੇ ਫਤਵਾ ਦਿੱਤਾ ਸੀ ਕਿ ਰਾਜੇ ਦੇ ਵਿਰੁੱਧ ਮੁਸ਼ਰੁਤੇ ਦਾ ਸਾਥ ਦਿੱਤਾ ਜਾਵੇ। ਮੁਸ਼ਰੁਤੇ ਬਜ਼ੁਰਗ ਲੰਬੀ ਚਿੱਟੀ ਦਾੜ੍ਹੀ ਵਾਲਾ ਦਾਨਾ ਪੁਰਖ, ਚਮਕੀਲੀਆਂ ਅੱਖਾਂ ਵਾਲਾ ਤੇ ਸਖੀ ਦਿਲ ਇਨਸਾਨ ਸੀ। ਮੈਂ ਉਸ ਨਾਲ ਲੰਮਾ

ਸਮਾਂ ਰਿਹਾ। ਮੈਂ ਪਹਿਲਾਂ ਸੂਫ਼ੀ ਜੀ ਨੂੰ ਸ਼ੀਰਾਜ਼ ਭੇਜਿਆ। ਅੰਗਰੇਜ਼ਾਂ ਨੇ ਸਰਾਤ-ਉਦ-ਦੌਲਾ ਨੂੰ ਇਹ ਸੋਚ ਕੇ ਕਈ ਤੋਹਫ਼ੇ ਭੇਜੇ ਕਿ ਉਹ ਸਾਨੂੰ ਉਨ੍ਹਾਂ ਦੇ ਹਵਾਲੇ ਕਰ ਦੇਵੇਗਾ ਪਰ ਅਜਿਹਾ ਕੁਝ ਨਹੀਂ ਵਾਪਰਿਆ। ਜਦੋਂ ਅਸੀਂ ਇਰਾਨ ਪਹੁੰਚੇ ਸਾਂ ਤਾਂ ਉਥੇ ਅਨਾਰਕੀ ਦੀ ਹਾਲਤ ਬਣੀ ਹੋਈ ਸੀ। ਜਦੋਂ ਮੈਂ ਉਸ ਕੋਲੋਂ ਆਇਆ ਤਾਂ ਮੇਰੇ ਤਿੰਨ ਸਾਥੀ ਹੀ ਸੀ-ਇਕ ਹਿੰਦੁਸਤਾਨ ਨੂੰ ਮੁੜ ਗਿਆ, ਇਕ ਨੂੰ ਜਿਸਦਾ ਨਾਂ ਰਿਖੀਕੇਸ਼ (ਲਠਾ) ਸੀ, ਮੈਂ ਅਮਰੀਕਾ ਭੇਜ ਦਿੱਤਾ। ਜਦੋਂ ਅਸੀਂ ਆਪਣੇ ਸਫ਼ਰ 'ਤੇ ਅੱਗੇ ਵਧ ਰਹੇ ਸਾਂ, ਰਿਖੀਕੇਸ਼ ਮੇਰੇ ਤੋਂ 100 ਮੀਟਰ ਪਿੱਛੇ ਸੀ ਅਤੇ ਅਸੀਂ ਇਕ ਨਦੀ ਤੇ ਪੁੱਜੇ ਜਿਹੜੀ ਪਹਿਲਾਂ ਵੀ ਸਾਡੇ ਰਾਹ ਵਿਚ ਆਈ ਸੀ। ਤਿੰਨ ਆਦਮੀ ਜਿਨ੍ਹਾਂ ਕੋਲ ਰਾਈਫ਼ਲਾਂ ਵੀ ਸਨ, ਉਦੋਂ ਹੀ ਨਦੀ ਉੱਤੇ ਪਹੁੰਚੇ ਜਦੋਂ ਮੈਂ ਪਹੁੰਚਿਆ। ਉਨ੍ਹਾਂ 'ਚੋਂ ਇਕ ਨੇ ਮੈਨੂੰ ਪੁੱਛਿਆ ਕਿ ਅਸੀਂ ਕਿੱਥੇ ਜਾ ਰਹੇ ਸੀ। ਮੈਂ ਉਸਨੂੰ ਪੁੱਛਿਆ ਕਿ ਉਸ ਦਾ ਇਸ ਨਾਲ ਕੀ ਲੈਣਾ ਦੇਣਾ ਸੀ ਕਿ ਮੈਨੂੰ ਇਹ ਸਵਾਲ ਪੁੱਛੇ। ਇਸ ਉੱਤੇ ਉਸਨੇ ਮੈਨੂੰ ਜੱਫਾ ਮਾਰਿਆ ਅਤੇ ਮੇਰੇ 'ਤੇ ਹਮਲਾ ਕਰ ਦਿੱਤਾ। ਮੈਂ ਉਸਦੀ ਰਾਈਫ਼ਲ ਕਾਬੂ ਕਰ ਲਈ ਤੇ ਉਹ ਹੇਠਾਂ ਡਿੱਗ ਪਿਆ। ਮੈਂ ਉਸਦੀ ਰਾਈਫ਼ਲ ਖੋਹ ਲਈ। ਦੂਸਰੇ ਦੋਹਾਂ ਨੇ ਵੀ ਮੈਨੂੰ ਜੱਫਾ ਮਾਰਿਆ। ਉਹ ਮੈਨੂੰ ਕੁੱਟਣ ਲੱਗੇ ਤਾਂ ਮੈਂ ਹੱਸਣ ਲੱਗਾ ਇਸ ਵੇਲੇ ਰਿਖੀਕੇਸ਼ ਵੀ ਆ ਗਿਆ। ਉਹ ਵੀ ਲੜਾਈ ਵਿਚ ਸ਼ਾਮਲ ਹੋ ਗਿਆ ਅਤੇ ਰਾਈਫ਼ਲਾਂ ਵਾਲਿਆਂ ਤੋਂ ਕੁੱਟਿਆ ਗਿਆ। ਉਹ ਰੋ ਰਿਹਾ ਸੀ। ਰਿਖੀਕੇਸ਼ ਨੇ ਮੈਨੂੰ ਪੁੱਛਿਆ ਕਿ ਮੈਂ ਕਿਹੜੀ ਗੱਲੋਂ ਹੱਸ ਰਿਹਾ ਸੀ। ਮੈਂ ਇਸ ਅਜੀਬ ਤਜ਼ਰਬੇ 'ਤੇ ਹੱਸ ਰਿਹਾ ਸਾਂ। ਇਹ ਪਹਿਲਾ ਮੌਕਾ ਸੀ ਕਿ ਮੈਨੂੰ ਮਾਰ ਪੈ ਰਹੀ ਸੀ। ਰਾਈਫ਼ਲਮੈਨ ਸਾਨੂੰ ਇਕ ਉਜਾੜ ਥਾਂ 'ਤੇ ਲੈ ਗਏ ਜਿਥੇ ਉਨ੍ਹਾਂ ਅੱਖਾਂ ਬੰਦ (ਕੋਰਸ਼ਟ) ਕਰਨ ਲਈ ਕਿਹਾ ਤਾਂ ਕਿ ਉਹ ਸਾਡੇ ਕੋਲੋਂ ਸਾਰਾ ਪੈਸਾ ਅਤੇ ਕਾਂਗਜ਼ ਪੱਤਰ ਲੈ ਸਕਣ। ਆਪਣੀਆਂ ਅੱਖਾਂ ਬੰਦ ਕਰਨ ਦੇ ਬਹਾਨੇ ਸਾਨੂੰ ਉਨ੍ਹਾਂ ਨੂੰ ਨੇੜਿਉਂ ਦੇਖਣ ਦਾ ਮੌਕਾ ਮਿਲਿਆ, ਜਦੋਂ ਉਹ ਸਾਨੂੰ ਲੁੱਟ ਰਹੇ ਸਨ। ਉਸ ਵੇਲੇ ਇਹ ਬੜੀ ਘੱਟ ਉਮੀਦ ਸੀ ਕਿ ਅਸੀਂ ਬਾਅਦ ਵਿਚ ਉਨ੍ਹਾਂ ਨੂੰ ਪਹਿਚਾਣ ਸਕਦੇ। ਉਨ੍ਹਾਂ ਸਾਡੇ ਬਹੁਤ ਸਾਰੇ ਪੈਸੇ ਖੋਹ ਲਏ ਪਰ ਮੈਂ ਕੁਝ ਨੋਟ ਬਚਾ ਸਕਣ ਵਿਚ ਕਾਮਯਾਬ ਹੋ ਗਿਆ ਜਿਹੜੇ ਮੈਂ ਤਹਿਰਾਨ ਦੇ ਇਮਾਮ-ਏ-ਜੁਮਾਂ ਨੂੰ ਲਿਖੇ ਖ਼ਤ ਵਿਚ ਕਾਹਲੀ ਨਾਲ ਰੱਖ ਲਏ ਸਨ। ਸਾਨੂੰ ਲੁੱਟਣ ਤੋਂ ਬਾਅਦ ਉਨ੍ਹਾਂ ਆਖਿਆ ਕਿ ਅਸੀਂ ਆਪਣੀ ਥਾਂ ਤੋਂ ਨਾ ਹਿੱਲੀਏ ਨਹੀਂ ਤਾਂ ਉਹ ਸਾਨੂੰ ਗੋਲੀ ਮਾਰ ਦੇਣਗੇ। ਮੈਂ ਉੱਠ ਖੜ੍ਹਾ ਹੋਇਆ ਅਤੇ ਆਪਣੇ ਰਾਹ ਚੱਲ ਪਿਆ ਭਾਵੇਂ ਕਿ ਰਿਖੀਕੇਸ਼ ਨੇ ਮੈਨੂੰ ਕਿਹਾ ਕਿ ਉਨ੍ਹਾਂ ਦੀ ਹੁਕਮ ਅਦੂਲੀ ਬਦਲੇ ਆਪਣੀ ਜਾਨ ਖ਼ਤਰੇ ਵਿਚ ਨਹੀਂ ਪਾਉਣੀ ਚਾਹੀਦੀ। ਇਹ ਖ਼ਬਰ ਖ਼ਾਨ ਅਲੀ ਖ਼ਾਨ ਦੇ ਚਚੇਰੇ ਭਰਾ ਸਲਾਦ-ਉਦ-ਦੌਲਾ ਕੋਲ ਪੁੱਜੀ। ਉਸਨੇ ਕੁਤਖਦਾ (ਨੇੜਲੇ ਪਿੰਡ ਦੇ ਮੁਖੀ) ਨੂੰ ਦੋਸ਼ੀਆਂ ਨੂੰ ਲੱਭਣ ਲਈ ਆਖਿਆ। ਉਸਨੇ ਸਾਡੀ ਨਿਸ਼ਾਨ ਦੇਹੀ ਤੇ 40 ਬੰਦੇ ਭੇਜੇ ਤਾਂ

ਕਿ ਉਹ ਸਾਡੀ ਮਦਦ ਕਰ ਸਕਣ। ਉਹ ਸਾਰੇ ਮੈਨੂੰ ਮਿਰਜ਼ਾ ਹਸਨ ਖਾਂ ਬੁਲਾ ਰਹੇ ਸਨ। ਇਹ ਨਾਂ ਮੈਂ ਬਾਦ ਵਿਚ ਅਪਣਾ ਹੀ ਲਿਆ ਸੀ। ਉਨ੍ਹਾਂ 'ਚ 30 ਨੂੰ ਸਾਡੇ ਉੱਤੇ ਹਮਲਾ ਕਰਨ ਵਾਲਿਆਂ ਨੂੰ ਫੜਨ ਲਈ ਭੇਜਿਆ ਗਿਆ। ਅਸੀਂ ਪਿੰਡ ਵਿਚ ਪਹੁੰਚੇ ਤਾਂ ਕੁਤਖੁਦਾ ਨੇ ਸਾਨੂੰ ਪੁੱਛਿਆ ਕਿ ਅਸੀਂ ਕੀ ਖਾਣਾ ਪਸੰਦ ਕਰਾਂਗੇ। ਮੈਂ ਕਿਹਾ ਕਿ ਮੈਂ ਬਹੁਤ ਸਾਰਾ ਕੁੱਤਕ (ਕੁਤਕ ਖੁਰਦਨ) ਖਾਧਾ ਹੈ। ਉਸਨੇ ਬਹੁਤ ਵਧੀਆ ਪਲਾਉ ਆਦਿ ਬਣਵਾਇਆ, ਉਹ ਅਸੀਂ ਖਾਧਾ ਅਤੇ ਬਹੁਤ ਚੰਗੀ ਤਰ੍ਹਾਂ ਆਰਾਮ ਕੀਤਾ। ਅਸੀਂ ਆਪਣੇ ਸਫ਼ਰ 'ਤੇ ਚੜ੍ਹਨਾ ਚਾਹੁੰਦੇ ਸੀ, ਪਰੰਤੂ ਕੁਤਖੁਦਾ ਨੇ ਸਾਨੂੰ ਘੱਟੋ ਘੱਟ ਹੋਰ ਇਕ ਦਿਨ ਠਹਿਰਨ ਲਈ ਆਖਿਆ। ਉਸਨੇ ਕਿਹਾ ਕਿ ਜੇਕਰ ਉਹ ਦੋਸ਼ੀਆਂ ਨੂੰ ਨਾ ਫੜ ਸਕਿਆ ਤਾਂ ਸਲਾਦ-ਉਦ-ਦੌਲਾ ਉਸ ਨਾਲ ਬੁਰੀ ਕਰੇਗਾ। ਲਗਭਗ 3.30 ਵਜੇ ਸਾਡੇ 'ਤੇ ਹਮਲਾ ਕਰਨ ਵਾਲੇ ਫੜ ਲਏ ਗਏ। ਉਨ੍ਹਾਂ ਨੂੰ ਦਰਖ਼ਤਾਂ ਨਾਲ ਬੰਨ੍ਹ ਦਿੱਤਾ ਗਿਆ ਤੇ ਉਨ੍ਹਾਂ ਦੀ ਚੰਗੀ ਭੁਗਤ ਸੁਆਰੀ ਗਈ। ਸਾਰੇ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਮਰਿਆ। ਮੈਨੂੰ ਉਨ੍ਹਾਂ 'ਤੇ ਥੁੱਕਣ ਲਈ ਕਿਹਾ ਗਿਆ। ਮੈਂ ਕੁਤਖੁਦਾ ਨੂੰ ਉਨ੍ਹਾਂ ਨੂੰ ਛੱਡ ਦੇਣ ਲਈ ਆਖਿਆ। ਉਹ ਦੋਸ਼ੀ ਨਹੀਂ ਸਨ। ਉਨ੍ਹਾਂ ਨੂੰ ਪੈਸਿਆਂ ਦੀ ਲੋੜ ਸੀ, ਮੈਂ ਸਗੋਂ ਉਨ੍ਹਾਂ ਨੂੰ ਹੋਰ ਪੈਸੇ ਦਿੰਦਾ। ਬੜੀ ਮੁਸ਼ਕਲ ਨਾਲ ਉਨ੍ਹਾਂ ਗਰੀਬਾਂ ਨੂੰ ਕੁੱਟਣ ਤੋਂ ਬਚਾਇਆ। ਫਿਰ ਵੀ ਕੁਤਖੁਦਾ ਨੇ ਉਨ੍ਹਾਂ ਨੂੰ ਰਿਹਾ ਨਹੀਂ ਕੀਤਾ ਅਤੇ ਸਲਾਦ-ਉਦ-ਦੌਲਾ ਕੋਲ ਭੇਜ ਦਿੱਤਾ। ਮੈਂ ਸਲਾਦ-ਉਦ-ਦੌਲਾ ਨੂੰ ਇਹਨਾਂ ਲੋਕਾਂ ਨੂੰ ਮੁਆਫ਼ ਕਰ ਦੇਣ ਲਈ ਲਿਖਿਆ ਅਤੇ ਮੈਂ ਉਨ੍ਹਾਂ ਨੇ ਜੋ ਕੁਝ ਸਾਥੋਂ ਲੁੱਟਿਆ ਸੀ, ਉਹ ਹੀ ਉਨ੍ਹਾਂ ਕੋਲ ਨਹੀਂ ਰਹਿਣ ਦਿੱਤਾ ਸਗੋਂ ਉਨ੍ਹਾਂ ਨੂੰ ਥੋੜ੍ਹੇ ਹੋਰ ਪੈਸੇ ਵੀ ਦਿੱਤੇ। ਅਸੀਂ ਉਸ ਪਿੰਡ ਵਿਚੋਂ ਚਲ ਪਏ ਅਤੇ ਅਗਲੇ ਦਿਨ ਸ਼ੀਰਾਜ਼ ਪਹੁੰਚੇ। ਮੈਂ ਸ਼ੀਰਾਜ਼ ਦੇ ਇਮਾਮ-ਜੁਮਾਂ ਕੋਲ ਗਿਆ ਅਤੇ ਉਸ ਤੋਂ ਮੈਨੂੰ ਪਤਾ ਲੱਗਾ ਕਿ ਉਸਨੇ ਸੂਫ਼ੀ ਅੰਬਾ ਪ੍ਰਸਾਦ ਨੂੰ 10-12 ਮੀਲ ਦੂਰ ਆਪਣੀ ਜਾਗੀਰ ਵਿਚ ਭੇਜ ਦਿੱਤਾ ਸੀ, ਕਿਉਂਕਿ ਉਸ ਦੇ ਵਿਚਾਰ ਵਿਚ ਉਸ ਥਾਂ ਉਹ ਵਧੇਰੇ ਸੁਰੱਖਿਅਤ ਸੀ। ਸੂਫ਼ੀ ਜੀ ਮੇਰੇ ਲਈ ਕੁਝ ਹਦਾਇਤਾਂ ਛੱਡ ਗਏ ਸਨ ਕਿ ਉਸ ਨੂੰ ਮਿਲੇ ਬਿਨਾਂ ਮੈਂ ਤੁਰੰਤ ਤਹਿਰਾਨ ਪਹੁੰਚ ਜਾਵਾਂ। ਮੈਂ ਆਪਣੇ ਸਾਥੀ ਨਾਲ ਤਹਿਰਾਨ ਲਈ ਚੱਲ ਪਿਆ।

ਮੇਰੇ ਸਾਥ ਵਿਚ ਇਕ ਰਾਜਕੁਮਾਰ ਅਤੇ ਤਿੰਨ ਵਪਾਰੀ ਸਨ। ਰਾਜਕੁਮਾਰ ਇਕ ਬੜਾ ਹੀ ਸੁਘੜ ਸਾਥੀ ਸੀ ਉਸ ਨੇ ਵਿਸ਼ੇਸ਼ ਕਿਸਮ ਦੇ ਚਮੜੇ ਦੇ ਬੂਟ ਪਾਏ ਹੋਏ ਸਨ ਅਤੇ ਉਹਦੇ ਕੋਲ ਕਾਫ਼ੀ ਸਾਰੇ ਬਿਸਕੁਟ ਸਨ। ਉਹ ਆਪਣੇ ਬਿਸਕੁਟ ਸਾਡੇ ਨਾਲ ਵੰਡਦਾ। ਚਾਰ ਘੰਟਿਆਂ ਦੇ ਸਫ਼ਰ ਤੋਂ ਬਾਅਦ ਅਸੀਂ ਗੋਲੀਆਂ ਦੀ ਆਵਾਜ਼ ਸੁਣੀ। ਇਕ ਆਵਾਜ਼ ਆਈ ਕਿ ਅਸੀਂ ਰੁਕੀਏ, ਅਸੀਂ ਰੁਕ ਗਏ। ਉਹ ਲੁਟੇਰੇ ਸਨ। ਅਸੀਂ ਕੋਰਫ਼ਤ ਦੀ ਪ੍ਰਕਿਰਿਆ 'ਚੋਂ ਲੰਘੇ। ਉਨ੍ਹਾਂ ਡਰਾਈਵਰ ਨੂੰ ਪੁੱਛਿਆ 'ਦੂਰਿਸ਼ ਕਾਚੀ' ਉਸਨੇ ਕਿਹਾ 'ਕੁਝ ਨਹੀਂ'। ਦੂਰਿਸ਼ ਕਾਚੀ ਦਾ ਅਰਥ ਹੈ

ਕਿ ਤੁਹਾਡੇ ਕੋਲੇ ਪੈਸੇ ਹਨ। ਉਨ੍ਹਾਂ ਉਹਦੇ ਸਿਰ ਵਿਚ ਕੁਝ ਮਾਰਿਆ ਅਤੇ ਉਸ ਵਿਚੋਂ ਕਈ ਸਿੱਕੇ ਡਿੱਗੇ। ਉਨ੍ਹਾਂ ਹਰ ਇਕ ਨੂੰ ਆਖਿਆ ਕਿ ਹਰ ਕੋਈ ਆਪਣਾ ਬਟੂਆ ਦੇ ਦੇਵੇ। ਮੇਰੇ ਅਗਲੇ ਹੱਥ ਵਿਚ ਰੁਮਾਲ ਵਿਚ ਕੁਝ ਸਿੱਕੇ ਸਨ ਜਿਹੜੇ ਮੈਂ ਉਨ੍ਹਾਂ ਨੂੰ ਦੇ ਦਿੱਤੇ। ਸਫ਼ੈਦ ਪਗੜੀ ਬੰਨੀ ਹੋਈ ਸੀ ਅਤੇ ਉਹ ਮੈਨੂੰ ਸ਼ੇਖ ਸਮਝਦੇ ਸਨ ਅਤੇ ਮੇਰੀ ਇੱਜ਼ਤ ਕਰਦੇ ਸਨ। ਸਾਡੇ ਨਾਲ ਇਕ ਇਸਮਾਈਲ ਨਾਂ ਦਾ ਵਿਅਕਤੀ ਸੀ ਜਿਹੜਾ ਬੜਾ ਮਜ਼ਾਕੀਆ ਸੀ। ਉਹ ਉੱਚੀ ਦੇਣੀ ਬੋਲਿਆ ਉਹ ਸਿਫ਼ਲਿਜ਼ ਦਾ ਮਰੀਜ਼ ਹੈ ਅਤੇ ਜੇ ਉਹ ਉਸਦੇ ਕਪੜੇ ਲੈ ਲੈਣਗੇ ਤਾਂ ਉਨ੍ਹਾਂ ਨੂੰ ਵੀ ਇਹ ਬੀਮਾਰੀ ਲੱਗ ਜਾਵੇਗੀ। ਉਹ ਆਪਣੇ ਦਾਅ ਵਿਚ ਕਾਮਯਾਬ ਹੋ ਗਿਆ ਅਤੇ ਆਪਣੇ ਕਪੜੇ ਬਚਾ ਲਏ। ਪਰ ਉਨ੍ਹਾਂ ਹੋਰਾਂ ਦੇ ਵੀ ਕੁਝ ਨਾ ਕੁਝ ਬਸਤਰ ਲੁਹਾ ਲਏ। ਉਨ੍ਹਾਂ ਰਾਜਕੁਮਾਰ ਦੀ ਮੁੰਦਰੀ ਛਤਰੀ, ਪੈਸੇ, ਬੂਟ ਅਤੇ ਬਿਸਕੁਟ ਛੱਡ ਦਿੱਤੇ। ਰਾਜਕੁਮਾਰ ਨੇ ਮੈਨੂੰ ਬੇਨਤੀ ਕੀਤੀ ਕਿ ਉਹ ਉਸ ਦੇ ਅੱਧੇ ਬਿਸਕੁਟ, ਬੂਟ ਤੇ ਛਤਰੀ ਛੱਡ ਦੇਣ। ਮੈਂ ਉਨ੍ਹਾਂ ਨੂੰ ਉਸਦੇ ਬੂਟ, ਛਤਰੀ ਤੇ ਅੱਧੇ ਬਿਸਕੁਟ ਮੋੜ ਦੇਣ ਲਈ ਮਨਾਇਆ। ਸ਼ੀਰਾਜ਼ ਅਤੇ ਇਸਫਾਹਨ ਵਿਚਕਾਰ 11 ਵਾਰੀ ਇਹ ਕੁਝ ਵਾਪਰਿਆ। ਮੈਂ ਆਪਣੇ ਪੈਸੇ ਘਾਟ ਵਿਚ ਲੁਕਾ ਲਏ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਬਚਾ ਸਕਿਆ। ਮੈਂ ਆਪਣਾ ਇਕਲਾਬਾ (ਲੰਬਾਕੋਟ) ਗੁਆਇਆ। ਇਸਮਾਈਲ ਦਾ ਸਿਫਲਿਸ ਦਾ ਦਾਅ ਅਗਲੇ ਹਮਲਾਵਰਾਂ ਤੇ ਨਹੀਂ ਚੱਲਿਆ ਅਤੇ ਉਸਨੂੰ ਆਪਣੇ ਬਸਤਰ ਗੁਆਉਣੇ ਹੀ ਪਏ।

ਤੀਸਰੇ ਹਮਲੇ ਤੇ ਇਕ ਦਿਲਚਸਪ ਘਟਨਾ ਵਾਪਰੀ। ਪਹਾੜੀ ਦੇ ਸਿਖਰ ਤੇ ਸਿਪਾਹੀ ਖੜ੍ਹੇ ਲਗਦੇ ਸਨ। ਜਿਉਂ ਹੀ ਲੁਟੇਰਿਆਂ ਨੇ ਸਾਨੂੰ ਲੁਟਣਾ ਸ਼ੁਰੂ ਕੀਤਾ ਸਿਪਾਹੀਆਂ ਨੇ ਉਨ੍ਹਾਂ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ। ਲੁਟੇਰੇ ਜਦੋਂ ਸਾਨੂੰ ਲੁੱਟ ਰਹੇ ਸਨ ਤਾਂ ਉਨ੍ਹਾਂ ਵੀ ਜਵਾਬ ਵਿਚ ਗੋਲੀਆਂ ਚਲਾਈਆਂ। ਇਸ ਵਾਰ ਮੈਂ ਆਪਣੀ ਪਗੜੀ ਗੁਆ ਲਈ। ਗੋਲੀਆਂ ਦੀ ਆਵਾਜ਼ ਸੁਣ ਕੇ ਨੇੜੇ ਦੇ ਪਿੰਡ ਤੋਂ ਬੱਚੇ ਮੌਕੇ 'ਤੇ ਆ ਗਏ। ਮੈਂ ਉਨ੍ਹਾਂ ਨੂੰ ਕਿਹਾ ਕਿ ਹਮਲਾਵਰਾਂ ਦਾ ਪਿੱਛਾ ਕਰੋ ਅਤੇ ਜੋ ਕੁਝ ਉਹ ਸਾਥੋਂ ਲੁੱਟ ਕੇ ਲੈ ਗਏ ਸਨ, ਉਹ ਲਿਆ ਦੇਣ। ਇਸ ਦੇ ਬਦਲੇ ਮੈਂ ਬੱਚਿਆਂ ਨੂੰ ਪੈਸੇ ਦੇਣ ਲਈ ਆਖਿਆ। ਉਹ ਕੁਝ ਚੀਜ਼ਾਂ ਲੈ ਕੇ ਆਏ ਉਨ੍ਹਾਂ ਵਿਚ ਦੋ ਬੂਟ ਸਨ ਤੇ ਦੋਵੇਂ ਖੱਬੇ ਪੈਰ ਦੇ। ਅਗਲੇ ਪਿੰਡ ਵਿਚ ਲੋਕ ਆਏ ਤੇ ਉਨ੍ਹਾਂ ਸਾਨੂੰ ਪੁੱਛਿਆ ਕਿ ਉਹ ਸਾਡੇ ਲਈ ਕੀ ਕਰ ਸਕਦੇ ਸਨ। ਮੈਂ ਉਨ੍ਹਾਂ ਨੂੰ ਬੇਚਾਰੇ ਰਾਜਕੁਮਾਰ ਲਈ ਕੱਪੜੇ ਅਤੇ ਬੂਟ ਲਿਆਉਣ ਲਈ ਆਖਿਆ। ਜਿਹਦੇ ਲਈ ਨੰਗੇ ਪੈਰੀਂ ਤੁਰਨਾ ਔਖਾ ਸੀ। ਇਕ ਪੇਂਡੂ ਨੇ ਕਿਹਾ ਕਿ ਕੋਈ 20 ਸਾਲ ਪਹਿਲਾਂ ਮੈਂ ਇਕ ਰਾਜਕੁਮਾਰ ਲੁੱਟਿਆ ਸੀ ਅਤੇ ਉਸ ਦੇ ਕੱਪੜੇ ਅਜੇ ਵੀ ਮੇਰੇ ਕੋਲ ਘਰ ਦੀ ਦੀਵਾਰ ਤੇ ਲਟਕਾਏ ਹੋਏ ਸਨ, ਉਹ ਮੇਰੇ ਕਿਸੇ ਕੰਮ ਦੇ ਨਹੀਂ। ਉਸਨੇ ਰਾਜਕੁਮਾਰ ਨੂੰ ਉਹ ਕੱਪੜੇ ਦੇ ਦਿੱਤੇ। ਉਹ ਕੱਪੜੇ ਯਕੀਨਨ ਉਨ੍ਹਾਂ

ਕੱਪੜਿਆਂ ਤੋਂ ਵਧੀਆ ਸਨ, ਜਿਹੜੇ ਉਸਨੇ ਗੁਆਏ ਸਨ। ਹੁਣ ਮੈਂ ਸ਼ੇਖ ਨਹੀਂ ਸੀ ਸਗੋਂ ਸਈਅਦ ਸੀ ਕਿਉਂਕਿ ਹੁਣ ਮੇਰੇ ਸਿਰ ਉਤੇ ਪਗੜੀ ਨਹੀਂ ਸੀ, ਕਾਲਾ ਕੱਪੜਾ ਸੀ ਜਿਹੜਾ ਮੈਂ ਪਗੜੀ ਗੁਆਚਣ ਤੋਂ ਬਾਅਦ ਆਪਣੇ ਸ਼ਾਲ ਨਾਲੋਂ ਪਾੜਿਆ ਸੀ। ਉਨ੍ਹਾਂ ਵਿਚੋਂ ਇਕ ਪੇਂਡੂ ਨੇ ਕਿਹਾ, "ਹੇ ਸਈਅਦ, ਰੱਬ ਨੇ ਤੈਨੂੰ ਮੇਰੇ ਮੁੰਡੇ ਦੀ ਸ਼ਾਦੀ ਦੀ ਰਸਮ ਨਿਭਾਉਣ ਲਈ ਭੇਜਿਆ ਹੈ।" ਉਸਨੇ ਕਿਹਾ ਕਿ ਉਹ ਬੜੇ ਲੰਮੇ ਸਮੇਂ ਤੋਂ ਇਕ ਖ਼ੂਬਸੂਰਤ ਸਈਅਦ ਦੀ ਇੰਤਜ਼ਾਰ ਕਰ ਰਿਹਾ ਸੀ ਕਿ ਉਹ ਆਏ ਤੇ ਇਹ ਸ਼ਾਦੀ ਦੀ ਰਸਮ ਨਿਭਾਵੇ। ਮੈਂ ਉਸਨੂੰ ਕਿਹਾ ਕਿ ਇਹ ਸ਼ੁਭ ਦਿਨ ਨਹੀਂ ਸੀ। ਮੈਂ ਇਹ ਮੁੜਦੇ ਹੋਏ ਕਰਾਂਗਾ ਜਾਂ ਇਸ ਸਮੇਂ ਦੌਰਾਨ ਕੋਈ ਹੋਰ ਸਈਅਦ ਆ ਗਿਆ ਤਾਂ ਉਹ ਨਿਭਾ ਦੇਵੇਗਾ ਕਿਉਂਕਿ ਵਿਆਹ ਦੀ ਰਸਮ ਨਿਭਾਉਣ ਬਾਰੇ ਮੈਨੂੰ ਕੁਝ ਪਤਾ ਨਹੀਂ ਸੀ।

ਇਸਫਾਹਾਨ ਪਹੁੰਚ ਕੇ ਮੈਂ ਇਸਫਾਹਾਨ ਦੇ ਇਮਾਮ-ਏ-ਜੁਮਾਂ ਦੇ ਪੁੱਤਰ ਨੂੰ ਮਿਲਿਆ। ਉਹ ਇਕ ਬਹੁਤ ਵਧੀਆ ਇਨਸਾਨ ਸੀ, ਫਰਾਂਸੀਸੀ ਜਾਣਦਾ ਸੀ ਅਤੇ ਨਵੀਨ ਵਿਚਾਰਾਂ ਅਤੇ ਪ੍ਰਗਤੀਵਾਦੀ ਦਿਖ ਵਾਲਾ ਇਨਸਾਨ ਸੀ। ਮੈਂ ਉਸਦਾ ਮਹਿਮਾਨ ਸੀ। ਉਸਨੇ ਮੇਰੀ ਤਹਿਰਾਨ ਦੀ ਡੈਮੋਕ੍ਰੇਟਿਕ ਪਾਰਟੀ ਦੇ ਸੈਕਟਰੀ ਮਿਰਜ਼ਾ ਮਹਿਮੂਦ ਖ਼ਾਨ ਪਹਿਲਵੀ ਕੋਲ ਸਿਫ਼ਾਰਸ਼ ਕੀਤੀ। ਜਦੋਂ ਰਾਜਾ ਰਜ਼ਾਖ਼ਾਨ ਇਰਾਨ ਦਾ ਰਾਜਾ ਬਣਿਆ ਤਾਂ ਮਹਿਮੂਦ ਖ਼ਾਨ ਨੇ ਆਪਣਾ ਨਾਂ ਮਹਿਮੂਦ ਖ਼ਾਨ ਪਹਿਲਵੀ ਤੋਂ ਮਹਿਮੂਦ ਖ਼ਾਨ ਮਹਿਮੂਦੀ ਰੱਖ ਲਿਆ। ਹੁਣ ਉਹ ਤਹਿਰਾਨ ਦਾ ਗਵਰਨਰ ਸੀ। ਉਸ ਵੇਲੇ ਉਹ ਨੌਜਵਾਨ ਮੁੰਡਾ ਸੀ, ਉਸ ਵਿਚ ਆਪਣੇ ਦੇਸ਼ ਦੀ ਤਰੱਕੀ ਲਈ ਬਹੁਤ ਉਤਸ਼ਾਹ ਸੀ। ਇਹ ਉਹੀ ਸੀ ਜਿਸਨੇ ਸੂਫ਼ੀ ਅੰਬਾ ਪ੍ਰਸਾਦ ਨੂੰ ਠਾਹਰ ਦਿੱਤੀ ਸੀ ਤਾਂ ਕਿ ਅੰਗਰੇਜ਼ ਉਸਨੂੰ ਗ੍ਰਿਫ਼ਤਾਰ ਨਾ ਕਰ ਸਕਣ।

24 ਸਾਲ ਬਾਅਦ ਜਦੋਂ ਮੈਂ ਦੱਖਣੀ ਅਮਰੀਕਾ ਤੋਂ ਪੈਰਿਸ ਆਇਆ ਅਤੇ ਮੈਂ ਮੁਹੰਮਦ ਖ਼ਾਨ ਕਾਜ਼ਬਿਨ ਨੂੰ ਮਿਲਿਆ ਤੇ ਉਸ ਨਾਲ ਗੱਲਬਾਤ ਕੀਤੀ। ਇਰਾਨ ਦਾ ਮਹਾਨ ਕਵੀ, ਇਕ ਹੋਰ ਆਦਮੀ ਵੀ ਉਥੇ ਸੀ। ਉਹ ਹੈਨਮਤ ਸੀ, ਜਿਹੜਾ ਏਸ਼ੀਆਨ ਰੀਲੇਸ਼ਨਜ਼ ਕਾਨਫ਼ਰੰਸ ਵਿਚ ਇਰਾਨ ਡੈਲੀਗੇਟ ਦਾ ਮੁਖੀ ਸੀ। ਜਦੋਂ ਅਸੀਂ ਇਕ ਵਾਰ ਫਿਰ ਦਿੱਲੀ ਮਿਲੇ ਤਾਂ ਹੈਨਮਤ ਨੇ ਕਿਹਾ ਸੀ ਕਿ ਪ੍ਰਾਭੌਤਿਕ ਸ਼ਕਤੀਆਂ ਨੇ ਸਾਨੂੰ ਫਿਰ ਮਿਲਾਇਆ ਹੈ। ਇਰਾਨੀ ਰੀਤ ਅਨੁਸਾਰ ਉਸਨੇ ਮੈਨੂੰ ਚੁੰਮਿਆ ਅਤੇ ਮੈਂ ਉਸਨੂੰ ਮਰੀਨ ਹੋਟਲ ਵਿਚ ਚੁੰਮਿਆ, ਜਿਥੇ ਉਹ ਠਹਿਰਿਆ ਹੋਇਆ ਸੀ।

ਸੂਫ਼ੀ ਅੰਬਾ ਪ੍ਰਸਾਦ ਸ਼ੀਰਾਜ਼ ਵਿਚ ਮਰੇ ਜਿਥੇ ਅਜੇ ਵੀ ਉਸਦੀ ਸਮਾਧ ਬਣੀ ਹੋਈ ਹੈ। ਉਹ ਪਹਿਲੀ ਸੰਸਾਰ ਜੰਗ ਸਮੇਂ ਮਰਿਆ ਜਦੋਂ ਉਹ ਜੱਥੇਬੰਦ ਹੋ ਕੇ ਅੰਗਰੇਜ਼ਾਂ ਖ਼ਿਲਾਫ਼ ਲੜੇ। ਉਸਨੂੰ ਜਾਮ-ਏ-ਖਿਜਰ (ਦਿਲ-ਆਰਾ-ਏ-ਵਤ) ਕਿਹਾ ਗਿਆ। ਸੂਫ਼ੀ ਅੰਗਰੇਜ਼ਾਂ ਦਾ ਕੈਦੀ ਬਣ ਗਿਆ। ਜਿਸ ਦਿਨ ਉਨ੍ਹਾਂ ਉਸਨੂੰ ਗੋਲੀ

ਮਾਰਨੀ ਸੀ ਉਸ ਦਿਨ ਉਹ ਮਰਿਆ ਪਾਇਆ ਗਿਆ। ਇਹ 1916 ਦਾ ਸਾਲ ਸੀ। ਸੂਫ਼ੀ ਜੀ ਕਿਹਾ ਕਰਦੇ ਸਨ, ਅੰਗਰੇਜ਼ ਮੈਨੂੰ ਨਹੀਂ ਮਾਰ ਸਕਦੇ ਕਿਉਂਕਿ ਉਹ ਖ਼ੁਦ ਆਪਣੀ ਜਾਨ ਦੇ ਦੇਵੇਗਾ। ਮੈਂ ਉਮੀਦ ਕਰਦਾ ਹਾਂ ਕਿ ਇਕ ਦਿਨ ਹਿੰਦੁਸਤਾਨੀ ਲੋਕ ਉਸਦੀ ਸਮਾਧ ਹਿੰਦੁਸਤਾਨ ਲੈ ਆਉਣਗੇ ਜਾਂ ਘੱਟੋ ਘੱਟ ਉਸਦੀਆਂ ਅਸਥੀਆਂ ਤਾਂ ਲੈ ਹੀ ਆਉਣਗੇ। ਸੂਫ਼ੀ ਅੰਬਾ ਪ੍ਰਸਾਦ ਨੇ 'ਮੁਹਬਾਨ-ਏ-ਵਤਨ' ਨਾਂ ਦੀ ਇਕ ਕਿਤਾਬ ਲਿਖੀ ਸੀ ਜਿਸ ਦਾ ਫ਼ਾਰਸੀ ਅਨੁਵਾਦ 'ਦਸਤ-ਦਾਰਾ-ਏ-ਵਤਨ' ਨਾਂ ਹੇਠ ਹੋਇਆ। ਬਾਅਦ ਵਿਚ ਇਰਾਨੀ ਡੈਲੀਗੇਸ਼ਨ ਦੇ ਲੀਡਰ ਹੈਨਮਤ ਖ਼ਾਨ ਨੇ ਇਹ ਕਹਾਣੀ ਦੁਹਰਾਈ।

ਮੁਹੰਮਦ ਖ਼ਾਨ ਨੇ ਮੈਨੂੰ ਕੁਝ ਹੋਰ ਲੋਕਾਂ ਨਾਲ ਵੀ ਮਿਲਾਇਆ ਜਿਨ੍ਹਾਂ ਵਿਚੋਂ ਇਕ ਇਰਾਨ ਦਾ ਸਾਬਕਾ ਪ੍ਰਧਾਨ ਮੰਤਰੀ ਸਈਅਦ ਜੀਆ-ਉਦ-ਦੀਨ-ਤਾਬਾਤਾਬਾ ਸੀ, ਜਿਹੜਾ ਬਾਅਦ ਵਿਚ ਮੇਰਾ ਦੁਨੀਆਂ ਵਿਚ ਸਭ ਤੋਂ ਵਧੀਆ ਮਿੱਤਰ ਬਣਿਆ ਸੀ। ਉਹ 'ਬਰਕ' ਅਤੇ 'ਰਾਦ' ਦਾ ਸੰਪਾਦਕ ਸੀ। ਉਸਨੇ ਮੇਰੀ ਬਹੁਤ ਮਦਦ ਕੀਤੀ। ਇਕ ਦਿਨ ਜਦੋਂ ਅਸੀਂ ਸਿਨਮਾ ਦੇਖ ਕੇ ਬਾਹਰ ਆ ਰਹੇ ਸੀ ਤਾਂ ਇਕ ਪੁਲਸਮੈਨ ਸਾਡੇ ਕੋਲ ਆਇਆ ਅਤੇ ਉਸਨੇ ਕਿਹਾ ਕਿ ਉਸ ਕੋਲ ਮੇਰੀ ਗ੍ਰਿਫ਼ਤਾਰੀ ਦੇ ਹੁਕਮ ਸਨ। ਉਸ ਵੇਲੇ ਦੇ ਪੁਲਸ ਮੁਖੀ ਦਾ ਨਾਂ ਯੈਪਰੀਨ ਖ਼ਾਨ ਸੀ ਜਿਹੜਾ ਸਾਇਬੇਰੀਆ ਤੋਂ ਇਕ ਰੂਸੀ ਇਨਕਲਾਬੀ ਸੀ। ਸਈਅਦ ਜੀਆ-ਉਦ-ਦੀਨ ਮੈਨੂੰ ਪੁਲਸ ਕੋਲ ਛੱਡਦਿਆਂ ਇਹ ਕਹਿ ਕੇ ਚਲਾ ਗਿਆ ਅਤੇ ਉਸਨੂੰ ਆਖਿਆ ਕਿ ਉਸਨੂੰ ਇਕ ਹਿੰਦੁਸਤਾਨੀ ਇਨਕਲਾਬੀ ਨੂੰ ਗ੍ਰਿਫ਼ਤਾਰ ਕਰਦਿਆਂ ਸ਼ਰਮ ਆਉਣੀ ਚਾਹੀਦੀ ਸੀ ਜਦੋਂ ਕਿ ਉਹ ਆਪ ਇਕ ਇਨਕਲਾਬੀ ਸੀ। ਯੈਪਰੀਨ ਖ਼ਾਨ ਕਈਆਂ ਚਿਰਾਂ ਤੋਂ ਬੀਮਾਰ ਸੀ। ਉਸ ਨੇ ਕਿਹਾ ਕਿ ਉਸਨੂੰ ਇਸ ਮਾਮਲੇ ਦਾ ਕੁਝ ਪਤਾ ਨਹੀਂ ਸੀ। ਉਸਨੇ ਯੈਪਰੀਨ ਖ਼ਾਨ ਤੋਂ ਮੇਰੀ ਰਿਹਾਈ ਦੇ ਹੁਕਮ ਲੈ ਕੇ ਮੈਨੂੰ ਬਚਾ ਲਿਆ। ਉਹ ਪ੍ਰਧਾਨ ਮੰਤਰੀ ਕੋਲ ਗਿਆ ਅਤੇ ਕਿਹਾ ਕਿ ਉਹ ਉਸ ਦੇ ਖ਼ਿਲਾਫ਼ ਆਪਣੀ ਅਖ਼ਬਾਰ ਵਿਚ ਲਿਖੇਗਾ ਪਰੰਤੂ ਉਸਨੇ ਉਸਨੂੰ ਅਜਿਹਾ ਨਾ ਕਰਨ ਲਈ ਜ਼ੋਰ ਪਾਇਆ। ਸਈਅਦ ਜ਼ਿਆ-ਉਦ-ਦੀਨ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਉਸਨੇ ਮੇਰੀ ਰਿਹਾਈ ਦੇ ਹੁਕਮ ਪ੍ਰਾਪਤ ਕਰ ਲਏ ਸਨ। ਇਸ ਤਰ੍ਹਾਂ ਪੁਲਸ ਨੇ ਅੰਗਰੇਜ਼ ਨੂੰ ਦੱਸਿਆ ਕਿ ਉਨ੍ਹਾਂ ਗਲਤੀ ਨਾਲ ਕਿਸੇ ਹੋਰ ਨੂੰ ਸਰਦਾਰ ਅਜੀਤ ਸਿੰਘ ਸਮਝ ਕੇ ਗ੍ਰਿਫ਼ਤਾਰ ਕਰ ਲਿਆ ਸੀ। ਜਦੋਂ ਅਸੀਂ ਇਰਾਨ ਛੱਡਿਆ ਤਾਂ ਉਸ ਵੇਲੇ ਸ਼ਸਤਰ ਨੇ 'ਇਰਾਨ ਵਿਚ ਸੰਘਰਸ਼' ਨਾਂ ਦੀ ਕਿਤਾਬ ਲਿਖੀ। ਸਈਅਦ ਜ਼ਿਆ-ਉਦ-ਦੀਨ ਨੇ ਯੂਰਪ ਤਕ ਲਈ ਮੇਰਾ ਸਾਥ ਦਿੱਤਾ।

ਕੁੱਲ ਮਿਲਾ ਕੇ ਮੈਂ ਇਰਾਨ ਵਿਚ ਇਕ ਸਾਲ ਠਹਿਰਿਆ। ਸਈਅਦ ਜ਼ਿਆ-ਉਦ-ਦੀਨ ਦੀ ਸੰਗਤ ਵਿਚ ਮੈਂ ਇਕ ਰੂਸੀ ਇਨਕਲਾਬੀ ਨੂੰ ਮਿਲਿਆ ਜਿਸਨੂੰ ਫੜਨ ਲਈ ਰੂਸ ਸਰਕਾਰ ਨੇ ਇਨਾਮ ਰੱਖਿਆ ਹੋਇਆ ਸੀ।

ਰੋਸਤੋਵ ਤੋਂ ਅਸੀਂ ਇਕ ਕਿਸ਼ਤੀ ਲਈ ਅਤੇ ਬਾਕੂ (ਰੂਸ) ਪੁੱਜੇ। ਪਲੇਟਫਾਰਮ ਉਤੇ ਮੈਂ ਅਤੇ ਸਈਅਦ, ਜ਼ਿਆ-ਉਦ-ਦੀਨ ਜੁਦਾ ਹੋ ਗਏ। ਉਹ ਗਲਤੀ ਨਾਲ ਵਾਰਸਾ ਜਾਣ ਵਾਲੀ ਗੱਡੀ ਵਿਚ ਚੜ੍ਹ ਗਿਆ ਅਤੇ ਜਦੋਂ ਮੈਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਗੱਡੀ ਜਾ ਚੁੱਕੀ ਸੀ। ਹੁਣ ਅਸੀਂ ਕੇਵਲ ਦੋ ਰਹਿ ਗਏ- ਮੈਂ ਤੇ ਰੂਸੀ ਇਨਕਲਾਬੀ। ਉਹ ਅਧਿਕਾਰੀਆਂ ਕੋਲ ਵੀਜ਼ਾ ਲੈਣ ਨਹੀਂ ਜਾ ਸਕਦਾ ਸੀ। ਅਸੀਂ ਇਕ ਯਹੂਦੀ ਦੀ ਸਹਾਇਤਾ ਲਈ, ਜਿਹੜਾ ਸਾਡੇ ਲਈ ਵੀਜ਼ਾ ਲੈ ਆਇਆ। ਜਦੋਂ ਅਸੀਂ ਰੂਸ ਵਿਚ ਦਾਖ਼ਲ ਹੋਏ, ਅਸੀਂ ਆਪਣੇ ਕੋਲ ਕੋਈ ਕਾਗ਼ਜ਼ ਨਾ ਰੱਖੇ। ਰੂਸ ਵਿਚ ਸਾਰੇ ਕਾਗ਼ਜ਼ ਪੱਤਰ ਦੇਖੇ ਜਾਂਦੇ ਸਨ। ਆਜ਼ਾਦੀ ਸ਼ਬਦ ਤੇ ਏਥੇ ਪਾਬੰਦੀ ਸੀ। ਏਥੋਂ ਤੱਕ ਕਿ ਕਿਸੇ ਨੂੰ ਡਿਕਸ਼ਨਰੀ ਰੱਖਣ ਦੀ ਵੀ ਇਜਾਜ਼ਤ ਨਹੀਂ ਸੀ। ਇਰਾਨ ਵਿਚ ਮੈਂ ਉਤਸ਼ਾਹੀ ਦੇਸ਼ਭਗਤ ਸਿਕੰਦਰ ਖ਼ਾਨ ਦੀ ਮੱਦਦ ਨਾਲ ਪਾਸਪੋਰਟ ਅਤੇ ਵੀਜ਼ਾ ਪ੍ਰਾਪਤ ਕਰ ਲਿਆ ਸੀ। ਉਹ ਫਰਾਂਸ ਵਿਚ ਪੜ੍ਹਦਾ ਸੀ ਤੇ ਮੇਰਾ ਬੜਾ ਚੰਗਾ ਦੋਸਤ ਸੀ। ਉਸ ਵੇਲੇ ਉਹ ਤਹਿਰਾਨ ਵਿਚ ਸੀ, ਮੈਂ ਉਸ ਨਾਲ ਬਹੁਤ ਮਿਲਿਆ ਕਰਦਾ ਸੀ, ਉਸਨੇ ਆਪਣੇ ਲਈ ਵੀ ਪਾਸਪੋਰਟ ਲਿਆ ਅਤੇ ਮੈਂ ਆਪਣਾ ਨਾਂ ਮਿਰਜ਼ਾ ਹਸਨ ਖ਼ਾਨ ਰੱਖ ਲਿਆ। ਅਸੀਂ ਰੂਸ ਵਿਚ 10 ਜਾਂ 12 ਦਿਨ ਰਹਿਣ ਦਾ ਦੱਸਿਆ। ਉਦੋਂ ਤੱਕ ਅੰਗਰੇਜ਼ ਮੇਰਾ ਖੁਰਾਖੋਜ਼ ਗੁਆ ਚੁੱਕੇ ਸਨ।

ਇਕ ਦਿਨ ਮੇਰਾ ਰੂਸੀ ਸਾਥੀ ਬਾਕੂ ਗਿਆ ਅਤੇ ਉਸਨੇ ਦੇਖਿਆ ਕਿ ਇਕ ਕੈਮਿਸਟ ਦੀ ਦੁਕਾਨ ਸਾਹਮਣੇ ਤੋਪ ਗੱਡੀ ਹੋਈ ਸੀ। ਉਸਨੇ ਲੋਕਾਂ ਨੂੰ ਪੁੱਛਿਆ ਕਿ ਕੀ ਹੋਇਆ ਸੀ ਤਾਂ ਉਸਨੂੰ ਪਤਾ ਲੱਗਾ ਕਿ ਕੈਮਿਸਟ ਦੀ ਦੁਕਾਨ ਉਡਾਈ ਜਾ ਰਹੀ ਸੀ ਕਿਉਂਕਿ ਸਰਕਾਰ ਨੂੰ ਸ਼ੱਕ ਸੀ ਕਿ ਉਸਨੇ ਇਨਕਲਾਬੀਆਂ ਨੂੰ ਬੰਬ ਬਣਾਉਣ ਲਈ ਕੁਝ ਸਮਾਨ ਦਿੱਤਾ ਸੀ। ਉਸਨੇ ਤੋਪ ਚਲਾਉਣ ਵਾਲਿਆਂ ਨੂੰ ਰਿਸ਼ਵਤ ਦਿੱਤੀ ਅਤੇ ਆਖਿਆ ਕਿ ਉਹ ਤੋਪ ਦਾ ਮੂੰਹ ਕਿਸੇ ਹੋਰ ਘਰ ਵਲ ਕਰ ਦੇਣ। ਉਨ੍ਹਾਂ ਇਵੇਂ ਹੀ ਕੀਤਾ ਤੇ ਕੋਈ ਹੋਰ ਘਰ ਉਡਾ ਦਿੱਤਾ ਅਤੇ ਸਰਕਾਰ ਨੂੰ ਰਿਪੋਰਟ ਕਰ ਦਿੱਤੀ ਕਿ ਉਨ੍ਹਾਂ ਕੈਮਿਸਟ ਦੀ ਦੁਕਾਨ ਉਡਾ ਦਿੱਤੀ ਸੀ।

ਕੋਨਸਟਾਂਜਾ (ਰੁਮਾਨੀਆਂ) ਤੋਂ ਅਸੀਂ ਕਿਸ਼ਤੀ ਲਈ ਅਤੇ ਅਸੀਂ ਕਾਨਾਸਟੈਂਟੀਨਪੋਲ (ਟਰਕੀ) ਪਹੁੰਚੇ ਜਿਥੇ ਅਸੀਂ ਪੰਜ ਹਫ਼ਤੇ ਰਹੇ। ਇਥੇ ਮੈਂ ਮਹਾਨ ਇਰਾਨੀ ਇਨਕਲਾਬੀ ਤਕੀਯਾਦੇਹ (ਹੁਣ ਲੰਡਨ ਵਿਚ ਇਰਾਨੀ ਮੰਤਰੀ) ਨੂੰ ਮਿਲਿਆ। ਜਦੋਂ ਹੁਣੇ ਜਿਹੇ ਮੈਂ ਲੰਡਨ ਵਿਚ ਸੀ ਤਾਂ ਮੈਂ ਅੰਬੈਸੀ ਨੂੰ ਫੋਨ ਕੀਤਾ ਕਿ ਇਰਾਨੀ ਪ੍ਰਤੀਨਿਧੀ ਕੌਣ ਸੀ ਤਾਂ ਪਤਾ ਲਗਾ ਕਿ ਤਕੀਯਾਦੇਹ ਹੀ ਪ੍ਰਤੀਨਿਧੀ ਸੀ। ਮੈਂ ਉਸਨੂੰ ਫੋਨ ਕੀਤਾ ਕਿ ਮੈਂ ਮਿਰਜ਼ਾ ਹਸਨ ਖ਼ਾਨ ਬੋਲ ਰਿਹਾ ਸੀ। ਉਸ ਨੇ ਉਸੇ ਵੇਲੇ ਮੋੜਵਾਂ ਆਖਿਆ "ਸਰਦਾਰ ਅਜੀਤ ਸਿੰਘ"। ਉਸਨੇ ਮੈਨੂੰ ਪੁੱਛਿਆ ਕਿ ਮੈਂ ਕਿਥੋਂ ਬੋਲ ਰਿਹਾ ਸੀ। ਇਸ ਕਾਂਟੀਨੈਂਟ ਤੋਂ? ਕਿਉਂਕਿ ਉਸ ਨੂੰ ਪਤਾ ਸੀ

ਕਿ ਮੈਂ ਲੰਡਨ ਨਹੀਂ ਸੀ ਜਾ ਸਕਦਾ। ਜਦੋਂ ਮੈਂ ਉਸਨੂੰ ਦੱਸਿਆ ਕਿ ਮੈਂ ਲੰਡਨ ਤੋਂ ਹੀ ਬੋਲ ਰਿਹਾ ਸੀ ਤਾਂ ਉਹ ਬੜਾ ਖ਼ੁਸ਼ ਹੋਇਆ ਤੇ ਫਿਰ ਅਸੀਂ ਮਿਲੇ। ਮੈਂ ਉਸ ਤੋਂ ਇਰਾਨ ਦੇ ਮਿੱਤਰਾਂ ਦੀ ਖ਼ਬਰਸਾਰ ਲਈ। ਤਕੀਯਾਦੇਹ ਤੇ ਮੈਂ, ਜਦੋਂ ਅਸੀਂ ਕਾਨਾਸੀਟੈਂਟੀਨਪੋਲ ਵਿਖੇ ਮਿਲੇ ਤਾਂ ਉਦੋਂ ਉਹ ਇਕ ਇਰਾਨੀ ਇਨਕਲਾਬੀ ਕੇਂਦਰ ਦਾ ਮੁਖੀ ਸੀ। ਦੁਨੀਆਂ ਭਰ ਦੇ ਇਨਕਲਾਬੀ ਉਥੇ ਮਿਲਿਆ ਕਰਦੇ ਸਨ? ਅਸਲ ਵਿਚ ਇਹ ਇਨਕਲਾਬੀਆਂ ਦਾ ਕੇਂਦਰ ਸੀ। ਮੈਂ ਏਥੇ ਮੁਸਤਫ਼ਾ ਕਮਾਲਪਾਸ਼ਾ ਨੂੰ ਉਸ ਦੇ ਨੌਜਵਾਨ ਤੁਰਕਾਂ ਨਾਲ ਮਿਲਿਆ। ਤੁਰਕੀ ਤਰੱਕੀ ਦੇ ਵਿਚਾਰ ਤੋਂ ਉਤੇਜਤ ਸੀ ਅਤੇ ਸਾਰੇ ਨੌਜਵਾਨ ਦੇਸ਼ ਵਿਚ ਤੁਰਕੀ ਵਾਸਤੇ ਉਤਸ਼ਾਹ ਵਿਚ ਸਨ। ਮੈਂ ਕੁਝ ਤੁਰਕੀ ਸਿੱਖ ਲਈ ਸੀ, ਜਦੋਂ ਮੈਂ ਸਲਾਤ-ਉਦ-ਦੌਲਾ ਦੀ ਸੰਗਤ ਵਿਚ ਸੀ। ਇਕ ਹਫ਼ਤੇ ਬਾਅਦ ਮੈਂ ਤੁਰਕੀ ਅਖ਼ਬਾਰ ਪੜ੍ਹ ਸਕਦਾ ਸਾਂ। ਉਸ ਸਮੇਂ ਤੁਰਕੀ ਜ਼ੁਬਾਨ ਪੂਰੀ ਤਰ੍ਹਾਂ ਫ਼ਾਰਸੀ ਪ੍ਰਭਾਵ ਹੇਠ ਸੀ। ਇਸ ਨੇ ਮੈਨੂੰ ਤੁਰਕੀ ਵਿਚ ਜੋ ਕੁਝ ਚਲ ਰਿਹਾ ਸੀ, ਬਾਰੇ ਜਾਣੂ ਰੱਖਿਆ।

4.

ਯੂਰਪ ਵਿਚ

ਤੁਰਕੀ ਤੋਂ ਮੈਂ ਇਸਮਾਈਲ ਖ਼ਾਨ ਦੇ ਨਾਲ ਵੀਆਨਾ ਗਿਆ। ਵੀਆਨਾ ਵਿਚ ਮੈਂ ਕੁਝ ਹਫ਼ਤੇ ਠਹਿਰਿਆ। ਸਈਅਦ-ਜ਼ਿਆ-ਉਦ-ਦੀਨ ਪੈਰਿਸ ਨੂੰ ਚਲਾ ਗਿਆ ਸੀ ਅਤੇ ਮੇਰੇ ਲਈ ਸੁਨੇਹਾ ਛੱਡ ਗਿਆ ਸੀ ਕਿ ਮੇਰੀ ਪੈਰਿਸ ਵਿਚ ਇੰਤਜ਼ਾਰ ਕਰੇਗਾ। ਅਸੀਂ ਸਟਾਈਫੇਨੀਆ ਹੋਟਲ ਵਿਚ ਠਹਿਰੇ ਹੋਏ ਸੀ। ਇਸਮਾਈਲ ਖਾਂ ਨੂੰ ਜਰਮਨ ਜਾਂ ਫਰਾਂਸੀਸੀ ਬੋਲੀ ਨਹੀਂ ਸੀ ਆਉਂਦੀ। ਮੈਂ ਬਾਹਰ ਗਿਆ ਹੋਇਆ ਸੀ ਤੇ ਜਦੋਂ ਮੈਂ ਮੁੜਕੇ ਆਇਆ ਤਾਂ ਉਹ ਉਥੇ ਨਹੀਂ ਸੀ। ਉਸਨੂੰ ਇਕ ਖ਼ਾਸ ਹਸਪਤਾਲ ਵਿਚ ਲਿਜਾਇਆ ਗਿਆ ਸੀ ਕਿਉਂਕਿ ਉਹ ਕਿਸੇ ਬੀਮਾਰੀ ਤੋਂ ਪੀੜਤ ਸੀ। ਕਲੀਨਿਕ ਤੋਂ ਉਸ ਨੇ ਮੈਨੂੰ ਫੋਨ ਕੀਤਾ। ਜਦੋਂ ਵਾਪਸ ਆਉਣ ਤੇ ਮੈਨੂੰ ਪਤਾ ਲੱਗਾ ਕਿ ਮੇਰੇ ਲਈ ਫੋਨ ਸੀ ਤਾਂ ਮੈਂ ਹੈਰਾਨ ਹੋਇਆ ਕਿ ਕੌਣ ਹੋ ਸਕਦਾ ਸੀ? ਜਦੋਂ ਕਿ ਇਥੇ ਵੀਆਨਾ ਵਿਚ ਮੇਰਾ ਕੋਈ ਜਾਣਕਾਰ ਨਹੀਂ ਸੀ। ਪਰੰਤੂ ਜਦੋਂ ਮੈਂ ਟੈਲੀਫੋਨ ਚੁਕਿਆ ਤਾਂ ਮੈਨੂੰ ਪਤਾ ਲੱਗਾ ਕਿ ਇਹ ਇਸਮਾਈਲ ਖਾਂ ਦਾ ਟੈਲੀਫੋਨ ਸੀ। ਉਸਨੇ ਕਾਹਲੀ ਵਿਚ ਕਿਹਾ ਕਿ ਮੈਂ ਛੇਤੀ ਦੇਣੀ ਕਲੀਨਕ ਵਿਚ ਆ ਜਾਵਾਂ ਕਿਉਂਕਿ ਉਥੇ ਖ਼ਤਰਾ ਸੀ ਕਿ ਉਹ ਕਿਸੇ ਨੂੰ ਕਤਲ ਕਰ ਦੇਵੇਗਾ। ਮੈਂ ਕਾਹਲੀ ਨਾਲ ਕਲੀਨਿਕ ਪਹੁੰਚਿਆ ਅਤੇ ਦੇਖਿਆ ਕਿ ਉਸ ਦੇ ਹੱਥ ਵਿਚ ਲੋਹੇ ਦੀ ਰਾਡ ਸੀ। ਇਉਂ ਲਗਦਾ ਸੀ ਕਿ ਜਿਹੜਾ ਵੀ ਕੋਈ ਉਸ ਦੇ ਕੋਲ ਆਇਆ

ਉਹ ਉਸਨੂੰ ਮਾਰ ਦੇਵੇਗਾ। ਉਸਨੇ ਕਿਹਾ "ਮੈਂ ਜ਼ਾਲਮ ਡਾਕਟਰ ਨੂੰ ਮਾਰ ਦੇਵਾਂਗਾ, ਉਹ ਮੇਰੇ ਹੱਥ ਕੱਟਣਾ ਚਾਹੁੰਦਾ ਹੈ। ਮੈਨੂੰ ਇਹਨਾਂ ਨਰਸਾਂ ਤੋਂ ਪਤਾ ਲੱਗਾ ਹੈ।" ਨਰਸਾਂ ਤੋਂ ਮੈਨੂੰ ਪਤਾ ਲੱਗਾ ਕਿ ਡਾਕਟਰ ਦਾ ਇਹੀ ਹੁਕਮ ਸੀ ਕਿ ਉਹ ਨੰਗੇ ਹੱਥਾਂ ਨਾਲ ਕਿਸੇ ਚੀਜ਼ ਨੂੰ ਨਾ ਛੂਹਵੇ ਕਿਉਂਕਿ ਉਹ ਇਕ ਖ਼ਾਸ ਬੀਮਾਰੀ ਤੋਂ ਪੀੜਤ ਸੀ ਅਤੇ ਦਸਤਾਨੇ ਪਹਿਨ ਲਵੇ। ਇਸੇ ਸਮੇਂ ਡਾਕਟਰ ਆ ਗਿਆ ਅਤੇ ਇਸਮਾਈਲ ਖ਼ਾਨ ਉਸ ਵੱਲ ਦੌੜਿਆ। ਮੈਂ ਇਸਮਾਈਲ ਖ਼ਾਨ ਨੂੰ ਰੋਕਿਆ ਅਤੇ ਡਾਕਟਰ ਨੂੰ ਸਾਰੀ ਕਹਾਣੀ ਦੱਸੀ। ਬੜੀ ਮੁਸ਼ਕਲ ਨਾਲ ਮੈਂ ਇਸਮਾਈਲ ਖ਼ਾਨ ਨੂੰ ਮਨਾਇਆ। ਵੀਆਨਾ ਵਿਚ ਸਭ ਤੋਂ ਵੱਡੀ ਟਰਕਿਸ਼ ਇਸ਼ਨਾਨਗਾਹ ਹੈ ਅਤੇ ਮੈਂ ਉਥੇ ਆ ਗਿਆ ਅਤੇ ਉਨ੍ਹਾਂ ਪ੍ਰਸਿੱਧ ਹਸਤੀਆਂ ਦੇ ਨਾਂ ਦੇਖੇ, ਜਿਹੜੇ ਉਥੇ ਨਹਾਤੇ ਸਨ।

ਵਿਆਨਾ ਤੋਂ ਮੈਂ ਜਰਮਨੀ ਗਿਆ। ਮੈਂ ਅਜੇ ਵੀ ਇਰਾਨੀ ਪਾਸਪੋਰਟ ਤੇ ਸਫ਼ਰ ਕਰਦਾ ਸੀ। ਬਾਅਦ ਵਿਚ ਮੈਂ ਪੈਰਿਸ ਗਿਆ। ਉਥੇ ਆਪਣੇ ਮਿੱਤਰ ਜ਼ਿਆ-ਉਦ-ਦੀਨ ਨੂੰ ਮਿਲਿਆ। ਇਥੇ ਮੈਂ ਹਿੰਦੁਸਤਾਨ ਛੱਡਣ ਤੋਂ ਬਾਅਦ ਪਹਿਲੀ ਵਾਰ ਦੋ ਹਿੰਦੁਸਤਾਨੀ ਦੇਸ਼ ਭਗਤਾਂ ਨੂੰ ਮਿਲਿਆ। ਉਨ੍ਹਾਂ ਦੇ ਨਾਂ ਸਨ-ਸ਼ਿਆਮ ਜੀ ਕ੍ਰਿਸ਼ਨ ਵਰਮਾ (ਲੰਡਨ ਵਿਚ ਇੰਡੀਅਨ ਹਾਊਸ ਦਾ ਬਾਨੀ) ਅਤੇ ਮੈਡਮ ਕਾਮਾ। ਉਹ ਇੰਡੀਅਨ ਸੋਸ਼ਿਆਲੋਜਿਸਟ ਵਿਚ ਅੰਗਰੇਜ਼ੀ ਵਿਚ ਆਜ਼ਾਦੀ ਬਾਰੇ ਸੁਪਨਈ ਕਹਾਣੀਆਂ ਛਾਪਦੇ। ਉਸਨੂੰ ਮੈਕਸ ਮੂਲਰ ਦੀ ਬੇਨਤੀ ਉੱਤੇ ਸਵਾਮੀ ਦਇਆਨੰਦ ਨੇ ਔਕਸਫੋਰਡ ਯੂਨੀਵਰਸਿਟੀ ਵਿਚ ਸੰਸਕ੍ਰਿਤ ਪੜ੍ਹਾਉਣ ਲਈ ਭੇਜਿਆ ਸੀ। ਮੈਕਸ ਮੂਲਰ ਇਹ ਵੀ ਚਾਹੁੰਦਾ ਸੀ ਕਿ ਸਵਾਮੀ ਦਇਆਨੰਦ ਇੰਗਲੈਂਡ ਆਵੇ ਪਰੰਤੂ ਉਸਨੇ ਕਿਹਾ ਕਿ ਉਹ ਭਾਰਤ ਵਿਚ ਹੀ ਆਪਣੇ ਮਿਸ਼ਨ ਦੀ ਪੂਰਤੀ ਲਈ ਕੰਮ ਕਰੇਗਾ। ਸ਼ਿਆਮ ਜੀ ਹਿੰਦੁਸਤਾਨੀ ਵਿਦਿਆਰਥੀਆਂ ਦੀ ਪੈਸੇ ਨਾਲ ਮਦਦ ਕਰਦੇ ਸਨ। ਡਾਕਟਰ ਸਾਵਰਕਰ ਅਜਿਹਾ ਹੀ ਇਕ ਵਿਦਿਆਰਥੀ ਸੀ। ਜਿਸ ਦੀ ਉਹ ਮਦਦ ਕਰਦੇ। ਅੰਗਰੇਜ਼ ਉਨ੍ਹਾਂ ਦੇ ਇਸ ਗੱਲੇ ਵਿਰੁੱਧ ਸਨ, ਅਤੇ ਇਸ ਲਈ ਉਸਨੇ ਇੰਗਲੈਂਡ ਛੱਡ ਦਿੱਤਾ। ਮੈਂ ਸ੍ਰੀਮਤੀ ਸਰੋਜਨੀ ਨਾਇਡੂ ਦੇ ਭਰਾ ਚਟੋਪਾਧਿਆ (ਵੀਰੇਂਦਰਨਾਥ) ਨੂੰ ਵੀ ਮਿਲਿਆ। ਇਹਨਾਂ ਸਾਰੇ ਵਰ੍ਹਿਆਂ ਵਿਚ ਮੈਨੂੰ ਘਰ ਦੀ ਕੋਈ ਖ਼ਬਰ ਨਹੀਂ ਮਿਲੀ ਅਤੇ ਨਾ ਹੀ ਹਿੰਦੁਸਤਾਨ ਵਿਚ ਮੈਂ ਕਿਸੇ ਨੂੰ ਲਿਖਿਆ। ਇਹ ਸੋਚ ਕੇ ਕਿ ਪੁਲਸ ਰਾਹ ਵਿਚ ਮੇਰੀਆਂ ਚਿੱਠੀਆਂ ਫੜ ਲਵੇਗੀ ਅਤੇ ਉਸ ਵਿਅਕਤੀ ਨੂੰ ਜਿਸ ਨੂੰ ਮੈਂ ਚਿੱਠੀ ਲਿਖੀ ਐਵੇਂ ਮੁਸੀਬਤ ਵਿਚ ਫਸ ਜਾਵੇਗਾ। ਇਥੇ ਹੀ ਮੈਂ ਇਕ ਹੋਰ ਹਿੰਦੁਸਤਾਨੀ ਦੇਸ਼ ਭਗਤਾਂ ਦੇ ਛੋਟੇ ਜਿਹੇ ਗਰੁਪ ਨੂੰ ਮਿਲਿਆ। ਮਹਾਂਦੇਵ ਰਾਉ ਉਨ੍ਹਾਂ ਵਿਚੋਂ ਇਕ ਸੀ ਜਿਹੜਾ ਏਥੇ ਪੈਰਿਸ ਵਿਚ ਜਲਾਵਤਨ ਸੀ ਉਸਨੇ ਪਿਛਲੀ ਲੜਾਈ ਵਿਚ ਬੋਸ (ਰਾਸ ਬਿਹਾਰੀ) ਨਾਲ ਕੰਮ ਕੀਤਾ ਸੀ। ਉਹ ਬੰਦੇ ਮਾਤਰਮ ਨਾਂ ਦਾ ਅਖ਼ਬਾਰ ਅੰਗਰੇਜ਼ੀ ਵਿਚ ਕੱਢਦਾ ਸੀ ਜਿਹੜਾ ਹਿੰਦੁਸਤਾਨ

ਵਿਚ ਚੋਰੀ ਛਿਪੇ ਭੇਜਿਆ ਜਾਂਦਾ। ਪੈਰਿਸ ਵਿਚ ਇਰਾਨੀ ਸਨ ਜਿਨ੍ਹਾਂ ਦਾ ਮੇਰੇ ਨਾਲ ਸਾਥ ਸੀ ਤੇ ਮੇਰੇ ਨਾਲ ਸਬੰਧਤ ਸਨ। ਮੈਂ ਲੈਟਿਨ ਕੁਆਟਰਾਂ ਵਿਚ ਰਹਿੰਦਾ ਸੀ। ਮੇਰੇ ਇਹ ਦੋਸਤ ਮੈਨੂੰ ਕੋਈ ਖ਼ਰਚ ਨਾ ਕਰਨ ਦਿੰਦੇ। ਇਰਾਨੀ ਮੇਰੀ ਹਰ ਵੇਲੇ ਮਦਦ ਕਰਦੇ। ਹਿੰਦੁਸਤਾਨੀਆਂ ਤੋਂ ਮੈਂ ਨਾ ਕੋਈ ਮਦਦ ਮੰਗੀ ਨਾ ਹੀ ਲਈ ਤੇ ਨਾ ਹੀ ਉਨ੍ਹਾਂ ਦੀ ਮਦਦ ਦੀ ਲੋੜ ਸਮਝੀ। ਸ੍ਰੀ ਰਾਉ ਗਹਿਣਿਆਂ ਦਾ ਕੰਮ ਕਰਦਾ ਸੀ। ਚਟੋਪਾਧਿਆਇ ਲਿਖ ਕੇ ਆਪਣਾ ਗੁਜ਼ਾਰਾ ਕਰਦਾ ਸੀ। ਸ਼ਿਆਮ ਜੀ ਕ੍ਰਿਸਨ ਵਰਮਾ ਅਤੇ ਮੈਡਮ ਕਾਮਾ ਉਨ੍ਹਾਂ ਸਾਰੇ ਹਿੰਦੁਸਤਾਨੀਆਂ ਦੀ ਮਦਦ ਕਰਨ ਲਈ ਤੱਤਪਰ ਰਹਿੰਦੇ ਜਿਹੜੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੁੱਝ ਨਾ ਕੁਝ ਕਰਦੇ। ਦੋਵੇਂ ਅਮੀਰ ਸਨ। ਵਰਮਾ ਬਹੁਤ ਸਿਆਣਾ ਮਹਾਨ ਅਰਥ ਸ਼ਾਸਤਰੀ ਅਤੇ ਮਹਾਨ ਵਿਦਵਾਨ ਸੀ। ਉਸਨੇ ਸਟਾਕ ਐਕਸਚੇਂਜ਼ ਦਾ ਅਧਿਅਨ ਕੀਤਾ ਅਤੇ ਸਟਾਕ ਮਾਮਲਿਆਂ ਦਾ ਏਨਾ ਮਾਹਿਰ ਹੋ ਗਿਆ ਕਿ ਇਕ ਦਿਨ 1910 ਵਿਚ ਉਸ ਨੇ ਮੈਨੂੰ ਦੱਸਿਆ ਕਿ ਸਟਾਕ ਐਕਸਚੇਂਜ਼ ਵਿਚ ਪੈਸੇ ਲਾ ਕੇ, ਉਸਨੇ ਕਦੇ ਇਕ ਪੈਸੇ ਦਾ ਵੀ ਘਾਟਾ ਨਹੀਂ ਖਾਧਾ। ਉਸ ਨੂੰ ਹਮੇਸ਼ਾ ਫਾਇਦਾ ਹੀ ਹੋਇਆ ਸੀ। ਇੰਗਲੈਂਡ ਵਿਚ ਲੋਕ ਉਸ ਕੋਲੋਂ ਸਟਾਕ ਐਕਸਚੇਂਜ਼ ਦੇ ਵਪਾਰ ਬਾਰੇ ਪੁੱਛਣ ਆਉਂਦੇ ਸਨ। ਇਸ ਤਰ੍ਹਾਂ ਉਸਨੇ ਲੱਖਾਂ ਕਮਾ ਲਏ ਸਨ। ਉਸ ਦੀ ਰਾਜਨੀਤੀ ਗਰਮ ਖ਼ਿਆਲੀ ਸੀ। ਸ਼ਿਆਮ ਜੀ ਉਸ ਹਿੰਦੁਸਤਾਨੀ ਨੂੰ ਕੁਝ ਵੀ ਦੇਣ ਲਈ ਤਿਆਰ ਰਹਿੰਦੇ ਸਨ ਜਿਸ ਬਾਰੇ ਉਨ੍ਹਾਂ ਨੂੰ ਪਤਾ ਲਗਦਾ ਕਿ ਉਹ ਦੇਸ਼ ਲਈ ਕੁਝ ਕਰ ਰਿਹਾ ਸੀ। ਖਾਣ ਪੀਣ ਵਿਚ ਜਾਂ ਦੇਸ਼ ਸੇਵਾ ਵਿਚ ਕੋਈ ਸਰਫ਼ਾ ਨਹੀਂ ਪਰੰਤੂ ਐਸ਼ੋ ਇਸ਼ਰਤ ਜਾਂ ਹੋਰ ਇਹੋ ਜਿਹੇ ਕੰਮਾਂ ਦੇ ਵਿਰੁੱਧ ਸੀ। ਮੈਂ ਫ਼ਰਾਂਸ ਵਿਚ ਕੋਈ ਪੰਜ ਮਹੀਨੇ ਰਿਹਾ।

ਫਿਰ ਮੈਂ ਲਾਊਸੇਨ (ਸਵਿਟਜ਼ਰਲੈਂਡ) ਗਿਆ। ਉਥੇ ਜਾਣ ਤੋਂ ਪਹਿਲਾਂ ਮੈਂ ਕਿਸੇ ਨੂੰ ਨਹੀਂ ਸੀ ਜਾਣਦਾ। ਪੈਰਿਸ ਵਿਚ ਆਪਣਾ ਗੁਜ਼ਾਰਾ ਕਰਨ ਲਈ ਮੈਂ ਅੰਗਰੇਜ਼ੀ ਪੜਾਉਣੀ ਸ਼ੁਰੂ ਕੀਤੀ ਸੀ। ਇਸ ਵਿਚ ਮੈਨੂੰ ਬੜੀ ਕਾਮਯਾਬੀ ਮਿਲੀ ਅਤੇ ਮੈਂ ਆਪਣੇ ਖ਼ਰਚੇ ਲਈ ਕਾਫ਼ੀ ਪੈਸੇ ਕਮਾ ਲਏ ਸਨ। ਮੈਨੂੰ ਸਵਿਟਜ਼ਰਲੈਂਡ, ਉਥੋਂ ਦਾ ਪ੍ਰਬੰਧਕੀ ਢਾਂਚਾ ਅਤੇ ਸਿੱਖਿਆ ਸਿਸਟਮ ਬਾਰੇ ਜਾਣਨ ਦਾ ਬੜਾ ਸ਼ੌਕ ਸੀ। ਸਰਦਾਰ-ਏ-ਆਸਦ ਇਰਾਨ ਦਾ ਗ੍ਰਹਿਮੰਤਰੀ ਸੀ ਜਿਸ ਨੂੰ ਮੈਂ ਪਹਿਲਾਂ ਹੀ ਤਹਿਰਾਨ ਵਿਚ ਮਿਲ ਚੁੱਕਾ ਸੀ। ਇਕ ਦਿਨ ਜਦੋਂ ਮੈਂ ਸੈਰ ਕਰ ਰਿਹਾ ਸੀ ਤਾਂ ਮੈਂ ਅਚਾਨਕ ਉਸਨੂੰ ਮਿਲ ਪਿਆ ਅਤੇ ਅਸੀਂ ਇਕੱਠਿਆਂ ਚਾਹ ਪੀਤੀ। ਉਹ ਬਖ਼ਤਿਆਰੀ ਕਬੀਲੇ ਦਾ ਬਹੁਤ ਵੱਡਾ ਸਰਦਾਰ ਸੀ। ਉਸਦਾ ਵੱਡਾ ਭਰਾ ਪ੍ਰਧਾਨ ਮੰਤਰੀ ਸੀ। ਉਸ ਦੇ ਅਤੇ ਉਸ ਦੇ ਭਰਾ ਦੇ ਬੱਚੇ ਲਾਊਸੇਨ ਵਿਚ ਪੜ੍ਹਦੇ ਸਨ ਅਤੇ ਉਸਨੇ ਮੈਨੂੰ ਉਨ੍ਹਾਂ ਦੀ ਦੇਖਭਾਲ ਕਰਨ ਲਈ ਆਖਿਆ ਜੇਕਰ ਮੈਂ ਉਥੇ ਹੀ ਰਹਿਣਾ ਸੀ ਤਾਂ। ਮੈਂ ਉਸਦੀ ਗੱਲ ਮੰਨ ਲਈ। ਇਸ ਲਈ ਉਸਨੇ ਮੈਨੂੰ ਪੈਸੇ ਦਿੱਤੇ

ਅਤੇ ਹੋਰ ਵੀ ਬਹੁਤ ਸਾਰੀ ਰਕਮ ਬੱਚਿਆਂ ਦੀ ਦੇਖ ਭਾਲ ਲਈ ਛੱਡ ਗਿਆ। ਮੈਂ ਲਾਉਸੇਨ ਵਿਖੇ 1913 ਤੱਕ ਰਿਹਾ। ਮੈਂ ਬਖ਼ਤਿਆਰੀ ਬੱਚਿਆਂ ਦੀ ਜ਼ਿਮੇਵਾਰੀ 1912 ਵਿਚ ਛੱਡੀ। ਏਥੇ ਮੇਰੀ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਦੇ ਲੋਕਾਂ ਨਾਲ ਜਾਣ-ਪਛਾਣ ਹੋਈ। ਇਹ ਦੱਖਣੀ ਅਮਰੀਕਾ, ਜਪਾਨ, ਜਰਮਨੀ ਆਦਿ ਦੇ ਸਨ ਅਤੇ ਉਨ੍ਹਾਂ ਵਿਚੋਂ ਜ਼ਿਆਦਾ ਕਰਕੇ ਮਹੱਤਵਪੂਰਨ ਵਿਅਕਤੀਆਂ ਦੇ ਪੁੱਤਰ ਸਨ। ਇਸ ਤਰ੍ਹਾਂ ਆਪਣੇ ਦੋਸਤਾਂ ਦੇ ਵੱਡੇ ਦਾਇਰੇ ਕਰਕੇ ਮੈਂ ਕਿਸੇ ਵੀ ਦੇਸ਼ ਵਿਚ ਜਾ ਸਕਦਾ ਅਤੇ ਉਥੇ ਕੋਈ ਨਾ ਕੋਈ ਮੈਨੂੰ ਮਿਲ ਹੀ ਜਾਂਦਾ ਜੋ ਮੈਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਹੁੰਦਾ। ਇਥੇ ਹੀ ਗੋਖਲੇ (ਗੋਪਾਲ ਕ੍ਰਿਸ਼ਨ) ਨਾਲ ਮੇਰਾ ਮੇਲ ਹੋਇਆ ਜਦੋਂ ਮੈਂ ਸੈਰ ਕਰ ਰਿਹਾ ਸੀ। ਉਹ ਨਰਮ ਦਲੀਆ ਸੀ ਤੇ ਮੈਂ ਗਰਮ ਦਲੀਆ। ਉਸਨੇ ਹਿੰਦੁਸਤਾਨ ਬਾਰੇ ਗੱਲਾਂ ਕੀਤੀਆਂ। ਉਸ ਵੇਲੇ ਸਾਡੀ ਦੋਹਾਂ ਦੀ ਹੀ ਸਿਹਤ ਚੰਗੀ ਨਹੀਂ ਸੀ। ਉਸਨੇ ਮੈਨੂੰ ਪੁੱਛਿਆ ਕਿ ਮੈਂ ਕਿਉਂ ਆਪਣੇ ਆਪ ਨੂੰ ਮੁਸੀਬਤ ਵਿਚ ਪਾਇਆ ਹੋਇਆ ਸੀ। ਉਹ ਮੇਰੇ ਹਿੰਦੁਸਤਾਨ ਵਿਚ ਦਾਖ਼ਲੇ ਦੇ ਹੁਕਮ ਪ੍ਰਾਪਤ ਕਰ ਸਕਦਾ ਸੀ। ਮੈਂ ਉਸ ਦਾ ਇਸ ਸਭ ਕਾਸੇ ਲਈ ਸ਼ੁਕਰੀਆ ਅਦਾ ਕੀਤਾ ਅਤੇ ਕਿਹਾ ਕਿ ਮੈਂ ਹਿੰਦੁਸਤਾਨ ਵਾਪਸ ਨਹੀਂ ਜਾਣਾ ਚਾਹੁੰਦਾ, ਮੈਂ ਉਦੋਂ ਹੀ ਵਾਪਸ ਜਾਵਾਂਗਾ ਜਦੋਂ ਹਾਲਤ ਬਦਲ ਜਾਣਗੇ। ਮੈਂ ਬਹੁਤ ਸਾਰੇ ਇਨਕਲਾਬੀਆਂ ਨੂੰ ਮਿਲਿਆ ਜਿਨ੍ਹਾਂ ਵਿਚ ਕੁਝ ਪੋਲੈਂਡ ਤੇ ਰੂਸ ਦੇ ਸਨ। ਉਹ ਆਪਣੀ ਆਜ਼ਾਦੀ ਲਈ ਲੜ ਰਹੇ ਸਨ। ਕੁੜੀਆਂ ਤੇ ਮੁੰਡਿਆਂ ਦਾ ਇਕ ਖਾਸ ਗਰੁੱਪ, ਜਿਨ੍ਹਾਂ ਵਿਚ ਜ਼ਿਆਦਾ ਕਰਕੇ ਪੋਲੈਂਡੀ ਤੇ ਰੂਸੀ ਸਨ ਚਾਰਮੀਰੀ ਵਿਚ ਖ਼ਾਸ ਸਾਇੰਸ, ਖ਼ਾਸ ਕੈਮਿਸਟਰੀ ਬੰਬ ਬਣਾਉਣ ਅਤੇ ਗੁਪਤ ਜੰਗ ਦੀ ਕਲਾ ਅਤੇ ਰੂਪੋਸ਼ ਹੋ ਕੇ ਕੰਮ ਕਰਨ ਦੀ ਕਲਾ ਸਿੱਖ ਰਹੇ ਸਨ। ਇਹ ਇਨਕਲਾਬੀ ਦੂਸਰੇ ਦੇਸ਼ਾਂ ਵਿਚ ਵੀ ਦਿਲਚਸਪੀ ਲੈਂਦੇ। ਉਹ ਸਾਰੀ ਦੁਨੀਆਂ ਦੇ ਦੱਬੇ ਕੁਚਲੇ ਲੋਕਾਂ ਨੂੰ ਇਕ ਮੁੱਠ ਕਰਨਾ ਲੋਚਦੇ ਸਨ। ਉਨ੍ਹਾਂ ਨੂੰ ਇਕ ਦੂਸਰੇ ਲਈ ਹਮਦਰਦੀ ਸੀ। ਉਨ੍ਹਾਂ ਸਾਰਿਆਂ ਵਿਚ ਸਾਂਝ ਕੌਮੀ ਪ੍ਰੇਮ ਕਰਕੇ ਸੀ। ਮੈਂ ਅਰਬੀ ਅਤੇ ਮਰਾਕੋ ਦੇ ਇਨਕਲਾਬੀਆਂ ਨੂੰ ਵੀ ਮਿਲਿਆ।

ਮੇਰਾ ਆਪਸੀ ਮਦਦ ਅਤੇ ਸਹਿਯੋਗ ਵਿਚ ਵਿਸ਼ਵਾਸ ਸੀ ਅਤੇ ਇਸ ਉਦੇਸ਼ ਨੂੰ ਪੂਰਾ ਕਰਨ ਲਈ ਮੈਂ ਸਵਿਟਜ਼ਰਲੈਂਡ ਵਿਚ ਲੂਜ਼ੇਰਨ ਨੂੰ ਆਪਣੀ ਰਿਹਾਇਸ਼ ਬਣਾਇਆ। ਇਸ ਤੋਂ ਇਲਾਵਾ ਮੈਂ ਜਰਮਨ ਨਾਲੋਂ ਫਰਾਂਸੀਸੀ ਚੰਗੀ ਤਰ੍ਹਾਂ ਜਾਣਦਾ ਸਾਂ। ਏਥੇ ਮੈਂ ਲਗਾਤਾਰ ਇਰਾਨੀਆਂ, ਅਰਬਾਂ ਅਤੇ ਮੋਰਾਕਨਾਂ ਨੂੰ ਮਿਲ ਸਕਦਾ ਸਾਂ। ਮੇਰੇ ਕੋਲ ਇਰਾਨੀ ਪਾਸਪੋਰਟ ਸੀ ਅਤੇ ਵਿਦਿਆਰਥੀ, ਸੈਲਾਨੀ, ਯਾਤਰੀ ਇਸ ਥਾਂ 'ਤੇ ਆਇਆ ਕਰਦੇ ਸਨ ਅਤੇ ਮੈਂ ਆਪਣੇ ਰਾਜਨੀਤਕ ਉਦੇਸ਼ ਨੂੰ ਹਾਸਲ ਕਰਨ ਲਈ ਇਹ ਚੰਗੇਰੀ ਥਾਂ ਵੀ ਸਮਝਦਾ ਸੀ।

ਮੈਂ ਆਪਣਾ ਗੁਜ਼ਾਰਾ ਪੜ੍ਹਾ ਕੇ ਕਰਦਾ। ਮੈਨੂੰ ਇਸ ਵਿਚ ਕਾਫ਼ੀ

ਕਾਮਯਾਬੀ ਮਿਲੀ। ਕੁਦਰਤ ਵੀ ਮੇਰੇ ਤੇ ਮਿਹਰਬਾਨ ਸੀ। ਇਕ ਵਾਰੀ ਮੈਂ ਜਦੋਂ ਝੀਲ ਕੰਢੇ ਸੈਰ ਕਰਨ ਜਾ ਰਿਹਾ ਸੀ ਤਾਂ ਮੇਰੀ ਇਰਾਨ ਦੇ ਗ੍ਰਹਿਮੰਤਰੀ ਅਸਦ ਨਾਲ ਮੁਲਾਕਾਤ ਹੋਈ।

ਮੇਰਾ ਫਿਨਲੈਂਡ, ਤੁਰਕ, ਅਰਬੀ, ਰੂਸੀ ਅਤੇ ਆਇਰਸ਼ ਨੌਜਵਾਨਾਂ ਨਾਲ ਸੰਪਰਕ ਹੋਇਆ। ਕੁਝ ਚਿਰ ਬਾਅਦ ਦੁਨੀਆਂ ਦੇ ਦੱਬੇ ਕੁੱਚਲਿਆਂ ਦੀ ਜੱਥੇਬੰਦੀ ਬਣਾਈ ਗਈ ਜਿਹਦੀਆਂ ਲਾਚਾਰਮੀਰ, ਸੈਂਟ ਫਰੈਂਕੋਸ ਤੇ ਕਈ ਵਾਰ ਓਲਡ ਇੰਡੀਆ ਵਿਖੇ ਮੀਟਿੰਗਾਂ ਹੁੰਦੀਆਂ।

ਆਇਰਸ਼ ਅੰਗ੍ਰੇਜ਼ਾਂ ਦੇ ਉਨ੍ਹਾਂ ਦੇ ਮੁਲਕ ਅੰਦਰ ਲੁਕਵੇਂ ਜ਼ਬਰ ਦਾ ਜ਼ਿਕਰ ਕਰਦੇ। ਪੋਲੈਂਡੀ, ਫਿਨਲੈਂਡ ਅਤੇ ਰੂਸੀ ਜ਼ਾਰ ਦੇ ਜ਼ੁਲਮਾਂ ਦਾ ਜ਼ਿਕਰ ਕਰਦੇ। ਅਰਬੀ, ਤੁਰਕੀ ਤੇ ਮੈਂ ਦੂਸਰੇ ਦੇਸ਼ਾਂ ਦੇ ਬੰਦੇ ਅੰਗਰੇਜ਼ਾਂ ਦੀ ਅਤੇ ਆਪਣੇ ਦੇਸ਼ ਵਿਚ ਅਤੇ ਅਸਲ 'ਚ ਸਾਰੇ ਏਸ਼ੀਆ ਦੇ ਮੁਲਕਾਂ ਦੇ ਬਸ਼ਿੰਦਿਆਂ ਨਾਲ ਕੀਤੇ ਜਾਂਦੇ ਅਪਮਾਨਤ ਵਿਹਾਰ ਬਾਰੇ ਇਹਨਾਂ ਮੀਟਿੰਗਾਂ ਵਿਚ ਗੱਲ ਕਰਦੇ।

ਸਭਾ ਦਾ ਉਦੇਸ਼ ਸੀ ਇਕ ਦੂਜੇ ਦੇਸ਼ ਦੀ ਆਜ਼ਾਦੀ ਦੀ ਲੜਾਈ ਪ੍ਰਤੀ ਹਮਦਰਦੀ ਪ੍ਰਗਟ ਕਰਨੀ ਅਤੇ ਜੇ ਸੰਭਵ ਹੋਵੇ ਤਾਂ ਸਹਿਯੋਗ ਅਤੇ ਸਹਾਇਤਾ ਕਰਨਾ। ਇਹ ਵੱਖ ਵੱਖ ਦੇਸ਼ਾਂ ਨੂੰ ਜ਼ੁਲਮ ਵਿਰੁੱਧ ਜਦੋਜਹਿਦ ਅਤੇ ਵਿਦਰੋਹ ਨੂੰ ਹੌਸਲਾ ਦੇਣ ਵਾਲਾ ਕਾਰਕ ਹੋ ਨਿਬੜਿਆ। ਚੋਣਵੇਂ ਭਾਸ਼ਨਾਂ ਨੂੰ ਇਕੱਠਾ ਕੀਤਾ ਜਾਂਦਾ ਅਤੇ ਪੈਂਫਲਿਟਾਂ ਦੀ ਸ਼ਕਲ ਵਿਚ ਛਾਪਿਆ ਜਾਂਦਾ ਅਤੇ ਵੱਖ ਵੱਖ ਦੇਸ਼ਾਂ ਨੂੰ ਭੇਜੇ ਜਾਂਦੇ। ਇਸ ਲਈ ਉਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਆਜ਼ਾਦੀ ਲਈ ਤਿਆਰ ਕਰਨ ਵਿਚ ਮਦਦ ਮਿਲਦੀ। ਸ੍ਰੀ ਵੂਲਫ਼ ਫਿਨਿਸ਼ ਵਿਚ, ਮਸੌਧ ਜਿਨਸਕੀ, ਪੋਲੈਂਡ ਵਿਚ ਅਤੇ ਫੈਹਿਮੀ ਅਰਬੀ ਵਿਚ ਇਸ ਦਾ ਅਨੁਵਾਦ ਕਰਦੇ।

ਇਕ ਹੋਰ ਓਰੀਐਂਟਲ ਸਭਾ ਸੀ ਜਿਸ ਦਾ ਕੋਈ ਯੂਰਪੀਨ ਮੈਂਬਰ ਨਹੀਂ ਸੀ ਬਣ ਸਕਦਾ। ਮੋਰਾਕਨ, ਟਿਉਨੇਸ਼ੀਅਨ, ਅਲਜ਼ੀਰੀਅਨ, ਮਿਸਰੀ, ਅਰਬੀ, ਤੁਰਕੀ, ਇਰਾਨੀ, ਹਿੰਦੁਸਤਾਨੀ ਇਸ ਦੇ ਮੈਂਬਰ ਸਨ। ਇਸ ਦੀਆਂ ਮੀਟਿੰਗਾਂ ਮੇਰੀ ਰਿਹਾਇਸ਼ਗਾਹ, ਰੀਉ ਡੀ ਬੋਰਗ ਜਾਂ ਓਲਡ ਇੰਡੀਆ ਵਿਖੇ ਹੁੰਦੀਆਂ। ਸਾਰੀਆਂ ਤਿੰਨੇ ਹੀ ਥਾਵਾਂ ਨੇੜੇ ਨੇੜੇ ਸਨ। ਕਈ ਵਾਰੀ ਅਸੀਂ ਜਨੇਵਾ ਵਿਖੇ ਹਮਦਰਦਾਂ ਨੂੰ ਮਿਲਣ ਲਈ ਜਾਂਦੇ। ਐਤਵਾਰ ਜਾਂ ਹੋਰ ਛੁੱਟੀ ਵਾਲੇ ਦਿਨ ਮੀਟਿੰਗਾਂ ਲਈ ਤਹਿ ਕੀਤੇ ਜਾਂਦੇ। ਪਾਰਟੀਆਂ ਨੂੰ ਮੀਟਿੰਗ ਤੋਂ ਪਹਿਲਾਂ ਸੂਚਨਾ ਦੇ ਦਿੱਤੀ ਜਾਂਦੀ। ਅਸੀਂ ਝੀਲ ਵਿਚ ਬੇੜੀਆਂ ਜਾਂ ਜਹਾਜ਼ਾਂ 'ਤੇ ਵੀ ਮੀਟਿੰਗਾਂ ਕਰਦੇ। ਇਹ ਪਹਿਲੀ ਸੰਸਾਰ ਜੰਗ ਦੇ ਸ਼ੁਰੂ ਤੱਕ ਜਾਰੀ ਰਹੀਆਂ।

ਇਹਨਾਂ ਸਭਾਵਾਂ ਦਾ ਮੁੱਖ ਕੰਮ ਜਾਬਰਾਂ ਵਿਰੁੱਧ ਨਫ਼ਰਤ ਪੈਦਾ ਕਰਨਾ ਸੀ। ਲੋੜ ਵੇਲੇ ਇਕ ਦੂਜੇ ਦੀ ਸਹਾਇਤਾ ਕਰਨ ਲਈ ਤਿਆਰ ਕਰਨਾ ਅਤੇ ਜਾਬਰਾਂ ਵਿਰੁੱਧ ਦੁਨੀਆ ਭਰ ਵਿਚ ਮੁਹਿੰਮ ਵਿੱਢਣੀ। ਮੇਰੇ ਭਾਸ਼ਣਾਂ ਨੇ ਮੈਂਬਰਾਂ ਨੂੰ

ਇਸ ਗੱਲ ਤੇ ਕਾਇਲ ਕਰ ਲਿਆ ਕਿ ਅੰਗਰੇਜ਼ ਦੁਨੀਆਂ ਦੇ ਸਭ ਤੋਂ ਭੈੜੇ ਜਾਬਰ ਸਨ।

1912 ਵਿਚ ਸਈਅਦ ਜ਼ਿਆ-ਉਦ-ਦੀਨ ਮੈਨੂੰ ਸਵਿਟਜ਼ਰਲੈਂਡ ਵਿਚ ਮਿਲਣ ਆਇਆ ਕਿਉਂਕਿ ਉਹ ਇਰਾਨ ਵਾਪਸ ਜਾਣਾ ਚਾਹੁੰਦਾ ਸੀ ਅਤੇ ਇਰਾਨ ਵਾਪਸ ਜਾਣ ਤੋਂ ਪਹਿਲਾਂ ਉਹ ਮੇਰੇ ਨਾਲ ਕੁਝ ਸਮਾਂ ਬਿਤਾਉਣਾ ਚਾਹੁੰਦਾ ਸੀ। ਇਕ ਦਿਨ ਅਸੀਂ ਜਨੇਵਾ ਗਏ ਅਤੇ ਰੂਟ ਡੀ ਲਾ ਚੈਨੇ ਵਿਖੇ ਮੌਨਸ਼ੀਅਰ ਬੂੰਡਿੰਗ ਦੇ ਘਰ ਗਏ ਜਿਥੇ ਹਿਜ਼ ਐਕਸਲੈਂਸੀ ਨਿਜ਼ਾਮੁਲ-ਸੁਲਤਾਨ ਰਹਿੰਦਾ ਸੀ। ਸਈਅਦ ਜ਼ਿਆਉਦ-ਦੀਨ ਨੇ ਉਸ ਨਾਲ ਮੇਰੀ ਜਾਣ ਪਛਾਣ ਕਰਵਾਈ। ਅਸੀਂ ਕਈ ਵਿਸ਼ਿਆਂ ਤੇ ਗੱਲਬਾਤ ਕੀਤੀ ਅਤੇ ਇਸ ਨੇ ਦੋਹਾਂ ਦੇਸਾਂ ਵਿਚ ਚਲ ਰਹੀ ਜਦੋਜਹਿਦ ਨਾਲ ਆਪਸੀ ਹਮਦਰਦੀ ਪੈਦਾ ਕੀਤੀ। ਉਸਨੇ ਅਗਲੇ ਦਿਨ ਰਾਤ ਨੂੰ ਸਾਨੂੰ ਖਾਣੇ ਤੇ ਸੱਦਿਆ। ਉਥੇ ਵੀ ਅਸੀਂ ਬੜੀ ਵਧੀਆ ਗੱਲਬਾਤ ਕੀਤੀ। ਉਥੇ ਉਸ ਨੇ ਸਈਅਦ ਜ਼ਿਆਉਦ-ਦੀਨ ਨੂੰ ਗੁਪਤ ਸੁਨੇਹਾ ਦਿੱਤਾ। ਇਸ ਤੋਂ ਬਾਅਦ ਅਸੀਂ ਲੁਜ਼ੇਨ ਵਾਪਸ ਆ ਗਏ। ਰਸਤੇ ਵਿਚ ਜ਼ਿਆਉਦ-ਦੀਨ ਨੇ ਮੈਨੂੰ ਦੱਸਿਆ ਕਿ ਹਿਜ਼ ਐਕਸੀਲੈਂਸੀ ਉਸ ਨਾਲ ਮੇਰੀ ਗੱਲਬਾਤ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ ਅਤੇ ਯੂਰਪ ਵਿਚ ਆਪਣੀ ਰਿਹਾਇਸ਼ ਦੌਰਾਨ ਉਹ ਮੇਰਾ ਸਾਥ ਕਰਨਾ ਚਾਹੇਗਾ। ਮੈਂ ਖ਼ੁਸ਼ੀ ਨਾਲ ਇਸ ਮੌਕੇ ਦਾ ਲਾਭ ਉਠਾਇਆ ਕਿਉਂਕਿ ਮੇਰਾ ਵਿਚਾਰ ਸੀ ਕਿ ਬਾਅਦ ਵਿਚ ਅੰਗਰੇਜ਼ਾਂ ਅਤੇ ਜਰਮਨਾਂ ਵਿਚਕਾਰ ਹੋਣ ਵਾਲੀ ਜੰਗ ਸਮੇਂ ਹਿਜ਼ ਐਕਸੀਲੈਂਸੀ ਲਾਹੇਵੰਦ ਹੋਵੇਗਾ। ਇਸ ਲਈ ਮੈਂ ਹਿਜ਼ ਐਕਸੀਲੈਂਸੀ ਨਾਲ ਰਹਿਣ ਲਈ ਇਰਾਨੀ ਬੱਚਿਆਂ ਨੂੰ ਪੜ੍ਹਾਉਣਾ ਬੰਦ ਕਰ ਦਿੱਤਾ। ਜਨੇਵਾ ਤੋਂ ਅਸੀਂ ਵਿਚੀ (ਫਰਾਂਸ) ਵਿਚ ਚਲੇ ਗਏ। ਉਥੋਂ ਅਸੀਂ ਜਰਮਨੀ ਚਲੇ ਗਏ। ਹਿਜ਼ ਐਕਸੀਲੈਂਸੀ ਜਰਮਨੀ ਵੇਖਣੀ ਚਾਹੁੰਦਾ ਸੀ। ਖ਼ਾਸ ਤੌਰ 'ਤੇ ਬੰਦਰਗਾਹਾਂ ਕਿਉਂਕਿ ਉਹ ਇਰਾਨ ਖਾੜੀ ਫਾਰਸ ਵਿਚ ਬੰਦਰਗਾਹਾਂ ਵਿਕਸਤ ਕਰਨ ਲਈ ਉਤਸੁਕ ਸੀ ਜਿਹੜੀ ਉਸ ਦੇ ਕਬਜ਼ੇ ਵਿਚ ਸੀ। ਅਸੀਂ ਹੈਮਬਰਗ ਵੇਖਣ ਗਏ ਅਤੇ ਉਥੇ ਅਸੀਂ ਐਟਲਾਂਟਿਕ ਹੋਟਲ ਵਿਚ ਠਹਿਰੇ ਜਿਸ ਦਾ ਕਿ ਵੱਡਾ ਹਿੱਸਾ ਅਜੇ ਨਿਰਮਾਣ ਅਧੀਨ ਸੀ। ਉਹ ਇਮਾਰਤ ਜੰਗ ਵਿਚ ਬੰਬਾਰੀ ਕਾਰਨ ਢਹਿ ਢੇਰੀ ਹੋ ਗਈ ਸੀ। ਜਰਮਨ ਡੌਕਸ ਦੇਖ ਕੇ ਅਸੀਂ ਹੈਮਬਰਗ ਤੋਂ ਬਰਲਿਨ ਗਏ। ਅਸੀਂ ਸਰਕਾਰ ਨੂੰ ਆਪਣੀ ਆਮਦ ਬਾਰੇ ਦੱਸਿਆ। ਅਸੀਂ ਐਸਪਲੈਂਡੇ ਹੋਟਲ ਵਿਚ ਠਹਿਰੇ ਜਿਥੇ ਜਰਮਨੀ ਦੇ ਵਿਦੇਸ਼ ਵਿਭਾਗ ਦਾ ਏਸ਼ੀਆ ਬਰਾਂਚ ਦਾ ਪ੍ਰਤੀਨਿਧ ਸਾਨੂੰ ਮਿਲਣ ਆਇਆ। ਉਸ ਨੇ ਕਿਹਾ ਕਿ ਉਹ ਏਥੇ ਜਰਮਨੀ ਦੀ ਰਾਜਧਾਨੀ ਵਿਚ ਆਉਣ ਤੇ ਜਰਮਨ ਸਰਕਾਰ ਵਲੋਂ ਜੀ ਆਇਆਂ ਕਹਿਣ ਲਈ ਆਇਆ ਸੀ। ਉਸ ਨੇ ਇਹ ਵੀ ਕਿਹਾ ਕਿ ਸਾਡੀ ਸ਼ਖ਼ਸੀਅਤ ਬਾਰੇ ਉਨ੍ਹਾਂ ਦੀ ਆਰਕਾਈਵਜ਼ ਵਿਚ ਹਵਾਲੇ ਮਿਲਦੇ ਹਨ। ਇਸ ਸੂਚਨਾ ਨਾਲ ਹਿਜ਼ ਐਕਸੀਲੈਂਸੀ ਦੇ ਮਨ ਵਿਚ ਬੜੀ

ਉਤਸੁਕਤਾ ਜਾਗ ਪਈ ਤੇ ਜਾਣਨਾ ਚਾਹਿਆ ਕਿ ਜਰਮਨ ਆਰਕਾਈਵਜ਼ ਵਿਚ ਉਸ ਬਾਰੇ ਕੀ ਹਵਾਲਾ ਸੀ। ਜਰਮਨ ਪ੍ਰਤੀਨਿਧ ਦਾ ਨਾਂ ਹੈਰ ਸਮਿਡ ਸੀ। ਉਸ ਨੇ ਦੱਸਿਆ ਕਿ ਜਰਮਨ ਸਰਕਾਰ ਕੋਲ ਓਰੀਐਂਟ ਵਿਚ ਜਹਾਜ਼ਰਾਨੀ ਚਲਾਉਣਾ ਅਤੇ ਉਨ੍ਹਾਂ ਪ੍ਰਸ਼ੀਅਨ ਖਾੜੀ ਨਾਲ ਹੋਰ ਸਮੁੰਦਰਾਂ ਅਤੇ ਬੰਦਰਗਾਹਾਂ ਦਾ ਵੀ ਏਸ਼ੀਆ ਵਿਚ ਪਹੁੰਚਣ ਦਾ ਸਰਵੇ ਕੀਤਾ ਹੋਇਆ ਹੈ ਅਤੇ ਹਿਜ਼ ਐਕਸੀਲੈਂਸੀ ਸ਼ੀਰਾਜ਼ ਦਾ ਬਾਦਸ਼ਾਹ ਸੀ। ਮੇਰੇ ਬਾਰੇ ਉਸ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਮੇਰੇ ਵਿਚ ਹਿੰਦੁਸਤਾਨੀ ਫੌਜਾਂ ਨੂੰ ਵਰਤਣ ਦੀ ਬੜੀ ਯੋਗਤਾ ਸੀ। ਅਸੀਂ ਆਉਣੰ ਵਾਲੀ ਜੰਗ ਬਾਰੇ ਗੱਲਾਂ ਕੀਤੀਆਂ। ਜਰਮਨੀ ਦਾ ਵਿਚਾਰ ਸੀ ਕਿ ਇੰਗਲੈਂਡ ਆਉਣ ਵਾਲੀ ਜੰਗ ਵਿਚ ਹਿੱਸਾ ਨਹੀਂ ਲਵੇਗਾ। ਜਰਮਨੀ ਨੂੰ ਆਪਣੀ ਤਾਕਤ ਤੇ ਬਹੁਤ ਮਾਣ ਸੀ ਅਤੇ ਉਸ ਨੂੰ ਆਪਣੀ ਤਾਕਤ ਤੇ ਲੋੜੋਂ ਵੱਧ ਭਰੋਸਾ ਸੀ। ਉਸਦਾ ਵਿਚਾਰ ਸੀ ਕਿ ਜੇਕਰ ਇੰਗਲੈਂਡ ਉਸ ਵਿਰੁੱਧ ਲੜਿਆ ਤਾਂ ਉਹ ਬਿਨਾਂ ਕਿਸੇ ਦੀ ਮੱਦਦ ਦੇ ਉਸ ਨਾਲ ਨਜਿੱਠਣ ਦੇ ਯੋਗ ਸਨ। ਮੈਂ ਉਸ ਨੂੰ ਸੁਝਾਉ ਦਿੱਤਾ ਕਿ ਇਹ ਵਧੀਆ ਰਹੇਗਾ ਜੇਕਰ ਉਹ ਆਉਣ ਵਾਲੀ ਜੰਗ ਦੇ ਮੱਦੇ ਨਜ਼ਰ ਏਸ਼ੀਆ ਵਿਚ ਆਪਣੇ ਸੰਪਰਕ ਕਾਇਮ ਕਰਨ ਪਰੰਤੂ ਜਰਮਨ ਪ੍ਰਤੀਨਿਧ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਮੇਰੇ ਵਾਰ ਵਾਰ ਸੁਝਾਉ ਦੇਣ ਦੇ ਬਾਵਜੂਦ ਸੰਪਰਕ ਬਣਾਉਣ ਦੇ ਸੁਝਾਉ ਨੂੰ ਛੱਡ ਦਿੱਤਾ।

ਜ਼ਿਉਰਿਖ ਵਿਚ ਮੈਂ ਲੈਨਿਨ ਨੂੰ ਮਿਲਿਆ। ਲਾਉਸੇਨ ਵਿਚ ਉਸ ਦੇ ਰੂਸੀ ਇਨਕਲਾਬੀਆਂ ਨਾਲ ਸੰਬੰਧ ਸਨ। ਲੈਨਿਨ ਜਰਮਨੀ ਵਿਚ ਰਹਿੰਦੇ ਪਿੱਲੇ (ਚਮਪਾਕਰਸਤ) ਨੂੰ ਜਾਣਦਾ ਸੀ। ਉਹਨੂੰ ਨਾਜ਼ੀਆਂ ਨੇ ਕੁੱਟਿਆ ਸੀ। ਪਿੱਲੇ ਤੇ ਲੈਨਿਨ ਇਕ ਦੂਜੇ ਨੂੰ ਨੇੜਿਉਂ ਜਾਣਦੇ ਸਨ। ਉਹ ਇਕ ਦੂਜੇ ਨਾਲ ਰਲਦੇ ਮਿਲਦੇ ਸਨ। ਉਨ੍ਹਾਂ ਵਿਚ ਇਕੋ ਹੀ ਫ਼ਰਕ ਸੀ ਕਿ ਲੈਨਿਨ ਉਸ ਨਾਲੋਂ ਥੋੜ੍ਹਾ ਜਿੰਨਾ ਲੰਮਾ ਸੀ। ਜਦੋਂ ਮੈਂ ਪਹਿਲੀ ਵਾਰ ਪਿੱਲੇ ਨੂੰ ਮਿਲਣ ਲਈ ਗਿਆ, ਮੈਂ ਉਸ ਨੂੰ ਲੈਨਿਨ ਨਾਲ ਗੱਲਾਂ ਕਰਦਿਆਂ ਦੇਖਿਆ। ਮੈਂ ਪਿੱਲੇ ਦੀ ਲੈਨਿਨ ਨਾਲ ਫੋਟੋ ਵੀ ਵੇਖੀ ਸੀ। ਮੈਂ ਜਿਉਰਿਖ ਵਿਚ ਪਿੱਲੇ ਨੂੰ ਮਿਲਣ ਲਈ ਗਿਆ ਅਤੇ ਜਾਣ ਤੋਂ ਪਹਿਲਾਂ ਉਸ ਨੂੰ ਚਿੱਠੀ ਲਿਖ ਦਿੱਤੀ ਸੀ। ਉਹ ਸਵਿਟਜ਼ਰਲੈਂਡ ਵਿਚ ਤਲਵਾਰ ਨਾਂ ਦੀ ਅਖ਼ਬਾਰ ਛਾਪਦਾ ਸੀ ਜਿਹੜੀ ਹਿੰਦੁਸਤਾਨ ਵਿਚ ਚੋਰੀ ਛਿਪੇ ਭੇਜੀ ਜਾਂਦੀ। ਉਸ ਦੀ ਰਿਹਾਇਸ਼ ਮੈਨੂੰ ਲੱਭਣ ਵਿਚ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਜਦੋਂ ਮੈਂ ਉਸ ਦੀ ਰਿਹਾਇਸ਼ ਤੇ ਪਹੁੰਚਿਆ ਤਾਂ ਮੈਂ ਉਥੇ ਇਕੋ ਜਿਹੇ ਲੱਗਦੇ ਇਕ ਮਧਰਾ ਅਤੇ ਇਕ ਲੰਬਾ ਦੋ ਬੰਦੇ ਦੇਖੇ। ਉਨ੍ਹਾਂ ਵਿਚੋਂ ਇਕ ਪਿੱਲੇ ਸੀ ਤੇ ਦੂਸਰਾ ਲੈਨਿਨ। ਜਦੋਂ ਲੈਨਿਨ ਦੀ ਉਸ ਨਾਲ ਗੱਲਬਾਤ ਖ਼ਤਮ ਹੋ ਗਈ ਤਾਂ ਲੈਨਿਨ ਚਲਾ ਗਿਆ ਤਾਂ ਮੈਂ ਪਿੱਲੇ ਕੋਲ ਗਿਆ।

ਫਰਾਂਸ ਵਿਚ ਸ਼ਿਆਮ ਜੀ ਕ੍ਰਿਸ਼ਨ ਵਰਮਾ, ਮੈਡਮ ਕਾਮਾ ਅਤੇ ਹੋਰਾਂ ਨੂੰ

ਮਿਲਣ ਤੋਂ ਬਾਅਦ ਮੈਂ ਵਿਚਾਰ ਬਣਾਇਆ ਕਿ ਮੈਨੂੰ ਪਿੱਲੇ ਨੂੰ ਵੀ ਮਿਲਣਾ ਚਾਹੀਦਾ ਸੀ। ਜਦੋਂ ਮੈਂ ਜਨੇਵਾ ਤੋਂ ਜਿਊਰਿਖ ਜਾ ਰਿਹਾ ਸੀ ਤਾਂ ਰਾਹ ਵਿਚ ਮੈਨੂੰ ਸਰ ਸਟਰਿਨਲੈਂਡ ਨਾਂ ਦਾ ਇਕ ਅੰਗਰੇਜ਼ ਮਿਲਿਆ, ਉਸ ਨੇ ਅੰਗਰੇਜ਼ਾਂ ਦੇ ਪਾਖੰਡ ਦੀ ਨਿੰਦਾ ਕੀਤੀ ਤੇ ਉਸ ਦੀ ਇੰਗਲੈਂਡ ਦੀ ਨਾਗਰਿਕਤਾ ਖੋਹ ਲਈ ਗਈ ਸੀ। ਆਪਣੀ ਗੱਲਬਾਤ ਦੇ ਦੌਰਾਨ ਉਸ ਨੇ ਪੁੱਛਿਆ ਕਿ ਕੀ ਮੈਂ ਪਿੱਲੇ ਨੂੰ ਜਾਣਦਾ ਸੀ ਅਤੇ ਮੇਰੇ ਇਹ ਦੱਸਣ ਤੇ ਕਿ ਮੈਂ ਜਾਤੀ ਤੌਰ 'ਤੇ ਉਸ ਨੂੰ ਨਹੀਂ ਜਾਣਦਾ ਪਰੰਤੂ ਮੈਂ ਉਸ ਦੀ ਅਖ਼ਬਾਰ ਤਲਵਾਰ ਪੜ੍ਹੀ ਸੀ ਅਤੇ ਉਸ ਨੂੰ ਮਿਲਣ ਲਈ ਜਾ ਰਿਹਾ ਸੀ। ਉਸ ਨੇ ਮੈਨੂੰ ਆਪਣੇ ਭਾਰਤ ਦੇ ਸਫ਼ਰ ਦੀ ਸਾਰੀ ਕਹਾਣੀ ਸੁਣਾਈ। ਇਕ ਵਾਰ ਜਦੋਂ ਉਹ ਗੱਡੀ ਰਾਹੀਂ ਸਫ਼ਰ ਕਰ ਰਿਹਾ ਸੀ, ਤਾਂ ਇਕ ਨੌਜਵਾਨ ਉਸ ਦੇ ਡੱਬੇ ਵਿਚ ਚੜ੍ਹ ਆਇਆ ਅਤੇ ਉਹ ਅੱਧਾ ਝੁਕਿਆ ਹੋਇਆ ਇਕ ਖੂੰਜੇ ਵਿਚ ਖਲੋ ਗਿਆ। "ਮੈਂ ਉਸ ਨੂੰ ਪੁੱਛਿਆ ਕਿ ਉਹ ਠੀਕ ਹੋ ਕੇ ਸੀਟ 'ਤੇ ਕਿਉਂ ਨਹੀਂ ਬੈਠਦਾ। ਮੈਨੂੰ ਉਸ ਨੇ ਦੱਸਿਆ ਕਿ ਉਸ ਨੌਜਵਾਨ ਦੇ ਮਗਰ ਪੁਲਸ ਸੀ ਜਿਹੜੀ ਉਸ ਨੂੰ ਅੰਗਰੇਜ਼ੀ ਰਾਜ ਦੀ ਆਲੋਚਨਾ ਕਰਨ ਕਰਕੇ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ। "ਮੈਂ ਉਸ ਦੀ ਸਹਾਇਤਾ ਕੀਤੀ।" ਉਸ ਨੇ ਕਿਹਾ, "ਇਹ ਨੌਜਵਾਨ ਭਾਰਤ ਤੋਂ ਲੰਕਾ ਨੂੰ ਬਚ ਕੇ ਨਿਕਲ ਗਿਆ ਅਤੇ ਉਥੋਂ ਉਹ ਯੂਰਪ ਨੂੰ ਆ ਗਿਆ।" ਇਹ ਉਹੀ ਪ੍ਰਸਿੱਧ ਨੌਜਵਾਨ ਪਿੱਲੇ ਸੀ ਜਿਸ ਨੂੰ ਮੈਂ ਮਿਲਣ ਲਈ ਜਾ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਮਸੋਲਿਨੀ ਲਾਉਸੇਨ ਵਿਚ ਰਹਿੰਦਾ ਸੀ। ਉਹ ਸਈਅਦ ਜ਼ਿਆ-ਉਦ-ਦੀਨ ਨੂੰ ਜਾਣਦਾ ਸੀ। ਉਸ ਨੇ ਉਸ ਨੂੰ ਸੱਦਾ ਦਿੱਤਾ ਅਤੇ ਇਹ ਜ਼ੋਰ ਵੀ ਦਿੱਤਾ ਕਿ ਉਹ ਮੈਨੂੰ ਵੀ ਨਾਲ ਲੈ ਕੇ ਆਵੇ। ਪਰ ਮੈਂ ਉਸ ਨੂੰ ਕਿਹਾ ਕਿ ਜੇਕਰ ਸਚੀਉਂ ਮੇਰੇ ਨਾਲ ਜਾਣ ਦਾ ਕੋਈ ਫਾਇਦਾ ਸੀ (ਮੇਰੀ ਕੋਈ ਲੋੜ ਸੀ) ਤਾਂ ਮੈਂ ਜਾਵਾਂਗਾ ਅਤੇ ਜੇਕਰ ਸਿਰਫ਼ ਗੱਪ ਸ਼ੱਪ ਲਈ ਹੀ ਜਾਣਾ ਸੀ ਤਾਂ ਮੈਂ ਫਿਰ ਕਿਸੇ ਹੋਰ ਮੌਕੇ ਮਿਲ ਲਵਾਂਗਾ। ਮੁਸੋਲਿਨੀ ਇਕ ਦ੍ਰਿੜ੍ਹ ਇਰਾਦੇ ਵਾਲਾ, ਦਿਸਣ ਵਿਚ ਸਿਆਣਾ ਅਤੇ ਇਥੋਂ ਤੱਕ ਕਿ ਉਹ ਉਸ ਸਮੇਂ ਲੋਕ ਨਾਇਕ ਸੀ। ਮੁਸੋਲਿਨੀ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ ਅਤੇ ਜਦ ਵੀ ਕਦੇ ਮੈਂ ਲਾਉਸੇਨ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਜਾਂਦਾ, ਮੈਂ ਉਸ ਨੂੰ ਉਥੇ ਪੜ੍ਹਦਾ ਵੇਖਦਾ।

ਮੈਂ ਟਰਾਟਸਕੀ ਨੂੰ ਵੀ ਮਿਲਿਆ। ਉਹ ਰੂਸੀਆਂ ਵਿਚ ਮਹਾਨ ਇਨਕਲਾਬੀ ਸੀ। ਮੈਂ ਉਸ ਬਾਰੇ ਅਖ਼ਬਾਰਾਂ ਵਿਚ ਪੜ੍ਹਿਆ ਸੀ। ਪੈਰਿਸ ਵਿਚ ਮੈਂ ਉਸ ਨੂੰ ਦੇਖਿਆ ਸੀ ਅਤੇ ਉਸ ਨੂੰ ਹੋਰ ਲੋਕਾਂ ਨਾਲ ਗੱਲਾਂ ਕਰਦੇ ਦੇਖਿਆ ਸੀ ਪਰ ਮੇਰੀ ਉਸ ਨਾਲ ਕਦੇ ਮੇਲ ਮੁਲ਼ਾਕਾਤ ਨਹੀਂ ਹੋਈ। ਉਸ ਵੇਲੇ ਹਰ ਇਨਕਲਾਬੀ ਦੀ ਦੁਨੀਆਂ ਭਰ ਦੇ ਦੱਬੇ ਕੁਚਲੇ ਲੋਕਾਂ ਵਿਚ ਦਿਲਚਸਪੀ ਸੀ। ਅਸਲ ਵਿਚ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀ ਇਸ ਲਹਿਰ ਨੂੰ ਚਲਾਉਣ ਵਾਲੇ ਸਨ। ਇਹ ਵਿਚਾਰ ਪਨਪ ਰਿਹਾ ਸੀ ਪਰੰਤੂ ਇਹ ਵਿਚਾਰ ਮੁਢਲੀ ਸਟੇਜ 'ਤੇ ਹੀ ਸੀ

ਅਤੇ ਲਹਿਰ ਚੰਗੀ ਤਰ੍ਹਾਂ ਸੰਗਠਤ ਨਹੀਂ ਸੀ। ਇਸ ਲਈ, ਅਸਲ ਵਿਚ ਦੁਨੀਆਂ ਭਰ ਦੇ ਦੱਬੇ ਕੁਚਲੇ ਲੋਕਾਂ ਦੀ ਆਪਸ ਵਿਚ ਆਮ ਤੌਰ 'ਤੇ ਕੁਦਰਤੀ ਹਮਦਰਦੀ ਸੀ। ਅੰਤਰਰਾਸ਼ਟਰੀ ਪੱਧਰ 'ਤੇ ਕੋਈ ਅਮਲੀ ਕੰਮ ਨਹੀਂ ਹੋ ਰਿਹਾ ਸੀ। ਮੁਸੋਲਿਨੀ ਕਦੇ ਵੀ ਇਨਕਲਾਬੀਆਂ ਦੀ ਮੀਟਿੰਗ ਵਿਚ ਹਾਜ਼ਰ ਨਹੀਂ ਹੋਇਆ। ਉਸ ਦੇ ਆਪਣੇ ਪੱਕੇ ਇਰਾਦੇ ਸਨ। ਉਸ ਵੇਲੇ ਉਹ ਸਮਾਜਵਾਦੀ ਸੀ। ਕਿਸੇ ਨੂੰ ਵੀ ਉਸ ਵੇਲੇ ਪਤਾ ਨਹੀਂ ਸੀ ਕਿ ਉਹ ਏਨਾ ਮਹੱਤਵਪੂਰਨ ਬਣ ਜਾਵੇਗਾ। ਉਹ ਇਨਕਲਾਬੀਆਂ ਵਿਚ ਇਕ ਨਿਵੇਕਲੀ ਹਸਤੀ ਸੀ। ਮੁਸੋਲਿਨੀ ਦਾ ਅਮੀਰ-ਉਰ-ਰਹਿਮਾਨ ਨਾਂ ਦਾ ਇਕ ਅਰਬੀ ਦੋਸਤ ਸੀ ਜਿਹੜਾ ਉਹਨੀਂ ਦਿਨੀਂ ਲਾਉਸੇਨ ਵਿਚ ਰਹਿੰਦਾ ਸੀ। ਉਹ ਬਹੁਤ ਵੱਡਾ ਹੋਟਲ ਮਾਲਕ ਸੀ। ਜਦੋਂ ਮੁਸੋਲਿਨੀ ਇਟਲੀ ਸਰਕਾਰ ਦਾ ਮੁਖੀ ਬਣ ਗਿਆ ਤਾਂ ਹੋਟਲ ਦੇ ਮਾਲਕ ਦੀ ਧੀ ਨੇ ਜਿਹੜੀ ਲਾਉਸੇਨ ਵਿਖੇ ਰਹਿੰਦੀ ਸੀ, ਉਸ ਨੂੰ ਖ਼ਤ ਲਿਖਿਆ, "ਅਸੀਂ ਹਮੇਸ਼ਾ ਤੈਨੂੰ ਯਾਦ ਕਰਦੇ ਹਾਂ, ਸਾਨੂੰ ਨਹੀਂ ਪਤਾ ਕਿ ਤੂੰ ਵੀ ਸਾਨੂੰ ਯਾਦ ਰਖਿਆ ਕਿ ਨਹੀਂ ਕਿਉਂਕਿ ਹੁਣ ਤੂੰ ਬਹੁਤ ਉੱਚੇ ਅਹੁਦੇ 'ਤੇ ਪਹੁੰਚ ਗਿਆ ਹੈਂ।" ਉਸ ਨੇ ਉਸ ਨੂੰ ਬਹੁਤ ਸੋਹਣੇ ਤੋਹਫ਼ੇ ਭੇਜੇ ਅਤੇ ਉਸਨੂੰ ਪੈਨਸ਼ਨ ਲਾ ਦਿੱਤੀ। ਮੁਸੋਲਿਨੀ ਨੇ ਉਸ ਨੂੰ ਖ਼ਤ ਲਿਖਿਆ ਕਿ ਉਹ ਬਿਲਕੁਲ ਨਾ ਝਿਜਕੇ ਜੇਕਰ ਉਸ ਨੂੰ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਹੋਵੇ ਤਾਂ ਉਸ ਦੀ ਸਹਾਇਤਾ ਕਰਕੇ ਉਸ ਨੂੰ ਖ਼ੁਸ਼ੀ ਹੋਵੇਗੀ।

ਮੈਂ ਹਰਦਿਆਲ ਨੂੰ ਵੀ ਮਿਲਿਆ। ਬਾਅਦ ਵਿਚ ਉਹ ਅਮਰੀਕਾ ਚਲਾ ਗਿਆ ਅਤੇ ਅੰਗਰੇਜ਼ ਸਰਕਾਰ ਚਾਹੁੰਦੀ ਸੀ ਕਿ ਅਮਰੀਕੀ ਸਰਕਾਰ ਹਰਦਿਆਲ ਨੂੰ ਉਸ ਦੇ ਹਵਾਲੇ ਕਰ ਦੇਵੇ ਪਰ ਅਮਰੀਕੀ ਸਰਕਾਰ ਨੇ ਇੰਝ ਕਰਨ ਤੋਂ ਇਨਕਾਰ ਕਰ ਦਿੱਤਾ। ਫਿਰ ਵੀ ਉਨ੍ਹਾਂ ਹਰਦਿਆਲ ਨੂੰ ਰਾਏ ਦਿੱਤੀ ਕਿ ਉਹ ਕਿਸੇ ਹੋਰ ਦੇਸ਼ ਨੂੰ ਚਲਾ ਜਾਵੇ। ਉਹ ਉਸ ਨੂੰ ਜਹਾਜ਼ ਚੜ੍ਹਾਉਣ ਵਿਚ ਸਹਾਇਤਾ ਦੇਵੇਗਾ ਅਤੇ ਉਹ ਲਾਉਸੇਨ ਆ ਗਿਆ। ਉਸ ਨੇ ਮੈਨੂੰ ਪੁੱਛਿਆ ਕਿ ਕਿਹੜੀ ਥਾਂ ਵਧੇਰੇ ਸੁਰੱਖਿਅਤ ਸੀ। ਉਹ ਪਿੱਲੇ ਕੋਲ ਚਲਾ ਗਿਆ ਤੇ ਉਸ ਤੋਂ ਬਾਅਦ ਜਰਮਨੀ। ਉਹ ਅਮਰੀਕਾ ਰਾਹੀਂ ਹਿੰਦੁਸਤਾਨ ਜਾਣਾ ਚਾਹੁੰਦਾ ਸੀ ਪਰੰਤੂ ਇਸ ਤੋਂ ਪਹਿਲਾਂ ਕਿ ਉਹ ਹਿੰਦੁਸਤਾਨ ਨੂੰ ਵਾਪਸ ਆਉਂਦਾ, ਉਹ ਅਮਰੀਕਾ ਵਿਚ ਹੀ ਮਰ ਗਿਆ। ਅਸੀਂ ਇਕੱਠੇ ਕੰਮ ਕਰ ਰਹੇ ਸੀ, ਉਹ ਕੈਲੇਫੋਰਨੀਆ ਚਲਾ ਗਿਆ ਅਤੇ ਉਥੇ ਬਹੁਤ ਸਾਰਾ ਮਹੱਤਵਪੂਰਨ ਕੰਮ ਕੀਤਾ। ਜਿਵੇਂ ਮੈਂ ਪਹਿਲਾਂ ਹੀ ਦੱਸਿਆ ਸੀ ਕਿ ਮੈਨੂੰ ਹਿੰਦੁਸਤਾਨ ਤੋਂ ਕੋਈ ਖ਼ਤ ਨਹੀਂ ਆਇਆ। ਮੈਂ ਹਿੰਦੁਸਤਾਨੀ ਮਾਮਲਿਆਂ ਅਤੇ ਰਾਜਨੀਤਕ ਹਾਲਤ ਬਾਰੇ ਅਖ਼ਬਾਰਾਂ ਰਾਹੀਂ ਜੁੜਿਆ ਰਿਹਾ।

ਉਨ੍ਹਾਂ ਦਿਨਾਂ ਵਿਚ ਮੇਰਾ ਸਾਰਾ ਸਮਾਂ ਤੁਰਕੀ ਅਤੇ ਤਰੀਪੋਲਾ ਵਿਚ ਜੰਗ ਅਤੇ ਬਲਕਾਨ ਜੰਗ ਬਾਰੇ ਪੜ੍ਹਨ ਵਿਚ ਗੁਜ਼ਰਦਾ। ਮੇਰੀ ਤਰੀਪੋਲੀ ਅਤੇ ਤੁਰਕੀ ਅਤੇ ਅਰਬਾਂ ਨਾਲ ਹਮਦਰਦੀ ਸੀ। ਮੈਂ ਤਰੀਪੋਲੀ ਦੇ ਬਾਸ਼ਿੰਦਿਆਂ ਨੂੰ

ਆਪਣੇ ਹੀ ਦੇਸ਼ ਦੇ ਬਾਸ਼ਿੰਦੇ ਸਮਝਦਾ ਸੀ। ਰਾਤ ਦੇ ਦੋ ਵਜੇ ਤੱਕ ਮੈਂ ਜੰਗ ਦੀਆਂ ਖ਼ਬਰਾਂ ਪੜ੍ਹਦਾ ਰਹਿੰਦਾ। ਇਹ ਮੈਨੂੰ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਮੇਰਾ ਆਪਣਾ ਕਾਰਜ ਹੋਵੇ। ਇਹ ਉਨ੍ਹਾਂ ਦਿਨਾਂ ਦਾ ਭਖਵਾਂ ਮਸਲਾ ਸੀ। ਮੈਂ ਅਜੇ ਵੀ ਇਰਾਨੀ ਵਜੋਂ ਰਹਿ ਰਿਹਾ ਸੀ। ਇਨਕਲਾਬੀ ਗਰੁੱਪ ਭਾਵੇਂ ਮੇਰੇ ਬਾਰੇ ਪੂਰੀ ਤਰ੍ਹਾਂ ਜਾਣਦੇ ਸਨ। ਇਨਕਲਾਬੀ ਹਿੰਦੂਸਤਾਨ ਵਿਚ ਬਹੁਤ ਦਿਲਚਸਪੀ ਲੈਂਦੇ ਅਤੇ ਉਨ੍ਹਾਂ ਦੇ ਕਹਿਣ 'ਤੇ ਮੈਂ ਉਨ੍ਹਾਂ ਨੂੰ ਦੱਸਿਆ ਕਿ ਹਿੰਦੂਸਤਾਨੀ ਕਿਵੇਂ ਆਜ਼ਾਦੀ ਲਈ ਲੜ ਰਹੇ ਸਨ। ਉਨ੍ਹਾਂ ਵਿਚੋਂ ਇਕ ਜ਼ਮਾਲਜ਼ਾਦਾ ਸੀ ਜਿਹੜਾ ਹੁਣ ਇਰਾਨੀ ਸਰਕਾਰ ਦੇ ਅੰਤਰ ਰਾਸ਼ਟਰੀ ਦਫ਼ਤਰ ਵਿਚ ਤਾਇਨਾਤ ਸੀ।

ਇਹ ਉਹ ਸਮਾਂ ਸੀ ਜਦੋਂ ਮਿੰਟੋ ਮਾਰਲੇ ਸੁਧਾਰਾਂ ਦਾ ਐਲਾਨ ਕੀਤਾ ਗਿਆ ਸੀ। ਜਦੋਂ ਮੈਨੂੰ ਇਹਨਾਂ ਬਾਰੇ ਪਤਾ ਲੱਗਾ ਤਾਂ ਮੈਂ ਇਹਨਾਂ ਨੂੰ ਬਹੁਤ ਮਹੱਤਵ ਨਹੀਂ ਦਿੱਤਾ। ਮੈਨੂੰ ਅੰਗਰੇਜ਼ਾਂ ਤੋਂ ਕਿਸੇ ਭਲਾਈ ਦੀ ਆਸ ਨਹੀਂ ਸੀ। ਮੈਂ ਇਸ ਨੂੰ ਅੰਗਰੇਜ਼ਾਂ ਵੱਲੋਂ ਭਾਰਤੀਆਂ ਨੂੰ ਖ਼ੁਸ਼ ਕਰਨ ਦਾ ਢੌਂਗ ਸਮਝਦਾ ਸੀ। ਇਸ ਤੋਂ ਵੱਧ ਕੁਝ ਨਹੀਂ ਸਮਝਦਾ ਸੀ।

ਉਸ ਵੇਲੇ ਸਵਿਟਜ਼ਰਲੈਂਡ ਗਣਤੰਤਰ ਦਾ ਪ੍ਰਧਾਨ ਸ੍ਰੀ ਮੋਟਾ ਸੀ। ਉਹ ਸਵਿਟਜ਼ਰਲੈਂਡ ਦਾ ਤਿੰਨ ਵਾਰ ਪ੍ਰਧਾਨ ਬਣਿਆ। ਅਜੇ ਵੀ ਪ੍ਰਧਾਨ ਮੋਟਾ ਤੇ ਮੇਰੀ ਇਕੱਠਿਆ ਦੀ ਤਸਵੀਰ ਮੇਰੇ ਕੋਲ ਸੀ। ਇਹ ਸ਼ਾਇਦ ਉਦੋਂ ਦੀ ਹੈ ਜਦੋਂ ਉਹ ਦੂਸਰੀ ਵਾਰ ਸਵਿਸ ਪ੍ਰਧਾਨ ਬਣਿਆ ਸੀ। ਸਵਿਟਜ਼ਰਲੈਂਡ ਵਿਚ ਉਹਨੀਂ ਦਿਨੀਂ ਇਕ ਰੂਸੀ ਰਫ਼ਿਊਜੀ ਇਨਕਲਾਬੀ ਹੁੰਦਾ ਸੀ ਅਤੇ ਰੂਸੀ ਸਰਕਾਰ ਚਾਹੁੰਦੀ ਸੀ ਕਿ ਸਵਿਟਜ਼ਰਲੈਂਡ ਸਰਕਾਰ ਉਸ ਨੂੰ ਰੂਸ ਦੇ ਹਵਾਲੇ ਕਰ ਦੇਵੇ। ਪਹਿਲਾਂ ਸਵਿਟਜ਼ਰਲੈਂਡ ਨਾ ਮੰਨਿਆ ਪਰ ਬਾਦ ਵਿਚ ਉਹ ਉਸ ਨੂੰ ਰੂਸ ਦੇ ਹਵਾਲੇ ਕਰਨਾ ਮੰਨ ਗਿਆ। ਉਸ ਨੇ ਇਹ ਸ਼ਰਤ ਰੱਖੀ ਕਿ ਉਸ ਨੂੰ ਰਾਜਨੀਤਕ ਦੋਸ਼ਾਂ ਕਰਕੇ ਸਜ਼ਾ ਨਾ ਦਿੱਤੀ ਜਾਵੇ ਅਤੇ ਜੇਕਰ ਉਸ ਉੱਤੇ ਹੋਰ ਕੋਈ ਜ਼ੁਰਮ ਸਾਬਤ ਹੋਵੇ ਤਾਂ ਅਦਾਲਤ ਰਾਹੀਂ ਉਸ ਦੇ ਜ਼ੁਰਮ ਦੀ ਸਜ਼ਾ ਦਿੱਤੀ ਜਾਵੇ। ਇਸ ਦਾ ਸਵਿਟਜ਼ਰਲੈਂਡ ਦੀਆਂ ਅਖ਼ਬਾਰਾਂ ਵਿਚ ਬਹੁਤ ਵਿਰੋਧ ਹੋਇਆ। ਇਸ ਤੋਂ ਪਹਿਲਾਂ ਦੇ ਅਮਲ ਜਿਸ ਵਿਚ ਕਿਸੇ ਰਾਜਨੀਤਕ ਰਫ਼ਿਊਜੀ ਨੂੰ ਉਸ ਦੇਸ਼ ਦੀ ਸਰਕਾਰ ਨੂੰ ਨਹੀਂ ਸੌਂਪਿਆ ਜਾਂਦਾ ਸੀ, ਤੋਂ ਤਬਦੀਲੀ ਸਮਝਿਆ ਗਿਆ। ਰੂਸੀ ਰਫ਼ਿਊਜੀ ਉੱਤੇ ਰੂਸੀ ਸਰਕਾਰ ਨੇ ਮੁਕੱਦਮਾ ਚਲਾਇਆ ਅਤੇ ਉਸ ਨੂੰ ਜੀਵਨ ਭਰ ਲਈ ਸਾਏਬੇਰੀਆ ਵਿਚ ਕੈਦ ਦੀ ਸਜ਼ਾ ਸੁਣਾਈ ਗਈ। ਇਸ ਘਟਨਾ ਤੋਂ ਬਾਅਦ ਮੈਂ ਪ੍ਰਧਾਨ ਮੋਟਾ ਨੂੰ ਮਿਲਿਆ ਅਤੇ ਉਸ ਨੂੰ ਰੂਸੀ ਰਫ਼ਿਊਜੀ ਨੂੰ ਰੂਸੀ ਸਰਕਾਰ ਨੂੰ ਸੌਂਪਣ ਦਾ ਪਛਤਾਵਾ ਸੀ। ਸਵਿਸ ਸਰਕਾਰ ਆਮ ਤੌਰ 'ਤੇ ਇਹਨਾਂ ਇਨਕਲਾਬੀਆਂ ਪ੍ਰਤੀ ਮਿਹਰਬਾਨ ਅਤੇ ਉਨ੍ਹਾਂ ਦੀ ਚੰਗੀ ਆਉ ਭਗਤ ਕਰਦੀ ਸੀ। ਉਹ ਇਸ ਨੀਤੀ ਤੇ ਚੱਲਦੀ ਸੀ ਕਿ ਉਨ੍ਹਾਂ ਇਨਕਲਾਬੀਆਂ ਨੂੰ ਉਨ੍ਹਾਂ ਦੇ ਦੇਸ਼ ਦੀ ਸਰਕਾਰ ਦੇ ਹਵਾਲੇ ਨਾ ਕੀਤਾ ਜਾਵੇ।

ਉਹ ਕਿਸੇ ਵੀ ਦਬਾ ਅੱਗੇ ਨਾ ਝੁਕਦੀ। ਇਹ ਪਹਿਲੀ ਵਾਰ ਸੀ ਕਿ ਉਸ ਨੇ ਇਸ ਨੀਤੀ ਨੂੰ ਛੱਡਿਆ।

ਉਨ੍ਹਾਂ ਦਿਨਾਂ ਵਿਚ ਸਵਿਟਜ਼ਰਲੈਂਡ ਦੇ ਬਾਸ਼ਿੰਦੇ ਸਵੈਮਾਣ ਤੇ ਦੇਸ਼ ਪ੍ਰਤੀ ਗੌਰਵ ਮਹਿਸੂਸ ਕਰਦੇ ਸਨ। ਇਕ ਵਾਰ ਇੰਝ ਹੋਇਆ ਕਿ ਜਰਮਨੀ ਦਾ ਰਾਜਾ ਵਿਲੀਅਮ ਸਵਿਟਜ਼ਰਲੈਂਡ ਆਇਆ। ਬਹੁਤ ਸਾਰੀਆਂ ਸਵਿਸ ਰਜੀਮੈਂਟਾਂ ਨੇ ਉਸ ਨੂੰ ਸਲਾਮੀ ਦਿੱਤੀ। ਉਹਨੇ ਇਸ ਤੋਂ ਵੀ ਅੱਗੇ ਜਾਂਦਿਆਂ ਪਿੰਡ ਵਿਚ ਇਕ ਸਿਪਾਹੀ ਨਾਲ ਗੱਲਬਾਤ ਕੀਤੀ। ਉਸ ਨੇ ਉਸ ਨੂੰ ਪੁੱਛਿਆ, "ਜੇਕਰ ਤੇਰੇ ਕੋਲ 1000 ਸਿਪਾਹੀ ਹੋਣ ਤੇ ਤੈਨੂੰ 4000 ਸਿਪਾਹੀਆਂ ਦਾ ਮੁਕਾਬਲਾ ਕਰਨਾ ਪਵੇ ਤਾਂ ਤੂੰ ਕੀ ਕਰੇਂਗਾ?" ਸਿਪਾਹੀ ਨੇ ਤੁਰੰਤ ਜਵਾਬ ਦਿੱਤਾ, "ਅਸੀਂ ਸਾਰੇ ਚਾਰ ਚਾਰ ਗੋਲੀਆਂ ਚਲਾਵਾਂਗੇ ਅਤੇ ਦੁਸ਼ਮਣ ਨੂੰ ਖ਼ਤਮ ਕਰ ਦੇਵਾਂਗੇ।" ਇਸ ਬਹਾਦਰੀ ਭਰੇ ਉੱਤਰ ਨੂੰ ਸੁਣ ਕੇ ਜਰਮਨ ਬਾਦਸ਼ਾਹ ਬੜਾ ਖ਼ੁਸ਼ ਹੋਇਆ। ਸਵਿਸ ਸਰਕਾਰ ਨੇ ਸਿਪਾਹੀ ਨੂੰ ਢੁੱਕਵਾਂ ਇਨਾਮ ਦਿੱਤਾ। ਉਸ ਦੀ ਤਸਵੀਰ ਪੋਸਟ ਕਾਰਡ ਤੇ ਛਪਵਾਈ ਗਈ ਅਤੇ ਉਹ ਪੋਸਟ ਕਾਰਡ ਹਜ਼ਾਰਾਂ ਦੀ ਗਿਣਤੀ ਵਿਚ ਵਿਕਿਆ। ਪੋਸਟ ਕਾਰਡ ਉੱਤੇ ਸਿਪਾਹੀ ਅਤੇ ਜਰਮਨ ਬਾਦਸ਼ਾਹ ਦੀ ਗੱਲਬਾਤ ਵੀ ਛਪੀ ਸੀ। ਇਹ ਪੋਸਟ ਕਾਰਡ ਅਜੇ ਵੀ ਸਵਿਟਜ਼ਰਲੈਂਡ ਵਿਚ ਦੇਖੇ ਜਾ ਸਕਦੇ ਹਨ।

1912 ਵਿਚ ਸ਼ੀਰਾਜ ਦਾ ਗਵਰਨਰ ਨਿਜ਼ਾਮੁਲ ਸੁਲਤਾਨ ਸਵਿਟਜ਼ਰਲੈਂਡ ਆਇਆ। ਉਹ ਸਈਅਦ ਜ਼ਿਆ-ਉਦ-ਦੀਨ ਨੂੰ ਜਾਣਦਾ ਸੀ। ਸਈਅਦ ਜ਼ਿਆ-ਉਦ-ਦੀਨ ਉਹਨੀਂ ਦਿਨੀਂ ਮੇਰੇ ਕੋਲ ਸਵਿਟਜ਼ਰਲੈਂਡ ਵਿਚ ਸੀ। ਉਹ ਏਥੇ ਮੇਰੇ ਕੋਲ ਇਕ ਮਹੀਨੇ ਲਈ ਆਇਆ ਸੀ। ਕਿਉਂਕਿ ਉਹ ਵਾਪਸ ਇਰਾਨ ਜਾਣਾ ਚਾਹੁੰਦਾ ਸੀ ਅਤੇ ਜਾਣ ਤੋਂ ਪਹਿਲਾਂ ਉਹ ਕੁਝ ਸਮਾਂ ਮੇਰੇ ਕੋਲ ਬਿਤਾਉਣਾ ਚਾਹੁੰਦਾ ਸੀ। ਸਈਅਦ-ਜ਼ਿਆ-ਉਦ-ਦੀਨ ਨੇ ਮੇਰੀ ਨਿਜ਼ਾਮੁਲ ਸੁਲਤਾਨ ਨਾਲ ਮੁਲਾਕਾਤ ਕਰਵਾਈ।

ਸਈਅਦ ਜ਼ਿਆ-ਉਦ-ਦੀਨ ਤੇ ਮੈਂ 1912 ਵਿਚ ਵਿਛੜੇ ਤੇ ਫਿਰ ਸਾਡਾ ਮੇਲ 1932 ਵਿਚ ਹੋਇਆ। ਇਸ ਦੌਰਾਨ ਉਹ ਇਰਾਨ ਦਾ ਪ੍ਰਧਾਨ ਮੰਤਰੀ ਬਣ ਗਿਆ। ਅਸੀਂ ਤਿੰਨਾਂ ਨੇ ਹੀ ਨਿਜ਼ਾਮੁਲ ਸੁਲਤਾਨ, ਜ਼ਿਆ-ਉਦ-ਦੀਨ ਅਤੇ ਮੈਂ ਅੰਗਰੇਜ਼ਾਂ ਅਤੇ ਜਰਮਨਾਂ ਦੀ ਜੰਗ ਸਮੇਂ ਅੰਗਰੇਜ਼ਾਂ ਨੂੰ ਇਰਾਨ ਵਿਚੋਂ ਬਾਹਰ ਕੱਢਣ ਦੇ ਮਨਸੂਬੇ ਘੜੇ। ਉਸ ਸਮੇਂ ਅਸੀਂ ਜਰਮਨਾਂ ਤੇ ਅੰਗਰੇਜ਼ਾਂ ਦੀ ਛੇਤੀ ਜੰਗ ਲੱਗਣ ਦਾ ਅੰਦਾਜ਼ਾ ਲਾਇਆ ਸੀ। ਜਦੋਂ ਜੰਗ ਭੜਕੀ ਤਾਂ ਨਿਜ਼ਾਮੁਲ ਸੁਲਤਾਨ ਇਰਾਨ ਦੀਆਂ ਫੌਜਾਂ ਦਾ ਮੁਖੀ ਸੀ।

ਪ੍ਰਧਾਨ ਮੰਤਰੀ ਬਣ ਕੇ ਸਈਅਦ ਜ਼ਿਆ-ਉਦ-ਦੀਨ ਨੇ ਮੇਰੇ ਥਾਂ ਪਤੇ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ। ਉਸ ਨੇ ਸਾਰੇ ਹੀ ਰਾਜਦੂਤਾਂ ਨੂੰ ਹਦਾਇਤਾਂ ਦਿੱਤੀਆਂ ਕਿ ਜੇਕਰ ਉਹ ਮੇਰੇ ਬਾਰੇ ਕੁਝ ਜਾਣਦੇ ਹੋਣ ਤਾਂ ਉਸ ਨੂੰ ਸੂਚਨਾ

ਦੇਣ। ਬਰਲਿਨ ਤੋਂ ਮਿਲੀ ਸੂਚਨਾ ਤੋਂ ਉਹ ਸਮਝਿਆ ਕਿ ਮੈਂ ਯੂਰਪ ਤੋਂ ਅਮਰੀਕਾ ਲਈ ਚਲਿਆ ਸੀ। ਅੰਗਰੇਜ਼ਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਅਤੇ ਜਿਸ ਜਹਾਜ਼ ਵਿਚ ਮੈਂ ਸਫ਼ਰ ਕਰ ਰਿਹਾ ਸੀ, ਉਨ੍ਹਾਂ ਉਹ ਡੋਬ ਦਿੱਤਾ ਅਤੇ ਸਮੁੰਦਰ 'ਚ ਕਿਤੇ ਜਹਾਜ਼ ਨਾਲ ਹੀ ਮੇਰੀ ਕਬਰ ਬਣ ਗਈ ਹੋਵੇਗੀ। ਪੈਰਿਸ ਤੋਂ ਵੀ ਉਸ ਨੂੰ ਐਸੀ ਹੀ ਖ਼ਬਰ ਮਿਲੀ ਪਰ ਥੋੜ੍ਹੀ ਵੱਖਰੀ ਕਿ ਜਿਸ ਜਹਾਜ਼ ਵਿਚ ਮੈਂ ਸਫ਼ਰ ਕਰ ਰਿਹਾ ਸੀ, ਉਸ ਉੱਤੇ ਹਮਲਾ ਹੋਇਆ। ਮੈਂ ਸਮੁੰਦਰ ਵਿਚ ਛਾਲ ਮਾਰ ਦਿੱਤੀ ਅਤੇ ਇਉਂ ਜਿਉਂਦਾ ਅਮਰੀਕਾ ਦੇ ਕਿਸੇ ਟਾਪੂ ਤੇ ਪਹੁੰਚ ਗਿਆ ਤੇ ਹੁਣ ਮੈਂ ਉਥੇ ਹੀ ਸੀ। ਪਰ ਉਹ ਕਹਿ ਨਹੀਂ ਸੀ ਸਕਦਾ ਕਿ ਮੈਂ ਕਿਹੜੇ ਟਾਪੂ ਤੇ ਪਹੁੰਚਿਆ ਤੇ ਕਿਥੇ ਪਹੁੰਚਿਆ ਅਤੇ ਇਸ ਵੇਲੇ ਮੈਂ ਕਿਥੇ ਸੀ। ਇਸ ਲਈ ਸਾਡੇ 1932 ਵਿਚ ਮਿਲਣ ਤੱਕ ਜ਼ਿਆ-ਉਦ-ਦੀਨ ਮੇਰੇ ਬਾਰੇ ਜਾਣਨ ਲਈ ਬਹੁਤ ਉਤਸੁਕ ਸੀ।

1913 ਵਿਚ ਮੈਂ ਪੈਰਿਸ ਆ ਗਿਆ। ਕਿਉਂਕਿ ਫਰਾਂਸ ਜੰਗ ਦੀ ਤਿਆਰੀ ਕਰ ਰਿਹਾ ਸੀ ਅਤੇ ਲਾਰਡ ਨਾਰਥ ਕਲਿਫ਼ ਪਹਿਲਾਂ ਹੀ ਕੁਝ ਅਖ਼ਬਾਰਾਂ ਅਤੇ ਕੁਝ ਮਹੱਤਵਪੂਰਨ ਲਿਖਾਰੀਆਂ ਨੂੰ ਫਰਾਂਸ ਦੀ ਜੰਗ ਦੀ ਤਿਆਰੀ ਲਈ ਫਰਾਂਸ ਲੈ ਆਇਆ ਸੀ। ਮੈਂ ਮੌਕੇ ਤੇ ਸਥਿਤੀ ਨੂੰ ਜਾਣਨ ਲਈ ਅਤੇ ਦਿਨ ਪ੍ਰਤੀ ਦਿਨ ਦੀ ਖ਼ਬਰ ਸਾਰ ਰੱਖਣ ਦੀ ਇੱਛਾ ਨਾਲ ਇੱਥੇ ਆਇਆ। ਲਗਭਗ ਉਸ ਸਮੇਂ ਬਾਦਸ਼ਾਹ ਜਾਰਜ ਪੰਚਮ ਨੇ ਫਰਾਂਸ ਦੀ ਯਾਤਰਾ ਕੀਤੀ। ਉਸ ਦੇ ਆਉਣ ਤੋਂ ਕੁਝ ਦਿਨ ਪਹਿਲਾਂ ਫਰਾਂਸ ਦੀ ਪੁਲਸ ਨੇ ਮੇਰੀ ਸਖ਼ਤ ਨਿਗਰਾਨੀ ਸ਼ੁਰੂ ਕਰ ਦਿੱਤੀ। ਇਸ ਉੱਤੇ ਮੈਂ ਬੜਾ ਹੈਰਾਨ ਹੋਇਆ। ਜਿਥੇ ਵੀ ਮੈਂ ਜਾਂਦਾ ਭਾਂਵੇਂ ਘਰ ਹੀ ਹੁੰਦਾ ਦੋ ਜਾਂ ਤਿੰਨ ਪੁਲਸ ਦੇ ਸਿਪਾਹੀ ਸਫ਼ੈਦ ਕੱਪੜਿਆਂ ਵਿਚ ਮੇਰੇ ਪਿੱਛੇ ਹੁੰਦੇ। ਮੈਂ ਉਨ੍ਹਾਂ ਵਿਚੋਂ ਇਕ ਨੂੰ ਪੁੱਛਿਆ ਕਿ ਇਹ ਸਭ ਕੁਝ ਕਾਹਦੇ ਲਈ ਸੀ। ਉਨ੍ਹਾਂ ਕੋਲੋਂ ਮੈਨੂੰ ਪਤਾ ਲੱਗਾ ਕਿ ਇੰਗਲੈਂਡ ਦਾ ਬਾਦਸ਼ਾਹ ਜਾਰਜ ਪੰਚਮ ਕੁਝ ਦਿਨਾਂ ਤੱਕ ਫਰਾਂਸ ਆ ਰਿਹਾ ਸੀ ਅਤੇ ਇੰਗਲੈਂਡ ਤੋਂ ਫਰਾਂਸ ਪੁਲਸ ਨੂੰ ਹਦਾਇਤਾਂ ਪ੍ਰਾਪਤ ਹੋਈਆਂ ਸਨ ਅਤੇ ਉਹ ਮੇਰੇ ਤੋਂ ਬਹੁਤ ਡਰਦੇ ਸਨ। ਉਹਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਮਰਜ਼ੀ 'ਤੇ ਇਸ ਲਈ ਬਹੁਤ ਵੱਡੀ ਰਾਸ਼ੀ ਖ਼ਰਚ ਕਰਨ ਲਈ ਰੱਖੀ ਗਈ ਸੀ। ਉਸ ਨੇ ਹੋਰ ਕਿਹਾ ਕਿ ਉਹ ਮੇਰਾ ਬਹੁਤ ਆਦਰ ਕਰਦੇ ਸਨ ਅਤੇ ਆਪਣੇ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਪ੍ਰਤੀ ਉਨ੍ਹਾਂ ਦੀ ਮੇਰੇ ਨਾਲ ਪੂਰੀ ਹਮਦਰਦੀ ਸੀ। ਪਰ ਜੇਕਰ ਮੈਂ ਉਥੇ ਹੀ ਰਹਾਂਗਾ ਤਾਂ ਉਨ੍ਹਾਂ ਦਾ ਮੇਰਾ ਪਿੱਛਾ ਕਰਨਾ ਮਜ਼ਬੂਰੀ ਸੀ। ਇਸ ਲਈ ਚੰਗਾ ਇਹੀ ਹੋਵੇਗਾ ਕਿ ਜੇਕਰ ਮੈਂ ਉਨ੍ਹਾਂ ਨੂੰ ਦੱਸਦਾ ਰਹਾਂ ਕਿ ਮੈਂ ਕਿੱਥੇ ਜਾ ਰਿਹਾ ਸੀ। ਅਸੀਂ ਤੇਰੇ ਨਾਲ ਰਹਾਂਗੇ ਅਤੇ ਜਿਸ ਵੀ ਹੋਟਲ ਵਿਚ ਰਹਾਂ ਉਹ ਮੇਰੀ ਹਰ ਸਹੂਲਤ ਦਾ ਖ਼ਿਆਲ ਰੱਖਣਗੇ ਅਤੇ ਉਹ ਮੇਰੇ ਤੇ ਕਿੰਨਾ ਵੀ ਖ਼ਰਚ ਕਰ ਸਕਦੇ ਸਨ। ਫਿਰ ਵੀ ਜੇਕਰ ਇਉਂ ਮਨਜ਼ੂਰ ਨਹੀਂ ਸੀ ਤਾਂ ਮੈਂ ਫਰਾਂਸ 'ਚੋਂ ਚਲਾ ਜਾਵਾਂ ਅਤੇ ਜਦੋਂ ਜਾਰਜ ਪੰਚਮ ਦੀ ਯਾਤਰਾ ਖ਼ਤਮ ਹੋ ਜਾਵੇ ਤਾਂ ਮੈਂ ਵੀ

ਵਾਪਸ ਆ ਜਾਵਾਂ। ਮੈਂ ਮਗਰਲੇ ਸੁਝਾਅ ਨਾਲ ਸਹਿਮਤ ਹੋ ਗਿਆ। ਕਿਉਂਕਿ ਮੈਂ ਨਹੀਂ ਸੀ ਚਾਹੁੰਦਾ ਕਿ ਪੁਲਸ ਮੇਰੇ ਮਗਰ ਲੱਗੀ ਰਹੇ। ਮੈਂ ਸ਼ਿਆਮ ਜੀ ਵਰਮਾ ਕੋਲ ਗਿਆ ਜੋ ਕਿ ਉਸ ਸਮੇਂ ਪੈਰਿਸ ਵਿਚ ਹੀ ਸੀ। ਮੈਂ ਉਸ ਨੂੰ ਆਪਣੀ ਤਜਵੀਜ਼ ਬਾਰੇ ਅਤੇ ਇਸ ਦੇ ਕਾਰਨਾਂ ਬਾਰੇ ਦੱਸਿਆ। ਮੈਂ ਉਸ ਨੂੰ ਦੱਸਿਆ ਕਿ ਮੈਂ ਸਵਿਟਜ਼ਰਲੈਂਡ ਜਾ ਰਿਹਾ ਸੀ। ਉਸ ਨੇ ਵੀ ਮੈਨੂੰ ਦੱਸਿਆ ਕਿ ਉਹ ਵੀ ਪੁਲਸ ਦੀ ਸਖ਼ਤ ਨਿਗਰਾਨੀ ਹੇਠ ਸੀ। ਇਸ ਲਈ ਉਹ ਵੀ ਮੇਰੇ ਨਾਲ ਸਵਿਟਜ਼ਰਲੈਂਡ ਜਾਣਾ ਚਾਹੇਗਾ। ਕਿਉਂਕਿ ਉਹ ਉਮਰ ਵਿਚ ਵੱਡਾ ਸੀ ਅਤੇ ਸਫ਼ਰ ਕਰਨ ਤੋਂ ਘਬਰਾਉਂਦਾ ਸੀ। ਭਾਵੇਂ ਉਸ ਨੇ ਮੇਰੇ ਨਾਲ ਸਵਿਟਜ਼ਰਲੈਂਡ ਜਾਣ ਦੀ ਖਾਹਿਸ਼ ਤਾਂ ਪ੍ਰਗਟ ਕਰ ਦਿੱਤੀ ਸੀ ਪਰੰਤੂ ਉਹ ਮੌਕੇ 'ਤੇ ਫ਼ੈਸਲਾ ਨਾ ਲੈ ਸਕਿਆ। ਇਸ ਲਈ ਉਸ ਨੇ ਮੈਨੂੰ ਕਿਹਾ ਕਿ ਮੈਂ ਅੱਜ ਨਾ ਜਾਵਾਂ ਸਗੋਂ ਕੱਲ੍ਹ ਜਾਵਾਂ। ਉਦੋਂ ਤੱਕ ਉਹ ਪੂਰੀ ਤਰ੍ਹਾਂ ਆਪਣਾ ਮਨ ਬਣਾ ਲਵੇਗਾ। ਕਾਫ਼ੀ ਉਮੀਦ ਸੀ ਕਿ ਉਹ ਮੇਰਾ ਸਾਥ ਕਰ ਹੀ ਲਵੇਗਾ। ਅਗਲੇ ਦਿਨ ਸਵੇਰੇ ਮੈਂ ਉਸ ਕੋਲ ਗਿਆ ਅਤੇ ਕਿਹਾ ਕਿ ਮੈਂ ਤਿਆਰ ਸੀ ਅਤੇ ਜੇ ਉਹ ਜਾਣਾ ਚਾਹੁੰਦਾ ਸੀ ਤਾਂ ਛੇਤੀ ਤਿਆਰ ਹੋ ਜਾਵੇ। ਪਹਿਲਾਂ ਉਹ ਝਿਜਕਿਆ ਪਰ ਫਿਰ ਮੇਰੇ ਨਾਲ ਤਿਆਰ ਹੋ ਗਿਆ। ਰਸਤੇ ਵਿਚ ਉਸ ਨੇ ਮੈਨੂੰ ਦੱਸਿਆ ਕਿ ਉਸ ਦੀ ਜਾਇਦਾਦ (ਪੈਸੇ) ਬ੍ਰਿਟਿਸ਼ ਬੈਂਕਾਂ ਵਿਚ ਜਮ੍ਹਾਂ ਸੀ। ਜਦੋਂ ਮੈਂ ਉਸ ਨੂੰ ਕਿਹਾ ਕਿ ਆਪਣਾ ਸਾਰਾ ਪੈਸਾ ਬ੍ਰਿਟਿਸ਼ ਬੈਂਕਾਂ ਵਿਚ ਰੱਖਣਾ ਸਮਝਦਾਰੀ ਨਹੀਂ। ਖ਼ਾਸ ਤੌਰ ਤੇ ਉਦੋਂ ਜਦੋਂ ਜੰਗ ਲੱਗਣਾ ਤਹਿ ਹੀ ਸੀ। ਇਸ 'ਤੇ ਉਸ ਨੇ ਕਿਹਾ ਕਿ ਅੰਗਰੇਜ਼ ਭਾਵੇਂ ਬਾਦਸ਼ਾਹ ਸਨ ਪਰ ਉਨ੍ਹਾਂ ਦਾ ਵਪਾਰ ਅਤੇ ਬੈਂਕ ਬੜੇ ਸੁਰੱਖਿਅਤ ਸਨ।

ਮੈਂ ਉਸ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਖਾਤੇ ਸਵਿਸ ਬੈਂਕਾਂ ਵਿਚ ਤਬਦੀਲ ਕਰਵਾ ਲਵੇ ਕਿਉਂਕਿ ਇਥੇ ਉਹ ਵਧੇਰੇ ਸੁਰੱਖਿਅਤ ਸਨ ਅਤੇ ਜੇਕਰ ਜੰਗ ਲੱਗ ਜਾਵੇ ਤਾਂ ਅੰਗਰੇਜ਼ ਉਸ ਦੀ ਰਕਮ ਜ਼ਬਤ ਕਰ ਲੈਣਗੇ। ਉਸ ਨੇ ਮੇਰੀ ਸਲਾਹ ਮੰਨ ਲਈ ਅਤੇ ਆਪਣੇ ਪੈਸਿਆਂ ਦਾ ਵੱਡਾ ਹਿੱਸਾ ਸਵਿਸ ਬੈਂਕਾਂ ਵਿਚ ਤਬਦੀਲ ਕਰ ਲਿਆ। ਬਾਅਦ ਵਿਚ ਜਦੋਂ ਜੰਗ ਲੱਗੀ ਤਾਂ ਉਸ ਦੀ ਜੋ ਜਮ੍ਹਾਂ ਪੂੰਜੀ ਬ੍ਰਿਟਿਸ਼ ਬੈਂਕਾਂ ਵਿਚ ਸੀ, ਅੰਗਰੇਜ਼ਾਂ ਨੇ ਉਹ ਜ਼ਬਤ ਕਰ ਲਈ।

ਮੈਂ ਹੈਰਾਨ ਸੀ ਕਿ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਆਪਣੀ ਜਮ੍ਹਾਂ ਪੂੰਜੀ ਬ੍ਰਿਟਿਸ਼ ਬੈਂਕਾਂ ਵਿਚ ਕਿਉਂ ਰੱਖੀ ਜਦੋਂ ਕਿ ਅੰਗਰੇਜ਼ ਉਸ ਨੂੰ ਯੂਰਪ ਅੰਦਰ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਦੀਆਂ ਸਰਗਰਮੀਆਂ ਕਰਕੇ ਉਸ ਨੂੰ ਆਪਣਾ ਦੁਸ਼ਮਣ ਮੰਨਦਾ ਸੀ। ਮੇਰੀ ਹੈਰਾਨੀ ਖ਼ਤਮ ਹੋ ਗਈ ਜਦੋਂ ਉਸ ਨੇ ਦੱਸਿਆ ਕਿ ਇਹ ਬੈਂਕ ਖਾਤੇ ਉਸ ਨੇ ਆਪਣੀ ਸਹੂਲਤ ਕਰਕੇ ਖੁਲਵਾਏ ਸਨ। ਉਹ ਲੰਡਨ ਦੀ ਸਟਾਕ ਐਕਸਚੇਂਜ ਵਿਚ ਪੂੰਜੀ ਲਾਉਂਦਾ ਸੀ ਅਤੇ ਉਸ ਨੂੰ ਏਥੇ ਪੈਸੇ ਜਮ੍ਹਾਂ ਕਰਾਉਣੇ ਤੇ ਕਢਵਾਉਣੇ ਸੌਖਾ ਲੱਗਾ ਕਿ ਉਸ ਦੀ ਪੂੰਜੀ ਬ੍ਰਿਟਿਸ਼ ਬੈਂਕਾਂ ਵਿਚ ਜਮ੍ਹਾਂ ਰਹੇ।

ਆਪਣੀ ਮੌਤ ਵੇਲੇ, ਉਸ ਦੀ ਬਹੁਤ ਸਾਰੀ ਪੂੰਜੀ ਰਾਣਾ (ਸਰਦਾਰ ਸਿੰਘ ਰਾਓ ਜੀ) ਦੇ ਹੱਥਾਂ ਵਿਚ ਸੀ ਜਿਸ ਨਾਲ ਇਕ ਇੰਸਟੀਚਿਊਟ ਜਿਸ ਨੂੰ ਓਰੀਐਂਟਲ ਇੰਸਟੀਚਿਊਟ (?) ਕਿਹਾ ਜਾਣਾ ਸੀ ਸਥਾਪਤ ਕੀਤਾ। ਪ੍ਰੋ. ਲੇਵੀ ਉਸ ਇੰਸਟੀਚਿਊਟ ਦਾ ਡਾਇਰੈਕਟਰ ਸੀ। ਉਸ ਨੇ ਕਿਤਾਬਾਂ ਦੀ ਛਪਾਈ, ਅੰਗਰੇਜ਼ਾਂ ਦੇ ਵਿਰੁੱਧ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੇ ਪ੍ਰਚਾਰ ਲਈ ਵੀ ਬਹੁਤ ਸਾਰੀ ਰਕਮ ਦਾਨ ਵਿਚ ਦਿੱਤੀ। ਸਾਵਰਕਰ ਦੀ ਕਿਤਾਬ 'War of Independance' ਛਾਪਣ ਦਾ ਖ਼ਰਚ ਵੀ ਸ਼ਿਆਮ ਜੀ ਨੇ ਹੀ ਸਹਿਣ ਕੀਤਾ ਅਤੇ ਉਹ ਯੂਰਪ ਵਿਚ ਮੁਫ਼ਤ ਵੰਡੀ ਗਈ ਅਤੇ ਹਿੰਦੁਸਤਾਨ ਵਿਚ ਵੀ ਚੋਰੀ ਛਿਪੇ ਭੇਜੀ ਗਈ। ਉਸ ਦੀ ਪਤਨੀ ਨੇ ਵੀ ਮੌਤ ਤੋਂ ਪਹਿਲਾਂ ਆਪਣੀ ਸਾਰੀ ਪੂੰਜੀ ਰਾਣਾ ਨੂੰ ਸੌਂਪ ਦਿੱਤੀ।

ਸ਼ਿਆਮ ਜੀ ਵਰਮਾ ਓਨਾਂ ਚਿਰ ਤੱਕ ਸਵਿਟਜ਼ਰਲੈਂਡ ਵਿਚ ਰਹੇ ਜਿੰਨਾ ਚਿਰ ਬਾਦਸ਼ਾਹ ਜਾਰਜ ਪੈਰਿਸ ਵਿਚ ਰਿਹਾ। ਉਹ ਦਿਨ ਵਿਚ ਇਕ ਵੇਲੇ ਰੋਟੀ ਖਾਂਦਾ ਕਈ ਹਾਲਤਾਂ ਵਿਚ ਉਹ ਬੜਾ ਸੂਮ ਸੀ। ਉਹ ਪੈਰਿਸ ਵਿਚ ਅਖ਼ਬਾਰਾਂ ਦਾ ਚੰਦਾ ਭਰਦਾ ਸੀ ਅਤੇ ਸਵਿਟਜ਼ਰਲੈਂਡ ਵਿਚ ਕਿਸੇ ਅਖ਼ਬਾਰ ਦਾ ਚੰਦਾ ਨਾ ਭਰਦਾ। ਪਰੰਤੂ ਉਹ ਹਰ ਕਾਸੇ ਦੀ ਖ਼ਬਰ ਰੱਖਦਾ। ਉਹ ਜਾਂ ਤਾਂ ਮੇਰੀਆਂ ਲਿਆਂਦੀਆਂ ਅਖ਼ਬਾਰਾਂ ਪੜ੍ਹਦਾ ਜਾਂ ਉਨ੍ਹਾਂ ਨੂੰ ਪਬਲਿਕ ਲਾਇਬ੍ਰੇਰੀ ਵਿਚ ਜਾ ਕੇ ਪੜ੍ਹਦਾ। ਉਹ ਦੋ ਥਾਵਾਂ ਤੇ ਅਖ਼ਬਾਰਾਂ ਲਈ ਚੰਦੇ ਭਰਨ ਨੂੰ ਪੈਸੇ ਦੀ ਬਰਬਾਦੀ ਸਮਝਦਾ ਸੀ।

ਉਹ ਕਾਗ਼ਜ਼ ਦੇ ਛੋਟੇ ਟੁਕੜਿਆਂ ਉੱਤੇ ਸੰਖੇਪ ਵਿਚ ਲਿਖ ਲੈਂਦਾ, ਉਨ੍ਹਾਂ ਨੂੰ ਟੈਗ ਲਾ ਲੈਂਦਾ ਅਤੇ ਆਪਣੇ ਕੋਲ ਰੱਖਦਾ। ਇਹ ਉਸ ਦੀ ਡਾਇਰੀ ਦਾ ਕੰਮ ਵੀ ਕਰਦੇ। ਉਹ ਕਦੇ ਵੀ ਇਹਨਾਂ ਕਾਗ਼ਜ਼ਾਂ ਨੂੰ ਘਰ ਛੱਡ ਕੇ ਨਾਂ ਜਾਂਦਾ ਕਿਉਂਕਿ ਉਸ ਨੂੰ ਇਹਨਾਂ ਦੇ ਚੋਰੀ ਹੋ ਜਾਣ ਦਾ ਡਰ ਰਹਿੰਦਾ। "ਇਹ ਕਾਗ਼ਜ਼" ਉਹ ਕਿਹਾ ਕਰਦਾ, "ਮੇਰਾ ਖਜ਼ਾਨਾ ਹਨ। ਇਸ ਵਿਚ ਮੇਰੀ ਜ਼ਿੰਦਗੀ ਹੈ ਤੇ ਉਹ ਸਭ ਕੁਝ ਹੈ ਜਿਨ੍ਹਾਂ ਦੀ ਮੇਰੇ ਲਈ ਕੀਮਤ ਹੈ।"

ਇਹ ਦੇਖ ਕੇ ਕਿ ਸਵਿਟਜ਼ਰਲੈਂਡ ਵਿਚ ਰਾਜਨੀਤਕ ਸ਼ਰਨਾਰਥੀਆਂ ਲਈ ਵਧੇਰੇ ਆਜ਼ਾਦੀ ਅਤੇ ਖੁੱਲ੍ਹ ਸੀ ਤਾਂ ਉਸ ਨੇ ਸਵਿਟਜ਼ਰਲੈਂਡ ਵਿਚ ਇਕ ਘਰ ਖਰੀਦਣ ਦਾ ਫ਼ੈਸਲਾ ਕਰ ਲਿਆ। ਜਦੋਂ ਜੰਗ ਲੱਗ ਗਈ ਤਾਂ ਸਵਿਟਜ਼ਰਲੈਂਡ ਵਿਚ ਆ ਗਿਆ। ਇਥੇ ਉਸ ਨੇ ਮੇਰੇ ਬ੍ਰਿਟਿਸ਼ ਬੈਂਕਾਂ ਤੋਂ ਸਵਿਸ ਬੈਂਕਾਂ ਵਿਚ ਖਾਤੇ ਨੂੰ ਤਬਦੀਲ ਕਰਾਉਣ ਦੇ ਸੁਝਾਅ ਦੀ ਪ੍ਰਸ਼ੰਸਾ ਕੀਤੀ। ਕਿਉਂਕਿ ਅੰਗਰੇਜ਼ਾਂ ਨੇ ਉਸ ਦਾ ਜੋ ਕੁਝ ਵੀ ਬ੍ਰਿਟਿਸ ਬੈਂਕਾਂ ਵਿਚ ਜਮ੍ਹਾਂ ਸੀ, ਸਭ ਕੁਝ ਜ਼ਬਤ ਕਰ ਲਿਆ। ਜੰਗ ਦੇ ਦੌਰਾਨ ਮੈਂ ਪੈਰਿਸ ਵਿਚ ਹੀ ਰਿਹਾ। ਅਸਲ ਵਿਚ ਮੈਂ ਜਰਮਨੀ ਜਾਣਾ ਚਾਹੁੰਦਾ ਸੀ ਅਤੇ ਮੈਂ ਐਂਡਵੇਰਪ ਚਲਾ ਗਿਆ। ਮੈਂ ਜਰਮਨੀ ਵਿਚ ਦਾਖ਼ਲ ਹੋਣ ਹੀ ਵਾਲਾ ਸੀ ਕਿ ਸਰਹੱਦ ਬੰਦ ਕਰ ਦਿੱਤੀ ਗਈ। ਇਸ ਲਈ ਮੈਂ ਵਾਪਸ

ਪੈਰਿਸ ਮੁੜ ਆਇਆ।

ਉਨ੍ਹਾਂ ਦਿਨਾਂ ਵਿਚ ਪੈਰਿਸ ਵਿਚ ਬੜਾ ਮਸ਼ਹੂਰ ਅਖ਼ਬਾਰ 'ਫਿਗਾਰੋ' ਨਿਕਲਦਾ ਸੀ। ਇਹਦਾ ਸੰਪਾਦਕ ਕਾਲਮਾਟੇ ਸੀ। ਉਸ ਨੇ ਕਿਸੇ ਤਰੀਕੇ ਫ਼ਰਾਂਸ ਦੇ ਗ੍ਰਹਿ ਮੰਤਰੀ ਕੈਲੋਕਸ ਦੇ ਪ੍ਰੇਮ ਪੱਤਰ ਪ੍ਰਾਪਤ ਕਰ ਲਏ ਅਤੇ ਉਨ੍ਹਾਂ ਪੱਤਰਾਂ ਨੂੰ ਅਖ਼ਬਾਰਾਂ ਵਿਚ ਛਾਪਣਾ ਸ਼ੁਰੂ ਕੀਤਾ। ਜਦੋਂ ਜੰਗ ਲੱਗੀ ਤਾਂ ਉਸਨੇ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਸੰਪਾਦਕ 'ਤੇ ਮੁਕੱਦਮਾ ਕਰਨ ਲਈ ਅਸਤੀਫ਼ਾ ਦੇ ਦਿੱਤਾ ਕਿ ਉਸ ਨੇ ਆਪਣੀ ਪਤਨੀ ਨੂੰ ਲਿਖੇ ਪ੍ਰੇਮ ਪੱਤਰ ਆਪਣੀ ਅਖ਼ਬਾਰ ਵਿਚ ਛਾਪੇ ਸਨ। ਮੈਡਮ ਨੇ ਜਦੋਂ ਆਪਣੇ ਪ੍ਰੇਮ ਪੱਤਰ ਅਖ਼ਬਾਰ ਵਿਚ ਛਪੇ ਪੜ੍ਹੇ ਤਾਂ ਉਹ ਬਹੁਤ ਭੜਕੀ ਅਤੇ ਸੰਪਾਦਕ ਦੇ ਦਫ਼ਤਰ ਵਿਚ ਚਲੀ ਗਈ ਅਤੇ ਉਸ ਨੂੰ ਆਪਣੇ ਰੀਵਾਲਵਰ 'ਚੋਂ ਗੋਲੀ ਚਲਾ ਕੇ ਮਾਰ ਦਿੱਤਾ। ਜਦੋਂ ਮੈਂ ਐਂਡਵੈਰਪ ਪਹੁੰਚਿਆ ਤਾਂ ਮੈਂ ਅਖ਼ਬਾਰ ਵਿਚ ਪੜ੍ਹਿਆ ਕਿ ਮੈਡਮ ਕੈਲੋਕਸ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਮੈਂ ਇਹ ਵੀ ਅਖ਼ਬਾਰ ਵਿਚ ਪੜ੍ਹਿਆ ਕਿ ਜਰਮਨੀ ਨੇ ਬੈਲਜ਼ੀਅਮ ਤੇ ਹਮਲਾ ਕਰ ਦਿੱਤਾ ਸੀ। ਜਦੋਂ ਮੈਂ ਐਂਡਵੈਰਪ ਵਿਚ ਸੀ ਤਾਂ ਗੋਲੀਆਂ ਚੱਲਣ ਦੀ ਆਵਾਜ਼ ਸੁਣਦਾ। ਇਹ ਬੈਲਜ਼ੀਅਮ ਬੰਦੂਕਾਂ ਦੀ ਰੀਹਰਸਲ ਵਿਚ ਮਸ਼ਗੂਲ ਸਨ। ਐਂਡਵੈਰਪ ਦੇ ਲੋਕ ਬਹੁਤ ਡਰੇ ਹੋਏ ਸਨ। ਹਰ ਕੋਈ ਬੈਂਕਾਂ ਤੇ ਡਾਕਖਾਨਿਆਂ 'ਚੋਂ ਆਪਣੇ ਪੈਸੇ ਕੱਢਵਾ ਰਿਹਾ ਸੀ। ਹਰ ਕੋਈ ਨੋਟਾਂ ਦੀ ਥਾਂ ਸਿੱਕੇ ਚਾਹੁੰਦਾ ਸੀ। ਦੁਕਾਨਦਾਰ ਤੱਕ ਨੂੰ ਸਿੱਕਿਆਂ ਦੀ ਬੜੀ ਮੰਗ ਸੀ। ਨੋਟ ਘੱਟ ਕੀਮਤ ਤੇ ਦਿੱਤੇ ਜਾ ਰਹੇ ਸਨ। ਬਾਜ਼ਾਰ ਵਿਚ ਸਿੱਕੇ ਦੀ ਥਾਂ ਨੋਟ ਹੋਣ 'ਤੇ ਖਰੀਦਦਾਰੀ ਵਿਚ ਦਿੱਕਤ ਪੇਸ਼ ਆ ਰਹੀ ਸੀ। ਮੈਂ ਜਰਮਨੀ ਰਾਜਨੀਤਕ ਕਾਰਨਾਂ ਕਰਕੇ ਜਾਣਾ ਚਾਹੁੰਦਾ ਸੀ। ਪਰ ਮੈਨੂੰ ਇਥੇ ਇਕ ਹੋਰ ਮੌਕਾ ਮਿਲਿਆ ਅਤੇ ਮੈਂ ਇਸ ਦਾ ਫ਼ਾਇਦਾ ਲਿਆ। ਪੈਰਿਸ ਵਿਚ ਇਕ ਅਮੀਰ ਹਿੰਦੁਸਤਾਨੀ ਵਪਾਰੀ ਆਇਆ। ਉਸ ਦੇ ਯੂਰਪ ਮਹਾਂਦੀਪ ਦੇ ਲਗਭਗ ਸਾਰੇ ਹੀ ਮਹੱਤਵਪੂਰਨ ਸ਼ਹਿਰਾਂ ਵਿਚ ਏਜੰਟ ਸਨ। ਜਿਵੇਂ ਕਿ ਬਰਸਲਜ਼, ਐਂਡਵੈਰਪ, ਪੈਰਿਸ, ਲੰਡਨ ਆਦਿ। ਉਹ ਗਹਿਣਿਆਂ ਦਾ ਵਪਾਰੀ ਸੀ। ਉਹ ਜਰਮਨੀ ਗਹਿਣੇ ਖਰੀਦਣ ਲਈ ਜਾਣਾ ਚਾਹੁੰਦਾ ਸੀ। ਕਿਉਂਕਿ ਨਾ ਉਹ ਅਤੇ ਨਾ ਹੀ ਉਸ ਦਾ ਪੈਰਿਸ ਦਾ ਏਜੰਟ ਅੰਗਰੇਜ਼ੀ ਜਾਣਦੇ ਸਨ, ਉਸ ਨੇ ਮੈਨੂੰ ਉਨ੍ਹਾਂ ਨਾਲ ਚੱਲਣ ਲਈ ਅਤੇ ਉਨ੍ਹਾਂ ਲਈ ਚਿੱਠੀ ਪੱਤਰ ਕਰਨ ਲਈ ਕਿਹਾ। ਮੈਂ ਇਸ ਨਾਲ ਸਹਿਮਤ ਹੋ ਗਿਆ। ਵਪਾਰੀ ਯੂਰਪੀ ਭਾਸ਼ਾ ਨਹੀਂ ਜਾਣਦਾ ਸੀ। ਉਸ ਦਾ ਏਜੰਟ ਵੀ ਬਹੁਤ ਥੋੜ੍ਹੀ ਅੰਗਰੇਜ਼ੀ ਜਾਣਦਾ ਸੀ। ਮੈਂ ਜਰਮਨ ਫਰਮਾਂ ਨਾਲ ਚਿੱਠੀ ਪੱਤਰ ਕਰਨ ਦੀ ਜ਼ਿੰਮੇਵਾਰੀ ਲੈ ਲਈ। ਮੈਂ ਇਸ ਮੌਕੇ ਨੂੰ ਜਰਮਨੀ ਜਾਣ ਲਈ ਵਰਤਣਾ ਚਾਹੁੰਦਾ ਸੀ। ਪੈਰਿਸ ਦੇ ਏਜੰਟ ਨੂੰ ਮੇਰੀਆਂ ਰਾਜਨੀਤਕ ਗਤੀਵਿਧੀਆਂ ਦਾ ਪਤਾ ਸੀ ਪਰ ਹਿੰਦੁਸਤਾਨੀ ਵਪਾਰੀ ਇਹ ਨਹੀਂ ਸੀ ਜਾਣਦਾ। ਇਸ ਲਈ ਵਪਾਰੀ ਵਲੋਂ ਮੈਨੂੰ ਇਹ ਪੇਸ਼ਕਸ਼ ਹੋਈ ਸੀ। ਜਦੋਂ ਅਸੀਂ ਐਂਡਵੈਰਪ ਪਹੁੰਚੇ ਤਾਂ

ਉਸ ਦੇ ਐਂਡਵੈਰਪ ਏਜੰਟ ਨੇ ਉਸ ਨੂੰ ਸਲਾਹ ਦਿੱਤੀ ਕਿ ਤਿੰਨ ਜਾਂ ਚਾਰ ਲੱਖ ਦੇ ਗਹਿਣੇ ਖਰੀਦ ਲਵੇ ਕਿਉਂਕਿ ਕੀਮਤਾਂ ਵਿਚ ਵਾਧੇ ਦੇ ਆਸਾਰ ਹਨ। ਵਪਾਰੀ ਨੇ ਇਵੇਂ ਹੀ ਕੀਤਾ ਅਤੇ ਆਪਣਾ ਬਹੁਤ ਸਾਰਾ ਪੈਸਾ ਏਜੰਟ ਕੋਲ ਜਮ੍ਹਾਂ ਕਰਵਾ ਦਿੱਤਾ। ਗਹਿਣੇ ਖਰੀਦ ਕੇ ਵਪਾਰੀ ਨੇ ਇਹ ਸੁਨਿਆਰਿਆਂ ਨੂੰ ਵੰਡ ਦਿੱਤੇ ਤਾਂ ਕਿ ਇਹਨਾਂ ਦੀਆਂ ਮੁੰਦਰੀਆਂ ਬਣਾਈਆਂ ਜਾ ਸਕਣ। ਮੈਂ ਵਪਾਰੀ ਨੂੰ ਕਿਹਾ ਕਿ ਉਹ ਇਹ ਕੀ ਕਰ ਰਿਹਾ ਸੀ। ਬੈਲਜ਼ੀਅਮ ਜੰਗ ਵਿਚ ਫਸ ਜਾਵੇਗਾ ਅਤੇ ਉਹ ਇਹ ਸਭ ਕੁਝ ਗੁਆ ਬੈਠੇਗਾ। ਪਰੰਤੂ ਉਸ ਨੇ ਕਿਹਾ ਕਿ ਉਸ ਦੇ ਐਂਡਵੈਰਪ ਏਜੰਟ ਨੇ ਦੱਸਿਆ ਸੀ ਕਿ ਬੈਲਜ਼ੀਅਮ ਜੰਗ ਵਿਚ ਨਹੀਂ ਫਸੇਗਾ। ਜੰਗ ਵਿਚ ਇਕ ਪਾਸੇ ਜਰਮਨੀ ਹੋਵੇਗਾ ਅਤੇ ਦੂਸਰੇ ਪਾਸੇ ਫਰਾਂਸ ਤੇ ਇੰਗਲੈਂਡ ਹੋਣਗੇ। ਵਪਾਰੀ ਮੂਰਖ ਬੰਦਾ ਸੀ। ਉਸ ਨੇ ਇਕ ਘਰ ਖਰੀਦ ਲਿਆ ਅਤੇ ਉਸ ਵਿਚ ਦੋ ਸਾਲ ਦਾ ਰਾਸ਼ਨ ਭਰ ਲਿਆ। ਹਰ ਪਾਸੇ ਸਹਿਮ ਦਾ ਮਾਹੌਲ ਸੀ। ਮੈ ਬਾਹਰ ਜਾਣਾ ਚਾਹੁੰਦਾ ਸੀ। ਉਸ ਨੇ ਮੈਨੂੰ ਕਿਹਾ ਕਿ ਮੈਂ ਬਾਹਰੋਂ ਜੰਦਰਾ ਮਾਰ ਜਾਵਾਂ ਅਤੇ ਜੇਕਰ ਜਰਮਨ ਆਉਣ ਤਾਂ ਬਾਹਰੋਂ ਜੰਦਰਾ ਵੱਜਾ ਦੇਖ ਕੇ ਮੁੜ ਜਾਣ। ਜਦੋਂ ਮੈਂ ਵਾਪਸ ਮੁੜਿਆ ਤਾਂ ਮੇਰੇ ਨਾਲ ਦੋ ਬੰਦੇ ਹੋਰ ਸਨ ਅਤੇ ਮੈਂ ਦੇਖਿਆ ਕਿ ਵਪਾਰੀ ਅੰਦਰ ਨਹੀਂ ਸੀ। ਭਾਵੇਂ ਕਿ ਦਰਵਾਜ਼ਾ ਉਸੇ ਤਰ੍ਹਾਂ ਬਾਹਰੋਂ ਬੰਦ ਸੀ। ਉਸ ਦੀ ਭਾਲ ਕਰਦਿਆਂ ਮੈਂ ਉਸ ਨੂੰ ਇਕ ਮੰਜੇ ਹੇਠ ਲੁਕੇ ਦੇਖਿਆ। ਮੈਂ ਆਪਣੇ ਦੋਸਤ ਨੂੰ ਕਿਹਾ ਕਿ ਐਵੇਂ ਜ਼ਰਾ ਵਪਾਰੀ ਨਾਲ ਛੇੜਖਾਨੀ ਕਰੇ ਅਤੇ ਐਵੇਂ ਉਸ ਨੂੰ ਸੋਟੀ ਨਾਲ ਪਿਛਾਂਹ ਧੱਕੇ। ਉਨ੍ਹਾਂ ਵਿਚੋਂ ਇਕ ਨੇ ਇੰਝ ਕੀਤਾ ਅਤੇ ਵਪਾਰੀ ਬੜਾਅ ਉਠਿਆ, "ਇਹ ਮੈਂ ਹਾਂ।?" ਮੈਂ ਉਸ ਨੂੰ ਪੁੱਛਿਆ ਕਿ ਉਹ ਉਥੇ ਕਿਉਂ ਲੁਕਿਆ ਹੋਇਆ ਸੀ ਤਾਂ ਉਸ ਨੇ ਕਿਹਾ ਕਿ ਉਸ ਦਾ ਖ਼ਿਆਲ ਸੀ ਕਿ ਉਥੇ ਉਹ ਸੁਰੱਖਿਅਤ ਸੀ। ਉਸ ਦਾ ਏਜੰਟ ਹੁਣ ਬੰਬਈ ਦਾ ਅਮੀਰ ਵਪਾਰੀ ਸੀ। ਉਸਨੇ ਡਿਸਾਈ ਨੂੰ ਮੇਰੇ ਕੋਲ ਭੇਜਿਆ ਤੇ ਕਿਹਾ ਕਿ ਜੇਕਰ ਮੈਂ ਬੰਬਈ ਆਵਾਂ ਤਾਂ ਉਸ ਨਾਲ ਰਹਾਂ। ਮੈਂ ਵਪਾਰੀ ਨੂੰ ਦੱਸਿਆ ਕਿ ਜਰਮਨ ਬੈਲਜ਼ੀਅਮ ਵਿਚ ਦਾਖਲ ਹੋ ਰਹੇ ਸਨ। ਅਸੀਂ ਬੈਲਜ਼ੀਅਮ 'ਚੋਂ ਜਾ ਰਹੇ ਸਾਂ ਕਿਉਂਕਿ ਕੱਲ੍ਹ ਦਾ ਦਿਨ ਨਾਗਰਿਕਾਂ ਨੂੰ ਲੈ ਜਾਣ ਵਾਲੀਆਂ ਗੱਡੀਆਂ ਦਾ ਆਖ਼ਰੀ ਦਿਨ ਸੀ। ਉਸ ਨੂੰ ਅਜੇ ਵੀ ਸਾਡੇ 'ਤੇ ਯਕੀਨ ਨਹੀਂ ਸੀ ਆ ਰਿਹਾ। ਕਿਉਂਕਿ ਉਸ ਦਾ ਯਕੀਨ ਸੀ ਕਿ ਉਸ ਦਾ ਏਜੰਟ ਉਸ ਨਾਲ ਝੂਠ ਨਹੀਂ ਸੀ ਬੋਲ ਸਕਦਾ। ਉਹ ਆਪਣੇ ਏਜੰਟ ਨੂੰ ਮਿਲਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਸ ਦੀ ਅਗਵਾਈ ਕੀਤੀ ਜਾਵੇ। ਦੋ ਬੰਦੇ ਇਕ ਉਸ ਦੇ ਅੱਗੇ ਤੇ ਇਕ ਉਸ ਦੇ ਪਿੱਛੇ ਜਾਵੇ ਅਤੇ ਜੇਕਰ ਅੱਗੇ ਜਾਂ ਪਿੱਛੋਂ ਗੋਲੀ ਚੱਲੇ ਤਾਂ ਉਹਦੇ ਬਾਡੀਗਾਰਡ ਨੂੰ ਲੱਗੇ ਅਤੇ ਉਸਦੀ ਜਾਨ ਬਚ ਜਾਵੇ। ਮੈਂ ਆਪ ਅਤੇ ਉਸ ਦੇ ਏਜੰਟ ਉਸ ਦੇ ਬਾਡੀਗਾਰਡ ਬਣ ਕੇ ਉਸ ਨੂੰ ਏਜੰਟ ਦੇ ਘਰ ਲੈ ਕੇ ਗਏ। ਉਸ ਦੇ ਘਰ ਪਹੁੰਚ ਕੇ ਅਸੀਂ ਦੇਖਿਆ ਕਿ ਏਜੰਟ ਪਹਿਲਾਂ ਹੀ ਹੈਂਡ

ਬੈਗ ਹੱਥ ਵਿਚ ਫੜੀ ਲੰਡਨ ਨੂੰ ਜਾਣ ਲਈ ਤਿਆਰ ਸੀ। ਵਪਾਰੀ ਨੇ ਉਸ ਨੂੰ ਗਹਿਣਿਆਂ ਬਾਰੇ ਪੁੱਛਿਆ ਜਿਹੜੇ ਸੁਨਿਆਰਿਆਂ ਨੂੰ ਵੰਡੇ ਗਏ ਸਨ। ਉਸ ਨੇ ਜਵਾਬ ਵਿਚ ਕਿਹਾ ਕਿ ਸਾਰੀਆਂ ਹੀ ਦੁਕਾਨਾਂ ਬੰਦ ਸਨ ਇਸ ਲਈ ਗਹਿਣੇ ਵਾਪਸ ਨਹੀਂ ਲਏ ਜਾ ਸਕਦੇ ਸਨ। ਫਿਰ ਉਸ ਨੇ ਉਨ੍ਹਾਂ ਪੈਸਿਆਂ ਬਾਰੇ ਪੁੱਛਿਆ ਜਿਹੜੇ ਉਸ ਨੇ ਉਸ ਕੋਲ ਜਮ੍ਹਾਂ ਕਰਵਾਏ ਸਨ। ਇਸ ਦਾ ਉੱਤਰ ਉਸ ਨੇ ਇਹ ਦਿੱਤਾ ਕਿ ਉਸ ਨੇ ਸਾਰੇ ਪੈਸੇ ਲੰਡਨ ਭੇਜ ਦਿੱਤੇ ਸਨ ਅਤੇ ਜੇਕਰ ਉਹ ਪੈਸੇ ਵਾਪਸ ਚਾਹੁੰਦਾ ਸੀ ਤਾਂ ਉਹ ਉਸ ਨਾਲ ਲੰਡਨ ਚਲਾ ਚੱਲੇ ਤੇ ਪੈਸੇ ਲੈ ਲਵੇ ਅਤੇ ਉਸ ਨੇ ਆਪਣਾ ਲੰਡਨ ਦਾ ਪਤਾ ਦਿੱਤਾ। ਇਸ ਤੋਂ ਬਾਅਦ ਅਸੀਂ ਵਪਾਰੀ ਨਾਲ ਘਰ ਵਾਪਸ ਆ ਗਏ। ਉਹ ਸਾਡਾ ਸਾਥ ਚਾਹੁੰਦਾ ਸੀ। ਉਹ ਲਗਭਗ ਸਾਡੇ ਪੈਰਾਂ ਤੇ ਲੰਮਾ ਪਿਆ ਤੁਰਦਾ। ਉਸ ਨੇ ਸਾਨੂੰ ਕਿਹਾ ਕਿ ਅਸੀਂ ਉਸ ਨੂੰ ਇਕ ਵੱਡੇ ਬਕਸੇ ਵਿਚ ਬੰਦ ਕਰ ਦੇਈਏ ਤਾਂ ਕਿ ਉਹ ਹੋਰ ਸੁਰੱਖਿਅਤ ਰਹਿ ਸਕੇ। ਜਦੋਂ ਸਾਨੂੰ ਕੋਈ ਪੁੱਛਦਾ ਕਿ ਉਹ ਏਦਾਂ ਫਰਸ਼ ਤੇ ਸਮਾਨ ਵਾਂਗ ਕਿਉਂ ਪੈਂਦਾ ਸੀ ਤਾਂ ਅਸੀਂ ਇਸ ਦਾ ਜਵਾਬ ਦਿੰਦੇ ਕਿ ਉਹ ਗਠੀਏ ਦਾ ਰੋਗੀ ਸੀ। ਉਹ ਇਸ ਬਾਰੇ ਚਿੰਤਤ ਸੀ ਕਿ ਜੇਕਰ ਬੈਲਜ਼ੀਅਮ ਨੇ ਉਨ੍ਹਾਂ ਨੂੰ ਦੇਸ਼ ਛੱਡਣ ਤੋਂ ਇਨਕਾਰ ਕਰ ਦਿੱਤਾ ਤਾਂ ਫਰਾਂਸ ਨੇ ਸਾਨੂੰ ਫਰਾਂਸ ਵਿਚ ਦਾਖ਼ਲ ਨਾ ਹੋਣ ਦਿੱਤਾ ਤਾਂ ਕੀ ਹੋਵੇਗਾ? ਅਸੀਂ ਉਸ ਨੂੰ ਆਖਿਆ ਕਿ ਉਹ ਲੰਡਨ ਚਲਾ ਜਾਵੇ ਕਿਉਂਕਿ ਉਸ ਦਾ ਏਜੰਟ ਵੀ ਲੰਡਨ ਵਿਚ ਸੀ ਅਤੇ ਉਸ ਦੇ ਪੈਸੇ ਵੀ ਉਸ ਕੋਲ ਸਨ। ਉਸ ਨੇ ਅਤੇ ਉਸ ਦੇ ਏਜੰਟ ਨੇ ਟਿਕਟ ਖਰੀਦੀ ਪਰੰਤੂ ਪਹਿਲੀ ਕੋਸ਼ਿਸ਼ ਵਿਚ ਉਹ ਕਾਮਯਾਬ ਨਾ ਹੋ ਸਕੇ। ਫਿਰ ਮੈਂ ਉਨ੍ਹਾਂ ਨੂੰ ਕਿਹਾ ਕਿ ਸਿਪਾਹੀ ਨੂੰ ਰਿਸ਼ਵਤ ਦੇਣ ਤਾਂ ਉਹ ਥਾਂ ਲੈ ਸਕਦੇ ਸਨ। ਉਸ ਦਾ ਏਜੰਟ ਸਾਡੇ ਨਾਲ ਸੀ ਇਸ ਦੇ ਚੱਲਣ ਵਿਚ ਹਾਲੀ ਸਮਾਂ ਸੀ। ਇਸ ਲਈ ਅਸੀਂ ਪੈਦਲ ਚਲ ਪਏ। ਅਸੀਂ ਇਕ ਟਰਾਮ ਦੇਖੀ ਤੇ ਸੋਚਿਆ ਕਿ ਇਸ ਢੰਗ ਨਾਲ ਅਸੀਂ ਸੁਰੱਖਿਅਤ ਪਹੁੰਚ ਜਾਵਾਂਗੇ। ਇਹ ਟਰਾਮ ਜੰਗਲ ਨੇੜੇ ਡਿਪੂ ਵਿਚ ਜਾ ਰਹੀ ਸੀ ਜੋ ਸ਼ਹਿਰ ਤੋਂ ਛੇ ਜਾਂ ਸੱਤ ਮੀਲ ਦੀ ਦੂਰੀ 'ਤੇ ਸੀ। ਟਰਾਮ ਨੇ ਸਾਨੂੰ ਉਥੇ ਲਾਹ ਦਿੱਤਾ। ਅਸੀਂ ਇਕ ਰੈਸਟ ਹਾਊਸ ਦੇਖਿਆ ਪਰੰਤੂ ਉਥੇ ਰਾਤ ਗੁਜਾਰਨ ਦਾ ਕੋਈ ਪ੍ਰਬੰਧ ਨਹੀਂ ਸੀ। ਅਸੀਂ ਆਪਣਾ ਖਾਣਾ ਮੰਗਵਾਇਆ ਤੇ ਇਸਨੂੰ ਛੇਤੀ ਨਾਲ ਨਿਗਲ ਲਿਆ। ਤਾਂ ਕਿ ਅਸੀਂ ਛੇਤੀ ਚੱਲ ਸਕੀਏ। ਇਸ ਨੇ ਉਥੇ ਖੜ੍ਹੇ ਬੰਦੇ ਦੇ ਮਨ ਵਿਚ ਸ਼ੱਕ ਪੈਦਾ ਕਰ ਦਿੱਤਾ ਕਿ ਅਸੀਂ ਸ਼ਾਇਦ ਜਾਸੂਸ ਸੀ। ਉਸ ਥਾਂ ਤੋਂ ਜਾਣ ਲੱਗੇ ਸਾਨੂੰ ਇਕ ਟਾਂਗਾ ਮਿਲਿਆ ਜਿਸ ਨੇ ਸ਼ਹਿਰ ਜਾਣ ਦੇ 800 ਫਰਾਂਕ ਦੀ ਮੰਗ ਕੀਤੀ ਬਾਅਦ ਵਿਚ ਉਹ 200 ਫਰਾਂਕ 'ਤੇ ਆ ਗਿਆ। ਪਰ ਮੈਂ ਇਸ ਨੂੰ ਪੈਸੇ ਦੀ ਬਰਬਾਦੀ ਮੰਨਦਾ ਸੀ। ਜਦੋਂ ਅਸੀਂ ਜਾ ਰਹੇ ਸੀ ਤਾਂ ਅਸੀਂ ਥੋੜ੍ਹੀ ਦੂਰ ਇਕ ਘਰ ਦੇਖਿਆ। ਅਸੀਂ ਉਧਰ ਨੂੰ ਮੁੜ ਗਏ ਕਿ ਸ਼ਾਇਦ ਰਾਤ ਬਿਤਾਉਣ ਲਈ ਸਾਨੂੰ ਉਥੇ ਕੋਈ ਠਾਹਰ ਮਿਲ ਜਾਵੇ।

ਉਥੇ ਪਹੁੰਚ ਕੇ ਸਾਨੂੰ ਪਤਾ ਲੱਗਾ ਕਿ ਉਹ ਇਕ ਫੌਜੀ ਚੌਂਕੀ ਸੀ। ਉਥੇ ਮਿਲਟਰੀ ਕਮਾਂਡਰ ਸੀ। ਉਸ ਨੇ ਸਾਨੂੰ ਕਿਹਾ ਕਿ ਅਸੀਂ ਉਸ ਨੂੰ ਆਪਣੇ ਪਛਾਣ ਪੱਤਰ ਦਿਖਾਈਏ ਅਤੇ ਜੇ ਅਸੀਂ ਉਸ ਦੀ ਤਸੱਲੀ ਕਰਵਾ ਦਿੱਤੀ ਤਾਂ ਅਸੀਂ ਅੱਗੇ ਜਾ ਸਕਦੇ ਸੀ। ਅਸੀਂ ਉਸ ਨੂੰ ਦੱਸਿਆ ਕਿ ਅਸੀਂ ਉਥੇ ਰਾਤ ਕੱਟਣ ਲਈ ਆਏ ਸੀ, ਆਪਣੇ ਪੇਪਰ ਦਿਖਾਉਣ ਨਹੀਂ ਸੀ ਆਏ। ਮੇਰੇ ਕਾਗਜ਼ਾਂ 'ਚ ਉਸ ਨੇ ਬੈਰਨ ਡੀ ਲਾਰਾਹ ਪ੍ਰਧਾਨ ਇਰਾਨੀ ਸਿੰਡੀਕੇਟ ਨੂੰ ਸੰਬੋਧਤ ਖ਼ਤ ਦੇਖਿਆ ਉਹ ਕਹਿਣੀ ਤੇ ਕਰਨੀ ਵਾਲਾ ਇਨਸਾਨ ਸੀ ਤੇ ਫੌਜ ਵਿਚ ਕਰਨਲ ਦੇ ਅਹੁਦੇ 'ਤੇ ਸੀ। ਚੌਂਕੀ ਦੇ ਮਿਲਟਰੀ ਕਮਾਂਡਰ ਨੇ ਬੈਰਨ ਡੀ ਲਾਰਾਹ ਦੇ ਹੇਠਾਂ ਕੰਮ ਕੀਤਾ ਹੋਇਆ ਸੀ। ਇਸ ਲਈ ਉਸ ਨੇ ਮੇਰੇ ਤੇ ਮੇਰੇ ਸਾਥੀਆਂ ਪ੍ਰਤੀ ਬਹੁਤ ਆਦਰ ਵਿਖਾਇਆ। ਉਸ ਨੇ ਸਾਨੂੰ ਦੱਸਿਆ ਕਿ ਉਸ ਕੋਲ ਰਾਤ ਠਹਿਰਨ ਦਾ ਕੋਈ ਪ੍ਰਬੰਧ ਨਹੀਂ ਸੀ ਪਰ ਜੇਕਰ ਅਸੀਂ ਰਾਤ ਬੈਂਚਾਂ ਤੇ ਸੌਂ ਸਕੀਏ ਤਾਂ ਉਹ ਸੌਣ ਲਈ ਮਿਲ ਸਕਦੇ ਸਨ ਅਤੇ ਉਸ ਨੂੰ ਸਾਡੇ ਉਥੇ ਰਾਤ ਗੁਜ਼ਾਰਨ ਤੇ ਕੋਈ ਇਤਰਾਜ਼ ਨਹੀਂ ਸੀ। ਅਸੀਂ ਬੈਂਚਾਂ 'ਤੇ ਸੌਂ ਕੇ ਰਾਤ ਗੁਜ਼ਾਰੀ।

ਸਾਡੇ ਪਹੁੰਚਣ ਤੋਂ ਦਸ ਮਿੰਟ ਬਾਅਦ ਉਥੇ ਇਕ ਆਦਮੀ ਫੌਜੀ ਚੌਂਕੀ ਵਿਚ ਆਇਆ ਅਤੇ ਸਾਨੂੰ ਪੁੱਛੇ ਬਿਨਾਂ ਗੱਲਬਾਤ ਕਰਨ ਲੱਗਾ। ਉਸ ਨੇ ਕਿਹਾ ਕਿ ਉਸ ਨੂੰ ਤੁਰੰਤ ਕੂਚ ਕਰਨ ਦਾ ਸੁਨੇਹਾ ਆਇਆ ਸੀ। ਉਹ ਏਨੀ ਕਾਹਲੀ 'ਚ ਸੀ ਕਿ ਉਹ ਆਪਣੀ ਮਾਂ ਨੂੰ ਵੀ ਨਹੀਂ ਮਿਲ ਸਕਿਆ ਸੀ ਜਿਹੜੀ ਕਿਸੇ ਹੋਰ ਸ਼ਹਿਰ ਵਿਚ ਰਹਿੰਦੀ ਸੀ। ਜਦੋਂ ਉਹ ਗੱਲਾਂ ਕਰਦਾ ਉਪਰ ਹੇਠਾਂ ਹੋ ਰਿਹਾ ਸੀ ਤਾਂ ਇਕ ਬੱਚਾ ਜਿਹੜਾ ਮੇਰੇ ਕੋਲ ਬੈਠਾ ਸੀ, ਨੂੰ ਲੱਗਾ ਕਿ ਉਸ ਆਦਮੀ ਦਾ ਉਚਾਰਨ ਜਰਮਨ ਭਾਸ਼ਾ ਵਰਗਾ ਸੀ। ਮੁੰਡੇ ਨੇ ਮੈਨੂੰ ਪੁੱਛਿਆ ਕਿ "ਮੇਰਾ ਕੀ ਵਿਚਾਰ ਹੈ? ਕੀ ਉਹ ਜਰਮਨ ਹੈ?" ਮੈਂ ਕੇਵਲ ਮੁਸਕਰਾਇਆ ਹੀ, ਤੇ ਕੋਈ ਜਵਾਬ ਨਾ ਦਿੱਤਾ। ਉਪਰ ਹੇਠਾਂ ਹੁੰਦਿਆਂ ਕੁਝ ਦੇਰ ਬਾਦ ਉਹ ਆਦਮੀ ਖਿਸਕ ਗਿਆ। ਮੁੰਡਾ ਕਮਾਂਡੈਂਟ ਕੋਲ ਗਿਆ ਅਤੇ ਉਸ ਨੂੰ ਬੰਦੇ ਬਾਰੇ ਸ਼ੱਕ ਹੋਣ ਬਾਰੇ ਦੱਸਿਆ। ਕਮਾਡੈਂਟ ਨੇ ਕੋਈ ਜਵਾਬ ਨਾ ਦਿੱਤਾ ਅਤੇ ਇਕ ਸਿਪਾਹੀ ਨੂੰ ਉਸਦਾ ਪਿੱਛਾ ਕਰਨ ਲਈ ਕਿਹਾ ਅਤੇ ਉਸ ਦੀ ਨਕਲੋ ਹਰਕਤ ਤੇ ਨਿਗਾਹ ਰੱਖਣ ਲਈ ਕਿਹਾ। ਕੁਝ ਚਿਰ ਬਾਅਦ ਸਿਪਾਹੀ ਮੁੜ ਆਇਆ ਅਤੇ ਦੱਸਿਆ ਕਿ ਉਸ ਵਿਅਕਤੀ ਦੀ ਨਕਲੋ ਹਰਕਤ ਕੁਝ ਸ਼ੱਕੀ ਸੀ। ਕੁਝ ਚਿਰ ਚੱਲਣ ਤੋਂ ਬਾਅਦ ਉਹ ਘੁੰਮ ਕੇ ਪਿਛਾਂਹ ਦੇਖਦਾ ਕਿ ਕੋਈ ਉਸਦਾ ਪਿੱਛਾ ਤਾਂ ਨਹੀਂ ਕਰ ਰਿਹਾ ਜਾਂ ਨਿਗਰਾਨੀ ਤਾਂ ਨਹੀਂ ਸੀ ਕਰ ਰਿਹਾ। ਫਿਰ ਕਮਾਂਡੈਂਟ ਨੇ ਘੋੜ ਸਵਾਰਾਂ ਨੂੰ ਹੁਕਮ ਦਿੱਤਾ ਕਿ ਉਹ ਜਾਣ ਤੇ ਉਸ ਬੰਦੇ ਨੂੰ ਫੜ ਕੇ ਲਿਆਉਣ। ਘੋੜ ਸਵਾਰਾਂ ਨੇ ਉਸ ਨੂੰ ਫੜ ਲਿਆ ਅਤੇ ਉਸ ਅੱਗੇ ਪੇਸ਼ ਕੀਤਾ। ਕਮਾਂਡੈਂਟ ਨੇ ਉਸ ਨੂੰ ਘੋਖਿਆ ਅਤੇ ਕੂਚ ਕਰਨ ਦੇ ਹੁਕਮ ਪੇਸ਼ ਕਰਨ ਲਈ ਕਿਹਾ। ਉਸ ਨੇ ਕਿਹਾ ਕਿ ਉਹ ਕਾਹਲੀ ਵਿਚ

ਭੁੱਲ ਆਇਆ ਸੀ। ਕਿਉਂਕਿ ਉਸ ਕੋਲ ਉਸ ਦੇ ਫਰਾਂਸੀਸੀ ਹੋਣ ਦੀ ਪਛਾਣ ਦਾ ਕੋਈ ਦਸਤਾਵੇਜ਼ ਨਹੀਂ ਸੀ, ਇਸ ਲਈ ਉਸ ਨੂੰ ਉਥੇ ਰੋਕ ਲਿਆ ਗਿਆ।

ਅਸੀਂ ਪੰਜ ਵਜੇ ਸਵੇਰੇ ਪਹਿਲੀ ਟਰਾਮ 'ਤੇ ਚੱਲ ਪਏ ਅਤੇ ਲਿੱਲੀ ਪੁੱਜੇ। ਉਥੇ ਪੁੱਜਣ ਤੋਂ ਇਕ ਘੰਟਾ ਬਾਅਦ ਉਥੇ ਕਬਜ਼ਾ ਕੀਤੇ ਜਾਣ ਦਾ ਐਲਾਨ ਹੋਇਆ। ਕੋਈ ਵੀ ਬੰਦਾ ਰਾਹਦਾਰੀ ਤੋਂ ਬਿਨਾਂ ਸ਼ਹਿਰ ਨਹੀਂ ਸੀ ਛੱਡ ਸਕਦਾ। ਸਾਨੂੰ ਰਾਹਦਾਰੀ ਲੈਣ ਲਈ ਇੰਤਜ਼ਾਰ ਕਰਨਾ ਪਿਆ। ਇਸਤੋਂ ਪਹਿਲਾਂ ਕਿ ਅਸੀਂ ਪੈਰਿਸ ਲਈ ਰਵਾਨਾ ਹੋਈਏ। ਜਿਹੜੇ ਲੋਕ ਲਿੱਲੀ ਤੋਂ ਜਾਣਾ ਚਾਹੁੰਦੇ ਸਨ ਉਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ। ਉਨ੍ਹਾਂ ਨੂੰ ਇਕ ਖਾਸ ਥਾਂ ਉੱਤੇ ਲਿਜਾਇਆ ਗਿਆ ਅਤੇ ਪੁਲਸ ਨੇ ਉਨ੍ਹਾਂ ਨੂੰ ਕਤਾਰ ਬਣਾਉਣ ਲਈ ਆਖਿਆ। ਸਾਨੂੰ ਉਥੇ ਢਾਈ ਘੰਟੇ ਇੰਤਜ਼ਾਰ ਕਰਨਾ ਪਿਆ। ਗਿਣਤੀ ਵਧੀ ਜਾ ਰਹੀ ਸੀ। ਬਹੁਤ ਸਾਰੇ ਲੋਕ ਕਤਾਰ ਵਿਚ ਖੜ੍ਹੇ ਹੋਣ ਦੀ ਇੰਤਜ਼ਾਰ ਕਰ ਰਹੇ ਸਨ। ਕਾਫੀ ਲੰਮੀ ਇੰਤਜ਼ਾਰ ਅਤੇ ਤਕਲੀਫ਼ ਝਾਗਣ ਤੋਂ ਬਾਅਦ ਇਹ ਸੁਣਨਾ ਬੜਾ ਰੌਚਕ ਸੀ ਕਿ ਰਾਹਦਾਰੀ ਕਿਸੇ ਹੋਰ ਥਾਂ ਤੋਂ ਮਿਲੇਗੀ। ਇਸ ਤਰ੍ਹਾਂ ਉਹ ਲੋਕਾਂ ਨੂੰ ਮਿਊਨਿਸਪਲ ਹਾਲ ਲੈ ਜਾਂਦੇ ਜਿਥੇ ਉਹ ਲੋਕਾਂ ਨੂੰ ਆਖਦੇ ਕਿ ਇਥੇ ਰਾਹਦਾਰੀ ਦਿੱਤੀ ਜਾਵੇਗੀ। ਮੈਨੂੰ ਸ਼ੱਕ ਸੀ ਕਿ ਦੂਜੀ ਥਾਂ ਵੀ ਸਹੀ ਥਾਂ ਨਹੀਂ ਸੀ। ਕਿਉਂਕਿ ਖਾਣੇ ਦਾ ਸਮਾਂ ਸੀ ਇਸ ਲਈ ਮੈਂ ਮਨੀ ਲਾਲ ਨਾਲ ਭੀੜ 'ਚੋਂ ਖਿਸਕ ਗਿਆ (ਹਿੰਦੁਸਤਾਨੀ ਵਪਾਰੀ ਦਾ ਏਜੰਟ)। ਜਦੋਂ ਅਸੀਂ ਲਿੱਲੀ ਦੀ ਇਕ ਗਲੀ ਵਿਚੋਂ ਲੰਘ ਰਹੇ ਸਾਂ ਤਾਂ ਮੈਨੂੰ ਪੈਰਿਸ ਦਾ ਇਕ ਦੋਸਤ ਟੱਕਰ ਪਿਆ ਅਤੇ ਮੈਂ ਉਸ ਨੂੰ ਪੁੱਛਿਆ ਕਿ ਕੀ ਉਸ ਨੂੰ ਪਤਾ ਸੀ ਰਾਹਦਾਰੀ ਕਿੱਥੋਂ ਮਿਲੇਗੀ? ਉਸ ਨੇ ਮੈਨੂੰ ਦੱਸਿਆ ਕਿ ਉਹ ਹੁਣੇ ਹੀ ਉਥੋਂ ਆਇਆ ਸੀ, ਦਫਤਰ ਵਿਚ ਉਸ ਦੇ ਦੋਸਤ ਜੋ ਪਾਸ ਜਾਰੀ ਕਰਦੇ ਸਨ। ਇਹ ਥਾਂ, ਜਿਥੇ ਅਸੀਂ ਖੜ੍ਹੇ ਸੀ, ਉਥੋਂ ਥੋੜ੍ਹੇ ਹੀ ਫ਼ਾਸਲੇ 'ਤੇ ਸੀ ਤੇ ਉਥੇ ਜਾਣ ਲਈ ਕੁਝ ਮਿੰਟ ਹੀ ਲੱਗਦੇ ਸਨ। ਇਹ ਮਿਊਨਸਿਪਲ ਦਫ਼ਤਰ ਦੇ ਸਭ ਤੋਂ ਉਪਰਲੀ ਮੰਜ਼ਿਲ 'ਤੇ ਸੀ। ਉਸ ਤੇ.ਯਕੀਨ ਕਰਨਾ ਔਖਾ ਸੀ ਕਿਉਂਕਿ ਹਜ਼ਾਰਾਂ ਹੀ ਲੋਕਾਂ ਨੂੰ ਮਿਊਨਸਿਪਲ ਹਾਲ ਵਿਚ ਰਾਹਦਾਰੀ ਵਾਸਤੇ ਰੋਕਿਆ ਹੋਇਆ ਸੀ। ਫਿਰ ਵੀ ਮੈਂ ਉਥੇ ਗਿਆ ਤੇ ਦੇਖਿਆ ਕਿ ਜੋ ਉਸ ਨੇ ਕਿਹਾ ਸੱਚ ਹੀ ਸੀ। ਉਸ ਦਫ਼ਤਰ ਨੇੜੇ ਕੋਈ ਭੀੜ ਨਹੀਂ ਸੀ। ਸਿਰਫ਼ ਤਿੰਨ ਬੰਦੇ ਇੰਤਜ਼ਾਰ ਕਰ ਰਹੇ ਸਨ। ਇਕ ਜਰਮਨ ਜਿਸ ਨੇ ਆਪਣੇ ਆਪ ਨੂੰ ਸਵਿਸ ਦੱਸ ਕੇ ਰਾਹਦਾਰੀ ਲਈ ਸੀ। ਅਸੀਂ ਵੀ ਆਪਣੀ ਰਾਹਦਾਰੀ ਲਈ। ਮਨੀ ਲਾਲ ਨੂੰ ਉਸ ਦੀ ਕੌਮੀਅਤ ਬਾਰੇ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ। "ਮੈਂ ਬੰਬੇ ਇੰਡੀਆ ਹਾਂ।" ਇਸ ਤੇ ਉਹ ਲੋਕ ਹੱਸ ਪਏ। ਮੈਂ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਬੰਬਈ ਹਿੰਦੁਸਤਾਨ ਤੋਂ ਸੀ। ਮੈਂ ਉਸ ਦੀ ਜ਼ਿੰਮੇਵਾਰੀ ਲੈਂਦਾ ਹਾਂ ਕਿ ਉਹ ਹਿੰਦੁਸਤਾਨ ਤੋਂ ਆਇਆ ਸੀ।"

ਰਾਹਦਾਰੀ ਹਾਸਲ ਕਰਕੇ ਅਸੀਂ ਰੇਲਵੇ ਸਟੇਸ਼ਨ ਗਏ ਜਿਥੋਂ ਅਸੀਂ ਸ਼ਾਮ

ਦੇ 4 ਵਜੇ ਗੱਡੀ ਫੜੀ। ਸਾਡੇ ਡੱਬੇ ਵਿਚ ਕੁਝ ਇਟਲੀ ਦੇ ਬਸ਼ਿੰਦੇ ਸਨ ਜਿਹੜੇ ਇੰਗਲੈਂਡ ਤੋਂ ਆਏ ਸਨ ਅਤੇ ਜੰਗ ਕਰਕੇ ਇਟਲੀ ਜਾਣਾ ਚਾਹੁੰਦੇ ਸਨ। ਸਾਰੇ ਹੀ ਡੱਬੇ ਇਕ ਦੂਜੇ ਅੰਦਰ ਜਾਣ ਲਈ ਦਰਵਾਜ਼ਿਆਂ ਨਾਲ ਜੁੜੇ ਹੋਏ ਸਨ। ਇਸ ਲਈ ਅਸੀਂ ਦੂਸਰੇ ਡੱਬਿਆਂ ਵਿਚ ਵਾਪਰਦਾ ਸਭ ਕੁਝ ਵੇਖ ਸਕਦੇ ਸਾਂ। ਚੌਥੇ ਡੱਬੇ ਵਿਚ ਉਹ ਜਰਮਨ ਬੈਠਾ ਸੀ ਜਿਸ ਨੇ ਆਪਣੇ ਆਪ ਨੂੰ ਸਵਿਸ ਦੱਸ ਕੇ ਰਾਹਦਾਰੀ ਹਾਸਲ ਕੀਤੀ ਸੀ। ਗੱਡੀ ਦੀ ਫੌਜ ਰਾਹੀਂ ਰਖਵਾਲੀ ਕੀਤੀ ਜਾ ਰਹੀ ਸੀ। ਗੱਡੀ ਲਿੱਲੀ ਤੋਂ ਚੱਲ ਪਈ। ਗੱਡੀ ਅਜੇ ਅੱਧਾ ਮੀਲ ਹੀ ਚੱਲੀ ਸੀ ਕਿ ਇਟਾਲੀਅਨ ਅਤੇ ਫਰਾਂਸੀਸੀਆਂ ਨੇ ਫਰਾਂਸੀਸੀ ਕੌਮੀ ਗੀਤ (ਲਾ ਮਾਰਸੇ ਲੈਜ਼ੇ) ਗਾਉਣਾ ਸ਼ੁਰੂ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਵਿਵੇਨਾ ਫਰਾਂਸ (ਫਰਾਂਸ ਵੱਸਦਾ ਰਹੇ) ਗਾਇਆ। ਜਰਮਨ ਇਹਨਾਂ ਨਾਹਰਿਆਂ ਨੂੰ ਬਹੁਤੀ ਦੇਰ ਬਰਦਾਸ਼ਤ ਨਾ ਕਰ ਸਕਿਆ ਅਤੇ ਉਹ ਚੀਕ ਪਿਆ। 'ਵਿਵੇਲ ਅਲ ਮੈਗ' (ਜਰਮਨ ਜੀਏ)। ਜਿਉਂ ਹੀ ਉਸ ਨੇ ਇਹ ਸ਼ਬਦ ਕਹੇ ਇਟਾਲੀਅਨ ਅਤੇ ਫਰਾਂਸੀਸੀ ਉਹਦੇ ਤੇ ਝਪਟ ਪਏ। ਉਹਨੇ ਪਿਸਤੌਲ ਕੱਢ ਲਿਆ ਅਤੇ ਉਨ੍ਹਾਂ ਤੇ ਚਲਾਇਆ। ਚਹੁੰਆਂ ਦੇ ਖ਼ੂਨ ਵਗਣ ਲੱਗਾ ਅਤੇ ਉਹ ਜ਼ਖਮੀ ਹੋ ਗਏ ਪਰ ਬਾਕੀਆਂ ਨੇ ਉਸ ਨੂੰ ਕਾਬੂ ਕਰ ਲਿਆ ਤੇ ਉਸ ਦਾ ਪਿਸਤੌਲ ਖੋਹ ਲਿਆ। ਗੱਡੀ ਰੁਕ ਗਈ ਅਤੇ ਉਸ ਨੂੰ ਜ਼ਖ਼ਮੀਆਂ ਸਮੇਤ ਗੱਡੀ ਤੋਂ ਲਾਹ ਲਿਆ ਗਿਆ। ਗੱਡੀ ਦੋਬਾਰਾ ਚੱਲ ਪਈ। ਪਰੰਤੂ ਉਹ ਏਨੀ ਹੌਲੀ ਚੱਲ ਰਹੀ ਸੀ ਕਿ ਉਸ ਨੂੰ ਪੈਰਿਸ ਪਹੁੰਚਣ ਵਿਚ 12 ਘੰਟੇ ਤੋਂ ਵੱਧ ਸਮਾਂ ਲੱਗਾ ਜਦੋਂ ਕਿ ਆਮ ਤੌਰ 'ਤੇ ਇਸ ਨੂੰ ਢਾਈ ਘੰਟੇ ਲੱਗਦੇ ਸਨ। ਪੈਰਿਸ ਪਹੁੰਚ ਕੇ ਅਸੀਂ ਦੇਖਿਆ ਕਿ ਮਰਦ ਡਰਾਈਵਰਾਂ ਦੀ ਥਾਂ ਔਰਤ ਡਰਾਈਵਰਾਂ ਨੇ ਲੈ ਲਈ ਸੀ ਜਿਨ੍ਹਾਂ ਨੂੰ ਉਥੋਂ ਕੂਚ ਕਰਨ ਦੇ ਹੁਕਮ ਸਨ। ਪੈਰਿਸ ਆਪਣੀ ਥਾਂ ਪਹੁੰਚ ਕੇ ਮੈਂ ਸਵੇਰ ਦੀ ਅਖ਼ਬਾਰ ਖਰੀਦੀ ਜਿਸ ਵਿਚ ਮੈਂ ਪੜ੍ਹਿਆ ਕਿ ਦੋਹਾਂ ਹੀ ਜਰਮਨਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ।

ਥੋੜ੍ਹਾ ਚਿਰ ਆਰਾਮ ਕਰਨ ਤੋਂ ਬਾਅਦ ਅਤੇ ਚਾਹ ਪੀ ਕੇ ਮੈਂ ਬਾਹਰ ਘੁੰਮਦੇ ਅਤੇ ਇਹ ਜਾਣਨ ਲਈ ਨਿਕਲਿਆ ਕਿ ਲੋਕ ਜੰਗ ਬਾਰੇ ਕੀ ਮਹਿਸੂਸ ਕਰਦੇ ਸਨ ਮੈਂ ਗਰੈਂਡ ਬੌਲੇਵਰਜ਼ ਗਿਆ। ਉਥੇ ਲੋਕਾਂ ਦੀ ਬਹੁਤ ਚਹਿਲ ਪਹਿਲ ਸੀ। ਲੋਕਾਂ ਦੀ ਵੱਡੀ ਭੀੜ ਖ਼ਬਰਾਂ ਦੇ ਦਫ਼ਤਰ ਅੱਗੇ ਖੜ੍ਹੀ ਸੀ। ਕੁਝ ਗਲੀਆਂ ਦੇ ਖੂੰਜਿਆਂ ਉੱਤੇ ਫਰਾਂਸ ਅਤੇ ਜਰਮਨੀ ਸਰਹੱਦਾਂ ਬਾਰੇ ਗੱਲਾਂ ਕਰ ਰਹੇ ਸਨ ਪਰ ਉਹ ਸਾਰੇ ਬਹੁਤ ਡਰੇ ਹੋਏ ਲੱਗਦੇ ਸਨ। ਇਕ ਨੌਜਵਾਨ ਇਕ ਖਿਡੌਣਾ ਵੇਚ ਰਿਹਾ ਸੀ। ਇਹ ਖਿਡੌਣਾ ਜਰਮਨੀ ਦੇ ਬਾਦਸ਼ਾਹ ਵਿਲੀਅਮ ਦਾ ਪੁਤਲਾ ਸੀ। ਇਹਦੇ ਨਾਲ ਲਾਸਟਿਕ ਦੀਆਂ ਤਾਰਾਂ ਨਾਲ ਰਬੜ ਬੰਨ੍ਹੀ ਹੋਈ ਸੀ ਜਿਸ ਉੱਤੇ ਲਿਖਿਆ ਸੀ ਵਿਲੀਅਮ ਲਾ ਚੋਕੇਨ (ਵਿਲੀਅਮ ਸੂਰ)। ਲੋਕ ਵੱਡੀ ਗਿਣਤੀ ਵਿਚ ਇਹ ਖਰੀਦ ਰਹੇ ਸਨ। ਲੋਕਾਂ ਦੀ ਕਾਫ਼ੀ ਵੱਡੀ ਭੀੜ ਗਲੀਆਂ ਵਿਚੋਂ ਲੰਘ ਰਹੀ ਸੀ

ਜਿਹੜੀ ਬੂਟ ਖਰੀਦ ਰਹੀ ਸੀ। ਉਨ੍ਹਾਂ ਨੂੰ ਮੋਢਿਆਂ ਤੇ ਚੱਕੀ ਲਿਜਾਂਦੀ ਸੀ। ਕਿਉਂਕਿ ਸਰਕਾਰ ਕੋਲ ਉਨ੍ਹਾਂ ਨੂੰ ਬੂਟ ਦੇਣ ਲਈ ਨਹੀਂ ਸਨ। ਭਾਵੇਂ ਕਿ ਫਰਾਂਸੀਸੀ ਸਰਕਾਰ ਕੋਲ ਫੌਜ ਲਈ ਕਾਗਜ਼ਾਂ ਵਿਚ ਬੂਟਾਂ ਦਾ ਲੱਖਾਂ ਦਾ ਸਟਾਕ ਸੀ। ਪਰ ਅਸਲ ਵਿਚ ਫਰਾਂਸ ਸਰਕਾਰ ਕੋਲ ਕੋਈ ਸਟਾਕ ਨਹੀਂ ਸੀ। ਫਰਾਂਸੀਸੀ ਪਾਰਲੀਮੈਂਟ ਵਿਚ ਕਈ ਸਵਾਲ ਕੀਤੇ ਗਏ ਅਤੇ ਇਕ ਕਮਿਸ਼ਨ ਸਥਾਪਤ ਕਰਨ ਦੀ ਮੰਗ ਕੀਤੀ ਗਈ ਜਿਹੜਾ ਇਸ ਗੱਲ ਦੀ ਪੜਤਾਲ ਕਰੇ। ਉਹ ਫੌਜੀ ਛਾਉਣੀਆਂ ਵਿਚ ਜਾ ਕੇ ਦੇਖੇ ਕਿ ਕੀ ਸਰਕਾਰ ਕੋਲ ਬੂਟਾਂ ਦਾ ਸਟਾਕ ਹੈ ਵੀ ਸੀ? ਕਮਿਸ਼ਨ ਨੂੰ ਦਿਖਾਉਣ ਲਈ ਕਿ ਸਰਕਾਰ ਕੋਲ ਸਟਾਕ ਸੀ, ਉਨ੍ਹਾਂ ਲੋਕਾਂ ਕੋਲੋਂ ਵੱਖ ਵੱਖ ਮੇਚ ਦੇ ਬੂਟ, ਜਿਨ੍ਹਾਂ ਵਿਚ ਬੱਚਿਆਂ ਤੇ ਔਰਤਾਂ ਦੇ ਬੂਟ ਵੀ ਸ਼ਾਮਲ ਸਨ, ਇਕੱਠੇ ਕਰ ਲਏ। ਕਮਿਸ਼ਨ ਦੇ ਮੈਂਬਰਾਂ ਨੂੰ ਰਿਸ਼ਵਤ ਦਿੱਤੀ ਗਈ ਅਤੇ ਕਮਿਸ਼ਨ ਨੇ ਸਰਟੀਫਿਕੇਟ ਦੇ ਦਿੱਤਾ ਕਿ ਸਰਕਾਰ ਕੋਲ ਸਟਾਕ ਸੀ। ਪਰ ਇਸ 'ਤੇ ਬੜਾ ਰੌਲਾ ਰੱਪਾ ਪਿਆ ਕਿ ਸਰਕਾਰ ਨੇ ਲੋਕਾਂ ਨੂੰ ਧੋਖਾ ਦਿੱਤਾ ਸੀ।

ਬਹੁਤ ਥੋੜ੍ਹੀਆਂ ਟੈਕਸੀਆਂ ਉਪਲਬਧ ਸਨ। ਇਕ ਫਰਾਂਸੀਸੀ ਟੈਕਸੀ ਲਈ ਦੇਖ ਰਿਹਾ ਸੀ। ਉਸਨੇ ਪਹਿਲਾਂ ਇਕ ਟੈਕਸੀ ਡਰਾਈਵਰ, ਇਕ ਹੋਰ ਅਤੇ ਫਿਰ ਇਕ ਹੋਰ ਨੂੰ ਪੁੱਛਿਆ ਪਰ ਸਾਰਿਆਂ ਨੇ ਹੀ ਕਿਹਾ ਕਿ ਉਹ ਉਥੋਂ ਨਿਕਲਣਾ ਚਾਹੁੰਦੇ ਸਨ। ਇਕ ਡਰਾਈਵਰ ਨੇ ਉਸਨੂੰ ਪੁੱਛਿਆ ਕਿ ਉਹ ਕਿੱਥੇ ਜਾਣਾ ਚਾਹੁੰਦਾ ਸੀ। ਉਸਨੇ ਕਿਹਾ, "ਬਰਲਿਨ" ਇਸਨੇ ਸੁਣਨ ਵਾਲਿਆਂ ਵਿਚ ਉਤਸ਼ਾਹ ਭਰ ਦਿੱਤਾ। ਜੰਗ ਕਾਰਨ ਛਾਈ ਉਦਾਸੀ ਵਿਚ ਇਸ ਨੂੰ ਹੌਸਲੇ ਵਾਲਾ ਸ਼ਬਦ ਸਮਝਿਆ ਗਿਆ ਅਤੇ ਉਸਨੇ ਆਪਣੀਆਂ ਸੇਵਾਵਾਂ ਉਪਲਬਧ ਕਰਵਾ ਦਿੱਤੀਆਂ। ਸਾਰੇ ਹੀ ਲੋਕਾਂ ਨੇ ਉਸਦੀ ਪ੍ਰਸੰਸਾ ਕੀਤੀ। ਲੋਕ ਇਸ ਮਜ਼ਾਕੀਆ ਗੱਲ ਨਾਲ ਬੜੇ ਹੌਸਲੇ ਵਿਚ ਆਏ। ਸ਼ਾਮ ਵੇਲੇ ਮੈਂ ਫਿਰ ਬੌਲਵਰਜ਼ ਗਿਆ ਅਤੇ ਵੇਖਿਆ ਕਿ ਸਾਰੀਆਂ ਹੀ ਕੌਫੀ ਦੀਆਂ ਦੁਕਾਨਾਂ ਅਤੇ ਥੀਏਟਰਾਂ ਵਿਚ ਲੋਕਾਂ ਦੀ ਗੈਰਮਾਮੂਲੀ ਹਰਕਤ ਸੀ। ਉਹ ਇਕ ਦੂਸਰੇ ਨੂੰ ਪੁੱਛ ਰਹੇ ਸਨ ਕਿ ਕੀ ਜਰਮਨ ਆ ਰਹੇ ਸਨ? ਉਹ ਕਿਵੇਂ ਆ ਰਹੇ ਸਨ? ਜੇਕਰ ਉਹ ਆ ਗਏ ਤਾਂ ਉਨ੍ਹਾਂ ਨਾਲ ਕਿਵੇਂ ਲੜਿਆ ਜਾਵੇਗਾ ਕੀ ਬੈਲਜੀਅਮ ਜਰਮਨਾਂ ਦਾ ਵਿਰੋਧ ਕਰੇਗਾ ਜਾਂ ਨਹੀਂ। ਹਰ ਥਾਂ ਹਰ ਕੋਈ ਜੰਗ ਦੀਆਂ ਗੱਲਾਂ ਹੀ ਕਰ ਰਿਹਾ ਸੀ। ਲੋਕ ਆਮ ਨਾਲੋਂ ਜ਼ਿਆਦਾ ਦੇਰ ਨਾਲ ਘਰਾਂ ਨੂੰ ਗਏ। ਲੋਕਾਂ ਵਿਚ ਨਵੀਆਂ ਖ਼ਬਰਾਂ ਲੈਣ ਦੀ ਭੁੱਖ ਸੀ ਤੇ ਹਰ ਪਾਸੇ ਉਤੇਜਨਾ ਸੀ। ਹਰ ਕੋਈ ਦੂਸਰੇ ਨੂੰ ਪੁੱਛ ਰਿਹਾ ਸੀ ਕੀ ਹੋ ਰਿਹਾ ਸੀ ਤੇ ਕੀ ਹੋਵੇਗਾ?

ਅਗਲੇ ਦਿਨ ਵੀ ਕੁਝ ਅਜਿਹਾ ਹੀ ਦੇਖਣ ਨੂੰ ਮਿਲਿਆ। ਰੰਗਰੂਟਾਂ ਦੇ ਗਰੁੱਪ ਜਾ ਰਹੇ ਸਨ, ਫਰਾਂਸੀਸੀ ਕੌਮੀ ਗੀਤ ਗਾ ਰਹੇ ਸਨ, ਜਦੋਂ ਉਹ ਫਰਾਂਸੀਸੀ ਗੀਤ ਗਾ ਰਹੇ ਸਨ, ਤਾਂ ਬੜੇ ਹੀ ਉਤਸ਼ਾਹ ਵਿਚ ਸਨ। ਉਸ ਗੀਤ ਵਿਚ ਹਿੱਸਾ

ਲੈਣ ਤੋਂ ਕਿਸੇ ਤੇ ਕੋਈ ਰੋਕ ਨਹੀਂ ਸੀ, ਇਹ ਆਪ ਮੁਹਾਰਾ ਸੀ। ਖ਼ਾਸ ਤੌਰ 'ਤੇ ਬੈਲਜੀਅਮ ਡੀਲਾ ਕੌਨਕਰਡ ਪੈਰਿਸ ਦੇ ਸਭ ਤੋਂ ਵੱਡੇ ਮੈਦਾਨ ਵਿਚ ਇਕੱਠੇ ਹੁੰਦੇ। ਇਸ ਮੈਦਾਨ ਦੇ ਇਕ ਪਾਸੇ ਸਾਇਨ ਨਦੀ ਸੀ ਅਤੇ ਦੂਸਰੇ ਪਾਸੇ ਸਰਕਾਰੀ ਇਮਾਰਤਾਂ-ਚੈਂਪਸ ਐਲਸੀਸ ਦੁਨੀਆਂ ਦੀਆਂ ਸਭ ਤੋਂ ਵਧੀਆ ਇਮਾਰਤਾਂ 'ਚੋਂ ਇਕ, ਸਥਿਤ ਸੀ। ਫਰਾਂਸ ਦੇ ਕਈ ਸੂਬੇ ਸਨ। ਉਨ੍ਹਾਂ ਵਿਚੋਂ ਦੋ ਐਨਸੇਸ ਅਤੇ ਲੌਰੇਨ ਸਨ। ਉਸ ਨਕਸ਼ੇ ਵਿਚ ਐਨਸੇਸ ਤੇ ਲੌਰੇਨ ਦਿਖਾਏ ਗਏ ਸਨ ਅਤੇ ਉਨ੍ਹਾਂ ਉੱਤੇ ਕਾਲਾ ਕੱਪੜਾ ਪਾਇਆ ਹੋਇਆ ਸੀ। ਕਿਉਂਕਿ 1870-71 ਦੀ ਜੰਗ ਵਿਚ ਜਰਮਨਾਂ ਨੇ ਉਹ ਖੋਹ ਲਏ ਸਨ। ਸਕੂਲਾਂ ਵਿਚ ਮੁੰਡਿਆਂ ਤੇ ਕੁੜੀਆਂ ਨੂੰ ਪੜ੍ਹਾਇਆ ਜਾਂਦਾ ਸੀ ਕਿ ਫਰਾਂਸ ਉਦੋਂ ਤੱਕ ਖ਼ੁਸ਼ ਨਹੀਂ ਹੋ ਸਕਦਾ ਜਦੋਂ ਤੱਕ ਉਹ ਇਹ ਸੂਬੇ ਜਰਮਨਾਂ ਤੋਂ ਵਾਪਸ ਨਹੀਂ ਲੈ ਲੈਂਦਾ। ਇਹਨਾਂ ਬੁੱਤਾਂ ਨੇੜੇ ਸਭ ਤੋਂ ਵੱਧ ਭੀੜ ਦੇਖੀ ਜਾ ਸਕਦੀ ਸੀ। ਉਨ੍ਹਾਂ ਦਾ ਦੇਸ਼ ਦੀ ਏਕਤਾ ਪ੍ਰਤੀ ਪਿਆਰ ਅਤੇ ਇਹਨਾਂ ਸੂਬਿਆਂ ਨੂੰ ਵਾਪਸ ਲੈਣ ਦੀ ਖ਼ਾਹਿਸ਼ ਲੋਕਾਂ ਦੇ ਚਿਹਰਿਆਂ ਉੱਤੇ ਝਲਕਦੀ ਸੀ।

ਲ, ਹੋਮੇ ਲਿਬਰੇ (ਫਰੀਮੈਨ) ਨਾਂ ਦਾ ਸਭ ਤੋਂ ਵੱਡਾ ਅਖ਼ਬਾਰ ਕਲੀਮੈਂਸੰਕ (ਫਰਾਂਸ ਦਾ ਸ਼ੇਰ) ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਉਹ ਸਰਕਾਰ ਦੀ ਆਲੋਚਨਾ ਕਰਨ ਵਿਚ ਮਸ਼ਗੂਲ ਸੀ। ਇਹ ਫਰਾਂਸ ਦੇ ਲੋਕਾਂ ਨੂੰ ਸਰਕਾਰ ਬਾਰੇ ਦੱਸ ਰਿਹਾ ਸੀ ਕਿ ਫਰਾਂਸ ਸਰਕਾਰ ਨੇ ਜੰਗ ਦੀ ਤਿਆਰੀ ਨੂੰ ਅੱਖੋਂ ਪਰੋਖੇ ਕਰਕੇ ਜ਼ੁਰਮ ਕੀਤਾ ਸੀ ਅਤੇ ਜਿਹੜੇ ਫਰਾਂਸ ਵਿਚ ਹਕੂਮਤ ਵਿਚ ਸਨ ਉਹ ਧੋਖੇਬਾਜ਼, ਬੇਈਮਾਨ ਗ਼ੁਲਾਮ ਅਤੇ ਦੇਸ਼ ਭਗਤੀ ਦੀ ਘਾਟ ਵਾਲੇ ਸਨ ਪਰੰਤੂ ਹੋਰ ਅਖ਼ਬਾਰਾਂ ਏਨੀ ਸਖ਼ਤੀ ਨਾਲ ਆਲੋਚਨਾ ਨਹੀਂ ਸੀ ਕਰਦੀਆਂ ਅਤੇ ਉਹ ਲੋਕਾਂ ਨੂੰ ਜੰਗ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕਰ ਰਹੀਆਂ ਸਨ ਅਤੇ ਉਨ੍ਹਾਂ ਨੂੰ ਫਰਾਂਸ ਦੀ ਫੌਜ ਵਿਚ ਭਰਤੀ ਹੋਣ ਲਈ ਕਹਿ ਰਹੀਆਂ ਸਨ। ਉਨ੍ਹਾਂ ਦੀਆਂ ਲਿਖਤਾਂ ਦਾ ਵੱਡਾ ਹਿੱਸਾ ਐਨਸੇਸ ਅਤੇ ਲੌਰੇਨ ਦੋ ਸੂਬਿਆਂ ਨੂੰ ਵਾਪਸ ਲੈਣ ਲਈ ਸੀ। ਬੈਲਜ਼ੀਅਮ ਨੂੰ ਅਲਟੀਮੇਟਮ ਦਿੱਤਾ ਹੋਇਆ ਸੀ ਕਿ ਉਹ ਉਸ ਨੂੰ ਫਰਾਂਸ ਵਿਚ ਦਾਖ਼ਲ ਹੋਣ ਲਈ ਰਸਤਾ ਦੇਵੇ। ਪਰੰਤੂ ਇੰਗਲੈਂਡ ਅਤੇ ਫਰਾਂਸ ਦੋਵੇਂ ਹੀ ਬੈਲਜ਼ੀਅਮ ਤੇ ਜ਼ੋਰ ਪਾ ਰਹੇ ਸਨ ਕਿ ਉਹ ਜਰਮਨ ਫੌਜਾਂ ਦੇ ਇਸ ਦਬਾਅ ਦਾ ਵਿਰੋਧ ਕਰੇ। ਉਨ੍ਹਾਂ ਉਸ ਨੂੰ ਬਿਨਾਂ ਦੇਰ ਕੀਤੇ ਹਰ ਸਹਾਇਤਾ ਦਾ ਭਰੋਸਾ ਦਿੱਤਾ ਜਿਹੜੀ ਕਿ ਅਸਲ ਵਿਚ ਕਦੇ ਵੀ ਭੇਜੀ ਨਹੀਂ ਗਈ।

ਬੇਚਾਰੇ ਬੈਲਜ਼ੀਅਮ ਨੇ ਵਿਰੋਧ ਕੀਤਾ ਅਤੇ ਬੁਰੀ ਤਰ੍ਹਾਂ ਨੁਕਸਾਨ ਉਠਾਇਆ ਪਰੰਤੂ ਉਸ ਦੇ ਵਿਰੋਧ ਕਰਨ ਦੀ ਭਾਵਨਾ ਬੜੀ ਉੱਚੀ ਸੀ। ਫਰਾਂਸੀਸੀ ਤੇ ਅੰਗਰੇਜ਼ ਹਮੇਸ਼ਾ ਬੈਲਜ਼ੀਅਮ ਨੂੰ ਧੋਖਾ ਦੇ ਰਹੇ ਸਨ। ਇਕ ਫਰਾਂਸੀਸੀ ਬੈਲਜ਼ੀਅਮ

ਦੀਆਂ ਫੌਜਾਂ ਕੋਲ ਗਿਆ ਅਤੇ ਕਹਿਣ ਲੱਗਾ ਕਿ ਫਰਾਂਸ ਦੀਆਂ ਫੌਜਾਂ ਬੈਲਜ਼ੀਅਮ ਵੱਲ ਚੱਲ ਪਈਆਂ ਸਨ, ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ ਸੀ। ਅੰਗਰੇਜ਼ ਬੈਲਜ਼ੀਅਮ ਨਾਲ ਇਹੋ ਜਿਹੀਆਂ ਚਾਲਾਂ ਖੇਡਦਾ ਸੀ ਤਾਂ ਕਿ ਬੈਲਜ਼ੀਅਮ ਜਰਮਨਾਂ ਦਾ ਵਿਰੋਧ ਕਰਦਾ ਰਹੇ। ਪਰ ਨਾ ਫਰਾਂਸੀਸੀ ਤੇ ਨਾ ਹੀ ਅੰਗਰੇਜ਼ ਫੌਜਾਂ ਉਸ ਦੇ ਬਚਾ ਲਈ ਪਹੁੰਚੀਆਂ। ਇਹ ਨੀਤੀ ਇਸ ਲਈ ਅਪਣਾਈ ਗਈ ਕਿ ਫਰਾਂਸ ਅਤੇ ਇੰਗਲੈਂਡ ਨੂੰ ਆਪਣੀ ਤਿਆਰੀ ਪੂਰੀ ਕਰਨ ਲਈ ਸਮਾਂ ਮਿਲ ਜਾਵੇ ਅਤੇ ਇਹ ਉਸਨੇ ਬੈਲਜ਼ੀਅਮ ਦੀ ਤਬਾਹੀ ਅਤੇ ਮਾਰ ਧਾੜ ਨਾਲ ਪੂਰੀ ਕੀਤੀ। ਬਿਲਕੁਲ ਇਹੀ ਕਹਾਣੀ ਪਿਛਲੀ ਜੰਗ ਸਮੇਂ ਪੋਲੈਂਡ ਵਿਚ ਦੁਹਰਾਈ ਗਈ ਸੀ। ਬੈਲਜ਼ੀਅਮ ਦੀ ਤਬਾਹੀ ਨੇ ਇੰਗਲੈਂਡ ਦੀ ਪ੍ਰਚਾਰ ਮਸ਼ੀਨਰੀ ਨੂੰ ਜਰਮਨ ਫੌਜਾਂ ਦੀਆਂ ਕਰਤੂਤਾਂ ਅਤੇ ਜ਼ੁਲਮ ਦੀਆਂ ਝੂਠੀਆਂ ਕਹਾਣੀਆਂ ਘੜ੍ਹਨ ਦਾ ਮੌਕਾ ਦਿੱਤਾ ਕਿ ਕਿਵੇਂ ਜਰਮਨ ਫੌਜਾਂ ਨੇ ਇਕ ਛੋਟੇ ਦੇਸ਼ ਨੂੰ ਬੇਕਿਰਕੀ ਨਾਲ ਖ਼ਤਮ ਕਰ ਦਿੱਤਾ ਸੀ। ਬੱਚਿਆਂ ਨੂੰ ਮਾਰਨ, ਉਨ੍ਹਾਂ ਦੇ ਹੱਥ ਕੱਟਣ ਅਤੇ ਜਿਉਂਦਿਆਂ ਸਾੜਨ ਦੀਆਂ ਕਹਾਣੀਆਂ ਰੇਡੀਓ ਤੋਂ ਪ੍ਰਸਾਰਤ ਕੀਤੀਆਂ ਜਾਂਦੀਆਂ ਅਤੇ ਅਖ਼ਬਾਰਾਂ ਵਿਚ ਛਾਪੀਆਂ ਜਾਂਦੀਆਂ ਅਤੇ ਇਹ ਅਖ਼ਬਾਰਾਂ ਸਾਰੀ ਦੁਨੀਆਂ ਵਿਚ ਭੇਜੀਆਂ ਜਾਂਦੀਆਂ। ਜੰਗ ਦੇ ਖ਼ਤਮ ਹੋਣ ਤੋਂ ਬਾਅਦ ਲਾਰਡ ਪੌਨਸੋਨਬੀ ਨੇ ਆਪਣੀ ਕਿਤਾਬ 'Falsehood in War Time' ਵਿਚ ਲਿਖਿਆ ਸੀ ਕਿ ਕਿਵੇਂ ਝੂਠੀਆਂ ਖ਼ਬਰਾਂ ਉਡਾਈਆਂ ਗਈਆਂ ਸਨ ਅਤੇ ਬਾਅਦ ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਵੀ ਇਹਨਾਂ ਖ਼ਬਰਾਂ ਦਾ ਇੰਕਸ਼ਾਫ਼ ਕੀਤਾ ਸੀ।

ਜੰਗ ਦੇ ਐਲਾਨ ਦੇ ਫੌਰਨ ਬਾਅਦ ਜਰਮਨ ਟੌਬਜ਼ (ਘੁੱਗੀਆਂ ਵਰਗੇ ਦਿਸਦੇ ਹਵਾਈ ਜਹਾਜ਼) ਪੈਰਿਸ ਉੱਤੇ ਉੱਡਦੇ ਨਜ਼ਰ ਆਉਣ ਲੱਗੇ ਜਿਸ ਨੇ ਲੋਕਾਂ ਨੂੰ ਬਹੁਤ ਡਰਾ ਦਿੱਤਾ। ਉਹ ਹਰ ਰੋਜ਼ ਸ਼ਾਮ ਨੂੰ ਨਜ਼ਰ ਆਉਂਦੇ ਅਤੇ ਉਹ ਕੁਝ ਬੰਬ ਸੁੱਟਦੇ। ਇਕ ਦਿਨ ਸ਼ਾਮ ਨੂੰ ਗਾਰੇ ਲੈਜ਼ਰੇ ਤੇ ਇਕ ਵੱਡੇ ਆਕਾਰ ਦਾ ਪੱਤਰ (ਅਖ਼ਬਾਰ) ਜਿਸ ਨਾਲ ਰੇਤੇ ਦਾ ਬੈਗ ਨੱਥੀ ਸੀ, ਨਜ਼ਰ ਆਇਆ। ਇਹ ਗੀਅਰ ਸੈਂਟ ਲੈਜ਼ਰੇ ਨੇੜੇ ਹੇਠਾਂ ਆ ਰਿਹਾ ਸੀ। ਪੈਰਿਸ ਦੇ ਵੱਖ ਵੱਖ ਹਿੱਸਿਆਂ ਤੋਂ ਲੋਕ ਉਸ ਸੇਧ ਨੂੰ ਨੱਠ ਰਹੇ ਸਨ ਮੇਰੀ ਉਤਸੁਕਤਾ ਵੀ ਮੈਨੂੰ ਉਸ ਥਾਂ ਵੱਲ ਖਿੱਚ ਕੇ ਲੈ ਗਈ। ਇਹ ਜਰਮਨ ਕਮਾਂਡੰਟ ਵਲੋਂ ਪੈਰਿਸ ਦੇ ਲੋਕਾਂ ਦੇ ਨਾਂ ਸੁਨੇਹਾ ਸੀ ਜਿਸ ਵਿਚ ਕਿਹਾ ਗਿਆ ਸੀ ਕਿ "ਉਨ੍ਹਾਂ ਨੂੰ ਖ਼ੁਸ਼ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਮੁਸ਼ਕਲਾਂ ਛੇਤੀ ਖ਼ਤਮ ਹੋਣ ਵਾਲੀਆਂ ਸਨ ਜਿਹੜੀਆਂ ਸਹੂਲਤਾਂ ਫਰਾਂਸੀਸੀ ਅਧਿਕਾਰੀਆਂ ਦੇ ਭੈੜੇ ਪ੍ਰਬੰਧ ਕਰਕੇ ਪੈਰਿਸ ਵਿਚ ਨਹੀਂ ਮਿਲ ਰਹੀਆਂ, ਉਹ ਤੁਹਾਨੂੰ ਛੇਤੀ ਹੀ ਜਰਮਨ ਅਧਿਕਾਰੀ ਮੁਹੱਈਆ ਕਰਾਉਣਗੇ ਜਿਹੜੇ ਫਰਾਂਸ ਦੇ ਬਹੁਤ ਨੇੜੇ ਪੁੱਜ ਗਏ ਸਨ ਅਤੇ ਛੇਤੀ ਹੀ ਉਹ ਫਰਾਂਸ ਵਿਚ ਦਾਖ਼ਲ ਹੋ

ਜਾਣਗੇ।" ਪਹਿਲੀ ਵਾਰ ਜਦੋਂ ਟੌਬਜ਼ (ਜਹਾਜ਼) ਲਿਖੇ ਕਾਗਜ਼ਾਂ ਨਾਲ ਨਜ਼ਰ ਆਏ ਸਨ ਤਾਂ ਅਧਿਕਾਰੀਆਂ ਨੇ ਐਲਾਨ ਕੀਤਾ ਸੀ ਕਿ ਇਹ ਪਹਿਲੀ ਤੇ ਆਖ਼ਰੀ ਵਾਰ ਸੀ ਕਿ ਉਹ ਆਏ ਸਨ ਅਤੇ ਉਹ ਪੂਰਾ ਧਿਆਨ ਰੱਖਣਗੇ ਕਿ ਉਹ ਮੁੜ ਕੇ ਫਰਾਂਸ ਨਾ ਪਹੁੰਚ ਸਕਣ। ਪਰੰਤੂ ਜਹਾਜ਼ ਹਰ ਰੋਜ਼ ਸ਼ਾਮ ਨੂੰ ਲਗਾਤਾਰ ਤਿੰਨ ਦਿਨ ਆਏ। ਜਹਾਜ਼ ਇਉਂ ਆਉਂਦੇ ਜਿਵੇਂ ਉਹ ਬੱਦਲਾਂ 'ਚੋਂ ਨਿਕਲ ਰਹੇ ਹੋਣ। ਪੈਰਿਸ ਦੇ ਲੋਕ ਤੇ ਸਰਕਾਰ ਡਰ ਗਏ। ਸਰਕਾਰ ਨੇ ਰਾਜਧਾਨੀ ਪੈਰਿਸ ਤੋਂ ਬੌਰ ਡੌਕਸ ਤਬਦੀਲ ਕਰਨ ਦਾ ਵਿਚਾਰ ਬਣਾਇਆ। ਇਹ ਵੇਖ ਕੇ ਪੈਰਿਸ ਦੇ ਸਾਰੇ ਲੋਕ ਵੀ ਸ਼ਹਿਰ 'ਚੋਂ ਚਲੇ ਜਾਣ ਦੀ ਕੋਸ਼ਿਸ਼ ਕਰਨ ਲੱਗੇ। ਦਿਨ ਰਾਤ ਲੋਕਾਂ ਨਾਲ ਭਰੀਆਂ ਗਲੀਆਂ ਆਪਣੇ ਸਮਾਨ ਨਾਲ ਦੇਖੀਆਂ ਜਾ ਸਕਦੀਆਂ ਜਿਹੜੇ ਉਸ ਥਾਂ ਤੋਂ ਚਲੇ ਜਾਣ ਦਾ ਮੌਕਾ ਭਾਲਦੇ ਸਨ। ਉਹ ਟਰੱਕਾਂ, ਗੱਡੀਆਂ, ਪਸ਼ੂਆਂ ਨੂੰ ਲਿਜਾਣ ਵਾਲੀਆਂ ਗੱਡੀਆਂ ਵਿਚ ਜਾ ਰਹੇ ਸਨ ਅਤੇ ਇਸ ਵਾਸਤੇ ਕੋਈ ਵੀ ਕੀਮਤ ਅਦਾ ਕਰ ਰਹੇ ਸਨ ਤਾਂ ਕਿ ਉਹ ਛੇਤੀ ਤੋਂ ਛੇਤੀ ਰਾਜਧਾਨੀ 'ਚੋਂ ਨਿਕਲ ਸਕਣ। ਚੌਥੇ ਦਿਨ ਪਾਰਲੀਮੈਂਟ ਨੇ ਇਕ ਵਿਸ਼ੇਸ਼ ਗੱਡੀ ਲਈ ਜਿਸ ਵਿਚ ਪਾਰਲੀਮੈਂਟ ਦੇ ਸਾਰੇ ਪਾਰਲੀਮੈਂਟ ਮੈਂਬਰ, ਸੈਨੇਟਰ ਅਤੇ ਡਿਪਟੀਜ਼ ਬੌਰਡੌਕਸ ਚਲੇ ਗਏ। ਉਸ ਦਿਨ ਸਵੇਰੇ ਮੈਂ ਪਾਰਲੀਮੈਂਟ ਮੈਂਬਰ ਸੀ ਲੌਂਜੇਟ ਨੂੰ ਮਿਲਿਆ। ਉਸਨੇ ਮੈਨੂੰ ਪੁੱਛਿਆ ਕਿ ਕੀ ਮੈਂ ਸ਼ਹਿਰ 'ਚੋਂ ਜਾਣਾ ਚਾਹੁੰਦਾ ਸੀ। ਮੈਂ ਆਪਣੇ ਨਾਲ ਸਿਰਫ਼ ਸੂਟਕੇਸ ਹੀ ਲੈ ਸਕਿਆ ਅਤੇ ਸਪੈਸ਼ਲ ਗੱਡੀ ਵਿਚ ਉਸ ਦੇ ਨਾਲ ਚਲਾ ਗਿਆ। ਮੈਨੂੰ ਇਸ ਪੇਸ਼ਕਸ਼ ਦਾ ਫ਼ਾਇਦਾ ਹੋਇਆ। ਮੈਂ ਥੋੜ੍ਹੀਆਂ ਜਿਹੀਆਂ ਚੀਜ਼ਾਂ ਲਈਆਂ, ਉਨ੍ਹਾਂ ਨੂੰ ਸੂਟਕੇਸ ਵਿਚ ਪਾਇਆ ਅਤੇ ਪਾਰਲੀਮੈਂਟ ਮੈਂਬਰਾਂ ਨਾਲ ਬੌਰਡੌਕਸ ਪੁੱਜਾ।

ਪੈਰਿਸ ਵਿਚ ਜਹਾਜ਼ ਦੇ ਨਜ਼ਰ ਆਉਣ ਦੇ ਦੂਸਰੇ ਜਾਂ ਤੀਸਰੇ ਦਿਨ ਦੁਕਾਨਾਂ ਦੀ ਬੜੀ ਲੁੱਟ ਖਸੁੱਟ ਹੋਈ। ਲੋਕਾਂ ਨੇ ਦੁਕਾਨਾਂ ਤੇ ਘਰਾਂ ਉੱਤੇ ਲਿਖ ਦਿੱਤਾ ਕਿ ਉਹ ਇਕੱਲੇ ਹੀ ਇਸ ਜਾਇਦਾਦ ਦੇ ਮਾਲਕ ਸਨ। ਉਹ ਦੁਕਾਨਾਂ, ਜਿਨ੍ਹਾਂ ਵਿਚ ਜਰਮਨਾਂ ਦਾ ਹਿੱਸਾ ਸੀ, ਉਨ੍ਹਾਂ ਨੂੰ ਵੀ ਬਖਸ਼ਿਆ ਨਹੀਂ ਗਿਆ। ਗੁੰਡਿਆਂ ਨੇ ਇਸ ਲੁੱਟ ਖਸੁੱਟ ਦਾ ਬਹੁਤ ਫ਼ਾਇਦਾ ਉਠਾਇਆ ਤੇ ਬਹੁਤ ਸਾਰੀਆਂ ਦੁਕਾਨਾਂ ਨੂੰ ਲੁੱਟਿਆ। ਚੌਥੇ ਦਿਨ ਪੁਲਸ ਹਰਕਤ ਵਿਚ ਆਈ ਅਤੇ ਉਸਨੇ 2000 ਸ਼ਰਾਰਤੀ ਅਨਸਰਾਂ ਨੂੰ ਗ੍ਰਿਫ਼ਤਾਰ ਕਰਕੇ ਸਥਿਤੀ ਤੇ ਕਾਬੂ ਪਾਇਆ। ਬੌਰਡੌਕਸ ਲਈ ਚੱਲਣ ਤੋਂ ਪਹਿਲਾਂ ਮੈਂ ਫਿਰ ਉਸ ਆਦਮੀ ਨੂੰ ਮਿਲਿਆ ਜਿਹੜਾ ਚਾਰ ਦਿਨ ਪਹਿਲਾਂ 'ਵਿਲੀਅਮ ਲਾਕੋਚੇਨ' ਵੇਚ ਰਿਹਾ ਸੀ। ਮੈਂ ਉਸ ਨੂੰ ਪੁੱਛਿਆ ਕਿ ਉਹ ਆਪਣਾ ਖਿਡੌਣਾ ਕਿਉਂ ਨਹੀਂ ਵੇਚ ਰਿਹਾ ਸੀ? "ਕੀ ਤੇਰੇ ਸਾਰੇ ਖਿਡੌਣੇ ਵਿਕ ਗਏ ਹਨ?" ਉਸਨੇ ਕਿਹਾ,"ਨਹੀਂ, ਅਸੀਂ ਸਾਰੇ ਭਰਾ ਹਾਂ। ਜਰਮਨ ਵੀ

ਓਨੇ ਹੀ ਚੰਗੇ ਹਨ ਜਿੰਨੇ ਫਰਾਂਸੀਸੀ।" ਇਹ ਤਬਦੀਲੀ ਜਰਮਨਾਂ ਦੇ ਛੇਤੀ ਪੈਰਿਸ ਆ ਵੜਨ ਦੇ ਡਰ ਵਿਚੋਂ ਸੀ। ਬਹੁਤ ਸਾਰੇ ਲੋਕਾਂ ਨੇ ਕਿਹਾ, "ਅਸੀਂ ਹਾਰ ਚੁੱਕੇ ਹਾਂ। ਫਰਾਂਸ ਨੂੰ ਮੁਸੀਬਤਾਂ ਸਹਿਣੀਆਂ ਪੈਣਗੀਆਂ।" ਸਰਕਾਰ ਵੱਲੋਂ ਸਾਰੇ ਜਰਮਨਾਂ ਨੂੰ ਫੜ ਲਿਆ ਗਿਆ ਜਿਹੜੇ ਉਸ ਸਮੇਂ ਫਰਾਂਸ ਵਿਚ ਰਹਿ ਰਹੇ ਸਨ ਅਤੇ ਉਨ੍ਹਾਂ ਨੂੰ ਤਸੀਹਾ ਕੇਂਦਰਾਂ ਵਿਚ ਭੇਜ ਦਿੱਤਾ।

ਰੈਸਟੋਰੈਂਟ ਵਿਚ ਇਕ ਦਿਨ ਮੈਂ ਇਕ ਦਿਲਚਸਪ ਘਟਨਾ ਦੇਖੀ। ਇਕ ਇਰਾਨੀ ਮੁੰਡਾ ਫਰਾਂਸੀਸੀ ਕੁੜੀ ਨਾਲ ਬੈਠਾ ਸ਼ੈਂਪੇਨ ਪੀ ਰਿਹਾ ਸੀ। ਹੱਸ ਰਿਹਾ ਸੀ ਤੇ ਪਿਆਰ ਭਰੀਆਂ ਗੱਲਾਂ ਕਰ ਰਿਹਾ ਸੀ। ਉਥੇ ਇਕ ਫਰਾਂਸੀਸੀ ਬਜ਼ੁਰਗ ਬੈਠਾ ਸੀ ਜਿਸ ਦੇ ਸਾਰੇ ਮੁੰਡਿਆਂ ਨੂੰ ਲਾਮ ਤੇ ਬੁਲਾ ਲਿਆ ਗਿਆ ਸੀ, ਉਹ ਇਹ ਨਜ਼ਾਰਾ ਦੇਖ ਨਾ ਸਕਿਆ। ਉਹ ਨੌਜਵਾਨ ਜੋੜੇ ਕੋਲ ਗਿਆ ਅਤੇ ਇਰਾਨੀ ਮੁੰਡੇ ਨੂੰ ਕੁੱਟਣ ਲੱਗਾ। ਉਹ ਨਾਲ ਨਾਲ ਚੀਕਣ ਤੇ ਰੌਲਾ ਪਾਉਣ ਲੱਗਾ ਕਿ ਉਹ ਮੁੰਡਾ ਜਰਮਨ ਜਾਸੂਸ ਸੀ। ਨਹੀਂ ਤਾਂ ਉਹ ਇਹੋ ਜਿਹਾ ਸ਼ਰਮਨਾਕ ਵਿਹਾਰ ਨਾ ਕਰਦਾ। ਜਦੋਂ ਕਿ ਫਰਾਂਸ ਮੁਸੀਬਤ ਵਿਚ ਸੀ ਤਾਂ ਉਹ ਸ਼ਰਾਬ ਪੀਣ ਤੇ ਐਸ਼ੋ ਇਸ਼ਰਤ ਵਿਚ ਮਸ਼ਗੂਲ ਨਾ ਹੁੰਦਾ। ਜੇ ਉਹ ਫਰਾਂਸ ਦਾ ਦੋਸਤ ਸੀ ਤਾਂ ਉਹ ਫਰਾਂਸ ਦੀ ਫੌਜ ਵਿਚ ਭਰਤੀ ਹੁੰਦਾ, ਨਹੀਂ ਤਾਂ ਉਹ ਫਰਾਂਸ ਦਾ ਦੁਸ਼ਮਣ ਸੀ। ਇਸ ਰੌਲੇ ਨਾਲ ਪੁਲਸ ਆ ਗਈ। ਭਾਵੇਂ ਕਿ ਇਰਾਨੀ ਮੁੰਡੇ ਨੇ ਸ਼ਿਕਾਇਤ ਕੀਤੀ ਕਿ ਉਸ ਬਜ਼ੁਰਗ ਨੇ ਉਸ 'ਤੇ ਹਮਲਾ ਕੀਤਾ ਸੀ, ਪੁਲਸ ਮੁੰਡੇ ਨੂੰ ਫੜ ਕੇ ਆਪਣੇ ਨਾਲ ਲੈ ਗਈ। ਇਸ ਤੋਂ ਫਰਾਂਸੀਸੀ ਲੋਕਾਂ ਦੇ ਉਸ ਸਮੇਂ ਦੇ ਜਜ਼ਬਾਤ ਦਾ ਪਤਾ ਲੱਗਦਾ ਸੀ। ਫਰਾਂਸ ਵਿਚ ਬਦੇਸ਼ੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ। ਮੈਂ ਮੁੰਡੇ ਨੂੰ ਕਿਹਾ ਕਿ ਇਸ ਸਮੇਂ ਕਿਸੇ ਵੀ ਫਰਾਂਸੀਸੀ ਦਾ ਖਿਝ ਜਾਣਾ ਕੁਦਰਤੀ ਸੀ ਜਦੋਂ ਕਿ ਉਨ੍ਹਾਂ ਨੂੰ ਆਜ਼ਾਦੀ ਦੇ ਖੁੱਸ ਜਾਣ ਦਾ ਖ਼ਤਰਾ ਸੀ। ਇਰਾਨੀ ਮੁੰਡੇ ਨੇ ਦਲੀਲ ਦਿੱਤੀ ਕਿ ਉਹ ਫਰਾਂਸ ਪੜ੍ਹਨ ਲਈ ਆਇਆ ਸੀ ਅਤੇ ਫਰਾਂਸ ਦਾ ਉਸ ਸਿਰ ਕੋਈ ਅਹਿਸਾਨ ਨਹੀਂ ਸਗੋਂ ਫਰਾਂਸ ਨੂੰ ਉਸ ਤੋਂ ਪੈਸੇ ਦਾ ਫਾਇਦਾ ਹੁੰਦਾ ਸੀ।

ਬੋਰਡੋਕਸ ਪਹੁੰਚਣ ਤੇ ਮੈਂ ਦੇਖਿਆ ਕਿ ਸੈਂਟ ਐਂਡਰਿਊ ਚਰਚ ਅੱਗੇ ਤੋਪ ਬੀੜੀ ਹੋਈ ਸੀ। ਇਸ ਤੋਪ ਦਾ ਉਨ੍ਹਾਂ ਦਾ ਦੋਹਰਾ ਮਕਸਦ ਸੀ। ਇਕ ਚਰਚ ਨੂੰ ਹਵਾਈ ਬੰਬਾਰੀ ਤੋਂ ਬਚਾਉਣ ਦਾ ਸੀ ਅਤੇ ਦੂਸਰਾ ਉਨ੍ਹਾਂ ਦਾ ਵਿਚਾਰ ਸੀ ਕਿ ਇਸ ਨੂੰ ਪਵਿੱਤਰ ਸਮਝਦਿਆਂ ਸ਼ਾਇਦ ਜਰਮਨ ਇਸ ਉੱਤੇ ਹਮਲਾ ਨਾ ਕਰਨ ਅਤੇ ਫਰਾਂਸੀਸੀ ਫੌਜ ਖੁੱਲ੍ਹੇ ਤੌਰ 'ਤੇ ਬਿਨਾਂ ਵਿਘਨ ਤੋਪ ਨੂੰ ਵਰਤ ਸਕੇਗੀ। ਫਰਾਂਸੀਸੀ ਫੌਜ ਦੀ ਇਸ ਕਾਰਵਾਈ ਨਾਲ ਬੋਰਡੋਕਸ ਦੇ ਲੋਕ ਡਰ ਗਏ। ਉਹ ਇਕ ਦੂਜੇ ਨੂੰ ਪੁੱਛਣ ਲੱਗੇ, "ਕੀ ਜਰਮਨ ਬੋਰਡੋਕਸ ਵਿਚ ਆ ਰਹੇ ਹਨ?" ਭੀੜ ਵਿਚ ਇਕ

ਫਰਾਂਸੀਸੀ ਨੌਜਵਾਨ ਸੀ ਜਿਹੜਾ ਜਰਮਨ ਵਰਗਾ ਲਗਦਾ ਸੀ। ਉਸ ਕੋਲ ਸੋਨੇ ਦੀ ਚੇਨ ਵਾਲੀ ਘੜੀ ਸੀ। ਗੁੰਡੇ ਗੜਬੜ ਵਾਲੀ ਹਾਲਤ ਦਾ ਫਾਇਦਾ ਉਠਾਉਂਦੇ ਸਨ। ਉਨ੍ਹਾਂ ਲੋਕਾਂ ਨੂੰ ਕਿਹਾ, 'ਆਪਾਂ ਹਾਰ ਗਏ ਹਾਂ। ਉਹ ਜਰਮਨ ਹੈ।" ਇਹ ਸੁਣਦੇ ਸਾਰ ਲੋਕ ਉਸ ਨੌਜਵਾਨ ਤੇ ਝਪਟ ਪਏ ਅਤੇ ਗੁੰਡੇ ਨੇ ਇਕ ਦਮ ਉਸ ਦੀ ਚੇਨ ਸਮੇਤ ਘੜੀ ਲਾਹ ਲਈ ਤੇ ਚਲਾ ਗਿਆ। ਭੀੜ ਨੇ ਨੌਜਵਾਨ ਨੂੰ ਚੰਗਾ ਤਾਂਬੜਿਆ। ਬੇਚਾਰੇ ਦੀ ਇਕ ਅੱਖ ਜਾਂਦੀ ਰਹੀ। ਬੜੀ ਮੁਸ਼ਕਲ ਨਾਲ ਪੁਲਸ ਨੇ ਆ ਕੇ ਉਸ ਨੂੰ ਲੋਕਾਂ ਤੋਂ ਬਚਾਇਆ। ਨਹੀਂ ਤਾਂ ਉਹ ਉਸਨੂੰ ਮਾਰ ਹੀ ਦਿੰਦੇ। ਉਨ੍ਹਾਂ ਦਿਨਾਂ ਵਿਚ ਇਹੋ ਜਿਹੀਆਂ ਗੱਲਾਂ ਆਮ ਹੀ ਵਾਪਰਦੀਆਂ ਸਨ। ਅਗਲੇ ਦਿਨ ਮੈਂ ਰੇਲਵੇ ਸਟੇਸ਼ਨ 'ਤੇ ਅੰਗਰੇਜ਼ੀ ਦੀ ਅਖ਼ਬਾਰ ਖਰੀਦਣ ਲਈਂ ਗਿਆ। ਮੈਂ 'ਡੇਲੀ ਮੇਲ' ਅਤੇ 'ਨਿਊਯਾਰਕ ਹੈਰੇਲਡ ਟ੍ਰਿਬਿਊਨ' ਖਰੀਦਿਆ। ਜਦੋਂ ਮੈਂ ਅਖ਼ਬਾਰ ਪੜ੍ਹ ਰਿਹਾ ਸੀ ਤਾਂ ਮੈਂ ਦੇਖਿਆ ਇਕ ਫਰਾਂਸੀਸੀ ਲੜਕੀ ਜਿਹੜੀ ਆਪਣੀ ਮਾਂ ਨਾਲ ਉਥੇ ਖੜ੍ਹੀ ਸੀ, ਬੜੀ ਉਤਸੁਕਤਾ ਨਾਲ ਅਖ਼ਬਾਰ ਦੇਖ ਰਹੀ ਸੀ ਅਤੇ ਉਹ ਪੜ੍ਹਨ ਦੀ ਕੋਸ਼ਿਸ ਕਰ ਰਹੀ ਸੀ। ਪਰ ਕਿਉਂਕਿ ਉਸਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ, ਇਸ ਲਈ ਉਸ ਨੂੰ ਕੁਝ ਸਮਝ ਨਾ ਪਈ ਅਤੇ ਉਸਨੇ ਸੋਚਿਆ ਕਿ ਉਹ ਜ਼ਰੂਰ ਜਰਮਨ ਅਖ਼ਬਾਰ ਹੋਣਗੇ। ਜਦੋਂ ਮੈਂ ਅਖ਼ਬਾਰ ਪੜ੍ਹ ਲਈ ਤਾਂ ਮੈਂ ਉਨ੍ਹਾਂ ਨੂੰ ਕੱਛ ਵਿਚ ਲੈ ਲਿਆ ਅਤੇ ਉਥੋਂ ਚੱਲਣ ਹੀ ਲੱਗਾ ਸੀ ਕਿ ਉਦੋਂ ਹੀ ਉਸ ਲੜਕੀ ਨੇ ਮੇਰੀ ਕੱਛ ਵਿਚੋਂ ਅਖ਼ਬਾਰ ਖੋਹ ਲਈ ਅਤੇ ਰੌਲਾ ਪਾਉਣ ਲੱਗੀ ਕਿ ਮੈਂ ਜਰਮਨ ਜਾਸੂਸ ਸੀ ਤੇ ਮੇਰੇ ਕੋਲ ਜਰਮਨ ਅਖ਼ਬਾਰ ਸਨ। ਮੈਂ ਕੁੜੀ 'ਤੇ ਕਾਬੂ ਪਾ ਲਿਆ ਅਤੇ ਉਸ ਕੋਲੋਂ ਜ਼ੋਰ ਨਾਲ ਅਖ਼ਬਾਰਾਂ ਖੋਹ ਲਈਆਂ। ਮੈਂ ਉਸਨੂੰ ਲੁਟੇਰੀ ਕਿਹਾ ਜਿਹੜੀ ਮੇਰੇ ਅਖ਼ਬਾਰ ਲੁੱਟ ਰਹੀ ਸੀ ਅਤੇ ਉਸ ਨੂੰ ਅਜਿਹਾ ਕਰਨ ਦਾ ਕੋਈ ਹੱਕ ਨਹੀਂ ਸੀ। ਇਸ ਨਾਲ ਮੌਕੇ 'ਤੇ ਪੁਲਸ ਪਹੁੰਚ ਗਈ ਅਤੇ ਉਸ ਨੂੰ ਲੜਕੀ ਨੇ ਕਿਹਾ ਕਿ ਮੈਂ ਜਰਮਨ ਜਾਸੂਸ ਸੀ ਅਤੇ ਮੇਰੇ ਕੋਲ ਜਰਮਨ ਅਖ਼ਬਾਰ ਸਨ। ਮੈਂ ਪੁਲਸ ਵਾਲੇ ਨੂੰ ਕਿਹਾ ਕਿ ਉਹ ਕੁੜੀ ਨੂੰ ਮੇਰੇ ਅਖ਼ਬਾਰ ਲੁੱਟਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰੇ। ਪੁਲਸ ਵਾਲਾ ਵੀ ਅੰਗਰੇਜ਼ੀ ਨਹੀਂ ਸੀ ਜਾਣਦਾ ਅਤੇ ਮੈਨੂੰ ਅਖ਼ਬਾਰਾਂ ਬਾਰੇ ਪੁੱਛਿਆ। ਉਸਨੇ ਅਖ਼ਬਾਰ ਦੇਖੇ ਪਰ ਉਸਨੂੰ ਕੁਝ ਪਤਾ ਨਾ ਲੱਗਾ। ਮੈਂ ਲੜਕੀ ਨੂੰ ਗ੍ਰਿਫ਼ਤਾਰ ਕਰਨ ਲਈ ਜ਼ੋਰ ਦਿੱਤਾ ਅਤੇ ਉਸ ਨੂੰ ਪੁਲਸ ਥਾਣੇ ਲਿਜਾਣ ਲਈ ਕਿਹਾ ਜਿਥੇ ਮੇਰੇ ਕੇਸ ਦਾ ਫ਼ੈਸਲਾ ਕੀਤਾ ਜਾਵੇ। ਮੈਂ ਪੁਲਸ ਦੇ ਸਿਪਾਹੀ ਨੂੰ ਦੱਸਿਆ ਕਿ ਇਹ ਅੰਗਰੇਜ਼ੀ ਦੀਆਂ ਅਖ਼ਬਾਰਾਂ ਸਨ। ਉਸ ਨੇ ਸੋਚਿਆ ਕਿ ਮੈਂ ਅੰਗਰੇਜ਼ ਸੀ। ਉਸ ਨੇ ਮੈਥੋਂ ਮਾਫ਼ੀ ਮੰਗੀ ਅਤੇ ਕਿਹਾ ਕਿ ਕੁੜੀ ਦੇ ਮੰਦੇ ਵਿਹਾਰ ਦਾ ਬੁਰਾ ਨਾ ਮੰਨਾਂ। "ਅੰਗਰੇਜ਼", ਉਸਨੇ ਕਿਹਾ, "ਸਾਡੇ ਚੰਗੇ ਦੋਸਤ ਹਨ।" ਇਹ ਫਰਾਂਸ ਦੇ ਲੋਕਾਂ ਉਤੇ ਮਨੋਵਿਗਿਆਨਕ ਪ੍ਰਭਾਵ ਸੀ।

ਸਰਕਾਰ ਦੇ ਦਫ਼ਤਰ ਬੌਰਡੋਕਸ ਤਬਦੀਲ ਕਰਨ ਉਤੇ ਪੈਰਿਸ ਦੇ ਮਹੱਤਵਪੂਰਨ ਅਖ਼ਬਾਰ ਵੀ ਬੌਰਡੋਕਸ ਤਬਦੀਲ ਹੋ ਗਏ। 'ਫਰੀਮੈਨ' ਅਖ਼ਬਾਰ ਤੇ ਪਾਬੰਦੀ ਲਾ ਦਿੱਤੀ ਗਈ ਕਿਉਂਕਿ ਉਹ ਸਰਕਾਰ ਦੀ ਆਲੋਚਨਾ ਕਰਦਾ ਸੀ। ਉਸਨੇ ਆਪਣੀ ਅਖ਼ਬਾਰ ਦਾ ਨਵਾਂ ਨਾਂ 'Hommee Enchane' (ਮਨੁੱਖ ਜੰਜੀਰਾਂ ਵਿਚ) ਰੱਖ ਲਿਆ ਅਤੇ ਇਸ ਨੂੰ ਦੁਬਾਰਾ ਛਾਪਣਾ ਸ਼ੁਰੂ ਕੀਤਾ। ਪਰ ਉਸਨੇ ਸਰਕਾਰ ਦੀ ਤਿੱਖੀ ਆਲੋਚਨਾ ਕਰਨੀ ਬੰਦ ਨਾ ਕੀਤੀ। ਸਰਕਾਰ ਆਪਣੇ ਬੁਲੇਟਿਨਾਂ ਵਿਚ ਗ਼ਲਤ ਸੂਚਨਾਵਾਂ ਦਿੰਦੀ ਸੀ ਅਤੇ ਉਹ ਹਮੇਸ਼ਾ ਸਰਕਾਰ ਦੇ ਝੂਠ ਨੂੰ ਨੰਗਾ ਕਰਨ ਲਈ ਤੱਤਪਰ ਰਹਿੰਦਾ ਸੀ। ਆਪਣੇ ਸਰਕਾਰੀ ਬੁਲੇਟਨਾਂ ਵਿਚ ਸਰਕਾਰ ਨੇ ਇਹ ਕਦੇ ਵੀ ਜ਼ਿਕਰ ਨਹੀਂ ਕੀਤਾ ਕਿ ਜਰਮਨਾਂ ਨੇ ਫਰਾਂਸ ਦਾ ਕੋਈ ਇਲਾਕਾ ਕਬਜ਼ੇ ਵਿਚ ਲੈ ਲਿਆ ਸੀ। ਉਨ੍ਹਾਂ ਇਸ ਦਾ ਉਦੋਂ ਹੀ ਜ਼ਿਕਰ ਕੀਤਾ ਜਦੋਂ ਉਸਨੂੰ ਉਨ੍ਹਾਂ ਵਾਪਸ ਆਪਣੇ ਕਬਜ਼ੇ ਵਿਚ ਲੈ ਲਿਆ। ਅਸੀਂ ਅਕਸਰ ਮਿਲਦੇ ਅਤੇ ਭਵਿੱਖ ਦੇ ਪ੍ਰਬੰਧ ਅਤੇ ਜੰਗ ਤੋਂ ਬਾਅਦ ਦੇ ਹਾਲਾਤ ਬਾਰੇ ਲੰਬੀ ਗੱਲਬਾਤ ਕਰਦੇ।

ਬੌਰਡੋਕਸ ਵਿਚ ਮੈਨੂੰ ਮੇਰੇ ਇਕ ਬਰਾਜ਼ੀਲੀ ਮਿੱਤਰ ਡਾ. ਜੈਜੀਨ ਮੂਲਰ ਦੀ ਤਾਰ ਮਿਲੀ ਜਿਸ ਵਿਚ ਉਹਨੇ ਲਿਖਿਆ ਸੀ ਕਿ ਉਸ ਨੇ ਰੀਓ ਡੀ. ਜੁਨੈਰੀਓ ਨੂੰ ਜਾਣ ਵਾਲੇ ਜਹਾਜ਼ ਵਿਚ ਇਕ ਕੈਬਿਨ ਬੁੱਕ ਕੀਤਾ ਸੀ। ਜਹਾਜ਼ ਲੇਗੋ ਸਪੇਨ ਦੀ ਬੰਦਰਗਾਹ ਅਤੇ ਪੁਰਤਗਾਲ ਦੀ ਲਿਜ਼ਬਨ ਦੀ ਬੰਦਰਗਾਹ ਤੇ ਪੁੱਜੇਗਾ। ਉਸ ਨੇ ਉਨ੍ਹਾਂ ਤਰੀਕਾਂ ਬਾਰੇ ਵੀ ਦੱਸਿਆ ਜਿਨ੍ਹਾਂ ਤਰੀਕਾਂ ਤੇ ਇਹ ਜਹਾਜ਼ ਲੇਗੋ ਜਾਂ ਲਿਜ਼ਬਨ ਦੀ ਬੰਦਰਗਾਹ ਤੇ ਲੱਗੇਗਾ। ਉਸਨੇ ਇਹ ਵੀ ਕਿਹਾ ਕਿ ਮੈਂ ਆਪਣੀ ਸਹੂਲਤ ਅਨੁਸਾਰ ਲੇਗੋ ਜਾਂ ਲਿਜ਼ਬਨ ਤੋਂ ਜਹਾਜ਼ ਫੜ ਲਵਾਂ। ਮੇਰਾ ਇਹ ਦੋਸਤ ਜਰਮਨ ਜਹਾਜ਼ ਨਜ਼ਰ ਆਉਣ ਤੋਂ ਦੂਸਰੇ ਦਿਨ ਪੈਰਿਸ ਤੋਂ ਚਲਾ ਗਿਆ ਸੀ। ਕੋਈ ਵੀ ਸਮਾਨ ਲਿਜਾਣਾ ਬੜਾ ਮੁਸ਼ਕਲ ਸੀ ਕਿਉਂਕਿ ਗੱਡੀਆਂ ਵਿਚ ਬੜੀ ਭੀੜ ਸੀ ਉਸ ਕੋਲ ਕਾਫ਼ੀ ਸਮਾਨ ਸੀ। ਇਸ ਲਈ ਅਸੀਂ ਇਕ ਦਾਅ ਖੇਡਿਆ। ਉਸਨੇ ਫਰਾਂਸੀਸੀ ਨਾ ਜਾਣਨ ਦਾ ਬਹਾਨਾ ਕੀਤਾ ਅਤੇ ਮੈਂ ਉਸ ਦੇ ਦੋ-ਭਾਸ਼ੀਆ ਦਾ ਕੰਮ ਕੀਤਾ। ਮੈਂ ਫਰਾਂਸੀਸੀ ਅਧਿਕਾਰੀਆਂ ਨੂੰ ਦੱਸਿਆ ਕਿ ਜੰਗ ਦੇ ਸੰਬੰਧ ਵਿਚ ਲੰਡਨ ਵਿਚ ਉਸ ਦੀ ਹਾਜ਼ਰੀ ਜ਼ਰੂਰੀ ਸੀ। ਇਹ ਮੰਨਦਿਆਂ ਕਿ ਡਾ. ਜੈਜੀਨ ਇਕ ਅੰਗਰੇਜ਼ ਸੀ ਅਤੇ ਜੰਗ ਨਾਲ ਸੰਬੰਧਤ ਮਸਲਿਆਂ ਵਿਚ ਉਸ ਦੀ ਲੰਡਨ ਵਿਚ ਹਾਜ਼ਰੀ ਜ਼ਰੂਰੀ ਸੀ, ਇਸ ਲਈ ਉਸਨੂੰ ਆਪਣੇ ਨਾਲ ਸਮਾਨ ਲਿਜਾਣ ਦੀ ਇਜ਼ਾਜਤ ਦੇ ਦਿੱਤੀ ਗਈ।

ਤਾਰ ਪ੍ਰਾਪਤ ਕਰਕੇ ਮੈਂ ਸਪੇਨ ਚਲਾ ਗਿਆ ਅਤੇ ਸਾਨ ਸਾਬਸਤੀਆਂ ਗਿਆ ਅਤੇ ਉਥੋਂ ਮੈਂ ਫਰਾਂਸ ਵਿਚ ਇਰਾਨੀ ਰਾਜਦੂਤ ਨੂੰ ਮਿਲਣ ਲਈ ਗਿਆ।

ਕਿਉਂਕਿ ਸਾਰੇ ਹੀ ਰਾਜਦੂਤ ਪੈਰਿਸ ਤੋਂ ਸਾਨ ਸਾਬਸਤੀਆਂ ਤਬਦੀਲ ਹੋ ਗਏ ਸਨ। ਉਹ ਰਾਜਦੂਤ ਮੇਰਾ ਦੋਸਤ ਸੀ। ਉਥੋਂ ਮੈਂ ਪੈਰਿਸ-ਲਿਜ਼ਬਨ ਐਕਸਪ੍ਰੈਸ ਰਾਹੀਂ ਸਫ਼ਰ ਕੀਤਾ। ਰਸਤੇ ਵਿਚ ਇੰਜਨ ਵਿਚ ਕੁਝ ਖ਼ਰਾਬੀ ਪੈ ਗਈ ਜਿਸ ਕਰਕੇ ਅਸੀਂ ਪੁਰਤਗਾਲ 7 ਘੰਟੇ ਲੇਟ ਪੁੱਜੇ। ਲਿਜ਼ਬਨ ਪਹੁੰਚ ਕੇ ਮੈਨੂੰ ਪਤਾ ਲੱਗਾ ਕਿ ਜਿਹੜਾ ਜਹਾਜ਼ ਮੈਂ ਫੜਨਾ ਸੀ, ਉਹ ਅੱਧਾ ਘੰਟਾ ਪਹਿਲਾਂ ਜਾ ਚੁੱਕਾ ਸੀ। ਮੈਨੂੰ ਲਿਜ਼ਬਨ ਰੁਕਣਾ ਪਿਆ ਤੇ ਇੰਤਜ਼ਾਰ ਕਰਨਾ ਪਿਆ ਕਿ ਹੁਣ ਕੀ ਹੋ ਸਕਦਾ ਸੀ।

ਜਦੋਂ ਮੈਂ ਪੈਰਿਸ-ਲਿਜ਼ਬਨ ਐਕਸਪ੍ਰੈਸ ਵਿਚ ਸਫ਼ਰ ਕਰ ਰਿਹਾ ਸੀ ਅਤੇ ਅਸੀਂ ਪੁਰਤਗਾਲ ਦੀ ਹੱਦ 'ਤੇ ਸੀ ਤਾਂ ਇਕ ਸਪੇਨੀ ਜਿਹੜਾ ਕਿ ਉਸੇ ਡੱਬੇ ਵਿਚ ਬੈਠਾ ਸੀ, ਜਿਸ ਵਿਚ ਮੈਂ ਬੈਠਾ ਸੀ, ਨੇ ਪੁੱਛਿਆ, "ਕੀ ਮੈਨੂੰ ਪਤਾ ਹੈ ਕਿ ਗੱਡੀ ਏਨੀ ਹੌਲੀ ਕਿਉਂ ਚਲਦੀ ਹੈ?" ਮੇਰਾ ਜਵਾਬ ਸੁਣਨ ਤੋਂ ਪਹਿਲਾਂ ਹੀ ਉਹ ਬੋਲਿਆ ਕਿ ਪੁਰਤਗਾਲ ਏਨਾ ਛੋਟਾ ਸੀ ਕਿ ਜੇਕਰ ਗੱਡੀ ਤੇਜ਼ ਚੱਲੀ ਤਾਂ ਉਹ ਸਮੁੰਦਰ ਵਿਚ ਡਿੱਗ ਪਵੇਗੀ।

ਲਿਜ਼ਬਨ ਵਿਚ ਮੈਂ ਕੁੱਝ ਬੰਦਿਆਂ ਨੂੰ ਜਾਣਦਾ ਸੀ ਜਿਹੜੇ ਪੈਰਿਸ ਤੋਂ ਆਏ ਸਨ। ਮੇਰੇ ਇਕ ਦੋਸਤ ਨੇ ਮੈਨੂੰ ਉਥੇ ਪੁਰਤਗਾਲ ਦੀ ਪਾਰਲੀਮੈਂਟ ਦੇ ਮੈਂਬਰ ਡੀ ਸੌਂਜ਼ਾ ਨਾਲ ਮਿਲਾਇਆ। ਮੈਂ ਉਸਨੂੰ ਪੁੱਛਿਆ ਕਿ ਪੁਰਤਗਾਲ ਦੀ ਜੰਗ ਬਾਰੇ ਕੀ ਨੀਤੀ ਸੀ। ਮੇਰੇ ਸਵਾਲ ਦੇ ਜਵਾਬ ਵਿਚ ਉਸਨੇ ਕਿਹਾ ਕਿ ਪੁਰਤਗਾਲ ਦੀ ਜੰਗ ਬਾਰੇ ਨੀਤੀ ਇੰਗਲੈਂਡ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ। ਉਸ ਨੇ ਦੱਸਿਆ ਕਿ ਪੁਰਤਗਾਲ ਉਹੀ ਕੁਝ ਕਰੇਗਾ ਜੋ ਇੰਗਲੈਂਡ ਉਸਨੂੰ ਕਹੇਗਾ ਕਿਉਂਕਿ ਅਜਿਹਾ ਕਰਨਾ ਉਸ ਦੀ ਲੋੜ ਸੀ। ਕੁਝ ਦਿਨਾਂ ਬਾਅਦ ਮੈਨੂੰ ਪਤਾ ਲੱਗਾ ਕਿ ਫਰਾਂਸ ਦਾ ਇਕ ਜਹਾਜ਼ ਦੱਖਣੀ ਅਮਰੀਕਾ ਜਾ ਰਿਹਾ ਸੀ। ਇਸ ਜਹਾਜ਼ ਦਾ ਨਾਂ ਲੁਟੇਤੀਆ ਸੀ, ਉਸ ਵੇਲੇ ਦਾ ਸਭ ਤੋਂ ਵੱਡਾ ਮੁਸਾਫ਼ਰ ਜਹਾਜ਼। ਸਿਰਫ਼ ਉਤਸੁਕਤਾ ਵੱਸ ਮੈਂ ਉਸ ਉੱਤੇ ਸਵਾਰ ਹੋ ਗਿਆ। ਇਹ ਸਵਾਰੀਆਂ ਨਾਲ ਭਰਿਆ ਹੋਇਆ ਸੀ। ਇਸ ਵਿਚ ਕੁਝ ਬੜੇ ਕਾਹਲੇ ਸਨ। ਉਥੇ ਮੈਂ ਬਹੁਤ ਸਾਰੇ ਜਾਣਕਾਰ ਲੋਕਾਂ ਨੂੰ ਮਿਲਿਆ ਜਿਹੜੇ ਜਾਂ ਤਾਂ ਮੈਨੂੰ ਸਵਿਟਜ਼ਰਲੈਂਡ ਦੇ ਜਾਣਦੇ ਸਨ ਜਾਂ ਪੈਰਿਸ ਦੇ। ਉਨ੍ਹਾਂ ਵਿਚ ਬਹੁਤ ਸਾਰੇ ਵਿਦਿਆਰਥੀ ਸਨ ਜਿਹੜੇ ਮੇਰੇ ਤੇ ਜ਼ੋਰ ਪਾ ਰਹੇ ਸਨ ਕਿ ਮੈਂ ਉਨ੍ਹਾਂ ਦਾ ਦੇਸ਼ ਜਾਂ ਮਹਾਂਦੀਪ ਦੇਖਾਂ। ਕੁਝ ਚਿੱਲੀ, ਅਰਜਨਟਾਈਨਾ, ਮੈਕਸੀਕੋ ਆਦਿ ਦੇ ਸਨ। ਉਨ੍ਹਾਂ ਦਾ ਏਨਾ ਜ਼ੋਰ ਪਿਆ ਕਿ ਮੈਂ ਉਨ੍ਹਾਂ ਦੇ ਨਾਲ ਜਾਣ ਦਾ ਫੈਸਲਾ ਕਰ ਲਿਆ। ਮੈਂ ਆਪਣੇ ਹੋਟਲ ਵਿਚ ਹਰਕਾਰੇ ਨੂੰ ਭੇਜਿਆ ਕਿ ਮੇਰਾ ਸਾਮਾਨ ਲੈ ਆਵੇ ਅਤੇ ਉਸਨੂੰ ਹੋਟਲ ਦਾ ਹਿਸਾਬ ਸਾਫ਼ ਕਰਨ ਲਈ ਪੈਸੇ ਵੀ ਦਿੱਤੇ। ਨੌਜਵਾਨ ਵਿਦਿਆਰਥੀਆਂ ਨੇ ਮੈਨੂੰ ਵਾਪਸ ਨਹੀਂ ਜਾਣ ਦਿੱਤਾ ਕਿ ਕਿਤੇ

ਅਜਿਹਾ ਨਾ ਹੋਵੇ ਕਿ ਮੈਂ ਵਾਪਸ ਹੀ ਨਾ ਮੁੜਾਂ। ਮੈਂ ਉਸਨੂੰ 500 ਨਿੰਬੂਆਂ ਸਮੇਤ ਫ਼ਲਾਂ ਦੇ ਦੋ ਥੈਲੇ ਵੀ ਲਿਆਉਣ ਲਈ ਕਿਹਾ। ਜਹਾਜ਼ ਵਿਚ ਸਵਾਰ ਹੋਣ ਲਈ ਮੈਂ ਆਪਣੀ ਟਿਕਟ ਲਈ।

ਲਿਜ਼ਬਨ ਤੋਂ ਚੱਲ ਕੇ ਅਸੀਂ ਪਹਿਲੀ ਬੰਦਰਗਾਹ ਡਕਾਰ ਪੁੱਜੇ। ਡਕਾਰ ਤੋਂ ਅੱਗੇ ਅਸੀਂ ਕਈ ਦਿਨਾਂ ਤੇ ਕਈ ਰਾਤਾਂ ਚਲਦੇ ਰਹੇ ਤੇ ਰਾਹ ਵਿਚ ਸਾਨੂੰ ਕੋਈ ਜ਼ਮੀਨ ਜਾਂ ਟਾਪੂ ਨਜ਼ਰ ਨਹੀਂ ਆਇਆ। ਰਾਤ ਵੇਲੇ ਰੋਸ਼ਨੀ ਬੰਦ ਕਰ ਦਿੱਤੀ ਜਾਂਦੀ ਤਾਂ ਕਿ ਜਰਮਨ ਜਹਾਜ਼ ਦੇ ਸੰਭਾਵੀ ਹਮਲੇ ਤੋਂ ਬਚਾ ਹੋ ਸਕੇ। ਨੱਚਣਾ ਮਨ੍ਹਾਂ ਸੀ ਕਿਉਂਕਿ ਜਹਾਜ਼ ਦੇ ਕਪਤਾਨ ਦਾ ਪੁੱਤਰ ਹੁਣੇ ਜੰਗ ਦੇ ਸ਼ੁਰੂ ਵਿਚ ਮਾਰਿਆ ਜਾ ਚੁੱਕਾ ਸੀ। ਲੋਕ ਇਕੱਠੇ ਬੈਠਦੇ, ਜੰਗ ਦੀਆਂ ਗੱਲਾਂ ਕਰਦੇ ਅਤੇ ਸੋਚਕੇ ਕਿ ਸਮੁੰਦਰ ਵਿਚ ਹਮਲੇ ਦਾ ਅਮਲੀ ਰੂਪ ਵਿਚ ਕੋਈ ਖ਼ਤਰਾ ਨਹੀਂ ਸੀ। ਪਹਿਲਾ ਜਹਾਜ਼ ਜਿਹੜਾ ਸਾਨੂੰ ਰਾਹ ਵਿਚ ਮਿਲਿਆ, ਉਹ ਡੱਚ ਬੇੜਾ ਸੀ ਅਤੇ ਉਸ ਦੇ ਕਮਾਂਡੈਂਟ ਨਾਲ ਗੱਲਬਾਤ ਕੀਤੀ। ਇਸ ਤੇ ਬਹੁਤ ਸਾਰੀਆਂ ਔਰਤਾਂ ਡਰ ਗਈਆਂ। ਉਨ੍ਹਾਂ ਸੋਚਿਆ ਕਿ ਅਫ਼ਸਰ ਜਰਮਨ ਸਨ। ਉਹ ਸ਼ਾਇਦ ਉਨ੍ਹਾਂ ਦਾ ਜਹਾਜ਼ ਡੋਬ ਦੇਣ ਜਾਂ ਉਨ੍ਹਾਂ ਨੂੰ ਕੈਦੀ ਬਣਾ ਲੈਣ। ਇਹ ਉਨ੍ਹਾਂ ਦਾ ਡਰ ਸੀ। ਦੂਸਰੀ ਹਾਲਤ ਵਿਚ ਜਰਮਨੀ ਦੇ ਕੈਦੀ ਬਣਨ ਨਾਲੋਂ ਉਹ ਸਮੁੰਦਰ ਵਿਚ ਛਾਲ ਮਾਰ ਦੇਣਗੀਆਂ। ਪਰੰਤੂ ਇਹ ਉਨ੍ਹਾਂ ਦਾ ਡਰ ਬਿਨਾਂ ਕਿਸੇ ਕਾਰਨ ਸੀ। ਅਫ਼ਸਰ ਸਿਰਫ਼ ਖਾਣ ਪੀਣ ਵਾਲੀਆਂ ਚੀਜ਼ਾਂ ਜਿਹੜੀਆਂ ਉਨ੍ਹਾਂ ਕੋਲ ਸਨ, ਦਾ ਵੱਟਾ ਸੱਟਾ ਕਰ ਰਹੇ ਸਨ ਅਤੇ ਬਦਲੇ ਵਿਚ ਉਨ੍ਹਾਂ ਕੁਝ ਚੀਜ਼ਾਂ ਦੀ ਪੇਸ਼ਕਸ਼ ਕੀਤੀ ਜਿਹੜੀਆਂ ਸਾਡੇ ਜਹਾਜ਼ 'ਤੇ ਉਨ੍ਹਾਂ ਨੂੰ ਲੋੜ ਸੀ। ਸਾਡਾ ਕਮਾਂਡੈਂਟ ਚੀਜ਼ਾਂ ਦੀ ਅਦਲਾ ਬਦਲੀ ਨਾਲ ਸਹਿਮਤ ਹੋ ਗਿਆ ਅਤੇ ਉਹ ਅਫ਼ਸਰ ਵਾਪਸ ਆਪਣੇ ਜਹਾਜ਼ ਤੇ ਚਲੇ ਗਏ ਅਤੇ ਖ਼ਤਰਾ ਟਲ ਗਿਆ। ਇਥੋਂ ਅੱਗੇ ਸਮੁੰਦਰ ਬੜਾ ਉਘੜ ਦੁਗੜਾ ਸੀ ਤੇ ਬਹੁਤ ਸਾਰੇ ਮੁਸਾਫ਼ਰਾਂ ਨੂੰ ਉਲਟੀਆਂ ਆਉਣ ਲੱਗੀਆਂ। ਸਟੂਅਰਡ ਦੇ ਇਸ ਮੌਕੇ ਦਾ ਲਾਭ ਉਠਾਇਆ ਅਤੇ ਉਹ ਬਹੁਤ ਮਹਿੰਗੇ ਮੁੱਲ ਤੇ ਨਿੰਬੂ ਵੇਚਣ ਲੱਗਾ। ਉਹ ਇਕ ਨਿੰਬੂ ਦੇ 6 ਜਾਂ 7 ਫਰਾਂਕ ਲੈਂਦਾ। ਇਹ ਉਲਟੀਆਂ ਦਾ ਸਭ ਤੋਂ ਵਧੀਆ ਇਲਾਜ ਸਨ। ਮੈਂ ਸਟੂਅਰਡ ਕੋਲ ਗਿਆ ਤੇ ਉਸਨੂੰ ਕਿਹਾ ਕਿ ਉਹ ਨਿੰਬੂ ਦੀ ਏਨੀ ਜ਼ਿਆਦਾ ਕੀਮਤ ਨਾ ਲਵੇ ਕਿਉਂਕਿ ਉਸ ਦਾ ਇਹ ਵਿਹਾਰ ਜੁਰਮ ਵਰਗਾ ਸੀ। ਉਸ ਨੇ ਮੇਰੀ ਗੱਲ ਨੂੰ ਬਹੁਤਾ ਨਾ ਗੌਲਿਆ। ਫਿਰ ਮੈਂ ਉਸਨੂੰ ਧਮਕੀ ਦਿੱਤੀ ਕਿ ਜੇ ਉਸਨੇ ਮਹਿੰਗੇ ਨਿੰਬੂ ਵੇਚਣੇ ਬੰਦ ਨਾ ਕੀਤੇ ਅਤੇ ਇਹ ਇਕ ਜਾਂ ਦੋ ਫਰਾਂਕ ਨੂੰ ਨਾ ਦਿੱਤੇ ਤਾਂ ਮੈਂ ਬੀਮਾਰ ਲੋਕਾਂ ਨੂੰ ਮੁਫ਼ਤ ਨਿੰਬੂ ਵੰਡ ਦਿਆਂਗਾ। ਉਸ ਨੇ ਮੇਰੀ ਧਮਕੀ ਨੂੰ ਵੀ ਗੰਭੀਰਤਾ ਨਾਲ ਨਾ ਲਿਆ। ਮੈਂ ਮੁਫ਼ਤ ਨਿੰਬੂ ਵੰਡਣੇ ਸ਼ੁਰੂ ਕਰ ਦਿੱਤੇ। ਇਹ ਦੇਖ ਕੇ ਉਹ ਮੇਰੇ ਵੱਲ ਭੱਜਾ ਆਇਆ ਤੇ ਮੇਰੀਆਂ ਲੇਲੜੀਆਂ ਕੱਢਣ ਲੱਗਾ ਕਿ ਮੈਂ ਉਸਦੇ ਰੁਜ਼ਗਾਰ ਤੇ ਲੱਤ

ਨਾ ਮਾਰਾਂ। ਉਹ ਮੇਰੀਆਂ ਸ਼ਰਤਾਂ ਤੇ ਨਿੰਬੂ ਦੇਣ ਲਈ ਸਹਿਮਤ ਹੋ ਗਿਆ। ਪਰੰਤੂ ਇਸ ਤੋਂ ਪਹਿਲਾਂ ਕਿ ਮੈਂ ਨਿੰਬੂ ਵੰਡਣੇ ਬੰਦ ਕਰਦਾ, ਮੈਂ ਆਪਣੇ ਅੱਧੇ ਨਿੰਬੂ ਵੰਡ ਚੁੱਕਾ ਸੀ।

ਅਸੀਂ ਚੱਟਾਨਾਂ ਨੇੜੇ ਪਹੁੰਚ ਰਹੇ ਸੀ ਜਦੋਂ ਸ਼ਾਮ ਵੇਲੇ ਅਸੀਂ ਦੋ ਜਹਾਜ਼ ਵੇਖੇ। ਇਕ ਸਾਡੇ ਪਾਸੇ ਸੀ ਤੇ ਦੂਸਰਾ ਖੱਬੇ ਪਾਸੇ। ਸੱਜੇ ਪਾਸੇ ਵਾਲਾ ਜਹਾਜ਼ ਜ਼ਿਆਦਾ ਨੇੜੇ ਸੀ ਭਾਵੇਂ ਕਿ ਦੋਵੇਂ ਜਹਾਜ਼ ਕਾਫ਼ੀ ਦੂਰੀ 'ਤੇ ਸਨ। ਅਸੀਂ ਇਹ ਨਹੀਂ ਪਛਾਣ ਸਕੇ ਕਿ ਉਹ ਕਿਹੜੇ ਦੇਸ਼ ਦੇ ਸਨ। ਸੱਜੇ ਪਾਸੇ ਦੇ ਜਹਾਜ਼ ਨੇ ਆਪਣੀਆਂ ਬੱਤੀਆਂ ਜਗਾਈਆਂ ਹੋਈਆਂ ਸਨ। ਦੂਸਰਾ ਜਹਾਜ਼ ਕਦੇ ਬੱਤੀਆਂ ਜਗਾ ਦਿੰਦਾ ਤੇ ਕਦੇ ਬੁਝਾ ਦਿੰਦਾ ਸੀ। ਕਮਾਂਡੰਟ ਨੇ ਸੱਜੇ ਪਾਸੇ ਜਾਣ ਦਾ ਮਨ ਬਣਾਇਆ ਜਿਉਂ ਹੀ ਅਸੀਂ ਨੇੜੇ ਪੁੱਜੇ, ਇਕ ਦੂਜੇ ਨੂੰ ਇਸ਼ਾਰੇ ਕੀਤੇ ਤਾਂ ਸਾਨੂੰ ਪਤਾ ਲੱਗਾ ਕਿ ਉਹ ਡੱਚ ਜਹਾਜ਼ ਸੀ। ਉਸ ਤੋਂ ਪਤਾ ਲੱਗਾ ਕਿ ਖੱਬੇ ਪਾਸੇ ਵਾਲਾ ਜਹਾਜ਼ ਜਰਮਨ ਸੀ।

ਇਸ ਗੱਲ 'ਤੇ ਜਹਾਜ਼ ਦੇ ਸਵਾਰ ਅਤੇ ਸਾਰੀਆਂ ਔਰਤਾਂ ਡਰ ਗਈਆਂ ਸਾਡੇ ਜਹਾਜ਼ ਦੀ ਰਫ਼ਤਾਰ ਵਧਾ ਦਿੱਤੀ ਗਈ ਤਾਂ ਕਿ ਜਰਮਨ ਜਹਾਜ਼ ਤੋਂ ਬਚ ਜਾਈਏ। ਇਸ ਦੇ ਸਿੱਟੇ ਵਜੋਂ ਅਸੀਂ ਰੀਓ ਡੀ. ਜੁਨੇਰੀਉ ਪੰਜ ਘੰਟੇ ਪਹਿਲਾਂ ਪਹੁੰਚ ਗਏ ਜਿਹੜਾ ਕਿ ਉਸ ਦੇ ਪਹੁੰਚਣ ਦਾ ਆਮ ਸਮਾਂ ਸੀ।

5.

ਦੱਖਣੀ ਅਮਰੀਕਾ ਵਿਚ

ਰੀਓ ਡੀ. ਜਨੇਰੀਓ ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਜਗ੍ਹਾ ਹੈ। ਕੁਦਰਤ ਅਤੇ ਮਨੁੱਖੀ ਹੱਕਾਂ ਨੇ ਇਸ ਨੂੰ ਸਭ ਤੋਂ ਪਿਆਰੀ ਥਾਂ ਬਣਾਉਣ ਲਈ ਸਭ ਕੁਝ ਕੀਤਾ। ਲਾਇਡ ਜਾਰਜ ਨੂੰ ਇਹ ਥਾਂ ਬੜੀ ਪਸੰਦ ਸੀ। ਇਸੇ ਥਾਂ ਉੱਤੇ ਬਾਦਸ਼ਾਹ ਜਾਰਜ ਨੇ ਕਾਰਯੋਕਾ (ਇਕ ਨਾਚ) ਇੰਗਲੈਂਡ ਵਿਚ ਚਾਲੂ ਕੀਤਾ।

ਰੀਓ ਡੀ. ਜਨੇਰੀਓ ਦਾ ਅਰਥ ਹੈ ਨਦੀ। ਜਨਵਰੀ ਇਸ ਦਾ ਨਾਂ ਇਸ ਲਈ ਰੱਖਿਆ ਗਿਆ ਕਿਉਂਕਿ ਜਨਵਰੀ ਵਿਚ ਇਸ ਨੂੰ ਖੋਜਿਆ ਗਿਆ। ਸ਼ੁਰੂ ਵਿਚ ਇਸ ਬਾਰੇ ਸਮਝਿਆ ਜਾਂਦਾ ਸੀ ਕਿ ਇਹ ਇਕ ਨਦੀ ਸੀ। ਅਸਲ ਵਿਚ ਇਹ ਸਮੁੰਦਰ ਹੀ ਸੀ ਜੋ ਜ਼ਮੀਨ ਵਿਚ ਵਧ ਆਇਆ ਸੀ।

ਜਿਉਂ ਹੀ ਤੁਸੀਂ ਰੀਓ ਡੀ ਜਨੇਰੀਓ ਵਿਚ ਵੜਦੇ ਹੋ ਤਾਂ ਇਕ ਪਹਾੜੀ ਦਿਖਾਈ ਦਿੰਦੀ ਹੈ- ਨੰਗੀ ਪਹਾੜੀ ਜਿਸ ਦਾ ਨਾਂ ਸ਼ੂਗਰ ਲੋਫ ਹੈ। ਏਥੇ ਤੁਸੀਂ ਇਕ ਹਵਾਈ ਗੱਡੀ ਵੀ ਰੱਸੀ ਤੋਂ ਦੀ ਜਾਂਦੀ ਦੇਖਦੇ ਹੋ। ਪਹਾੜੀਆਂ ਉੱਤੇ ਖਲੋ ਕੇ

ਤੁਹਾਨੂੰ ਟਾਪੂਆਂ ਦੀ ਇਕ ਲੜੀ ਨਜ਼ਰ ਆਵੇਗੀ। ਜਿਨ੍ਹਾਂ ਦੀ ਗਿਣਤੀ 712 ਹੈ। ਬਰਾਜ਼ੀਲ ਵਿਚ ਪਹਾੜੀਆਂ, ਚੱਟਾਨਾਂ, ਝਰਨਿਆਂ, ਜੰਗਲਾਂ, ਸਮੁੰਦਰ ਦਾ ਬਹੁਤ ਹੀ ਵਿਸ਼ਾਲ ਪਾਣੀ ਤੇ ਰੇਤਾ ਦੇਖਣ ਯੋਗ ਹੈ। ਸ਼ਹਿਰ ਨਵੀਨ ਸਹੂਲਤਾਂ ਨਾਲ ਸਰਸ਼ਾਰ ਹੈ।

ਉਥੇ ਪਹੁੰਚ ਕੇ ਮੈਂ ਡਾ. ਜੈਨੀਨ ਕੋਲ ਗਿਆ ਅਤੇ ਉਸ ਦਾ ਮਹਿਮਾਨ ਬਣ ਕੇ ਠਹਿਰਿਆ। ਅਗਲੀ ਸਵੇਰੇ, ਜਦੋਂ ਮੈਂ ਅਜੇ ਬਿਸਤਰੇ ਵਿਚ ਸੁੱਤਾ ਹੀ ਪਿਆ ਸੀ, ਪੁਲਸ ਮੁਖੀ ਡਾ. ਲੀਲ ਆਇਆ ਅਤੇ ਡਾ. ਜੈਨੀਨ ਨੂੰ ਪੁੱਛਿਆ ਕਿ ਕੀ ਉਸ ਕੋਲ ਕੋਈ ਮਹਿਮਾਨ ਠਹਿਰਿਆ ਹੋਇਆ ਸੀ। ਉਹ ਉਸ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦਾ ਸੀ। ਇਹ ਪੁੱਛਣ ਤੇ ਕਿ ਉਹ ਮੈਨੂੰ ਕਿਉਂ ਗ੍ਰਿਫ਼ਤਾਰ ਕਰਨਾ ਚਾਹੁੰਦਾ ਸੀ, ਤਾਂ ਪੁਲਸ ਮੁਖੀ ਨੇ ਜਵਾਬ ਦਿੱਤਾ ਕਿ ਅੰਗਰੇਜ਼ਾਂ ਨੇ ਕਿਹਾ ਸੀ ਕਿ ਉਸ ਬੰਦੇ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ। ਇਸ ਤੇ ਡਾ. ਜੈਨੀਨ ਨੇ ਕਿਹਾ ਕਿ ਉਹ ਕਿਸੇ ਨੂੰ ਵੀ ਮੈਨੂੰ ਗ੍ਰਿਫ਼ਤਾਰ ਨਹੀਂ ਕਰਨ ਦੇਵੇਗਾ। ਉਹ ਮੈਨੂੰ ਕਈ ਸਾਲਾਂ ਤੋਂ ਜਾਣਦਾ ਸੀ। ਮੈਨੂੰ ਯੂਰਪ ਵਿਚ ਬਹੁਤ ਸਾਰੇ ਲੋਕ ਜਾਣਦੇ ਸਨ ਅਤੇ ਉਥੇ ਜਾਣੇ ਪਛਾਣੇ ਬਹੁਤ ਸਾਰੇ ਲੋਕ ਮੇਰੀ ਬਹੁਤ ਕਦਰ ਕਰਦੇ ਸਨ ਅਤੇ ਉਥੇ ਹੀ ਉਸ ਦੀ ਮੇਰੇ ਨਾਲ ਦੋਸਤੀ ਹੋਈ ਸੀ। ਉਸ ਨੇ ਇਹ ਵੀ ਕਿਹਾ ਕਿ ਬਰਾਜ਼ੀਲ ਇਕ ਆਜ਼ਾਦ ਦੇਸ਼ ਸੀ ਅਤੇ ਉਹ ਕਿਸੇ ਰਾਜਨੀਤਕ ਸ਼ਰਨਾਰਥੀ ਨੂੰ ਦੂਸਰੇ ਦੇਸ਼ ਨੂੰ ਨਹੀਂ ਸੌਂਪ ਸਕਦਾ। ਉਹ ਉਸ ਦੇ ਵਿਰੁੱਧ ਮੁਕੱਦਮਾ ਕਰੇਗਾ। ਜੇਕਰ ਉਸਨੇ ਮੈਨੂੰ ਹੱਥ ਵੀ ਲਾਇਆ ਤਾਂ। ਇਸ ਸਪੱਸ਼ਟ ਜਵਾਬ 'ਤੇ ਪੁਲਸ ਮੁਖੀ ਨੇ ਮੈਨੂੰ ਗ੍ਰਿਫ਼ਤਾਰ ਕਰਨ ਦਾ ਵਿਚਾਰ ਛੱਡ ਦਿੱਤਾ। ਕੁਝ ਦਿਨਾਂ ਬਾਅਦ ਮੈਂ ਯੂਰਪ 'ਚ ਬਣੇ ਆਪਣੇ ਬਹੁਤ ਸਾਰੇ ਦੋਸਤਾਂ ਨੂੰ ਮਿਲਿਆ। ਉਨ੍ਹਾਂ ਵਿਚੋਂ ਸੈਨੇਟਰ ਮੁਨੀਜ਼ ਫਰੈਰੇ ਅਤੇ ਸੈਨੇਟਰ ਨੀਲੋਪੀਰਾਨਾ ਸੀ ਜਿਹੜਾ ਬਾਅਦ ਵਿਚ ਬ੍ਰਾਜ਼ੀਲ ਦਾ ਪ੍ਰਧਾਨ ਬਣਿਆ। ਉਹ ਸਵਿਟਜ਼ਰਲੈਂਡ ਵਿਚ ਮੇਰੇ ਦੋਸਤ ਬਣੇ ਸਨ। ਪਹਿਲੇ ਹਫ਼ਤੇ ਵਿਚ ਹੀ ਮੈਨੂੰ ਜੌਸ ਬੈਜੇਰਾ ਜੋ ਕਿ ਪਰਨਾਮ ਬੂਕੋ ਦੇ ਗਵਰਨਰ ਸਨ, ਨਾਲ ਮਿਲਣ ਦਾ ਮੌਕਾ ਮਿਲਿਆ। ਜਿਹੜਾ ਥੋੜ੍ਹੀ ਦੇਰ ਬਾਅਦ ਹੀ ਖੇਤੀਬਾੜੀ ਦਾ ਵਜ਼ੀਰ ਬਣਿਆ। ਜਦੋਂ ਇਹ ਪਤਾ ਲੱਗਾ ਕਿ ਬਰਾਜ਼ੀਲ ਵਿਚ ਪ੍ਰਭਾਵਸ਼ਾਲੀ ਵਿਅਕਤੀਆਂ ਨਾਲ ਮੇਰੀ ਜਾਣ ਪਛਾਣ ਸੀ, ਤਾਂ ਉਸ ਤੋਂ ਬਾਅਦ ਅੰਗਰੇਜ਼ਾਂ ਨੇ ਕਦੇ ਮੈਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਜਦੋਂ ਮੈਂ ਬਰਾਜ਼ੀਲ ਪਹੁੰਚਿਆ ਤਾਂ ਉਥੇ ਇਕ ਬਹੁਤ ਹੀ ਸ਼ਕਤੀਸ਼ਾਲੀ ਵਿਅਕਤੀ ਸੀ ਜਿਸ ਨੂੰ ਆਮ ਤੌਰ 'ਤੇ ਪ੍ਰੈਜ਼ੀਡੈਂਟ-ਮੇਕਰ ਕਿਹਾ ਜਾਂਦਾ ਸੀ। ਉਹਦਾ ਨਾਂ ਪਿਨਹੀਰੋ ਮਚਾਡੂ (ਇਕ ਜਨਰਲ) ਸੀ। ਉਸ ਵੇਲੇ ਮਾਰਸ਼ਲ ਹੈਰਮਸ ਡਾ. ਫੋਨੇਸਕਾ ਬਰਾਜ਼ੀਲ ਦਾ ਪ੍ਰਧਾਨ ਮੰਤਰੀ ਸੀ। ਉਹ ਆਪਣੇ ਅਹੁਦੇ ਦੇ ਮੁਕਾਬਲੇ ਬੌਣੀ ਸ਼ਖ਼ਸੀਅਤ ਵਾਲਾ ਵਿਅਕਤੀ ਸੀ। ਭਾਵੇਂ ਕਿ ਪਿਨਹੀਰੋ ਮਚਾਡੂ ਪਿਛਲੇ

ਲਗਭਗ 26 ਸਾਲ ਤੋਂ ਪ੍ਰਧਾਨ ਦੀ ਚੋਣ ਕਰਦਾ ਆਇਆ ਸੀ ਪਰ ਫਿਰ ਵੀ ਉਹ ਆਪ ਕਦੇ ਪ੍ਰਧਾਨ ਨਹੀਂ ਸੀ ਬਣਿਆ। ਅਸਲ 'ਚ ਬਰਾਜ਼ੀਲ 'ਚ ਹਕੂਮਤ ਕਰਨ ਵਾਲਾ ਉਹੀ ਵਿਅਕਤੀ ਸੀ। ਉਹ ਜਿਸ ਕਿਸੇ ਨੂੰ ਚਾਹੁੰਦਾ ਬਰਾਜ਼ੀਲ ਦਾ ਪ੍ਰਧਾਨ ਬਣਾ ਦਿੰਦਾ। ਮਾਰਸ਼ਲ ਹੈਰਮਸ ਡਾ ਫੋਨੇਸਕਾ ਦੇ ਬਰਾਜ਼ੀਲ ਦੇ ਪ੍ਰਧਾਨ ਬਣਨ ਦੀ ਕਹਾਣੀ ਬੜੀ ਦਿਲਚਸਪ ਸੀ। ਉਸ ਤੋਂ ਪਹਿਲਾ ਪ੍ਰਧਾਨ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਪਹਿਲਾਂ ਹੀ ਮਰ ਗਿਆ। ਇਕ ਦਿਨ ਪਿਨਹੀਰੋ ਮਚਾਡੂ ਰੀਓ ਡੀ ਜਨੇਰੀਓ ਤੇ ਸੈਰ ਕਰ ਰਿਹਾ ਸੀ ਤਾਂ ਉਸਦੇ ਦਿਮਾਗ ਵਿਚ ਇਕ ਗੱਲ ਆਈ ਕਿ ਉਹ ਬਰਾਜ਼ੀਲ ਦਾ ਪ੍ਰਧਾਨ ਉਸਨੂੰ ਬਣਾਏਗਾ ਜਿਹੜਾ ਉਸਨੂੰ ਸਭ ਤੋਂ ਪਹਿਲਾਂ ਮਿਲੇਗਾ। ਮਾਰਸ਼ਲ ਹੈਰਮਸ ਡੀ ਫੋਨੇਸਕਾ ਉਸਨੂੰ ਪਹਿਲਾਂ ਮਿਲਿਆ ਤੇ ਉਸਨੇ ਉਸਨੂੰ ਪ੍ਰਧਾਨ ਬਣਾ ਦਿੱਤਾ। ਬਰਾਜ਼ੀਲ ਪ੍ਰੈਸ ਵਿਚ ਇਸ ਗੱਲ ਦੀ ਬਹੁਤ ਆਲੋਚਨਾ ਹੋਈ। ਨਵਾਂ ਪ੍ਰਧਾਨ ਬਰਾਜ਼ੀਲ ਦੇ ਪ੍ਰਬੰਧ ਦਾ ਮੁਖੀ ਹੋਣ ਦੀ ਕੋਈ ਵੀ ਯੋਗਤਾ ਪੂਰੀ ਨਹੀਂ ਸੀ ਕਰਦਾ। ਉਹ ਡੱਫਰ ਸੀ। ਉਨ੍ਹਾਂ ਦਿਨਾਂ ਦੇ ਉਸਦੇ ਨਾਂ ਲੱਗੇ ਸਾਰੇ ਹੀ ਅਹਿਮਕਾਨਾ ਸਨ।

ਇਕ ਵਾਰੀ ਕੋਈ ਉਸ ਲਈ ਸੋਨੇ ਦੀ ਮੁੱਠੀ ਵਾਲੀ ਸੋਟੀ ਲੈ ਕੇ ਆਇਆ। ਸੋਟੀ ਲੰਮੀ ਸੀ। ਉਸਨੇ ਤਰਖਾਣ ਨੂੰ ਬੁਲਾਇਆ ਕਿ ਉਹ ਉਸ ਸੋਟੀ ਨੂੰ ਕੱਟ ਕੇ ਉਸ ਦੇ ਕੱਦ ਨਾਲ ਮੇਚ ਖਾਂਦੀ ਸੋਟੀ ਬਣਾ ਦੇਵੇ। ਜਦੋਂ ਤਰਖਾਣ ਸੋਟੀ ਲੈ ਕੇ ਇਸ ਨੂੰ ਮੋਟੇ ਪਾਸਿਉਂ ਕੱਟਣ ਲੱਗਾ ਤਾਂ ਉਸਨੇ ਕਿਹਾ "ਇਸ ਪਾਸਿਉਂ ਸੋਟੀ ਨਾ ਕੱਟ। ਇਸ ਪਾਸਿਉਂ ਠੀਕ ਹੈ। ਇਹ ਸੋਟੀ ਦੂਸਰੇ ਪਾਸਿਉਂ ਲੰਮੀ ਹੈ। ਇਸ ਲਈ ਉਸਨੇ ਸੋਨੇ ਦੀ ਮੁੱਠ ਵਾਲੇ ਪਾਸਿਉਂ ਸੋਟੀ ਕੱਟ ਦਿੱਤੀ ਅਤੇ ਇਸ ਦਾ ਸੋਨੇ ਦੀ ਮੁੱਠ ਵਾਲਾ ਹਿੱਸਾ ਲਹਿ ਗਿਆ। ਲੋਕੀ ਉਸਦੇ ਪ੍ਰਧਾਨ ਬਣਨ ਤੇ ਸ਼ਰਮ ਮਹਿਸੂਸ ਕਰਦੇ। ਉਹ ਇਸ ਨੂੰ ਕੌਮੀ ਅਪਮਾਨ ਸਮਝਦੇ। ਉਨ੍ਹਾਂ ਕਿਹਾ ਕਿ ਉਹ ਚੁਣਿਆ ਹੋਇਆ ਪ੍ਰਧਾਨ ਨਹੀਂ ਸੀ ਸਗੋਂ ਇਕ ਵਿਅਕਤੀ ਪ੍ਰੈਜ਼ੀਡੈਂਟ ਮੇਕਰ ਵਲੋਂ ਥੋਪਿਆ ਹੋਇਆ ਪ੍ਰਧਾਨ ਸੀ। ਇਸ ਬਾਰੇ ਪ੍ਰੈਸ ਵਿਚ ਬਹੁਤ ਰੋਸ ਅਤੇ ਆਲੋਚਨਾ ਸੀ।

ਬਰਾਜ਼ੀਲ ਆਉਣ ਦੇ ਛੇ ਮਹੀਨੇ ਬਾਅਦ ਕਾਰਨੀਵਾਲ ਮੇਲਾ ਆਇਆ। ਇਹ ਮੇਲਾ ਸਾਰੇ ਹੀ ਬਰਾਜ਼ੀਲ ਵਿਚ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਅਤੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਕੋਈ ਮੇਲਾ ਇੰਨੇ ਉਤਸ਼ਾਹ, ਖ਼ੁਸ਼ੀ ਤੇ ਧੂਮ ਧੜੱਕੇ ਨਾਲ ਨਹੀਂ ਮਨਾਇਆ ਜਾਂਦਾ। ਅਸਲ ਵਿਚ, ਇਹ ਮੇਲਾ ਬ੍ਰਾਜ਼ੀਲ ਦੇ ਲੋਕਾਂ ਨੂੰ ਏਨਾ ਪਿਆਰਾ ਹੈ ਕਿ ਉਹ ਸਾਰਾ ਸਾਲ ਹੀ ਇਸ ਮੇਲੇ ਬਾਰੇ ਹੀ ਸੋਚਦੇ ਰਹਿੰਦੇ ਹਨ। ਉਹ ਇਸ ਲਈ ਤਿਆਰੀਆਂ ਕਰਦੇ ਹਨ, ਇਸ ਮੌਕੇ 'ਤੇ ਖਰਚਣ ਲਈ ਪੈਸੇ ਕੱਢਦੇ ਹਨ। ਨਵੇਂ ਕੱਪੜੇ ਸਵਾਉਂਦੇ ਹਨ ਅਤੇ ਮੁਖੌਟੇ ਬਣਾਉਂਦੇ ਹਨ, ਜੋ ਉਹ ਆਪਣੇ ਬਚਾਉ ਲਈ ਚਿਹਰਿਆਂ ਤੇ ਪਾਉਂਦੇ ਹਨ। ਉਹ ਜਲੂਸ ਕੱਢਦੇ ਹਨ। ਵਰਾਇਟੀ ਸ਼ੋਅ ਹੁੰਦੇ ਹਨ। ਗੀਤ ਗਾਏ ਜਾਂਦੇ ਹਨ। ਲੋਕ ਸੱਚਮੁੱਚ ਪਾਗਲ

ਹੋ ਗਏ ਲੱਗਦੇ ਹਨ। ਦੁਕਾਨਦਾਰ ਮੇਲੇ ਦੇ ਦੋ ਤਿੰਨ ਮਹੀਨਿਆਂ ਵਿਚ ਹੀ ਏਨੀ ਕਮਾਈ ਕਰ ਲੈਂਦੇ ਹਨ ਕਿ ਉਨ੍ਹਾਂ ਨੂੰ ਸਾਲ ਦੇ ਬਾਕੀ ਮਹੀਨਿਆਂ ਵਿਚ ਕੰਮ ਕਰਨ ਦੀ ਲੋੜ ਨਹੀਂ ਰਹਿੰਦੀ। ਸਰਕਾਰ ਦੀ ਆਲੋਚਨਾ ਕਰਦੇ ਡਰਾਮੇ ਖੇਡੇ ਜਾਂਦੇ ਹਨ। ਸਹੀ ਮਾਅਨਿਆਂ ਵਿਚ ਜਮਹੂਰੀ ਵਾਤਾਵਰਣ ਨਜ਼ਰ ਆਉਂਦਾ ਹੈ। ਛੋਟੇ ਤੇ ਵੱਡੇ ਲੋਕ ਖੁੱਲ੍ਹੇ ਤੌਰ 'ਤੇ ਮਿਲਦੇ ਹਨ। ਇਕ ਦੂਜੇ ਨਾਲ ਗੱਲਾਂ ਕਰਦੇ ਹਨ। ਇਕ ਦੂਜੇ ਨੂੰ ਚੁਟਕਲੇ ਸੁਣਾਉਂਦੇ ਹਨ ਅਤੇ ਇਕੱਠੇ ਮੌਜ ਮਸਤੀ ਕਰਦੇ ਹਨ। ਸਭ ਪਾਸੇ ਬਰਾਬਰੀ ਹੁੰਦੀ ਹੈ। ਔਰਤਾਂ ਵੀ ਮਰਦਾਂ ਦੇ ਬਰਾਬਰ ਮੇਲੇ ਵਿਚ ਭਾਗ ਲੈਂਦੀਆਂ ਹਨ।

ਇਕ ਵਾਰ ਕਾਰਨੀਵਾਲ ਮੇਲੇ ਮੌਕੇ ਇਕ ਜਪਾਨੀ ਜਹਾਜ਼ ਰੀਉ ਡੀ ਜਨੇਰੀਓ ਦੀ ਬੰਦਰਗਾਹ ਕੰਢੇ ਤੇ ਆ ਲੱਗਾ। ਜਦੋਂ ਜਪਾਨੀ ਕੰਢੇ ਤੇ ਆਏ ਤਾਂ ਬਰਾਜ਼ੀਲ ਲੋਕਾਂ ਨੇ ਜਪਾਨੀਆਂ ਨੂੰ ਘੇਰਾ ਪਾ ਲਿਆ। ਉਨ੍ਹਾਂ ਨਾਲ ਹਰ ਤਰ੍ਹਾਂ ਦਾ ਹਾਸਾ ਮਜ਼ਾਕ ਕੀਤਾ ਗਿਆ। ਉਨ੍ਹਾਂ ਦੇ ਚਿਹਰਿਆਂ ਤੇ ਮੁਖੌਟੇ ਪਾਏ। ਜਦੋਂ ਜਪਾਨੀ ਵਾਪਸ ਮੁੜ ਗਏ ਤਾਂ ਉਨ੍ਹਾਂ ਵਿਚੋਂ ਇਕ ਨੇ ਇਸ ਬਾਰੇ ਕਹਾਣੀ ਲਿਖੀ ਤਾਂ ਇਸ ਵਿਚ ਉਸਨੇ ਲਿਖਿਆ ਕਿ ਉਹ ਦੋ ਦਿਨਾਂ ਤੱਕ ਪਾਗਲ ਵਿਅਕਤੀਆਂ ਦੇ ਦੇਸ਼ ਵਿਚ ਰਹੇ।

ਇਕ ਵਾਰ ਇਕ ਆਦਮੀ ਨੇ ਆਪਣੇ ਦੰਦ ਕੱਢ ਲਏ ਤਾਂ ਕਿ ਉਹ ਮੇਲੇ ਦੇ ਦਿਨਾਂ ਵਿਚ ਪਛਾਣਿਆ ਨਾ ਜਾ ਸਕੇ।

ਉਨ੍ਹਾਂ ਦਿਨਾਂ ਵਿਚ ਇਸ ਵਿਅਕਤੀ ਦੀ ਹਕੂਮਤ ਵਿਰੁੱਧ ਵਿਦਰੋਹ ਆਮ ਪਨਪ ਰਿਹਾ ਸੀ। ਇਹ ਪ੍ਰੈਜ਼ੀਡੈਂਟ ਮੇਕਰ ਦਾ ਨਕਸ਼ਾ ਬੰਨ੍ਹਣ ਅਤੇ ਪ੍ਰਧਾਨ ਅਤੇ ਦੂਸਰੇ ਵੱਡੇ ਅਫ਼ਸਰਾਂ ਦਾ ਉਸ ਅੱਗੇ ਝੁਕਣ ਤੋਂ ਪ੍ਰਗਟ ਹੁੰਦਾ ਸੀ। ਪਾਰਲੀਮੈਂਟ ਵਿਚ ਉਸ ਵਿਰੁੱਧ ਭਾਸ਼ਨ ਹੁੰਦੇ। ਫਿਰ ਵੀ ਉਹ ਨਿੱਡਰ ਸੀ ਅਤੇ ਆਪਣੇ ਵਿਰੁੱਧ ਹੁੰਦੇ ਪ੍ਰਚਾਰ ਨੂੰ ਉਸ ਨੇ ਕਦੇ ਨਾ ਦਬਾਇਆ। ਉਹ ਕਿਸੇ ਤੋਂ ਨਾ ਡਰਦਾ ਅਤੇ ਲੋਕਾਂ ਨੂੰ ਆਪਣੀ ਆਲੋਚਨਾ ਕਰਨ ਦਿੰਦਾ। ਸਾਰੀ ਹੀ ਪ੍ਰੈਸ ਉਸ ਦੇ ਖ਼ਿਲਾਫ਼ ਸੀ। ਉਹ ਲੋਕਾਂ ਨੂੰ ਇਹ ਕਹਿੰਦਿਆਂ ਅਪੀਲ ਕਰਦੀ, "ਕੀ ਕੋਈ ਸੱਚਾ ਬਰਾਜ਼ੀਲੀ ਨਹੀਂ ਸੀ ਜਿਹੜਾ ਇਸ ਵਿਅਕਤੀ ਦੇ ਪੰਜਿਆਂ 'ਚੋਂ ਬਰਾਜ਼ੀਲ ਨੂੰ ਮੁਕਤ ਕਰਵਾ ਦੇਵੇ। ਇਕ ਨੌਜਵਾਨ ਇਹਨਾਂ ਅਪੀਲਾਂ ਤੋਂ ਪ੍ਰਭਾਵਤ ਹੋਇਆ ਅਤੇ ਉਸਨੇ ਉਸਨੂੰ ਮਾਰ ਦਿੱਤਾ।

ਉਸਦੀ ਮੌਤ ਤੋਂ ਛੇਤੀ ਬਾਅਦ ਪ੍ਰੈਸ ਵਿਚ ਪੂਰੀ ਤਰ੍ਹਾਂ ਤਬਦੀਲੀ ਆ ਗਈ। ਉਨ੍ਹਾਂ ਨੌਜਵਾਨ ਨੂੰ ਕਾਤਲ ਗਰਦਾਨਿਆਂ ਅਤੇ ਨੌਜਵਾਨ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ। ਨੌਜਵਾਨ ਦਾ ਨਾਂ ਮਾਨਸੋਡੀ ਪੈਵੇ ਸੀ। ਤਾਂ ਵੀ ਜੇਲ ਵਿਚ ਉਸ ਨੂੰ ਅਜਨਬੀ ਲੋਕਾਂ ਵੱਲੋਂ ਵੱਡੀ ਮੱਦਦ ਮਿਲਦੀ। ਉਸਨੂੰ ਤਰ੍ਹਾਂ ਤਰ੍ਹਾਂ ਦੇ ਭੋਜਨ ਅਤੇ ਆਰਾਮ ਦੀਆਂ ਚੀਜ਼ਾਂ ਤੇ ਤੋਹਫ਼ੇ ਦਿੱਤੇ ਜਾਂਦੇ।

ਬਰਾਜ਼ੀਲ ਦੀਆਂ ਬਹੁਤ ਸਾਰੀਆਂ ਗੱਲਾਂ ਭਾਰਤ ਨਾਲ ਮਿਲਦੀਆਂ ਸਨ ਜਿਸ ਨਾਲ ਮੈਨੂੰ ਅਹਿਸਾਸ ਹੋਇਆ ਕਿ ਮੈਂ ਹਿੰਦੁਸਤਾਨ ਵਿਚ ਹੀ ਸੀ। ਮੌਸਮ ਵੀ ਜ਼ਿਆਦਾ ਕਰਕੇ ਹਿੰਦੁਸਤਾਨ ਵਰਗਾ ਸੀ। ਫ਼ਲ ਇਕੋ ਜਿਹੇ ਸਨ ਅਤੇ ਉਹ ਏਥੇ ਬਹੁਤ ਵੱਡੀ ਮਾਤਰਾ ਵਿਚ ਮਿਲਦੇ ਸਨ। ਇਥੇ ਤੁਹਾਨੂੰ ਅੰਬ, ਕੇਲੇ, ਸੰਤਰੇ, ਹਦਵਾਣਾ, ਖਰਬੂਜਾ, ਅਨਾਰ ਮਿਲ ਸਕਦੇ ਹਨ। ਤੁਹਾਨੂੰ ਇਥੇ ਵੱਡੇ ਵੱਡੇ ਪਿੱਪਲ ਦੇ ਦਰੱਖ਼ਤ ਵੀ ਮਿਲਣਗੇ ਜਿਹੜੇ ਅਮਰੀਕਾ ਦੇ ਹੋਰ ਦੇਸ਼ਾਂ ਵਿਚ ਨਹੀਂ ਮਿਲਦੇ। ਇਹ ਸਮਾਨਤਾ ਦੱਸਦੀ ਹੈ ਕਿ ਜਿਨ੍ਹਾਂ ਪੁਰਤਗਾਲੀਆਂ ਨੇ ਸਾਲਾਂ ਪਹਿਲਾਂ ਹਿੰਦੁਸਤਾਨ ਲੱਭਿਆ ਸੀ, ਉਨ੍ਹਾਂ ਹੀ ਬਰਾਜ਼ੀਲ ਲੱਭਿਆ। ਮੌਸਮ ਵਿਚ ਬਹੁਤ ਸਾਰੀ ਸਮਾਨਤਾ ਕਰਕੇ ਉਹ ਹਿੰਦੁਸਤਾਨ ਵਿਚੋਂ ਇਹਨਾਂ ਦੇ ਬੀਜ ਤੇ ਪੌਦੇ ਲੈ ਗਏ ਅਤੇ ਉਨ੍ਹਾਂ ਨੂੰ ਬਰਾਜ਼ੀਲ ਵਿਚ ਬੀਜ ਦਿੱਤਾ ਜਿਥੇ ਹੁਣ ਉਹ ਲਹਿਲਹਾਉਂਦੇ ਸਨ। ਬਰਾਜ਼ੀਲ ਅਤੇ ਹੋਰ ਦੱਖਣੀ ਅਮਰੀਕਾ ਦੇ ਪਾਰਲੀਮੈਂਟ ਮੈਂਬਰਾਂ ਨੇ ਆਪਣੇ ਦੇਸ਼ਾਂ ਲਈ ਕਰਜ਼ੇ ਲੈ ਕੇ ਕਾਫ਼ੀ ਪੈਸਾ ਬਣਾ ਲਿਆ ਸੀ। ਯੂਰਪੀ ਦੇਸ਼ਾਂ ਤੋਂ ਕਰਜ਼ੇ ਆਸਾਨੀ ਨਾਲ ਮਿਲ ਜਾਂਦੇ ਸਨ ਕਿਉਂਕਿ ਇਹਨਾਂ ਦੇਸ਼ਾਂ ਵਿਚ ਵਿਕਾਸ ਦੀਆਂ ਕਾਫ਼ੀ ਸੰਭਾਵਨਾਵਾਂ ਸਨ। ਕਰਜ਼ੇ ਸੜਕਾਂ, ਪੁਲਾਂ, ਰੇਲਾਂ ਅਤੇ ਉਦਯੋਗ ਦੇ ਮਕਸਦ ਲਈ ਦਿੱਤੇ ਜਾਂਦੇ ਪਰੰਤੂ ਆਮ ਤੌਰ 'ਤੇ ਇਹਨਾਂ ਨੂੰ ਰਾਜਨੀਤਕ ਲੋਕ ਆਪਣੀ ਅੱਯਾਸ਼ੀ ਲਈ ਵਰਤਦੇ। ਕਰਜ਼ਿਆਂ ਤੇ ਉਸਦੇ ਵਿਆਜ਼ ਨੂੰ ਮੋੜਨ ਲਈ ਲੋਕਾਂ 'ਤੇ ਟੈਕਸਾਂ ਦਾ ਬਹੁਤ ਭਾਰ ਪਾਇਆ ਜਾਂਦਾ। ਕਈ ਵਾਰ ਲੋਕ ਸੋਚਦੇ ਕਿ ਦੱਖਣੀ ਅਮਰੀਕਾ ਦੇ ਦੇਸ਼ ਤਬਾਹ ਹੋ ਜਾਣਗੇ। ਜਿਸ ਢੰਗ ਨਾਲ ਉਨ੍ਹਾਂ ਨੂੰ ਕਰਜ਼ੇ ਦਿੱਤੇ ਜਾ ਰਹੇ ਸਨ। ਦੱਖਣੀ ਅਮਰੀਕਾ ਦੇ ਮੁਲਕਾਂ ਨੇ ਦੋ ਸੰਸਾਰ ਜੰਗਾਂ ਦੌਰਾਨ ਬਹੁਤ ਲਾਭ ਕਮਾਇਆ ਅਤੇ ਸਾਰੇ ਕਰਜ਼ੇ ਮੋੜ ਦਿੱਤੇ। ਹੁਣ ਉਹ ਕਰਜ਼ਾ ਦੇਣ ਵਾਲੇ ਮੁਲਕ ਬਣ ਗਏ ਸਨ। ਉਨ੍ਹਾਂ ਬਹੁਤ ਸਾਰੇ ਵੱਡੇ ਉਦਯੋਗ ਅਤੇ ਰੇਲਵੇ ਖਰੀਦ ਲਈ ਜਿਨ੍ਹਾਂ ਦੇ ਕਿ ਪਹਿਲਾਂ ਅੰਗਰੇਜ਼ ਮਾਲਕ ਸਨ।

ਰੀਓ ਡੀ ਜਨੇਰੀਓ ਸਭ ਤੋਂ ਸਿਹਤ ਵਰਧਕ ਸ਼ਹਿਰਾਂ 'ਚੋਂ ਇਕ ਹੈ। ਇਸ ਦੀਆਂ ਗਲੀਆਂ ਸਿੱਧੀਆਂ ਤੇ ਚੌੜੀਆਂ ਸਨ। ਪੁਰਾਣੀਆਂ ਗਲੀਆਂ ਵਿਚ ਨਵੀਂ ਉਸਾਰੀ ਦੀ ਉਦੋਂ ਤੱਕ ਇਜਾਜ਼ਤ ਨਹੀਂ ਦਿੱਤੀ ਜਾਂਦੀ ਸੀ ਜਦੋਂ ਤੱਕ ਕਿ ਇਮਾਰਤ ਬਣਾਉਣ ਵਾਲਾ ਗਲੀ ਚੌੜੀ ਕਰਨ ਲਈ ਕੁਝ ਥਾਂ ਨਹੀਂ ਸੀ ਛੱਡਦਾ। ਇਸ ਤਰੀਕੇ ਮਕਾਨ ਪਿੱਛੇ ਹੁੰਦੇ ਜਾਂਦੇ ਸਨ ਤੇ ਗਲੀਆਂ ਚੌੜੀਆਂ ਹੁੰਦੀਆਂ ਜਾਂਦੀਆਂ ਸਨ। ਮਕਾਨ ਬੜੀ ਚੰਗੀ ਤਰ੍ਹਾਂ ਬਣਾਏ ਗਏ ਸਨ। ਉਨ੍ਹਾਂ ਦੇ ਸੁੰਦਰ ਡੀਜ਼ਾਇਨ ਹਰ ਥਾਂ ਦੇਖੇ ਜਾ ਸਕਦੇ ਸਨ ਅਤੇ ਪਾਣੀ ਦੇ ਨਿਕਾਸ ਦਾ ਬਹੁਤ ਸੋਹਣਾ ਇੰਤਜ਼ਾਮ ਕੀਤਾ ਹੋਇਆ ਸੀ। ਰੀਓ ਡੀ. ਜਨੇਰੀਓ ਭਾਵੇਂ ਕਿ ਸਮੁੰਦਰ ਵਿਚ ਵਧਿਆ ਹੋਇਆ ਹੈ, ਪਰ ਇਹ ਮੱਛਰਾਂ ਤੋਂ ਮੁਕਤ ਸੀ। ਸਿਹਤ ਮਹਿਕਮਾ ਥੋੜ੍ਹੇ ਥੋੜ੍ਹੇ ਸਮੇਂ 'ਤੇ ਵਕਫੇ ਵਿਚ ਇਮਾਰਤਾਂ ਨੂੰ ਕਿਟਾਣੂ ਰਹਿਤ ਕਰਦਾ ਰਹਿੰਦਾ ਹੈ। ਕਦੇ ਏਥੇ ਪੀਲਾ ਬੁਖਾਰ

ਬਹੁਤ ਹੋਇਆ ਕਰਦਾ ਸੀ ਪਰੰਤੂ ਮੈਂ ਬਰਾਜ਼ੀਲ ਵਿਚ 18 ਸਾਲ ਰਿਹਾ ਸਾਂ ਤੇ ਪੀਲੇ ਬੁਖ਼ਾਰ ਦੇ ਸਿਰਫ਼ ਦੋ ਕੇਸ ਹੀ ਹੋਏ। ਮਲੇਰੀਆ ਮਹਾਂਮਾਰੀ ਦਾ ਢੁਕਵੇਂ ਅਤੇ ਸੰਤੋਸ਼ਜਨਕ ਢੰਗ ਨਾਲ ਮੁਕਾਬਲਾ ਕੀਤਾ ਗਿਆ ਅਤੇ ਹੁਣ ਇਹ ਅਮਲੀ ਤੌਰ 'ਤੇ ਖ਼ਤਮ ਹੋ ਚੁੱਕੀ ਹੈ। ਉਹ ਮਲੇਰੀਏ ਦੇ ਇਲਾਜ ਲਈ ਬਲਿਊ ਮੈਥਾਈਲ (Blue Methlyl) ਵਰਤਦੇ ਸਨ।

ਰੌਕ ਫੈਲਰ ਮਿਸ਼ਨਜ਼ ਨੇ ਬਰਾਜ਼ੀਲ ਵਿਚ ਸਿਹਤ ਸੰਬੰਧੀ ਹਾਲਤਾਂ ਸੁਧਾਰਨ ਲਈ ਬਹੁਤ ਸੁਹਣਾ ਕੰਮ ਕੀਤਾ ਅਤੇ ਬਰਾਜ਼ੀਲ ਦੇ ਨਿਵਾਸੀਆਂ ਨੇ ਉਨ੍ਹਾਂ ਦੀ ਸਲਾਹ 'ਤੇ ਤਜ਼ਰਬੇ ਤੋਂ ਬੜੀ ਦਿਲਚਸਪੀ ਤੇ ਉਤਸ਼ਾਹ ਨਾਲ ਫ਼ਾਇਦਾ ਉਠਾ ਲਿਆ।

ਬਰਾਜ਼ੀਲੀਆਂ ਨੇ ਬਰਾਜ਼ੀਲ ਵਿਚ ਕਪਾਹ ਦੀ ਗੁਣਵੱਤਾ ਸੁਧਾਰੀ। ਇਹ ਕੰਮ ਉਦੋਂ ਸ਼ੁਰੂ ਕੀਤਾ ਗਿਆ ਜਦੋਂ ਮੈਂ ਉਥੇ ਗਿਆ ਸੀ ਅਤੇ ਇਹ ਮੁਹਿੰਮ ਅਜੇ ਵੀ ਜਾਰੀ ਹੈ। ਬਰਾਜ਼ੀਲ ਵਿਚ ਕਪਾਹ ਦੇ ਦਰਖ਼ਤ ਮਿਲਦੇ ਹਨ ਅਤੇ ਇਹ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿਚ ਨਹੀਂ ਮਿਲਦੇ। ਉਨ੍ਹਾਂ ਵਿਚੋਂ ਕੁਝ ਦਰਖ਼ਤ ਜੇਕਰ ਉਹ ਅਜੇ ਵੀ ਉਥੇ ਹੋਣ ਤਾਂ 140 ਸਾਲ ਪੁਰਾਣੇ ਹੋਣਗੇ ਅਤੇ ਉਹ ਹੁਣ ਵੀ ਜ਼ਰੂਰ ਕਪਾਹ ਦੇ ਰਹੇ ਹੋਣਗੇ। ਮਿਸਰ ਦੀ ਖਾਕੀ ਕਪਾਹ ਦੇ ਬੀਜਾਂ ਨੂੰ ਬ੍ਰਾਜ਼ੀਲ ਵਿਚ ਬੀਜਿਆ ਗਿਆ ਅਤੇ ਇਸ ਨੇ ਇਥੇ ਚੰਗੇ ਨਤੀਜੇ ਦਿੱਤੇ।

ਬ੍ਰਾਜ਼ੀਲ ਦੱਖਣੀ ਅਮਰੀਕਾ ਦਾ ਸਭ ਤੋਂ ਵੱਡਾ ਦੇਸ਼ ਹੈ। ਇਸ ਦਾ ਭਵਿੱਖ ਬੜਾ ਉੱਜਲਾ ਹੈ। ਇਸ ਵਿਚ ਕਈ ਪ੍ਰਕਾਰ ਦੇ ਖਣਿਜਾਂ ਦੇ ਭੰਡਾਰ ਹਨ। ਇਥੇ ਤਾਂਬਾ ਅਤੇ ਲੋਹੇ ਦੀਆਂ ਖਾਨਾਂ ਹਨ, ਕਰਿਸਟਲ, ਹੀਰੇ, ਸੋਨਾ, ਚਾਂਦੀ, ਬਾਕਸਾਈਟ ਅਤੇ ਹਰ ਪ੍ਰਕਾਰ ਦੇ ਖਣਿਜ ਜਿਨ੍ਹਾਂ ਦਾ ਕਾਰਖਾਨਿਆਂ ਦੇ ਉਤਪਾਦਨ ਵਿਚ ਬਹੁਤ ਵੱਡਾ ਮਹੱਤਵ ਹੈ, ਬਰਾਜ਼ੀਲ ਵਿਚ ਮੌਜੂਦ ਹਨ। ਸਿਰਫ਼ ਉਨ੍ਹਾਂ ਦੀ ਯੋਗ ਵਰਤੋਂ ਕਰਨੀ ਹੀ ਬਾਕੀ ਹੈ। ਇਸ ਦਾ ਬਹੁਤ ਥੋੜ੍ਹਾ ਹਿੱਸਾ ਅਜੇ ਵਰਤੋਂ ਵਿਚ ਲਿਆਂਦਾ ਗਿਆ ਹੈ। ਬਰਾਜ਼ੀਲ ਵਿਚ ਹਿੰਦੁਸਤਾਨੀਆਂ ਦੀ ਗਿਣਤੀ ਕੋਈ ਬਹੁਤੀ ਨਹੀਂ। ਸਾਰੇ ਬਰਾਜ਼ੀਲ ਵਿਚ ਇਹ ਕੋਈ 300 ਜਾਂ ਇਸ ਤੋਂ ਥੋੜ੍ਹੀ ਜ਼ਿਆਦਾ ਗਿਣਤੀ ਹੋਏਗੀ। ਉਨ੍ਹਾਂ ਵਿਚੋਂ ਕੁਝ ਸਿੰਧੀ ਵਪਾਰੀ ਹਨ ਜਿਹੜੇ ਆਪਣਾ ਵਪਾਰ ਕਿਸ਼ਤਾਂ 'ਤੇ ਸਮਾਨ ਵੇਚ ਕੇ ਕਰਦੇ ਹਨ ਜਿਵੇਂ ਯਹੂਦੀ ਕਰਦੇ ਹਨ। ਪਰੰਤੂ ਹਿੰਦੁਸਤਾਨੀਆਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਜਿਹੜੇ ਰੇਲ ਲਾਈਨਾਂ ਵਿਛਾਉਣ ਦੀ ਮਜ਼ਦੂਰੀ ਕਰਦੇ ਹਨ। ਜਿਹੜਾ ਕਿ ਦੇਸ਼ ਦੇ ਵੱਖੋ ਵੱਖ ਹਿੱਸਿਆਂ ਵਿਚ ਲਗਾਤਾਰ ਵਧ ਰਿਹਾ ਹੈ। ਉਹ ਆਮ ਤੌਰ 'ਤੇ ਜੰਗਲ ਕੱਟਣ ਦਾ ਕੰਮ ਕਰਦੇ ਹਨ ਜਿਨ੍ਹਾਂ ਤੋਂ ਰੇਲ ਲਾਈਨਾਂ ਲਈ ਸ਼ਤੀਰੀਆਂ ਬਣਾਈਆਂ ਜਾਂਦੀਆਂ ਹਨ। ਇਹ ਕੰਮ ਵੀ ਉਸ ਇਲਾਕੇ ਵਿਚ ਹੁੰਦਾ ਹੈ ਜਿਥੋਂ ਦੀ ਰੇਲ ਲਾਈਨ ਲੰਘਣੀ ਹੁੰਦੀ ਹੈ। ਇਹ ਬਹੁਤ ਸਖ਼ਤ ਕੰਮ ਹੈ ਅਤੇ ਪੰਜਾਬੀਆਂ ਅਤੇ ਪੁਰਤਗੀਜ਼ਾਂ ਤੋਂ

ਬਿਨਾਂ ਬਾਕੀ ਕੌਮਾਂ ਲਈ ਬਹੁਤ ਹੀ ਸਖ਼ਤ ਹੈ।

ਜਦੋਂ ਮੈਂ ਉਥੇ ਸੀ ਤਾਂ ਮੈਂ ਹਿੰਦੁਸਤਾਨੀ ਅਖ਼ਬਾਰਾਂ 'ਚ ਹੋਏ ਪਰਚਾਰ ਕਰਕੇ 300 ਗੁਜਰਾਤੀ ਜੋ ਕਿ ਸਰੀਰਕ ਤੌਰ 'ਤੇ ਕਮਜ਼ੋਰ ਸਨ, ਬਰਾਜ਼ੀਲ ਆ ਗਏ। ਜਦੋਂ ਉਹ ਉਥੇ ਪਹੁੰਚੇ ਤਾਂ ਉਨ੍ਹਾਂ ਦੀ ਹਾਲਤ ਬੜੀ ਭੈੜੀ ਹੋ ਗਈ ਕਿਉਂਕਿ ਉਹ ਸਰੀਰਕ ਤੌਰ ਵਤੇ ਉਹ ਕੰਮ ਕਰਨ ਤੋਂ ਅਸਮਰਥ ਸਨ ਜਿਹੜਾ ਪੰਜਾਬੀ ਕਰਦੇ ਸਨ। ਉਨ੍ਹਾਂ ਕੋਸ਼ਿਸ਼ ਬਹੁਤ ਕੀਤੀ ਪਰ ਉਹ ਡੇਢ ਘੰਟੇ ਤੋਂ ਵੱਧ ਕੰਮ ਨਾ ਕਰ ਸਕੇ ਜਦੋਂ ਕਿ ਦੂਸਰੇ ਅੱਠ ਤੋਂ ਦਸ ਘੰਟੇ ਪ੍ਰਤੀ ਦਿਨ ਕੰਮ ਕਰਦੇ ਸਨ। ਕੁਦਰਤੀ ਹੀ ਘਟ ਕੰਮ ਕਰਨ ਕਰਕੇ ਉਨ੍ਹਾਂ ਨੂੰ ਬਹੁਤ ਘੱਟ ਕਮਾਈ ਹੁੰਦੀ। ਅਖ਼ੀਰ ਵਿਚ ਉਨ੍ਹਾਂ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਜਾਂਦਾ ਅਤੇ ਉਨ੍ਹਾਂ ਨੂੰ ਹੋਰ ਕੰਮ ਨਾ ਦਿੱਤਾ ਜਾਂਦਾ। ਅਜਿਹੀ ਮੰਦੀ ਹਾਲਤ ਵਿਚ ਉਹ ਬਰਾਜ਼ੀਲ ਦੇ ਬਹੁਤ ਹੀ ਉਦਯੋਗਿਕ ਸ਼ਹਿਰ ਸਾਓ ਪਾਲੋ ਨੂੰ ਮੁਹਾਰਾਂ ਮੋੜ ਲੈਂਦੇ। ਉਥੇ ਬਹੁਤ ਸਾਰੇ ਕਾਰਖਾਨੇ ਸਨ ਪਰੰਤੂ ਉਹ ਸਰੀਰਕ ਕਮਜ਼ੋਰੀ ਕਰਕੇ ਕਾਰਖਾਨਿਆਂ ਵਿਚ ਵੀ ਕੰਮ ਕਰਨ ਤੋਂ ਅਸਮਰੱਥ ਰਹੇ। ਬਰਾਜ਼ੀਲ ਵਿਚ ਖ਼ੈਰੂਦੀਨ ਨਾਂ ਦਾ ਇਕ ਹਿੰਦੁਸਤਾਨੀ ਸੀ ਜਿਸਨੂੰ ਸਾਰੇ ਹਿੰਦੁਸਤਾਨੀ ਜਾਣਦੇ ਸਨ। ਉਹ ਉਥੇ ਆਉਂਦੇ ਹਰ ਹਿੰਦੁਸਤਾਨੀ ਦੀ ਮਦਦ ਕਰਦਾ। ਇਹ ਗੁਜਰਾਤੀ ਉਹਦੇ ਕੋਲ ਗਏ। ਉਸਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਕੋਈ ਹਲਕਾ ਕੰਮ ਕਰਨ। ਜਿਵੇਂ ਕਿ ਉਹ ਕੁਝ ਫਲ ਤੇ ਸਬਜ਼ੀਆਂ ਟੋਕਰੀਆਂ ਵਿਚ ਰੱਖ ਕੇ ਬਾਜ਼ਾਰ ਵਿਚ ਜਾਂ ਬਾਹਰ ਵੇਚ ਕੇ ਕੁਝ ਕਮਾਈ ਕਰਨ ਤੇ ਆਪਣਾ ਗੁਜ਼ਾਰਾ ਕਰਨ। ਪਰ ਇਸ ਕੰਮ ਵਿਚ ਉਨ੍ਹਾਂ ਬਹੁਤ ਘੱਟ ਦਿਲਚਸਪੀ ਵਿਖਾਈ ਕਿਉਂਕਿ ਉਨ੍ਹਾਂ ਵਿਚੋਂ ਕੁਝ ਨੇ ਇੰਜਨੀਅਰਿੰਗ ਦੀ ਪੜ੍ਹਾਈ ਕੀਤੀ ਹੋਈ ਸੀ। ਤੇ ਸਬਜ਼ੀਆਂ ਤੇ ਫਲ ਵੇਚਣ ਤੋਂ ਅਸਮਰਥ ਸਨ। ਖ਼ੈਰੂਦੀਨ ਨੇ ਸਾਰੇ ਹੀ ਪੰਜਾਬੀਆਂ ਤੋਂ ਕੁਝ ਫੰਡ ਇਕੱਠਾ ਕੀਤਾ ਅਤੇ ਉਸ ਵਿਚ ਬਹੁਤਾ ਹਿੱਸਾ ਉਸਨੇ ਆਪ ਪਾਇਆ। ਉਸਨੇ ਕੁਝ ਨੂੰ ਹਿੰਦੁਸਤਾਨ ਵਾਪਸ ਭੇਜ ਦਿੱਤਾ ਅਤੇ ਕੁਝ ਨੂੰ ਹੋਰ ਦੇਸ਼ਾਂ ਵਿਚ ਭੇਜ ਦਿੱਤਾ ਜਿਥੇ ਉਨ੍ਹਾਂ ਨੂੰ ਕੋਈ ਕੰਮ ਮਿਲਣ ਦੀ ਆਸ ਸੀ। ਉਨ੍ਹਾਂ ਵਿਚੋਂ ਕੁਝ ਟਰਿਨਿਟੀ ਟਾਪੂ ਚਲੇ ਗਏ ਜਿਹੜਾ ਉਥੋਂ ਬਹੁਤਾ ਦੂਰ ਨਹੀਂ ਸੀ। ਉਥੇ ਪਹਿਲਾਂ ਹੀ ਵਸੇ ਕੁਝ ਗੁਜਰਾਤੀ ਭਰਾਵਾਂ ਨੂੰ ਦੇਖ ਕੇ ਉਹ ਉਥੇ ਹੀ ਵਸ ਗਏ। ਕੁਝ ਦੂਸਰੇ ਇੰਗਲੈਂਡ ਚਲੇ ਗਏ ਜਿਨ੍ਹਾਂ ਨੂੰ ਉਥੇ ਕੋਈ ਕੰਮ ਮਿਲ ਗਿਆ। ਉਨ੍ਹਾਂ ਵਿਚ ਇਕ ਬਹੁਤ ਹੀ ਵੱਡਾ ਦੇਸ਼ ਭਗਤ ਪਾਟਿਲ ਸੀ ਜਿਸ ਨੂੰ ਸਾਰੇ ਇੰਗਲੈਂਡ ਦੇ ਲੋਕ ਜਾਣਦੇ ਸਨ।

ਬਰਾਜ਼ੀਲ ਵਿਚ ਹਿੰਦੁਸਤਾਨੀਆਂ ਦੀਆਂ ਮੁਸ਼ਕਲਾਂ ਦਾ ਕਾਰਨ ਅੰਗਰੇਜ਼ਾਂ ਦੀ ਨੀਤੀ ਸੀ। ਇਸ ਬਾਰੇ ਪਤਾ ਲੱਗਣ ਦਾ ਮੈਨੂੰ ਇਕ ਮੌਕਾ ਮਿਲਿਆ। ਮੇਰੇ ਬਰਾਜ਼ੀਲ ਵਿਚ ਆਉਣ ਸਮੇਂ ਬਰਾਜ਼ੀਲ ਵਿਚ ਵਾਹੀ ਲਈ ਉਪਜਾਊ ਜ਼ਮੀਨ ਉਪਲਬਧ ਸੀ। ਬਰਾਜ਼ੀਲ ਸਰਕਾਰ ਵਲੋਂ ਕਿਸਾਨਾਂ ਨੂੰ ਖੇਤੀਬਾੜੀ ਦੀਆਂ ਸਹੂਲਤਾਂ

ਮੁਹੱਈਆ ਕਰਵਾਈਆਂ ਗਈਆਂ। ਇੰਨੀਆਂ ਜ਼ਿਆਦਾ ਕਿ ਬਰਾਜ਼ੀਲੀ ਕਾਨੂੰਨ ਅਨੁਸਾਰ ਖੇਤੀਬਾੜੀ ਦੇ ਇਮੀਗਰਾਂਟਾਂ ਨੂੰ ਆਪਣੇ ਪਰਿਵਾਰ ਸਮੇਤ ਉਨ੍ਹਾਂ ਦੇ ਚੱਲਣ ਵਾਲੇ ਥਾਂ ਤੋਂ ਬਰਾਜ਼ੀਲ ਅਪੜਨ ਤੱਕ ਦਾ ਸਫ਼ਰ ਦਾ ਸਾਰਾ ਖ਼ਰਚ ਸਰਕਾਰ ਅਦਾ ਕਰਦੀ। ਉਨ੍ਹਾਂ ਦੇ ਉਥੇ ਪਹੁੰਚਣ ਤੇ ਉਹ ਬਰਾਜ਼ੀਲ ਸਰਕਾਰ ਦੇ ਮਹਿਮਾਨ ਹੁੰਦੇ। ਉਨ੍ਹਾਂ ਨੂੰ ਸਾਰਿਆਂ ਹੀ ਸੂਬਿਆਂ ਦੀ ਜ਼ਮੀਨ ਦਾ ਨਕਸ਼ਾ ਦਿਖਾਇਆ ਜਾਂਦਾ, ਮੌਸਮ ਦਾ ਵੇਰਵਾ, ਜ਼ਮੀਨ ਦੀ ਕਿਸਮ ਤੇ ਪੈਦਾਵਾਰ ਦੀ ਯੋਗਤਾ ਬਾਰੇ ਵੇਰਵੇ ਨਾਲ ਦੱਸਿਆ ਜਾਂਦਾ। ਲੋਕ ਜਿਹੜੀ ਵੀ ਥਾਂ ਚਾਹੁਣ ਦੇਖ ਕੇ ਚੁਣ ਸਕਦੇ ਸਨ। ਉਨ੍ਹਾਂ ਨੂੰ ਸਰਕਾਰ ਆਪਣੇ ਖਰਚੇ ਤੇ ਉਥੇ ਲਿਆਉਂਦੀ ਸੀ। ਜੇਕਰ ਉਨ੍ਹਾਂ ਨੂੰ ਉਹ ਥਾਂ ਪਸੰਦ ਨਾ ਆਉਂਦੀ ਤਾਂ ਉਹ ਉਨ੍ਹਾਂ ਨੂੰ ਹੋਰ ਥਾਵੇਂ ਲੈ ਕੇ ਜਾਂਦੇ, ਜਦੋਂ ਤਕ ਕਿ ਉਨ੍ਹਾਂ ਨੂੰ ਢੁਕਵੀਂ ਥਾਂ ਨਾ ਮਿਲ ਜਾਂਦੀ। ਫਿਰ ਸਰਕਾਰ ਉਨ੍ਹਾਂ ਨੂੰ ਰਹਿਣ ਲਈ ਘਰ ਬਣਾ ਕੇ ਦਿੰਦੀ। ਉਨ੍ਹਾਂ ਘਰਾਂ ਨੂੰ ਸਜਾਉਂਦੀ ਅਤੇ ਸੰਵਾਰਦੀ। ਉਨ੍ਹਾਂ ਨੂੰ ਖੇਤੀਬਾੜੀ ਦੇ ਸੰਦ ਅਤੇ ਬੀਜ਼ ਮੁਹੱਈਆ ਕਰਵਾਉਂਦੀ ਅਤੇ ਇਹ ਸਭ ਕੁਝ ਉਦੋਂ ਤੱਕ ਕਰਦੀ ਜਦੋਂ ਤੱਕ ਕਿ ਜ਼ਮੀਨ ਖੇਤੀਬਾੜੀ ਦੀ ਪੈਦਾਵਾਰ ਦੇਣ ਨਾ ਲੱਗ ਜਾਂਦੀ। ਸਰਕਾਰ ਉਨ੍ਹਾਂ ਨੂੰ ਫਾਰਮ ਦੇ ਨੇੜੇ ਕੰਮ ਕਰਨ ਲਈ ਹਰ ਸਹੂਲਤ ਦਿੰਦੀ। ਜਿਹੜੀ ਉਨ੍ਹਾਂ ਦੇ ਗੁਜ਼ਾਰੇ ਦੀ ਗਰੰਟੀ ਕਰ ਸਕੇ। ਫਿਰ ਜਦੋਂ ਇਮੀਗਰਾਂਟਾਂ ਦੀ ਜ਼ਮੀਨ ਕਾਫ਼ੀ ਪੈਦਾਵਾਰ ਦੇਣ ਲਗਦੀ ਅਤੇ ਉਹ ਆਪਣੇ ਤੌਰ 'ਤੇ ਗੁਜ਼ਾਰਾ ਕਰਨ ਦੇ ਲਾਇਕ ਹੋ ਜਾਂਦੇ ਤਾਂ ਉਹ ਜ਼ਮੀਨ ਅਤੇ ਘਰ ਦੀ ਕੀਮਤ ਦੇਣ ਲਈ ਹਰ ਸਾਲ ਕੁਝ ਰਾਸ਼ਨ ਸਰਕਾਰ ਨੂੰ ਦਿੰਦੇ। ਪੰਜ ਜਾਂ ਛੇ ਸਾਲਾਂ ਵਿਚ ਅਤੇ ਕਈ ਹਾਲਤਾਂ ਵਿਚ ਦਸ ਸਾਲਾਂ ਵਿਚ ਇਮੀਗਰਾਂਟ ਘਰ ਤੇ ਜ਼ਮੀਨ ਜਾਇਦਾਦ ਦੇ ਮਾਲਕ ਬਣ ਜਾਂਦੇ। ਜ਼ਮੀਨ ਦੀ ਕੀਮਤ ਪੈਣ ਲੱਗੀ ਕਿਉਂਕਿ ਇਹ ਖੇਤੀਬਾੜੀ ਲਈ ਬੜੀ ਵਧੀਆ ਤੇ ਯੋਗ ਸੀ। ਕੁਝ ਲੋਕ ਮੁਰਗੀਖਾਨੇ ਤੋਂ, ਜਾਨਵਰਾਂ ਦੀ ਬਰੀਡਿੰਗ ਕਰਕੇ ਅਤੇ ਸਬਜ਼ੀਆਂ ਉਗਾ ਕੇ ਸ਼ਹਿਰਾਂ ਵਿਚ ਵੇਚਣ ਲਈ ਭੇਜਦੇ ਪਰ ਕੁਝ ਹੋਰ ਸਨ ਜੋ ਆਪਣੀ ਜਾਇਦਾਦ ਵੇਚਣ ਨੂੰ ਪਹਿਲ ਦਿੰਦੇ ਅਤੇ ਇਸ ਤੋਂ ਪ੍ਰਾਪਤ ਹੋਈ ਰਾਸ਼ੀ ਨਾਲ ਆਪਣੇ ਆਪ ਨੂੰ ਵਪਾਰੀ ਵਜੋਂ ਸਥਾਪਤ ਕਰ ਲੈਂਦੇ।

ਇਹ ਸਭ ਕੁਝ ਦੇਖ ਕੇ ਮੈਂ ਅਧਿਕਾਰੀਆਂ ਨੂੰ ਕੁਝ ਪੰਜਾਬੀਆਂ ਨੂੰ ਵਸਾਉਣ ਲਈ ਪਹੁੰਚ ਕੀਤੀ। ਮੈਨੂੰ ਉਨ੍ਹਾਂ ਮੁਸ਼ਕਲਾਂ ਦਾ ਪਤਾ ਸੀ ਜਿਹੜੀਆਂ ਹਿੰਦੁਸਤਾਨੀ ਸਹਿੰਦੇ ਸਨ। ਉਸ ਵੇਲੇ ਦਾ ਖੇਤੀਬਾੜੀ ਵਜ਼ੀਰ ਜੋਸ਼ ਬੇਜ਼ੈਰਾ ਮੇਰਾ ਪੱਕਾ ਦੋਸਤ ਸੀ ਕਿਉਂਕਿ ਸਵਿਟਜ਼ਰਲੈਂਡ ਵਿਚ ਲੂਜ਼ੋਨ ਵਿਖੇ ਉਸਦਾ ਪੁੱਤਰ ਮੇਰਾ ਵਿਦਿਆਰਥੀ ਸੀ। ਉਸਨੇ ਸੈਕਟਰੀ ਨੂੰ ਲਿਖ ਕੇ ਭੇਜਿਆ ਕਿ ਉਹ ਹਿੰਦੁਸਤਾਨੀਆਂ ਲਈ ਹਰ ਸਹੂਲਤ ਮੁਹੱਈਆ ਕਰੇ। ਉਨ੍ਹਾਂ ਨੂੰ ਉਪਲਬਧ ਸਭ ਤੋਂ ਵਧੀਆ ਜ਼ਮੀਨ ਦਿਖਾਵੇ ਅਤੇ ਜੇਕਰ ਉਸ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਸੀ

ਤਾਂ ਉਹ ਉਸਨੂੰ ਦੱਸੇ ਜਿਹੜੀ ਉਹ ਆਪ ਦੂਰ ਕਰਨ ਦੀ ਕੋਸ਼ਿਸ਼ ਕਰੇਗਾ। ਇਸ ਸਿਫਾਰਸ਼ ਨਾਲ ਮੈਂ ਸੈਕਟਰੀ ਕੋਲ ਗਿਆ ਪਰ ਸੈਕਟਰੀ ਨੇ ਮੈਨੂੰ ਦੱਸਿਆ ਕਿ ਲਗਭਗ ਨਾ ਮੁਮਕਿਨ ਸੀ ਕਿ ਕਿਸੇ ਹਿੰਦੁਸਤਾਨੀ ਨੂੰ ਜ਼ਮੀਨ ਦੇ ਸਕੇ। ਇਸ ਦਾ ਕਾਰਨ ਉਸਨੇ ਇਹ ਦੱਸਿਆ ਕਿ ਕਾਨੂੰਨ ਅਨੁਸਾਰ ਉਨ੍ਹਾਂ ਇਮੀਗਰਾਂਟਾਂ ਨੂੰ ਜ਼ਮੀਨ ਦਿੱਤੀ ਜਾ ਸਕਦੀ ਸੀ ਜਿਨ੍ਹਾਂ ਦੇ ਪਰਿਵਾਰ ਨਾਲ ਹੋਣ। ਉਸਨੇ ਕਿਹਾ ਕਿ ਇਸ ਕਰਕੇ ਸਭ ਤੋਂ ਵਧੀਆ ਤਰੀਕਾ ਇਹ ਸੀ ਕਿ ਉਨ੍ਹਾਂ ਨੂੰ ਖੇਤੀਬਾੜੀ ਦੇ ਕੰਮ ਵਿਚ ਚੰਗੀਆਂ ਤਨਖਾਹਾਂ ਵਾਲੀ ਨੌਕਰੀ ਦਿਵਾਈ ਜਾਵੇ। ਇਹ ਕੰਮ ਉਹ ਉਸੇ ਵੇਲੇ ਕਰ ਸਕਦਾ ਸੀ ਤੇ ਨਾਲੇ ਉਨ੍ਹਾਂ ਦਾ ਮਕਸਦ ਵੀ ਤਾਂ ਪੈਸੇ ਕਮਾਉਣਾ ਹੀ ਸੀ। ਮੈਂ ਉਸ ਨੂੰ ਕਿਹਾ ਕਿ ਜੇ ਵਜ਼ੀਰ ਕੋਲੋਂ ਜ਼ਮੀਨ ਲੈਣ ਦੀ ਮਨਜ਼ੂਰੀ ਸਪੱਸ਼ਟ ਸ਼ਬਦਾਂ ਵਿਚ ਲੈ ਲਵਾਂ ਕਿ ਉਹ ਤਿੰਨ ਸਾਲਾਂ ਦੇ ਅਰਸੇ ਵਿਚ ਆਪਣਾ ਪਰਿਵਾਰ ਲੈ ਆਉਣਗੇ ਤਾਂ ਕੀ ਉਸਨੂੰ ਕੋਈ ਇਤਰਾਜ਼ ਸੀ। ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਉਸਨੇ ਫਿਰ ਕਿਹਾ ਕਿ ਭਾਵੇਂ ਕਿ ਵਜ਼ੀਰ ਜੋ ਚੰਗਾ ਸਮਝੇ ਹੁਕਮ ਦੇ ਸਕਦਾ ਸੀ ਪਰ ਉਸ ਦੇ ਵਿਚਾਰ ਵਿਚ ਇਹੀ ਬਿਹਤਰ ਸੀ ਕਿ ਉਨ੍ਹਾਂ ਨੂੰ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਦਵਾਈਆਂ ਜਾਣ। ਉਨ੍ਹਾਂ ਨੂੰ ਖੇਤੀ ਵਾਸਤੇ ਜ਼ਮੀਨ ਦੁਆਉਣ ਲਈ ਜ਼ੋਰ ਨਾ ਦਿੱਤਾ ਜਾਵੇ। ਮੈਂ ਉਸ ਨੂੰ ਕੁਝ ਚਿਰ ਇੰਤਜ਼ਾਰ ਕਰਨ ਲਈ ਕਿਹਾ। ਮੈਂ ਵਜ਼ੀਰ ਕੋਲ ਗਿਆ ਅਤੇ ਉਸ ਕੋਲੋਂ ਲਿਖਤੀ ਹੁਕਮ ਲੈ ਕੇ ਆਇਆ ਕਿ ਜੇਕਰ ਹਿੰਦੁਸਤਾਨੀ ਇਮੀਗਰਾਂਟ ਇਕ ਦਸਤਾਵੇਜ਼ ਤੇ ਸ਼ਾਹਦੀ ਭਰਨ ਕਿ ਉਹ ਤਿੰਨ ਸਾਲਾਂ ਦੇ ਅੰਦਰ ਆਪਣਾ ਪਰਿਵਾਰ ਲਿਆਉਣਗੇ ਤਾਂ ਉਨ੍ਹਾਂ ਨੂੰ, ਜਿਥੇ ਚਾਹੁਣ ਜ਼ਮੀਨ ਦੇ ਦਿੱਤੀ ਜਾਵੇ ਅਤੇ ਸੈਕਟਰੀ ਉਨ੍ਹਾਂ ਲਈ ਢੁਕਵੀਂ ਜ਼ਮੀਨ ਲੱਭਣ ਵਿਚ ਉਨ੍ਹਾਂ ਦੀ ਮੱਦਦ ਕਰੇ। ਮੈਂ ਸੈਕਟਰੀ ਕੋਲ ਇਹਨਾਂ ਹੁਕਮਾਂ ਨਾਲ ਵਾਪਸ ਮੁੜਿਆ ਤਾਂ ਇਹਨਾਂ ਹੁਕਮਾਂ ਦੇ ਬਾਵਜੂਦ ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਤੇ ਬੇਨਤੀ ਕੀਤੀ, "ਰੱਬ ਦਾ ਵਾਸਤਾ ਜੇ, ਮੈਨੂੰ ਹਿੰਦੁਸਤਾਨੀਆਂ ਨੂੰ ਜ਼ਮੀਨ ਦੇਣ ਲਈ ਮਜ਼ਬੂਰ ਨਾ ਕਰੋ। ਭਾਵੇਂ ਕਿ ਵਜ਼ੀਰ ਦੇ ਸਪੱਸ਼ਟ ਲਿਖਤੀ ਹੁਕਮਾਂ ਦੀ ਜ਼ਿੰਮੇਵਾਰੀ ਵਜ਼ੀਰ ਦੀ ਬਣਦੀ ਸੀ ਪਰ ਵਜ਼ੀਰ ਦੇ ਬਦਲਣ ਉਤੇ ਅਤੇ ਨਵਾਂ ਵਜ਼ੀਰ ਆਉਣ ਤੇ ਮੇਰੇ ਉੱਤੇ ਇਲਜ਼ਾਮ ਆਵੇਗਾ ਕਿ ਮੈਂ ਕਾਨੂੰਨ ਦੀ ਪਾਲਣਾ ਨਹੀਂ ਕੀਤੀ।" ਇਹ ਵੇਖ ਕੇ ਮੈਂ ਫਿਰ ਵਜ਼ੀਰ ਨਾਲ ਗੱਲ ਕੀਤੀ ਅਤੇ ਉਸ ਨੂੰ ਦੱਸਿਆ ਕਿ ਸੈਕਟਰੀ ਕਿਵੇਂ ਅੱਖਾਂ ਵਿਚ ਅੱਥਰੂ ਭਰ ਕੇ ਉਹ ਕੁਝ ਕਰਨ ਤੋਂ ਕੰਨੀ ਕਤਰਾ ਰਿਹਾ ਸੀ ਜੋ ਮੈਂ ਚਾਹੁੰਦਾ ਸੀ ਕਿ ਕੀਤਾ ਜਾਵੇ। ਵਜ਼ੀਰ ਸਪੱਸ਼ਟ ਤੇ ਸੱਚ ਕਹਿਣ ਵਾਲਾ ਵਿਅਕਤੀ ਸੀ ਅਤੇ ਮੇਰਾ ਦੋਸਤ ਸੀ। ਉਸਨੇ ਕਿਹਾ, "ਕੀ ਤੁਸੀਂ ਸਮਝ ਸਕਦੇ ਹੋ ਕਿ ਸਾਡੇ ਲੋਕ ਕਿਵੇਂ ਬਦੇਸ਼ੀ ਸਰਕਾਰ ਦੇ ਹਿੱਤ ਵਿਚ ਕੰਮ ਕਰਦੇ ਹਨ? ਮੈਨੂੰ ਪਤਾ ਹੈ ਕਿ ਵਜ਼ੀਰ ਬਦਲ ਜਾਂਦੇ ਹਨ ਪਰ ਸਟਾਫ਼ ਉਹੀ ਰਹਿੰਦਾ ਹੈ ਅਤੇ ਸਟਾਫ਼ ਬਦੇਸ਼ੀਆਂ ਦੀ ਸੇਵਾ ਕਰਦਾ ਹੈ। ਉਨ੍ਹਾਂ ਨੂੰ

ਪੈਸੇ ਦਿੱਤੇ ਜਾਂਦੇ ਹਨ। ਇਸ ਦੇ ਬਦਲੇ ਉਹ ਬਦੇਸ਼ੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਦੇ ਹਨ। ਤੁਹਾਨੂੰ ਇਹ ਪਤਾ ਹੋਵੇਗਾ ਕਿ ਅੰਗਰੇਜ਼ਾਂ ਦੀਆਂ ਇਹ ਹਦਾਇਤਾਂ ਹਨ ਕਿ ਹਿੰਦੁਸਤਾਨੀਆਂ ਨੂੰ ਬਰਾਜ਼ੀਲ ਵਿਚ ਵਸਣ ਨਾ ਦਿੱਤਾ ਜਾਵੇ। ਜੇਕਰ ਮੈਂ ਜ਼ੋਰ ਦਿੰਦਾ ਹਾਂ ਤੇ ਸੈਕਟਰੀ ਤੇ ਦਬਾਅ ਪਾ ਕੇ ਹਿੰਦੁਸਤਾਨੀਆਂ ਨੂੰ ਜ਼ਮੀਨ ਦੁਆ ਵੀ ਦਿੰਦਾ ਹਾਂ ਤਾਂ ਜਦੋਂ ਮੈਂ ਵਜ਼ੀਰ ਨਹੀਂ ਹੋਵਾਂਗਾ ਤਾਂ ਉਨ੍ਹਾਂ ਨੂੰ ਜ਼ਮੀਨ ਛੱਡਣ ਲਈ ਮਜ਼ਬੂਰ ਕੀਤਾ ਜਾਵੇਗਾ। ਅਸਲ ਹਾਲਾਤ ਇਹ ਹਨ, ਇਹ ਸਾਡੀ ਚਾਹਤ ਮੁਤਾਬਕ ਨਹੀਂ ਹਨ।

ਬਰਾਜ਼ੀਲ ਵਿਚ ਮੈਂ ਇੰਡੀਅਨ ਸੁਸਾਇਟੀ ਬਣਾਉਣ ਦਾ ਇੰਤਜ਼ਾਮ ਕੀਤਾ ਤਾਂ ਕਿ ਹਿੰਦੁਸਤਾਨੀ ਵੇਲੇ ਵੇਲੇ ਆਪੋ ਵਿਚ ਮਿਲ ਬੈਠ ਸਕਣ, ਇਕ ਦੂਸਰੇ ਨੂੰ ਸਮਝ ਸਕਣ, ਦੇਸ਼ ਪ੍ਰਤੀ ਆਪਣੇ ਫਰਜ਼ਾਂ ਬਾਰੇ ਗੱਲਬਾਤ ਕਰ ਸਕਣ। ਨਵੇਂ ਆਉਣ ਵਾਲਿਆਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਉਨ੍ਹਾਂ ਦੀ ਸਹਾਇਤਾ ਲਈ ਫੰਡ ਇਕੱਠਾ ਕਰ ਸਕਣ ਅਤੇ ਕੁਝ ਫੰਡ ਕੈਲੀਫੋਰਨੀਆ ਵਿਖੇ ਇਨਕਲਾਬੀ ਸੁਸਾਇਟੀ ਗਦਰ ਪਾਰਟੀ ਨੂੰ ਭੇਜਣ। ਇਸ ਤਰੀਕੇ ਨਾਲ ਮੈਂ ਉਨ੍ਹਾਂ ਵਿਚ ਦੇਸ਼ ਪ੍ਰੇਮ ਭਰਿਆ ਤੇ ਲੋੜ ਪੈਣ ਤੇ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਨੂੰ ਤਿਆਰ ਕੀਤਾ ਕਿਉਂਕਿ ਉਹ ਆਜ਼ਾਦ ਦੇਸ਼ ਵਿਚ ਰਹਿੰਦੇ ਸਨ ਅਤੇ ਖ਼ਾਸ ਕਰ ਬਰਾਜ਼ੀਲ ਵਿਚ ਜਿਥੇ ਨਸਲੀ ਵਿਤਕਰਾ ਨਹੀਂ ਸੀ। ਸਾਰਾ ਸਮਾਂ, ਜਿੰਨਾ ਮੈਂ ਬਰਾਜ਼ੀਲ ਵਿਚ ਰਿਹਾ ਮੈਂ ਹਿੰਦੁਸਤਾਨ ਲਈ ਢੁਕਵੀਆਂ ਹਾਲਤਾਂ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ ਕਿਉਂਕਿ ਮੈਂ ਸਮਝਦਾ ਸੀ ਕਿ ਹਿੰਦੁਸਤਾਨੀ ਬਰਾਜ਼ੀਲ ਵਿਚ ਰਹਿਣ ਦਾ ਪੂਰਾ ਫ਼ਾਇਦਾ ਉਠਾ ਸਕਣ।

ਜਦੋਂ ਮੈਂ ਬਰਾਜ਼ੀਲ ਵਿਚ ਸੀ ਤਾਂ ਜਪਾਨ ਤੋਂ ਇਕ ਮਿਸ਼ਨ ਉਥੇ ਇਹ ਅਧਿਅਨ ਕਰਨ ਲਈ ਆਇਆ ਕਿ ਬਰਾਜ਼ੀਲ ਵਿਚ ਜਪਾਨੀਆਂ ਦੀ ਇਮੀਗ੍ਰੇਸ਼ਨ ਦੀਆਂ ਕੀ ਸੰਭਾਵਨਾਵਾਂ ਹਨ। ਮਿਸ਼ਨ ਦਾ ਮੁਖੀ ਸ੍ਰੀ ਹੋਨੇ ਮੈਨੂੰ ਰੀਓ ਡੀ ਜੀਨੀਰੀਓ ਵਿਖੇ ਮਿਲਿਆ ਅਤੇ ਮੈਨੂੰ ਪੁੱਛਿਆ ਕਿ ਮੈਂ ਜਪਾਨੀਆਂ ਦੀ ਇਮੀਗਰੇਸ਼ਨ ਲਈ ਕਿਹੜੀ ਸਭ ਤੋਂ ਢੁਕਵੀਂ ਥਾਂ ਦੀ ਸਿਫ਼ਾਰਸ਼ ਕਰਦਾ ਹਾਂ। ਜਿਵੇਂ ਕਿ ਉਸਨੇ ਮੈਨੂੰ ਦੱਸਿਆ ਸੀ ਕਿ ਮਿਸ਼ਨ ਵਿਚ ਇਕ ਡਾਕਟਰ, ਇਕ ਖਣਿਜ ਇੰਜੀਨੀਅਰ, ਇਕ ਖੇਤੀ ਵਾਸਤੇ ਜ਼ਮੀਨ ਦੀ ਗੁਣਵੱਤਾ ਪ੍ਰਖਣ ਵਾਲਾ ਅਤੇ ਇਕ ਅਰਥ ਸ਼ਾਸਤਰੀ ਅਤੇ ਕੁਝ ਹੋਰ ਅਸਿਸਟੈਂਟ ਟੈਕਨੀਸ਼ਨ ਤੇ ਖੇਤੀ ਸਮੱਸਿਆਵਾਂ ਦੇ ਮਾਹਿਰ ਸਨ। ਮੈਂ ਉਸ ਨੂੰ ਸਲਾਹ ਦਿੱਤੀ ਕਿ ਅਜਿਹੇ ਸਟਾਫ਼ ਨਾਲ ਉਸ ਨੂੰ ਇਹ ਦੇਖਣਾ ਚਾਹੀਦਾ ਸੀ ਕਿ ਉਸ ਦੇ ਦੇਸ਼ ਵਾਸੀਆਂ ਲਈ ਕਿਥੇ ਦਾ ਮੌਸਮ ਢੁਕਵਾਂ ਸੀ, ਫਿਰ ਜ਼ਮੀਨ ਦੀ ਗੁਣਵੱਤਾ ਦੇਖ ਕੇ ਉਹ ਥਾਂ ਦੀ ਚੋਣ ਕਰ ਸਕਦੇ ਸਨ। ਇਸ ਤਰ੍ਹਾਂ ਸਿਹਤ ਲਈ ਢੁਕਵੀਂ, ਜ਼ਮੀਨ ਦੀ ਚੰਗੀ ਸਮਰੱਥਾ ਅਤੇ ਉਸ ਵਿਚ ਉਨ੍ਹਾਂ ਦੀ ਲੋੜ ਮੁਤਾਬਕ ਕੀ ਪੈਦਾਵਾਰ ਹੋ ਸਕਦੀ ਹੈ। ਇਹਨਾਂ ਤੱਥਾਂ ਦੀ ਰੋਸ਼ਨੀ ਵਿਚ ਹੀ ਉਹ

ਥਾਂ ਦੀ ਚੋਣ ਕਰਨ। ਉਹ ਮੇਰੇ ਨਾਲ ਸਹਿਮਤ ਹੋਇਆ ਅਤੇ ਮੈਨੂੰ ਪਾਰਾ ਦੇ ਗਵਰਨਰ ਡਾਇਓਨੀਸੀਓ ਬੇਨਸਟੇਸ, ਜਿਹੜਾ ਮੇਰਾ ਦੋਸਤ ਸੀ, ਨੂੰ ਸਿਫ਼ਾਰਸ਼ ਕਰਨ ਲਈ ਕਿਹਾ। ਮੈਂ ਉਸ ਦੀ ਬੇਨਤੀ ਮੰਨ ਲਈ ਅਤੇ ਉਸ ਤੋਂ ਕੁਝ ਚਿਰ ਬਾਅਦ ਜਪਾਨੀ ਉਸ ਨੂੰ ਮਿਲਣ ਲਈ ਗਏ। ਉਸਨੇ ਉਨ੍ਹਾਂ ਨੂੰ ਜ਼ਮੀਨ ਵਿਚ ਬਹੁਤ ਵੱਡੀ ਰਿਆਇਤ ਦਿੱਤੀ। ਇਸ ਦੇ ਸਿੱਟੇ ਵਜੋਂ ਅੱਜ ਪਾਰਾ ਸਟੇਟ ਵਿਚ ਬਹੁਤ ਹੀ ਖ਼ੁਸ਼ਹਾਲ ਜਪਾਨੀ ਬਸਤੀ ਵਸੀ ਹੋਈ ਹੈ। ਇਸ ਬਸਤੀ ਪਿੱਛੇ ਇਕ ਇਤਿਹਾਸ ਹੈ ਜਿਸਦਾ ਜ਼ਿਕਰ ਕਰਨਾ ਬਣਦਾ ਹੈ। ਡਾ. ਡਾਇਓਨੀਸੀਓ ਬੈਨਸਟੇਸ ਰੀਓ ਡੀ. ਜਨੇਰੀਓ ਦਾ ਸੈਨੇਟਰ ਸੀ ਜਦੋਂ ਉਹ ਪਾਰਾ ਦਾ ਗਵਰਨਰ ਬਣਿਆ। ਉਸ ਨੇ ਉੱਤਰ ਵਿਚ ਜਾਣ ਤੋਂ ਪਹਿਲਾਂ ਮੇਰੇ ਨਾਲ ਲੰਬੀ ਗੱਲਬਾਤ ਕੀਤੀ। ਉਸਨੇ ਪਾਰਾ ਦੀ ਹਾਲਤ ਦਾ ਮੇਰੇ ਕੋਲ ਵਰਣਨ ਕੀਤਾ। ਸਰਕਾਰੀ ਮੁਲਾਜ਼ਮਾਂ ਦੀ ਛੇ ਸੱਤ ਮਹੀਨਿਆਂ ਦੀ ਤਨਖ਼ਾਹ ਦਾ ਬਕਾਇਆ ਸਰਕਾਰ ਸਿਰ ਸੀ। ਉਥੇ ਇਕ ਵੀ ਚੌਲਾਂ ਦੀ ਮਿੱਲ ਨਹੀਂ ਸੀ ਅਤੇ ਉਸ ਨੂੰ ਇਹ ਸਮਝ ਨਹੀਂ ਸੀ ਲਗਦੀ ਕਿ ਉਹ ਇਸ ਔਖੀ ਘੜੀ ਕੀ ਕਰੇ? ਉਸ ਨੇ ਮੇਰੀ ਇਸ ਬਾਰੇ ਰਾਏ ਮੰਗੀ। ਮੈਂ ਉਸ ਨੂੰ ਕਿਹਾ ਕਿ ਪੈਸਾ ਉੱਥੋਂ ਹੀ ਲਿਆਂਦਾ ਜਾ ਸਕਦਾ ਸੀ, ਜਿਥੋਂ ਮਿਲ ਸਕਦਾ ਹੋਵੇ। ਇਹ ਅਮਰੀਕਾ ਤੋਂ, ਇੰਗਲੈਂਡ ਤੋਂ ਜਾਂ ਫਰਾਂਸ ਤੋਂ ਹੀ ਆ ਸਕਦਾ ਸੀ। ਪਰ ਉਹ ਇਸ ਗੱਲ ਦਾ ਜ਼ਰੂਰ ਧਿਆਨ ਰੱਖੇ ਕਿ ਉਹ ਬਦੇਸ਼ੀ ਹਿੱਤਾਂ ਨੂੰ ਆਪਣੇ ਦੇਸ਼ ਵਿਚ ਦਖ਼ਲ ਦੇਣ ਦੀ ਇਜ਼ਾਜ਼ਤ ਦੇ ਰਿਹਾ ਹੋਵੇਗਾ। ਉਸਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਅਮਰੀਕਾ ਇਸ ਸੂਬੇ ਵਿਚ ਕੁਝ ਰਿਆਇਤਾਂ ਦੀ ਮੰਗ ਕਰਦਾ ਸੀ। ਜਦੋਂ ਮੈਂ ਪੁੱਛਿਆ ਕਿ ਉਹ ਕੀ ਰਿਆਇਤ ਚਾਹੁੰਦਾ ਸੀ ਤਾਂ ਉਸਨੇ ਦੱਸਿਆ ਕਿ ਹੈਨਰੀ ਫੋਰਡ ਉਥੇ ਰਬੜ ਦੇ ਬੂਟੇ ਬੀਜਣਾ ਚਾਹੁੰਦਾ ਸੀ। ਉਸ ਦੀ ਬਿਜਾਈ ਵਾਸਤੇ ਇਹ ਸਭ ਤੋਂ ਢੁਕਵੀਂ ਥਾਂ ਸੀ। ਉਸ ਨੇ ਵਾਇਦਾ ਕੀਤਾ ਸੀ ਕਿ ਉਹ ਇਸ ਲਈ ਜਿੰਨੀ ਰਕਮ ਚਾਹੇ ਲਿਆ ਸਕਦਾ ਸੀ ਅਤੇ ਉਹ ਲੱਖਾਂ ਲੋਕਾਂ ਲਈ ਕੰਮ ਮੁਹੱਈਆ ਕਰਵਾ ਸਕਦਾ ਸੀ ਜੇ ਉਹ ਕੰਮ ਕਰਨਾ ਚਾਹੁਣ ਤਾਂ। ਕੁਦਰਤੀ ਸੀ ਕਿ ਇਸ ਨਾਲ ਸੂਬੇ ਨੂੰ ਬਹੁਤ ਮਦਦ ਮਿਲਦੀ। ਮੈਂ ਉਸ ਨੂੰ ਆਖਿਆ ਕਿ ਉਹ ਅਮਰੀਕਨਾਂ ਨੂੰ ਇਹ ਰਿਆਇਤ ਦੇ ਦੇਵੇ ਪਰੰਤੂ ਉਸਨੂੰ ਇਹੀ ਰਿਆਇਤਾਂ ਜਪਾਨੀਆਂ ਨੂੰ ਵੀ ਦੇ ਦੇਣੀਆਂ ਚਾਹੀਦੀਆਂ ਹਨ। ਕਿਉਂਕਿ ਜਪਾਨੀ ਅਮਰੀਕਨਾਂ ਤੇ ਅੱਖ ਰੱਖਣਗੇ ਅਤੇ ਉਹ ਇਹ ਨਹੀਂ ਚਾਹੁਣਗੇ ਕਿ ਅਮਰੀਕਾ ਬਰਾਜ਼ੀਲ ਦੀ ਆਜ਼ਾਦੀ ਨੂੰ ਹੜੱਪ ਲੈਣ ਅਤੇ ਬਿਲਕੁਲ ਇਹੀ ਗੱਲ ਅਮਰੀਕਨ ਜਪਾਨੀਆਂ ਬਾਰੇ ਕਰਨਗੇ। ਦੋਹਰੀਆਂ ਰਿਆਇਤਾਂ ਦੇਣ ਨਾਲ ਉਹ ਬਰਾਜ਼ੀਲ ਨੂੰ ਸੁਰੱਖਿਅਤ ਵੀ ਕਰ ਲਵੇਗਾ ਅਤੇ ਸਟੇਟ ਨੂੰ ਖ਼ੁਸ਼ਹਾਲ ਵੀ ਬਣਾ ਲਵੇਗਾ। ਉਹ ਮੇਰੀ ਗੱਲ ਮੰਨ ਗਿਆ ਅਤੇ ਇਸ ਅਨੁਸਾਰ ਉਸਨੇ ਹੈਨਰੀ ਫੋਰਡ ਨੂੰ ਰਿਆਇਤਾਂ ਦਿੱਤੀਆਂ ਅਤੇ ਨਾਲ ਹੀ ਮਹਾਨ ਜਪਾਨੀ ਉਦਯੋਗਪਤੀ ਫੁਰੂਕਾਵਾ ਨੂੰ ਵੀ ਆਪਣੀ

ਸਟੇਟ ਵਿਚ ਰਿਆਇਤਾਂ ਦਿੱਤੀਆਂ ਅਤੇ ਪਾਰਾ ਨੂੰ ਚੌਲਾਂ ਵਿਚ ਆਤਮ ਨਿਰਭਰ ਕਰ ਦਿੱਤਾ ਅਤੇ ਅਗਲੇ ਹੋਰ ਕੁਝ ਸਾਲਾਂ ਵਿਚ ਸਟੇਟ ਕੋਲ 330 ਟਨ ਚੌਲਾਂ ਦਾ ਫਾਲਤੂ ਭੰਡਾਰ ਹੋ ਗਿਆ ਜੋ ਉਹ ਦੂਸਰੇ ਰਾਜਾਂ ਨੂੰ ਜਪਾਨੀ ਜੱਥੇਬੰਦ ਮਜ਼ਦੂਰਾਂ ਰਾਹੀਂ ਨਿਰਯਾਤ ਕਰ ਸਕਦਾ ਸੀ। ਦੂਸਰੇ ਪਾਸੇ ਫੋਰਡ ਨੇ ਸਟੇਟ ਦਾ ਕੋਈ ਬੰਦਾ ਬੇਰੁਜ਼ਗਾਰ ਨਾ ਰਹਿਣ ਦਿੱਤਾ। ਫੋਰਡ ਅਤੇ ਜਪਾਨੀਆਂ ਨੇ ਸਟੇਟ ਦੇ ਲੋਕਾਂ ਲਈ ਹਸਪਤਾਲ ਖੋਲ੍ਹੇ। ਵਧੀਆ ਸੜਕਾਂ ਬਣਾਈਆਂ ਗਈਆਂ। ਇਕੋ ਇਕ ਸ਼ਰਤ ਜੋ ਫੋਰਡ ਨੇ ਰੱਖੀ, ਉਹ ਇਹ ਸੀ ਕਿ ਉਸਦੇ ਫਾਰਮ ਤੇ ਉਹ ਬੰਦਾ ਕੰਮ ਨਹੀਂ ਸੀ ਕਰ ਸਕਦਾ ਜਿਹੜਾ ਸ਼ਰਾਬ ਪੀਂਦਾ ਸੀ। ਇਸ ਲਈ ਸਿਰਫ਼ ਉਹੀ ਬਰਾਜ਼ੀਲੀ ਕੰਮ ਹਾਸਲ ਨਾ ਕਰ ਸਕੇ ਜਿਹੜੇ ਸ਼ਰਾਬ ਤੋਂ ਬਿਨਾਂ ਨਹੀਂ ਰਹਿ ਸਕਦੇ ਸਨ।

ਜਪਾਨੀਆਂ ਦੇ ਪਾਰਾ ਸਟੇਟ ਦੀ ਚੋਣ ਕਰਨ ਦੇ ਪਿਛੋਕੜ ਵਿਚ ਦੋ ਕਾਰਨ ਸਨ। ਇਕ ਕਾਰਨ ਜਪਾਨ ਦੀ ਟੈਕਸਟਾਈਲ ਉਦਯੋਗ ਨੂੰ ਕਪਾਹ ਮੁਹੱਈਆ ਕਰਵਾਉਣਾ ਸੀ ਜਿਹੜੀ ਦੁਨੀਆਂ ਦੇ ਦੂਸਰੇ ਮੁਲਕਾਂ ਦੀ ਕੀਮਤ ਨੂੰ ਪਛਾੜਦੀ ਸੀ। ਜਪਾਨੀਆਂ ਨੂੰ ਇਹ ਡਰ ਸੀ ਕਿ ਉਹ ਕੱਚਾ ਮਾਲ ਹਾਸਲ ਕਰਨ ਦੇ ਯੋਗ ਨਹੀਂ ਹੋ ਸਕਣਗੇ ਜਿਹੜਾ ਉਹ ਹਿੰਦੋਸਤਾਨ, ਮਿਸਰ ਜਾਂ ਦੂਸਰੇ ਦੇਸ਼ਾਂ ਤੋਂ ਲੈਂਦੇ ਸਨ। ਕਿਉਂਕਿ ਇਹ ਕਿਸੇ ਵੀ ਵੇਲੇ ਉਨ੍ਹਾਂ ਦੇ ਵਿਰੋਧੀਆਂ ਵਲੋਂ ਬੰਦ ਕੀਤਾ ਜਾ ਸਕਦਾ ਸੀ। ਸੋ ਜਪਾਨ ਦੇ ਮਹਾਨ ਉਦਯੋਗਪਤੀ ਫੁਰੂਕਾਵਾ ਨੇ ਇਕ ਯੋਜਨਾ ਬਣਾਈ ਕਿ ਸਾਰੀ ਕਪਾਹ ਜਿੰਨੀ ਉਨ੍ਹਾਂ ਨੂੰ ਚਾਹੀਦੀ ਸੀ ਜਪਾਨੀਆਂ ਦੁਆਰਾ ਬਰਾਜ਼ੀਲ ਵਿਚ ਬੀਜੀ ਜਾਵੇ। ਅਤੇ ਇਸ ਹਾਲਤ ਵਿਚ ਕਿ ਜੇਕਰ ਬਰਾਜ਼ੀਲ ਇਹ ਕਾਨੂੰਨ ਬਣਾ ਦੇਵੇ ਕਿ ਜਪਾਨ ਨੂੰ ਕਪਾਹ ਨਿਰਯਾਤ ਨਹੀਂ ਕੀਤੀ ਜਾ ਸਕਦੀ ਤਾਂ ਇਸ ਤੋਂ ਅਗਲੀ ਯੋਜਨਾ ਇਹ ਸੀ ਕਿ ਬਰਾਜ਼ੀਲ ਵਿਚ ਹੀ ਟੈਕਸਟਾਈਲ ਕਾਰਖ਼ਾਨੇ ਲਾਏ ਜਾਣ ਅਤੇ ਮੌਕੇ 'ਤੇ ਹੀ ਕੱਪੜੇ ਦਾ ਉਤਪਾਦਨ ਕੀਤਾ ਜਾਵੇ। ਜਪਾਨ ਲਗਾਤਾਰ ਅਤੇ ਯੋਜਨਾਬੱਧ ਢੰਗ ਨਾਲ ਬਰਾਜ਼ੀਲ ਨੂੰ ਇਮੀਗਰਾਂਟ ਭੇਜ ਰਿਹਾ ਸੀ। ਸਰਕਾਰ ਨੇ ਇਸ ਮਕਸਦ ਲਈ ਬਹੁਤ ਸਾਰੇ ਜਹਾਜ਼ ਅਲਾਟ ਕੀਤੇ ਹੋਏ ਸਨ। ਇਹਨਾਂ ਇਮੀਗਰਾਂਟਾਂ ਨਾਲ ਡਾਕਟਰ, ਇਮੀਗਰਾਂਟਾਂ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਅਧਿਆਪਕ, ਵਪਾਰਕ ਸਲਾਹਕਾਰ, ਖੇਤੀਬਾੜੀ ਮਾਹਰ ਵੀ ਭੇਜੇ ਜਾਂਦੇ। ਜਪਾਨ ਛੱਡਣ ਤੋਂ ਪਹਿਲਾਂ ਉਨ੍ਹਾਂ ਨੂੰ ਇਕ ਦਸਤਾਵੇਜ਼ ਤੇ ਦਸਤਖ਼ਤ ਕਰਨੇ ਪੈਂਦੇ ਸਨ ਜਿਸ ਵਿਚ ਉਨ੍ਹਾਂ ਨੂੰ ਸਹਿਮਤ ਹੋਣਾ ਪੈਂਦਾ ਸੀ ਕਿ ਉਹ ਜਪਾਨ ਵਿਚ ਦੋਬਾਰਾ ਵਸਣ ਲਈ ਵਾਪਸ ਨਹੀਂ ਆਉਣਗੇ ਪਰੰਤੂ ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆ ਸਕਦੇ ਹਨ। ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਮਾਤਭੂਮੀ ਜਪਾਨ ਦੀ ਏਨੀ ਆਬਾਦੀ ਨੂੰ ਸਾਂਭ ਨਹੀਂ ਸਕਦੀ ਪਰੰਤੂ ਜਪਾਨ ਸਰਕਾਰ ਤੋਂ ਉਹ ਹਮੇਸ਼ਾ ਸੁਰੱਖਿਆ ਦੀ ਆਸ ਰੱਖ ਸਕਦੇ ਸਨ। ਬਰਾਜ਼ੀਲ ਵਿਚ ਜਾਪਾਨੀ ਇਮੀਗਰਾਂਟ ਮੰਡੀ ਦਾ ਮਹੱਤਵਪੂਰਨ ਤੱਤ ਬਣ

ਗਏ। ਮਿਸਾਲ ਵਜੋਂ ਫਲਾਂ ਤੇ ਸਬਜ਼ੀਆਂ ਦੀ ਬ੍ਰਾਜ਼ੀਲ ਦੀ ਸਭ ਤੋਂ ਵੱਡੀ ਮੰਡੀ ਸਾਓ ਪੋਲੋ ਪੰਜਾਂ ਸਾਲਾਂ ਵਿਚ ਹੀ ਉਨ੍ਹਾਂ ਦੇ ਹੱਥ ਆ ਗਈ। ਮੈਂ ਵੇਖਿਆ ਕਿ ਉਹ ਬੜੀ ਚੰਗੀ ਤਰ੍ਹਾਂ ਆਪਣੇ ਕੰਮ ਦੀ ਯੋਜਨਾਬੰਦੀ ਕਰਦੇ ਸਨ। ਇਮੀਗਰਾਂਟ ਰੀਓ ਡੀ. ਜਨੇਰੀਓ ਦੇ ਰੇਲਵੇ ਸਟੇਸ਼ਨ ਅਤੇ ਸਾਓ ਪੋਲੋ ਦੇ ਵਿਚਕਾਰ ਆਬਾਦ ਹੁੰਦੇ ਸਨ। ਉਨ੍ਹਾਂ ਦੇ ਆਪਣੇ ਟਰੱਕ ਸਨ ਜਿਨ੍ਹਾਂ ਵਿਚ ਉਹ ਮੰਡੀ ਵਿੰਚ ਆਪਣੀ ਜਿਨਸ ਲੈ ਕੇ ਜਾਂਦੇ। ਉਹ ਆਪਣੀ ਸਬਜ਼ੀ ਤੇ ਫਲ ਸਸਤੇ ਵੇਚਦੇ। ਉਨ੍ਹਾਂ ਵਿਗਿਆਨਕ ਤਰੀਕਿਆਂ ਨਾਲ ਉਨ੍ਹਾਂ ਦੀ ਗੁਣਵੱਤਾ ਸੁਧਾਰੀ। ਚੰਗੀ ਕੁਆਲਟੀ ਤੇ ਸਸਤੇ ਭਾਅ ਨੇ ਛੇਤੀ ਹੀ ਉਨ੍ਹਾਂ ਨੂੰ ਮੰਡੀ ਦੇ ਮਾਲਕ ਬਣਾ ਦਿੱਤਾ ਜਿਹੜੀ ਕਿ ਪਹਿਲਾਂ ਤੋਂ ਪੁਰਤਗਾਲਾਂ ਦੇ ਹੱਥ ਵਿਚ ਸੀ। ਇਟਲੀ ਤੇ ਪੁਰਤਗਾਲ ਨੇ ਮੰਡੀ ਆਪਣੇ ਹੱਥ 'ਚੋਂ ਨਿਕਲਦੀ ਦੇਖ ਕੇ ਜਪਾਨੀਆਂ ਨਾਲ ਖਿੱਚ ਧੂਹ ਕਰਨੀ ਸ਼ੁਰੂ ਕੀਤੀ ਜਿਸ ਤੇ ਜਪਾਨੀ ਸਰਕਾਰ ਨੇ ਦਖ਼ਲ ਦਿੱਤਾ ਤੇ ਬਰਾਜ਼ੀਲੀ ਅਧਿਕਾਰੀਆਂ ਤੇ ਜ਼ੋਰ ਦਿੱਤਾ ਕਿ ਜਪਾਨੀਆਂ ਦੀ ਜਾਨ ਤੇ ਮਾਲ ਦੀ ਰਾਖੀ ਕੀਤੀ ਜਾਵੇ। ਸਿੱਟੇ ਵਜੋਂ ਜਪਾਨ ਦੀ ਪ੍ਰਭੂਤਾ ਸਥਾਪਤੀ ਹਮੇਸ਼ਾ ਲਈ ਹੋ ਗਈ।

ਜਪਾਨੀਆਂ ਦੀ ਬਦਕਿਸਮਤੀ ਸੀ ਕਿ ਬਰਾਜ਼ੀਲ ਵਿਚ ਪਿਛਲੇ ਇਨਕਲਾਬ ਤੋਂ ਬਾਅਦ ਦੇਸ਼ ਦਾ ਨਵਾਂ ਸੰਵਿਧਾਨ ਬਣਾਇਆ ਗਿਆ ਜਿਹੜਾ ਮੇਰੇ ਬਰਾਜ਼ੀਲ ਤੋਂ ਯੂਰਪ ਨੂੰ ਚਲੇ ਜਾਣ ਤੋਂ ਬਾਅਦ ਪੂਰਾ ਹੋਇਆ। ਅਮਰੀਕਨ ਸਿਆਸਤਦਾਨ (ਡਿਪਲੋਮੈਟ) ਅਮਰੀਕਾ ਦੇ ਕਿਸੇ ਹਿੱਸੇ ਵਿਚ ਵੀ ਜਪਾਨੀਆਂ ਦੇ ਪ੍ਰਭਾਵ ਤੇ ਦਾਖ਼ਲੇ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ ਖ਼ਾਸ ਤੌਰ 'ਤੇ ਬਰਾਜ਼ੀਲ ਵਿਚ। ਅਮਰੀਕੀਆਂ ਨੇ ਵਿਧਾਨ ਘੜਨੀ ਕਮੇਟੀ ਵਿਚ ਇਹ ਕਾਨੂੰਨ ਬਣਾਉਣ ਲਈ ਬਹੁਤ ਵੱਡੀ ਰਕਮ ਖ਼ਰਚ ਕੀਤੀ ਜਿਸ ਅਨੁਸਾਰ ਉਸ ਮੌਕੇ ਬਰਾਜ਼ੀਲ ਵਿਚ ਰਹਿ ਰਹੀਆਂ ਕੌਮਾਂ ਉਸ ਅਨੁਪਾਤ ਵਿਚ ਹੀ ਹਰ ਸਾਲ ਬਰਾਜ਼ੀਲ ਵਿਚ ਆ ਸਕਦੀਆਂ ਸਨ। ਇਸ ਵਿਚ ਜਪਾਨੀਆਂ ਦਾ ਨਾਂ ਨਹੀਂ ਲਿਆ ਗਿਆ। ਪਰ ਇਸ ਮਦ ਨਾਲ ਜਪਾਨੀ ਇਮੀਗਰੇਸ਼ਨ ਨੂੰ ਹੀ ਰੋਕਿਆ ਗਿਆ। ਪਰੰਤੂ ਇਸ ਕਾਨੂੰਨ ਦੇ ਪਾਸ ਹੋਣ ਤੋ ਬਾਅਦ ਵੀ ਜਪਾਨੀ ਡਿਪਲੋਮੈਟਾਂ ਨੇ ਬਰਾਜ਼ੀਲ ਦੀ ਸਭ ਤੋਂ ਵੱਡੀ ਸਟੇਟ ਮਾਟੋਗਰੋਸੋ ਸਟੇਟ ਦੇ ਗਵਰਨਰ ਨਾਲ ਮਿਲ ਕੇ ਉਸ ਸਟੇਟ ਦੀਆ ਵਿਸ਼ੇਸ਼ ਲੋੜਾਂ ਨੂੰ ਮੁਖ ਰੱਖਦਿਆਂ ਇਕੋ ਸਾਲ ਵਿਚ ਓਨੇ ਜਪਾਨੀ ਇਮੀਗਰਾਂਟ ਕਰਵਾ ਲਏ ਜਿੰਨੇ ਦਸ ਸਾਲ ਵਿਚ ਹੋਏ ਸਨ। ਜਪਾਨੀਆਂ ਨੇ ਐਮਾਜ਼ੋਨ ਨੂੰ ਚੁਣਿਆ ਜਿਥੇ ਲੋਕ ਲੱਖਾਂ ਸਾਲਾਂ ਤੋਂ ਖੇਤੀ ਕਰ ਰਹੇ ਸਨ। ਇਹ ਇਲਾਕਾ ਹਰ ਪ੍ਰਕਾਰ ਦੇ ਖਣਿਜਾਂ ਦੀਆਂ ਖਾਨਾਂ ਨਾਲ ਭਰਪੂਰ ਸੀ। ਜਦੋਂ ਮੈਂ ਬਰਾਜ਼ੀਲ ਵਿਚ ਸੀ ਤਾਂ ਉਥੇ ਦੋ ਇਨਕਲਾਬ ਹੋਏ ਜਿਨ੍ਹਾਂ ਵਿਚ ਮੈਂ ਵੀ ਹਿੱਸਾ ਲਿਆ। ਇਹਨਾਂ ਇਨਕਲਾਬਾਂ ਵਿਚ ਮੇਰਾ ਹਿੱਸਾ ਇਹ ਸੀ ਕਿ ਮੈਂ ਪ੍ਰਗਤੀਵਾਦੀ ਪਾਰਟੀ ਲਈ ਫੌਜ ਖੜ੍ਹੀ ਕਰਨ ਲਈ ਪ੍ਰਚਾਰ ਕਰਦਾ। ਉਨ੍ਹਾਂ ਨੂੰ ਪਨਾਹ ਦਿੰਦਾ ਅਤੇ ਇਨਕਲਾਬੀਆਂ

ਦੀ ਰਾਖੀ ਕਰਦਾ ਤੇ ਨੌਜਵਾਨਾਂ ਵਿਚ ਇਨਕਲਾਬ ਦੀ ਰੂਹ ਭਰਦਾ। ਮੇਰੀ ਪ੍ਰਗਤੀਵਾਦੀ ਕਾਜ਼ ਦੀ ਇਸ ਸੇਵਾ ਨੂੰ ਦੇਖ ਕੇ ਮੈਨੂੰ ਬਰਾਜ਼ੀਲ ਦੀ ਨਾਗਰਿਕਤਾ ਲੈਣ ਦੀ ਬੇਨਤੀ ਕੀਤੀ ਗਈ, ਜੋ ਮੈਂ ਲੈ ਲਈ।

ਜਦੋਂ ਮੈਂ ਬਰਾਜ਼ੀਲ ਵਿਚ ਸੀ ਤਾਂ ਮੈਂ ਹੋਰ ਉੱਤਰੀ ਅਮਰੀਕਾ ਦੇ ਮੁਲਕਾਂ ਵਿਚ ਵੀ ਗਿਆ। ਮੈਂ ਅਮਰੀਕਾ ਵਿਚ ਗਦਰ ਪਾਰਟੀ ਦੇ ਸੰਪਰਕ ਵਿਚ ਸੀ। ਉਹ ਮੇਰੀ ਸਲਾਹ ਲੈਂਦੇ। ਭਾਈ ਰਤਨ ਸਿੰਘ, ਤੇਜਾ ਸਿੰਘ ਅਤੇ ਹੋਰ ਬਹੁਤ ਸਾਰੇ ਗਦਰ ਪਾਰਟੀ ਦੇ ਮੈਂਬਰਾਂ ਦਾ ਝੁਕਾਅ ਕਮਿਊਨਿਜ਼ਮ ਵੱਲ ਸੀ ਪਰ ਉਹ ਆਪਣੀ ਮਾਤ ਭੂਮੀ ਦੀ ਆਜ਼ਾਦੀ ਦੇ ਕਾਜ਼ ਪ੍ਰਤੀ ਸਮਰਪਤ ਰਹੇ।

ਭਗਤ ਸਿੰਘ (ਸ਼ਹੀਦ) ਨੇ ਖ਼ਤ ਪੱਤਰਾਂ ਰਾਹੀਂ ਮੇਰੇ ਨਾਲ ਸੰਪਰਕ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਪੜ੍ਹਾਈ ਕਰਨ ਲਈ ਬਾਹਰ ਆਉਂਦੇ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਲਾਈ ਕਿ ਮੈਨੂੰ ਲੱਭ ਕੇ ਮੇਰਾ ਉਸ ਨਾਲ ਸੰਪਰਕ ਬਣਾਇਆ ਜਾਵੇ। ਉਨ੍ਹਾਂ ਵਿਚੋਂ ਇਕ ਪੰਜਾਬੀ ਵਿਦਿਆਰਥੀ ਅਮਰ ਚੰਦ ਪੁੱਤਰ ਮਾਧੋ ਰਾਮ ਜਿਹੜਾ ਗਦਰ ਪਾਰਟੀ ਦਾ ਮੈਂਬਰ ਸੀ, ਨੂੰ ਵੀ ਇਹ ਜ਼ਿੰਮੇਵਾਰੀ ਦਿੱਤੀ ਗਈ ਸੀ। ਉਸਨੇ ਆਪਣੇ ਬਾਪ ਤੋਂ ਪੁੱਛਿਆ ਕਿ ਕੀ ਉਹ ਮੇਰੇ ਬਾਰੇ ਕੁਛ ਜਾਣਦਾ ਸੀ। ਉਸ ਦੇ ਬਾਪ ਨੇ ਕਿਹਾ ਕਿ ਉਹ ਮੈਨੂੰ ਕੋਈ ਵੀ ਸੁਨੇਹਾ ਭੇਜ ਸਕਦਾ ਸੀ ਪਰ ਮੇਰਾ ਪਤਾ ਨਹੀਂ ਸੀ ਦੇ ਸਕਦਾ। ਇਸ ਤਰ੍ਹਾਂ ਮੈਨੂੰ ਭਗਤ ਸਿੰਘ ਦਾ ਪਹਿਲਾ ਖ਼ਤ ਮਿਲਿਆ। ਭਗਤ ਸਿੰਘ ਨੇ ਮੈਨੂੰ ਲਿਖਿਆ ਸੀ ਕਿ ਮੈਂ ਹਿੰਦੁਸਤਾਨ ਮੁੜ ਆਵਾਂ ਤੇ ਅਧੂਰੇ ਕੰਮ ਨੂੰ ਪੂਰਾ ਕਰਾਂ। ਉਹ ਮੇਰੇ ਨਾਲ ਸੀ। ਉਸਨੇ ਮੈਨੂੰ ਇਹ ਵੀ ਲਿਖਿਆ ਕਿ ਦੇਸ਼ ਇਨਕਲਾਬੀ ਸੰਘਰਸ਼ ਲਈ ਤਿਆਰ ਸੀ। ਉਸਨੇ ਮੈਨੂੰ ਅਖ਼ਬਾਰਾਂ ਦੀਆਂ ਕਾਤਰਾਂ ਵੀ ਭੇਜੀਆਂ ਜਿਨ੍ਹਾਂ ਵਿਚ ਅਸੈਂਬਲੀ ਵਿਚ ਮੇਰੇ ਅਤੇ ਮੇਰੇ ਪਤੇ ਬਾਰੇ ਸਵਾਲ ਕੀਤੇ ਸਨ ਅਤੇ ਕੀ ਸਰਕਾਰ ਮੇਰੇ ਹਿੰਦੁਸਤਾਨ ਮੁੜਨ ਤੇ ਮੇਰੇ ਉੱਤੇ ਕੇਸ ਚਲਾਵੇਗੀ ਜਾਂ ਮੈਨੂੰ ਗ੍ਰਿਫ਼ਤਾਰ ਕਰੇਗੀ? ਇਸ ਦੇ ਜਵਾਬ ਵਿਚ ਮੈਂ ਉਸਨੂੰ ਲਿਖਿਆ ਕਿ ਉਹ ਏਥੇ ਆ ਜਾਵੇ। ਇਸ ਨਾਲ ਉਸਨੂੰ ਦੂਸਰੇ ਦੇਸ਼ਾਂ ਵਿਚ ਜੱਥੇਬੰਦ ਕੀਤੇ ਜਾਂਦੇ ਇਨਕਲਾਬਾਂ ਬਾਰੇ ਨੇੜਿਉਂ ਅਧਿਅਨ ਕਰਨ ਦਾ ਮੌਕਾ ਮਿਲੇਗਾ। ਭਗਤ ਸਿੰਘ ਨੇ ਆਪਣੇ ਖ਼ਤਾਂ ਵਿਚ ਨੌਜਵਾਨ ਭਾਰਤ ਸਭਾ ਜਥੇਬੰਦੀ ਬਣਾਉਣ ਬਾਰੇ ਦੱਸਿਆ ਅਤੇ ਉਸਦੀਆਂ ਕਾਰਵਾਈਆਂ ਬਾਰੇ ਦੱਸਿਆ। ਮੈਨੂੰ ਉਸਦੇ ਥੋੜ੍ਹੇ ਜਿਹੇ ਖ਼ਤ ਹੀ ਮਿਲੇ। ਉਦੋਂ ਹੀ ਮੈਂ ਲੰਡਨ ਤੋਂ ਛਪਦੇ ਟਾਈਮਜ਼ ਅਖ਼ਬਾਰ ਵਿਚ ਭਗਤ ਸਿੰਘ ਦੀ ਗ੍ਰਿਫ਼ਤਾਰੀ ਅਤੇ ਅਸੈਂਬਲੀ ਵਿਚ ਬੰਬ ਸੁੱਟਣ ਦੀ ਘਟਨਾ ਬਾਰੇ ਪੜ੍ਹਿਆ। ਭਗਤ ਸਿੰਘ ਰਾਸ ਬਿਹਾਰੀ ਬੋਸ ਦੇ ਸੰਪਰਕ ਵਿਚ ਵੀ ਸੀ। ਤੇ ਉਸ ਨੂੰ ਲਿਖਿਆ ਸੀ ਕਿ ਉਹ ਅਜੀਤ ਸਿੰਘ ਨਾਲ ਸੰਪਰਕ ਕਰੇ ਅਤੇ ਉਸ ਨੂੰ ਬਾਹਰ ਮਿਲਟਰੀ ਟਰੇਨਿੰਗ ਦੁਆਵੇ। ਬੋਸ ਨੇ ਇਹ ਵੀ ਦੱਸਿਆ ਕਿ ਜਪਾਨ ਸਰਕਾਰ ਵੀ ਜੇ ਵਿਸ਼ਵਾਸਯੋਗ ਹਿੰਦੁਸਤਾਨੀ ਆਉਣ ਤਾਂ ਉਹ ਉਨ੍ਹਾਂ ਦੀ ਫੌਜੀ ਸਿਖਲਾਈ ਲਈ

ਪ੍ਰਬੰਧ ਵਿਚ ਸਹਾਇਤਾ ਦੇ ਸਕਦੀ ਸੀ ਜਿਹੜੀ ਅਗਲੀ ਜੰਗ ਸਮੇਂ ਕੰਮ ਆਵੇਗੀ ਜੋ ਕਿ 4-5 ਸਾਲ ਤੱਕ ਲੱਗਣ ਵਾਲੀ ਸੀ। ਸਾਰੇ ਪ੍ਰਬੰਧ ਕਰ ਲਏ ਗਏ ਅਤੇ ਭਗਤ ਸਿੰਘ ਦਾ ਪਾਸਪੋਰਟ ਲੈ ਲਿਆ ਗਿਆ। ਉਦੋਂ ਸਾਰੀ ਯੋਜਨਾ ਗੜਬੜਾ ਗਈ ਜਦੋਂ ਇਕ ਪਾਰਟੀ ਮੈਂਬਰ ਨੇ ਗ਼ੈਰ ਜਿੰਮੇਵਾਰਾਨਾ ਟਿੱਪਣੀ ਕੀਤੀ ਕਿ ਭਗਤ ਸਿੰਘ ਗ੍ਰਿਫ਼ਤਾਰੀ ਤੋਂ ਡਰਦਾ ਸੀ। ਇਹੀ ਕਾਰਨ ਸੀ ਕਿ ਅਸੈਂਬਲੀ ਵਿਚ ਬੰਬ ਸੁੱਟਣ ਦੀ ਜ਼ਿੰਮੇਵਾਰੀ ਰਾਮ ਸਰਨ ਦਾਸ ਦੀ ਲਾਈ ਗਈ ਸੀ ਜਦੋਂ ਕਿ ਭਗਤ ਸਿੰਘ ਇਸ ਲਈ ਸਭ ਤੋਂ ਢੁਕਵਾਂ ਬੰਦਾ ਸੀ। ਇਹ ਭਗਤ ਸਿੰਘ ਦੀ ਬਹਾਦਰੀ ਤੇ ਬਹੁਤ ਵੱਡਾ ਇਲਜ਼ਾਮ ਸੀ। ਇਸ ਲਈ ਉਸਨੇ ਆਪ ਬੰਬ ਸੁੱਟਣ ਦਾ ਫ਼ੈਸਲਾ ਕੀਤਾ। ਜਦੋਂ ਭਗਤ ਸਿੰਘ ਦਾ ਮੁਕੱਦਮਾ ਸੁਣਵਾਈ ਅਧੀਨ ਸੀ ਤਾਂ ਪੰਡਤ ਮੋਤੀ ਲਾਲ ਨਹਿਰੂ ਨੇ ਭਗਤ ਸਿੰਘ ਨੂੰ ਪੁੱਛਿਆ ਕਿ ਉਸ ਦੀ ਕੋਈ ਖ਼ਾਹਿਸ਼ ਸੀ ਤਾਂ ਉਸ ਨੇ ਜਵਾਬ ਦਿੱਤਾ ਕਿ ਉਸ ਦੀ ਇਕੋ ਹੀ ਖ਼ਾਹਿਸ਼ ਸੀ ਕਿ ਉਹ ਆਪ ਆਪਣੇ ਚਾਚੇ ਅਜੀਤ ਸਿੰਘ ਨੂੰ ਮਿਲੇ। ਮੋਤੀ ਲਾਲ ਨੂੰ ਭਗਤ ਸਿੰਘ ਦੀ ਗ੍ਰਿਫ਼ਤਾਰੀ ਦਾ ਬਹੁਤ ਅਫ਼ਸੋਸ ਸੀ। ਉਸ ਨੇ ਆਪਣੇ ਇਕ ਦੋਸਤ ਨੂੰ ਕਿਹਾ ਕਿ ਜੇਕਰ ਉਸ ਨੂੰ ਪਤਾ ਹੁੰਦਾ ਕਿ ਭਗਤ ਸਿੰਘ ਦੇਸ਼ ਦੀ ਖ਼ਾਤਰ ਕੋਈ ਵੀ ਔਖੇ ਤੋਂ ਔਖਾ ਕੰਮ ਕਰ ਸਕਦਾ ਸੀ ਤਾਂ ਬੰਬ ਦੀ ਘਟਨਾ ਉਸ ਨੇ ਆਪ ਦੇਖੀ ਸੀ ਤੇ ਭਗਤ ਸਿੰਘ ਨੂੰ ਆਸਾਨੀ ਨਾਲ ਬਚਾਇਆ ਜਾ ਸਕਦਾ ਸੀ। ਅਖ਼ਬਾਰਾਂ ਰਾਹੀਂ ਮੈਨੂੰ ਭਗਤ ਸਿੰਘ ਦੇ ਮੁਕੱਦਮੇ ਅਤੇ ਬਾਅਦ ਵਿਚ ਉਸ ਦੀ ਸਜ਼ਾ ਬਾਰੇ ਖ਼ਬਰ ਮਿਲਦੀ ਰਹਿੰਦੀ।

6.

ਮੁੜ ਯੂਰਪ ਵਿਚ

ਬਰਾਜ਼ੀਲ ਤੋਂ ਮੈਂ ਪੈਰਿਸ ਵਿਚ 1932 ਵਿਚ ਆਇਆ। ਮੈਂ ਤਕਰੀਬਨ ਦੋ ਸਾਲ ਉੱਥੇ ਰਿਹਾ ਅਤੇ ਉਥੇ ਮੈਂ ਆਪਣੇ ਪੁਰਾਣੇ ਸੰਪਰਕਾਂ ਨੂੰ ਮੁੜ ਸੁਰਜੀਤ ਕੀਤਾ ਅਤੇ ਹੋਰ ਜਣਿਆਂ ਨਾਲ ਵੀ ਸੰਬੰਧ ਬਣਾਏ। ਇਥੋਂ ਮੈਂ ਸਵਿਟਜ਼ਰਲੈਂਡ ਚਲਾ ਗਿਆ। ਸਈਅਦ ਜ਼ੀਆ-ਉਦ-ਦੀਨ ਆਪਣੀ ਸਿਹਤ ਸਮੱਸਿਆ ਕਰਕੇ ਉਥੇ ਹੀ ਗਿਆ ਹੋਇਆ ਸੀ। ਪੈਰਿਸ ਵਿਚ ਮੈਂ ਮੈਡਮ ਕਾਮਾ ਨੂੰ ਮਿਲਿਆ। ਸ਼ਿਆਮ ਜੀ ਵਰਮਾ ਉਥੇ ਨਹੀਂ ਸੀ। ਉਸਨੇ ਆਪਣਾ ਚਿਹਰਾ ਖ਼ਰਾਬ ਕਰ ਲਿਆ ਹੋਇਆ ਸੀ। ਜਦੋ ਮੈਂ ਉਸਨੂੰ ਮਿਲਣ ਗਿਆ ਤਾਂ ਬਾਹਰ ਆਉਣ ਤੋਂ ਪਹਿਲਾਂ ਉਸਨੇ ਮੇਰਾ ਨਾਂ ਜਾਣਨਾ ਚਾਹਿਆ। ਜਦੋਂ ਉਸ ਨੂੰ ਪਤਾ ਲੱਗਾ ਕਿ ਇਹ ਮੈਂ ਸੀ ਜੋ ਉਸਨੂੰ ਮਿਲਣਾ ਚਾਹੁੰਦਾ ਸੀ ਤਾਂ ਉਹ ਇਕਦਮ ਬਾਹਰ ਆ ਗਈ। ਉਸ ਤੋਂ ਮੈਨੂੰ ਪਤਾ ਲੱਗਾ ਕਿ ਕੁਝ ਹਿੰਦੁਸਤਾਨੀਆਂ ਨੇ ਪਿਸਤੌਲ ਦੀ ਨੋਕ ਉੱਤੇ, ਜਦੋਂ ਉਹ ਇਟਲੀ

ਸੀ ਤਾਂ ਉਸਦੇ ਪੈਸੇ ਖੋਹਣ ਆਏ ਸੀ। ਉਸਨੇ ਮੈਨੂੰ ਇਹ ਵੀ ਦੱਸਿਆ ਕਿ ਸੰਸਾਰ ਜੰਗ ਦੇ ਦੌਰਾਨ ਉਸਨੇ ਕਿੰਨੀ ਤਕਲੀਫ਼ ਝੱਲੀ। ਜਦੋਂ ਮੈਂ ਪੈਰਿਸ ਵਿਚ ਸੀ ਤਾਂ ਮੈਂ ਡਾ. ਸਰ ਮੁਹੰਮਦ ਇਕਬਾਲ ਨੂੰ ਮਿਲਿਆ।

ਸਵਿਟਜ਼ਰਲੈਂਡ ਤੋਂ ਮੈਂ ਬਰਲਿਨ ਆਇਆ। ਉਥੇ ਮੈਂ ਸੁਭਾਸ਼ ਚੰਦਰ ਬੋਸ ਨੂੰ ਮਿਲਿਆ। ਜਿਹੜਾ ਬਰਲਿਨ ਵਿਚ ਪਹਿਲੀ ਵਾਰ ਆਇਆ ਸੀ। ਉਹ ਮੈਨੂੰ ਪਿੱਲੇ ਦੇ ਘਰ ਮਿਲਿਆ। ਮੈਂ ਉਥੇ ਇਹ ਦੇਖਣ ਤੇ ਪਰਖਣ ਲਈ ਗਿਆ ਕਿ ਜਰਮਨ ਵਿਚ ਹਕੂਮਤ ਕਿਵੇਂ ਚੱਲ ਰਹੀ ਸੀ। ਲੋਕਾਂ ਦੇ ਜੀਵਨ ਪੱਧਰ ਨੂੰ ਕਿਵੇਂ ਉੱਚਾ ਕੀਤਾ ਜਾ ਸਕਦਾ ਸੀ। ਪੂਰਨ ਰੋਜ਼ਗਾਰ ਦੀ ਸਕੀਮ ਕਿਸ ਕਦਰ ਚੱਲ ਰਹੀ ਸੀ। ਲੋਕਾਂ ਦੀ ਸਮਾਜ ਭਲਾਈ ਕਿਵੇਂ ਹੋ ਰਹੀ ਸੀ। ਯਹੂਦੀਆਂ ਨੂੰ ਜਿਵੇਂ ਕਤਲ ਕੀਤਾ ਜਾ ਰਿਹਾ ਸੀ ਅਤੇ ਉਹ ਦੁਸ਼ਮਣਾਂ ਤੋਂ ਕਿਵੇਂ ਬਚ ਰਹੇ ਸਨ। ਜਰਮਨ ਇਹ ਯਕੀਨ ਕਰ ਰਹੇ ਸਨ ਕਿ ਉਨ੍ਹਾਂ ਦੀ ਨਸਲ ਸਭ ਤੋਂ ਵਧੀਆ ਸੀ। ਉਹ ਜੰਗ ਦੀ ਤਿਆਰੀ ਕਰ ਰਹੇ ਸਨ ਅਤੇ ਸੋਚਦੇ ਸਨ ਕਿ ਇਸ ਵਾਰ ਉਹ ਸਾਰੀ ਦੁਨੀਆਂ ਨੂੰ ਫਤਹਿ ਕਰ ਲੈਣਗੇ। ਯਹੂਦੀਆਂ ਦਾ ਪੂਰਾ ਬਾਈਕਾਟ ਸੀ। ਮੈਂ ਜਰਮਨੀ ਵਿਚ ਤਿੰਨ ਸਾਲ ਰਿਹਾ। ਏਥੋਂ ਮੈਂ ਸਵਿਟਜ਼ਰਲੈਂਡ ਚਲਾ ਗਿਆ ਜਿਥੇ ਮੈਂ ਦੋ ਸਾਲ ਰਿਹਾ। ਸਵਿਟਜ਼ਰਲੈਂਡ ਵਿਚ ਮੈਂ ਬਹੁਤ ਸਾਰੇ ਕੂਟਨੀਤਕਾਂ ਨਾਲ ਮਿਲਿਆ ਅਤੇ ਮੈਂ ਲੀਗ ਆਫ਼ ਨੇਸ਼ਨਜ਼ ਦੇ ਸੰਪਰਕ ਵਿਚ ਵੀ ਸੀ।

ਜਰਮਨ ਹੰਕਾਰੇ ਹੋਏ ਸਨ। ਪਿੱਲੇ ਨੇ ਹਿਟਲਰ ਨੂੰ ਲਿਖਿਆ ਕਿ ਹਿੰਦੁਸਤਾਨ ਇਹ ਜਾਣਨਾ ਚਾਹੁੰਦਾ ਸੀ ਕਿ ਕੀ ਉਹ ਅਜੇ ਵੀ ਇਕ ਲੇਖਕ ਵਜੋਂ ਹਿੰਦੁਸਤਾਨ ਬਾਰੇ ਪ੍ਰਗਟ ਕੀਤੇ ਵਿਚਾਰਾਂ ਦਾ ਧਾਰਨੀ ਸੀ ਜਾਂ ਕਿ ਉਹ ਹਕੂਮਤ ਵਿਚ ਹੋਣ ਕਰਕੇ ਅਤੇ ਰਾਜਨੀਤਕ ਨੇਤਾ ਬਣ ਕੇ ਉਸ ਨੇ ਹਿੰਦੁਸਤਾਨ ਬਾਰੇ ਆਪਣੇ ਵਿਚਾਰ ਬਦਲ ਲਏ ਸਨ। ਹਿਟਲਰ ਨੇ ਜਵਾਬ ਨਹੀਂ ਦਿੱਤਾ ਪਰੰਤੂ ਆਪਣੇ ਸੈਕਟਰੀ ਨੂੰ ਪਿੱਲੇ ਕੋਲ ਭੇਜਿਆ। ਸੈਕਟਰੀ ਨੇ ਕਿਹਾ ਕਿ ਫਿਊਹਰਰ ਹਿੰਦੁਸਤਾਨ ਅਤੇ ਹਿੰਦੁਸਤਾਨੀਆਂ ਪ੍ਰਤੀ ਬਹੁਤ ਹਮਦਰਦ ਸੀ ਪਰ ਪਹਿਲੇ ਖ਼ਤ ਦਾ ਜਵਾਬ ਨਾ ਆਉਣ 'ਤੇ ਪਿੱਲੇ ਨੇ ਦੂਸਰਾ ਖ਼ਤ ਲਿਖਿਆ। ਉਸ ਪ੍ਰਤੀ ਹਰ ਤਰ੍ਹਾਂ ਦੀ ਸੁਸ਼ੀਲਤਾ ਦਿਖਾਈ ਗਈ। ਉਸਨੂੰ ਹੋਟਲਾਂ, ਨਾਚਾਂ, ਸਿਨਮਿਆਂ ਵਿਚ ਮੁਫ਼ਤ ਘੁੰਮਾਇਆ ਗਿਆ ਪਰ ਉਸ ਦੇ ਖ਼ਤ ਦਾ ਜਵਾਬ ਨਾ ਉਸਨੂੰ ਭੇਜਿਆ। ਉਸ ਨੇ ਇਕ ਹੋਰ ਖ਼ਤ ਲਿਖਿਆ। ਉਸਨੇ ਉਸ ਵਿਚ ਲਿਖਿਆ ਕਿ ਜੇਕਰ ਉਸ ਨੇ ਜਵਾਬ ਨਾ ਦਿੱਤਾ ਤਾਂ ਉਸ ਦੇ ਦੇਸ਼ ਵਾਸੀ ਸਮਝਣਗੇ ਕਿ ਹਿਟਲਰ ਦੇ ਹਿੰਦੁਸਤਾਨ ਬਾਰੇ ਉਹੀ ਵਿਚਾਰ ਸਨ ਜੋ ਉਸ ਨੇ ਆਪਣੀ ਕਿਤਾਬ ਮੇਰੀ ਜੀਵਨ ਕਥਾ (Mein Kampf) ਵਿਚ ਪ੍ਰਗਟ ਕੀਤੇ ਸਨ। ਜਵਾਬ ਲੈਣ ਦੀ ਜਿਦ ਨੇ ਉਸਦੀ ਜਾਨ ਲੈ ਲਈ। ਕੋਈ ਜਵਾਬ ਨਹੀਂ ਆਇਆ, ਪਰੰਤੂ ਕੁਝ ਨਾਜ਼ੀ ਨੌਜਵਾਨਾਂ ਨੇ ਬੇਚਾਰੇ ਪਿੱਲੇ ਦੀ ਚੰਗੀ ਕੁੱਟਮਾਰ ਕੀਤੀ। ਇਸ ਦੇ ਸਿੱਟੇ ਵਜੋਂ ਉਹ ਬੀਮਾਰ ਪੈ ਗਿਆ ਤੇ

ਬਾਅਦ ਵਿਚ ਮਰ ਗਿਆ।

ਸਵਿਟਜ਼ਰਲੈਂਡ ਤੋਂ ਮੈਂ ਇਟਲੀ-ਨੈਪਲਸ ਗਿਆ। ਏਥੇ ਨੈਪਲਸ ਵਿਚ ਮੈਂ ਜਰਮਨ ਕੌਂਸਲ ਜਨਰਲ ਦੇ ਸੰਪਰਕ ਵਿਚ ਆਇਆ। ਉਹ ਹਿੰਦੁਸਤਾਨ ਗਿਆ ਸੀ। ਮੈਂ ਉਸ ਨਾਲ ਹਿੰਦੁਸਤਾਨੀਆਂ ਦੀ ਮਦਦ ਬਾਰੇ ਗੱਲਬਾਤ ਕੀਤੀ ਕਿ ਜੇਕਰ ਉਨ੍ਹਾਂ ਨੂੰ ਹਥਿਆਰ ਵਗੈਰਾ ਦਿੱਤੇ ਜਾ ਸਕਣ। ਮਦਦ ਹਿੰਦੁਸਤਾਨ ਵਿਚ ਵਿਦਰੋਹ ਦੀ ਸ਼ਕਲ ਵਿਚ ਹੋਣੀ ਸੀ। ਜਿਸ ਰਾਹੀਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਫੌਜੀ ਭਰਤੀ ਨੂੰ ਰੋਕਣਾ ਸੀ ਜਿਸਨੂੰ ਜਰਮਨ ਵਿਰੁੱਧ ਜੰਗ ਵਿਚ ਵਰਤਿਆ ਜਾਣਾ ਸੀ। ਹਿੰਦੁਸਤਾਨ ਨੂੰ ਅੰਗਰੇਜ਼ਾਂ ਦੇ ਕਬਜ਼ੇ ਵਿਚੋਂ ਛੁਡਾਉਣਾ ਸੀ ਜਿਹੜਾ ਅਸਿੱਧੇ ਤੌਰ 'ਤੇ ਜਰਮਨੀ ਦੇ ਜੰਗ ਵਿਚ ਜਿੱਤਣ ਦੀ ਮਦਦ ਸੀ। ਉਸਨੇ ਆਪਣੀ ਸਰਕਾਰ ਨੂੰ ਮੇਰੀ ਯੋਜਨਾ ਬਾਰੇ ਲਿਖਿਆ। ਉਸਨੇ ਇੱਛਾ ਜਾਹਰ ਕੀਤੀ ਕਿ ਹੁਣੇ ਤੋਂ ਹੀ ਸੰਬੰਧ ਬਣਾਏ ਜਾਣ ਜਿਸ ਨਾਲ ਜੰਗ ਦੇ ਸ਼ੁਰੂ ਹੋਣ ਨਾਲ ਇਸ ਨੇ ਲਾਹੇਵੰਦਾ ਤੇ ਮਦਦਗਾਰ ਹੋਣਾ ਸੀ। ਬਰਲਿਨ ਤੋਂ ਦੋ ਬੰਦੇ ਮੈਨੂੰ ਮਿਲਣ ਲਈ ਭੇਜੇ ਗਏ। ਇਹ ਪ੍ਰਬੰਧ ਕੀਤਾ ਗਿਆ ਕਿ ਅਸੀਂ ਇਕ ਦੂਜੇ ਨਾਲ ਰੋਮ ਵਿਚ ਜਰਮਨ ਨਿਊਜ਼ ਏਜੰਸੀ ਦੇ ਡਾਇਰੈਕਟਰ ਰਾਹੀਂ ਚਿੱਠੀ ਪੱਤਰ ਕਰਦੇ ਰਹਾਂਗੇ। ਉਨ੍ਹਾਂ ਮੈਨੂੰ ਉਨ੍ਹਾਂ ਬੰਦਿਆਂ ਦੇ ਨਾਂ ਵੀ ਪੁੱਛੇ ਜਿਹੜੇ ਇਸ ਗੱਲ ਲਈ ਮਦਦਗਾਰ ਹੋ ਸਕਦੇ ਸਨ। ਮੈਂ ਉਸਨੂੰ ਮੁਹੰਮਦ ਇਕਬਾਲ ਸ਼ੈਦਾਈ ਦੇ ਨਾਂ ਦਾ ਸੁਝਾਅ ਦਿੱਤਾ। ਵਾਨ ਹੈਟਿੰਗ ਨੂੰ, ਜਿਹੜਾ ਕਿ 1914-18 ਦੀ ਜੰਗ ਵੇਲੇ ਅਫ਼ਗਾਨਿਸਤਾਨ ਵਿਚ ਸੀ, ਉਸ ਕੋਲ ਭੇਜਿਆ। ਮੈਂ ਉਸਨੂੰ ਅਮਰੀਕਾ ਵਿਚਲੇ ਕੁਝ ਵਿਅਕਤੀਆਂ ਦੇ ਨਾਂ ਦਿੱਤੇ ਜਿਨ੍ਹਾਂ ਦੇ ਸੰਪਰਕ ਦਾ ਲਾਹਾ ਲਿਆ ਜਾ ਸਕਦਾ ਸੀ। ਯਕੀਨ ਨਾਲ ਕਿਹਾ ਜਾ ਸਕਦਾ ਕਿ ਇਸ ਗੱਲਬਾਤ ਅਤੇ ਵਿਚਾਰ ਵਟਾਂਦਰੇ ਦਾ ਕੋਈ ਨਤੀਜਾ ਨਾ ਨਿਕਲਿਆ ਕਿਉਂਕਿ ਜਰਮਨਾਂ ਨੂੰ ਹੰਕਾਰ ਸੀ ਅਤੇ ਵਿਸ਼ਵਾਸ ਸੀ ਕਿ ਆਉਣ ਵਾਲੀ ਜੰਗ ਵਿਚ ਜਿੱਤ ਉਨ੍ਹਾਂ ਦੀ ਹੀ ਹੋਵੇਗੀ।

ਮੈਂ ਨੈਪਲਸ ਵਿਚ ਸੀ ਜਦੋਂ ਦੂਸਰੀ ਆਲਮੀ ਜੰਗ ਛਿੜ ਪਈ। ਮੈਂ ਰੇਡੀਓ ਤੋਂ ਹਿੰਦੁਸਤਾਨੀ ਅਤੇ ਫ਼ਾਰਸੀ ਵਿਚ ਪ੍ਰੋਗਰਾਮ ਬਰਾਡਕਾਸਟ ਕਰਦਾ। ਮੈਂ ਇਟਲੀ ਦੇ ਜੰਗ ਵਿਚ ਸ਼ਾਮਲ ਹੋਣ ਤੱਕ ਨੈਪਲਸ ਵਿਚ ਰਿਹਾ। ਫਿਰ ਮੈਂ ਰੋਮ ਚਲਾ ਗਿਆ। ਨੈਪਲਸ ਵਿਚ ਯੂਨੀਵਰਸਿਟੀ ਅਧਿਕਾਰੀਆਂ ਨੇ ਮੈਨੂੰ ਫ਼ਾਰਸੀ ਭਾਸ਼ਾ ਦੇ ਪ੍ਰੋਫ਼ੈਸਰ ਦੀ ਨੌਕਰੀ ਦੀ ਪੇਸ਼ਕਸ਼ ਕੀਤੀ ਜਿਹੜੀ ਮੈਂ ਮੰਨ ਲਈ। ਮੇਰੇ ਸ਼ੁਰੂ ਕਰਨ ਵੇਲੇ ਉਥੇ ਹਿੰਦੁਸਤਾਨੀ ਬੋਲਣ ਵਾਲਾ ਕੋਈ ਨਹੀਂ ਸੀ ਅਤੇ ਮੈਂ ਇਹ ਕੰਮ ਸਾਂਭਿਆ ਪਰ ਜਦੋਂ ਬਾਅਦ ਵਿਚ ਹੋਰ ਹਿੰਦੁਸਤਾਨੀ ਬੋਲ ਸਕਣ ਵਾਲੇ ਆ ਗਏ ਤਾਂ ਮੈਂ ਇਹ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪ ਦਿੱਤੀ। ਕੋਡ ਭਾਸ਼ਾ ਰਾਹੀਂ ਅਮਰੀਕਾ ਤੇ ਹਿੰਦੁਸਤਾਨ ਦੇ ਲੋਕਾਂ ਨੂੰ ਸੰਦੇਸ਼ ਭੇਜਣ ਲਈ ਸਹਾਇਤਾ ਮਿਲ ਗਈ। ਇਟਲੀ ਵਿਚ ਮੈਂ ਭਾਰਤ ਦੇ ਦੋਸਤ Friends of India Society ਬਣਾਈ ਜਿਸ ਵਿਚ

ਮੁਸੋਲਿਨੀ ਅਤੇ ਬਾਦਸ਼ਾਹ ਨੇ ਬਹੁਤ ਦਿਲਚਸਪੀ ਦਿਖਾਈ। ਗਰੇਅ ਸੁਸਾਇਟੀ ਦਾ ਪ੍ਰਧਾਨ ਸੀ। ਉਹ ਫਾਸਿਸਟ ਪਾਰਲੀਮੈਂਟ ਦਾ ਵੀ ਪ੍ਰਧਾਨ ਸੀ। ਮੈਂ ਵਾਈਸ ਪ੍ਰਧਾਨ ਸੀ ਅਤੇ ਮੁਹੰਮਦ ਇਕਬਾਲ ਸ਼ੈਦਾਈ ਜਨਰਲ ਸੈਕਟਰੀ ਸੀ। ਪ੍ਰਸਿੱਧ ਹਿੰਦੁਸਤਾਨੀ ਇਸ ਸੁਸਾਇਟੀ ਵਿਚ ਆਏ। ਬੋਸ (ਸੁਭਾਸ਼ ਚੰਦਰ) ਸੁਸਾਇਟੀ ਵਿਚ ਬੋਲ ਨਹੀਂ ਸਕਿਆ ਕਿਉਂਕਿ ਉਹ ਠੀਕ ਨਹੀਂ ਸੀ। ਇਹ ਸੁਸਾਇਟੀ ਹਿੰਦੁਸਤਾਨ ਅਤੇ ਇਟਲੀ ਦੇ ਪੱਕੇ ਸਭਿਆਚਾਰਕ, ਵਪਾਰਕ, ਰਾਜਨੀਤਕ ਸੰਬੰਧਾਂ ਦੀ ਬੁਨਿਆਦ ਰੱਖਣ ਲਈ ਬਣਾਈ ਗਈ ਸੀ। ਅਸੀਂ ਹਿੰਦੁਸਤਾਨ ਦੀ ਹਾਲਤ ਬਾਰੇ ਵਿਚਾਰ ਕਰਦੇ ਕਿ ਅੰਗਰੇਜ਼ ਭਾਰਤ ਨੂੰ ਤਬਾਹ ਕਰ ਰਹੇ ਸਨ।

ਜਦੋਂ ਮੈਂ ਨੈਪਲਸ ਵਿਚ ਸੀ ਤਾਂ ਇਕ ਦਿਨ ਕਿਸੇ ਨੂੰ ਰੇਡੀਉ ਤੋਂ ਬੋਲਦੇ ਸੁਣਿਆ ਜਿਸ ਦੀ ਬੋਲੀ ਵਿਚ ਹਿੰਦੁਸਤਾਨੀ ਸੰਸਕ੍ਰਿਤ ਆਦਿ ਦੇ ਸ਼ਬਦ ਸਨ ਪੁੱਛਗਿੱਛ ਤੋਂ ਪਤਾ ਲੱਗਾ ਕਿ ਉਹ ਗੋਆਵਾਸੀ ਪਾਦਰੇ ਸਿਲਵਾ ਸੀ। ਉਹ ਰੋਮ ਤੋਂ ਬੋਲਦਾ ਹੁੰਦਾ ਸੀ। ਮੈਂ ਉਥੇ ਗਿਆ ਕਿਉਂਕਿ ਮੇਰੀ ਬਹੁਤ ਇੱਛਾ ਸੀ ਕਿ ਹਿੰਦੁਸਤਾਨ ਨੂੰ ਰੇਡੀਉ ਤੋਂ ਸੰਬੋਧਨ ਕਰਨ ਦਾ ਮੌਕਾ ਮਿਲੇ। ਮੈਂ ਉਸ ਨੂੰ ਹਿੰਦੁਸਤਾਨੀ ਵਿਚ ਬੋਲਣ ਦਾ ਕਾਰਨ ਪੁੱਛਿਆ। ਉਸ ਨੇ ਜਵਾਬ ਦਿੱਤਾ ਕਿ ਉਹ ਉਸਦੀ ਮਦਦ ਕਰ ਰਹੇ ਹਨ ਅਤੇ ਉਨ੍ਹਾਂ ਹਿੰਦੁਸਤਾਨੀਆਂ ਨੂੰ ਸੰਬੋਧਨ ਹੋਣ ਲਈ ਪੋਪ ਨੂੰ ਸਮਾਂ ਅਲਾਟ ਕੀਤਾ ਹੈ। ਉਹ ਉਸ ਵੱਲੋਂ ਇਹ ਕਰ ਰਿਹਾ ਸੀ। ਵਾਪਸ ਆ ਕੇ ਨੈਪਲਸ ਕਾਲਜ ਦੇ ਪ੍ਰਿੰਸੀਪਲ, ਜਿਥੇ ਮੈਂ ਫਾਰਸੀ ਪੜ੍ਹਾਉਂਦਾ ਸੀ, ਨੂੰ ਆਪਣੀ ਖ਼ਾਹਿਸ਼ ਬਾਰੇ ਦੱਸਿਆ। ਉਸਨੇ ਰੇਡੀਉ ਵਿਭਾਗ ਨੂੰ ਲਿਖਿਆ ਕਿ ਉਹ ਕਿਸੇ ਅਜਿਹੇ ਵਿਅਕਤੀ ਦਾ ਪ੍ਰਬੰਧ ਕਰਨ ਜਿਹੜਾ ਲੈਅ ਨਾਲ ਫਰਾਟੇਦਾਰ ਹਿੰਦੁਸਤਾਨੀ ਬੋਲ ਸਕਦਾ ਹੋਵੇ। ਉਨ੍ਹਾਂ ਉਸ ਨੂੰ ਵਾਪਸ ਲਿਖਿਆ ਕਿ ਉਹ ਅਜਿਹੇ ਵਿਅਕਤੀ ਨੂੰ ਬੜੀ ਖ਼ੁਸ਼ੀ ਨਾਲ ਰੱਖ ਲੈਣਗੇ ਜਿਹੜਾ ਕਿ ਹਿੰਦੁਸਤਾਨੀ ਸਾਫ਼ ਸੁਥਰੀ ਬੋਲ ਸਕਦਾ ਹੋਵੇ। ਅਗਰ ਉਹ ਅਜਿਹੇ ਕਿਸੇ ਵਿਅਕਤੀ ਨੂੰ ਜਾਣਦਾ ਹੈ ਤਾਂ ਦੱਸ ਦੇਵੇ ਅਤੇ ਮੈਂ ਇਸ ਮੌਕੇ ਨੂੰ ਵਰਤਿਆ। ਰੋਮ ਵਿਚ ਭਾਸ਼ਨ ਕਰਨ ਦਾ ਸੋਚਿਆ ਅਤੇ ਦੇਖਿਆ ਕਿ ਮੇਰੇ ਲਈ ਇਹ ਸਹੂਲਤ ਵਾਲਾ ਨਹੀਂ ਸੀ। ਇਹ ਉਸ ਮੌਕੇ ਕੀਤਾ ਗਿਆ ਜਦੋਂ ਹਿਟਲਰ ਨੈਪਲਸ ਦੀ ਯਾਤਰਾ 'ਤੇ ਆਇਆ ਸੀ ਅਤੇ ਸਾਰੀ ਹੀ ਯੂਰਪੀ ਪ੍ਰੈਸ ਉਥੇ ਸੀ। ਮੈਂ ਹਿੰਦੁਸਤਾਨੀ ਅਤੇ ਫ਼ਾਰਸੀ ਵਿਚ ਬੋਲਿਆ ਕਰਦਾ। ਮੇਰੀਆਂ ਰੇਡੀਉ ਤਕਰੀਰਾਂ ਅਤੇ ਡਰਾਮੇ ਸਾਨੂੰ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੂੰ ਪ੍ਰੇਰਿਤ ਕਰਨ ਦਾ ਕੰਮ ਕਰਦੇ। ਇਹ ਤਕਰੀਰਾਂ ਅਫ਼ਰੀਕਾ ਵਿਚ ਹਿੰਦੁਸਤਾਨੀ ਸਿਪਾਹੀਆਂ ਨੇ ਸੁਣੀਆਂ। ਕੁਝ ਹਿੰਦੁਸਤਾਨੀ ਸਿਪਾਹੀਆਂ ਨੇ ਜਰਮਨਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਯੂਰਪ ਵਿਚ ਆਜ਼ਾਦ ਹਿੰਦ ਫੌਜ ਬਣਾਉਣ ਵਾਸਤੇ ਲਿਜਾਇਆ ਜਾਵੇ। ਉਹ ਉਨ੍ਹਾਂ ਨੂੰ ਬਰਲਿਨ ਲੈ ਜਾਣਾ ਚਾਹੁੰਦੇ ਸਨ ਪਰ ਉਨ੍ਹਾਂ ਕਿਹਾ ਕਿ ਉਹ ਰੋਮ ਜਾਣਾ ਚਾਹੁੰਦੇ ਸਨ ਜਿਥੇ ਅਜੀਤ ਸਿੰਘ ਰੇਡੀਉ ਤੋਂ

ਬੋਲਦਾ ਸੀ। ਇਹ ਸਿਪਾਹੀ ਆਪਣੇ ਨਾਲ ਅੰਗਰੇਜ਼ਾਂ ਦੇ ਗੁਪਤ ਕੋਡ ਲੈ ਕੇ ਆਏ।

ਬਾਅਦ ਵਿਚ ਸ਼ੈਦਾਈ ਨੂੰ ਸਵਿਟਜ਼ਰਲੈਂਡ ਵਿਚੋਂ ਕੱਢ ਦਿੱਤਾ ਗਿਆ ਅਤੇ ਉਹ ਵੀ ਮੇਰੇ ਨਾਲ ਆ ਗਿਆ। ਇਸ ਤੋਂ ਪਹਿਲਾਂ ਸ਼ੈਦਾਈ ਨੂੰ ਫਰਾਂਸ ਵਿਚੋਂ ਕੱਢਿਆ ਗਿਆ ਸੀ ਅਤੇ ਇਹ ਅੰਗਰੇਜ਼ਾਂ ਦੇ ਦਬਾਅ ਹੇਠ ਕੀਤਾ ਗਿਆ ਸੀ। ਅਫ਼ਗਾਨ ਕੌਂਸਲ ਜਨਰਲ ਨੇ ਸ਼ਿਕਾਇਤ ਕੀਤੀ ਸੀ ਕਿ ਜਿੰਨੀ ਦੇਰ ਸ਼ੈਦਾਈ ਓਥੇ ਹੈ, ਉਸ ਦੀ ਜਾਨ ਖ਼ਤਰੇ ਵਿਚ ਸੀ ਕਿਉਂਕਿ ਸ਼ੈਦਾਈ ਫਾਸਿਸਟ ਸੀ। ਇਹ 1935 ਦੀ ਗੱਲ ਹੈ। ਸਵਿਟਜ਼ਰਲੈਂਡ ਵਿਚੋਂ ਉਹ ਜੰਗ ਦੇ ਦੌਰਾਨ ਕੱਢਿਆ ਗਿਆ। ਜਦੋਂ ਉਸਨੇ ਅਧਿਕਾਰੀਆਂ ਨੂੰ ਪੁੱਛਿਆ ਕਿ ਉਸਨੂੰ ਸਵਿਟਜ਼ਰਲੈਂਡ ਵਿਚੋਂ ਕਿਉਂ ਕੱਢਿਆ ਜਾ ਰਿਹਾ ਸੀ ਤਾਂ ਉਸ ਨੂੰ ਏਨਾ ਹੀ ਦੱਸਿਆ ਗਿਆ ਕਿ ਉਹ ਉਥੇ ਨਹੀਂ ਸੀ ਰਹਿ ਸਕਦਾ। ਇਸ ਉੱਤੇ ਉਸਨੇ ਕੇਸ ਲੜਨ ਲਈ ਇਕ ਵਕੀਲ ਕਰ ਲਿਆ। ਵਕੀਲ ਨੂੰ ਅਧਿਕਾਰੀਆਂ ਨੇ ਦੱਸਿਆ ਕਿ ਸ਼ੈਦਾਈ ਇਕ ਖ਼ਤਰਨਾਕ ਕਮਿਊਨਿਸਟ ਸੀ ਅਤੇ ਸਵਿਟਜ਼ਰਲੈਂਡ ਕਮਿਊਨਿਸਟ ਪਾਰਟੀ ਦੇ ਮੁਖੀ ਨਿਕੋਲ ਦਾ ਪੱਕਾ ਦੋਸਤ ਸੀ। ਉਹ ਡੀਫੈਂਸ ਅਧਿਕਾਰੀਆਂ ਦੀ ਇਹ ਗੱਲ ਸੁਣ ਕੇ ਬਹੁਤ ਗੁੱਸੇ ਵਿਚ ਆ ਗਿਆ ਅਤੇ ਉਨ੍ਹਾਂ ਵਿਚ ਬੋਲ ਬੁਲਾਰਾ ਹੋ ਗਿਆ। ਸ਼ੈਦਾਈ ਨੇ ਉਸਨੂੰ ਦੱਸਿਆ ਕਿ ਉਸਦੇ ਨਿਕੋਲ ਨਾਲ ਕਿਸੇ ਤਰ੍ਹਾਂ ਦੇ ਸਬੰਧ ਨਹੀਂ ਸਨ। ਫਿਰ ਵਕੀਲ ਨੇ ਉਸਨੂੰ ਪੁੱਛਿਆ ਕਿ ਉਹ ਸਵਿਟਜ਼ਰਲੈਂਡ ਵਿਚ ਕਿਉਂ ਰਹਿਣਾ ਚਾਹੁੰਦਾ ਸੀ। ਉਸਨੇ ਦੱਸਿਆ ਕਿ ਸਿਹਤ ਕਾਰਨਾਂ ਕਰਕੇ ਉਹ ਸਵਿਟਜ਼ਰਲੈਂਡ ਵਿਚ ਰਹਿਣਾ ਚਾਹੁੰਦਾ ਸੀ। ਇਸ ਉੱਤੇ ਉਸ ਦਾ ਡਾਕਟਰਾਂ ਤੋਂ ਮੁਆਇਨਾਂ ਕਰਵਾਇਆ ਗਿਆ ਜਿਨ੍ਹਾਂ ਰਿਪੋਰਟ ਦਿੱਤੀ ਕਿ ਉਹ ਪੂਰੀ ਤਰ੍ਹਾਂ ਸਿਹਤ ਯਾਫਤਾ ਸੀ। ਇਸ ਤਰ੍ਹਾਂ ਸ਼ੈਦਾਈ ਨੂੰ ਸਵਿਟਜ਼ਰਲੈਂਡ ਛੱਡਣਾ ਪਿਆ। ਪਰ ਸਵਿਟਜ਼ਰਲੈਂਡ ਤੋਂ ਜਾਣ ਤੋਂ ਪਹਿਲਾਂ ਉਸ ਨੇ ਜਰਮਨੀ ਤੇ ਇਟਲੀ ਨੂੰ ਲਿਖਿਆ ਕਿ ਕੀ ਉਹ ਉਨ੍ਹਾਂ ਦੇ ਦੇਸ਼ ਵਿਚ ਆ ਕੇ ਰਹਿ ਸਕਦਾ ਸੀ। ਇਟਲੀ ਦਾ ਜਵਾਬ ਉਸ ਨੂੰ ਪਹਿਲਾਂ ਆ ਗਿਆ। ਇਸ ਲਈ ਉਹ ਇਟਲੀ ਲਈ ਚੱਲ ਪਿਆ। ਇਹ ਉਹੀ ਸ਼ੈਦਾਈ ਸੀ ਜੋ ਹਿਮਾਲੀਆ ਰੇਡੀਓ ਤੋਂ ਬੋਲਿਆ ਕਰਦਾ ਸੀ। ਇਹ ਰੇਡੀਓ ਇੰਡੀਆ ਹਾਊਸ ਰੋਮ ਵਿਚ ਸੀ।

ਜਦੋਂ ਹਿੰਦੁਸਤਾਨੀ ਕੈਦੀਆਂ ਦਾ ਪਹਿਲਾ ਜੱਥਾ ਇਟਲੀ ਆਇਆ ਤਾਂ ਸ਼ੈਦਾਈ ਤੇ ਮੈਂ ਆਪ ਉਨ੍ਹਾਂ ਨੂੰ ਮਿਲੇ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ। ਅਸੀਂ ਉਨ੍ਹਾਂ ਨੂੰ ਕਿਹਾ ਕਿ ਉਹ ਕੈਦੀਆਂ ਵਜੋਂ ਆਪਣਾ ਸਮਾਂ ਬਰਬਾਦ ਨਾ ਕਰਨ। ਪਰੰਤੂ ਉਹ ਪੜ੍ਹਨਾ ਲਿਖਣਾ ਸਿੱਖਣਾ ਸ਼ੁਰੂ ਕਰਨ ਕਿਉਂਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਅਨਪੜ੍ਹ ਸਨ। ਅਸੀਂ ਉਨ੍ਹਾਂ ਨੂੰ ਹਿੰਦੁਸਤਾਨੀ ਸਿਖਾਉਣ ਲਈ ਇਕ ਅਧਿਆਪਕ ਰੱਖ ਦਿੱਤਾ ਅਤੇ ਇਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਕੁਝ

ਹੀ ਹਫ਼ਤਿਆਂ ਵਿਚ ਪੜ੍ਹਨ ਲਿਖਣ ਲੱਗੇ। ਸਚਮੁੱਚ ਉਨ੍ਹਾਂ ਆਪਣੇ ਹੱਥੀਂ ਆਪਣੇ ਘਰ ਦਿਆਂ ਨੂੰ ਖ਼ਤ ਲਿਖੇ। ਅਸੀਂ ਤਾਬਾ ਸਾਨੀ ਨਾਂ ਦੇ ਇਕ ਕਰਨਲ ਨੂੰ ਉਨ੍ਹਾਂ ਨੂੰ ਫੌਜੀ ਟ੍ਰੇਨਿੰਗ ਦੇਣ ਲਈ ਵੀ ਆਖਿਆ। ਇਸੇ ਹੀ ਮੌਕੇ ਸਾਡੇ ਮਨ ਵਿਚ ਆਜ਼ਾਦ ਹਿੰਦ ਫੌਜ ਬਣਾਉਣ ਦਾ ਫੁਰਨਾ ਫੁਰਿਆ। ਪਰ ਸਾਡੀ ਇਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਕੁਝ ਸਮਾਂ ਲੱਗ ਗਿਆ। ਇਸ ਮਕਸਦ ਲਈ ਮੁਹੰਮਦ ਇਕਬਾਲ ਸ਼ੈਦਾਈ ਨੂੰ ਉਤਰੀ ਅਫ਼ਰੀਕਾ ਜਾਣਾ ਪਿਆ। ਜਿਥੇ ਹਿੰਦੁਸਤਾਨੀ ਕੈਦੀ ਬਹੁਤ ਵੱਡੇ ਤਸੀਹਾ ਕੇਂਦਰਾਂ ਵਿਚ ਡੱਕੇ ਹੋਏ ਸਨ। ਉਹ ਇਹਨਾਂ ਕੈਂਪਾਂ ਵਿਚ ਗਿਆ, ਤਕਰੀਰਾਂ ਕੀਤੀਆਂ, ਇਹਨਾਂ ਲੋਕਾਂ ਨੂੰ ਇਕੱਠੇ ਕੀਤਾ। ਉਨ੍ਹਾਂ ਨੂੰ ਉਨ੍ਹਾਂ ਦੇ ਫਰਜ਼ਾਂ ਬਾਰੇ ਜਾਣੂ ਕਰਵਾਇਆ ਕਿ ਉਹ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜਨ। ਸ਼ੁਰੂ ਵਿਚ ਬਹੁਤ ਘੱਟ ਲੋਕਾਂ ਨੇ ਹੁੰਗਾਰਾ ਭਰਿਆ। ਪਰੰਤੂ ਬਾਅਦ ਵਿਚ ਬਹੁਤ ਵੱਡੀ ਗਿਣਤੀ ਵਿਚ ਹਜ਼ਾਰਾਂ ਲੋਕ ਕੌਮੀ ਫੌਜ ਵਿਚ ਭਰਤੀ ਹੋਣ ਲਈ ਤਿਆਰ ਸਨ। ਮੇਰੇ ਹਿੰਦੁਸਤਾਨੀ ਨਸ਼ਰੀਆਤ ਇਹਨਾਂ ਸਿਪਾਹੀਆਂ ਵੱਲ ਸੇਧਤ ਸਨ ਅਤੇ ਇਸ ਪਾਸੇ ਬਹੁਤ ਮਦਦਗਾਰ ਹੋ ਰਹੇ ਸਨ। ਉਨ੍ਹਾਂ ਨੂੰ ਮਹਾਂਦੀਪ ਵਿਚੋਂ ਛੇਤੀ ਹੀ ਤਬਦੀਲ ਕਰਕੇ ਆਵਾਸਾਕੋ ਦੇ ਵੱਡੇ ਕੈਂਪ ਵਿਚ ਲਿਆਉਣ ਦਾ ਫ਼ੈਸਲਾ ਲਿਆ ਗਿਆ। ਇਹ ਪਿਛਲੀ ਜੰਗ ਸਮੇਂ ਸਭ ਤੋਂ ਵੱਡਾ ਕੈਂਪ ਸੀ ਜਿਹੜਾ ਹਿੰਦੁਸਤਾਨੀ ਜੰਗੀ ਕੈਦੀਆਂ ਲਈ ਚੁਣਿਆ ਗਿਆ ਸੀ।

ਸ਼ੈਦਾਈ ਤੇ ਮੈਂ ਆਪ ਹਫ਼ਤੇ ਵਿਚ ਦੋ ਵਾਰ ਕੈਂਪਾਂ ਵਿਚ ਲੋਕਾਂ ਨੂੰ ਮਿਲਣ ਲਈ ਜਾਂਦੇ। ਆਪ ਤਕਰੀਰ ਕਰਦੇ ਅਤੇ ਉਨ੍ਹਾਂ ਨੂੰ ਤਕਰੀਰ ਕਰਨ ਲਈ ਆਖਦੇ। ਦਿਨ ਪ੍ਰਤੀ ਦਿਨ ਉਨ੍ਹਾਂ ਵਿਚ ਉਤਸ਼ਾਹ ਵਧਦਾ ਜਾ ਰਿਹਾ ਸੀ। 10,000 ਤੋਂ ਉਪਰ ਟ੍ਰੇਨਿੰਗ ਦੇਣ ਲਈ ਜ਼ੋਰ ਪਾਉਣ ਲੱਗੇ ਅਤੇ ਦੇਸ਼ ਸੇਵਾ ਲਈ ਭੇਜਣ ਲਈ ਕਹਿਣ ਲੱਗੇ। ਹੁਣ ਅਸੀਂ ਉਨ੍ਹਾਂ ਨੂੰ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ।

ਜਰਮਨ ਅਤੇ ਇਟਲੀ ਦੇ ਅਫ਼ਸਰ ਜਿਹੜੇ ਆਪਣੇ ਆਪਣੇ ਖੇਤਰਾਂ ਦੇ ਮਾਹਿਰ ਸਨ, ਟ੍ਰੇਨਿੰਗ ਦੇਣ ਲਈ ਲਾਏ ਗਏ। ਉਨ੍ਹਾਂ ਲਈ ਖ਼ਾਸ ਵਰਦੀਆਂ ਲਾਈਆਂ ਗਈਆਂ। ਆਜ਼ਾਦ ਹਿੰਦੁਸਤਾਨ ਦਾ ਝੰਡਾ ਉਨ੍ਹਾਂ ਦੀਆਂ ਬੈਰਕਾਂ ਤੇ ਝੂਲਦਾ। ਉਹ ਮਿਲਟਰੀ ਟ੍ਰੇਨਿੰਗ ਲੈਂਦੇ ਬਹੁਤ ਉਤਸ਼ਾਹ ਵਿਚ ਸਨ। ਜਦੋਂ ਉਨ੍ਹਾਂ ਨੂੰ ਪੈਰਾਸ਼ੂਟ ਟ੍ਰੇਨਿੰਗ ਵਾਸਤੇ ਕਿਹਾ ਗਿਆ ਤਾਂ ਲਗਭਗ ਸਭ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਪ੍ਰੰਤੂ ਸਭ ਨੂੰ ਇਸ ਟ੍ਰੇਨਿੰਗ ਲਈ ਲੈਣਾ ਅਸੰਭਵ ਸੀ। ਲਗਭਗ 180 ਸਿਪਾਹੀਆਂ ਨੂੰ ਇਸ ਟ੍ਰੇਨਿੰਗ ਲਈ ਚੁਣਿਆ ਗਿਆ। ਉਨ੍ਹਾਂ ਨੂੰ ਉਸ ਜਗਾਹ ਲਿਜਾਇਆ ਗਿਆ ਜਿਥੋਂ ਉਨ੍ਹਾਂ ਨੂੰ ਅਭਿਆਸ ਵਜੋਂ ਹਵਾ 'ਚੋਂ ਸੁੱਟਿਆ ਜਾਣਾ ਸੀ। ਉਨ੍ਹਾਂ ਇਹ ਕੰਮ ਏਨੀ ਦਲੇਰੀ ਤੇ ਉਤਸ਼ਾਹ ਨਾਲ ਕੀਤਾ ਕਿ ਜਰਮਨ ਤੇ ਇਟਲੀ ਦੇ ਅਫ਼ਸਰਾਂ ਨੇ ਉਨ੍ਹਾਂ ਦੇ ਹੌਸਲੇ ਤੇ ਭਾਵਨਾ ਦੀ ਬੜੀ ਤਾਰੀਫ਼ ਕੀਤੀ। ਜਦੋਂ ਬੋਸ (ਸੁਭਾਸ਼ ਚੰਦਰ) ਹਿੰਦੁਸਤਾਨ ਤੋਂ ਆਇਆ ਤਾਂ ਇਹ ਆਜ਼ਾਦ ਹਿੰਦ

ਫੌਜ ਪਹਿਲਾਂ ਹੀ ਤਿਆਰ ਸੀ ਅਤੇ ਉਹ ਇਹ ਦੇਖ ਕੇ ਬਹੁਤ ਖ਼ੁਸ਼ ਹੋਇਆ। ਬਰਲਿਨ ਪਹੁੰਚ ਕੇ ਉਸਨੇ ਉਥੇ ਵੀ ਫੌਜ ਤਿਆਰ ਕਰਨ ਦਾ ਵਿਚਾਰ ਬਣਾਇਆ। ਸ਼ੁਰੂ ਵਿਚ ਉਸ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸਨੇ ਮੈਨੂੰ ਉਦੋਂ ਦੱਸਿਆ ਜਦੋਂ ਉਹ ਦੂਸਰੀ ਵਾਰ ਰੋਮ ਆਇਆ। ਉਸਨੇ ਮੈਨੂੰ ਪੁੱਛਿਆ ਕਿ ਅਸੀਂ ਏਨੀ ਵੱਡੀ ਫੌਜ ਖੜ੍ਹੀ ਕਰਨ ਵਿਚ ਕਿਵੇਂ ਕਾਮਯਾਬ ਹੋਏ। ਮੈਂ ਉਸਨੂੰ ਕਿਹਾ ਕਿ ਉਹ ਹੌਸਲਾ ਨਾ ਛੱਡੇ। ਸਾਡੇ ਕੋਲ ਪੰਜਾਬੀ ਸਿਪਾਹੀਆਂ ਨੂੰ ਹਿੰਦੁਸਤਾਨੀ ਜ਼ੁਬਾਨ ਵਿਚ ਸੰਬੋਧਤ ਹੋਣ ਦੀ ਸਹੂਲਤ ਸੀ। ਇਹ ਉਹ ਜ਼ੁਬਾਨ ਹੈ ਜੋ ਬਹੁਤ ਸਾਰੇ ਸਿਪਾਹੀ ਸਮਝਦੇ ਸਨ। ਕਿਉਂਕਿ ਉਹ ਬਹੁਤ ਹੀ ਸੁੰਦਰ ਹਿੰਦੁਸਤਾਨੀ ਬੋਲ ਸਕਦਾ ਸੀ। ਇਸ ਲਈ ਛੇਤੀ ਉਹ ਬਹੁਤ ਵੱਡੀ ਗਿਣਤੀ ਨੂੰ ਆਪਣੇ ਵੱਲ ਖਿੱਚਣ ਦੇ ਕਾਬਲ ਹੋ ਜਾਵੇਗਾ। ਜਦੋਂ ਉਹ ਮੈਨੂੰ ਦੋਬਾਰਾ ਮਿਲਿਆ ਤਾਂ ਉਹ ਬਹੁਤ ਆਸਵੰਦ ਸੀ। ਉਸਨੇ ਮੈਨੂੰ ਸੂਚਨਾ ਦਿੱਤੀ ਕਿ ਉਹ ਇਕ ਬਟਾਲੀਅਨ ਖੜ੍ਹੀ ਕਰਨ ਵਿਚ ਕਾਮਯਾਬ ਹੋ ਗਿਆ ਸੀ। ਬਾਅਦ ਵਿਚ ਜਦੋਂ ਮੁਸੋਲਿਨੀ ਗ੍ਰਿਫ਼ਤਾਰ ਹੋ ਗਿਆ ਤਾਂ ਜਰਮਨ ਨੇ ਹਿੰਦੁਸਤਾਨੀ ਕੈਦੀਆਂ ਨੂੰ ਇਟਲੀ ਤੋਂ ਤਬਦੀਲ ਕਰ ਦਿੱਤਾ। ਸਾਡਾ ਇਟਲੀ ਨਾਲ ਇਹ ਸਮਝੌਤਾ ਸੀ ਕਿ ਉਹ ਹਿੰਦੁਸਤਾਨੀ ਸਿਪਾਹੀ ਸਿਰਫ਼ ਅੰਗਰੇਜ਼ਾਂ ਵਿਰੁੱਧ ਹਿੰਦੁਸਤਾਨੀ ਧਰਤੀ 'ਤੇ ਹੀ ਲੜਨਗੇ ਹੋਰ ਕਿਤੇ ਨਹੀਂ। ਇਟਲੀ ਨੇ ਇਸ ਸਮਝੌਤੇ ਦਾ ਪਾਲਣ ਕੀਤਾ ਪਰੰਤੂ ਜਦੋਂ ਇਹਨਾਂ ਕੈਦੀਆਂ ਨੂੰ ਉਸਦੇ ਪਤਨ ਤੋਂ ਬਾਅਦ ਜਰਮਨੀ ਲਿਜਾਇਆ ਗਿਆ ਅਤੇ ਮੁਸੋਲਿਨੀ ਗ੍ਰਿਫ਼ਤਾਰ ਹੋ ਗਿਆ ਤਾਂ ਉਨ੍ਹਾਂ ਸਮਝੌਤੇ ਦਾ ਪਾਲਣ ਨਹੀਂ ਕੀਤਾ ਅਤੇ ਸਮੱਸਿਆ ਖੜ੍ਹੀ ਹੋ ਗਈ।

ਮੈਂ 1943 ਨੂੰ ਰੋਮ ਵਿਚੋਂ ਚਲਾ ਗਿਆ ਜਦੋਂ ਮਾਰਸ਼ਲ ਬਾਡੋਗੀਲੋ ਇਟਲੀ ਸਰਕਾਰ ਦਾ ਮੁਖੀ ਬਣਿਆ। ਉਸਨੇ ਮੈਨੂੰ ਰੇਡੀਉ ਤੋਂ ਮੁਸੋਲਿਨੀ ਦੇ ਖ਼ਿਲਾਫ਼ ਬੋਲਣ ਲਈ ਕਿਹਾ। ਮੈਂ ਇਹ ਕਰਨ ਤੋਂ ਨਾਂਹ ਕਰ ਦਿੱਤੀ। ਫਿਰ ਉਸਨੇ ਮੈਨੂੰ ਫਾਸ਼ਿਜ਼ਮ ਵਿਰੁੱਧ ਬੋਲਣ ਲਈ ਕਿਹਾ। ਇਸ ਲਈ ਮੈਂ ਸਹਿਮਤ ਹੋ ਗਿਆ। ਫਾਸ਼ਿਜ਼ਮ ਵਿਰੁੱਧ ਬੋਲਦੇ ਹੋਏ ਵੀ ਮੈਂ ਆਪਣੀ ਗੱਲ ਨੂੰ ਅੰਗਰੇਜ਼ਾਂ ਵਿਰੁੱਧ ਕਰਨ ਦੇ ਯੋਗ ਵੀ ਹੋ ਜਾਂਦਾ। ਜਿਨ੍ਹਾਂ ਨੂੰ ਮੈਂ ਸਭ ਤੋਂ ਭੈੜੇ ਫਾਸਿਸਟ ਬਿਆਨ ਕਰਦਾ। ਮਾਰਸ਼ਲ ਬਾਡੋਗੀਲੋ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ। ਅਗਸਤ, 1943 ਵਿਚ ਮੈਂ ਰੇਡੀਉ ਤੋਂ ਆਪਣੀ ਆਖਰੀ ਤਕਰੀਰ ਕੀਤੀ। ਤੇ ਉਸ ਤੋਂ ਬਾਅਦ ਮੈਂ ਇਹ ਛੱਡ ਦਿੱਤਾ। ਮੈਂ ਰਿਮੀਓਨੇ ਵਿਚ ਸੀ ਜਦੋਂ ਮਾਰਸ਼ਲ ਬਾਡੋਗੀਲੋ ਨੇ ਹਥਿਆਰ ਸੁੱਟ ਦਿੱਤੇ। ਇਹ ਖ਼ਬਰ ਸੁਣ ਕੇ ਮੈਂ ਛੇਤੀ ਨਾਲ ਜਰਮਨ ਇਲਾਕੇ ਵਿਚ ਚਲਾ ਗਿਆ ਤਾਂ ਕਿ ਮੈਂ ਅੰਗਰੇਜ਼ਾਂ ਦੇ ਹੱਥਾਂ ਵਿਚ ਨਾ ਆ ਜਾਵਾਂ। ਮੈਂ ਬੋਲੋਨ ਲਈ ਗੱਡੀ ਫੜੀ ਪਰ ਇਹ ਗੱਡੀ ਬੋਲੋਨ ਨਹੀਂ ਪਹੁੰਚੀ। ਮੈਨੂੰ ਬੋਲੋਨ ਪਹੁੰਚਣ ਲਈ ਤਕਰੀਬਨ 16 ਮੀਲ ਪੈਦਲ ਚਲਣਾ ਪਿਆ। ਉਥੇ ਮੈਂ ਦੇਖਿਆ ਕਿ ਜਰਮਨ ਨੇ ਇਟਲੀ ਫੌਜਾਂ ਨੂੰ ਬੇਹਥਿਆਰੇ ਕਰ

ਦਿੱਤਾ ਸੀ। ਉਥੋਂ ਮੈਂ ਵੀਨਸ ਚਲਾ ਗਿਆ। ਇਥੇ ਵੀ ਸਰਕਾਰ ਤਬਦੀਲ ਹੋ ਗਈ ਸੀ। ਮੈਂ ਰੋਮ ਵਾਪਸ ਮੁੜ ਆਇਆ ਜਦੋਂ ਹਿਟਲਰ ਨੇ ਮੁਸੋਲਿਨੀ ਨੂੰ ਬਚਾ ਲਿਆ ਅਤੇ ਉਸਨੂੰ ਇਟਲੀ ਸਰਕਾਰ ਦੇ ਮੁਖੀ ਵਜੋਂ ਸਥਾਪਤ ਕਰ ਦਿੱਤਾ। ਇਥੋਂ ਮੈਂ ਫਿਰ ਵੀਨਸ ਚਲਾ ਗਿਆ ਜਿਥੇ ਮੈਂ ਅੱਠ ਜਾਂ ਨੌਂ ਮਹੀਨੇ ਰਿਹਾ ਅਤੇ ਉਸ ਤੋਂ ਬਾਅਦ ਮੈਂ ਮਿਲਾਨ ਚਲਾ ਗਿਆ।

ਮੈਂ ਮਿਲਾਨ ਵਿਚ ਸੀ ਜਦੋਂ ਜੰਗ ਖ਼ਤਮ ਹੋਈ ਅਤੇ ਦੋ ਮਈ ਨੂੰ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁਹੰਮਦ ਇਕਬਾਲ ਸ਼ੈਦਾਈ ਗ੍ਰਿਫ਼ਤਾਰ ਹੋਣੋਂ ਬਚ ਗਿਆ। ਮੈਨੂੰ ਇਟਲੀ ਦੇ ਕੈਂਪ ਵਿਚ ਰੱਖਿਆ ਗਿਆ। ਜਿਥੇ ਮੈਂ ਤਕਰੀਬਨ ਦੋ ਹਫ਼ਤੇ ਰਿਹਾ। ਇਥੇ ਮੈਨੂੰ ਫੌਜੀ ਗਾਰਡ ਦੱਸਦੇ ਕਿ ਮੈਨੂੰ ਅੰਗਰੇਜ਼ਾਂ ਖ਼ਿਲਾਫ਼ ਨਸ਼ਰੀਆਤ ਕਰਕੇ ਗੋਲੀ ਮਾਰ ਦਿੱਤੀ ਜਾਵੇਗੀ। ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਨੂੰ ਆਪਣੀ ਜਾਨ ਦੀ ਕੋਈ ਪ੍ਰਵਾਹ ਨਹੀਂ ਅਤੇ ਮੈਂ ਕਿਸੇ ਵੀ ਖ਼ਤਰੇ ਦਾ ਮੁਕਾਬਲਾ ਕਰਨ ਲਈ ਤਿਆਰ ਸੀ। ਉਨ੍ਹਾਂ ਮੈਨੂੰ ਪੁੱਛਿਆ ਕਿ ਮੈਂ ਅੰਗਰੇਜ਼ਾਂ ਦੇ ਏਨਾ ਜ਼ਿਆਦਾ ਵਿਰੁੱਧ ਕਿਉਂ ਸੀ? ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਉਹ ਫਾਸਿਸਟ ਸਨ ਜਿਹੜੇ ਤਹਿਜ਼ੀਬ ਨੂੰ ਬਚਾਉਣ ਦੇ ਨਾਂ ਹੇਠ ਜੰਗ ਲੜ ਰਹੇ ਸਨ ਪਰੰਤੂ ਉਨ੍ਹਾਂ ਦੁਨੀਆਂ ਦੇ ਵੱਡੇ ਹਿੱਸੇ ਨੂੰ ਗ਼ੁਲਾਮ ਬਣਾਇਆ ਹੋਇਆ ਸੀ।

ਅੰਗਰੇਜ਼ ਗਾਰਡਾਂ ਨੂੰ ਇਹ ਪ੍ਰਭਾਵ ਸੀ ਕਿ ਹਿੰਦੁਸਤਾਨ ਹੁਣ ਆਜ਼ਾਦ ਸੀ ਅਤੇ ਮੇਰੇ ਲਈ ਅੰਗਰੇਜ਼ਾਂ ਦਾ ਵਿਰੋਧ ਕਰਨ ਦਾ ਕੋਈ ਆਧਾਰ ਨਹੀਂ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਭਾਰਤ ਵਿਚ ਵਾਇਸਰਾਏ ਸਿਰਫ਼ ਵਿਧਾਨਕ ਮੁਖੀ ਸੀ ਜਿਵੇਂ ਬਾਦਸ਼ਾਹ ਇੰਗਲੈਂਡ ਵਿਚ ਸੀ। ਪਰ ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਹਿੰਦੁਸਤਾਨ ਵਿਚ ਐਸਾ ਨਹੀਂ ਸੀ ਤੇ ਵਾਇਸਰਾਏ ਵਿਧਾਨ ਸਭਾ ਵਲੋਂ ਲਏ ਫ਼ੈਸਲੇ ਨਕਾਰ ਸਕਦਾ ਸੀ, ਤਾਂ ਉਹ ਹੈਰਾਨ ਹੋ ਗਏ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਇਹ ਨਵੀਂ ਖ਼ਬਰ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਹ ਝੂਠਾ ਪ੍ਰਚਾਰ ਸੀ ਜਿਹੜਾ ਕੀਤਾ ਜਾ ਰਿਹਾ ਸੀ ਅਤੇ ਹਿੰਦੁਸਤਾਨ ਅਜੇ ਵੀ ਗ਼ੁਲਾਮ ਦੇਸ਼ ਸੀ।

ਜਦੋਂ ਮੈਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਮੈਨੂੰ ਮੇਜ਼ਰ ਫੀਲਡਿੰਗ ਜਿਸਨੇ ਮੈਨੂੰ ਗ੍ਰਿਫ਼ਤਾਰ ਕੀਤਾ ਸੀ, ਵੱਲੋਂ ਦੱਸਿਆ ਗਿਆ ਸੀ ਕਿ ਮੈਨੂੰ ਗਵਰਨਰ ਜਿਹੜਾ ਕਿ ਅਮਰੀਕਨ ਮਿਲਟਰੀ ਅਫ਼ਸਰ ਸੀ, ਕੋਲ ਲਿਜਾਇਆ ਜਾਵੇਗਾ, ਪਰ ਇੰਞ ਵਾਪਰਿਆ ਨਹੀਂ। ਮੈਨੂੰ ਇਕ ਅੰਗਰੇਜ਼ ਕੈਂਪ ਵਿਚ ਲਿਜਾਇਆ ਗਿਆ। ਭਾਵੇਂ ਕਿ ਮੈਂ ਵਿਰੋਧ ਕੀਤਾ ਕਿ ਮੇਰੀ ਸਿਹਤ ਮੈਨੂੰ ਤਸੀਹਾ ਕੇਂਦਰ ਵਿਚ ਰੱਖਣ ਯੋਗ ਨਹੀਂ ਸੀ। ਮੈਂ ਉਨ੍ਹਾਂ ਨੂੰ ਦਵਾਈਆਂ ਅਤੇ ਡਾਕਟਰ ਦੀ ਸਲਾਹ ਵੀ ਦਿਖਾਈ। ਕੈਂਪ ਵਿਚ ਮੇਰੀ ਸਿਹਤ ਹੋਰ ਵਿਗੜ ਗਈ ਅਤੇ ਮੈਂ ਬਹੁਤ ਕਮਜ਼ੋਰ ਹੋ ਗਿਆ। ਇਹ ਇਕ ਬੰਦ ਕੈਂਪ ਸੀ।

ਇਥੋਂ ਮੈਨੂੰ ਕੁਝ ਵੱਡੇ ਇਟਲੀ ਅਧਿਕਾਰੀਆਂ ਨਾਲ ਇਕ ਹੋਰ ਖੁੱਲ੍ਹੇ


ਅੰਗਰੇਜ਼ੀ ਕੈਂਪ ਵਿਚ ਲਿਜਾਇਆ ਗਿਆ। ਇਥੇ ਪਹੁੰਚ ਕੇ ਸਾਨੂੰ ਪਤਾ ਲੱਗਾ ਕਿ ਥਾਂ ਦੀ ਕਮੀ ਕਾਰਨ ਇਥੇ ਸਾਨੂੰ ਬਹੁਤੀ ਦੇਰ ਨਹੀਂ ਰਖਿਆ ਜਾਵੇਗਾ। ਇਸ ਲਈ ਸਾਨੂੰ ਇਕ ਅਮਰੀਕਨ ਕੈਂਪ ਵਿਚ ਲਿਜਾਇਆ ਗਿਆ। ਕੈਂਪ ਕਮਾਂਡਟ ਇਕ ਅਮਰੀਕੀ ਫੌਜੀ ਅਫ਼ਸਰ ਸੀ ਜਿਸਨੇ ਮੇਰੇ ਪੁੱਜਣ ਦੇ ਪਹਿਲੇ ਦਿਨ ਹੀ ਮੇਰੇ ਨਾਲ ਗੱਲਬਾਤ ਕੀਤੀ। ਮੈਂ ਕਿਹਾ ਕਿ ਇਹ ਬੜੀ ਖ਼ੁਸ਼ੀ ਦੀ ਗੱਲ ਸੀ ਕਿ ਮੈਂ ਇਕ ਅਮਰੀਕਨ ਕੈਂਪ ਵਿਚ ਸੀ। ਅਮਰੀਕਨ ਆਜ਼ਾਦੀ ਨੂੰ ਪਿਆਰ ਕਰਦੇ ਸਨ। ਮੈਂ ਵੀ ਆਜ਼ਾਦੀ ਨੂੰ ਪਿਆਰ ਕਰਨ ਦਾ ਸ਼ਿਕਾਰ ਸੀ ਅਤੇ ਆਜ਼ਾਦੀ ਵਾਸਤੇ ਲੜਨ ਵਾਲਾ ਸੀ। ਇਸਨੇ ਕਮਾਂਡੰਟ ਨੂੰ ਪ੍ਰਭਾਵਿਤ ਕੀਤਾ। ਕੁਝ ਦਿਨਾਂ ਬਾਅਦ ਇਕ ਦਿਨ ਸਵੇਰੇ ਕਮਾਂਡੰਟ ਮੇਰੇ ਕੋਲ ਆਇਆ ਅਤੇ ਉਸਨੇ ਮੈਨੂੰ ਆਪਣੇ ਨਾਲ ਆਉਣ ਲਈ ਕਿਹਾ। ਮੈਂ ਆਪਣਾ ਸਾਰਾ ਸਮਾਨ ਸਮੇਟਿਆ ਅਤੇ ਉਸ ਨਾਲ ਉਸ ਦੀ ਕਾਰ ਵਿਚ ਚਲਾ ਗਿਆ। ਇਕ ਸ਼ਹਿਰ ਵਿਚ ਪਹੁੰਚ ਕੇ ਉਸ ਨੇ ਮੈਨੂੰ ਲਾਹ ਦਿੱਤਾ ਅਤੇ ਕਿਹਾ ਕਿ ਹੁਣ ਮੈਂ ਆਜ਼ਾਦ ਸੀ ਤੇ ਜਿੱਥੇ ਚਾਹਾਂ, ਜਾ ਸਕਦਾ ਸੀ। ਮੈਂ ਹੋਟਲ ਵਿਚ ਖਾਣਾ ਖਾਣ ਲਈ ਗਿਆ ਅਤੇ ਉਥੇ ਇਕ ਦਿਨ ਲਈ ਠਹਿਰਿਆ ਕਿਉਂਕਿ ਜਿਹੜੀ ਗੱਡੀ ਮੈਂ ਫੜਨੀ ਚਾਹੁੰਦਾ ਸੀ ਉਹ ਸ਼ਾਮ ਵੇਲੇ ਜਾਣੀ ਸੀ। ਉਹ ਮੈਨੂੰ ਉਥੇ ਛੱਡ ਕੇ ਕੈਂਪ ਵਿਚ ਵਾਪਸ ਚਲਾ ਗਿਆ। ਉਸ ਦੇ ਪਹੁੰਚਣ ਤੇ ਉਸਨੂੰ ਪਤਾ ਲੱਗਾ ਕਿ ਅੰਗਰੇਜ਼ਾਂ ਨੇ ਉਸਨੂੰ ਟੈਲੀਫੋਨ ਕੀਤਾ ਸੀ ਕਿ ਉਹ ਮੈਨੂੰ ਲੈਣ ਲਈ ਆ ਰਹੇ ਸਨ। ਅੰਗਰੇਜ਼ ਕੈਂਪ ਵਿਚ ਇਕ ਲਾਰੀ ਵਿਚ ਆਏ ਅਤੇ ਕਮਾਂਡੈਂਟ ਉਨ੍ਹਾਂ ਨੂੰ ਉਸ ਹੋਟਲ ਵਿਚ ਲੈ ਆਇਆ ਜਿਸ ਵਿਚ ਉਹ ਮੈਨੂੰ ਛੱਡ ਗਿਆ ਸੀ। ਜਦੋਂ ਉਹ ਆਏ ਤਾਂ ਮੈਂ ਆਪਣਾ ਦੁਪਹਿਰ ਦਾ ਖਾਣਾ ਖਾ ਰਿਹਾ ਸੀ ਅਤੇ ਉਹ ਮੈਨੂੰ ਵਾਪਸ ਲੈ ਆਏ। ਕਮਾਂਡੈਂਟ ਨੇ ਮੇਰੇ ਕੋਲ ਪੇਪਰ ਦੇਖੇ ਸਨ। ਉਸਨੇ ਮੈਨੂੰ ਕਿਹਾ ਕਿ ਮੈਂ ਇਹਨਾਂ ਪੇਪਰਾਂ ਨੂੰ ਸਾੜ ਦੇਵਾਂ ਕਿਉਂਕਿ ਇਹ ਮੇਰੇ ਲਈ ਮੁਸੀਬਤ ਖੜ੍ਹੀ ਕਰ ਸਕਦੇ ਹਨ। ਪਰ ਮੈਂ ਉਸ ਦੀ ਸਲਾਹ ਤੇ ਅਮਲ ਨਹੀਂ ਕੀਤਾ। ਇਹਨਾਂ ਪੇਪਰਾਂ ਵਿਚ ਮੇਰੀ ਅੰਗਰੇਜ਼ਾਂ ਪ੍ਰਤੀ ਕੁੜੱਤਣ ਝਲਕਦੀ ਸੀ ਅਤੇ ਉਨ੍ਹਾਂ ਵਿਰੁੱਧ ਕਾਰਵਾਈਆਂ ਦਾ ਜ਼ਿਕਰ ਸੀ। ਇਹ ਪੇਪਰ ਮੇਰੇ ਲਈ ਮੁਸੀਬਤ ਖੜ੍ਹੀ ਕਰ ਸਕਦੇ ਸਨ ਜਿਥੇ ਕਿਤੇ ਵੀ ਮੈਂ ਕੈਦ ਕੀਤਾ ਜਾਂਦਾ।

ਮਿਲਾਨ ਕੈਂਪ ਵਿਚ ਜਿਹੜਾ ਭੋਜਨ ਮਿਲਦਾ ਸੀ ਕਿਸੇ ਕੰਮ ਦਾ ਨਹੀਂ ਸੀ ਤੇ ਬੜਾ ਗੰਦਾ ਸੀ। ਮਿਲਾਨ ਦਾ ਮੇਅਰ ਵੀ ਉਸੇ ਕੈਂਪ ਵਿਚ ਸੀ ਅਤੇ ਮੇਰੀ ਬਦ ਕਿਸਮਤੀ ਕੁਝ ਹੱਦ ਤੱਕ ਉਸੇ ਦੀ ਟਹਿਲ ਸੇਵਾ ਕਰਕੇ ਸ਼ੁਰੂ ਹੋਈ। ਉਹ ਆਪਣਾ ਖਾਣਾ ਮੇਰੇ ਨਾਲ ਵੰਡ ਲੈਂਦਾ ਸੀ। ਕਿਉਂਕਿ ਉਸਦਾ ਖਾਣਾ ਘਰੋਂ ਆ ਜਾਂਦਾ ਸੀ। ਡਾਕਟਰਾਂ ਕੋਲ ਉਨ੍ਹਾਂ ਕੈਂਪਾਂ ਵਿਚ ਕੋਈ ਦਵਾਈਆਂ ਨਹੀਂ ਸਨ ਸਿਵਾ ਜੁਲਾਬ ਦੀ ਦਵਾਈ ਦੇ।


ਅਮਰੀਕਨ ਕੈਂਪ ਵਿਚੋਂ ਮੈਨੂੰ ਇਕ ਹੋਰ ਕੈਂਪ ਵਿਚ ਲਿਆਂਦਾ ਗਿਆ।

ਉਥੇ ਆ ਕੇ ਮੈਨੂੰ ਦਫ਼ਤਰ ਵਿਚ ਲਿਆਂਦਾ ਗਿਆ ਅਤੇ ਮੇਰੇ ਸਮਾਨ ਦੀ ਫੋਲਾ ਫਾਲੀ ਕੀਤੀ ਗਈ ਅਤੇ ਮੇਰਾ ਬਹੁਤ ਸਾਰਾ ਸਮਾਨ ਅਧਿਕਾਰੀਆਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਮੈਨੂੰ ਉਸਦੀ ਪੱਕੀ ਰਸੀਦ ਦੇ ਦਿੱਤੀ। ਇਕ ਯਹੂਦੀ ਮੁੰਡਾ, ਜਿਸ ਨੇ ਮੇਰੇ ਕਾਗ਼ਜ਼ਾਂ ਦਾ ਚਾਰਜ ਲਿਆ ਸੀ, ਮੇਰੀਆਂ ਰੇਡੀਓ ਤਕਰੀਰਾਂ ਕੱਢ ਲਈਆਂ ਅਤੇ ਉਨ੍ਹਾਂ ਨੂੰ ਪੜ੍ਹਨ ਲੱਗਾ। ਉਸਨੂੰ ਉਨ੍ਹਾਂ ਵਿਚੋਂ ਪ੍ਰੈਜ਼ੀਡੈਂਟ ਰੂਜ਼ਵੇਲਟ ਦਾ ਹਵਾਲਾ ਮਿਲਿਆ ਕਿ ਉਹ ਸਪੇਨੀ ਯਹੂਦੀ ਦੀ ਆਲ ਔਲਾਦ ਸੀ। ਉਸ ਨੇ ਸੋਚਿਆ ਕਿ ਇਹ ਮਸੌਦਾ ਸ਼ਾਇਦ ਯਹੂਦੀ ਵਿਰੋਧੀ ਸੀ। ਇਹ ਵੀ ਇਕ ਅਮਰੀਕੀ ਕੈਂਪ ਸੀ। ਇਥੇ ਮੈਨੂੰ ਸਿਰਫ਼ ਇਕ ਦਿਨ ਲਈ ਰੱਖਿਆ ਗਿਆ। ਅਗਲੇ ਦਿਨ ਮੈਨੂੰ ਇਕ ਹੋਰ ਕੈਂਪ ਵਿਚ ਲਿਆਂਦਾ ਗਿਆ। ਕੋਈ 90 ਮੀਲ ਉੱਤਰ ਵੱਲ ਅੰਗਰੇਜ਼ੀ ਕੈਂਪ ਵਿਚ। ਪਹਿਲੀ ਰਾਤ ਉਨ੍ਹਾਂ ਮੈਨੂੰ ਇਕ ਸੈੱਲ ਵਿਚ ਜ਼ਮੀਨ ਤੇ ਸੁਆਇਆ। ਬਾਅਦ ਵਿਚ ਮੈਨੂੰ ਇਕ ਹੋਰ ਸੈੱਲ ਵਿਚ ਲਿਜਾਇਆ ਗਿਆ ਜਿਸ ਦੇ ਵੱਡੇ ਭਾਗ ਵਿਚ ਬਦੇਸ਼ੀ ਸਨ ਜਿਨ੍ਹਾਂ ਵਿਚ ਜਰਮਨ ਅਤੇ ਯੋਗੋਸਲਾਵ ਸ਼ਾਮਲ ਸਨ। ਕੁਝ ਦਿਨਾਂ ਬਾਅਦ ਉਥੇ ਈ.ਐਮ. ਗਰੇਅ, ਫਰੈਂਡਜ਼ ਆਫ਼ ਇੰਡੀਅਨ ਸੁਸਾਇਟੀ ਦੇ ਪ੍ਰਧਾਨ ਨੂੰ ਇਸ ਜੇਲ ਵਿਚ ਲਿਆਂਦਾ ਗਿਆ। ਮੈਨੂੰ ਪਛਾਣ ਕੇ ਉਸਨੇ ਕਿਹਾ ਕਿ ਫਰੈਂਡਜ਼ ਆਫ਼ ਇੰਡੀਅਨ ਸੁਸਾਇਟੀ ਦੇ ਪ੍ਰਧਾਨ ਅਤੇ ਉੱਪ ਪ੍ਰਧਾਨ ਦੋਵੇਂ ਹੀ ਉਥੇ ਹਾਜ਼ਰ ਸਨ। ਇਸ ਲਈ ਉਹ ਸ਼ੈਸ਼ਨ ਸ਼ੁਰੂ ਕਰ ਸਕਦੇ ਸਨ ਅਤੇ ਤਕਰੀਰ ਕਰ ਸਕਦੇ ਸਨ। ਇਹ ਕਿਹਾ ਗਿਆ ਤੇ ਕੀਤਾ ਗਿਆ। ਕੈਦੀ ਸਾਡੀਆਂ ਤਕਰੀਰਾਂ ਸੁਣ ਕੇ ਖ਼ੁਸ਼ ਹੋਏ ਅਤੇ ਉਸ ਤੋਂ ਬਾਅਦ ਹਰ ਹਫ਼ਤੇ ਦੋ ਜਾਂ ਤਿੰਨ ਮੀਟਿੰਗਾਂ ਹੁੰਦੀਆਂ ਜਿਨ੍ਹਾਂ ਵਿਚ ਹਿੰਦੁਸਤਾਨ ਅਤੇ ਇਟਲੀ ਬਾਰੇ ਭਾਸ਼ਨ ਦਿੱਤੇ ਜਾਂਦੇ। ਉਨ੍ਹਾਂ ਦੇ ਪੁਰਾਣੇ ਸਭਿਆਚਾਰ ਅਤੇ ਦੂਸਰੇ ਸੰਬੰਧਾਂ ਬਾਰੇ ਦੱਸਿਆ ਜਾਂਦਾ। ਇਹ ਨੋਟ ਕਰਨਾ ਬੜਾ ਦਿਲਚਸਪ ਸੀ ਕਿ ਕਿਵੇਂ ਅੰਗਰੇਜ਼ ਇਟਲੀ ਵਿਚ ਫਾਸਿਸਟਾਂ ਨਾਲ ਹਮਦਰਦੀ ਰੱਖਦੇ ਸਨ ਅਤੇ ਕਮਿਊਨਿਸਟਾਂ ਪ੍ਰਤੀ ਦੁਸ਼ਮਣੀ ਰੱਖਦੇ ਸਨ। ਕੈਂਪ ਵਿਚ ਮੇਰੇ ਹੱਥ ਇਕ ਅਖ਼ਬਾਰ ਆਈ ਜਿਸ ਵਿਚ ਮੈਂ ਪੜ੍ਹਿਆ ਕਿ ਹਿੰਦੁਸਤਾਨ ਆਜ਼ਾਦ ਹੋ ਗਿਆ ਸੀ। ਮੈਂ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਲਿਖਿਆ ਤੇ ਪੁੱਛਿਆ ਕਿ ਕੀ ਇਹ ਖ਼ਬਰ ਸੱਚੀ ਸੀ। ਸਾਰੇ ਹੀ ਹਿੰਦੁਸਤਾਨੀ ਹੱਥ ਵਿਚ ਹੱਥ ਪਾਈ ਅੱਗੇ ਵਧਣਗੇ ਅਤੇ ਉਸਨੂੰ ਅਤੇ ਜਿਨਾਹ ਨੂੰ ਭਾਰਤ ਮਾਂ ਦੀ ਤਰੱਕੀ ਲਈ ਇਕੱਠੇ ਚੱਲਣਾ ਚਾਹੀਦਾ ਸੀ।


ਮੈਂ ਕਮਾਂਡੈਂਟ ਨੂੰ ਲਿਖਿਆ ਤੇ ਪੁੱਛਿਆ ਕਿ ਮੇਰੇ ਬਕਸੇ ਕਿਸ ਦੇ ਚਾਰਜ ਵਿਚ ਸਨ ਕਿਉਂਕਿ ਮੈਂ ਉਨ੍ਹਾਂ ਵਿਚੋਂ ਕੁਝ ਕਿਤਾਬਾਂ ਤੇ ਕੱਪੜੇ ਲੈਣਾ ਚਾਹੁੰਦਾ ਸੀ। ਕਮਾਂਡੈਂਟ ਨੇ ਮੇਰੇ ਖ਼ਤ ਦਾ ਕੋਈ ਜਵਾਬ ਨਹੀਂ ਦਿੱਤਾ। ਏਥੇ ਇਸ ਕੈਂਪ ਵਿਚ ਕੈਨਟੀਨ ਵੀ ਸੀ ਜਿਥੋਂ ਤਾਜ਼ਾ ਫਲ, ਖਾਣ ਪੀਣ ਦੀਆਂ ਵਸਤਾਂ ਅਤੇ ਨਵੇਂ ਪੁਰਾਣੇ ਮੈਗਜ਼ੀਨ ਤੇ ਅਖ਼ਬਾਰ ਖਰੀਦੇ ਜਾ ਸਕਦੇ ਸਨ। ਮੈਨੂੰ ਇਸ ਕੈਂਪ ਵਿਚ 50



ਮਾਤਾ ਹਰਨਾਮ ਕੌਰ ਪਤਨੀ ਸ. ਅਜੀਤ ਸਿੰਘ




ਸ. ਅਰਜਨ ਸਿੰਘ (ਪਿਤਾ ਜੀ)



ਸ. ਕਿਸ਼ਨ ਸਿੰਘ (ਵੱਡਾ ਭਰਾ)




ਸ. ਸਵਰਨ ਸਿੰਘ (ਛੋਟਾ ਭਰਾ)



ਸੂਫ਼ੀ ਅੰਬਾ ਪ੍ਰਸ਼ਾਦ



ਸੂਰਤ ਕਾਨਫ਼ਰੰਸ – 1905 ਸਮੇਂ




ਸ. ਅਜੀਤ ਸਿੰਘ ਈਰਾਨ ਵਿਚ (1909)






ਦੱਖਣੀ ਅਮਰੀਕਾ ਤੇ ਯੂਰਪ ਵਿਚ



ਦੱਖਣੀ ਅਮਰੀਕਾ ਤੇ ਯੂਰਪ ਵਿਚ




ਦੱਖਣੀ ਅਮਰੀਕਾ ਤੇ ਯੂਰਪ ਵਿਚ




ਬਾਬਾ ਭਗਤ ਸਿੰਘ ਬਿਲਗਾ ਤੇ ਸ. ਅਜੀਤ ਸਿੰਘ (ਅਰਜਨਟਾਈਨਾ)




ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਵਰਕਰਾਂ ਨਾਲ ਇੰਗਲੈਂਡ ਵਿਚ



ਮਾਰਚ 1947 ਲਾਹੌਰ ਪੁੱਜਣ 'ਤੇ





ਲਾਹੌਰ ਵਿਖੇ ਸਮਾਗਮ, 1947

ਦਿਨਾਂ ਲਈ ਰੱਖਿਆ ਗਿਆ। ਏਥੇ ਮੇਰੀ ਸਿਹਤ ਵਿਚ ਵੀ ਸੁਧਾਰ ਹੋਇਆ। ਇਥੇ ਰਹਿਣ ਦਾ ਮੈਨੂੰ ਮਜ਼ਾ ਆਇਆ।

ਇਸ ਕੈਂਪ 'ਚੋਂ ਮੈਨੂੰ ਲਿਜਾਣ ਤੋਂ ਜ਼ਰਾ ਪਹਿਲਾਂ ਇਕ ਹਿੰਦੁਸਤਾਨੀ ਔਰਤ ਸੀਤਾ ਦੇਵੀ ਨੂੰ ਇਸ ਕੈਂਪ ਵਿਚ ਲਿਆਂਦਾ ਗਿਆ। ਜਦੋਂ ਉਸਨੂੰ ਪਤਾ ਲੱਗਾ ਕਿ ਮੈਂ ਵੀ ਇਸ ਕੈਂਪ ਵਿਚ ਸੀ ਤਾਂ ਉਸਨੇ ਮੈਨੂੰ ਸੁਨੇਹਾ ਭੇਜਿਆ ਕਿ ਉਹ ਮੈਨੂੰ ਮਿਲਕੇ ਗੱਲ ਕਰਨਾ ਚਾਹੁੰਦੀ ਸੀ। ਉਸ ਦਾ ਸੁਨੇਹਾ ਮਿਲਦਿਆਂ ਹੀ ਮੈਂ ਤੁਰੰਤ ਉਸ ਨੂੰ ਮਿਲਣ ਲਈ ਇਜ਼ਾਜ਼ਤ ਮੰਗੀ। ਇਹ ਮੈਨੂੰ ਮਿਲ ਗਈ। ਮੈਂ ਉਸਨੂੰ ਮਿਲਿਆ ਅਤੇ ਉਸਨੇ ਆਪਣੇ ਇਕੱਲੇਪਨ ਦੀ ਸ਼ਿਕਾਇਤ ਕੀਤੀ। ਮੈਂ ਉਸਨੂੰ ਮਿਸ ਮੈਥਿਊ ਨਾਲ ਮਿਲਾਇਆ ਜਿਹੜੀ ਇੰਡੀਆ ਹਾਊਸ ਵਿਚ ਮੇਰੀ ਸੈਕਟਰੀ ਸੀ ਅਤੇ ਉਹ ਇਕ ਰਾਜਕੁਮਾਰੀ ਜਿਸਨੂੰ ਮੈਂ ਜਾਣਦਾ ਸੀ, ਦੀ ਵੀ ਸੈਕਟਰੀ ਸੀ। ਮੁਸੋਲਿਨੀ ਦੀ ਘਰ ਵਾਲੀ ਬੀਮਾਰ ਲੋਕਾਂ ਲਈ ਬਣਦੇ ਖਾਣੇ ਦੀ ਇਨਚਾਰਜ ਸੀ। ਮੈਂ ਉਸਨੂੰ ਬੇਨਤੀ ਕੀਤੀ ਕਿ ਸੀਤਾ ਦੇਵੀ ਦਾ ਖ਼ਾਸ ਖ਼ਿਆਲ ਰੱਖੇ। ਇਸ ਕੈਂਪ ਤੋਂ ਮੈਨੂੰ ਇਕ ਹੋਰ ਕੈਂਪ ਵਿਚ ਬਦਲਿਆ ਗਿਆ। ਇਹ ਰੋਮ ਦੀ ਇਕ ਪੁਰਾਣੀ ਜੇਲ੍ਹ ਸੀ ਜਿਸ ਨੂੰ ਸੈਮ ਮਾਈਕਲ ਜੇਲ੍ਹ ਕਿਹਾ ਜਾਂਦਾ ਸੀ। ਇਹ ਹਨੇਰੀ ਜੇਲ੍ਹ ਸੀ। ਦਿਨ ਵੇਲੇ ਵੀ ਉਥੇ ਪੜ੍ਹਨ ਜੋਗੀ ਰੋਸ਼ਨੀ ਨਹੀਂ ਸੀ। ਨਾ ਹੀ ਉਹ ਰਾਤ ਨੂੰ ਲੈਂਪ ਜਗਾਉਣ ਦੀ ਇਜ਼ਾਜ਼ਤ ਦਿੰਦੇ ਸਨ ਸਿਵਾ ਦੋ ਚਾਰ ਪਲਾਂ ਦੇ। ਹਵਾ ਬਦਬੂ ਵਾਲੀ ਸੀ। ਪਿਛਲੇ ਕੈਂਪ ਵਿਚ ਜਿਹੜਾ ਮੇਰੀ ਸਿਹਤ ਵਿਚ ਸੁਧਾਰ ਹੋਇਆ ਸੀ, ਉਹ ਏਥੇ ਦੋ ਦਿਨਾਂ ਵਿਚ ਹੀ ਖ਼ਰਾਬ ਹੋ ਗਈ। ਡਾਕਟਰ ਨੇ ਮੈਨੂੰ ਹਸਪਤਾਲ ਭੇਜ ਦਿੱਤਾ। ਏਥੇ ਵੱਧ ਰੋਸ਼ਨੀ ਸੀ। ਏਥੇ ਮੈਂ ਕਿਤਾਬਾਂ ਪੜ੍ਹ ਸਕਦਾ ਸੀ। ਜਿਹੜੀਆਂ ਮੈਂ ਸਾਥੀਆਂ ਤੋਂ ਮੰਗ ਲੈਂਦਾ। ਮੈਂ ਜੈਕ ਲੰਡਨ ਦੀ ਲਿਖੀ ਸਟਾਰ ਰੋਵਰ ਬੜੀ ਦਿਲਚਸਪੀ ਨਾਲ ਪੜ੍ਹ ਰਿਹਾ ਸੀ। ਏਥੇ ਕੋਈ ਤਾਜ਼ਾ ਹਵਾ ਨਹੀਂ ਸੀ। ਸਿਰਫ਼ ਹਫ਼ਤੇ ਵਿਚ ਇਕ ਵਾਰ ਹੀ 5 ਮਿੰਟ ਲਈ ਬਾਹਰ ਤਾਜ਼ੀ ਹਵਾ ਵਿਚ ਕੱਢਿਆ ਜਾਂਦਾ ਜਿਥੇ ਅਸੀਂ ਤੁਰ ਸਕਦੇ। ਕੈਦੀ ਕੋਈ ਪੈਂਸਲ ਜਾਂ ਪੈਨ ਨਹੀਂ ਸੀ ਰੱਖ ਸਕਦੇ। ਏਥੇ ਇਸ ਨਰਕੀ ਕੋਠੜੀ ਵਿਚ ਇਕ ਬੰਦਾ ਸੀ ਜਿਹੜਾ ਬਹੁਤ ਬੁਰੀ ਤਰ੍ਹਾਂ ਬੀਮਾਰ ਸੀ ਜੋ ਉਹ ਕੁੱਟ ਮਾਰ ਦੇ ਸਿੱਟੇ ਵਜੋਂ ਹੋਇਆ ਸੀ। ਏਥੇ ਆਉਣ ਤੋਂ ਪਹਿਲਾਂ ਉਸ ਨੂੰ ਇਕ ਮਹੀਨਾ ਹਸਪਤਾਲ ਵਿਚ ਰੱਖਿਆ ਗਿਆ ਸੀ। ਪਰ ਉਹ ਅਜੇ ਵੀ ਬੁਰੀ ਤਰ੍ਹਾਂ ਬੀਮਾਰ ਸੀ।

3 ਅਗਸਤ ਨੂੰ ਇੰਡੀਅਨ ਸਿਕਿਓਰਟੀ ਡਿਪਾਰਟਮੈਂਟ ਤੋਂ ਕੈਪਟਨ ਮਿਚੈੱਲ ਮੇਰੇ ਕੋਲ ਆਇਆ ਤੇ ਮੈਨੂੰ ਹਵਾਈ ਸਫ਼ਰ ਲਈ ਤਿਆਰ ਹੋਣ ਲਈ ਕਿਹਾ। ਉਸਨੇ ਮੈਨੂੰ ਦੱਸਿਆ ਕਿ ਮੈਂ ਆਪਣੇ ਨਾਲ ਬਹੁਤਾ ਸਮਾਨ ਨਹੀਂ ਲਿਜਾ ਸਕਦਾ। ਮੈਂ ਉਸਨੂੰ ਪੁੱਛਿਆ ਕਿ ਮੈਂ ਕਿੱਥੇ ਜਾ ਰਿਹਾ ਸੀ। ਉਸਨੇ ਕਿਹਾ "ਸ਼ਾਇਦ ਹਿੰਦੁਸਤਾਨ" ਪਰ ਜਦੋਂ ਮੈਂ ਆਪਣੀ ਮੰਜ਼ਿਲ ਤੇ ਪੁੱਜਾ ਤਾਂ ਮੈਨੂੰ ਪਤਾ ਲੱਗਾ ਕਿ ਮੈਨੂੰ ਜਰਮਨੀ ਵਿਚ ਫਰੈਂਕਫਰਟ ਵਿਖੇ ਲਿਆਂਦਾ ਗਿਆ ਸੀ। ਉਥੇ ਅਸੀਂ ਦੋ ਦਿਨ

ਰਹੇ ਅਤੇ ਇਥੇ ਮੈਂ ਅਮਰੀਕਨ ਰਜਮੈਂਟ ਦਾ ਕੈਦੀ ਸੀ ਏਥੇ ਮੇਰੇ ਨਾਲ ਦੋ ਹਿੰਦੁਸਤਾਨੀ ਸਨ। ਇਕ ਗੋਰਾ ਡੇ ਅਤੇ ਦੂਸਰੇ ਪੁਰਾਨੰਦ ਘੋਸ਼। ਉਨ੍ਹਾਂ ਨੂੰ ਵੱਖੋ ਵੱਖ ਸੈਲਾਂ ਵਿਚ ਰੱਖਿਆ ਗਿਆ ਸੀ। ਜੇਲ੍ਹ ਦੇ ਦਰਵਾਜ਼ੇ ਬੰਦ ਸਨ ਪਰ ਸੈਲਾਂ ਦੇ ਦਰਵਾਜ਼ੇ ਖੁੱਲ੍ਹੇ ਰੱਖੇ ਹੋਏ ਸਨ। ਇਸ ਲਈ ਅੱਧੀ ਰਾਤ ਵੇਲੇ ਅਸੀਂ ਇਕ ਦੂਜੇ ਨਾਲ ਗੱਲਾਂ ਕਰ ਲੈਂਦੇ। ਇਹਨਾਂ ਵਿਚੋਂ ਇਕ ਸੈਲ ਵਿਚ ਇਕ ਅਮਰੀਕਨ ਨੀਗਰੋ ਸਿਪਾਹੀ ਵੀ ਸੀ। ਸਹਿਯੋਗੀ ਹੁੰਦਿਆਂ ਉਹ ਸਾਡੇ ਨਾਲ ਬਹੁਤ ਹਮਦਰਦੀ ਵਿਖਾਉਂਦਾ। ਸਾਨੂੰ ਸਾਰਿਆਂ ਨੂੰ ਸਿਗਰਟਾਂ ਦੇ ਪੈਕੇਟ ਦਿੰਦਾ ਜਿਹੜੀ ਕਿ ਜਰਮਨੀ ਵਿਚ ਬੜੀ ਕੀਮਤੀ ਚੀਜ਼ ਸੀ। ਕਿਉਂਕਿ ਮੈਂ ਸਿਗਰਟ ਨਹੀਂ ਪੀਂਦਾ ਸੀ ਇਸ ਲਈ ਇਹਨਾਂ ਤੋਂ ਮੈਨੂੰ ਬੜੀ ਮਦਦ ਮਿਲੀ। ਇਹਨਾਂ ਦੇ ਵੱਟੇ ਮੈਂ ਉਹ ਚੀਜ਼ਾਂ ਵਟਾ ਲੈਂਦਾ ਜਿਨ੍ਹਾਂ ਦੀ ਮੈਨੂੰ ਬੜੀ ਲੋੜ ਹੁੰਦੀ। ਇਹਨਾਂ ਸਿਗਰਟਾਂ ਦੇ ਵੱਟੇ ਮੈਂ ਇਕ ਕੰਬਲ ਤੇ ਇਕ ਪੇਟੀ ਲਈ। 5 ਅਗਸਤ ਨੂੰ ਇਕ ਹਵਾਈ ਜਹਾਜ਼ ਪੈਰਿਸ ਤੋਂ ਫਰੈਂਕਫਰਟ ਆਇਆ ਜਿਸ ਵਿਚ ਸਾਨੂੰ ਬਰਮਨ ਲਿਜਾਇਆ ਗਿਆ। ਏਥੇ ਵੀ ਸਾਨੂੰ ਅਮਰੀਕਨ ਫੌਜ ਦੀ ਦੇਖ ਰੇਖ ਵਿਚ ਰੱਖਿਆ ਗਿਆ। ਪਰ ਜੇਲ੍ਹ ਦੇ ਸੈਲਾਂ ਵਿਚ ਨਹੀਂ। ਖਾਣਾ ਏਥੋਂ ਦਾ ਬਹੁਤ ਵਧੀਆ ਸੀ। ਅਸੀਂ ਫੌਜੀਆਂ ਨੂੰ ਪੜ੍ਹਨ ਲਈ ਮਿਲਦੀਆਂ ਕਿਤਾਬਾਂ ਪੜ੍ਹਨ ਲਈ ਲੈ ਲੈਂਦੇ। 6 ਅਗਸਤ ਨੂੰ ਸਾਨੂੰ ਲਾਰੀ ਰਾਹੀਂ ਬਦਸੈਲਜ਼ੂਫਲੈਨ ਵਿਖੇ ਲਿਆਂਦਾ ਗਿਆ। ਇਹ ਇੰਡੀਅਨ ਸਿਕਿਓਰਟੀ ਡੀਪਾਰਟਮੈਂਟ ਦਾ ਹੈਡਕੁਆਰਟਰ ਸੀ। ਏਥੇ ਆ ਕੇ ਪਤਾ ਲੱਗਾ ਕਿ ਦਫਤਰ ਦੇ ਸਾਹਮਣੀ ਇਮਾਰਤ ਦੀ ਉੱਤਲੀ ਮੰਜ਼ਿਲ ਉੱਤੇ ਨਾਂਬੀਆਰ ਆਪਣੇ ਦੋ ਹਿੰਦੁਸਤਾਨੀ ਸਾਥੀਆਂ ਨਾਲ ਹੈ। ਕਰਨਲ ਦੇਗੁਲਾ ਇੰਡੀਅਨ ਸਿਕਓਰਟੀ ਫੋਰਸ ਦਾ ਮੁਖੀ ਸੀ। ਮੇਜਰ ਗਿੱਲ ਤੇ ਕੈਪਟਨ ਵਾਰਨ ਉਸ ਦੇ ਸਹਿਯੋਗੀ ਸਨ। ਉਨ੍ਹਾਂ ਮੈਨੂੰ ਕਿਹਾ, "ਤੁਸੀਂ ਦੁਨੀਆ ਦੇਖੀ ਹੈ, ਹੁਣ ਤੁਸੀਂ ਸਾਡੇ ਕਾਬੂ ਆ ਗਏ ਹੋ। ਸਾਡਾ ਖ਼ਿਆਲ ਹੈ ਕਿ ਜੋ ਕੁਝ ਵਾਪਰਿਆ ਹੈ, ਉਸ ਬਾਰੇ ਤੁਸੀਂ ਖ਼ੁਸ਼ ਨਹੀਂ ਹੋਵੋਗੇ?" "ਸ਼ੈਦਾਈ ਕਿੱਥੇ ਹੈ?" ਕਪਤਾਨ ਵਾਰਨ ਨੇ ਮੈਨੂੰ ਪੁੱਛਿਆ। ਮੈਂ ਜਵਾਬ ਦਿੱਤਾ ਮੈਨੂੰ ਨਹੀਂ ਪਤਾ ਉਹ ਕਿੱਥੇ ਸੀ। ਸਗੋਂ ਮੈਂ ਉਨ੍ਹਾਂ ਦਾ ਧੰਨਵਾਦੀ ਹੋਵਾਂਗਾ ਜੇਕਰ ਉਹ ਮੈਨੂੰ ਉਸ ਦੀ ਕੋਈ ਖ਼ਬਰ ਦੇ ਸਕਣ। ਉਸਨੇ ਜਵਾਬ ਦਿੱਤਾ ਕਿ ਸ਼ੈਦਾਈ ਉਨ੍ਹਾਂ ਦੇ ਕਬਜ਼ੇ ਵਿਚ ਹੈ ਪਰ ਉਹ ਇਹ ਨਹੀਂ ਦੱਸ ਸਕਦਾ ਕਿ ਉਹ ਹੈ ਕਿੱਥੇ। ਮੇਰੇ ਪੇਪਰ, ਪੈਸੇ, ਘੜੀਆਂ ਆਦਿ ਉਨ੍ਹਾਂ ਦੁਆਰਾ ਲੈ ਲਈਆਂ। ਜਦੋਂ ਇਹਨਾਂ ਚੀਜ਼ਾਂ ਦੀ ਰਸੀਦ ਦੇਣ ਲਈ ਕਿਹਾ ਗਿਆ ਤਾਂ ਮੇਜਰ ਗਿੱਲ ਨੇ ਕਿਹਾ ਕਿ ਰਸੀਦ ਦੇਣ ਦੀ ਲੋੜ ਨਹੀਂ ਸੀ। ਚੀਜ਼ਾਂ ਨੂੰ ਲਿਫਾਫੇ ਵਿਚ ਪਾਇਆ ਗਿਆ ਅਤੇ ਉਨ੍ਹਾਂ ਉਤੇ ਮਾਲਕਾਂ ਦੇ ਨਾਂ ਲਿਖ ਦਿੱਤੇ ਗਏ। ਇਹ ਖ਼ਤਮ ਹੋਇਆ ਤਾਂ ਮੈਨੂੰ ਤਸੀਹਾ ਕੈਂਪ ਵਿਚ ਲਿਜਾਇਆ ਗਿਆ ਜਿਥੇ ਮੈਂ ਕੋਈ 20-22 ਹਿੰਦੁਸਤਾਨੀਆਂ ਨੂੰ ਮਿਲਿਆ। ਮੈਂ ਪ੍ਰੋ. ਤਾਰਾ ਚੰਦ ਰਾਉ, ਡਾ. ਧਵਨ, ਡਾ. ਅਹੂਜਾ, ਡਾ. ਸੇਨ, ਡਾ. ਬੈਨਰਜੀ ਆਦਿ ਨੂੰ ਮਿਲਿਆ। ਉਨ੍ਹਾਂ ਵਿਚ ਆਜ਼ਾਦ

ਹਿੰਦ ਫੌਜ ਦੇ ਸਿਪਾਹੀ ਵੀ ਸਨ। ਜਿਸ ਦਿਨ ਮੈਂ ਉਥੇ ਪੁੱਜਾ ਉਨ੍ਹਾਂ ਨੂੰ ਇਸੇ ਦਿਨ ਹੀ ਉਥੋਂ ਹਟਾ ਲਿਆ ਗਿਆ ਸੀ। ਏਥੇ ਮੈਂ ਬੀਮਾਰ ਪੈ ਗਿਆ। ਮੈਨੂੰ ਨਰਕ ਵਰਗੀ ਥਾਂ 'ਤੇ ਲਿਜਾਇਆ ਗਿਆ ਜਿਥੋਂ ਮੈਨੂੰ ਮਿਲਟਰੀ ਹਸਪਤਾਲ ਵਿਚ ਤਬਦੀਲ ਕਰ ਦਿੱਤਾ ਗਿਆ। ਏਥੇ ਮੈਂ 28 ਤਰੀਕ ਤੱਕ ਰਿਹਾ। ਜਦੋਂ ਮੈਂ ਕੁਝ ਰਾਜ਼ੀ ਹੋਇਆ ਤਾਂ ਮੈਨੂੰ ਫਿਰ ਕੈਂਪ ਵਿਚ ਵਾਪਸ ਲੈ ਆਂਦਾ ਗਿਆ। ਪਰੰਤੂ 17 ਅਕਤੂਬਰ ਨੂੰ ਮੈਨੂੰ ਹੈਰਫਰਡ ਜੇਲ੍ਹ ਵਿਚ ਬਦਲ ਦਿੱਤਾ ਗਿਆ। ਇਹ ਜੇਲ੍ਹ ਖ਼ਾਸ ਤੌਰ 'ਤੇ ਨੌਜਵਾਨਾਂ ਨੂੰ ਰੱਖਣ ਲਈ ਬਣਾਈ ਗਈ ਸੀ। ਮੈਨੂੰ ਇਕ ਛੋਟੇ ਸੈੱਲ ਵਿਚ ਰੱਖਿਆ ਗਿਆ ਜਿਹੜਾ ਹਰ ਵੇਲੇ ਬੰਦ ਰਹਿੰਦਾ। ਪਰ ਸ਼ਾਮ ਵੇਲੇ ਅੱਧੇ ਘੰਟੇ ਲਈ ਖੋਲ੍ਹਿਆ ਜਾਂਦਾ। ਮੈਨੂੰ ਵਿਹੜੇ ਵਿਚ ਘੁੰਮਣ ਦੀ ਇਜਾਜ਼ਤ ਸੀ। ਨੌਜਵਾਨ ਮੁੰਡਿਆਂ ਨੇ ਦੇਖਿਆ ਕਿ ਮੇਰੇ ਪੈਰ ਨੰਗੇ ਸਨ ਤੇ ਪੈਰੀਂ ਬੂਟ ਨਹੀਂ ਸਨ ਤਾਂ ਉਨ੍ਹਾਂ ਮੇਰੇ ਲਈ ਬੂਟ ਬਣਾਏ ਜਾਂ ਕਿਤੋਂ ਹਾਸਲ ਕੀਤੇ। ਉਨ੍ਹਾਂ ਮੁੰਡਿਆਂ ਨੇ ਮੈਨੂੰ ਜਰਮਨੀ ਵਿਚ ਵੇਖਿਆ ਹੋਇਆ ਸੀ। ਏਥੇ ਮੌਸਮ ਠੰਡਾ ਸੀ। ਇਸ ਲਈ ਮੈਂ ਕਮਾਂਡੈਂਟ ਨੂੰ ਲਿਖਿਆ ਕਿ ਮੈਨੂੰ ਕਿਸੇ ਗਰਮ ਇਲਾਕੇ ਵਿਚ ਤਬਦੀਲ ਕਰ ਦਿੱਤਾ ਜਾਵੇ ਕਿਉਂਕਿ ਮੈਂ ਸਰਦੀ ਬਰਦਾਸ਼ਤ ਨਹੀਂ ਕਰ ਸਕਦਾ। ਪਰ ਮੈਨੂੰ ਕਦੇ ਵੀ ਇਸ ਦਾ ਜਵਾਬ ਨਹੀਂ ਮਿਲਿਆ। ਇਕ ਦਿਨ ਕਰਨਲ ਦੇਗੁਲਾ ਮੇਰੇ ਕੋਲ ਆਇਆ। ਉਸ ਦੇ ਨਾਲ ਕੈਪਟਨ ਵੀ ਸੀ। ਉਸਨੇ ਕੈਪਟਨ ਨੂੰ ਇਹਨਾਂ ਸ਼ਬਦਾਂ ਨਾਲ ਮੇਰੀ ਜਾਣ ਪਛਾਣ ਕਰਾਈ, "ਇਹ ਬੰਦਾ ਹੈ ਜੋ 1907 ਤੋਂ ਗੱਦਾਰ ਚਲਿਆ ਆ ਰਿਹਾ ਹੈ।" ਮੈਂ ਕਿਹਾ ਮੈਨੂੰ ਗੱਦਾਰ ਕਹੇ ਜਾਣ ਤੇ ਇਤਰਾਜ਼ ਸੀ ਜਿਵੇਂ ਕਿ ਲਾਰਡ ਸੀਸਿਲ ਨੇ ਫਰਾਂਸ ਦੇ ਬਿਸ਼ਪ ਨੂੰ ਕਿਹਾ ਸੀ ਕਿ ਜਿਹੜਾ ਬੰਦਾ ਅੰਗਰੇਜ਼ਾਂ ਦੇ ਹਿੱਤ ਨਹੀਂ ਪੂਰਦਾ ਉਹ ਗੱਦਾਰ ਸੀ। ਮੈਂ ਜ਼ਿੰਦਗੀ ਵਿਚ ਇਹੋ ਜਿਹਾ ਘਟੀਆ ਕੰਮ ਨਹੀਂ ਕੀਤਾ ਤੇ ਜ਼ਿੰਦਗੀ ਰਹਿਣ ਤੱਕ ਇਹ ਨਹੀਂ ਕਰਾਂਗਾ। ਮੈਂ ਕਰਨਲ ਦੇਗੁਲਾ ਨੂੰ ਕਿਹਾ ਕਿ ਇਸ ਥਾਂ ਦਾ ਮੌਸਮ ਮੇਰੇ ਲਈ ਠੀਕ ਨਹੀਂ ਸੀ। ਉਹ ਮੈਨੂੰ ਏਥੋਂ ਤਬਦੀਲ ਕਰਨ ਲਈ ਕੁਝ ਕਰੇ। ਇਸ ਉਤੇ ਉਸਨੇ ਕਿਹਾ, "ਤੂੰ ਤਕਲੀਫ਼ ਦੀ ਸ਼ਿਕਾਇਤ ਕਰ ਰਿਹਾਂ ਏਂ।" ਮੈਂ ਉਸ ਨੂੰ ਕਿਹਾ ਕਿ ਮੈਨੂੰ ਕਿਸੇ ਹਸਪਤਾਲ ਵਿਚ ਤਬਦੀਲ ਕਰ ਦੇਵੇ। ਮੇਰੀ ਗੱਲ ਦਾ ਜਵਾਬ ਦਿੱਤੇ ਬਿਨਾਂ ਹੀ ਕਰਨਲ ਦੇਗੁਲਾ ਤੇ ਉਸਦਾ ਸਾਥੀ ਚਲੇ ਗਏ। ਭਾਵੇਂ ਮੈਂ ਉਸ ਨੂੰ ਰੁਕਣ ਅਤੇ ਮੇਰੀ ਗੱਲ ਦਾ ਜਵਾਬ ਦੇਣ ਲਈ ਕਿਹਾ ਸੀ। ਉਸ ਦਿਨ ਤੋਂ ਬਾਅਦ ਜਰਮਨੀ ਵਿਚ ਮੈਂ ਜ਼ਿਆਦਾ ਕਰਕੇ ਬੀਮਾਰ ਹੀ ਰਿਹਾ ਅਤੇ ਆਪਣੇ ਦੇਸ਼ਵਾਸੀਆਂ ਤੋਂ ਵੱਖ ਹਸਪਤਾਲ ਵਿਚ ਰਿਹਾ। ਬੈਲਗਾਉਂ ਤੋਂ ਬਹੁਤ ਸੁਨੱਖਾ ਹਿੰਦੁਸਤਾਨੀ ਨੌਜਵਾਨ ਗੁਪਤਾ ਹਸਪਤਾਲ ਵਿਚ ਲਿਆਂਦਾ ਗਿਆ, ਜਿਥੇ ਮੈਂ ਸੀ। ਅਸੀਂ ਇਕੋ ਹੀ ਕਮਰੇ ਵਿਚ ਸੀ ਅਤੇ ਇਕ ਦੂਸਰੇ ਨਾਲ ਗੱਲਾਂ ਕਰ ਸਕਦੇ ਸੀ ਉਹ ਆਪਣੇ ਬੱਚਿਆਂ ਬਾਰੇ ਗੱਲਾਂ ਕਰਦਾ ਜਿਨ੍ਹਾਂ ਨੂੰ ਉਹ ਬਹੁਤ ਯਾਦ ਕਰਦਾ ਸੀ। ਬਾਅਦ ਵਿਚ ਉਸਨੂੰ ਸਿਵਲ ਹਸਪਤਾਲ ਵਿਚ ਦਾਖ਼ਲ ਕਰ

ਦਿੱਤਾ ਗਿਆ ਅਤੇ ਕੁਝ ਚਿਰ ਬਾਦ ਮੈਨੂੰ ਉਸ ਦੀ ਮੌਤ ਦੀ ਭੈੜੀ ਖ਼ਬਰ ਮਿਲੀ।

ਹੁਣ ਤਕ ਮੈਂ ਕੁਝ ਚੰਗਾ ਹੋ ਗਿਆ ਸੀ। ਮੈਨੂੰ ਵਾਪਸ ਕੈਂਪ ਵਿਚ ਭੇਜ ਦਿੱਤਾ ਗਿਆ। ਅਚਾਨਕ ਹੀ ਅੰਗਰੇਜ਼ ਸਿਪਾਹੀ ਮੈਨੂੰ ਮਿਲਟਰੀ ਹਸਪਤਾਲ ਲਿਜਾਣ ਲਈ ਆ ਗਏ। ਮੈਨੂੰ ਇਕ ਕਮਰੇ ਵਿਚ ਲਿਜਾਇਆ ਗਿਆ ਜਿਥੇ ਇਕ ਅੰਗਰੇਜ਼ ਅਤੇ ਜਰਮਨ ਡਾਕਟਰ ਸਨ। ਉਨ੍ਹਾਂ ਮੈਨੂੰ ਦੱਸਿਆ ਕਿ ਮੈਂ ਹਿੰਦੁਸਤਾਨ ਜਾ ਰਿਹਾ ਸੀ। ਇਸ ਲਈ ਜਾਣ ਤੋਂ ਪਹਿਲਾਂ ਮੇਰਾ ਚੰਗੀ ਤਰ੍ਹਾਂ ਮੁਆਇਨਾ ਕੀਤਾ ਜਾਣਾ ਸੀ। ਮੈਂ ਇਹ ਸੁਣ ਕੇ ਖ਼ੁਸ਼ ਹੋਇਆ ਪਰ ਮੈਨੂੰ ਉਨ੍ਹਾਂ ਦੀ ਨੀਅਤ 'ਤੇ ਸ਼ੱਕ ਸੀ। ਕੁਝ ਘੰਟਿਆਂ ਬਾਅਦ ਮੈਨੂੰ ਐਕਸਰੇ ਡੀਪਾਰਟਮੈਂਟ ਵਿਚ ਲਿਜਾਇਆ ਗਿਆ। ਇਕ ਡਾਕਟਰ ਨੇ ਮੇਰਾ ਮੁਆਇਨਾ ਕੀਤਾ। ਉਸ ਨੇ ਦੱਸਿਆ ਕਿ ਮੇਰੇ ਸੱਜੇ ਪਾਸੇ ਇਕ ਦਾਗ ਹੈ ਜਿਸ ਬਾਰੇ ਉਸ ਦਾ ਵਿਚਾਰ ਸੀ ਕਿ ਇਹ ਤਪਦਿਕ ਸੀ। ਇਹ ਉਨ੍ਹਾਂ ਦੀ ਮੈਨੂੰ ਟੀ.ਬੀ. ਬੈਰਕ ਵਿਚ ਭੇਜਣ ਦੀ ਇਕ ਚਾਲ ਸੀ। ਇਹ ਜਾਣਦਿਆਂ ਹੋਇਆਂ ਕਿ ਮੈਨੂੰ ਤਪਦਿਕ ਨਹੀਂ ਸੀ। ਪਰੰਤੂ ਇਸ ਤਰ੍ਹਾਂ ਉਹ ਮੈਨੂੰ ਇਹ ਬੀਮਾਰੀ ਦੇਣੀ ਚਾਹੁੰਦੇ ਸਨ। ਮੈਨੂੰ ਉਥੋਂ ਤਬਦੀਲ ਕਰ ਦਿੱਤਾ ਗਿਆ। ਮੇਰਾ ਮੰਜਾ ਦੋ ਬੁਰੀ ਤਰ੍ਹਾਂ ਪੀੜਤ ਮਰੀਜ਼ਾਂ ਦੇ ਵਿਚ ਲਾ ਦਿੱਤਾ ਗਿਆ। ਉਹ ਹਰ ਵੇਲੇ ਖੰਘਦੇ ਰਹਿੰਦੇ। ਉਨ੍ਹਾਂ ਵਿਚੋਂ ਇਕ ਤਾਂ ਖ਼ੂਨ ਥੁੱਕਦਾ ਰਹਿੰਦਾ। ਇਸ ਨਾਲ ਮੈਨੂੰ ਬੜੀ ਪ੍ਰੇਸ਼ਾਨੀ ਹੁੰਦੀ ਏਥੇ ਮੈਨੂੰ ਕੋਈ ਦੁੱਧ ਨਾ ਦਿੱਤਾ ਜਾਂਦਾ। ਮੈਂ ਡਾਕਟਰ ਨੂੰ ਇਸ ਦੀ ਸ਼ਿਕਾਇਤ ਕਰਦਾ। ਡਾਕਟਰ ਜਵਾਬ ਦਿੰਦਾ ਕਿ ਏਥੇ ਸਭ ਤੋਂ ਭੈੜੀ ਹਾਲਤ ਵਾਲੇ ਮਰੀਜ਼ਾਂ ਨੂੰ ਵੀ ਦੁੱਧ ਤੋਂ ਨਾਂਹ ਕੀਤੀ ਜਾਂਦੀ ਸੀ ਤੇ ਮੈਨੂੰ ਇਹ ਕਿਵੇਂ ਮਿਲ ਸਕਦਾ ਸੀ? ਇਹ ਹੁਕਮ ਕੀਤੇ ਗਏ ਸਨ ਕਿ ਮੈਂ ਆਪਣੇ ਬਿਸਤਰੇ 'ਤੇ ਰਹਾਂ ਤੇ ਬਿਲਕੁਲ ਚੱਲਾਂ ਫਿਰਾਂ ਨਾ ਤੇ ਹਿੱਲਾਂ ਵੀ ਨਾ। ਇਹ ਦੇਖ ਕੇ ਕਿ ਹਰ ਵੇਲੇ ਬੁਰੀ ਤਰ੍ਹਾਂ ਟੀ.ਬੀ. ਤੋਂ ਪੀੜਤ ਰੋਗੀਆਂ ਵਿਚ ਰਹਿਣਾ ਖ਼ਤਰਨਾਕ ਸੀ, ਮੈਂ ਬਾਹਰ ਜਾਣ ਤੇ ਖੁੱਲ੍ਹੇ ਵਿਚ ਸਮਾਂ ਗੁਜ਼ਾਰਨ ਦਾ ਫ਼ੈਸਲਾ ਕੀਤਾ। ਮੈਂ ਸਿਰਫ਼ ਖਾਣੇ ਵੇਲੇ ਹੀ ਬੈਰਕ ਵਿਚ ਆਉਂਦਾ। ਇਹ ਹੀ ਇਕ ਤਰੀਕਾ ਸੀ ਜੋ ਮੈਨੂੰ ਬਚਾ ਸਕਦਾ ਸੀ ਪਰ ਰਾਤ ਨੂੰ ਮੈਨੂੰ ਇਹਨਾਂ ਦੋ ਮਰੀਜ਼ਾਂ ਵਿਚ ਸੌਣ ਲਈ ਮਜ਼ਬੂਰ ਕੀਤਾ ਜਾਂਦਾ। ਕੁਝ ਦਿਨਾਂ ਬਾਅਦ ਮੈਂ ਡਾਕਟਰ ਨੂੰ ਲਿਖਿਆ ਕਿ ਮੈਨੂੰ ਦੁੱਧ ਦਿੱਤਾ ਜਾਵੇ। ਕਿਉਂਕਿ ਕੈਂਪ ਤੋਂ ਵੀ ਵਿਰਵੇ ਕੀਤਾ ਹੋਇਆ ਸੀ ਜਿਹੜਾ ਮੈਨੂੰ ਕੈਂਪ ਵਿਚ ਮਿਲਦਾ ਸੀ। ਜੇ ਇਹ ਸੰਭਵ ਨਹੀਂ ਸੀ ਤਾਂ ਮੈਨੂੰ ਵਾਪਸ ਕੈਂਪ ਵਿਚ ਭੇਜ ਦਿੱਤਾ ਜਾਵੇ ਜਿਥੇ ਮੈਂ ਜ਼ੇਰੇ ਇਲਾਜ਼ ਸੀ। ਚੀਫ਼ ਡਾਕਟਰ ਦਾ ਮੈਨੂੰ ਜਵਾਬ ਮਿਲਿਆ ਕਿ ਉਸ ਲਈ ਮੈਨੂੰ ਦੁੱਧ ਦੇਣਾ ਅਸੰਭਵ ਸੀ ਅਤੇ ਨਾ ਹੀ ਉਸ ਲਈ ਇਹ ਸੰਭਵ ਸੀ ਕਿ ਉਹ ਮੈਨੂੰ ਵਾਪਸ ਕੈਂਪ ਵਿਚ ਭੇਜ ਦੇਵੇ। ਇਸ ਦੀ ਥਾਂ ਉਹ ਮੇਰਾ ਨਾਂ ਉਹ ਸੂਚੀ ਵਿਚ ਪਾਉਣ ਦੀ ਤਜਵੀਜ਼ ਦੇ ਸਕਦਾ ਸੀ ਜਿਹੜੇ ਇਸ ਹਸਪਤਾਲ ਵਿਚ ਰੱਖਣ ਦੇ ਅਯੋਗ ਸਨ। ਉਸਨੇ ਮੈਨੂੰ ਉਹ ਸੂਚੀ ਵੀ ਵਿਖਾਈ। ਉਸ ਵਿਚ ਮੇਰਾ ਵੀ ਨਾਂ

ਸੀ। ਮੈਂ ਕਿਹਾ ਕਿ ਕੈਂਪ ਦੇ ਡਾਕਟਰ ਨੇ ਪਹਿਲਾਂ ਹੀ ਕਿਹਾ ਸੀ ਕਿ ਮੈਂ ਕੈਂਪ ਵਿਚ ਰੱਖਣ ਦੇ ਅਯੋਗ ਸੀ ਅਤੇ ਇਹੀ ਅੰਗਰੇਜ਼ੀ ਫੌਜੀ ਡਾਕਟਰ ਨੇ ਤਜਵੀਜ਼ ਕੀਤਾ ਸੀ। ਪਰ ਮੈਂ ਅਜੇ ਵੀ ਕੈਦ ਵਿਚ ਰੱਖਿਆ ਗਿਆ ਸੀ। ਕੁਝ ਦਿਨਾਂ ਬਾਅਦ ਮੈਂ ਹਸਪਤਾਲ ਦੇ ਅੰਗਰੇਜ਼ ਮੈਡੀਕਲ ਇਨਚਾਰਜ ਨੂੰ ਮਿਲਿਆ ਜਿਸਨੇ ਮੈਨੂੰ ਦੇਖਿਆ ਤੇ ਉਸਨੇ ਮੰਨਿਆ ਕਿ ਮੈਨੂੰ ਹਸਪਤਾਲ ਰੱਖਣਾ ਮੇਰੀ ਸਿਹਤ ਲਈ ਹਾਨੀਕਾਰਕ ਸੀ। ਮੈਂ ਉਸਨੂੰ ਪੁੱਛਿਆ ਕਿ ਕੀ ਉਹ ਮੈਨੂੰ ਵਾਪਸ ਕੈਂਪ ਵਿਚ ਭੇਜਣ ਦੀ ਸਿਫ਼ਾਰਸ਼ ਕਰੇਗਾ ਜਾਂ ਮੈਨੂੰ ਦੁੱਧ ਲਾਉਣ ਦੀ ਮਨਜ਼ੂਰੀ ਦੇਵੇਗਾ। ਉਸ ਨੇ ਕਿਹਾ ਕਿ ਹਸਪਤਾਲ ਵਿਚ ਦੁੱਧ ਦੀ ਕਮੀ ਸੀ। ਉਹ ਮੈਨੂੰ ਕੈਂਪ ਵਿਚ ਭੇਜਣ ਵਿਚ ਮੱਦਦ ਵੀ ਨਹੀਂ ਕਰ ਸਕਦਾ। ਇਸ ਲਈ ਮੈਨੂੰ ਭੈੜੇ ਖਾਣੇ ਅਤੇ ਸਭ ਤੋਂ ਗੰਦੇ ਵਾਤਾਵਰਣ ਵਿਚ ਰਹਿਣ ਲਈ ਮਜ਼ਬੂਰ ਹੋਣਾ ਪਿਆ। ਜਦੋਂ ਕਿ ਪ੍ਰੋ. ਤਾਰਾ ਚੰਦ ਰਾਇ ਅਤੇ ਕਰਤਾ ਰਾਮ ਨੇ ਦੋ ਜਾਂ ਤਿੰਨ ਵਾਰ ਹਸਪਤਾਲ ਆ ਕੇ ਮੇਰੇ ਨਾਲ ਮੁਲ਼ਾਕਾਤ ਕੀਤੀ। ਉਹ ਦੋਵੇਂ ਇਕ ਦੰਦ ਤੇ ਇਕ ਕੰਨ ਦੁਖਣ ਦਾ ਬਹਾਨਾ ਕਰਕੇ ਹਸਪਤਾਲ ਆਏ। ਕਿਉਂਕਿ ਕੈਂਪ ਵਿਚ ਦੰਦਾਂ ਤੇ ਕੰਨਾਂ ਦੀਆਂ ਬੀਮਾਰੀਆਂ ਦੇ ਸਪੈਸ਼ਲਿਸਟ ਨਹੀਂ ਸਨ। ਇਸ ਨਾਲ ਵੀ ਅਧਿਕਾਰੀ ਪਸੀਜੇ ਨਹੀਂ।

ਮੈਂ ਦੇਖਿਆ ਕਿ ਇਕ ਦਿਨ ਕਰਨਲ ਸ੍ਰੀ ਨਗੇਸ਼ ਮੇਜਰ ਵਾਰਨ ਅਤੇ ਅੰਗਰੇਜ਼ ਮੈਡੀਕਲ ਅਫ਼ਸਰ ਨਾਲ ਹਸਪਤਾਲ ਆਏ। ਮੇਜਰ ਵਾਰਨ ਨੇ ਵਿਅੰਗ ਕੱਸਦਿਆਂ ਕਿਹਾ ਕਿ ਕੁਝ ਹਿੰਦੁਸਤਾਨੀ ਮੈਨੂੰ ਏਥੇ ਹਸਪਤਾਲ ਵਿਚ ਦੇਖਣ ਆਉਂਦੇ ਸਨ। ਮੈਨੂੰ ਛੇਤੀ ਹੀ ਸਿਵਲ ਹਸਪਤਾਲ ਵਿਚ ਤਬਦੀਲ ਕੀਤਾ ਜਾ ਰਿਹਾ ਸੀ ਜਿਥੇ ਕਿ ਹਾਲਤ ਇਸ ਨਾਲੋਂ ਬਿਹਤਰ ਹੋਣ ਦੀ ਆਸ ਸੀ, ਜਿਸ ਵਿਚ ਮੈਂ ਹੁਣ ਸੀ। ਇਸ ਤੋਂ ਇਲਾਵਾ ਉਸ ਨੇ ਕਿਹਾ ਕਿ ਮੇਰੇ 1,10,000 ਲੀਰੇ ਇੰਗਲੈਂਡ ਵਿਚ ਬਦਲਣ ਲਈ ਭੇਜੇ ਗਏ ਸਨ ਜਾਂ ਸ਼ਾਇਦ ਜਰਮਨ ਮਾਰਕ ਵਿਚ ਜੇਕਰ ਮੈਂ ਜਰਮਨੀ ਵਿਚ ਰਹਿਣਾ ਹੋਵੇ ਤਾਂ। ਕਰਨਲ ਨਗੇਸ਼ ਨੇ ਕਿਹਾ ਕਿ ਮੇਰੀ ਮੁਸੀਬਤ ਖ਼ਤਮ ਹੋਣ ਵਾਲੀ ਸੀ। ਜੇ ਇਕ ਵਾਰ ਮੈਂ ਸਿਵਲ ਹਸਪਤਾਲ ਤਬਦੀਲ ਕਰ ਦਿੱਤਾ ਜਾਵਾਂ। ਇਹ ਕਹਿ ਕੇ ਉਹ ਮੇਰੇ ਕੋਲੋਂ ਚਲੇ ਗਏ। ਉਸ ਦਿਨ ਤੋਂ ਬਾਅਦ ਜਦੋਂ ਵੀ ਕੋਈ ਇੰਡੀਅਨ ਮਿਲਟਰੀ ਮਿਸ਼ਨ ਦਾ ਨਾਂ ਲਿਖੇ ਵਾਲੀ ਕਾਰ ਹਸਪਤਾਲ ਕੋਲ ਦੀ ਗੁਜ਼ਰਦੀ ਲੋਕ ਮੈਨੂੰ ਦੱਸਣ ਲਈ ਦੌੜੇ ਆਉਂਦੇ ਕਿ ਮੈਂ ਤਿਆਰ ਹੋ ਜਾਵਾਂ ਕਿ ਇਕ ਕਾਰ ਮੈਨੂੰ ਲੈ ਜਾਣ ਲਈ ਆਈ ਸੀ। ਪਰ ਮੈਨੂੰ ਉਥੋਂ ਲੈ ਜਾਣ ਵਿਚ ਕਾਫ਼ੀ ਸਮਾਂ ਲੱਗਾ। ਜਦੋਂ ਮੈਂ ਕੈਂਪ ਵਿਚ ਵਾਪਸ ਆਇਆ ਮੈਨੂੰ ਮੇਰੀਆਂ ਹੋਰ ਚੀਜ਼ਾਂ ਦੇ ਨਾਲ ਮੇਰੀ ਚਾਂਦੀ ਦੀ ਘੜੀ ਦੀ ਮਸ਼ੀਨਰੀ ਵੀ ਬਦਲ ਦਿੱਤੀ ਗਈ। ਮੈਂ ਮੇਜਰ ਵਾਰਨ ਨੂੰ ਇਸਦੀ ਸ਼ਿਕਾਇਤ ਕੀਤੀ। ਉਸ ਨੇ ਮੈਨੂੰ ਮਾਮਲੇ ਦੀ ਛਾਣਬੀਣ ਕਰਨ ਦਾ ਭਰੋਸਾ ਦਿੱਤਾ ਕਿ ਉਹ ਇਸ ਦੀ ਪੜਤਾਲ ਕਰਵਾਏਗਾ। ਪਰ ਉਸ ਪੜਤਾਲ ਦੇ ਸਿੱਟੇ ਦਾ ਮੈਨੂੰ ਕਦੇ ਵੀ ਪਤਾ ਨਾ ਲੱਗਾ। ਇਸ ਤੇ ਮੈਂ

ਲਿਖਤੀ ਸ਼ਿਕਾਇਤ ਕੀਤੀ ਪਰ ਇਸ ਦਾ ਜਵਾਬ ਮੈਨੂੰ ਇੰਗਲੈਂਡ ਪਹੁੰਚਣ ਤੋਂ ਬਾਅਦ ਮਿਲਿਆ ਉਹ ਵੀ ਉਦੋਂ ਜਦੋਂ ਮੈਂ ਵਾਰ ਵਾਰ ਚਿੱਠੀਆਂ ਰਾਹੀਂ ਜਵਾਬ ਲਈ ਜ਼ੋਰ ਦਿੱਤਾ।

ਜਦੋਂ ਮੈਂ ਹਸਪਤਾਲ ਵਿਚ ਸੀ ਤਾਂ ਮੈਂ ਜਰਮਨ ਸਾਇੰਸਦਾਨਾਂ, ਉਦਯੋਗਪਤੀਆਂ, ਡਾਕਟਰਾਂ ਆਦਿ ਦੇ ਸੰਪਰਕ ਵਿਚ ਰਿਹਾ। ਉਹ ਤਕਰੀਰਾਂ ਕਰਿਆ ਕਰਦੇ। ਮੇਰੇ ਉਨ੍ਹਾਂ ਨਾਲ ਸੰਪਰਕ ਕਰਨ ਦਾ ਕਾਰਨ ਇਹ ਸੀ ਕਿ ਮੈਂ ਸਮਝਦਾ ਸੀ ਕਿ ਉਹ ਉਸ ਉਦਯੋਗ ਦੀ ਸਥਾਪਤੀ ਲਈ ਲਾਹੇਵੰਦ ਰਹਿਣਗੇ ਜਿਨ੍ਹਾਂ ਦੀ ਕਿ ਹਿੰਦੁਸਤਾਨ ਨੂੰ ਬਹੁਤ ਲੋੜ ਸੀ। ਮੈਂ ਯੋਗ ਟੈਕਨੀਸ਼ਨਾਂ ਨਾਲ ਗੱਲਬਾਤ ਕੀਤੀ ਕਿ ਉਹ ਪਹਿਲੇ ਦਰਜ਼ੇ ਦੀਆਂ ਵਸਤਾਂ ਬਣਾਉਣ ਲਈ ਨਵੇਂ ਪਲਾਂਟ ਅਤੇ ਕਾਰਖਾਨੇ ਲਾਉਣ ਵਿਚ ਸਹਾਇਤਾ ਕਰਨ। ਮੈਂ ਬਹੁਤ ਸਾਰੇ ਉਦਯੋਗਪਤੀਆਂ ਨੂੰ ਮਿਲਿਆ ਜਿਨ੍ਹਾਂ ਸਫ਼ਲਤਾ ਪੂਰਬਕ ਉਦਯੋਗਾਂ ਨੂੰ ਜੱਥੇਬੰਦ ਕੀਤਾ ਸੀ ਅਤੇ ਇਸ ਦੇ ਸ਼ਾਨਦਾਰ ਨਤੀਜੇ ਨਿਕਲੇ ਸਨ। ਉਹ ਆਪਣੇ ਆਪਣੇ ਘੇਰੇ ਵਿਚ ਪ੍ਰਮੁੱਖ ਉਦਯੋਗਪਤੀ ਸਨ। ਉਨ੍ਹਾਂ ਵਿਚ ਟੈਕਸਟਾਈਲ ਇੰਡਸਟਰੀ, ਟੈਕਸਟਾਈਲ ਮਸ਼ੀਨਰੀ ਵਾਲੇ, ਰੰਗ ਅਤੇ ਕੈਮੀਕਲ ਬਣਾਉਣ ਵਾਲੇ, ਡਰੱਗਜ਼ ਤੇ ਦਵਾਈਆਂ ਬਣਾਉਣ ਵਾਲੇ ਸਨ। ਮੈਂ ਇਹਨਾਂ ਲੋਕਾਂ ਨਾਲ ਇਸ ਮਕਸਦ ਨਾਲ ਸੰਪਰਕ ਬਣਾਏ ਕਿ ਮੇਰੇ ਹਿੰਦੁਸਤਾਨ ਆਉਣ ਤੇ, ਜੇਕਰ ਮੌਕਾ ਬਣਿਆ, ਤਾਂ ਇਹਨਾਂ ਯੋਗ ਵਿਅਕਤੀਆਂ ਨੂੰ ਭਾਰਤ ਲਿਆ ਕੇ ਵੱਖੋ-ਵੱਖ ਉਦਯੋਗਾਂ, ਜਿਨ੍ਹਾਂ ਵਿਚ ਇਲੈਕਟਰੀਕਲ ਅਤੇ ਰੇਡੀਉ ਦੀਆਂ ਵਸਤਾਂ ਖ਼ਾਸ ਸਨ, ਨੂੰ ਹਿੰਦੁਸਤਾਨੀ ਪੂੰਜੀ ਨਾਲ ਸਥਾਪਤ ਕਰਕੇ ਦੇਸ਼ ਦੀ ਤਰੱਕੀ ਵਿਚ ਮਦਦ ਲਈ ਜਾ ਸਕੇ। ਜੇਕਰ ਹਿੰਦੁਸਤਾਨੀ ਉਦਯੋਗਪਤੀ ਤੇ ਹਿੰਦੁਸਤਾਨ ਦੀ ਸਰਕਾਰ ਅਜਿਹੇ ਲੋਕਾਂ ਦੀ ਮਦਦ ਚਾਹੁੰਦੀ ਹੋਵੇ ਤਾਂ ਮੈਂ ਇਸ ਸਥਿਤੀ ਵਿਚ ਸੀ ਕਿ ਉਨ੍ਹਾਂ ਲੋਕਾਂ ਨੂੰ ਏਥੇ ਬੁਲਾ ਲਵਾਂ। ਉਹ ਬੜੀ ਖ਼ੁਸ਼ੀ ਨਾਲ ਏਥੇ ਆਉਣਗੇ ਤੇ ਇਹ ਲਾਹੇਵੰਦ ਕੰਮ ਕਰਨਗੇ।

ਮਿਲਟਰੀ ਹਸਪਤਾਲ ਤੋਂ ਉਹ ਮੈਨੂੰ ਬੇਥਲ-ਬੈਲਫੈਲਡ ਲੈ ਗਏ। ਏਥੇ ਵੀ ਉਨ੍ਹਾਂ ਮੈਨੂੰ ਟੀ.ਬੀ. ਹਸਪਤਾਲ ਭੇਜਿਆ। ਮੇਰਾ ਮੁਆਇਨਾ ਕਰਕੇ ਇਨਚਾਰਜ ਡਾਕਟਰ ਨੇ ਮੈਨੂੰ ਪੁੱਛਿਆ ਕਿ ਮੈਂ ਉਥੇ ਕਿਉਂ ਸੀ ਜਦੋਂ ਕਿ ਇਹ ਟੀ.ਬੀ. ਮਰੀਜ਼ਾਂ ਲਈ ਹਸਪਤਾਲ ਸੀ ਨਾ ਕਿ ਸਿਹਤਮੰਦ ਬੰਦਿਆਂ ਲਈ। "ਕੀ ਤੂੰ ਤਪਦਿਕ ਕਰਾਉਣੀ ਚਾਹੁੰਦਾ ਹੈਂ?" ਡਾਕਟਰ ਨੇ ਕਿਹਾ, "ਇਹ ਇਹੋ ਜਿਹੀ ਚੀਜ਼ ਨਹੀਂ ਹੈ, ਜਿਹੜੀ ਕੋਈ ਲੈਣੀ ਚਾਹੁੰਦਾ ਹੋਵੇ।" ਮੈਂ ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ। ਇਹ ਸੁਣ ਕੇ ਉਸ ਨੂੰ ਮੇਰੇ ਨਾਲ ਬਹੁਤ ਹਮਦਰਦੀ ਹੋਈ ਅਤੇ ਮੈਨੂੰ ਸਾਧਾਰਨ ਮਰੀਜ਼ਾਂ ਦੇ ਵਾਰਡ ਵਿਚ ਭੇਜ ਦਿੱਤਾ।

ਏਥੇ ਮੈਨੂੰ ਸਟੀਮਰ ਰਾਹੀਂ ਹੁਲ ਲਿਆਂਦਾ ਗਿਆ ਅਤੇ ਸਟੀਮਰ ਦੇ ਸਫ਼ਰ

ਤਕ ਡਾ. ਧਵਨ ਨੇ ਮੇਰਾ ਸਾਥ ਦਿੱਤਾ। ਮੈਂ ਚਾਹੁੰਦਾ ਸੀ ਕਿ ਉਹ ਮੇਰਾ ਲੰਡਨ ਤੱਕ ਸਾਥ ਕਰੇ ਪਰ ਉਸ ਨੂੰ ਮੇਰਾ ਸਾਥ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਗਈ। ਸਟੀਮਰ ਵਿਚ ਮੇਰੀ ਤਬੀਅਤ ਖ਼ਰਾਬ ਹੋ ਗਈ ਅਤੇ ਡਾ. ਧਵਨ ਨੇ ਮੈਨੂੰ ਟੀਕਾ ਲਾਇਆ ਜਿਸ ਦਾ ਤੁਰੰਤ ਅਸਰ ਹੋਇਆ। ਮੈਂ ਪੂਰੀ ਤਰ੍ਹਾਂ ਨੌਂ ਬਰ ਨੌਂ ਹੋ ਗਿਆ। ਸਫ਼ਰ ਦੇ ਦੌਰਾਨ ਮੈਨੂੰ ਹੋਰ ਵੀ ਦੌਰੇ ਪਏ ਅਤੇ ਡਾ. ਧਵਨ ਮੈਨੂੰ ਦੋ ਟੀਕੇ ਦੇ ਗਿਆ ਸੀ ਤਾਂ ਕਿ ਰਾਹ ਵਿਚ ਅਜਿਹੀ ਹਾਲਤ ਨਾਲ ਨਜਿੱਠਿਆ ਜਾ ਸਕੇ ਪਰ ਸਟੀਮਰ ਵਿਚ ਡਾਕਟਰ ਨੇ ਮੈਨੂੰ ਟੀਕਾ ਲਾਉਣ ਤੋਂ ਇਨਕਾਰ ਕਰ ਦਿੱਤਾ। ਜਹਾਜ਼ ਵਿਚ ਫਾਰੂਕੀ ਨਾਂ ਦਾ ਇਕ ਹਿੰਦੁਸਤਾਨੀ ਡਾਕਟਰ ਸੀ। ਡਾ. ਫਾਰੂਕੀ ਨੇ ਵੀ ਅੰਗਰੇਜ਼ ਡਾਕਟਰ ਨੂੰ ਕਾਇਲ ਕਰਨ ਦੀ ਕੋਸ਼ਿਸ਼ ਕੀਤੀ ਕਿ ਮੈਨੂੰ ਟੀਕਾ ਲਾਏ ਜਾਣ ਦੀ ਬਹੁਤ ਲੋੜ ਸੀ ਜਿਹੜਾ ਅਜਿਹੇ ਦੌਰਿਆਂ ਵਿਚ ਬਚਾਅ ਦਾ ਯਤਨ ਹੁੰਦਾ ਸੀ। ਪਰ ਅੰਗਰੇਜ਼ ਡਾਕਟਰ ਦਾ ਵਿਚਾਰ ਸੀ ਕਿ ਮੈਨੂੰ ਕਿਸੇ ਦਵਾਈ ਦੀ ਲੋੜ ਨਹੀਂ ਸੀ ਅਤੇ ਮੈਂ ਛੇਤੀ ਹੀ ਠੀਕ ਹੋ ਜਾਵਾਂਗਾ ਅਤੇ ਦੌਰਾ ਥੋੜ੍ਹ ਚਿਰਾ ਹੀ ਸੀ। ਇਸ ਉਤੇ ਡਾ. ਫਾਰੂਕੀ ਦਾ ਅੰਗਰੇਜ਼ ਡਾਕਟਰ ਨਾਲ ਬੋਲ ਬੁਲਾਰਾ ਹੋ ਗਿਆ। ਬਾਅਦ ਵਿਚ ਅੰਗਰੇਜ਼ ਡਾਕਟਰ ਨੇ ਡਾਕਟਰ ਫਾਰੂਕੀ ਕੋਲੋਂ ਮਾੜੇ ਵਿਹਾਰ ਦੀ ਮਾਫ਼ੀ ਮੰਗੀ। ਜਦੋਂ ਮੈਨੂੰ ਦੂਸਰੀ ਵਾਰ ਦੌਰਾ ਪਿਆ ਤਾਂ ਅੰਗਰੇਜ਼ ਡਾਕਟਰ ਨੇ ਮੈਨੂੰ ਟੀਕਾ ਲਾਇਆ ਤੇ ਮੈਨੂੰ ਕੁਝ ਦਵਾਈ ਦੇਣੀ ਚਾਹੀ।

ਜਦੋਂ ਸਾਡਾ ਜਹਾਜ਼ ਹੁਲ ਪਹੁੰਚਿਆ ਤਾਂ ਉਥੇ ਇੰਡੀਅਨ ਹਾਈ ਕਮਿਸ਼ਨ ਦੇ ਦਫ਼ਤਰ ਦਾ ਨੁਮਾਇੰਦਾ ਆਇਆ। ਉਸ ਦਾ ਨਾਂ ਜਵਾਨ ਬਖ਼ਤ ਸੀ। ਇਹ ਇੰਡੀਆ ਹਾਊਸ ਤੋਂ ਆਇਆ ਸੀ। ਜਿਉਂ ਹੀ ਉਹ ਮੈਨੂੰ ਮਿਲਿਆ ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਮੇਰੇ ਲਈ ਹੁਲ ਵਿਖੇ ਕੁਆਟਰ ਲਿਆ ਸੀ। ਕਿਉਂਕਿ ਲੰਡਨ ਵਿਚ ਕੋਈ ਥਾਂ ਨਹੀਂ ਸੀ। ਮੈਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੈਂ ਲੰਡਨ ਹੀ ਜਾਵਾਂਗਾ ਕਿਉਂਕਿ ਮੈਨੂੰ ਪਤਾ ਸੀ ਕਿ ਉਥੇ ਮੇਰੇ ਲਈ ਜਗਾਹ ਸੀ। ਜਹਾਜ਼ ਤੋਂ ਮੈਨੂੰ ਹਸਪਤਾਲ ਲਿਜਾਇਆ ਗਿਆ ਕਿਉਂਕਿ ਮੈਂ ਬੀਮਾਰ ਸੀ ਤੇ ਬਹੁਤ ਕਮਜ਼ੋਰ ਸੀ। ਦਿਨ ਭਰ ਮੈਨੂੰ ਕੋਈ ਵੀ ਚੀਜ਼ ਖਾਣ ਲਈ ਨਹੀਂ ਮਿਲੀ ਸੀ। ਸ਼ਾਮ ਵੇਲੇ ਜਿਹੜਾ ਖਾਣਾ ਮੇਰੇ ਲਈ ਲਿਆਂਦਾ ਗਿਆ, ਬੜਾ ਬੇਸੁਆਦੀ ਸੀ। ਰਾਤ 10 ਵਜੇ ਮੈਨੂੰ ਇਕ ਹੋਰ ਦੌਰਾ ਪਿਆ। ਡਾਕਟਰ ਨੂੰ ਬੁਲਾਇਆ ਗਿਆ। ਪਰ ਉਸ ਨੇ ਆਉਂਦਿਆਂ ਬੜੀ ਦੇਰ ਲਾ ਦਿੱਤੀ। ਉਸ ਨੇ ਵੀ ਮੈਨੂੰ ਟੀਕਾ ਨਹੀਂ ਲਾਇਆ। ਉਸਨੇ ਕਿਹਾ ਕਿ ਅਜਿਹਾ ਕਰਨ ਤੋਂ ਪਹਿਲਾਂ ਉਹ ਮੇਰਾ ਖ਼ੂਨ ਤੇ ਪਿਸ਼ਾਬ ਟੈਸਟ ਕਰੇਗਾ। ਮੈਂ ਉਸ ਨੂੰ ਬੈਥਲ ਬੇਲਫੈਲਡ ਦੀਆਂ ਡਾਕਟਰੀ ਰਿਪੋਰਟਾਂ ਦਿਖਾਈਆਂ ਜਿਹੜੀਆਂ ਕਿ ਤਾਜ਼ੀਆਂ ਸਨ। ਪਰ ਉਸ ਨੇ ਕਿਹਾ ਕਿ ਉਹ ਆਪ ਇਹਨਾਂ ਨੂੰ ਪਰਖੇਗਾ। ਮੈਂ ਉਸ ਨੂੰ ਕਿਹਾ ਕਿ ਜੇਕਰ ਉਹ ਮੈਨੂੰ ਟੀਕਾ ਨਹੀਂ ਲਾ ਸਕਦਾ ਤਾਂ ਉਹ ਮੈਨੂੰ ਕੁਝ ਗੁਲੂਕੋਸ ਹੀ ਭੇਜ ਦੇਵੇ। ਕਾਫ਼ੀ ਦੇਰ ਬਾਅਦ ਨਰਸ ਕੋਈ ਚੀਜ਼ ਲੈ

ਕੇ ਆਈ ਜਿਸਦਾ ਸਵਾਦ ਗੁਲੂਕੋਸ ਵਰਗਾ ਨਹੀਂ ਸੀ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਇਹ ਕੀ ਸੀ ਤਾਂ ਉਸ ਨੇ ਜਵਾਬ ਦਿੱਤਾ ਉਹ ਇਹ ਦੱਸਣ ਲਈ ਤਿਆਰ ਨਹੀਂ ਸੀ ਕਿ ਉਹ ਕੀ ਸੀ। ਪਰ ਉਹ ਡਾਕਟਰ ਦੀਆਂ ਹਦਾਇਤਾਂ ਹੇਠ ਇਹ ਜ਼ਰੂਰ ਦੇਵੇਗੀ। ਪਰੰਤੂ ਮੈਂ ਉਸ ਨੂੰ ਦੱਸਿਆ ਕਿ ਉਹ ਇਸ ਨੂੰ ਵਾਪਸ ਲੈ ਜਾਵੇ ਨਹੀਂ ਤਾਂ ਮੈਂ ਇਹ ਉਸ ਦੇ ਮੂੰਹ ਤੇ ਮਾਰਾਂਗਾ। ਸਵੇਰੇ ਵੀ ਮੇਰੇ ਲਈ ਲਿਆਂਦਾ ਖਾਣਾ ਮੈਂ ਨਾ ਖਾਧਾ।

ਖ਼ੁਸ਼ਕਿਸਮਤੀ ਨਾਲ ਲੰਡਨ ਤੋਂ ਵਰਕਰਜ਼ ਐਸੋਸੀਏਸ਼ਨ ਵੱਲੋਂ ਸਰਦਾਰ ਨਿਰੰਜਣ ਸਿੰਘ ਅਤੇ ਪਟੇਲ ਨੂੰ ਭੇਜਿਆ ਗਿਆ। ਉਨ੍ਹਾਂ ਨੂੰ ਮੇਰੇ ਹੁਲ ਵਿਚ ਥਾਂ ਟਿਕਾਣਾ ਲੱਭਣ ਵਿਚ ਕਾਫੀ ਮੁਸ਼ਕਲ ਪੇਸ਼ ਆਈ। ਉਹ ਮੈਨੂੰ ਉਥੋਂ ਲਿਜਾਣ ਲਈ ਆਏ ਸਨ। ਲੰਡਨ ਦੇ ਲੋਕ ਮੈਨੂੰ ਮਿਲਣ ਲਈ ਬਹੁਤ ਉਤਸੁਕ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਕੀ ਉਹ ਮੇਰੇ ਲਈ ਕੁਝ ਫਲ ਤੇ ਦੁੱਧ ਲਿਆ ਸਕਦੇ ਸਨ। ਉਹ ਇਹ ਲੈ ਕੇ ਆਏ। ਇਕ ਹਿੰਦੁਸਤਾਨੀ ਜਿਹੜਾ ਹੁਲ ਵਿਚ ਸੀ, ਨੂੰ ਮੇਰੇ ਹਸਪਤਾਲ ਵਿਚ ਹੋਣ ਦਾ ਪਤਾ ਲੱਗਾ ਤਾਂ ਉਹ ਮੇਰੇ ਲਈ ਫਲ ਲੈ ਕੇ ਆਇਆ। ਜਵਾਨ ਬਖ਼ਤ ਅਜੇ ਵੀ ਜ਼ੋਰ ਦੇ ਰਿਹਾ ਸੀ ਕਿ ਮੈਨੂੰ ਲੰਡਨ ਨਹੀਂ ਲਿਜਾਇਆ ਜਾ ਸਕਦਾ ਕਿਉਂਕਿ ਲੰਡਨ ਵਿਚ ਰਿਹਾਇਸ਼ ਦੀ ਬਹੁਤ ਕਮੀ ਸੀ। ਪਰੰਤੂ ਨਿਰੰਜਨ ਸਿੰਘ ਅਤੇ ਪਟੇਲ ਨੇ ਉਸ ਦੀ ਹਾਜ਼ਰੀ ਵਿਚ ਹੀ ਲੰਡਨ ਦੀ ਮੇਰੀ ਰਿਹਾਇਸ਼ ਦਾ ਪ੍ਰਬੰਧ ਕਰ ਦਿੱਤਾ। ਇਸ ਨੇ ਜਵਾਨ ਬਖ਼ਤ ਨੂੰ ਚੁੱਪ ਕਰਾ ਦਿੱਤਾ। ਜਵਾਨ ਬਖ਼ਤ ਦੇ ਇਸ ਰਵੱਈਏ ਨੇ ਉਸ ਨੂੰ ਉਸ ਦਿਨ ਨਵਾਂ ਨਾਂ ਕੰਮਬਖ਼ਤ ਜਾਂ ਬਦਬਖ਼ਤ ਦੇ ਦਿੱਤਾ।

ਏਥੋਂ ਤੱਕ ਕਿ ਜਵਾਨ ਬਖ਼ਤ ਨੇ ਲੰਡਨ ਵਿਚ ਵੀ ਮੁਸ਼ਕਲਾਂ ਖੜ੍ਹੀਆਂ ਕੀਤੀਆਂ। ਹਿੰਦੁਸਤਾਨੀ ਦੇਸ਼ ਭਗਤਾਂ ਦੇ ਸਵਾਗਤ ਲਈ ਗੁਰਦੁਆਰੇ ਵਿਚ ਇਕ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਮੈਂ ਇਹ ਵੀ ਦੱਸ ਦਿਆਂ ਕਿ ਮੈਂ ਆਪਣੇ ਨਾਲ ਉਨ੍ਹਾਂ ਕੁਝ ਪ੍ਰਸਿੱਧ ਬੰਦਿਆਂ, ਜਿਹੜੇ ਜਰਮਨ ਵਿਚ ਕੈਦ ਰਹੇ ਸਨ ਅਤੇ ਜਿਨ੍ਹਾਂ ਅੰਗਰੇਜ਼ ਵਿਰੁੱਧ ਜੰਗ ਵਿਚ ਹਿੱਸਾ ਲਿਆ ਸੀ, ਨੂੰ ਵੀ ਨਾਲ ਲੈ ਗਿਆ। ਇਹ ਹਿੰਦੁਸਤਾਨੀ ਦੇਸ਼ ਭਗਤ ਵੀ ਸਨਮਾਨੇ ਜਾਣੇ ਸਨ। ਜਵਾਨ ਬਖ਼ਤ ਨੇ ਕਿਹਾ ਕਿ ਮੀਟਿੰਗ ਨਹੀਂ ਸੀ ਹੋ ਸਕਦੀ ਕਿਉਂਕਿ ਹਿੰਦੁਸਤਾਨੀ ਦੇਸ਼ ਭਗਤਾਂ ਵਿਚ ਹਿੰਦੂ ਵੀ ਸਨ ਤੇ ਮੁਸਲਮਾਨ ਵੀ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਹ ਇਤਰਾਜ਼ ਨਹੀਂ ਉਠਾਏ ਸਨ ਅਤੇ ਉਹ ਸਾਰੇ ਹੀ ਦੇਸ਼ ਭਗਤਾਂ ਦਾ ਸਨਮਾਨ ਕਰਨਾ ਚਾਹੁੰਦੇ ਸਨ ਭਾਵੇਂ ਉਨ੍ਹਾਂ ਦੀ ਕੋਈ ਵੀ ਜਾਤ ਜਾਂ ਧਰਮ ਸੀ। ਉਸ ਨੇ ਮੈਨੂੰ ਇਹ ਵੀ ਕਿਹਾ ਕਿ ਮੈਨੂੰ ਮੀਟਿੰਗ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ, ਨਾ ਮੈਂ ਉਥੇ ਕੋਈ ਭਾਸ਼ਨ ਕਰਾਂ। ਇਹ ਪੰਡਿਤ ਜੀ ਦੀ ਇੱਛਾ ਸੀ। ਉਸ ਹੋਰਨਾਂ ਨੂੰ ਵੀ ਮੁਜ਼ਾਹਰਾ ਕਰਨ ਤੋਂ ਨਿਰਉਤਸ਼ਾਹਤ ਕੀਤਾ। ਇਸ ਦੇ ਬਾਵਜੂਦ ਇਹ ਮੀਟਿੰਗ

ਹੋਈ। ਕੁਵੈਂਟਰੀ, ਬਰਮਿੰਘਮ, ਸਾਊਥੈਂਪਟਨ, ਯਾਰਕਸ਼ਾਇਰ ਅਤੇ ਹੋਰ ਥਾਵਾਂ ਤੋਂ ਹਿੰਦੁਸਤਾਨੀ ਇਸ ਵਿਚ ਸ਼ਾਮਲ ਹੋਏ। ਇੰਡੀਆ ਹਾਊਸ ਤੋਂ ਪ੍ਰਤੀਨਿਧ ਮੈਨੂੰ ਹੋਟਲ ਵਿਚ ਮਿਲਣ ਲਈ ਆਏ। ਉਨ੍ਹਾਂ ਮੈਨੂੰ ਕਿਹਾ ਕਿ ਮੈਂ ਕਿਸੇ ਮੀਟਿੰਗ ਵਿਚ ਹਿੱਸਾ ਨਾ ਲਵਾਂ। ਇਹ ਪੰਡਿਤ ਜੀ ਵਲੋਂ ਹਦਾਇਤਾਂ ਸਨ। ਜਦੋਂ ਮੈਂ ਉਨ੍ਹਾਂ ਨੂੰ ਹਦਾਇਤਾਂ ਦਿਖਾਉਣ ਲਈ ਕਿਹਾ ਤਾਂ ਉਹ ਸਿਰਫ਼ ਛਿੱਥੇ ਪੈ ਗਏ ਪਰੰਤੂ ਉਹ ਮੇਰੀ ਕਿਸੇ ਵੀ ਮੀਟਿੰਗ ਵਿਚ ਗ਼ੈਰ ਹਾਜ਼ਰੀ ਲਈ ਜ਼ੋਰ ਪਾਉਂਦੇ ਰਹੇ। ਇਥੇ ਇਸ ਮੀਟਿੰਗ ਵਿਚ ਮੈਨੂੰ 100 ਪੌਂਡ ਦੀ ਥੈਲੀ ਭੇਂਟ ਕੀਤੀ ਗਈ। ਇਹ ਪੈਸੇ ਮੈਂ ਆਪਣੇ ਸਾਥੀਆਂ ਵਿਚ ਵੰਡ ਦਿੱਤੇ। ਮੇਰੇ ਸਾਥੀ ਕੁਝ ਹਫ਼ਤਿਆਂ ਬਾਅਦ ਲੰਡਨ ਵਿਚੋਂ ਚਲੇ ਗਏ। ਫਿਰ ਮੈਂ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿਚ ਆ ਗਿਆ। ਐਸੋਸੀਏਸ਼ਨ ਦੇ ਲੋਕਾਂ ਨੇ ਮੇਰਾ ਬਹੁਤ ਧਿਆਨ ਰੱਖਿਆ। ਉਨ੍ਹਾਂ ਬੜੀ ਸਖ਼ਤ ਨਿਗਰਾਨੀ ਰੱਖੀ ਕਿ ਕੋਈ ਮੈਨੂੰ ਇਹੋ ਜਿਹੀ ਚੀਜ਼ ਨਾ ਦੇ ਦੇਵੇ ਕਿ ਮੇਰੀ ਸਿਹਤ ਖ਼ਰਾਬ ਹੋ ਜਾਵੇ। ਤਿੰਨ ਕਾਰਾਂ ਮੇਰੀ ਮਰਜ਼ੀ ਤੇ ਛੱਡ ਦਿੱਤੀਆਂ ਗਈਆਂ। ਸਰਦਾਰ ਕਿਸ਼ਨ ਸਿੰਘ ਲੰਡਨ ਆਇਆ। ਉਹ ਲੰਡਨ ਤੋਂ ਤਕਰੀਬਨ 90 ਮੀਲ ਦੂਰ ਰਹਿੰਦਾ ਸੀ ਅਤੇ ਉਹ ਆਪਣੀ ਕਾਰ ਲੈ ਕੇ ਆਇਆ ਸੀ। ਉਹ ਮੇਰੇ ਨਾਲ ਹੀ ਰਿਹਾ ਅਤੇ ਗੁਰਦੁਆਰਾ ਕਮੇਟੀ ਨੇ ਅਖੰਡ ਪਾਠ ਵੀ ਰਖਵਾਇਆ। ਇਕ ਹੋਰ ਮੇਲਾ ਮਨਾਇਆ ਗਿਆ ਅਤੇ ਦਾਅਵਤ ਦਿੱਤੀ ਗਈ।

ਮੈਂ 7 ਅਗਸਤ ਨੂੰ ਹਵਾਈ ਜਹਾਜ਼ ਰਾਹੀਂ ਲੰਡਨ ਤੋਂ ਚੱਲਿਆ ਅਤੇ ਅੱਠ ਅਗਸਤ ਨੂੰ ਕਰਾਚੀ ਪਹੁੰਚਿਆ। ਕਰਾਚੀ ਵਿਚ ਮੇਰਾ ਨਿੱਘਾ ਸਵਾਗਤ ਕੀਤਾ ਗਿਆ। ਮੈਨੂੰ ਹਾਰਾਂ ਨਾਲ ਲੱਦ ਦਿੱਤਾ ਗਿਆ। ਇਕ ਗੁਰਦੁਆਰੇ ਵਿਚ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਮੈਂ ਕਰਾਚੀ ਵਿਚ ਪੰਜ ਦਿਨ ਰਿਹਾ। ਇਥੇ ਪੰਡਤ ਜੀ ਨੇ ਮੈਨੂੰ ਫੋਨ ਕੀਤਾ ਕਿ ਮੈਂ ਦਿੱਲੀ ਕਦੋਂ ਆ ਰਿਹਾ ਸੀ। ਮੈਂ ਉਨ੍ਹਾਂ ਨਾਲ ਅਗਲੇ ਦਿਨ ਆਉਣ ਦਾ ਵਾਅਦਾ ਕੀਤਾ। ਪਰ ਇਕ ਦੋ ਦਿਨ ਲੇਟ ਹੋ ਗਿਆ ਕਿਉਂਕਿ ਮੈਂ ਬੀਮਾਰ ਹੋ ਗਿਆ ਸੀ। ਕਰਾਚੀ ਤੋਂ ਦਿੱਲੀ ਆਇਆ ਤਾਂ ਦਿੱਲੀ ਦੇ ਸਥਾਨਕ ਕਾਂਗਰਸੀ ਕਾਰਕੁੰਨਾਂ ਅਤੇ ਪੰਡਿਤ ਜੀ ਦੇ ਸੈਕਟਰੀ ਨੇ ਮੇਰਾ ਸਵਾਗਤ ਕੀਤਾ। ਇਥੇ ਮੀਟਿੰਗ ਦਾ ਇੰਤਜ਼ਾਮ ਕੀਤਾ ਗਿਆ ਜਿਥੇ ਮੈਂ ਤਕਰੀਰਾਂ ਕੀਤੀਆਂ ਅਤੇ ਗੁਰਦੁਆਰੇ ਵਿਚ ਵੀ ਮੇਰੇ ਸਵਾਗਤ ਲਈ ਬਹੁਤ ਵੱਡਾ ਇੰਤਜ਼ਾਮ ਕੀਤਾ ਗਿਆ।

ਭਾਗ - 2

ਭਾਸ਼ਨ ਅਤੇ ਦਸਤਾਵੇਜ਼

ਭਾਗ - 2

ਭਾਸ਼ਨ ਅਤੇ ਦਸਤਾਵੇਜ਼

1.

ਪੱਗੜੀ ਸੰਭਾਲ ਜੱਟਾ

(ਇਹ ਗੀਤ 3 ਮਾਰਚ 1907 ਨੂੰ ਸ੍ਰੀ ਬਾਂਕੇ ਦਿਆਲ, ਐਡੀਟਰ ਝੰਗ ਸਿਆਲ ਨੇ ਪਹਿਲੀ ਵਾਰ ਗਾਇਆ ਸੀ। ਉਸ ਦਿਨ ਅੰਗਰੇਜ਼ ਸਰਕਾਰ ਵਿਰੁੱਧ ਲਾਇਲਪੁਰ ਵਿਚ ਇਕ ਬਹੁਤ ਵੱਡੀ ਕਾਨਫ਼ਰੰਸ ਹੋਈ ਸੀ। ਮੁੱਦਾ ਸੀ ਸਰਕਾਰ ਵਲੋਂ ਕਿਸਾਨਾਂ ਦੇ ਹੱਕਾਂ ਨੂੰ ਲੁੱਟਣ ਵਾਲੇ ਕਾਨੂੰਨਾਂ ਦਾ ਵਿਰੋਧ। ਇਹ ਇਤਿਹਾਸਕ ਗੀਤ ਹਮੇਸ਼ਾ ਲਈ ਕਿਸਾਨਾਂ ਦੀ ਯੁੱਧ ਲਲਕਾਰ ਬਣ ਗਿਆ ਹੈ।)

ਪੱਗੜੀ ਸੰਭਾਲ ਓ ਜੱਟਾ, ਪੱਗੜੀ ਸੰਭਾਲ ਓਏ।
ਫ਼ਸਲਾਂ ਨੂੰ ਖਾ ਗਏ ਕੀੜੇ, ਤਨ ਤੇ ਨਹੀਂ ਤੇਰੇ ਲੀੜੇ।
ਭੁੱਖਾਂ ਨੇ ਖ਼ੂਬ ਨਚੋੜੇ, ਰੋਂਦੇ ਨੇ ਤੇਰੇ ਬਾਲ ਓਏ।
ਪੱਗੜੀ ਸੰਭਾਲ ਓ ਜੱਟਾ...
ਬਣਦੇ ਨੇ ਤੇਰੇ ਲੀਡਰ, ਰਾਜੇ ਤੇ ਖ਼ਾਨ ਬਹਾਦਰ
ਤੈਨੂੰ ਤੇ ਖਾਵਣ ਖਾਤਰ, ਵਿਛਦੇ ਨੇ ਜਾਣ ਓਏ।
ਪੱਗੜੀ ਸੰਭਾਲ ਓ ਜੱਟਾ...
ਹਿੰਦ ਹੈ ਤੇਰਾ ਮੰਦਰ, ਉਸਦਾ ਪੁਜਾਰੀ ਤੂੰ,
ਝੱਲੇਂਗਾ ਕਦੋਂ ਤਕ, ਆਪਣੀ ਖੁਆਰੀ ਤੂੰ।
ਲੜਨੇ ਤੇ ਮਰਨੇ ਦੀ ਕਰ ਲੈ ਤਿਆਰੀ ਤੂੰ।
ਪੱਗੜੀ ਸੰਭਾਲ ਓ ਜੱਟਾ...
ਸੀਨੇ ਤੇ ਖਾਵੇਂ ਤੀਰ ਰਾਂਝਾ ਤੂੰ ਦੇਸ਼ ਹੈ ਹੀਰ
ਸੰਭਲ ਕੇ ਚਲ ਤੂੰ ਮੇਰੇ ਵੀਰ।
ਪੱਗੜੀ ਸੰਭਾਲ ਓ ਜੱਟਾ
ਤੁਸੀਂ ਕਿਉਂ ਦਬਦੇ ਵੀਰੋ, ਉਠਦੀ ਪੁਕਾਰ ਓਏ,
ਹੋ ਕੇ ਇਕੱਠੇ ਵੀਰੋ ਮਾਰੋ ਲਲਕਾਰ ਓਏ।
ਤਾੜੀ ਦੋ ਹੱਥੀਂ ਵਜੇ, ਛਾਤੀਆਂ ਨੂੰ ਤਾਨ ਓਏ।
ਪੱਗੜੀ ਸੰਭਾਲ ਓ ਜੱਟਾ...

2.

17 ਮਾਰਚ 1907 ਨੂੰ ਸਰਦਾਰ ਅਜੀਤ ਸਿੰਘ ਦੇ ਲਾਹੌਰ ਵਿਚ ਦਿੱਤੇ ਭਾਸ਼ਨ ਦਾ ਸਾਰ

ਮੇਰਾ ਵਿਸ਼ਾ ਹੈ 'ਭਾਰਤ ਦੀ ਦਰਦ ਭਰੀ ਕਹਾਣੀ।' ਮੈਂ ਭਾਰਤੀਆਂ ਉਤੇ ਬਰਤਾਨੀ ਸਰਕਾਰ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਦਾ ਮੁੱਢ ਤੋਂ ਅੰਤ ਤੱਕ ਦਾ ਵਿਸਥਾਰ ਦੇਵਾਂਗਾ।

ਸ਼ੁਰੂ ਵਿਚ ਸਰਕਾਰ ਈਸਟ ਇੰਡੀਆ ਕੰਪਨੀ ਦੇ ਹੱਥ ਵਿਚ ਸੀ। ਇਹ ਇਕ ਵਪਾਰੀ ਕੰਪਨੀ ਸੀ। ਇਸ ਨੇ ਹਿੰਦੁਸਤਾਨ ਦੇ ਵਪਾਰ ਨੂੰ ਰੋਕਣਾ ਸ਼ੁਰੂ ਕੀਤਾ। ਪਹਿਲਾਂ ਇੰਗਲੈਂਡ ਤੋਂ ਹਿੰਦੁਸਤਾਨ ਵਿਚ ਕੁਝ ਵੀ ਨਹੀਂ ਆਇਆ ਕਰਦਾ ਸੀ, ਪਰ ਇਸ ਕੰਪਨੀ ਨੇ ਅੰਗਰੇਜ਼ੀ ਚੀਜ਼ਾਂ ਹਿੰਦੁਸਤਾਨ ਵਿਚ ਲਿਆਉਣੀਆਂ ਸ਼ੁਰੂ ਕੀਤੀਆਂ। ਭਾਰਤ ਵਿਚੋਂ ਬਾਹਰ ਜਾਣ ਵਾਲੀਆਂ ਚੀਜ਼ਾਂ ਤੇ ਟੈਕਸ ਲਾਉਣੇ ਸ਼ੁਰੂ ਕੀਤੇ। ਇਸ ਤਰ੍ਹਾਂ ਮੁਲਕ ਦੀ ਤਬਾਹੀ ਦਾ ਮੁੱਢ ਬੱਝਾ ਅਤੇ ਅਕਾਲ ਪੈਣ ਲੱਗੇ। ਅਖੀਰ ਵਿਚ ਸਰਕਾਰ ਬਰਤਾਨੀਆਂ ਦਾ ਰਾਜ ਹੋ ਗਿਆ, ਜਿਨ੍ਹਾਂ ਇਹ ਐਲਾਨ ਕੀਤਾ ਕਿ ਕਾਲੇ ਅਤੇ ਗੋਰੇ ਵਿਚ ਕੋਈ ਭਿੰਨ ਭੇਦ ਨਹੀਂ ਕੀਤਾ ਜਾਵੇਗਾ। ਪਰ ਅਮਲ ਇਸ ਦੇ ਉਲਟ ਸੀ। ਇਥੇ ਇਕ ਏਸ਼ੀਆ ਨਾਂ ਦਾ ਦੇਸੀ ਜਹਾਜ਼ ਸੀ, ਜਿਸ ਨੂੰ ਅੰਗਰੇਜ਼ਾਂ ਨੇ ਵਰਤਣ ਤੋਂ ਇਨਕਾਰ ਕੀਤਾ ਅਤੇ ਉਸ ਨੂੰ ਨਸ਼ਟ ਕਰ ਦਿੱਤਾ। ਸਰਕਾਰ ਭਾਰਤ ਦੇ ਕਾਰਖ਼ਾਨੇ, ਕਲਾ ਅਤੇ ਖੇਤੀਬਾੜੀ ਦਾ ਨਾਸ਼ ਕਰਨ ਲਈ ਸਾਧਨ ਜੁਟਾਉਣ ਲੱਗੀ ਅਤੇ ਹਿੰਦੁਸਤਾਨ ਦੀ ਆਰਥਿਕ ਦਸ਼ਾ ਨੂੰ ਕਮਜ਼ੋਰ ਕਰਨ ਲੱਗੀ। ਸਭ ਬਾਹਰ ਜਾਣ ਵਾਲੀਆਂ ਵਸਤੂਆਂ ਤੇ ਚੋਖੇ ਟੈਕਸ ਲਗਾਏ ਗਏ।

ਦੁਖੀ ਲੋਕਾਂ ਨੇ 1857 ਈਸਵੀ ਵਿਚ ਬਗ਼ਾਵਤ ਕੀਤੀ। ਇਸ ਤੋਂ ਉਪਰੰਤ ਕੁਝ ਆਸ਼ਾਵਾਂ ਬੰਨ੍ਹਾਈਆਂ ਗਈਆਂ, ਪਰ ਉਨ੍ਹਾਂ ਨੂੰ ਕਦੀ ਵੀ ਪੂਰਾ ਨਾ ਕੀਤਾ ਗਿਆ। ਹਿੰਦੁਸਤਾਨੀਆਂ ਤੋਂ ਸਖ਼ਤੀ ਨਾਲ ਨੀਲ ਦੀ ਖੇਤੀ ਕਰਵਾਈ ਗਈ ਤੇ ਇਸ ਲਈ ਉਨ੍ਹਾਂ ਨੂੰ ਕੁੱਟਿਆ ਮਾਰਿਆ ਗਿਆ ਅਤੇ ਮੌਤ ਦੇ ਘਾਟ ਵੀ ਉਤਾਰਿਆ ਗਿਆ। ਲੋਕਾਂ ਦੀਆਂ ਮੁਸੀਬਤਾਂ ਬਹੁਤ ਵਧ ਗਈਆਂ ਅਤੇ 1877 ਈਸਵੀ ਵਿਚ ਭੁੱਖ ਦੇ ਕਾਰਨ ਪੰਜਾਹ ਲੱਖ ਲੋਕ ਮਰੇ। ਪਾਰਲੀਮੈਂਟ ਵਿਚ ਅਕਾਲ ਬਾਰੇ ਸਵਾਲ ਕੀਤੇ ਗਏ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਾ ਸਰਕੀ।

ਹੈਦਰਾਬਾਦ ਸਟੇਟ ਵਿਚ ਇਕ ਯੂਰਪੀਨ ਇੰਗਲੈਂਡ ਤੋਂ ਨਮੂਨੇ ਦੇ ਤੌਰ 'ਤੇ ਇਕ ਛਾਪਾਖਾਨਾ ਲਿਆਇਆ। ਯੂਰਪੀਨਾਂ ਵੱਲੋਂ ਉਸ ਨੂੰ ਘਿਰਣਾ ਦੀ ਨਿਗਾਹ ਨਾਲ ਦੇਖਿਆ ਜਾਣ ਲੱਗਾ ਅਤੇ ਉਸ ਨੂੰ ਇਕ ਗੱਦਾਰ ਗਰਦਾਨਿਆ ਗਿਆ। ਸਰਕਾਰ ਏਨੀ ਅਤਿਆਚਾਰੀ ਹੈ ਕਿ ਜਦੋਂ ਲੋਕ ਪ੍ਰੈੱਸ ਰਾਹੀਂ ਆਪਣੇ ਦੁਖੜੇ ਪ੍ਰਕਾਸ਼ਿਤ

ਕਰਨ ਲੱਗੇ ਤਾਂ ਉਨ੍ਹਾਂ ਨੂੰ ਰੋਕਣ ਲਈ ਬਗ਼ਾਵਤੀ ਕਾਨੂੰਨ ਅਤੇ ਪ੍ਰੈੱਸ ਕਾਨੂੰਨ ਪਾਸ ਕੀਤੇ ਗਏ। ਅਜਿਹੀ ਬਿਪਤਾ ਦੀ ਹਾਲਤ ਤੋਂ ਸਾਨੂੰ ਜ਼ਰੂਰ ਆਕੀ ਹੋਣਾ ਚਾਹੀਦਾ ਹੈ। ਲਾਹਨਤ ਹੈ ਸਰਕਾਰ ਤੇ, ਜਿਸ ਨੇ ਸਾਡੇ ਸ਼ਸਤਰ ਖੋਹ ਲਏ ਹਨ ਅਤੇ ਸਾਡੇ ਪਿਆਰੇ ਜਸਵੰਤ ਰਾਏ ਵਰਗਿਆਂ ਨੂੰ ਕੈਦ ਕੀਤਾ ਹੈ। ਇੰਗਲੈਂਡ ਦੇ ਲੋਕ ਕਿੰਨੇ ਕਾਲੇ ਦਿਲ ਵਾਲੇ ਹਨ, ਜਿਹੜੇ ਕਿ ਸਾਨੂੰ ਦਬਾਉਂਦੇ ਹਨ। ਬੰਗਾਲ ਦੀ ਵੰਡ ਬਾਰੇ ਅਸੀਂ ਬਹੁਤ ਚਿੱਲਾਏ ਪਰ ਉਨ੍ਹਾਂ ਸਾਡੀ ਇਕ ਨਾ ਸੁਣੀ। ਮਿਸਟਰ ਮੋਰਲੇ ਨੇ ਇਸ ਬਾਰੇ ਉੱਤਰ ਦਿੱਤਾ ਕਿ ਇਹ ਗੱਲ ਤਾਂ ਹੁਣ ਹੋ ਹੀ ਚੁੱਕੀ ਹੈ।

ਮਿਸਟਰ ਐਚ ਰੌਬਰਟਸ ਨੇ ਸਿਫ਼ਾਰਸ਼ ਕੀਤੀ ਕਿ ਡਿਪਟੀ ਕਮਿਸ਼ਨਰ ਦੀਆਂ ਪ੍ਰਬੰਧਕੀ ਅਤੇ ਨਿਆਂਕਾਰੀ ਤਾਕਤਾਂ ਵੱਖ ਕੀਤੀਆਂ ਜਾਣ, ਪਰ ਇਸ ਦਾ ਕੁਝ ਨਤੀਜਾ ਨਾ ਨਿਕਲਿਆ। ਡਿਪਟੀ ਕਮਿਸ਼ਨਰ ਪ੍ਰਬੰਧਕ ਵੀ ਹੈ ਤੇ ਪੁਲਿਸ ਦਾ ਅਫ਼ਸਰ ਵੀ। ਖ਼ੁਦ ਮੁਕੱਦਮਿਆਂ ਦਾ ਹੁਕਮ ਦਿੰਦਾ ਹੈ ਅਤੇ ਖ਼ੁਦ ਹੀ ਮੁਕੱਦਮੇ ਸੁਣਦਾ ਹੈ। ਪਰ ਅੰਗਰੇਜ਼ਾਂ ਨੇ ਉਸ ਦੀ ਇਸ ਸਿਫ਼ਾਰਸ਼ ਵੱਲ ਕੋਈ ਧਿਆਨ ਨਾ ਦਿੱਤਾ। ਇਹ ਕਿੰਨੀ ਦੁੱਖ ਭਰੀ ਗੱਲ ਹੈ ਕਿ ਡਿਪਟੀ ਕਮਿਸ਼ਨਰ ਜਦੋਂ ਦੌਰੇ ਤੇ ਜਾਂਦਾ ਹੈ, ਤਾਂ ਉਥੇ ਮੁਕੱਦਮੇ ਸੁਣਦਾ ਹੈ। ਉਥੇ ਉਸ ਨੂੰ ਵੱਡੀਆਂ ਵੱਡੀਆਂ ਰਸਦਾਂ, ਅੰਡੇ, ਮੁਰਗੇ ਆਦਿ ਮੁਫ਼ਤ ਦਿੱਤੇ ਜਾਂਦੇ ਹਨ, ਜਦੋਂ ਕਿ ਗਰੀਬ ਲੋਕ ਭੁੱਖੇ ਮਰਦੇ ਹਨ।

ਲਾਰਡ ਰਿਪਨ ਨੇ ਇਹ ਨਿਰਣਾ ਕੀਤਾ ਕਿ ਦੋਸ਼ੀ ਯੂਰਪੀਨਾਂ ਦੇ ਮੁਕੱਦਮੇ ਭਾਰਤੀ ਮੈਜਿਸਟਰੇਟ ਸੁਣ ਸਕਦੇ ਹਨ। 'ਸਿਵਲ ਅਤੇ ਮਿਲਟਰੀ ਗਜ਼ਟ' ਦੇ ਸੰਪਾਦਕ ਨੇ ਇਸ ਬਾਰੇ ਇਉਂ ਕਿਹਾ ਕਿ ਉਸ ਦੀਆਂ ਰਗਾਂ ਵਿਚ ਯੂਰਪੀਨੀ ਖ਼ੂਨ ਹੈ ਅਤੇ ਉਹ ਤੇ ਉਸ ਦੇ ਦੂਜੇ ਸਾਥੀ ਦੇਖਣਗੇ ਕਿ ਇਸ ਪ੍ਰਕਾਰ ਦਾ ਕਾਨੂੰਨ ਕਿਵੇਂ ਪਾਸ ਕੀਤਾ ਜਾਂਦਾ ਹੈ। ਇਸ ਲਈ ਨਾ ਹੀ ਕੋਈ ਅਜਿਹਾ ਆਦੇਸ਼ ਦਿੱਤਾ ਗਿਆ ਅਤੇ ਨਾ ਹੀ ਕੋਈ ਕਾਨੂੰਨ ਪਾਸ ਕੀਤਾ ਗਿਆ। ਅੰਗਰੇਜ਼ਾਂ ਇਹ ਦਾਅਵਾ ਕੀਤਾ ਕਿ ਇਕ ਯੂਰਪੀਨ, ਭਾਵੇਂ ਦੋਸ਼ੀ ਵੀ ਕਿਉਂ ਨਾ ਹੋਵੇ, ਦੇਸੀ ਜੱਜ ਦੇ ਸਾਹਮਣੇ ਨਹੀਂ ਪੇਸ਼ ਕੀਤਾ ਜਾਣਾ ਚਾਹੀਦਾ। ਮਲਕਾ ਨੇ ਐਲਾਨ ਕੀਤਾ ਕਿ ਯੂਰਪੀਨਾਂ ਅਤੇ ਹਿੰਦੁਸਤਾਨੀਆਂ ਨੂੰ ਇਕ ਸਮਾਨ ਨਿਆਇ ਮਿਲੇਗਾ ਪਰ ਅਸਲ ਵਿਚ ਇੰਡੀਅਨ ਪੀਨਲ ਕੋਡ ਦੀ ਧਾਰਾ ਚਾਰ, ਇਸ ਗੱਲ ਦੇ ਬਿਲਕੁਲ ਉਲਟ ਹੈ।

ਬਾਦਸ਼ਾਹ ਐਡਵਰਡ ਨੇ ਇਕ ਪਾਸੇ ਤਾਂ ਕਾਬਲ ਦੇ ਅਮੀਰ ਦੀ ਭਾਰਤੀ ਫੇਰੀ ਸਮੇਂ ਭਾਰਤੀਆਂ ਦੇ ਵਤੀਰੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਅੱਗੇ ਤੋਂ ਭਾਰਤੀਆਂ ਨਾਲ ਨਰਮੀ ਭਰਿਆ ਵਰਤਾਉ ਹੋਵੇਗਾ ਪਰ ਦੂਜੇ ਪਾਸੇ ਸਥਾਨਕ ਅਫ਼ਸਰਾਂ ਦੀਆਂ ਪ੍ਰਬੰਧਕੀ ਸ਼ਕਤੀਆਂ ਵਿਚ ਦਖ਼ਲ ਨਾ ਦੇਣ ਦੀ ਇੱਛਾ ਵੀ ਪ੍ਰਗਟ ਕੀਤੀ।

ਇਸ ਲਈ ਅਸੀਂ ਬਾਦਸ਼ਾਹ ਪਾਸੋਂ ਕੋਈ ਆਸ ਨਹੀਂ ਕਰਦੇ। ਹੁਣ ਅਸੀਂ ਅੰਗਰੇਜ਼ਾਂ ਦੀ ਵਿਰੋਧਤਾ ਕਰਨ ਲਈ ਤਿਆਰ ਹਾਂ। ਸਾਨੂੰ ਕਦੇ ਵੀ ਇਨ੍ਹਾਂ ਦਾ

ਭਰੋਸਾ ਨਹੀਂ ਕਰਨਾ ਚਾਹੀਦਾ। ਮੁਗ਼ਲਾਂ ਦੇ ਰਾਜ ਸਮੇਂ ਸਾਡੇ ਪਾਸ ਵੱਡੀਆਂ ਪਦਵੀਆਂ ਸਨ ਪਰ ਅੰਗਰੇਜ਼ ਸਾਨੂੰ ਪੂਰੀ ਤਰ੍ਹਾਂ ਦਬਾ ਰਹੇ ਹਨ ਤੇ ਹਰ ਤਰ੍ਹਾਂ ਦੀਆਂ ਅਸਾਮੀਆਂ ਤੋਂ ਵੰਚਿਤ ਰੱਖ ਰਹੇ ਹਨ। ਇਲਾਹਾਬਾਦ ਵਿਖੇ ਇਕ ਸੁਦੇਸ਼ੀ ਮੀਟਿੰਗ ਵਿਚ ਇਕ ਹਵਾਲਦਾਰ ਨੂੰ ਜੋਸ਼ ਆਇਆ ਅਤੇ ਉਸ ਕਹਿ ਦਿੱਤਾ ਕਿ ਸਾਨੂੰ ਵਲਾਇਤੀ ਚੀਜ਼ਾਂ ਨਹੀਂ ਵਰਤਣੀਆਂ ਚਾਹੀਦੀਆਂ। ਜਦੋਂ ਉਹ ਵਿਚਾਰਾ ਆਪਣੀਆਂ ਬੈਰਕਾਂ ਵਿਚ ਪੁੱਜਿਆ, ਤਾਂ ਇਹ ਕਹਾਣੀ ਉਸ ਦੇ ਅਫ਼ਸਰਾਂ ਨੂੰ ਦੱਸੀ ਗਈ। ਉਸ ਤੇ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਕੋਰਟ ਮਾਰਸ਼ਲ ਦਾ ਹੁਕਮ ਦਿੱਤਾ ਗਿਆ। ਜੇ ਤੁਸੀਂ ਸਾਰੇ ਸਹਿਮਤ ਹੋਵੋ, ਤਾਂ ਅਸੀਂ ਉਸ ਹਵਾਲਦਾਰ ਨਾਲ ਹਮਦਰਦੀ ਜਤਾਵਾਂਗੇ ਅਤੇ ਜੇ ਉਸ ਨੂੰ ਨੌਕਰੀ ਤੋਂ ਹਟਾਇਆ ਗਿਆ ਤਾਂ ਅਸੀਂ ਉਸ ਨੂੰ ਉਸੇ ਤਨਖ਼ਾਹ ਉੱਤੇ ਰੱਖ ਲਵਾਂਗੇ। (ਆਵਾਜ਼ ਆਈ-ਹਾਂ! ਹਾਂ!! ਹਾਂ!!!)

21 ਅਤੇ 28 ਫਰਵਰੀ ਦੇ ਦਿਨ ਪੰਜਾਬ ਲਈ ਵੱਡੀ ਬਿਪਤਾ ਦੇ ਦਿਨ ਸਨ, ਜਦੋਂ ਕਿ ਨਵੇਂ ਕਾਨੂੰਨ ਪਾਸ ਕੀਤੇ ਗਏ। ਲਾਇਲਪੁਰ ਅਤੇ ਗੋਜਰਾ ਵਿਚ 12 ਹਜ਼ਾਰ ਅਤੇ 20 ਹਜ਼ਾਰ ਦੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਦੀ ਆਵਾਜ਼ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਅਜਿਹੀ ਸਰਕਾਰ ਤੋਂ ਕਿਸੇ ਗੱਲ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਲਈ ਸਾਡੇ ਲਈ ਹੁਣ ਲੜਨ ਅਤੇ ਸੁਤੰਤਰ ਹੋਣ ਦਾ ਸਮਾਂ ਆ ਗਿਆ ਹੈ। ਨਟਾਲ (Nattal) ਦੇ ਸ਼ਾਸਕ ਆਪਣੇ ਨਹੀਂ ਹਨ ਅਤੇ ਟਰਾਂਸਵਾਲ ਵਿਚ ਫੌਜ ਦਾ ਖ਼ਰਚਾ ਅੰਗਰੇਜ਼ ਦਿੰਦੇ ਹਨ, ਪਰ ਭਾਰਤ ਵਿਚ ਫੌਜ ਦਾ ਖ਼ਰਚਾ ਭਾਰਤੀਆਂ ਸਿਰ ਪਾਇਆ ਜਾਂਦਾ ਹੈ।

ਭਾਰਤ ਵਿਚ ਦੇਸ਼ ਭਗਤਾਂ ਦੀਆਂ ਦੋ ਸ਼੍ਰੇਣੀਆਂ ਹਨ- ਕੌਮਪ੍ਰਸਤ ਅਤੇ ਉਦਾਰਵਾਦੀ ਅਤੇ ਜੋ ਉਨ੍ਹਾਂ ਦੀ ਮੁਖ਼ਾਲਿਫ਼ਤ ਕਰਦੇ ਹਨ, ਉਨ੍ਹਾਂ ਨੂੰ ਕੌਮਪ੍ਰਸਤ ਕਹਿੰਦੇ ਹਨ। ਅਸੀਂ ਕੌਮਪ੍ਰਸਤ ਹਾਂ ਅਤੇ ਉਦਾਰਵਾਦੀ ਨਹੀਂ, ਕਿਉਂਕਿ ਅਸੀਂ ਅੰਗਰੇਜ਼ਾਂ ਅੱਗੇ ਅਰਜ਼ੀਆਂ ਦੇਣ ਦਾ ਕੋਈ ਲਾਭ ਨਹੀਂ ਸਮਝਦੇ।

ਕੁਝ ਦੇਰ ਹੋਈ ਇਕ ਰੂਸੀ ਹਿੰਦੁਸਤਾਨ ਆਇਆ ਅਤੇ ਅਸਾਂ ਉਸ ਨੂੰ ਦੱਸਿਆ ਕਿ ਸਾਨੂੰ ਅੰਗਰੇਜ਼ਾਂ ਵੱਲੋਂ ਦਬਾਇਆ ਜਾ ਰਿਹਾ ਹੈ। ਉਸ ਨੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ, ਜਦੋਂ ਕਿ ਅੰਗਰੇਜ਼ ਕੇਵਲ 1,50,000 ਹਨ ਅਤੇ ਹਿੰਦੁਸਤਾਨੀ 30 ਕਰੋੜ। ਉਸ ਨੇ ਕਿਹਾ ਕਿ 30 ਕਰੋੜ ਡੇਢ ਲੱਖ ਦੁਆਰਾ ਕਿਵੇਂ ਦਬਾਏ ਜਾ ਸਕਦੇ ਹਨ। ਜੇ ਇੰਝ ਹੈ ਤਾਂ ਹਿੰਦੁਸਤਾਨੀ ਆਦਮੀ ਨਹੀਂ ਹੋ ਸਕਦੇ। ਮੇਰੇ ਭਰਾਵੋ ਤੁਸੀਂ ਆਦਮੀ ਬਣੋ। ਸਾਨੂੰ ਸਰਕਾਰੀ ਨੌਕਰੀ ਕਰਨੀ ਛੱਡ ਦੇਣੀ ਚਾਹੀਦੀ ਹੈ ਅਤੇ ਆਪਣੇ ਲਈ ਕੰਮ ਕਰਨਾ ਚਾਹੀਦਾ ਹੈ। ਜੇ ਅਸੀਂ ਅੰਗਰੇਜ਼ ਲਈ ਕੰਮ ਨਹੀਂ ਕਰਾਂਗੇ ਤਾਂ ਅਸੀਂ ਦੇਖਾਂਗੇ ਕਿ ਕਿਸ ਤਰ੍ਹਾਂ ਅੰਗਰੇਜ਼ ਲੰਡਨ ਤੋਂ ਆਦਮੀ ਲਿਆਉਂਦੇ ਹਨ। ਸਾਨੂੰ ਖੁੱਲ੍ਹਮ-ਖੁੱਲ੍ਹਾ ਅੰਗਰੇਜ਼ਾਂ ਨਾਲ ਲੜਨਾ ਚਾਹੀਦਾ ਹੈ ਅਤੇ ਸੂਹੀਆਂ ਜਾਂ ਪੁਲਿਸ ਤੋਂ ਡਰਨਾ ਨਹੀਂ ਚਾਹੀਦਾ।"

3.

ਸਰਦਾਰ ਅਜੀਤ ਸਿੰਘ ਦਾ ਮਿਤੀ 29 ਮਾਰਚ 1907 ਈ. ਨੂੰ ਅੰਮ੍ਰਿਤਸਰ ਵਿਖੇ ਦਿੱਤਾ ਭਾਸ਼ਨ

ਸਰਦਾਰ ਅਜੀਤ ਸਿੰਘ 29 ਮਾਰਚ ਨੂੰ ਅੰਮ੍ਰਿਤਸਰ ਪਹੁੰਚੇ ਅਤੇ ਉਨ੍ਹਾਂ ਨੇ ਬੰਦੇ ਮਾਤਰਮ ਹਾਲ ਵਿਚ ਲਗਪਗ 1000 ਬੰਦਿਆਂ ਸਾਹਮਣੇ ਭਾਰਤ ਦੀ ਰਾਜਨੀਤਕ ਅਵਸਥਾ ਬਾਰੇ ਭਾਸ਼ਨ ਦਿੱਤਾ। ਸਰੋਤਿਆਂ ਵਿਚ ਸਭ ਧਰਮਾਂ ਦੇ ਲੋਕ ਸਨ।

ਆਪਣਾ ਭਾਸ਼ਣ ਸ਼ੁਰੂ ਕਰਦਿਆਂ ਸ. ਅਜੀਤ ਸਿੰਘ ਨੇ ਦੱਸਿਆ ਕਿ ਮੁੱਢ ਵਿਚ ਸਾਡਾ ਦੇਸ਼ ਆਪਣੇ ਸੁਦੇਸ਼ੀ ਉਦਯੋਗਾਂ ਕਾਰਨ ਇਕ ਖ਼ੁਸ਼ਹਾਲ ਦੇਸ ਸੀ। ਇਹ ਉਦਯੋਗ, ਬਰਤਾਨਵੀ ਸਰਕਾਰ ਦੁਆਰਾ, ਬਰਤਾਨਵੀ ਵਪਾਰ ਦੇ ਹਿੱਤਾਂ ਲਈ, ਇਕ ਇਕ ਕਰਕੇ ਖ਼ਤਮ ਕਰ ਦਿੱਤੇ ਗਏ ਹਨ। ਈਸਟ ਇੰਡੀਆ ਕੰਪਨੀ ਦੇ ਦਿਨਾਂ ਤੋਂ ਸ਼ੁਰੂ ਕਰਦਿਆਂ ਉਨ੍ਹਾਂ ਨੇ ਭਾਰਤ ਦੀ ਖ਼ੁਸ਼ਹਾਲੀ ਦੇ ਖ਼ਾਤਮੇ ਦਾ ਜ਼ਿਕਰ ਕੀਤਾ ਅਤੇ ਇਹ ਦੱਸਣ ਦਾ ਯਤਨ ਕੀਤਾ ਕਿ ਕਿਵੇਂ ਹੌਲੀ-ਹੌਲੀ, ਲੰਮੇ ਅਕਾਲਾਂ, ਭਾਰੀ ਟੈਕਸਾਂ ਅਤੇ ਦਬਾਊ ਕਾਨੂੰਨਾਂ ਨਾਲ ਭਾਰਤੀਆਂ ਦੀ ਮੰਦਹਾਲੀ ਵਧਦੀ ਗਈ। ਮੌਜੂਦਾ ਸਮੇਂ ਵੱਲ ਆਉਂਦਿਆਂ ਉਨ੍ਹਾਂ ਨੇ ਆਖਿਆ-

"ਆਉ ਹੁਣ ਅਸੀਂ ਆਪਣੀ ਵਰਤਮਾਨ ਅਵਸਥਾ 'ਤੇ ਵਿਚਾਰ ਕਰੀਏ। ਰੇਸ਼ਮ ਉਦਯੋਗ ਤੋਂ ਇਲਾਵਾ ਕਦੇ ਨੀਲ ਦੀ ਖੇਤੀ ਵੀ ਬੜੇ ਵਿਕਾਸ ਵਿਚ ਸੀ। ਸਰਕਾਰ ਨੂੰ ਆਪਣੇ ਮੰਤਵ ਲਈ ਨੀਲ ਦੀ ਲੋੜ ਸੀ। ਇਸ ਲਈ ਉਸਨੇ ਬੰਗਾਲ ਦੇ ਵਾਹੀਕਾਰਾਂ ਨੂੰ, ਡੇਢ ਆਨਾ ਪ੍ਰਤੀ ਵਾਹੀਕਾਰ ਦੇ ਕੇ, ਨੀਲ ਬੀਜਣ ਤੇ ਮਜਬੂਰ ਕੀਤਾ ਗਿਆ। ਅੰਤ ਬੰਗਾਲੀਆਂ ਨੇ ਬਗ਼ਾਵਤ ਕੀਤੀ। ਉਨ੍ਹਾਂ ਨੂੰ ਕੈਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਜਾਇਦਾਦ ਜਬਤ ਕਰ ਲਈ ਗਈ। ਉਨ੍ਹਾਂ ਵਿਚੋਂ ਕਈ ਤਾਂ ਆਪਣੇ ਚਿੰਤਾਵਾਨ ਮਾਪਿਆਂ ਨੂੰ ਵੇਖਣ ਲਈ ਵੀ ਨਾ ਪਰਤੇ ਅਤੇ ਉਨ੍ਹਾਂ ਦਾ ਕੀ ਬਣਿਆ, ਇਹ ਗੱਲ ਅੱਜ ਤੱਕ ਇਕ ਭੇਦ ਬਣੀ ਹੋਈ ਹੈ। ਸਾਡੇ ਸ਼ਾਸਕ ਇਥੇ ਹੀ ਨਹੀਂ ਰੁਕੇ। ਉਨ੍ਹਾਂ ਨੇ ਉਨ੍ਹਾਂ ਦੀਆਂ ਪਤਨੀਆਂ ਦੀ ਪੱਤ ਲੁੱਟਣ ਲਈ ਉਨ੍ਹਾਂ ਨੂੰ ਪਠਾਣਾਂ ਦੇ ਹਵਾਲੇ ਕਰਨ ਦੀਆਂ ਧਮਕੀਆਂ ਵੀ ਦਿੱਤੀਆਂ ਅਤੇ ਮੈਨੂੰ ਇਹ ਕਹਿੰਦੇ ਦੁੱਖ ਹੁੰਦਾ ਹੈ ਕਿ ਇਨ੍ਹਾਂ ਅਪਮਾਨਜਨਕ ਧਮਕੀਆਂ ਨੂੰ ਅਮਲੀ ਰੂਪ ਵੀ ਦਿੱਤਾ ਗਿਆ।

ਗਿਬੋਨ (Gibbon) ਖਿਆਲੀ ਅਧਿਕਾਰਾਂ ਬਾਰੇ, ਜਿਹੜੇ ਕਿ ਉਸ ਦੇ ਰਾਸ਼ਟਰ ਨੇ ਜਿੱਤੀਆਂ ਹੋਈਆਂ ਨਸਲਾਂ ਨੂੰ ਪ੍ਰਦਾਨ ਕੀਤੇ, ਲਈ ਬਦਨਾਮ ਹੈ। ਪਰ ਮੈਂ ਪੁੱਛਦਾ ਹਾਂ ਕਿ 1857 ਦੇ ਗ਼ਦਰ ਦੇ ਦੌਰਾਨ ਦਿੱਤੀ ਵਡਮੁੱਲੀ ਸਹਾਇਤਾ ਦੇ ਬਦਲੇ ਵਿਚ ਪੰਜਾਬ ਨੂੰ ਕੀ ਲਾਭ ਹੋਇਆ? ਜਿਹੜੇ ਹਥਿਆਰ ਅਸੀਂ ਆਪਣੇ ਮਿੱਤਰਾਂ ਗਵਾਂਢੀਆਂ ਅਤੇ ਰਿਸ਼ਤੇਦਾਰਾਂ ਵਿਰੁੱਧ, ਬਰਤਾਨਵੀ ਸਰਕਾਰ ਦੀ ਸੁਰੱਖਿਆ

ਲਈ ਵਰਤਦੇ ਰਹੇ ਹਾਂ, ਸਾਡੇ ਹੱਥਾਂ ਵਿਚੋਂ ਖੋਹ ਲਏ ਗਏ ਹਨ। ਕੀ ਹੁਣ ਸਾਨੂੰ ਉਹੋ ਜਿਹੀਆਂ ਜ਼ਿੰਮੇਵਾਰ ਪਦਵੀਆਂ ਪ੍ਰਾਪਤ ਹੁੰਦੀਆਂ ਹਨ, ਜਿਹੜੀਆਂ ਕਿ ਟੋਡਰ ਮਲ ਅਤੇ ਬੀਰਬਲ ਨੂੰ ਮੁਗ਼ਲ ਸਾਮਰਾਜ ਵਿਚ ਪ੍ਰਾਪਤ ਸਨ?

ਬਾਹਰਲੇ ਦੇਸ਼ਾਂ ਵਿਚਲੇ ਭਾਰਤੀਆਂ ਦੀ ਅਵਸਥਾ ਮਨੁੱਖਤਾ ਦੀ ਹੇਠੀ ਸਮਾਨ ਹੈ। ਦੱਖਣੀ ਅਫਰੀਕਾ ਵਿਚ ਕੋਈ ਭਾਰਤੀ ਰਾਜਾ ਵੀ ਜਨਤਕ ਸੜਕ ਤੇ ਚਲ ਨਹੀਂ ਸਕਦਾ, ਜਦੋਂ ਕਿ ਇਕ ਯੂਰਪੀਨ ਦਾ ਕੁੱਤਾ ਵੀ ਮਾਲਕ ਦੇ ਪਿੱਛੇ ਜਿਥੇ ਚਾਹੇ ਜਾ ਸਕਦਾ ਹੈ। ਭਾਰਤੀ ਵਧੀਆ ਹੋਟਲਾਂ ਵਿਚ ਠਹਿਰ ਨਹੀਂ ਸਕਦੇ, ਨਾ ਹੀ ਪਹਿਲੇ ਦਰਜੇ ਦੇ ਡੱਬਿਆਂ ਵਿਚ ਸਫ਼ਰ ਕਰ ਸਕਦੇ ਹਨ। ਕਿਸੇ ਵੀ ਭਾਰਤੀ ਨੂੰ ਸ਼ਾਮ ਦੇ 9.30 ਵਜੇ ਮਗਰੋਂ ਘਰੋਂ ਬਾਹਰ ਨਿਕਲਣ ਦੀ ਆਗਿਆ ਨਹੀਂ। ਜੇ ਉਹ ਇਸ ਸਮੇਂ ਬਾਹਰ ਜਾਣ ਦੀ ਜੁਰਅਤ ਕਰਦਾ ਹੈ, ਕੋਈ ਵੀ ਉਸ ਨੂੰ ਕਾਨੂੰਨ ਦੇ ਸ਼ਿਕੰਜੇ ਤੋਂ ਬਚਾ ਨਹੀਂ ਸਕਦਾ, ਭਾਵੇਂ ਉਹ ਇਕ ਰੋਗੀ ਲਈ ਡਾਕਟਰ ਨੂੰ ਹੀ ਲਿਆਉਣ ਲਈ ਕਿਉਂ ਨਾ ਗਿਆ ਹੋਵੇ। ਉਸ ਨੂੰ ਗੋਰਿਆਂ ਦੇ ਕੁਆਰਟਰਾਂ ਤੋਂ ਦੂਰ ਵੱਖਰੀ ਆਬਾਦੀ ਵਿਚ ਰਹਿ ਕੇ ਹੀ ਸਬਰ ਕਰਨਾ ਪੈਂਦਾ ਹੈ।

ਹੁਣ ਹਿੰਦੁਸਤਾਨ ਦੀ ਗੱਲ ਹੀ ਲਉ। ਸਾਨੂੰ ਕਿੰਨੇ ਦੁੱਖ ਨਾਲ ਇਹ ਦੇਖਣਾ ਪੈਂਦਾ ਹੈ ਕਿ ਫਿਰੋਜ਼ਪੁਰ ਦੀ ਮਿਊਂਸਪਲ ਕਮੇਟੀ ਦੀ ਸਿਫ਼ਾਰਸ਼ ਤੇ, ਡਿਪਟੀ ਕਮਿਸ਼ਨਰ ਦੇ ਹੁਕਮਾਂ ਅਧੀਨ, ਸਵਰਗੀ ਐਕਸਟ੍ਰਾ ਅਸਿਸਟੈਂਟ ਕਮਿਸ਼ਨਰ, ਗਜ਼ਨਫ਼ਰ ਅਲੀ, ਉਸ ਦੀ ਪਤਨੀ ਅਤੇ ਨੂੰਹ ਦੀਆਂ ਕਬਰਸਤਾਨ ਵਿਚੋਂ ਲਾਸ਼ਾਂ ਪੁੱਟ ਕੱਢੀਆਂ ਗਈਆਂ। ਇਹ ਅਤਿਆਚਾਰੀ ਹੁਕਮ ਲੈਫਟੀਨੈਂਟ-ਗਵਰਨਰ ਦੁਆਰਾ ਰੋਕ ਲਿਆ ਗਿਆ, ਪਰ ਅੰਤ ਇਸ ਉਚ ਅਧਿਕਾਰੀ ਨੂੰ ਵੀ ਆਪਣੇ ਅਧੀਨ ਅਧਿਕਾਰੀਆਂ ਦੇ ਹੁਕਮਾਂ ਦੀ ਉਲੰਘਣਾ ਕਰਨ ਦੀ ਜੁਰਅਤ ਨਾ ਪਈ, ਕਿਉਂ ਜੁ ਇੰਜ ਉਸ ਅਧੀਨ ਅਧਿਕਾਰੀ ਦੀ ਹੇਠੀ ਹੁੰਦੀ ਸੀ।

ਇਹ ਗੱਲ ਖ਼ੁਸ਼ੀ ਭਰੀ ਸੀ ਕਿ ਸਾਡੇ ਵਕੀਲ, ਇਕ ਸ਼੍ਰੇਣੀ ਦੇ ਰੂਪ ਵਿਚ ਸੁਤੰਤਰ ਵਿਚਾਰਾਂ ਵਾਲੇ ਆਦਮੀ ਹਨ। ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਪਿੱਛੇ ਜਿਹੇ ਲਾਇਲਪੁਰ ਬਾਰ (ਵਕੀਲ-ਸ਼੍ਰੇਣੀ) ਨੇ ਕਿੰਨਾ ਨਿਕੰਮਾ ਕੰਮ ਕੀਤਾ ਹੈ। ਉਨ੍ਹਾਂ ਨੇ ਸਰਕਾਰ ਦਾ, ਨੌਂ-ਆਬਾਦੀਆਂ ਬਾਰੇ ਕਾਨੂੰਨ ਵਿਚ ਸੋਧ ਲਈ, ਧੰਨਵਾਦ ਕਰਨ ਵਾਸਤੇ ਇਕ ਉਚੇਚੀ ਮੀਟਿੰਗ ਬੁਲਾਈ। ਸੱਦਾ ਪੱਤਰ ਜਾਰੀ ਕੀਤੇ ਗਏ ਤੇ ਲੋਕਾਂ ਨੂੰ ਉਸ ਵਿਚ ਸ਼ਾਮਲ ਹੋਣ ਲਈ ਆਖਿਆ ਗਿਆ। ਜਦੋਂ ਅੰਜੁਮਨੇ-ਮਹਿਬੂਬਾਨੇ ਵਤਨ ਲਾਹੌਰ ਨੂੰ ਇਸ ਗੱਲ ਦੀ ਸੂਹ ਮਿਲੀ, ਉਨ੍ਹਾਂ ਨੇ ਲਾਲਾ ਬਿਸ਼ਨ ਸਿੰਘ, ਈਸ਼ਰ ਦਾਸ ਤੇ ਮੈਨੂੰ ਲੋਕਾਂ ਨੂੰ ਗ਼ਦਾਰਾਂ ਨਾਲ ਮਿਲਣ ਤੋਂ ਰੋਕਣ ਵਾਸਤੇ ਭੇਜਿਆ। ਇਹ ਗੱਲ ਵਰਨਣਯੋਗ ਹੈ ਕਿ ਸਾਨੂੰ ਇਸ ਕੰਮ ਵਿਚ ਚੋਖੀ ਸਫ਼ਲਤਾ ਮਿਲੀ। ਲਾਇਲਪੁਰ ਬਾਰ ਨੂੰ ਸੁਣਨ ਲਈ ਇਕੱਠੇ ਹੋਏ ਲੋਕਾਂ ਨੇ ਸਾਡੇ ਵਿਚਾਰਾਂ ਅਤੇ ਦਲੀਲਾਂ ਨੂੰ ਸੁਣਿਆ ਅਤੇ ਇਤਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਲਾਇਲਪੁਰ ਬਾਰ

ਦੇ ਮੈਂਬਰਾਂ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ 'ਤੇ ਇਕ ਅਮੀਰ 'ਤੇ ਪ੍ਰਭਾਵਸ਼ਾਲੀ ਜ਼ਿਮੀਦਾਰ ਤੇਜਾ ਸਿੰਘ ਨੇ ਆਪਣੀ ਭੂਮੀ-ਸੰਪਤੀ ਨੂੰ ਛੱਡਣ ਦੀ, ਜਿਸ ਦਾ ਮੁੱਲ ਢਾਈ ਲੱਖ ਰੁਪਏ ਦੇ ਲਗਪਗ ਬਣਦਾ ਸੀ, ਇੱਛਾ ਪ੍ਰਗਟਾਈ, ਅਗਰ ਉਸ ਨਾਲ ਨੌ-ਆਬਾਦੀਅਤ ਬਿਲ ਤੋਂ ਛੁਟਕਾਰਾ ਮਿਲਣ ਵਿਚ ਮਦਦ ਹੋ ਸਕੇ। ਇਸ ਸ਼ਰਾਰਤ ਨੂੰ ਰੋਕਣ ਲਈ ਉਹ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਵੇਚਣ ਲਈ ਵੀ ਤਿਆਰ ਹੋਵੇਗਾ।

ਇਸ ਦੇਸ਼ ਦੇ ਹਰ ਇਕ ਸ਼ੁਭ-ਇੱਛਕ ਦਾ ਪਾਵਨ ਕਰਤੱਵ ਇਹ ਹੈ ਕਿ ਵਰਤਮਾਨ ਬੁਰਾਈ ਨੂੰ ਖ਼ਤਮ ਕਰਨ ਵਿਚ ਯੋਗਦਾਨ ਦੇਵੇ। ਪਿਛਲੇ ਦੋ ਦਹਾਕਿਆਂ ਤੋਂ ਕਾਂਗਰਸ ਇਸ ਮੰਤਵ ਦੀ ਪ੍ਰਾਪਤੀ ਲਈ ਯਤਨ ਕਰ ਰਹੀ ਸੀ। ਇਹ ਇਸ ਨਿਸ਼ਚਿਤ ਸਿੱਟੇ 'ਤੇ ਪਹੁੰਚੀ ਹੈ ਕਿ ਭਾਰਤ ਬਦੇਸ਼ੀ ਜੂਲੇ ਵਿਚ ਕਦੇ ਵੀ ਖ਼ੁਸ਼ਹਾਲ ਨਹੀਂ ਹੋ ਸਕਦਾ। ਸਰ ਫੁਲਰ (Sir Fuller) ਚਲਾ ਗਿਆ ਹੈ, ਪਰ ਮਿ. ਮੈਂਟ (Mant) ਉਸ ਦੀ ਥਾਂ 'ਤੇ ਹੈ। ਭਾਰਤ ਦੇ ਇਕ ਮਹਾਨ ਬਜ਼ੁਰਗ (ਦਾਦਾ ਭਾਈ ਨਾਰੋਜੀ) ਨੇ ਕਿਹਾ ਹੈ ਕਿ ਭਾਰਤ ਦਾ ਕਲਿਆਣ ਸਵੈ-ਸ਼ਾਸਨ ਵਿਚ ਹੈ। ਆਸਟ੍ਰੇਲੀਆ ਨੇ ਸਥਾਨਕ ਸਰਕਾਰ ਲਈ ਕੋਈ ਦਰਖ਼ਾਸਤ ਨਹੀਂ ਕੀਤੀ, ਨਾ ਹੀ ਬੋਅਰਾਂ ਨੇ ਕੋਈ ਪ੍ਰਾਰਥਨਾ-ਪੱਤਰ ਭੇਜਿਆ ਹੈ। ਉਨ੍ਹਾਂ ਕੇਵਲ ਅੰਗਰੇਜ਼ਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਹੈ ਕਿ ਉਹ ਸ਼ਾਂਤੀ ਤੇ ਯੁੱਧ ਦੀ ਕਲਾ ਵਿਚ ਉਨ੍ਹਾਂ ਦੇ ਸਮਾਨ ਹਨ। ਤੁਸੀਂ ਇਹ ਆਸ਼ਾ ਨਾ ਕਰੋ ਕਿ ਰਾਜਾ ਮਹਿਲਾਂ ਦਾ ਤਿਆਗ ਤੁਹਾਡੇ ਨਾਲ ਝੁੱਗੀਆਂ ਵਿਚ ਰਹਿਣ ਲਈ ਕਰੇਗਾ, ਨਾ ਹੀ ਤੁਸੀਂ ਇਹ ਆਸ ਕਰ ਸਕਦੇ ਹੋ ਕਿ ਇਕ ਪ੍ਰਬਲ ਜਾਤੀ ਆਪਣੇ ਆਪ ਸ਼ਾਸਕੀ ਸ਼ਕਤੀ ਤਿਆਗ ਦੇਵੇਗੀ। ਜੇ ਤੁਸੀਂ ਸੋਚੋ ਕਿ ਇਹ ਅਸੰਭਵ ਗੱਲਾਂ ਹੋ ਸਕਦੀਆਂ ਹਨ, ਮੈਂ ਤੁਹਾਨੂੰ ਚਿਤਾਵਨੀ ਦਿੰਦਾ ਹਾਂ ਕਿ ਤੁਸੀਂ ਇਕ ਵੱਡੀ ਗਲਤੀ ਕਰ ਰਹੇ ਹੋ, ਜੋ ਕਿ ਕੁਦਰਤ ਦੇ ਅਸੂਲਾਂ ਵਿਰੁੱਧ ਹੈ। ਇਹ ਸੱਚ ਹੈ ਕਿ ਕੁਦਰਤ ਸਦਾ ਹੀ ਇਕ ਕੌਮ ਨੂੰ ਦੂਜੀ ਕੌਮ ਤੇ ਛਾਏ ਰਹਿਣ ਦੀ ਆਗਿਆ ਨਹੀਂ ਦਿੰਦੀ। ਇਕ ਬਦੇਸ਼ੀ ਸਰਕਾਰ, ਜਿਸ ਵਿਚ ਲੋਕਾਂ ਲਈ ਕੋਈ ਹਮਦਰਦੀ ਨਾ ਹੋਵੇ, ਸਫ਼ਲ ਨਹੀਂ ਹੋ ਸਕਦੀ ਅਤੇ ਇਹ ਮੰਨਣਾ ਪਵੇਗਾ ਕਿ ਇਕ ਅਸਫ਼ਲ ਸਰਕਾਰ ਆਪਣਾ ਸ਼ਾਸਨ ਸਦਾ ਕਾਇਮ ਨਹੀਂ ਰੱਖ ਸਕਦੀ। ਕੁਦਰਤ ਨੇ ਮਨੁੱਖ ਨੂੰ ਸੁਤੰਤਰ ਬਣਾਇਆ ਹੈ। ਜਿਹੜੀਆਂ ਸ਼ਕਤੀਆਂ ਉਸ ਨੂੰ ਗ਼ੁਲਾਮੀ ਦੇ ਬੰਧਨਾਂ ਵਿਚ ਬੰਨ੍ਹ ਕੇ ਰੱਖਣਾ ਚਾਹੁੰਦੀਆਂ ਹਨ ਉਹ ਕਦੀ ਨਾ ਕਦੀ ਤਬਾਹ ਹੋ ਜਾਣਗੀਆਂ। ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਾਡੀਆਂ ਕਠਿਨਾਈਆਂ ਘੱਟ ਨਹੀਂ ਹੋਣਗੀਆਂ ਜਦੋਂ ਤੱਕ ਸਾਡੀ ਆਪਣੀ ਸਰਕਾਰ ਨਾ ਹੋਵੇ। ਬਗ਼ਾਵਤ ਕਰਨੀ ਬੇਹੂਦੀ ਹੈ, ਕਿਉਂ ਜੁ ਕ੍ਰਿਆਤਮਕ ਵਿਰੋਧ ਲਾਹੇਵੰਦਾ ਨਹੀਂ ਹੁੰਦਾ। ਪਰ ਜ਼ਰਾ ਜਿੰਨਾ ਨਕਾਰਾਤਮਕ ਵਿਰੋਧ ਇੱਛਤ ਸਿੱਟੇ ਕੱਢ ਵਿਖਾਉਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡੀ ਮਾਨਸਿਕ ਹਮਾਇਤ ਹੀ ਹਿੰਦ ਸਰਕਾਰ ਦਾ ਮੁੱਖ ਸਹਾਰਾ ਹੈ। ਜੇ ਇਹ ਹਟਾ ਲਈ

ਜਾਏ, ਸਾਰਾ ਦਿਓ ਕਦ ਢਾਂਚਾ ਢਹਿ ਢੇਰੀ ਹੋ ਜਾਵੇਗਾ। ਜੇ ਅਸੀਂ ਇਸ ਸਰਕਾਰ ਦੀ ਹਮਾਇਤ ਕਰਦੇ ਜਾਈਏ, ਤਾਂ ਅਸੀਂ ਦੇਸ਼ ਦੇ ਗ਼ਦਾਰ ਅਤੇ ਰਾਸ਼ਟਰੀ ਰਾਜ ਪ੍ਰਤੀ ਧ੍ਰੋਹ ਕਰਨ ਵਾਲੇ ਹੋਵਾਂਗੇ। ਮਾਨਚੈਸਟਰ ਤੇ ਲੰਕਾਸ਼ਾਇਰ ਦੇ ਕਾਰਖਾਨੇ ਸਾਡੇ ਭਾਰਤੀ ਕਾਮਿਆਂ ਦੇ ਖ਼ੂਨ ਨਾਲ ਉਸਾਰੇ ਗਏ ਹਨ। ਕੀ ਤੁਸੀਂ ਆਪਣੇ ਸਰੀਰ-ਸਿਰ 'ਤੇ ਇਹ ਲਹੂ-ਭਿੱਜੇ ਕੱਪੜੇ ਪਹਿਨਣੇ ਪਸੰਦ ਕਰੋਗੇ, ਨਹੀਂ, ਇਨ੍ਹਾਂ ਦੀ ਹੋਲੀ ਜਲਾ ਦਿਉ। ਸਾਡਾ ਪਹਿਲਾ ਫਰਜ਼ ਸਾਡੇ ਦੇਸ਼ ਦੇ ਘਰੇਲੂ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ ਹੋਣਾ ਚਾਹੀਦਾ ਹੈ। ਬਰਤਾਨਵੀ ਸਰਕਾਰ ਸ਼ੀਸ਼ੇ ਦੇ ਘਰ ਵਿਚ ਵਸਦੀ ਹੈ ਜੋ ਇਕ ਪਲ ਵਿਚ ਟੁੱਟ ਸਕਦਾ ਹੈ। ਸਾਡੀ ਆਪਣੀ ਸਹਾਇਤਾ ਨੇ ਹੀ ਇਸ ਨੂੰ ਅਟੁੱਟ ਬਣਾ ਦਿੱਤਾ ਹੈ। ਮੇਰੇ ਇਕ ਮਿੱਤਰ ਨੇ ਇਕ ਵਾਰ ਮੈਨੂੰ ਕਿਹਾ ਸੀ ਕਿ ਡੇਢ ਲੱਖ ਅੰਗਰੇਜ਼ 30 ਕਰੋੜ ਭਾਰਤੀਆਂ ਤੇ ਰਾਜ ਨਹੀਂ ਕਰ ਸਕਦੇ, ਜੇ ਉਹ (ਭਾਰਤੀ) ਮਰਦਾਨਗੀ ਹੀਣ ਨਾ ਹੋਣ, ਅਤੇ ਮੈਨੂੰ ਉਸ ਦੇ ਕਥਨ ਦੀ ਸੱਚਾਈ ਨੂੰ ਮੰਨਣ ਤੇ ਮਜ਼ਬੂਰ ਹੋਣਾ ਪਿਆ ਸੀ। ਜੇ ਤੁਸੀਂ ਭਾਰਤੀਆਂ ਨੂੰ ਬਰਤਾਨਵੀ ਸਰਕਾਰ ਅਧੀਨ ਜਨਤਕ ਪੱਦਾਂ ਨੂੰ ਤਿਆਗਣ ਲਈ ਮਜਬੂਰ ਕਰ ਦੇਵੋ ਅਤੇ ਖਾਨਸਾਮਿਆਂ, ਭਿਸ਼ਤੀਆਂ, ਭੰਗੀਆਂ ਅਤੇ ਪੱਖਾ-ਕੁਲੀਆਂ ਨੂੰ ਅੰਗਰੇਜ਼ਾਂ ਅਧੀਨ ਕੰਮ ਕਰਨ ਤੋਂ ਇਨਕਾਰੀ ਬਣਾ ਦਿਉ, ਤਾਂ ਤੁਸੀਂ ਇਕ ਘੰਟੇ ਵਿਚ ਹੀ ਮੁਕਤੀ ਪਾ ਲਵੋਗੇ। ਤੁਹਾਨੂੰ ਦੇਸ਼ ਦੀ ਖ਼ਾਤਰ ਕੁਰਬਾਨੀਆਂ ਕਰਨ ਅਤੇ ਰਾਸ਼ਟਰੀ ਹਿੱਤਾਂ ਨੂੰ ਵਧਾਉਣ ਲਈ ਕਠਿਨ ਜੀਵਨ ਬਿਤਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇੰਗਲੈਂਡ ਦੀਆਂ ਔਰਤਾਂ ਨੇ ਆਚਰਨ ਦੀ ਅਦਭੁੱਤ ਸ਼ਕਤੀ ਅਤੇ ਅਜਿੱਤ ਨਿਸ਼ਚੇ ਦਾ ਪ੍ਰਗਟਾ ਕੀਤਾ। ਉਨ੍ਹਾਂ ਨੇ ਕਾਮਨਜ਼ ਸਦਨ ਤੇ ਹਮਲਾ ਕੀਤਾ, ਸਾਰੀਆਂ ਰੁਕਾਵਟਾਂ ਤੋੜ ਦਿੱਤੀਆਂ ਅਤੇ ਆਪਣੇ ਦੁੱਖਾਂ ਨੂੰ ਸਦਨ ਸਾਹਮਣੇ ਰੱਖਣ ਲਈ ਸਨਮਾਨਯੋਗ ਅਸੈਂਬਲੀ ਤੱਕ ਪਹੁੰਚ ਗਈਆਂ। ਮਤ-ਅਧਿਕਾਰ ਲਈ ਅੰਦੋਲਨਕਾਰੀ ਇਸਤਰੀਆਂ ਸਫ਼ਲ ਹੋ ਗਈਆਂ, ਪਰ ਕੀ ਭਾਰਤੀ ਮਰਦ ਸਫ਼ਲ ਨਹੀਂ ਹੋਣਗੇ?

ਆਪਣੇ ਦੇਸ਼ ਦੀ ਖ਼ਾਤਰ ਅਤੇ ਆਪਣੇ ਬੱਚਿਆਂ ਦੀ ਖ਼ਾਤਰ ਆਪਣੀ ਮੁਕਤੀ ਤੇ ਸੁਤੰਤਰਤਾ ਲਈ ਕੰਮ ਕਰੋ। ਅੰਤਮ ਸਫ਼ਲਤਾ ਤੁਹਾਡੇ ਹੱਥ ਹੈ।"

4.

ਲਾਹੌਰ ਵਿਚ ਅਗਲੀ ਮੀਟਿੰਗ (7 ਅਪ੍ਰੈਲ, 1907)

ਇਹ ਮੀਟਿੰਗ 7 ਅਪ੍ਰੈਲ ਨੂੰ ਮਿਥੀ ਵਿਉਂਤ ਅਨੁਸਾਰ ਕੀਤੀ ਗਈ ਤੇ ਇਸ ਵਿਚ 3,000 ਤੋਂ ਵੱਧ ਲੋਕ ਸ਼ਾਮਲ ਹੋਏ। ਇਸ ਮੀਟਿੰਗ ਵਿਚ ਪੇਂਡੂਆਂ ਨੂੰ ਉਨ੍ਹਾਂ ਉਤੇ ਕੀਤੇ ਜਾ ਰਹੇ ਜ਼ੁਲਮਾਂ, ਅਤਿਆਚਾਰਾਂ ਅਨਿਆਇ ਆਦਿ ਤੋਂ ਜਾਣੂ

ਕਰਵਾਇਆ ਗਿਆ। ਇਸ ਮੀਟਿੰਗ ਵਿਚ ਹੋਰਨਾਂ ਤੋਂ ਛੁਟ ਸਰਦਾਰ ਅਜੀਤ ਸਿੰਘ ਨੇ ਵੀ ਆਪਣਾ ਭਾਸ਼ਨ ਦਿੱਤਾ। ਸਰਕਾਰ ਦੇ ਕੰਮਾਂ ਦੀ ਕਰੜੀ ਨਿਖੇਧੀ ਕੀਤੀ ਗਈ ਅਤੇ ਲੋਕਾਂ ਨੂੰ ਸਰਕਾਰ ਦੇ ਵਿਰੁੱਧ ਉਠਣ ਲਈ ਪ੍ਰੇਰਿਆ ਗਿਆ। ਇਹ ਮੀਟਿੰਗ ਇਕ ਇਤਿਹਾਸਕ ਮਹੱਤਤਾ ਵਾਲੀ ਮੀਟਿੰਗ ਮੰਨੀ ਜਾਂਦੀ ਹੈ। ਇਸ ਮੀਟਿੰਗ ਵਿਚ ਛਪੇ ਹੋਏ ਫਾਰਮਾਂ ਉਤੇ ਕਿਸਾਨਾਂ ਤੋਂ ਮਾਲੀਆ ਅਤੇ ਟੈਕਸ ਨਾ ਦੇਣ ਵਜੋਂ ਅੰਗੂਠੇ ਲਗਵਾਏ ਗਏ। ਕਿਸਾਨਾਂ ਵਲੋਂ ਅੰਗੂਠੇ ਲਗਾ ਕੇ ਪਾਰਲੀਮੈਂਟ ਨੂੰ ਇਕ ਅਲਟੀਮੇਟਮ ਭੇਜੇ ਜਾਣ ਦਾ ਨਿਰਣਾ ਵੀ ਕੀਤਾ ਗਿਆ, ਜਿਸ ਵਿਚ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਕਿਹਾ ਗਿਆ। ਇਹ ਇਕ ਤਰ੍ਹਾਂ ਨਾਲ 1942 ਦੀ ਭਾਰਤ ਛੱਡੋ ਲਹਿਰ ਵਿਚ ਪੈਂਤੜਾ ਬੰਨ੍ਹਣ ਵਾਲੀ ਗੱਲ ਸੀ। ਉਨ੍ਹਾਂ ਵੱਲੋਂ ਅਜਿਹਾ ਨਾ ਕਰਨ ਉੱਤੇ ਮਾਲੀਏ ਅਤੇ ਟੈਕਸ ਤੋਂ ਨਾਂਹ ਦੇ ਰੂਪ ਵਿਚ ਸਿਵਲ ਨਾ ਫਰਮਾਨੀ ਆਰੰਭ ਕਰਨ ਦਾ ਨਿਸ਼ਚਾ ਕੀਤਾ ਗਿਆ। ਇਸ ਇਤਿਹਾਸਕ ਮੀਟਿੰਗ ਵਿਚ ਸਰਦਾਰ ਅਜੀਤ ਸਿੰਘ ਦਾ ਭਾਸ਼ਨ ਇੰਨਾ ਜੋਸ਼ ਭਰਿਆ ਸੀ ਕਿ ਸਰੋਤੇ ਦੇਸ਼ ਪਿਆਰ ਦੇ ਰੌਂ ਵਿਚ ਵਹਿ ਗਏ। ਜਿਸ ਸਮੇਂ ਉਹ ਭਾਸ਼ਨ ਕਰ ਰਹੇ ਸਨ ਉਸ ਸਮੇਂ ਪੁਲਸ ਨੇ ਚੋਹਾਂ ਪਾਸਿਆਂ ਤੋਂ ਘੇਰਾ ਪਾ ਲਿਆ ਅਤੇ ਮੀਟਿੰਗ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਦਿੱਤਾ। ਡਿਪਟੀ ਕਮਿਸ਼ਨਰ ਦਾ ਲਿਖਤੀ ਹੁਕਮ ਪੜ੍ਹ ਕੇ ਸੁਣਾਇਆ ਗਿਆ। ਇਸ ਉਤੇ ਸਰਦਾਰ ਅਜੀਤ ਸਿੰਘ ਬੜੇ ਜੋਸ਼ ਵਿਚ ਆਏ ਅਤੇ ਉਨ੍ਹਾਂ ਜਨਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮੀਟਿੰਗ ਤੁਹਾਡੀ ਸਭ ਦੀ ਹੈ, ਮੇਰੇ ਇਕੱਲੇ ਦੀ ਨਹੀਂ, ਇਸ ਨੂੰ ਕੋਈ ਰੋਕ ਨਹੀਂ ਸਕਦਾ, ਜਿੰਨਾ ਚਿਰ ਤੁਸੀਂ ਨਾ ਚਾਹੋ। ਜੇ ਤੁਸੀਂ ਚਾਹੁੰਦੇ ਹੋ, ਤਾਂ ਮੀਟਿੰਗ ਚਾਲੂ ਰਹੇਗੀ, ਜੇ ਤੁਸੀਂ ਸਮਾਪਤ ਕਰਨਾ ਚਾਹੁੰਦੇ ਹੋ, ਤਾਂ ਹੀ ਸਮਾਪਤ ਕੀਤੀ ਜਾ ਸਕਦੀ ਹੈ। ਹੁਣ ਤੁਸੀਂ ਦੱਸੋ ਕੀ ਚਾਹੁੰਦੇ ਹੋ? ਲੋਕਾਂ ਨੇ ਬੜੀ ਉੱਚੀ ਆਵਾਜ਼ ਦੇ ਵਿਚ ਉੱਤਰ ਦਿੱਤਾ ਕਿ ਮੀਟਿੰਗ ਜਾਰੀ ਰਹੇਗੀ। ਇਸ ਉਤੇ ਸਰਦਾਰ ਅਜੀਤ ਸਿੰਘ ਨੇ ਫਿਰ ਸਵਾਲ ਕੀਤਾ ਕਿ ਦੱਸੋ, "ਡਿਪਟੀ ਕਮਿਸ਼ਨਰ ਦੇ ਹੁਕਮ ਦਾ ਕੀ ਉੱਤਰ ਦਿੱਤਾ ਜਾਵੇ।" ਲੋਕਾਂ, ਜਿਹੜੇ ਕਿ ਜੋਸ਼ ਦੇ ਸਾਗਰ ਵਿਚ ਵਹਿ ਰਹੇ ਸਨ, ਸਮੂਹਕ ਤੌਰ 'ਤੇ ਉੱਤਰ ਦਿੱਤਾ ਕਿ ਇਸ ਹੁਕਮ 'ਤੇ ਜੁੱਤੀਆਂ ਮਾਰੀਆਂ ਜਾਣ ਅਰਥਾਤ ਇਸ ਦਾ ਸੁਆਗਤ ਸੱਤ ਛਿੱਤਰਾਂ ਦੀ ਸਲਾਮੀ ਨਾਲ ਕੀਤਾ ਜਾਵੇ। ਇਸ ਉਤੇ ਮਹਿਤਾ ਨੰਦ ਕਿਸ਼ੋਰ ਨੇ ਲੋਕਾਂ ਦੀਆਂ ਭਾਵਨਾਵਾਂ ਅਤੇ ਜਜ਼ਬਾਤ ਅਨੁਸਾਰ ਕਾਗਜ਼ ਜ਼ਮੀਨ ਤੇ ਰੱਖ ਕੇ ਜ਼ੋਰ ਨਾਲ 7 ਜੁੱਤੀਆਂ ਮਾਰੀਆਂ। ਸਰਦਾਰ ਅਜੀਤ ਸਿੰਘ ਨੇ ਤਕਰੀਰ ਜਾਰੀ ਰੱਖੀ। ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਇਹ ਭਾਸ਼ਨ ਇਤਨਾ ਦੇਸ਼ ਭਗਤੀ ਦੀ ਪ੍ਰੇਰਨਾ ਨਾਲ ਭਰਿਆ ਸੀ ਕਿ ਸਰੋਤਿਆਂ ਦੀਆਂ ਅੱਖਾਂ ਵਿਚ ਦੇਸ਼ ਪਿਆਰ ਦੇ ਹੰਝੂ ਵਹਿ ਤੁਰੇ। ਪੁਲਸ ਇਸ ਮੀਟਿੰਗ ਨੂੰ ਤਿੱਤਰ ਬਿੱਤਰ ਕਰਨ ਵਿਚ ਅਸਫ਼ਲ ਰਹੀ। ਇਸ ਮੀਟਿੰਗ ਬਾਰੇ ਸਰਕਾਰੀ ਰਿਪੋਰਟ ਇਹ ਦੱਸਦੀ ਹੈ ਕਿ "ਸਭਾ ਵਲੋਂ ਰਾਜਨੀਤਕ ਮੁਹਿੰਮ ਨੂੰ ਚਲਾਉਣ ਲਈ 7 ਹਜ਼ਾਰ ਰੁਪਿਆ ਇਕੱਠਾ ਕੀਤਾ ਗਿਆ।"

5.

7 ਅਪ੍ਰੈਲ, 1907 ਨੂੰ ਲਾਹੌਰ ਵਿਖੇ ਭਾਸ਼ਨ

(ਸਮਾਂ ਸਵੇਰੇ 11 ਵਜੇ)

"ਮੈਂ ਬੋਲਣ ਤੋਂ ਨਹੀਂ ਡਰਦਾ। ਇਹ ਸਰਕਾਰ ਸ਼ੈਤਾਨੀ ਸਰਕਾਰ ਹੈ। ਸਾਰਾ ਹਿੰਦੁਸਤਾਨ ਬਹੁਤ ਦੁਖੀ ਹੈ। ਨਿੱਤ ਦਿਹਾੜੇ ਸਾਨੂੰ ਕੁੱਟਿਆ ਮਾਰਿਆ ਤੇ ਬੁਰਾ ਭਲਾ ਕਿਹਾ ਜਾ ਰਿਹਾ ਹੈ। ਅਸੀਂ ਅਪੀਲਾਂ ਕਰ ਕਰ ਹੰਭ ਗਏ ਹਾਂ ਕਿ ਡਿਪਟੀ ਕਮਿਸ਼ਨਰ ਦੀਆਂ ਤਾਕਤਾਂ ਖ਼ਤਮ ਕਰ ਦੇਣੀਆਂ ਚਾਹੀਦੀਆਂ ਹਨ ਪਰ ਸਾਡੀ ਕੋਈ ਸੁਣਦਾ ਹੀ ਨਹੀਂ। ਅਸੀਂ ਉਦੋਂ ਤੱਕ ਕੁਝ ਨਹੀਂ ਕਰ ਸਕਦੇ ਜਿੰਨਾ ਚਿਰ ਤਕ ਅੰਗਰੇਜ਼ੀ ਰਾਜ ਨੂੰ ਖ਼ਤਮ ਨਹੀਂ ਕਰ ਲੈਂਦੇ। ਤੁਹਾਨੂੰ ਆਪਣੇ ਬਜ਼ੁਰਗਾਂ ਦੇ ਪਦ ਚਿੰਨ੍ਹਾਂ ਉਤੇ ਚੱਲਣਾ ਚਾਹੀਦਾ ਹੈ ਨਹੀਂ ਤਾਂ ਬਾਅਦ ਵਿਚ ਤੁਹਾਨੂੰ ਪਛਤਾਉਣਾ ਪਵੇਗਾ। ਸਾਡੇ ਬਜ਼ੁਰਗਾਂ ਨੇ ਕਿਹਾ ਸੀ **'ਪਰਾਧੀਨ ਸਪਨੇ ਸੁੱਖ ਨਾਹੀਂ।'** ਗੁਰੂਆਂ ਨੇ ਫਰਮਾਇਆ ਸੀ ਕਿ ਸੰਸਾਰਕ ਪਦਾਰਥ ਝੂਠੇ ਅਤੇ ਫਨਾਹ ਹੋਣ ਵਾਲੇ ਹਨ। ਸਾਡੇ ਗੁਰੂ ਸਾਹਿਬਾਨ ਸੱਚੇ ਸਨ ਅਤੇ ਇਸ ਲਈ ਰੱਬ ਵੀ ਸੱਚਾ ਹੈ। ਉਹ ਜਿਹੜਾ ਦੂਜਿਆਂ ਨੂੰ ਦਬਾਉਂਦਾ ਹੈ ਉਹ ਆਪ ਵੀ ਸੁੱਕਾ ਨਹੀਂ ਬਚ ਸਕਦਾ। ਸਾਡੀ ਇਸ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਸਾਡੇ ਉਤੇ ਹਕੂਮਤ ਕਰੇ। ਸਰਕਾਰ ਹੁਣ ਡੁੱਬ ਰਹੀ ਹੈ ਜਿਵੇਂ ਕਿਸੇ ਜਹਾਜ਼ ਵਿਚ ਸੁਰਾਖ ਹੋ ਜਾਵੇ ਤੇ ਇਹ ਛੇਤੀ ਡੁੱਬ ਜਾਂਦਾ ਹੈ। ਡਿਪਟੀ ਕਮਿਸ਼ਨਰ ਦੌਰੇ ਸਮੇਂ ਦੋਸ਼ਾਂ ਦੀ ਸੁਣਵਾਈ ਕਰਦਾ ਹੈ। ਜਿਹੜੇ ਲੋਕ ਉਸ ਨੂੰ ਮਿਲਣ ਜਾਂਦੇ ਹਨ ਉਨ੍ਹਾਂ ਨੂੰ ਕੁੱਟਿਆ ਮਾਰਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਪਿਛਾਂਹ ਧੱਕ ਦਿੱਤਾ ਜਾਂਦਾ ਹੈ। ਤੁਹਾਨੂੰ ਅਦਾਲਤਾਂ ਵਿਚ ਨਹੀਂ ਜਾਣਾ ਚਾਹੀਦਾ। ਤੁਹਾਨੂੰ ਉਨ੍ਹਾਂ (ਅੰਗਰੇਜ਼ਾਂ) ਦਾ ਵਿਰੋਧ ਕਰਨਾ ਹੀ ਚਾਹੀਦਾ ਹੈ। ਉਹ ਸਾਡੀ ਧਰਤੀ ਦੇ ਮਾਲ ਖਜ਼ਾਨੇ ਲੁੱਟ ਨਹੀਂ ਸਕਦੇ। ਹੁਣ ਸਾਨੂੰ ਉੱਠ ਖੜ੍ਹਨਾ ਚਾਹੀਦਾ ਹੈ, ਉਨ੍ਹਾਂ ਤੇ ਹੱਲਾ ਬੋਲਣਾ ਚਾਹੀਦਾ ਹੈ ਅਤੇ ਦੇਸ਼ ਨੂੰ ਆਜ਼ਾਦ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸਾਨੂੰ ਜੇਲ੍ਹਾਂ ਵਿਚ ਡੱਕ ਲੈਣ ਦਿਉ। ਉਨ੍ਹਾਂ ਦੇ ਬੁਰੇ ਦਿਨ ਆਉਣ ਵਾਲੇ ਹਨ। ਅਸੀਂ ਦੂਜਿਆਂ ਅਧੀਨ ਨਹੀਂ ਜੀਅ ਸਕਦੇ। ਇਹ ਕੰਮ ਸੌਖਾ ਨਹੀਂ ਪਰੰਤੂ ਇਹ ਹੌਲੇ ਹੌਲੇ ਸੌਖੇਰਾ ਹੁੰਦਾ ਜਾਵੇਗਾ। ਜੇਕਰ ਤੁਸੀਂ ਹਿੰਦੂ ਤੇ ਮੁਸਲਮਾਨ ਇਕ ਮੁੱਠ ਹੋ ਕੇ ਜਦੋ-ਜਹਿਦ ਕਰੋ ਤਾਂ ਇਕ ਦਿਨ ਤੁਸੀਂ ਸਾਰੇ ਸੰਸਾਰ ਨੂੰ ਫ਼ਤਹਿ ਕਰ ਲਉਗੇ। ਤੁਹਾਨੂੰ ਪਿੰਡ ਪੱਧਰ ਤੇ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ। ਦੇਖੋ ਤੁਹਾਡਾ ਬਾਦਸ਼ਾਹ ਅਲੀਗੜ੍ਹ ਵਿਖੇ ਖਾਨਸਾਮਾ ਹੈ। ਇਸ ਦੇਸ਼ ਦੀ ਦੌਲਤ ਲੰਡਨ ਜਾ ਰਹੀ ਹੈ ਅਤੇ ਇਸ ਦੇ ਬਦਲੇ ਤੁਹਾਨੂੰ ਕਰੰਸੀ ਨੋਟ ਮਿਲ ਰਹੇ ਹਨ। ਜਦੋਂ ਅੰਗਰੇਜ਼ ਦੇਸ਼ 'ਚੋਂ ਚਲੇ ਗਏ ਉਦੋਂ ਤੁਹਾਡੇ ਪੈਸੇ ਕੌਣ ਦੇਵੇਗਾ?

ਜਿਹੜੇ ਹੁਣ ਅੰਗਰੇਜ਼ਾਂ ਦੇ ਹਮਾਇਤੀ ਹਨ, ਮਾਮੂਲੀ ਜਿਹੇ ਲਾਭਾਂ ਅਤੇ ਮਾਣ ਵਾਸਤੇ ਹੀ ਉਨ੍ਹਾਂ ਦੇ ਪਿੱਛੇ ਲੱਗੇ ਹਨ, ਉਨ੍ਹਾਂ ਨੂੰ ਆਪਣੀ ਕਿਸਮਤ ਦਾ ਅੰਦਾਜ਼ਾ ਹੁਣੇ ਹੀ ਲਾ ਲੈਣਾ ਚਾਹੀਦਾ ਹੈ। ਉਹ ਹਥਿਆਰਾਂ ਸਮੇਤ ਦਫ਼ਨਾ ਦਿੱਤੇ ਜਾਣਗੇ। ਤੁਸੀਂ ਭੇਡਾਂ ਵਿਚਕਾਰ ਸ਼ੇਰ ਹੋ। ਤੁਹਾਨੂੰ ਇਸ ਅਸਲੀਅਤ ਨੂੰ ਸਮਝ ਲੈਣਾ ਚਾਹੀਦਾ ਹੈ। ਤੇ ਸ਼ੇਰ ਬਣਨਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਮਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਰੱਬ ਦੀ ਉਸ ਉਤੇ ਮਿਹਰ ਹੋਵੇਗੀ ਜਿਹੜਾ ਆਪਣੇ ਦੇਸ਼ ਦਾ ਸੱਚਾ ਸਪੂਤ ਬਣ ਜਾਵੇਗਾ। ਤੁਹਾਡੀਆਂ ਰਗਾਂ ਵਿਚ ਖੂਨ ਹੈ ਜਿਨ੍ਹਾਂ ਨੇ ਚੀਨ ਤੇ ਅਫ਼ਰੀਕਾ ਨੂੰ ਫਤਹਿ ਕੀਤਾ, ਉਹ ਹੁਣ ਉਠ ਖੜ੍ਹੇ ਹੋਣਗੇ ਅਤੇ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢ ਦੇਣਗੇ।"

6.

ਲਾਹੌਰ ਵਿਖੇ 7 ਅਪ੍ਰੈਲ, 1907 ਨੂੰ ਸ਼ਾਮ 5 ਵਜੇ ਦਿੱਤਾ ਭਾਸ਼ਨ

"ਮੈਂ ਇਸ ਥਾਂ ਉੱਤੇ ਤੁਹਾਨੂੰ ਸਿਰਫ਼ ਭਾਰਤ ਮਾਤਾ ਦਾ ਸੰਦੇਸ਼ ਦੇਣ ਲਈ ਆਇਆ ਹਾਂ। ਸਾਨੂੰ ਡਰਾਉਣ ਧਮਕਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਇਹ ਕਹਿ ਕੇ ਸਾਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਜੇਲ੍ਹ ਭੇਜ ਦਿੱਤਾ ਜਾਵੇਗਾ। ਸਾਨੂੰ ਇਸ ਦੀ ਕੋਈ ਪ੍ਰਵਾਹ ਨਹੀਂ। ਏਥੇ ਸੀ.ਆਈ.ਡੀ. ਦੇ ਬੰਦੇ ਹਨ। ਉਹ ਅਹਿਮਕ ਹਨ। ਉਨ੍ਹਾਂ ਨੂੰ ਰੱਬ ਦੀ ਮਾਰ ਪਵੇ। ਸਾਨੂੰ ਦੇਸ਼ ਦਾ ਵਪਾਰ ਅਤੇ ਪ੍ਰਬੰਧ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ। ਇਹ ਮਤ ਸੋਚੋ ਕਿ ਅਸੀਂ ਕੁਝ ਨਹੀਂ ਕਰ ਸਕਦੇ। ਅਸੀਂ ਦੋ ਦਿਨਾਂ ਵਿਚ ਆਜ਼ਾਦ ਹੋ ਸਕਦੇ ਹਾਂ। ਤੁਹਾਨੂੰ ਪਤਾ ਹੈ, ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰਿਆਂ ਨੇ ਸਾਰੇ ਦੇਸ਼ ਵਿਚ ਉਥਲ ਪੁਥਲ ਮਚਾ ਦਿੱਤੀ ਸੀ। ਮੁਗ਼ਲ, ਜਿਨ੍ਹਾਂ ਨੂੰ ਬਹੁਤ ਤਾਕਤਵਰ ਸਮਝਿਆ ਜਾਂਦਾ ਸੀ, ਦੇਸ਼ ਵਿਚੋਂ ਬਾਹਰ ਕੱਢ ਮਾਰੇ ਸਨ। ਇਸ ਤਰ੍ਹਾਂ ਸਾਨੂੰ ਅੰਗਰੇਜ਼ਾਂ ਨੂੰ ਵੀ ਬਾਹਰ ਕੱਢ ਮਾਰਨਾ ਚਾਹੀਦਾ ਹੈ। ਅੰਗਰੇਜ਼ ਜ਼ਾਲਮ ਹਨ। ਭਾਰਤ ਮਾਤਾ ਹੀ ਜਾਗ ਨਹੀਂ ਰਹੀ ਸਗੋਂ ਸਾਰੀ ਦੁਨੀਆਂ ਹੀ ਜਾਗ ਰਹੀ ਹੈ। ਇਰਾਨ ਵਿਚ ਕੌਣ ਜੂਝ ਰਿਹਾ ਹੈ? ਤਿਲਕ ਅਤੇ ਸੁਰਿੰਦਰ ਨਾਥ ਬੈਨਰਜੀ ਨੇ ਉੱਥੇ ਤਕਰੀਰਾਂ ਕੀਤੀਆਂ। ਭਾਰਤ ਮਾਤਾ ਦੀ ਦੌਲਤ ਉੱਤੇ ਇਹ ਗੋਰੇ ਰਾਕਸ਼ਾਂ ਦੀਆਂ ਲਾਲਾਂ ਡਿੱਗੀਆਂ ਅਤੇ ਹੁਣ ਉਨ੍ਹਾਂ ਸਾਰੀ ਧਰਤੀ 'ਤੇ ਹੀ ਕਬਜ਼ਾ ਜਮਾ ਲਿਆ ਹੈ। ਚੋਰ ਕਸ਼ਮੀਰ ਅਤੇ ਸ਼ਿਮਲੇ ਦੀਆਂ ਗਲੀਆਂ ਵਿਚ ਘੁੰਮ ਰਹੇ ਹਨ। ਸਾਨੂੰ ਸਰਕਾਰ ਦੀ ਕਿਸੇ ਵੀ ਕੰਮ ਵਿਚ ਮਦਦ ਨਹੀਂ ਕਰਨੀ ਚਾਹੀਦੀ ਭਾਵੇਂ ਉਹ ਕੰਮ ਜਾਇਜ਼ ਹੋਵੇ ਭਾਵੇਂ ਨਜਾਇਜ਼। ਕਿਉਂਕਿ ਉਹ ਸਾਡੇ ਦੇਸ਼ ਦੇ ਨਹੀਂ ਹਨ। ਅੰਗਰੇਜ਼ ਡਾਕੂ ਹਨ, ਸਾਨੂੰ ਉਨ੍ਹਾਂ ਨੂੰ ਬਾਹਰ ਕੱਢਣਾ ਚਾਹੀਦਾ

ਹੈ। ਜੋ ਕੁਝ ਮੈਂ ਬੋਲ ਰਿਹਾ ਹਾਂ, ਇਹ ਮੈਨੂੰ ਦੋਸ਼ੀ ਠਹਿਰਾ ਸਕਦਾ ਹੈ, ਮੈਨੂੰ ਕੈਦ ਹੋ ਸਕਦੀ ਹੈ ਜਾਂ ਫਾਂਸੀ ਲੱਗ ਸਕਦੀ ਹੈ, ਪਰੰਤੂ ਮੈਨੂੰ ਕਿਸੇ ਕਾਨੂੰਨ ਦੀ ਕੋਈ ਪ੍ਰਵਾਹ ਨਹੀਂ ਹੈ। ਮੇਰੀ ਇੱਛਾ ਹੈ ਕਿ ਮੈਂ ਇਸ ਕਾਨੂੰਨ ਨੂੰ ਪੈਰਾਂ ਥੱਲੇ ਮਸਲ ਦਿਆਂ। ਰਾਕਸ਼ਾਂ ਨੂੰ ਮਾਰ ਮੁਕਾਇਆ ਜਾਣਾ ਚਾਹੀਦਾ ਹੈ। ਜੇ ਕੋਈ ਸਰ ਚਾਰਲਸ ਰਿਵਜ਼ ਅਤੇ ਮਾਟੇ ਨੂੰ ਮਾਰ ਦੇਵੇਗਾ ਤਾਂ ਉਸ ਉਤੇ ਰੱਬ ਦੀ ਮਿਹਰ ਹੋਵੇਗੀ। ਮੈਂ ਉਸ ਨੂੰ ਮੁਬਾਰਕਬਾਦ ਦੇਵਾਂਗਾ। ਇਹ ਨਾ ਸੋਚੋ ਕਿ ਮੈਂ ਕਤਲ ਕਰਨ ਲਈ ਉਕਸਾ ਰਿਹਾ ਹਾਂ। ਸੱਚੀਉਂ ਮੈਂ ਉਸ ਵਿਅਕਤੀ ਨੂੰ ਮੁਬਾਰਕਬਾਦ ਦੇਵਾਂਗਾ ਜੋ ਇਹ ਕੰਮ ਕਰੇਗਾ। ਗੋਰੇ ਕਾਲਿਆਂ ਤੇ ਹਕੂਮਤ ਕਰਨਾ ਚਾਹੁੰਦੇ ਹਨ। ਅਗਲੇ ਹਫ਼ਤੇ ਅਸੀਂ ਕੁਝ ਤਸਵੀਰਾਂ ਬਣਾਵਾਂਗੇ ਜਿਸ ਵਿਚ ਅਸੀਂ ਦੱਸਾਂਗੇ ਕਿ ਉਹ ਕਿਵੇਂ ਸਾਡੇ ਤੇ ਹਕੂਮਤ ਕਰਨੀ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ ਉਹ ਹਕੂਮਤ ਕਰਨ ਲਈ ਹੀ ਪੈਦਾ ਹੋਏ ਹਨ। ਪਰ ਉਹ ਏਨੇ ਬੇਸ਼ਰਮ ਹਨ ਕਿ ਉਹ ਆਪਣੇ ਬੰਗਲਿਆਂ ਵਿਚ ਨੰਗੇ ਤੁਰੇ ਫਿਰਦੇ ਹਨ। ਹਿੰਦੂ ਤੇ ਮੁਸਲਮਾਨਾਂ ਨੂੰ ਇਕ ਜੁੱਟ ਹੋ ਜਾਣਾ ਚਾਹੀਦਾ ਹੈ। ਸਾਨੂੰ ਕੋਈ ਅਮਲੀ ਕੰਮ ਕਰਨਾ ਚਾਹੀਦਾ ਹੈ। ਕਿਸਾਨੀ ਕੁਝ ਵਧੀਆ ਕੰਮ ਕਰ ਰਹੀ ਹੈ। ਹੁਣ ਸਾਨੂੰ ਅੰਗਰੇਜ਼ਾਂ ਨੂੰ ਆਖ਼ਰੀ ਵਿਦਾ ਕਹਿਣ ਲਈ ਹੱਲਾ ਮਾਰਨਾ ਚਾਹੀਦਾ ਹੈ। ਸਾਨੂੰ ਆਪਣੇ ਸਵੈਮਾਨ ਲਈ ਮਰ ਮਿਟਣਾ ਚਾਹੀਦਾ ਹੈ। ਇਹ ਬਿਲਕੁਲ ਨਾ ਸੋਚੋ ਕਿ ਅੰਗਰੇਜ਼ ਬਹਾਦਰ ਹਨ। ਉਹ ਬੜੇ ਕਾਇਰ ਹਨ। ਜਦੋਂ ਉਹ ਡਰੇ ਹੁੰਦੇ ਹਨ ਤਾਂ ਪੁਲਸ ਦੇ ਸਿਪਾਹੀਆਂ ਦੀ ਗਾਰਦ ਉਨ੍ਹਾਂ ਨੂੰ ਬੰਗਲਿਆਂ ਵਿਚ ਸੁਰੱਖਿਅਤ ਪਹੁੰਚਾਉਂਦੀ ਹੈ। ਇਹ ਸਾਡੀ ਖ਼ੁਸ਼ ਕਿਸਮਤੀ ਹੈ ਕਿ ਸਾਨੂੰ ਕਾਇਰਾਂ ਨਾਲ ਲੜਨਾ ਪੈ ਰਿਹਾ ਹੈ। ਰਾਮ ਸਿੰਘ ਅਤੇ ਲਾਭ ਸਿੰਘ ਚਿਨਾਬ ਕਲੋਨੀ ਗਏ। ਲੋਕ ਹੁਣ ਇਸ ਫ਼ੈਸਲੇ ਤੇ ਪੁੱਜੇ ਹਨ ਅਤੇ ਉਹ ਟੈਕਸ ਦੇਣ ਤੋਂ ਇਨਕਾਰੀ ਹਨ। ਜੇ ਉਨ੍ਹਾਂ ਦੀ ਬਿਲ ਰੱਦ ਕਰਨ ਦੀ ਬੇਨਤੀ ਨਹੀਂ ਮੰਨੀ ਜਾਂਦੀ ਤਾਂ ਅਜਿਹੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ ਅਤੇ ਅੰਗਰੇਜ਼ ਦੇਸ਼ ਛੱਡ ਜਾਣਗੇ।"

7.

ਪੰਜਾਬੀ ਅਖਬਾਰ ਦੇ ਮੁਕੱਦਮੇ ਦੀ ਕਿਸਮ 7 ਅਪ੍ਰੈਲ, 1907 ਨੂੰ ਅੰਜੁਮਨੇ-ਮੁਹੱਬਾਨੇ-ਵਤਨ ਵੱਲੋਂ ਕੀਤੇ ਗਏ ਅਜਲਾਸ ਵਿਚ ਭਾਸ਼ਣ ਦਾ ਇਕ ਅੰਸ਼

"ਪੰਜਾਬੀ ਅਖ਼ਬਾਰ ਤੇ ਦੋਸ਼ ਹੈ ਕਿ ਇਸਨੇ ਭਾਰਤੀ ਅਤੇ ਅੰਗਰੇਜ਼ਾਂ ਵਿਚ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕ ਪਾਰਟੀ ਭਾਰਤੀਆਂ ਦੀ ਹੈ ਅਤੇ ਦੂਸਰੀ ਅੰਗਰੇਜ਼ਾਂ ਦੀ। ਇਸ ਵਿਚ ਕੋਈ ਇਨਸਾਫ਼ ਦੀ ਉਮੀਦ

ਨਹੀਂ ਕੀਤੀ ਜਾ ਸਕਦੀ ਕਿਉਂਕਿ ਜਦ ਇਕ ਪਾਰਟੀ ਯਾਨੀ ਕਿ ਅੰਗਰੇਜ਼ ਖ਼ੁਦ ਹੀ ਜੱਜ ਬਣੇ ਹੋਣ ਤਾਂ। ਕਿਉਂਕਿ ਝਗੜਾ ਅੰਗਰੇਜ਼ਾਂ ਅਤੇ ਭਾਰਤੀਆਂ ਵਿਚ ਹੈ, ਇਸ ਕਰਕੇ ਇਨਸਾਫ਼ ਦੀ ਮੰਗ ਹੈ ਕਿ ਫ਼ੈਸਲਾ ਤੀਜੀ ਧਿਰ ਤੋਂ ਕਰਵਾਉਣਾ ਚਾਹੀਦਾ ਹੈ। ਨਾ ਅੰਗਰੇਜ਼, ਨਾ ਭਾਰਤੀ ਸਗੋਂ ਜਿਵੇਂ ਕਿ ਫਰਾਂਸੀਸੀ ਤਾਂ ਕਿ ਆਪਣੇ ਕੌਮੀ ਧੜੇਬੰਦੀ ਤੋਂ ਉਪਰ ਉੱਠ ਕੇ ਮੁਕੱਦਮੇ ਦਾ ਫ਼ੈਸਲਾ ਉਸਦੀ ਮੈਰਿਟ ਤੇ ਹੋ ਸਕੇ।"

8.

ਸਰਦਾਰ ਅਜੀਤ ਸਿੰਘ ਦੇ ਭਾਸ਼ਨ ਦਾ ਕੁਝ ਅੰਸ਼, ਜੋ ਉਨ੍ਹਾਂ ਮੁਲਤਾਨ ਵਿਖੇ 17 ਅਪ੍ਰੈਲ, 1907ਈ. ਨੂੰ ਦਿੱਤਾ

"ਪਹਿਲੀ ਵਾਰ ਜਦੋਂ ਲਾਰਡ ਕਲਾਈਵ ਨੇ ਮੁਰਸ਼ਦਾਬਾਦ ਵੇਖਿਆ ਸੀ, ਉਸ ਨੇ ਇਹ ਆਖਿਆ ਸੀ ਕਿ ਇਹ ਲੰਡਨ ਤੋਂ ਵੀ ਖ਼ੁਸ਼ਹਾਲ ਨਗਰ ਹੈ। ਪਹਿਲਾਂ ਸਾਰੇ ਹੀ ਹਿੰਦੁਸਤਾਨੀ ਸ਼ਹਿਰ ਅਮੀਰ ਹੁੰਦੇ ਸਨ, ਪਰ ਹੁਣ ਇਹ ਮੰਦਹਾਲੇ ਹੋ ਗਏ ਨੇ, ਕਿਉਂਕਿ ਅੰਗਰੇਜ਼ਾਂ ਨੇ ਇੰਗਲੈਂਡ ਦੇ ਬਣੇ ਹੋਏ ਕੱਪੜੇ ਸਸਤੇ ਭਾਵਾਂ ਤੇ ਸਪਲਾਈ ਕਰਕੇ ਦੇਸ਼ ਦੇ ਉਦਯੋਗਾਂ ਨੂੰ ਤਬਾਹ ਕਰ ਦਿੱਤਾ ਹੈ।"

"1858 ਈਸਵੀ ਵਿਚ ਮਹਾਰਾਣੀ ਨੇ ਐਲਾਨ ਜਾਰੀ ਕੀਤਾ ਸੀ ਕਿ ਭਾਰਤੀਆਂ ਅਤੇ ਅੰਗਰੇਜ਼ਾਂ ਦੇ ਅਧਿਕਾਰ ਬਰਾਬਰ ਸਮਝੇ ਜਾਣਗੇ, ਪਰ ਅਸਲੀਅਤ ਇੰਝ ਨਹੀਂ ਹੈ।"

"1877 ਈਸਵੀ ਵਿਚ ਜਦੋਂ ਮਦਰਾਸ ਵਿਚ 50 ਲੱਖ ਲੋਕ ਅਕਾਲ ਦਾ ਸ਼ਿਕਾਰ ਹੋ ਗਏ ਸਨ, ਲਾਰਡ ਲਿਟਨ ਨੇ ਮਹਾਰਾਣੀ ਵਿਕਟੋਰੀਆ ਦੇ ਭਾਰਤ ਦੀ ਮਲਕਾ ਹੋਣ ਦਾ ਐਲਾਨ ਕਰਨ ਲਈ ਦਿੱਲੀ ਵਿਚ ਦਰਬਾਰ ਕੀਤਾ। ਜਦੋਂ ਅਕਾਲ ਦਾ ਜ਼ਿਕਰ ਆਇਆ ਤਾਂ ਲਾਰਡ ਲਿਟਨ ਨੇ ਕਿਹਾ ਕਿ ਉਸ ਨੂੰ ਇਸ ਮਾਮਲੇ ਦੀ ਸੂਚਨਾ ਸਮੇਂ ਸਿਰ ਨਹੀਂ ਸੀ ਮਿਲੀ!"

"ਜੇ ਇਥੇ ਕੋਈ ਖ਼ੁਫ਼ੀਆ ਪੁਲਸ ਵਾਲਾ ਜਾਂ ਕੋਈ ਹੋਰ ਪੁਲਸੀਆ ਹੈ ਤਾਂ ਸੁਣ ਲਵੇ ਕਿ 'ਪੰਜਾਬੀ' ਅਖ਼ਬਾਰ ਦੇ ਦੋ ਬੰਦੇ 'ਸਿਪਾਹੀ' ਰਫ਼ਤ ਅਲੀ ਦੇ ਕਾਰਨ ਜੇਲ੍ਹ ਵਿਚ ਭੇਜੇ ਗਏ ਸਨ, ਜਿਸ ਦੀ ਮੌਤ ਨਾਲ ਮਿਸਟਰ ਸਪੈਂਸਰ ਸਬੰਧਤ ਸੀ। ਉਹ ਦੋ ਬੰਦੇ ਜੇਲ੍ਹ ਚਲੇ ਗਏ ਹਨ, ਪਰ ਮਿਸਟਰ ਸਪੈਂਸਰ ਦਾ ਮੂੰਹ ਕਾਲਾ ਹੋ ਗਿਆ ਹੈ, ਅਤੇ ਉਸ ਦਾ ਘਰ ਸ਼ਮਸ਼ਾਨ ਭੂਮੀ ਦੇ ਨੇੜੇ ਹੈ (ਭਾਵ ਉਹ ਸ਼ਮਸ਼ਾਨ ਭੂਮੀ ਪਹੁੰਚਣ ਵਾਲਾ ਹੈ)।"

"ਗ਼ਦਰ ਮਗਰੋਂ ਅਸੀਂ ਦੂਜੇ ਯੁੱਧਾਂ ਵਿਚ ਅੰਗਰੇਜ਼ਾਂ ਦੀ ਖ਼ਾਤਰ ਲੜੇ ਹਾਂ।

ਅਸੀਂ ਉਨ੍ਹਾਂ ਦੀ ਭਾਰਤ ਦੇ ਹਾਕਮ ਬਣਨ ਵਿਚ ਸਹਾਇਤਾ ਕੀਤੀ ਹੈ, ਇਹ ਸੋਚ ਕੇ ਕਿ ਉਹ ਸਾਡੇ ਨਾਲ ਨਿਆਇ ਕਰਨਗੇ। ਨਿਆਇ ਦੀ ਥਾਂ ਉਨ੍ਹਾਂ ਨੇ ਸਾਡੇ ਨਾਲ ਬੁਰਾ ਵਰਤਾਰਾ ਕੀਤਾ ਹੈ। ਪਹਿਲਾਂ ਉਨ੍ਹਾਂ ਨੇ ਦੇਸ਼ ਦੇ ਉਦਯੋਗਾਂ ਨੂੰ ਤਬਾਹ ਕੀਤਾ। ਹੁਣ ਉਹ ਜ਼ਿਮੀਦਾਰਾਂ ਨੂੰ ਉਨ੍ਹਾਂ ਦੇ ਜ਼ਮੀਨ ਦੇ ਅਧਿਕਾਰ ਤੋਂ ਵਾਂਝਿਆਂ ਕਰਨਾ ਚਾਹੁੰਦਾ ਹੈ। ਜ਼ਮੀਨ ਪ੍ਰਾਪਤੀ ਵੇਲੇ ਲੋਕਾਂ ਨਾਲ ਕੀਤੇ ਗਏ ਵਾਇਦੇ ਭੁਲਾ ਦਿੱਤੇ ਗਏ ਹਨ।"

"ਜਦੋਂ ਹਿੰਦੂ ਭਾਰਤ ਤੇ ਰਾਜ ਕਰਦੇ ਸਨ, ਉਨ੍ਹਾਂ ਰਾਜਿਆਂ ਨੂੰ 'ਲਾਗ' ਦਿੱਤਾ ਜਾਂਦਾ ਸੀ, ਜਿਵੇਂ ਕਿ ਵਿਆਹ ਸ਼ਾਦੀ ਦੇ ਮੌਕਿਆਂ ਤੇ ਨੌਕਰਾਂ ਤੇ ਕੰਮੀਆਂ ਨੂੰ ਦਿੱਤਾ ਜਾਂਦਾ ਹੈ। ਅੰਗਰੇਜ਼ ਸਰਕਾਰ ਨੂੰ ਇਵੇਂ ਲਗਾਨ ਦਿੱਤਾ ਜਾਂਦਾ ਹੈ।"

"ਅਪ੍ਰੈਲ ਦੀ 10 ਤਰੀਕ ਨੂੰ 'ਪੰਜਾਬੀ' ਅਖ਼ਬਾਰ ਦੇ ਬੰਦਿਆਂ ਨੂੰ ਜੇਲ੍ਹ ਭੇਜਣ ਦੀ ਯਾਦ ਮਨਾਉਣੀ ਚਾਹੀਦੀ ਹੈ।"

ਕਈ ਸਾਲਾਂ ਤੱਕ ਅਸੀਂ ਕਾਂਗਰਸ ਦੁਆਰਾ ਆਪਣੇ ਦੁੱਖ ਸਰਕਾਰ ਤੱਕ ਪਹੁੰਚਿਆਉਂਦੇ ਰਹੇ ਹਾਂ, ਪਰ ਸਰਕਾਰ ਦੇ ਕੰਨੀਂ ਕੋਈ ਜੂੰ ਨਹੀਂ ਸਰਕੀ। ਭਾਰਤ ਵਿਚ ਡੇਢ ਲੱਖ ਗੋਰੇ ਹਨ ਅਤੇ ਉਹ 30 ਕਰੋੜ ਭਾਰਤੀਆਂ ਉੱਤੇ ਰਾਜ ਕਰ ਰਹੇ ਹਨ।"

"ਫੌਜ, ਪੁਲਿਸ ਨਹਿਰੀ ਅਤੇ ਅਸੈਨਿਕ ਵਿਭਾਗਾਂ ਵਿਚ ਕੰਮ ਕਰਦੇ ਭਾਰਤੀਆਂ ਨੂੰ ਆਪਣੀ ਨੌਕਰੀ ਤੋਂ ਤਿਆਗ-ਪੱਤਰ ਦੇ ਦੇਣਾ ਚਾਹੀਦਾ ਹੈ। ਬਾਵਰਚੀ ਗੋਰਿਆਂ ਦਾ ਭੋਜਨ ਪਕਾਉਣਾ ਤਿਆਗ ਦੇਣ ਤੇ ਫਿਰ ਅਸੀਂ ਵੇਖੀਏ ਕਿ ਉਨ੍ਹਾਂ ਨਾਲ ਕੀ ਵਾਪਰਦੀ ਹੈ।"

"10-15 ਹਜ਼ਾਰ ਜ਼ਿਮੀਦਾਰਾਂ ਦੀ ਇਕ ਬੈਠਕ ਲਾਹੌਰ ਵਿਖੇ ਹੋਈ ਸੀ, ਅਤੇ ਵਾਇਸਰਾਇ, ਭਾਰਤ ਰਾਜ ਸਕੱਤਰ ਅਤੇ ਪੰਜਾਬ ਦੇ ਲੈਫਟੀਨੈਂਟ-ਗਵਰਨਰ ਨੂੰ ਤਾਰਾਂ ਦਿੱਤੀਆਂ ਕਿ ਭਵਿੱਖ ਵਿਚ ਨਹਿਰੀ ਪਾਣੀ ਤੇ ਟੈਕਸ ਨਹੀਂ ਦਿੱਤਾ ਜਾਵੇਗਾ, ਸਗੋਂ ਪਾਣੀ ਮੁਫ਼ਤ ਵਿਚ ਲਿਆ ਜਾਵੇਗਾ।"

"ਹਰ ਸਾਲ 40 ਕਰੋੜ ਰੁਪਏ, ਰਿਟਾਇਰ ਹੋ ਚੁੱਕੇ ਅੰਗਰੇਜ਼ਾਂ ਦੀ ਪੈਨਸ਼ਨ ਅਤੇ ਭਾਰਤ ਵਿਚ ਵਿਕੀਆਂ ਬਰਤਾਨਵੀ ਚੀਜ਼ਾਂ ਦੇ ਮੁੱਲ ਦੇ ਰੂਪ ਵਿਚ, ਭੇਜੇ ਜਾਂਦੇ ਹਨ। ਲਾਹਨਤ ਹੈ- ਲੱਖ ਲਾਹਨਤ, ਉਸ ਸਰਕਾਰ ਨੂੰ ਜੋ ਸਾਨੂੰ ਕੰਗਾਲ ਕਰੀ ਜਾ ਰਹੀ ਹੈ।"

'ਸਾਨੂੰ ਬੰਗਾਲੀਆਂ ਦੀ ਉਦਾਹਰਣ ਤੇ ਚੱਲਣਾ ਚਾਹੀਦਾ ਹੈ। ਹੁਣ ਜਦ ਅਸੀਂ ਜਾਣਦੇ ਹਾਂ ਕਿ ਸਾਡੇ ਅਧਿਕਾਰ ਕੀ ਹਨ, ਸਾਨੂੰ ਇਕੱਠਿਆਂ ਹੋ ਕੇ ਇਨ੍ਹਾਂ ਤੇ ਦਬਾਉ ਪਾਉਣਾ ਚਾਹੀਦਾ ਹੈ। ਲਾਹੌਰ, ਮਾਝੇ ਅਤੇ ਮਾਲਵੇ ਦੇ ਲੋਕਾਂ ਨੇ ਇਹ ਸੁਆਲ ਉਠਾਇਆ ਹੈ ਅਤੇ ਸਰਕਾਰ ਵਿਰੁੱਧ ਵਿਰੋਧ ਪ੍ਰਗਟਾ ਰਹੇ ਹਨ।"

9.

ਸਰਦਾਰ ਅਜੀਤ ਸਿੰਘ ਦਾ ਭਾਸ਼ਨ, ਜੋ ਉਨ੍ਹਾਂ ਨੇ 21 ਅਪ੍ਰੈਲ, 1907 ਈ. ਨੂੰ ਰਾਵਲਪਿੰਡੀ ਵਿਖੇ ਦਿੱਤਾ

"ਹਿੰਦੂ, ਮੁਸਲਮਾਨ, ਅਧਿਕਾਰੀ ਤੇ ਆਮ ਲੋਕ, ਸਿਪਾਹੀ ਤੇ ਦੂਜੇ ਸਭ ਇਕ ਦੂਜੇ ਦੇ ਭਾਈ ਹਨ। ਸਰਕਾਰ ਸਾਡੇ ਮੁਕਾਬਲੇ ਵਿਚ ਕੁਝ ਵੀ ਨਹੀਂ। ਬੰਗਾਲੀਆਂ ਨੇ 16 ਅਕਤੂਬਰ ਰਾਸ਼ਟਰੀ ਦਿਨ ਦੇ ਰੂਪ ਵਿਚ ਮਨਾਇਆ ਹੈ। ਅਸਾਂ ਉਨ੍ਹਾਂ ਦੇ ਕਦਮਾਂ ਤੇ ਚਲਦਿਆਂ 16 ਅਪ੍ਰੈਲ ਨੂੰ ਆਪਣਾ ਮਹੱਤਵਪੂਰਨ ਦਿਨ ਬਣਾਇਆ ਹੈ। ਇਸ ਦਿਨ ਪੰਜਾਬੀ ਅਖ਼ਬਾਰ ਦੇ ਵਿਰੁੱਧ ਡਿਕਰੀ ਸੁਣਾਈ ਗਈ ਹੈ। ਹੁਣ ਇਕ ਸਾਲ ਵਿਚ 6 ਮਹੀਨੇ ਦੇ ਫ਼ਰਕ ਨਾਲ ਦੋ ਕੌਮੀ ਤਿਉਹਾਰ ਤਾਂ ਹੋ ਗਏ। ਪਰ ਖ਼ਿਆਲ ਰੱਖਣਾ ਆਜ਼ਾਦੀ ਦੀ ਪ੍ਰਾਪਤੀ ਕੋਈ ਸੌਖੀ ਗੱਲ ਨਹੀਂ ਹੈ, ਇਸ ਲਈ ਸਖ਼ਤ ਸੰਘਰਸ਼ ਦੀ ਲੋੜ ਹੁੰਦੀ ਹੈ। ਜੱਟ ਤੇ ਜ਼ਮੀਨਾਂ ਦੇ ਮਾਲਕ ਹੀ ਅਸਲ ਵਿਚ ਤਾਜ ਤੇ ਬਾਦਸ਼ਾਹੀ ਦੇ ਮਾਲਕ ਹਨ। ਮੌਜੂਦਾ ਹਾਕਮ ਸਾਡੇ ਕਾਮੇ ਹਨ ਅਤੇ ਉਨ੍ਹਾਂ ਕੋਲ ਬੇਨਤੀਆਂ ਕਰਨੀਆਂ ਸਾਡੇ ਲਈ ਸ਼ਰਮ ਭਰੀ ਗੱਲ ਹੈ। ਇਹ ਵੀ ਘ੍ਰਿਣਾ ਯੋਗ ਗੱਲ ਹੈ ਕਿ ਸਾਡੇ ਕਾਮੇ ਹੀ ਸਾਡੀਆਂ ਸ਼ਿਕਾਇਤਾਂ ਦੂਰ ਕਰਨ। ਡਿਪਟੀ ਕਮਿਸ਼ਨਰ, ਪੁਲਸ ਕਪਤਾਨ ਤੇ ਦੂਜੇ ਵੱਡੇ ਅਫ਼ਸਰ ਸਾਡੇ ਨੌਕਰ ਜਾਂ ਖਿਦਮਤਗਾਰ ਹਨ।"

ਇਸ ਸਮੇਂ ਭੀੜ ਜ਼ਿਆਦਾ ਸੀ, ਜਿਸ ਦੇ ਬੋਝ ਥੱਲੇ ਇਕ ਮਕਾਨ ਦੀ ਛੱਤ ਲਿਫ ਗਈ, ਜਿਸ ਕਰਕੇ ਭੀੜ ਵਿਚ ਕੁਝ ਹਫੜਾ ਦਫੜੀ ਤੇ ਸ਼ੋਰ ਸ਼ਰਾਬਾ ਪੈਦਾ ਹੋ ਗਿਆ। ਪਰ ਕਿਸੇ ਦਾ ਵੀ ਜਾਨੀ ਨੁਕਸਾਨ ਨਹੀਂ ਹੋਇਆ। ਪਰ ਅਜੀਤ ਸਿੰਘ ਨੇ ਆਪਣਾ ਭਾਸ਼ਣ ਜਾਰੀ ਰੱਖਿਆ।

"ਇਹ ਹੈਰਾਨੀ ਦੀ ਗੱਲ ਹੈ ਕਿ ਇਕ ਛੋਟੀ ਜਿਹੀ ਘਟਨਾ ਨਾਲ ਤੁਸੀਂ ਏਨਾ ਘਬਰਾ ਗਏ ਹੋ ਅਤੇ ਜਦ ਇਸ ਤੋਂ ਵੀ ਵੱਡੀ ਲੜਾਈ ਸਾਨੂੰ ਕਰਨੀ ਪਈ ਤਾਂ ਉਸ ਵੇਲੇ ਤੁਹਾਡਾ ਕੀ ਹਾਲ ਹੋਵੇਗਾ? ਹੌਸਲਾ ਬੰਨ੍ਹੋ ਅਤੇ ਨਿਰਭਉ ਹੋ ਕੇ ਅੱਗੇ ਵਧੋ। ਮੈਨੂੰ ਪੂਰਾ ਯਕੀਨ ਹੈ ਕਿ ਭਾਰਤ ਦਾ ਸ਼ੇਰ ਪੰਜਾਬ ਆਪਣੀ ਗਹਿਰੀ ਨੀਂਦ ਵਿਚੋਂ ਜਾਗੇਗਾ ਅਤੇ ਦੇਸ਼ ਦੀ ਸੇਵਾ ਵਿਚ ਇਕ ਅਹਿਮ ਹਿੱਸਾ ਪਾਵੇਗਾ।"

"ਤੁਸੀਂ ਸਰਕਾਰ ਨੂੰ ਪਟੀਸ਼ਨਾਂ ਤੇ ਯਾਦ ਪੱਤਰ ਭੇਂਟ ਕਰਦੇ ਹੋ ਅਤੇ ਆਪਣੇ ਹੱਥ ਜੋੜਦੇ ਫਿਰਦੇ ਹੋ। ਪਰ ਇਸ ਦਾ ਕੀ ਫਾਇਦਾ ਹੈ। ਆਖ਼ਰਕਾਰ ਸਾਨੂੰ ਉਨ੍ਹਾਂ ਨੂੰ ਫਿਟਕਾਰਨਾ ਚਾਹੀਦਾ ਹੈ ਜਿਹੜੇ ਮੰਗਣ ਦੀ ਆਦਤ ਛੱਡ ਨਹੀਂ ਸਕਦੇ।"

"ਜਰਾ ਭਾਰਤ ਦੇ ਅੱਜ ਤੋਂ ਪਹਿਲਾਂ ਦੇ ਹਾਲਾਤ ਤੇ ਜਰਾ ਨਜ਼ਰ ਮਾਰੀਏ। ਇਕ ਵਾਰ ਲਾਰਡ ਕਲਾਈਵ ਨੇ ਖ਼ੁਦ ਕਿਹਾ ਸੀ ਕਿ ਭਾਰਤ ਦੇ ਕਈ ਸ਼ਹਿਰ ਏਨੇ

ਅਮੀਰ ਹਨ ਕਿ ਲੰਡਨ ਉਨ੍ਹਾਂ ਅੱਗੇ ਕੁਝ ਵੀ ਨਹੀਂ ਲੱਗਦਾ। ਪਰ ਅੱਜ ਉਹ ਸ਼ਹਿਰ ਕਿਥੇ ਹਨ? ਅੱਜ ਵਕਤ ਆ ਗਿਆ ਹੈ ਕਿ ਆਪਣੇ ਨੁਕਸਾਨ ਜੋ ਕਿ ਅਸਾਂ ਪਿਛਲੇ ਸਮੇਂ ਵਿਚ ਵਿਦੇਸ਼ੀਆਂ ਹੱਥੋਂ ਉਠਾਇਆ ਹੈ ਉਸ ਨੂੰ ਪੂਰਾ ਕਰੀਏ। ਤੁਹਾਡੀ ਛਾਤੀ ਫਟ ਜਾਏਗੀ ਜਦੋਂ ਤੁਸੀਂ ਉਨ੍ਹਾਂ ਦੀ ਹਰਾਮਜ਼ਦਗੀ ਤੇ ਗ਼ੈਰ ਕਾਨੂੰਨੀ ਹਰਕਤਾਂ ਅਤੇ ਜ਼ੁਲਮ ਬਾਰੇ ਸੁਣੋਂਗੇ ਕਿ ਉਨ੍ਹਾਂ ਕਿਵੇਂ ਸਾਡੇ ਕਾਰਖਾਨੇ ਅਤੇ ਵਪਾਰ ਨੂੰ ਤਬਾਹ ਕੀਤਾ। ਹੁਣ ਵਕਤ ਹੈ ਕਿ ਆਪਣੇ ਮਰੇ ਕਾਰਖਾਨੇ ਫਿਰ ਜਿੰਦਾ ਕੀਤੇ ਜਾਣ। ਤੁਹਾਨੂੰ ਕਿਸੇ ਵੀ ਮੁਖ਼ਾਲਿਫ਼ਤ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਕਿਉਂਕਿ ਓੜਕ ਸੱਚ ਹੀ ਜਿੱਤੇਗਾ। ਸਾਨੂੰ ਸਰਕਾਰ ਦੇ ਹੱਥੋਂ ਦਿੱਤੇ ਜਾਣ ਵਾਲੇ ਆਨਰੇਰੀ ਖਿਤਾਬ ਜਿਵੇਂ ਕਿ ਆਨਰੇਰੀ ਮੈਜਿਸਟਰੇਟ ਆਦਿ ਸਵੀਕਾਰ ਨਹੀਂ ਕਰਨੇ ਚਾਹੀਦੇ। ਬਾਰੀ ਦੋਆਬ ਵਿਚ ਸਰਕਾਰ ਨੇ ਪਾਣੀ ਦਾ ਮਾਲੀਆ ਵਧਾਇਆ ਹੈ ਇਸ ਲਈ ਜੱਟਾਂ ਨੇ ਲਾਹੌਰ ਕਾਨਫ਼ਰੰਸ ਕਰਕੇ ਨਹਿਰੀ ਪਾਣੀ ਦਾ ਹੀ ਬਾਈਕਾਟ ਕਰ ਦਿੱਤਾ। ਇਸੇ ਤਰ੍ਹਾਂ ਜਦੋਂ ਲੋੜ ਪਵੇਗੀ ਤੁਹਾਨੂੰ ਆਪਣੇ ਹੱਕਾਂ ਲਈ ਇਕਮੁੱਠ ਹੋ ਕੇ ਏਕਤਾ ਦੀ ਤਾਕਤ ਨਾਲ ਸਰਕਾਰ ਤੋਂ ਆਪਣੇ ਹੱਕ ਲੈਣੇ ਹੋਣਗੇ।"

"1858 ਈਸਵੀ ਦੇ ਐਲਾਨ ਵਿਚ ਸਾਡੇ ਨਾਲ ਕੀਤੇ ਗਏ ਵਾਇਦੇ ਕਦੇ ਵੀ ਪੂਰੇ ਨਹੀਂ ਕੀਤੇ ਗਏ। ਹਾਕਮਾਂ ਨੂੰ ਝੂਠ ਨਹੀਂ ਬੋਲਣਾ ਚਾਹੀਦਾ। ਗਦਰ ਵੇਲੇ ਸਰਕਾਰ ਬੜੀ ਬਿਪਤਾ ਵਿਚ ਸੀ ਅਤੇ ਇਸ ਕਠਿਨਾਈ ਵਾਲੀ ਹਾਲਤ ਵਿਚ ਜੋ ਕੁਝ ਅਸਾਂ ਕਿਹਾ, ਮੰਨਦੀ ਗਈ ਅਤੇ ਸਾਡੇ ਨਾਲ ਝੂਠੇ ਵਾਇਦੇ ਕੀਤੇ ਗਏ। ਅਸਲ ਵਿਚ ਪੂਰਾ ਕਰਨ ਦੀ ਨੀਅਤ ਨਾਲ ਸਰਕਾਰ ਨੇ ਸਾਡੇ ਨਾਲ ਕੋਈ ਵੀ ਵਾਇਦਾ ਨਹੀਂ ਕੀਤਾ। ਹਾਕਮਾਂ ਨੇ ਹੁਣ ਮਾਮਲਾ ਚਾਰ ਤੋਂ ਛੇ ਗੁਣਾ ਤੱਕ ਵਧਾ ਦਿੱਤਾ ਹੈ ਤਾਂ ਜੋ ਹਿੰਦੁਸਤਾਨੀ ਭੁੱਖੇ ਮਰਨ, ਹਿੰਦੁਸਤਾਨੀ ਉਤਪਾਦਨ ਘਟੇ ਤੇ ਉਨ੍ਹਾਂ ਨੂੰ ਫ਼ਾਇਦਾ ਪਹੁੰਚੇ।"

"ਆਪਣੇ ਦੇਸ਼ ਲਈ ਮਰੋ। 30 ਕਰੋੜ ਭਾਰਤੀਆਂ ਦੇ ਮੁਕਾਬਲੇ ਵਿਚ ਡੇਢ ਲੱਖ ਯੂਰਪੀਨ ਕੁਝ ਵੀ ਨਹੀਂ, ਜੇ ਤੁਹਾਨੂੰ ਜੇਲ੍ਹ ਭੇਜਣ, ਇੰਝ ਸਮਝੋ ਕਿ ਤੁਸੀਂ ਤੀਰਥ ਜਾ ਰਹੇ ਹੋ। ਭਾਵੇਂ ਉਨ੍ਹਾਂ ਕੋਲ ਬੰਦੂਕਾਂ, ਰਫ਼ਲਾਂ ਤੇ ਦੂਜੇ ਹਥਿਆਰ ਹਨ, ਫਿਰ ਵੀ ਅਸੀਂ ਉਨ੍ਹਾਂ ਨੂੰ ਪਲ ਵਿਚ ਨਾਸ ਕਰ ਦੇਵਾਂਗੇ, ਕਿਉਂਕਿ ਪ੍ਰਮਾਤਮਾ ਆਪ ਭਲੇ ਲੋਕਾਂ ਦੀ ਸਹਾਇਤਾ ਲਈ ਆਵੇਗਾ।"

"ਪਲੇਗ ਤੁਹਾਡੇ ਤੇ ਕਹਿਰ ਢਾਹ ਰਹੀ ਹੈ, ਦੇਸ਼ ਦੇ ਲਈ ਸ਼ਹੀਦ ਹੋ ਕੇ ਇੱਜ਼ਤ ਭਰੀ ਮੌਤ ਮਰਨਾ ਵਧੇਰੇ ਚੰਗਾ ਹੈ। ਮੈਂ ਤੁਹਾਨੂੰ ਹੌਸਲਾ ਦਿਵਾਉਣ ਲਈ ਇਕ ਮਿਸਾਲ ਦੱਸਦਾ ਹਾਂ ਅਤੇ ਦੱਸਾਂਗਾ ਕਿ ਕਿੰਝ ਸਫ਼ਲਤਾ ਪ੍ਰਾਪਤ ਹੋ ਸਕਦੀ ਹੈ। ਇਕ ਵਾਰ ਬੰਗਾਲੀਆਂ ਨੂੰ ਨੀਲ ਬੀਜਣ ਤੇ ਮਜਬੂਰ ਕੀਤਾ ਗਿਆ। ਸਾਰੇ ਦੇਸ਼ ਨੂੰ ਨੀਲ ਉਪਜਾਉਣ ਲਈ ਮਜਬੂਰ ਕਰ ਦਿੱਤਾ ਅਤੇ ਲੋਕਾਂ ਨੂੰ ਬਹੁਤ ਦੁਖ-ਤਕਲੀਫ਼ਾਂ ਦਿੱਤੀਆਂ ਗਈਆਂ। ਉਹ ਕੁਝ ਚਿਰ ਲਈ ਰੁਕੇ, ਪਰ ਅੰਤ ਡੱਟ ਗਏ।

ਉਨ੍ਹਾਂ ਨੇ ਸਰਕਾਰ ਦੀ ਇਸ ਕਾਰਵਾਈ ਵਿਰੁੱਧ ਟੱਕਰ ਲਈ। ਉਨ੍ਹਾਂ ਦਾ ਕਾਜ਼ ਨਿਆਇ ਪੂਰਨ ਸੀ ਇਸ ਲਈ ਉਹ ਆਪਣੇ ਯਤਨਾਂ ਵਿਚ ਸਫ਼ਲ ਹੋਏ।"

"ਸਰਕਾਰ ਨੇ ਕਣਕ ਤੇ ਡਿਊਟੀ ਨਹੀਂ ਵਧਾਈ, ਕਿਉਂਕਿ ਇਹ ਭਾਰਤ ਵਿਚ ਪੈਦਾ ਹੁੰਦੀ ਹੈ ਅਤੇ ਇੰਗਲੈਂਡ ਭੇਜੀ ਜਾਂਦੀ ਹੈ। ਗੰਨੇ ਅਤੇ ਕਪਾਹ ਤੇ ਡਿਊਟੀ ਵਧਾ ਦਿੱਤੀ ਗਈ ਹੈ, ਤਾਂ ਜੁ ਹਿੰਦੁਸਤਾਨੀ ਉਨ੍ਹਾਂ ਦੀ ਪੈਦਾਵਾਰ ਘਟਾ ਕੇ, ਕਣਕ ਵਧੇਰੇ ਬੀਜਣ ਲੱਗ ਪੈਣ, ਜੋ ਕਿ ਇੰਗਲੈਂਡ ਭੇਜੀ ਜਾਣੀ ਹੈ।"

"ਮੇਰੇ ਹਿੰਦੂ ਅਤੇ ਮੁਸਲਮਾਨ ਭਰਾਓ! ਜੇ ਤੁਸੀਂ ਇਕ ਨਹੀਂ ਹੋ ਸਕਦੇ ਤਾਂ ਮੈਨੂੰ ਸਾਫ਼ ਸਾਫ਼ ਦੱਸ ਦਿਓ। ਅਸੀਂ ਐਨੇ ਗਿਰੇ ਨਹੀਂ ਕਿ ਆਸ ਬਿਲਕੁਲ ਛੱਡ ਦੇਈਏ।"

"ਜੇ ਤੁਸੀਂ ਆਪਣਾ ਆਦਰਸ਼ (Cause) ਸਾਂਝਾ ਨਹੀਂ ਬਣਾ ਸਕਦੇ, ਚੰਗਾ ਹੈ ਕਿ ਇਹ ਸਥਾਨ ਛੱਡ ਦਿਉ।"

"ਅੰਗਰੇਜ਼ਾਂ ਨੂੰ ਸਾਡੇ ਨਾਲ ਕੋਈ ਹਮਦਰਦੀ ਨਹੀਂ। ਮੈਂ ਸਮਝਾਉਂਦਾ ਹਾਂ ਕਿ ਮੇਰਾ ਮਤਲਬ ਕੀ ਹੈ? ਚੀਨ ਵਿਚ ਇਕ ਵਾਰ ਅਕਾਲ ਪਿਆ ਅਤੇ ਇਸਦੇ ਜਾਰੀ ਰਹਿਣ ਦਾ ਡਰ ਸੀ। ਲੋਕ ਵੱਡੀ ਗਿਣਤੀ ਵਿਚ ਅਕਾਲ ਦਾ ਸ਼ਿਕਾਰ ਬਣੇ ਅਤੇ ਸਾਰੇ ਦੇਸ਼ ਵਿਚ ਮੌਤ ਰਾਣੀ ਦਾ ਪਸਾਰਾ ਹੋਇਆ ਅਤੇ ਕੁਦਰਤ ਤਮਾਸ਼ਾ ਵੇਖਣ ਲੱਗੀ। ਅਕਾਲ ਕੋਈ 11 ਸਾਲ ਰਿਹਾ। ਅੰਤ ਲੋਕਾਂ.ਨੇ ਰਾਜੇ ਨੂੰ ਨੰਗੇ ਪੈਰੀਂ-ਨੰਗੇ ਸਿਰ, ਤਨੋਂ-ਮਨੋਂ ਤੀਰਥ ਯਾਤਰਾ ਕਰਨ ਦੀ ਬੇਨਤੀ ਕੀਤੀ, ਰਾਜੇ ਨੇ ਬੇਨਤੀ ਪ੍ਰਵਾਨ ਕੀਤੀ। ਸਿੱਟਾ ਇਹ ਹੋਇਆ ਕਿ ਹਾਲਾਤ ਬਦਲ ਗਏ, ਬਹੁਤ ਚੰਗੀ ਤਰ੍ਹਾਂ ਬਰਸਾਤ ਹੋਈ ਤੇ ਲੋਕ ਤਬਾਹ ਹੋਣੋਂ ਬਚ ਗਏ। ਵੇਖੋ, ਉਸ ਹਾਕਮ ਨੂੰ ਜਨਤਾ ਨਾਲ ਕਿਤਨੀ ਹਮਦਰਦੀ ਸੀ। ਫਿਰ, ਸਾਡੇ ਹਾਕਮਾਂ ਦਾ ਰਵੱਈਆ ਵੇਖੋ। ਜਦੋਂ ਸਾਰੇ ਪਾਸੇ ਅਕਾਲ ਦੀ ਭਿਅੰਕਰਤਾ ਛਾਈ ਹੋਈ ਸੀ, ਲਾਡਰ ਲਿਟਨ ਦੇ ਸਮੇਂ ਵਿਚ, ਚੰਗਾ ਹੈ ਅਸੀਂ ਉਸ ਨੂੰ "ਲੁੱਟਣ" ਆਖੀਏ, ਹਜ਼ਾਰਾਂ ਲੋਕ ਉਸ ਦੇ ਦੇਖਦਿਆਂ ਅਕਾਲ ਦੀ ਮਾਰ ਹੇਠ ਆ ਕੇ ਮਰ ਗਏ, ਪਰ ਇਸ ਸਭ ਕੁਝ ਤੋਂ ਪ੍ਰਭਾਵਤ ਹੋਏ ਬਿਨਾਂ ਲਾਰਡ ਦਿੱਲੀ ਵਿਚ ਐਸ਼ ਕਰਦਾ ਰਿਹਾ। ਕੀ ਸਰਕਾਰ ਚਲਾਉਣ ਵਾਲਿਆਂ ਦੇ ਇਸ ਰਵੱਈਏ ਨੂੰ ਬਰਦਾਸ਼ਤ ਕੀਤਾ ਜਾ ਸਕਦਾ ਹੈ?"

"ਓ ਮੇਰੇ ਦੇਸ਼ ਵਾਸੀਓ! ਖ਼ਬਰਦਾਰ! ਸਾਡਾ ਵਰਤਮਾਨ ਹੁਕਮਰਾਨ, ਲਾਰਡ ਲਿਟਨ, ਸਾਡੀ ਬਦਹਾਲੀ ਦੇ ਬਾਵਜੂਦ ਸਾਨੂੰ ਖ਼ੁਸ਼ਹਾਲ ਆਖਦਾ ਹੈ। ਇਹ ਸਪੱਸ਼ਟ ਹੈ ਕਿ ਸਾਡੇ ਹਾਕਮ ਸਾਡੀ ਮੰਦਹਾਲੀ ਤੇ ਖ਼ੁਸ਼ੀਆਂ ਮਾਣਦੇ ਹਨ ਤੇ ਸਾਡੀ ਹੋਂਦ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਸਾਡੀ ਸਰਕਾਰ ਦੇ ਉਦੇਸ਼ ਤੇ ਕੰਮ, ਸਾਨੂੰ ਹੋਰ ਵੀ ਗਰੀਬ ਬਣਾਉਣ ਵਾਲੇ ਹਨ।"

"ਇਸ ਸਬੰਧ ਵਿਚ ਮੈਂ ਤੁਹਾਨੂੰ ਦੱਸਦਾ ਹਾਂ ਕਿ ਲਾਇਲਪੁਰ ਵਿਚ ਦਰਖ਼ਤਾਂ ਦੀਆਂ ਟਾਹਣੀਆਂ ਕੱਟਣ ਵਾਲਿਆਂ ਨੂੰ ਵੀ ਦੋਸ਼ੀ ਸਮਝਿਆ ਜਾਂਦਾ ਸੀ, ਤੇ

ਤੁਲਨਾ ਇਕ ਦਰਜ਼ੀ ਨਾਲ ਕੀਤੀ ਜਿਹੜਾ ਕਿ ਕੋਟ ਸਿਉਣ ਤੋਂ ਪਿੱਛੋਂ ਆਪਣੇ ਗਾਹਕ ਤੋਂ ਵੱਧ ਸਿਲਾਈ ਮੰਗਦਾ ਹੈ ਕਿਉਂਕਿ ਕੋਟ ਗਾਹਕ ਦੀ ਆਸ਼ਾ ਤੋਂ ਵਧੇਰੇ ਚੰਗਾ ਹੈ।

ਸਰਕਾਰ ਨੇ ਕਪਾਹ ਅਤੇ ਖੰਡ ਤੇ ਅਨੁਚਿਤ ਟੈਕਸ ਲਾਏ ਹਨ। ਉਸ ਨੇ ਸਰੋਤਿਆਂ ਨੂੰ ਦੱਸਿਆ ਕਿ ਬਾਰ ਦੇ ਆਬਾਦਕਾਰਾਂ ਨੇ ਨਹਿਰਾਂ ਵਿਚੋਂ ਹੋਰ ਪਾਣੀ ਨਾ ਲੈਣ ਤੋਂ ਅਗਾਂਹ ਟੈਕਸ ਨਾ ਦੇਣ ਦਾ ਨਿਸ਼ਚਾ ਕਰ ਲਿਆ ਹੈ। ਸਰਦਾਰ ਅਜੀਤ ਸਿੰਘ ਨੇ ਉਨ੍ਹਾਂ ਤੇ ਮਾਮਲਾ ਨਾ ਦੇਣ ਲਈ ਜ਼ੋਰ ਪਾਇਆ। ਸਰਕਾਰ ਸ਼ਕਤੀਹੀਣ ਹੈ। ਸਰਕਾਰ ਹਰ ਇਕ ਨੂੰ ਜੇਲ੍ਹ ਨਹੀਂ ਸੀ ਭੇਜ ਸਕਦੀ। ਅੱਗੇ ਸ. ਅਜੀਤ ਸਿੰਘ ਨੇ ਉਨ੍ਹਾਂ ਨੂੰ ਅਖਿਆ ਕਿ ਉਹ ਡਰਨ ਨਾ, ਸਗੋਂ ਆਪਣੇ ਦੇਸ਼ ਲਈ ਜੇਲ੍ਹ ਜਾਣ ਵਾਸਤੇ ਤਿਆਰ ਰਹਿਣ।

'ਪੰਜਾਬੀ' ਅਖ਼ਬਾਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਲੋਕਾਂ ਨੂੰ ਬਹਾਦਰ ਬਣਨ ਲਈ ਆਖਿਆ, ਜਿਵੇਂ 'ਪੰਜਾਬੀ' ਦੇ ਮਾਲਕ ਤੇ ਸੰਪਾਦਕ ਨੇ ਆਪਣੀ ਨਿਡਰਤਾ ਨਾਲ ਮਸ਼ਹੂਰੀ ਪ੍ਰਾਪਤ ਕੀਤੀ ਹੈ।

ਉਨ੍ਹਾਂ ਲੋਕਾਂ ਨੂੰ ਆਪਣੇ ਝਗੜਿਆਂ ਤੇ ਨਿਪਟਾਰੇ ਲਈ ਆਪਣੀਆਂ ਕਮੇਟੀਆਂ ਤੇ ਸਬ-ਕਮੇਟੀਆਂ ਬਣਾਉਣ ਲਈ ਆਖਿਆ। ਕੀ ਇੰਗਲੈਂਡ ਤੋਂ ਆਇਆ ਵੀਹ ਵਰ੍ਹਿਆਂ ਦਾ ਛੋਕਰਾ ਸਾਡੇ ਮਾਮਲਿਆਂ ਨੂੰ ਓਨੀ ਚੰਗੀ ਤਰ੍ਹਾਂ ਸਮਝ ਸਕਦਾ ਹੈ, ਜਿੰਨਾ ਕਿ ਅਸੀਂ ਆਪ? ਨਹੀਂ, ਤਦ ਬਰਤਾਨਵੀ ਅਦਾਲਤਾਂ ਤੋਂ ਕਿਨਾਰਾ ਕਰੋ।

ਉਨ੍ਹਾਂ ਨੇ ਸਾਰੇ ਸਰਕਾਰੀ ਨੌਕਰਾਂ ਨੂੰ ਨੌਕਰੀਆਂ ਤੋਂ ਅਸਤੀਫ਼ਾ ਦੇਣ ਅਤੇ ਦੂਜਿਆਂ ਨੂੰ ਉਂਝ ਹੀ ਟੈਕਸ ਦੇਣਾ ਬੰਦ ਕਰਨ ਲਈ, ਜਿਵੇਂ ਕਿ ਲਾਇਲਪੁਰ ਦੇ ਅਬਾਦਕਾਰਾਂ ਨੇ ਨਿਸ਼ਚਾ ਕੀਤਾ ਸੀ, ਆਖਿਆ। ਅੰਗਰੇਜ਼ਾਂ ਦੀ ਸਖ਼ਤੀ ਅਸਹਿ ਸੀ। ਉਨ੍ਹਾਂ ਨੇ ਪੁਲਿਸ ਦੇ ਸਾਰਜੈਂਟ ਕਰਮ ਸਿੰਘ ਦੀ ਉਦਾਹਰਣ ਦਿੱਤੀ ਜਿਸ ਨੂੰ ਇਕ ਫੌਜੀ ਨੇ ਕਤਲ ਕਰ ਦਿੱਤਾ ਸੀ। ਫੌਜੀ ਛੱਡ ਦਿੱਤਾ ਗਿਆ। ਕੈਸਾ ਹੈ ਇਨਸਾਫ਼!

ਉਨ੍ਹਾਂ ਨੇ ਅੰਗਰੇਜ਼ਾਂ ਦੇ ਬੁਰੇ ਵਰਤਾਰੇ ਅੱਗੇ ਹੋਰ ਝੁਕਣ ਤੋਂ ਵਰਜਿਆ। ਜੇ ਤੁਹਾਨੂੰ ਕੋਈ ਮਾਰੇ-ਕੁੱਟੇ, ਇੱਟ ਦਾ ਜੁਆਬ ਪੱਥਰ ਵਿਚ ਦਿਉ। ਅੰਗਰੇਜ਼ ਤਾਕਤਹੀਣ ਹਨ, ਸਰਕਾਰ ਅਤਿਆਚਾਰੀ ਹੈ ਅਤੇ ਬਰਤਾਨਵੀ ਰਾਜ ਇਕ ਦਿਨ ਮੁੱਕ ਜਾਣਾ ਹੈ- ਅੱਜ, ਕੱਲ ਜਾਂ 10 ਵਰ੍ਹੇ ਮਗਰੋਂ।

28 ਅਪ੍ਰੈਲ

ਪਿਛਲੇ ਦਿਨ ਦੇ ਭਾਸ਼ਣ ਨੂੰ ਜਾਰੀ ਰਖਦਿਆਂ ਅਜੀਤ ਸਿੰਘ ਨੇ ਆਖਿਆ ਕਿ ਇਹ ਜ਼ਰੂਰੀ ਹੈ ਕਿ ਲੋਕਾਂ ਨੂੰ ਇਕੱਠਿਆਂ ਕਾਰਵਾਈ ਕਰਨੀ ਚਾਹੀਦੀ ਹੈ।

ਸਾਰੇ ਭਾਰਤੀ ਇਕ-ਮੁੱਠ ਹਨ। ਸਰਕਾਰ ਸਾਰੇ ਭਾਰਤੀਆਂ ਨੂੰ 'ਨਮਕ ਹਰਾਮ' ਆਖਦੀ ਹੈ। ਉਹ ਵੀ ਸਾਰੇ ਇਸੇ ਸ਼੍ਰੇਣੀ ਵਿਚ ਆਉਂਦੇ ਹਨ। ਸਰਕਾਰ ਤੇ ਉਸ ਦੇ ਸਾਰੇ ਅਫ਼ਸਰ ਆਪ ਨਮਕ-ਹਰਾਮ ਹਨ। ਬਰਤਾਨਵੀ ਭਾਰਤ ਦੇ ਕਾਰਨ ਹੀ ਤਕੜੇ ਹਨ। ਭਾਰਤੀ ਫੌਜਾਂ ਨੇ ਹੀ ਬਦੇਸ਼ੀ ਜੰਗ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਇੰਗਲੈਂਡ ਦੀ ਪੁਜ਼ੀਸ਼ਨ ਹਿੰਦੁਸਤਾਨੀ ਫੌਜਾਂ ਦੇ ਕਾਰਨ ਹੀ ਹੈ। ਭਾਰਤ ਦੀ ਵਸੋਂ 30 ਕਰੋੜ ਬਣਦੀ ਹੈ। ਯੂਰਪੀਨਾਂ ਦੀ ਗਿਣਤੀ ਕੇਵਲ 1,50,000 ਬਣਦੀ ਹੈ। ਗੋਰੇ ਹਿੰਦੁਸਤਾਨੀਆਂ ਵਿਰੁੱਧ ਕਰ ਵੀ ਕੀ ਸਕਦੇ ਹਨ। ਜੇ ਸਾਰੇ ਹਿੰਦੁਸਤਾਨੀਆਂ ਦਾ ਮਲ-ਮੂਤਰ ਹੀ ਕੱਠਾ ਕਰ ਦਿੱਤਾ ਜਾਵੇ, ਇਹ ਭਾਰਤ ਵਿਚਲੇ ਯੂਰਪੀਨਾਂ ਨੂੰ ਡੁਬੋਣ ਲਈ ਕਾਫ਼ੀ ਹੋਵੇਗਾ। ਉਨ੍ਹਾਂ ਨੇ ਬਰਤਾਨਵੀ ਫ਼ੌਜ ਤੇ ਟਿਚਕਰਾਂ ਕੀਤੀਆਂ। ਇਹ ਡਰਾਕਲਾਂ ਦੀ ਫੌਜ ਸੀ। ਲਾਹੌਰ ਵਿਚ ਪਿਛੇ ਜਿਹੇ ਮੁਜ਼ਾਹਰਿਆਂ ਦੇ ਕਾਰਨ ਬਰਤਾਨਵੀ ਫੌਜੀ ਗਲੀਆਂ ਵਿਚ ਗਸ਼ਤ ਕਰਨ ਤੋਂ ਡਰਦੇ ਸਨ। ਉਨ੍ਹਾਂ ਨੇ ਉਨ੍ਹਾਂ ਸਾਰਿਆਂ ਨੂੰ ਤਰਨਤਾਰਨ ਤੇ ਦੂਜੀਆਂ ਥਾਵਾਂ ਦੇ ਲੋਕਾਂ ਦੀਆਂ ਉਦਾਹਰਨਾਂ ਤੇ ਚਲਦਿਆਂ, ਮਾਮਲੇ ਤੋਂ ਇਨਕਾਰ ਕਰਨ 'ਤੇ ਜ਼ੋਰ ਦਿੱਤਾ। ਪ੍ਰਮਾਤਮਾ ਨੇ ਦੇਸ਼ ਵਿਚ ਪਲੇਗ ਇਸੇ ਕਰਕੇ ਭੇਜੀ ਹੈ ਕਿ ਲੋਕ ਆਪਣੀ ਤਾਕਤ ਦੀ ਵਰਤੋਂ ਕਰਨਾ ਸਿੱਖ ਸਕਣ। ਲੱਖਾਂ ਲੋਕ ਪਲੇਗ ਨਾਲ ਮਰ ਰਹੇ ਹਨ, ਅਨੇਕਾਂ ਹੋਰ ਮਰ ਜਾਣਗੇ। ਪਲੇਗ ਨਾਲ ਮਰਨ ਨਾਲੋਂ ਦੇਸ਼ ਲਈ ਮਰਨਾ ਬਿਹਤਰ ਹੈ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਤਾਕਤ ਵਰਤਣ ਅਤੇ ਸੋਚਣ ਕਿ ਉਹ ਆਪਣੀ ਤਾਕਤ ਨਾਲ ਕੀ ਕਰ ਸਕਦੇ ਹਨ।

11.

ਭਾਰਤ ਮਾਤਾ ਸੁਸਾਇਟੀ ਦੀ ਮੀਟਿੰਗ ਵਿਚ ਲਾਹੌਰ ਵਿਖੇ ਭਾਸ਼ਨ

ਪਹਿਲੀ ਮਈ, 1907

ਅਜੀਤ ਸਿੰਘ ਜੀ ਨੇ ਸਭ ਤੋਂ ਪਹਿਲਾਂ ਹਿੰਦੂਆਂ ਤੇ ਮੁਸਲਮਾਨਾਂ ਤੋਂ ਅੰਗਰੇਜ਼ਾਂ ਵਿਰੁੱਧ ਸਾਂਝੇ ਕਾਜ ਲਈ ਇਕਮੁੱਠ ਹੋਣ ਦੀ ਮੰਗ ਕੀਤੀ ਅਤੇ ਅੰਗਰੇਜ਼ਾਂ ਤੇ ਦੋਸ਼ ਲਾਇਆ ਕਿ ਉਹ ਦੋ ਕੌਮਾਂ ਵਿਚ ਵੈਰ ਵਿਰੋਧ ਭੜਕਾ ਰਹੀ ਹੈ। ਫਿਰ ਉਨ੍ਹਾਂ ਇੰਗਲੈਂਡ ਦੀਆਂ ਇਤਿਹਾਸਕ ਘਟਨਾਵਾਂ ਜਿਨ੍ਹਾਂ ਕਰਕੇ ਇੰਗਲੈਂਡ ਦੇ ਲੋਕਾਂ ਨੇ ਅਜ਼ਾਦੀ ਹਾਸਲ ਕੀਤੀ ਅਤੇ ਉਹ ਘਟਨਾਵਾਂ ਜਿਹੜੀ ਵਰਤਮਾਨ ਸਮੇਂ ਵਿਚ ਹਿੰਦੁਸਤਾਨ ਵਿਚ ਵਾਪਰ ਰਹੀਆਂ ਹਨ, ਦਾ ਮੁਕਾਬਲਾ ਕੀਤਾ। ਉਨ੍ਹਾਂ ਅੰਗਰੇਜ਼ਾਂ ਦੀ ਬੇਈਮਾਨੀ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਉਹ ਦੇਸ਼ ਵਾਸੀਆਂ ਨੂੰ ਭੜਕਾਉਣ ਲਈ ਹਰ ਢੰਗ ਤਰੀਕਾ ਵਰਤ ਰਹੇ ਸਨ ਅਤੇ ਦੇਸ਼ ਵਾਸੀਆਂ ਵਿਚ

ਆਪਸੀ ਨਫ਼ਰਤ ਦੇ ਭਾਵ ਕਾਇਮ ਰੱਖ ਰਹੇ ਸਨ। ਉਨ੍ਹਾਂ ਅੰਗਰੇਜ਼ਾਂ ਦੀ ਤਥਾਕਥਿਤ ਉਪਕਾਰ ਦੀ ਖਿੱਲੀ ਉਡਾਈ। ਬਾਰੀ ਦੁਆਬ ਨਹਿਰ ਦੇ ਪਾਣੀ ਦੇ ਵਧ ਮੁੱਲ ਦੀ ਮਾਫ਼ੀ ਦਾ ਹਵਾਲਾ ਦਿੰਦਿਆਂ ਉਨ੍ਹਾਂ ਆਖਿਆ ਕਿ ਸਰਕਾਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਇਹ ਮੁਅਤਲੀ ਇਸ ਕਰਕੇ ਕੀਤੀ ਗਈ ਹੈ ਕਿ ਜਿਮੀਦਾਰਾਂ ਨੇ ਮੌਜੂਦਾ ਜਦੋਜਹਿਦ ਵਿਚ ਹਿੱਸਾ ਨਹੀਂ ਸੀ ਲਿਆ। ਇਸ ਦੇ ਉਲਟ, ਜਿਮੀਦਾਰਾਂ ਨੇ ਮਾਲੀਆ ਦੇਣ ਤੋਂ ਇਨਕਾਰ ਕੀਤਾ ਅਤੇ ਉਹ ਸਰਕਾਰ ਦੇ ਖ਼ਿਲਾਫ਼ ਉੱਠ ਖੜ੍ਹੇ ਅਤੇ ਸਰਕਾਰੀ ਖਜ਼ਾਨਾ ਲੁੱਟਣ ਲਈ ਤਿਆਰ ਸਨ। ਪੁਲਸ ਦਾ ਹਵਾਲਾ ਦਿੰਦਿਆਂ 'ਅਜੀਤ ਸਿੰਘ' ਜੀ ਨੇ ਕਿਹਾ ਕਿ ਉਹ ਪੁਲਸ ਦੇ ਸਿਪਾਹੀਆਂ ਵਿਰੁੱਧ ਨਹੀਂ ਸਨ, ਇਸ ਦੇ ਉਲਟ ਉਨ੍ਹਾਂ ਕਿਹਾ ਕਿ ਹੁਣ ਜਿਹੜੇ ਪੁਲਸ ਵਿਚ ਸਬ-ਇੰਸਪੈਕਟਰ ਜਾਂ ਇਨਸਪੈਕਟਰ ਦੀ ਨੌਕਰੀ ਕਰ ਰਹੇ ਹਨ, ਉਹ ਆਪਣੇ ਦੇਸ਼ ਦੀ ਪੁਲਸ ਦੇ ਕਪਤਾਨ ਅਤੇ ਜਨਰਲ ਬਣਨ। ਆਪਣੇ ਭਾਸ਼ਨ ਦਾ ਨਿਚੋੜ ਉਨ੍ਹਾਂ ਸਰੋਤਿਆਂ ਤੋਂ ਸਰਗਰਮ ਹੋਣ ਲਈ ਤਿਆਰ ਹੋਣ ਦੀ ਮੰਗ ਕਰਦਿਆਂ ਕੀਤਾ।

12.

18 ਦਸੰਬਰ 1907 ਸੂਰਤ ਕੌਮੀ ਸੰਮੇਲਨ ਵਿਚ ਸਨਮਾਨ ਸਮਾਰੋਹ ਦੇ ਜਵਾਬ ਵਿਚ ਤਕਰੀਰ ਕੌਮੀ ਸਪਿਰਟ ਨੂੰ ਮਹਿਫੂਜ਼ ਕਰੋ

(ਸੂਰਤ ਕੌਮੀ ਸੰਮੇਲਨ ਸਮੇਂ ਬਾਲ ਗੰਗਾਧਰ ਤਿਲਕ ਜੀ ਨੇ ਸਰਦਾਰ ਅਜੀਤ ਸਿੰਘ ਜੀ ਦੀਆਂ ਕੌਮੀ ਸੇਵਾਵਾਂ ਵਾਸਤੇ ਤਾਜ ਭੇਂਟ ਕਰਦੇ ਹੋਏ ਕਿਹਾ, "ਸਰਦਾਰ ਅਜੀਤ ਸਿੰਘ ਇਕ ਅਨੋਖੀ ਸ਼ਖ਼ਸੀਅਤ ਹਨ ਅਤੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਣਨ ਦੇ ਪਾਤਰ ਹਨ।") **ਸੰਪਾਦਕ**

ਮਾਨਯੋਗ ਦੇਸ਼ ਵਾਸੀਓ!

ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਇਸ ਸਨਮਾਨ ਦਾ ਹੱਕਦਾਰ ਨਹੀਂ ਹਾਂ ਜੋ ਕਿ ਮੈਨੂੰ ਦਿੱਤਾ ਗਿਆ ਹੈ। ਪਰ ਜਨਤਾ ਵਿਚ ਰੱਬ ਵਸਦਾ ਹੈ ਅਤੇ ਰੱਬ ਜਨਤਾ ਦੀ ਇੱਛਾ ਦਾ ਹੀ ਦੂਸਰਾ ਰੂਪ ਹੈ। ਇਸ ਲਈ ਜੋ ਵੀ ਤੁਸੀਂ ਕਰੋ ਮੇਰੇ ਲਈ ਰੱਬ ਦੀ ਦੇਣ ਹੈ। ਇਸ ਕਰਕੇ ਇਕ ਵਫ਼ਾਦਾਰ ਵਾਂਗ ਤੁਹਾਡੇ ਅੱਗੇ ਸਿਰ ਝੁਕਾਉਂਦਾ ਹਾਂ। ਮੇਰੇ ਲਈ ਇਹ ਤਾਜ ਨਹੀਂ ਹੈ, ਇਹ ਤਾਂ ਮੇਰੇ ਸਿਰ ਦੀ ਅਗਾਊਂ ਕੀਮਤ ਹੈ, ਉਸ ਸਿਰ ਦੀ ਜੋ ਕਿ ਪਹਿਲਾਂ ਹੀ ਕੌਮ ਦੀ ਅਮਾਨਤ ਹੈ। ਤਾਜ 'ਤੇ ਪੈਸੇ ਖਰਚਣੇ ਫਜ਼ੂਲ ਸਨ, ਇਹ ਕਿਸੇ ਹੋਰ ਲੋੜਵੰਦ ਨੂੰ ਦੇਣੇ ਚਾਹੀਦੇ ਸਨ। ਖ਼ੈਰ ਮੈਂ ਤਹਿ ਦਿਲੋਂ ਤੁਹਾਡੇ ਪਿਆਰ ਤੇ ਸੱਚੇ ਦਿਲ ਦੀ ਕਦਰ ਕਰਦਾ ਹਾਂ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੈਨੂੰ ਕਹਿਣਾ ਚਾਹੁੰਦੇ ਹੋ ਕਿ ਅਸੀਂ ਆਪਣੇ ਦਿਮਾਗ ਨੂੰ ਸੰਭਾਲ ਕੇ ਰਖੀਏ ਕਿਉਂਕਿ ਤਾਜ ਜਾਂ ਟੋਪੀ ਸਿਰ ਸੰਭਾਲਣ ਲਈ ਹੁੰਦੀ ਹੈ। ਸਾਡੇ ਦੇਸ਼ ਵਿਚ

ਹੁੱਕੇ ਦੀ ਚਿਲਮ ਨੂੰ ਵੀ ਟੋਪੀ ਕਿਹਾ ਜਾਂਦਾ ਹੈ। ਜਿਸ ਦਾ ਮਤਲਬ ਹੈ ਕਿ ਉਹ ਅੱਗ ਨੂੰ ਆਪਣੇ ਵਿਚ ਸੰਭਾਲਦੀ ਹੈ। ਇਸ ਕਰਕੇ ਸਾਨੂੰ ਕੌਮੀ ਅੱਗ (ਸਪਿਰਟ) ਨੂੰ ਸੰਭਾਲ ਕੇ ਰੱਖਣਾ ਹੈ, ਭੜਕਣ ਤੋਂ ਬਚਾਉਣਾ ਹੈ। ਟੋਪੀ ਰਾਇਫਲ ਨਾਲ ਵੀ ਸਬੰਧਤ ਹੈ, ਜਿਸ ਰਾਹੀਂ ਰਾਇਫਲ ਦੀ ਤਾਕਤ ਮਹਿਫ਼ੂਜ਼ ਹੁੰਦੀ ਹੈ ਤੇ ਵਕਤ ਪੈਣ ਤੇ ਉਸ ਤਾਕਤ ਦੀ ਵਰਤੋਂ ਵਿਚ ਮਦਦਗਾਰ ਹੁੰਦੀ ਹੈ। ਇਸ ਕਰਕੇ ਕੌਮੀ ਤਾਕਤ ਨੂੰ ਪੂਰੀ ਦ੍ਰਿਸ਼ਟੀ ਨਾਲ ਸੰਭਾਲਿਆ ਜਾਣਾ ਚਾਹੀਦਾ ਹੈ ਤਾਂ ਕਿ ਵਿਦੇਸ਼ੀ ਸਲ੍ਹਾਬਾ ਇਸ ਵਿਚ ਆਲਸ ਨਾ ਪੈਦਾ ਕਰ ਸਕੇ ਅਤੇ ਵਕਤ ਪੈਣ ਤੇ ਵਰਤੋਂ ਲਈ ਤਿਆਰ ਰਹੇ। ਟੋਪੀਆਂ ਦਾ ਅਸਲ ਕੰਮ, ਸਾਡੇ ਦਿਮਾਗ, ਸਾਡੀ ਕੌਮੀ ਸਪਿਰਟ, ਕੌਮੀ ਤਾਕਤ ਨੂੰ ਸੰਭਾਲਣਾ ਹੋਣਾ ਚਾਹੀਦਾ ਹੈ ਤਾਂ ਕਿ ਵਕਤ ਪੈਣ ਤੇ ਇਸਤੇਮਾਲ ਕੀਤਾ ਜਾ ਸਕੇ। ਮੈਨੂੰ ਆਸ ਹੈ ਕਿ ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ।

13.

ਦੇਸ਼ ਭਗਤੀ

(9 ਮਾਰਚ, 1908 ਦਿਨ ਸੋਮਵਾਰ ਬਰੈਡਲੇ ਹਾਲ ਲਾਹੌਰ ਵਿਖੇ ਸ. ਅਜੀਤ ਸਿੰਘ ਦੀ ਤਕਰੀਰ)

ਅੱਜ ਕਾਫੀ ਲੰਮੇ ਸਮੇਂ ਬਾਅਦ, ਮੈਂ ਆਪਣੇ ਪਿਆਰੇ ਦੇਸ਼ ਵਾਸੀਆਂ ਨਾਲ ਗੱਲਬਾਤ ਕਰਨ ਲਈ ਖੜ੍ਹਾ ਹੋਇਆ ਹਾਂ। ਇਸ ਵੇਲੇ ਮੈਂ ਸ਼ੇਰ ਦਿਲ ਬੰਗਾਲੀ ਆਗੂ ਬਿਪਨ ਚੰਦਰ ਪਾਲ ਦੀ ਰਿਹਾਈ ਬਾਰੇ ਤੁਹਾਡੇ ਨਾਲ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ। ਭਾਰਤ ਵਿਚ ਤਿਉਹਾਰ ਮਨਾਉਣ ਦੀ ਰੀਤ ਮੁਢ ਕਦੀਮ ਤੋਂ ਚਲੀ ਆ ਰਹੀ ਹੈ। ਇਹ ਬਹੁਤ ਹੀ ਵਧੀਆ ਰੀਤ ਹੈ, ਇਹ ਸਾਡੀ ਕੌਮ ਦੀ ਰੂਹ ਨੂੰ ਜਿਉਂਦੇ ਰੱਖਦੀ ਹੈ। ਮਹਾਰਾਜ ਰਾਮ ਚੰਦਰ ਨੇ ਜੰਗਲੀ ਜੀਵਨ ਦੀਆਂ ਮੁਸੀਬਤਾਂ ਝੱਲੀਆਂ ਅਤੇ ਮਾਤਾ ਪਿਤਾ ਦੀ ਆਗਿਆ ਬਨਵਾਸ ਅਤੇ ਕਸ਼ਟ ਸਹਾਰਨ ਤੋਂ ਬਾਅਦ ਜਦੋਂ ਚੌਦਾਂ ਸਾਲ ਦਾ ਬਨਵਾਸ ਕੱਟਿਆ। ਬਨਵਾਸ ਦੇ ਕਸ਼ਟ ਸਹਾਰਨ ਤੋਂ ਬਾਅਦ ਜਦੋਂ ਉਹ ਆਪਣੇ ਦੇਸ਼ ਪਰਤੇ ਤਾਂ ਉਨ੍ਹਾਂ ਦੇ ਘਰ ਪਰਤਣ ਤੇ 'ਦੀਵਾਲੀ' ਦਾ ਤਿਉਹਾਰ ਮਨਾਇਆ ਗਿਆ। ਹੁਣ ਜਦੋਂ ਰਾਮ ਚੰਦਰ ਦਾ ਪੁੱਤਰ ਬਿਪਨ ਚੰਦਰ ਪਾਲ (ਬਿਪਨ ਚੰਦਰ ਪਾਲ ਦੇ ਪਿਤਾ ਦਾ ਨਾਂ ਰਾਮ ਚੰਦਰ ਹੈ) ਜੇਲ੍ਹ ਦੇ ਕਸ਼ਟਾਂ ਨੂੰ ਸਹਾਰਨ ਤੋਂ ਬਾਅਦ ਵਾਪਸ ਆਇਆ ਹੈ ਤਾਂ ਅਸੀਂ ਇਸ ਘਟਨਾ ਦੇ ਜਸ਼ਨ ਕਿਉਂ ਨਾ ਮਨਾਈਏ? ਇਹਨਾਂ ਨਿਯਮਾਂ ਦੀ ਰਖਵਾਲੀ ਲਈ ਸਾਨੂੰ ਮਰ ਮਿਟਣਾ ਚਾਹੀਦਾ ਹੈ। ਅਸੀਂ ਐਵੇਂ ਬਿਪਨ ਬਾਬੂ ਦਾ ਆਦਰ ਨਹੀਂ ਕਰਦੇ, ਪਰ ਅਸੀਂ ਤਾਂ ਉਸ ਦੇ ਪਵਿੱਤਰ ਅਤੇ ਨਿਸ਼ਕਾਮ ਆਦਰਸ਼ਾਂ ਦੀ ਪਾਲਣਾ ਕਰਕੇ ਉਸਦਾ

ਆਦਰ ਕਰਦੇ ਹਾਂ। ਰਾਮ ਚੰਦਰ ਜੀ ਨੇ ਆਪਣੇ ਪਿਤਾ ਜੀ ਦੀ ਆਗਿਆ ਪਾਲਣ ਕਰਕੇ ਕਸ਼ਟ ਝੱਲੇ ਸਨ ਪਰੰਤੂ ਗੁਰੂ ਨਾਨਕ ਦੇਵ ਅਤੇ ਪੂਰਨ ਭਗਤ ਨੇ ਕੇਵਲ ਅਤੇ ਕੇਵਲ ਆਪਣੇ ਆਦਰਸ਼ਾਂ ਖ਼ਾਤਰ ਕਸ਼ਟ ਝੱਲੇ ਸਨ। ਉਨ੍ਹਾਂ ਤਾਂ ਆਪਣੇ ਮਾਪਿਆਂ ਦੀਆਂ ਨਸੀਹਤਾਂ ਦੀ ਵੀ ਪ੍ਰਵਾਹ ਨਹੀਂ ਕੀਤੀ। ਬਿਪਨ ਬਾਬੂ ਨੇ ਗੁਰੂ ਨਾਨਕ ਅਤੇ ਪੂਰਨ ਭਗਤ ਦੇ ਉਪਦੇਸ਼ਾਂ ਤੇ ਅਮਲ ਕੀਤਾ ਹੈ। ਉਸ ਨੇ ਆਪਣੇ ਬਾਪ ਦੀ ਨਾਰਾਜ਼ਗੀ ਤਾਂ ਮੁੱਲ ਲੈ ਲਈ ਪਰ ਆਪਣੇ ਆਦਰਸ਼ਾਂ ਨੂੰ ਨਹੀਂ ਤਿਆਗਿਆ। ਉਹ ਆਪਣੇ ਦੇਸ਼ ਅਤੇ ਕੌਮ ਦੀ ਸੇਵਾ ਲਈ ਦ੍ਰਿੜ੍ਹ ਸੀ। ਜਿਹੜਾ ਵੀ ਕੋਈ ਆਪਣੇ ਲੋਕਾਂ ਦੀ ਖ਼ਾਤਰ ਜੇਲ੍ਹ ਦੀਆਂ ਸਖ਼ਤੀਆਂ ਝੱਲਦਾ ਹੈ, ਉਹ ਸਾਡੇ ਸਤਿਕਾਰ ਦਾ ਹੱਕਦਾਰ ਹੈ। ਸਾਨੂੰ ਉਸਦੀ ਖ਼ੁਸ਼ੀ ਗ਼ਮੀ ਵੇਲੇ ਉਸ ਦੇ ਨਾਲ ਹੋਣਾ ਚਾਹੀਦਾ ਹੈ। ਸਾਨੂੰ ਏਥੇ ਉਨ੍ਹਾਂ ਆਦਰਸ਼ਾਂ ਦੀ ਖ਼ਾਤਰ ਇਕੱਠੇ ਹੋਣਾ ਚਾਹੀਦਾ ਹੈ। ਇਹ ਉਹ ਮਿਕਨਾਤੀਸੀ ਆਦਰਸ਼ ਹੈ ਜਿਸ ਵੱਲ ਲੋਕ ਕਿਸੇ ਵਿਅਕਤੀ ਜਾਂ ਚੀਜ਼ ਵੱਲ ਖਿੱਚੇ ਆਉਂਦੇ ਹਨ। ਦੇਸ਼ ਨਾਲ ਪਿਆਰ ਦੇਸ਼ ਭਗਤੀ ਹੈ। ਹੁਣ ਅਸੀਂ ਇਹ ਵੇਖਣਾ ਹੈ ਕਿ ਅਸਲੀ ਦੇਸ਼ ਭਗਤ ਕੌਣ ਹੈ। ਵਾਹ ਵਾਹ ਅਤੇ ਪ੍ਰਸਿੱਧੀ ਲਈ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਦੇਸ਼ ਭਗਤ ਆਖਦੇ ਹਨ। ਪਰੰਤੂ ਸੱਚਾ ਅਤੇ ਅਸਲੀ ਦੇਸ਼ ਭਗਤ ਉਹੀ ਹੈ ਜੋ ਪ੍ਰਸ਼ੰਸਾ ਜਾਂ ਮਾਨਤਾ ਦੀ ਪ੍ਰਵਾਹ ਕੀਤੇ ਬਿਨਾਂ ਦੇਸ਼ ਦੀ ਸੇਵਾ ਕਰਦਾ ਹੈ। ਮੈਂ ਤੁਹਾਨੂੰ ਦੋ ਉਦਾਹਰਣਾਂ ਦਿੰਦਾ ਹਾਂ। 1857 ਦੇ ਗ਼ਦਰ ਦੌਰਾਨ ਦਿੱਲੀ ਕਿਲ੍ਹੇ ਵਿਚ ਜਨਰਲ ਵਿਲਬੀ ਦੇ ਅਧੀਨ ਇਕ ਹਥਿਆਰਾਂ ਦਾ ਜ਼ਖੀਰਾ ਸੀ। ਜਦੋਂ ਵਿਦਰੋਹੀਆਂ ਨੇ ਹਮਲਾ ਕੀਤਾ ਤਾਂ ਜਨਰਲ ਨੇ ਸੋਚਿਆ ਕਿ ਜੇਕਰ ਹਥਿਆਰਾਂ ਦੇ ਜ਼ਖੀਰੇ ਉਤੇ ਵਿਦਰੋਹੀਆਂ ਦਾ ਕਬਜ਼ਾ ਹੋ ਜਾਂਦਾ ਹੈ ਤਾਂ ਇਕ ਵੀ ਅੰਗਰੇਜ਼ ਬੱਚਾ ਜੀਉਂਦਾ ਨਹੀਂ ਬਚੇਗਾ। ਇਸ ਲਈ ਜਦੋਂ ਉਸ ਨੂੰ ਕੋਈ ਹੋਰ ਰਾਹ ਨਾ ਦਿਸਿਆ, ਜਿਸ ਪ੍ਰਕਾਰ ਉਹ ਲਾਚਾਰ ਸੀ, ਤਾਂ ਉਸ ਨੇ ਹਥਿਆਰਾਂ ਦੇ ਜ਼ਖ਼ੀਰੇ ਨੂੰ ਅੱਗ ਲਾ ਦਿੱਤੀ ਅਤੇ ਇਸ ਨੂੰ ਦੁਸ਼ਮਣ ਦੇ ਹੱਥ ਵਿਚ ਜਾਣ ਤੋਂ ਬਚਾ ਲਿਆ ਅਤੇ ਆਪਣੇ ਸਾਥੀਆਂ ਨੂੰ ਇਸ ਦੇ ਇਸਤੇਮਾਲ ਨਾਲ ਮਰਨੋ ਬਚਾ ਲਿਆ। ਇਸ ਵਾਸਤੇ ਕੁਝ ਜਾਨਾਂ ਗਈਆਂ ਪਰ ਬਹੁਤ ਸਾਰੇ ਬਚ ਗਏ। ਅੱਜ ਤਕ ਵਿਲਬੀ ਦਾ ਨਾਂ ਇਤਿਹਾਸ ਵਿਚ ਅੰਕਿਤ ਹੈ। ਇਹ ਇਕ ਦੇਸ਼ਭਗਤੀ ਦੀ ਮਿਸਾਲ ਹੈ, ਕਿ ਆਪਣੇ ਦੇਸ਼ ਵਾਸੀਆਂ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿਓ। ਇਸੇ ਪ੍ਰਕਾਰ ਇਕ ਭਾਰਤੀ ਰਾਜੇ ਜਿਸ ਦਾ ਨਾਂ ਫਿਰੋਜਸ਼ਾਹ ਸੀ, ਨੇ ਗ਼ਦਰ ਦੌਰਾਨ ਆਪਣੇ ਦੇਸ਼ ਵਾਸੀਆਂ ਨਾਲ ਵੀ ਬਹਾਦਰੀ ਦਾ ਕਾਰਨਾਮਾ ਕੀਤਾ। ਦਿੱਲੀ ਦੇ ਇਸ ਸ਼ਹਿਜ਼ਾਦੇ ਨੇ 200 ਸਿਪਾਹੀਆਂ ਨਾਲ ਮੁਰਾਦਾਬਾਦ ਇਕ ਅੰਗਰੇਜ਼ ਅਸਲੇਖ਼ਾਨੇ ਤੇ ਹਮਲਾ ਕੀਤਾ। ਰਾਮਪੁਰ ਦੇ ਨਵਾਬ ਜੋ ਕਿ ਅੰਗਰੇਜ਼ ਦਾ ਮਦਦਗਾਰ ਸੀ, ਇਸ ਦੀ ਰਾਖੀ ਕਰ ਰਿਹਾ ਸੀ। ਨਵਾਬ ਤੇ ਫਿਰੋਜ਼ਸ਼ਾਹ ਨੇ ਇਹ ਦੇਖਦੇ ਹੋਏ ਕਿ ਅਸਲਾਖ਼ਾਨਾ ਅਗਰ ਅੰਗਰੇਜ਼ਾਂ ਹੱਥ ਰਿਹਾ ਤਾਂ ਉਹ ਭਾਰਤੀਆਂ ਨੂੰ ਮਾਰਨ

ਲਈ ਵਰਤਣਗੇ। ਤਾਂ ਉਸ ਦੇ ਬਹੁਤ ਹੀ ਵਫ਼ਾਦਾਰ ਸੇਵਕ ਨੇ ਸਾਰੇ ਹੀ ਅਸਲਾਖ਼ਾਨੇ ਨੂੰ ਅੱਗ ਲਾ ਦਿੱਤੀ ਜਿਸ ਦੇ ਸਿੱਟੇ ਵਜੋਂ ਵਿਰੋਧ ਕਰ ਰਹੇ ਸੈਂਕੜੇ ਗੋਰੇ ਮਾਰੇ ਗਏ ਅਤੇ ਹਜ਼ਾਰਾਂ ਭਾਰਤੀ ਬਚ ਗਏ। ਦੇਸ਼ ਭਗਤੀ ਕਰਿਸ਼ਮੇ ਦਿਖਾਉਂਦੀ ਹੈ। ਪਰ ਹੁਣ ਦੇਸ਼ ਵਿਚ ਸਭ ਕੁਝ ਵੱਖਰਾ ਹੈ। ਏਥੇ ਤਾਂ ਲੋਕ ਇਕ ਦੂਸਰੇ ਦੇ ਗਲੇ ਨੂੰ ਆਉਂਦੇ ਹਨ।

ਦੇਸ਼ ਭਗਤੀ ਦਾ ਜਜ਼ਬਾ ਸਰਵਵਿਆਪਕ ਹੈ ਕਿਉਂਕਿ ਦੁਨੀਆਂ ਵਿਚ ਕੋਈ ਅਜਿਹੀ ਥਾਂ ਨਹੀਂ ਹੈ, ਇਹ ਚਾਹੇ ਜੰਗਲ ਹੋਵੇ ਜਾਂ ਰੇਗਿਸਤਾਨ, ਉਥੇ ਰਹਿਣ ਵਾਲੇ ਲੋਕ ਉਸ ਥਾਂ ਨੂੰ ਪਿਆਰ ਨਾ ਕਰਦੇ ਹੋਣ। ਕਰੀਟਨ ਜਾਂ ਕਰੀਟ ਦੇ ਨਿਵਾਸੀ ਇਸ ਜਜ਼ਬੇ ਨੂੰ ਮਾਤਰੀ ਪਿਆਰ ਨਾਲ ਤੁਲਨਾ ਦਿੰਦੇ ਹਨ। ਇਥੋਪੀਆ ਦੇ ਨੀਗਰੋ ਇਸ ਵਿਚਾਰ ਦੇ ਹਨ ਕਿ ਰੱਬ ਨੇ ਆਪ ਉਨ੍ਹਾਂ ਦੇ ਜੰਗਲ ਤੇ ਮਾਰੂਥਲ ਸਿਰਜੇ ਹਨ ਅਤੇ ਬਾਕੀ ਦੀ ਦੁਨੀਆਂ ਫਰਿਸ਼ਤਿਆਂ ਨੇ ਬਣਾਈ ਹੈ। ਏਥਨਜ਼ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਸੂਰਜ, ਚੰਨ, ਤਾਰੇ ਅਤੇ ਗ੍ਰਹਿ ਸਿਰਫ਼ ਉਨ੍ਹਾਂ ਲਈ ਹੀ ਸਿਰਜੇ ਗਏ ਹਨ। ਮਾਲਟਾ ਦੇ ਲੋਕ ਜਿਹੜੇ ਚਟਾਨਾਂ ਤੇ ਰਹਿੰਦੇ ਹਨ, ਆਪਣੇ ਜਜ਼ੀਰੇ ਬਾਰੇ ਕਲਪਨਾ ਕਰਦੇ ਹਨ ਕਿ ਉਹ ਦੁਨੀਆਂ ਦਾ ਸਭ ਤੋਂ ਉੱਤਮ ਸਥਾਨ ਜਾਂ ਤਾਜ ਹੈ। ਕਰੀਟਨੇ ਨੇ ਆਪਣੇ ਦੇਸ਼ ਨੂੰ ਸਵਰਗ ਦਾ ਦਰਜਾ ਦਿੱਤਾ ਹੈ ਅਤੇ ਆਪਣੇ ਆਪ ਨੂੰ ਮਨੁੱਖਤਾ ਦੀ ਸ੍ਰੇਸ਼ਟਤਾ ਦੇ ਹੱਕ ਦਾ ਦਾਅਵਾ ਕਰਦੇ ਹਨ।

ਐਬੇ ਡੀ ਲਿੱਲੀ ਇਕ ਭਾਰਤੀ ਬਾਰੇ ਬਿਆਨ ਕਰਦਾ ਹੈ ਜਿਸ ਦੀਆਂ ਅੱਖਾਂ ਅੱਥਰੂਆਂ ਨਾਲ ਗਿੱਲੀਆਂ ਹੋ ਗਈਆਂ ਜਦੋਂ ਉਸਨੇ ਪੈਰਿਸ ਵਿਚ ਇਕ ਨੁਮਾਇਸ਼ ਵਿਚ ਆਪਣੇ ਦੇਸ਼ ਦੇ ਕੇਲੇ ਵੇਖੇ। ਉਸ ਵਕਤ ਉਸ ਨੇ ਇਉਂ ਮਹਿਸੂਸ ਕੀਤਾ ਜਿਵੇਂ ਕਿਤੇ ਉਹ ਆਪਣੇ ਹੀ ਦੇਸ਼ ਵਿਚ ਹੋਵੇ। ਜਦੋਂ ਇਕ ਵਿਦੇਸ਼ੀ ਨੇ ਅਮਰੀਕਾ ਦੇ ਅਸਲ ਵਸਨੀਕਾਂ ਨੂੰ ਕਿਸੇ ਹੋਰ ਥਾਂ ਉੱਤੇ ਜਾ ਕੇ ਵੱਸ ਜਾਣ ਦੀ ਸਲਾਹ ਦਿੱਤੀ ਤਾਂ ਉਨ੍ਹਾਂ ਉੱਤਰ ਦਿੱਤਾ ਕਿ ਉਹ ਆਪਣੇ ਮਰ ਚੁੱਕੇ ਵਡੇਰਿਆਂ ਨੂੰ ਕਿਵੇਂ ਕਹਿਣਗੇ ਕਿ ਉਹ ਉਸ ਦੇ ਮਗਰ ਕਿਸੇ ਓਪਰੀ ਥਾਂ 'ਤੇ ਆ ਜਾਣ।... ਆਖਦਾ ਹੈ ਕਿ ਅਫ਼ਰੀਕਾ ਵਿਚ ਗੋਲਡ ਸਾਹਿਲ ਦੇ ਨੀਗਰੋ ਵਿਚ ਆਪਣੇ ਦੇਸ਼ ਵਿਚ ਦਫ਼ਨ ਹੋਣ ਦੀ ਏਨੀ ਚਾਹ ਹੈ ਕਿ ਜੇਕਰ ਕੋਈ ਨੀਗਰੋ ਆਪਣੇ ਦੇਸ਼ ਤੋਂ ਕੋਹਾਂ ਦੂਰ ਮਰ ਜਾਂਦਾ ਹੈ ਅਤੇ ਉਸ ਦੇ ਮਿੱਤਰ ਇਸ ਹਾਲਤ ਵਿਚ ਨਹੀਂ ਹੁੰਦੇ ਕਿ ਉਹ ਇਕ ਲੱਤ ਅਤੇ ਬਾਂਹ ਨੂੰ ਕੱਟ ਕੇ ਆਪਣੇ ਦੇਸ਼ ਵਿਚ ਲੈ ਜਾ ਸਕਣ ਤਾਂ ਉਹ ਉਸ ਦੀ ਇੱਕ ਲੱਤ ਅਤੇ ਬਾਂਹ ਨੂੰ ਕੱਟ ਤੇ ਉਨ੍ਹਾਂ ਨੂੰ ਪਾਣੀ ਉਬਾਲ ਕੇ ਸਾਫ਼ ਕਰ ਲੈਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਲਿਜਾ ਕੇ ਪੂਰੇ ਆਦਰ ਅਤੇ ਇੱਜ਼ਤ ਨਾਲ ਦਫਨਾਉਂਦੇ ਹਨ।

ਜਾਵਾਵਾਸੀ ਆਪਣੇ ਦੇਸ਼ ਨੂੰ ਏਨਾ ਪਿਆਰ ਕਰਦੇ ਹਨ ਕਿ ਇਸ ਖੇਤੀ ਪ੍ਰਧਾਨ ਕੌਮ ਦੇ ਲੋਕਾਂ ਨੂੰ ਕੋਈ ਵੀ ਲਾਲਚ ਉਨ੍ਹਾਂ ਦੇ ਪੂਰਵਜਾਂ ਦੀਆਂ ਕਬਰਾਂ ਦਾ

ਤਿਆਗ ਨਹੀਂ ਕਰਵਾ ਸਕਦਾ। ਨਾਰਵੇ ਦੇ ਲੋਕ ਆਪਣੀਆਂ ਰੁੰਡ ਮਰੁੰਡ ਉੱਚੀਆਂ ਪਹਾੜੀਆਂ ਤੇ ਮਾਣ ਕਰਦੇ ਹਨ ਅਤੇ ਉਹ ਆਪਣੇ ਸਿੱਕਿਆਂ (ਡਾਲਰਾਂ) ਉੱਤੇ ਇਹ ਸ਼ਬਦ ਉਕਰਦੇ ਹਨ ਕਿ ਦੁਨੀਆਂ ਦੇ ਲੋਕਾਂ ਨੂੰ ਨਾਰਵੇ ਦੀਆਂ ਉੱਚੀਆਂ ਪਹਾੜੀਆਂ ਤੋਂ ਬਹਾਦਰੀ, ਹੌਸਲੇ ਅਤੇ ਸਿਦਕ ਬਾਰੇ ਸਿੱਖਣਾ ਚਾਹੀਦਾ ਹੈ ਜਿਹੜੇ ਕਿ ਸਾਰੇ ਹੀ ਸੱਚੀਉਂ ਆਦਰਯੋਗ ਸਬਕ ਹਨ।

ਰਾਜ ਨੇੜੇ ਸਥਿਤ ਸੈਲਸੇਲਦੀ ਕੋਹਿਸਤਾਨ, ਭਾਵੇਂ ਕਿ ਸੁੱਕਾ ਅਤੇ ਰੁਖ ਵਿਹੂਣਾ ਹੈ, ਲੋਕ ਬੜੀ ਸ਼ਿੱਦਤ ਨਾਲ ਉਸ ਨੂੰ ਪਿਆਰ ਕਰਦੇ ਹਨ। ਇਕ ਵੇਰਾਂ ਦੀ ਗੱਲ ਹੈ ਕਿ ਜਦੋਂ ਇਕ ਬਰਤਾਨੀਆਂ ਦਾ 'ਵਕੀਲ' ਇਹਨਾਂ ਪਹਾੜੀਆਂ ਦਾ ਸਰਵੇ ਕਰ ਰਿਹਾ ਸੀ ਤਾਂ ਇਕ ਪਹਾੜੀ ਚਰਵਾਹੇ ਨੇ ਬੜੇ ਮਾਣ ਨਾਲ ਸ਼ੇਖੀ ਮਾਰਦਿਆਂ ਉਸ ਨੂੰ ਪੁੱਛਿਆ ਕਿ ਕੀ ਉਸ ਦੇ ਦੇਸ਼ ਵਿਚ ਅਜਿਹੇ ਮਹਾਨ ਖ਼ੂਬਸੂਰਤ ਦ੍ਰਿਸ਼ ਹੋ ਸਕਦੇ ਸਨ। ਜਦੋਂ ਇਕ ਇਰਾਨੀ ਵਜ਼ੀਰ ਮਿਰਜ਼ਾ ਅਬੁਲ ਹਸਨ, ਇੰਗਲੈਂਡ ਵਿਚ ਰਹਿ ਰਿਹਾ ਸੀ, ਉਸ ਨੇ ਕਿਸੇ ਅੰਗਰੇਜ਼ ਨਾਲ ਗੱਲਬਾਤ ਦੌਰਾਨ ਅਨੁਭਵ ਕੀਤਾ ਕਿ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਕੋਲ ਏਨੇ ਵਧੀਆ ਸ਼ੀਸ਼ੇ ਅਤੇ ਆਰਾਮ ਦੀਆਂ ਚੀਜ਼ਾਂ ਨਹੀਂ ਹਨ ਜਿਹੜੀਆਂ ਕਿ ਏਥੇ (ਹਾਸਿਲ) ਹਨ ਅਤੇ ਨਾ ਹੀ ਸਾਡੇ ਦੇਸ਼ ਵਿਚ ਏਨੇ ਵਧੀਆ ਵਾਹਨ ਅਤੇ ਬੇਸ਼ੁਮਾਰ ਦੌਲਤ ਹੈ। ਪਰੰਤੂ ਸਾਡੇ ਦੇਸ਼ ਵਿਚ ਬਹੁਤ ਵਧੀਆ ਫਲ ਬਹੁਤ ਮਾਤਰਾ ਵਿਚ ਮਿਲਦੇ ਹਨ। ਇਸ ਤੋਂ ਇਲਾਵਾ, ਅਸੀਂ ਤਕਰੀਬਨ ਹਰ ਰੋਜ਼ ਸੂਰਜ ਨੂੰ ਦੇਖਦੇ ਹਾਂ।

ਦੇਸ਼ ਭਗਤੀ ਫਰਾਂਸੀਸੀ ਲੋਕਾਂ ਦੇ ਇਖ਼ਲਾਕ ਦਾ ਹਿੱਸਾ ਮੰਨੀ ਜਾਂਦੀ ਹੈ। ਸਮਾਂ ਅਤੇ ਫ਼ਾਸਲਾ ਕਿਸੇ ਵੀ ਸੂਰਤ ਵਿਚ ਇਸ ਭਾਵਨਾ ਨੂੰ ਕਮਜ਼ੋਰ ਨਹੀਂ ਕਰਦਾ। ਇਰਾਨ ਵਿਚ ਅਰਬ ਏਨੀ ਜ਼ਿਆਦਾ ਗਿਣਤੀ ਵਿਚ ਰਹਿੰਦੇ ਹਨ ਕਿ ਉਹ ਦੂਸਰੇ ਹੋਰ ਸਾਰੇ ਲੋਕਾਂ ਨੂੰ ਮਾਤ ਪਾ ਜਾਂਦੇ ਹਨ। ਉਹ ਖਜੂਰਾਂ 'ਤੇ ਹੀ ਗੁਜ਼ਾਰਾ ਕਰਦੇ ਹਨ। ਉੱਨੀਵੀਂ ਸਦੀ ਦੇ ਸ਼ੁਰੂ ਵਿਚ ਇਕ ਅਰਬੀ ਔਰਤ ਜਿਸ ਦਾ ਪਰਿਵਾਰ ਬੜੀ ਦੇਰ ਪਹਿਲਾਂ ਇਰਾਨ ਵਿਚ ਵਸ ਗਿਆ ਸੀ, ਇਰਾਨੀ ਰਾਸ਼ਟਰਪਤੀ ਦੇ ਬੱਚਿਆਂ ਨਾਲ ਇੰਗਲੈਂਡ ਗਈ। ਜਦੋਂ ਉਹ ਉਥੋਂ ਵਾਪਸ ਆਈ ਤਾਂ ਬਹੁਤ ਸਾਰੇ ਮਰਦ ਅਤੇ ਔਰਤਾਂ ਉਸ ਦੁਆਲੇ ਇੰਗਲੈਂਡ ਦੀ ਹਾਲਤ ਬਾਰੇ ਸੁਣਨ ਲਈ ਜੁੜ ਗਏ। ਉਸ ਨੇ ਲੰਡਨ ਦੀਆਂ ਗਲੀਆਂ, ਵਾਹਨਾਂ, ਘੋੜਿਆਂ ਅਤੇ ਦੌਲਤ ਦੀ ਬੜੀ ਤਾਰੀਫ਼ ਕੀਤੀ। ਸੁਣਨ ਵਾਲਿਆਂ ਨੂੰ ਇੰਗਲੈਂਡ ਦੀ ਖ਼ੁਸ਼ਹਾਲੀ ਨਾਲ ਬੜੀ ਈਰਖਾ ਹੋਈ। ਇਹਨਾਂ ਹੀ ਵਿਚਾਰਾਂ ਦੀ ਉਧੇੜ-ਬੁਨ ਵਿਚ (ਮਗਨ) ਉਹ ਆਪਣੇ ਘਰਾਂ ਨੂੰ ਜਾਣ ਲਈ ਤਿਆਰ ਹੋ ਰਹੇ ਸਨ ਜਦੋਂ ਅਰਬੀ ਔਰਤ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੇਸ਼ ਵਿਚ ਉਹਨੂੰ ਇਕ ਚੀਜ਼ ਦੀ ਬੜੀ ਘਾਟ ਲੱਗੀ। ਉਤਸੁਕਤਾ ਨਾਲ ਭਰੇ ਹੋਏ ਲੋਕਾਂ ਨੇ ਉਸ ਨੂੰ ਪੁੱਛਿਆ ਕਿ ਉਹ ਕਿਹੜੀ ਚੀਜ਼ ਸੀ। ਉਹਨੇ ਬੜੀ ਉਦਾਸੀ 'ਚ ਜਵਾਬ ਦਿੱਤਾ ਉਹ ਚੀਜ਼ ਖਜੂਰ ਦੇ ਦਰਖਤ ਸਨ। ਜਿੰਨਾ ਚਿਰ ਉਹ

ਉਥੇ ਰਹੀ ਉਸਦੀਆਂ ਅੱਖਾਂ ਆਲੇ ਦੁਆਲੇ ਇਹੀ ਭਾਲਦੀਆਂ ਰਹੀਆਂ ਪਰੰਤੂ ਉਸਨੂੰ ਉਥੇ ਇਕ ਵੀ ਖਜੂਰ ਦਾ ਦਰੱਖਤ ਨਹੀਂ ਦਿਸਿਆ। ਉਹ ਸੁਣ ਕੇ ਅਰਬਾਂ ਨੇ ਆਪਣਾ ਮਨ ਬਦਲ ਲਿਆ। ਉਨ੍ਹਾਂ ਨਾਲ ਈਰਖਾ ਕਰਨ ਦੀ ਬਜਾਏ, ਉਨ੍ਹਾਂ ਨੂੰ ਬਦੇਸ਼ੀਆਂ ਤੇ ਬੜਾ ਤਰਸ ਆਇਆ। ਇਸੇ ਤਰ੍ਹਾਂ ਯੂਨਾਨ ਦੇ ਲੋਕ ਆਪਣੇ ਤੋਂ ਬਿਨਾਂ ਦੂਸਰੇ ਦੇਸ਼ ਦੇ ਲੋਕਾਂ ਨੂੰ ਗੰਵਾਰ ਮੰਨਦੇ ਹਨ ਭਾਵੇਂ ਉਹ ਮਿਸਰ ਦੇ ਸਭਿਆ ਲੋਕ ਜਾਂ ਇਰਾਨ ਦੇ ਸਭਿਅਕ ਲੋਕ ਹੀ ਕਿਉਂ ਨਾ ਹੋਣ। ਅੱਜ ਵੀ ਚੀਨੀ ਲੋਕ ਅਮਰੀਕਾ, ਫਰਾਂਸ, ਜਰਮਨੀ, ਇੰਗਲੈਂਡ ਨੂੰ ਉਜੱਡ ਕਰਕੇ ਯਾਦ ਕਰਦੇ ਹਨ ਮੌਜਜ ਨੇ 411 ਸਾਲ ਬਾਦ ਜ਼ੋਜ਼ਫ ਦੀਆਂ ਅਸਥੀਆਂ ਆਪਣੇ ਦੇਸ਼ ਕਾਨਨ (ਫਲਸਤੀਨ) ਨੂੰ ਭੇਜੀਆਂ। ਕਿਸੇ ਵੀ ਸਮਾਜ ਜਾਂ ਵਿਅਕਤੀ ਵਿਚ ਦੇਸ਼ ਭਗਤੀ ਦੀ ਘਾਟ ਨਹੀਂ ਹੈ। ਯਾਦ ਰੱਖੋ, ਜਦੋਂ ਦੋ ਸਕੂਲਾਂ ਦੀਆਂ ਟੀਮਾਂ ਇਕ ਦੂਜੇ ਵਿਰੁੱਧ ਮੈਚ ਖੇਡਦੀਆਂ ਹਨ ਤਾਂ ਉਸ ਸਕੂਲ ਦੇ ਛੋਟੇ ਵੱਡੇ ਬੱਚੇ ਇਉਂ ਦਾਅਵਾ ਕਰਦੇ ਹਨ ਕਿ ਉਨ੍ਹਾਂ ਮੈਚ ਜਿੱਤ ਲਿਆ ਹੈ ਭਾਵੇਂ ਕਿ ਉਨ੍ਹਾਂ ਆਪ ਖੇਡ ਵਿਚ ਹਿੱਸਾ ਨਹੀਂ ਲਿਆ ਹੁੰਦਾ। ਜਦ ਬੱਚੇ ਆਪਣੇ ਸਕੂਲ ਲਈ ਇਸ ਤਰ੍ਹਾਂ ਮਹਿਸੂਸ ਕਰ ਸਕਦੇ ਹਨ ਤਾਂ ਅਸੀਂ ਆਪਣੇ ਦੇਸ਼ ਲਈ ਜਿਥੇ ਜੰਮੇ ਹਾਂ, ਵਧੇ ਫੁੱਲੇ ਹਾਂ, ਲਈ ਕਿਉਂ ਮਹਿਸੂਸ ਨਹੀਂ ਕਰਦੇ।

ਇਹ ਸਭ ਦੇਸ਼ ਭਗਤੀ ਦੇ ਕ੍ਰਿਸ਼ਮੇ ਹਨ। ਇਸ ਪਵਿਤਰ ਭਾਵਨਾ ਦਾ ਪ੍ਰਵਾਹ ਸਾਡੇ ਵਿਚ ਵੀ ਹੈ। ਸਾਡੀ ਮਾਤ ਭੂਮੀ ਸਾਨੂੰ ਵੀ ਪਿਆਰੀ ਹੈ। ਅਸੀਂ ਏਥੇ ਪੈਦਾ ਹੋਏ ਹਾਂ ਤੇ ਇਥੇ ਹੀ ਮਰਾਂਗੇ। ਇਹ ਭਾਵਨਾ ਸਾਡੇ ਵਿਚ ਮੌਜੂਦ ਹੈ ਪਰੰਤੂ ਇਹ ਅਜੇ ਬਾਹਰ ਨਹੀਂ ਨਿਕਲੀ। ਜਿਹੜੇ ਆਖਦੇ ਹਨ ਕਿ ਉਹ ਇਸ ਭਾਵਨਾ ਤੋਂ ਵਿਰਵੇ ਹਨ, ਉਹ ਝੂਠੇ ਹਨ। ਸਾਡੀ ਹਾਲਤ ਉਸ ਵਿਅਕਤੀ ਜਿਹੀ ਹੈ ਜਿਹੜਾ ਜਾਗਦਾ ਸੁੱਤਾ ਪਿਆ ਹੋਵੇ। ਅਸੀਂ ਗਤੀਹੀਨ ਹਾਂ, ਪਰ ਅਸੀਂ ਅਜੇ ਮਰੇ ਨਹੀਂ। ਸਾਡੇ ਵਿਚ ਅਹਿਸਾਸ ਅਜੇ ਜ਼ਿੰਦਾ ਹੈ। ਅਸੀਂ ਗ਼ਮੀ ਤੇ ਖ਼ੁਸ਼ੀ ਮਹਿਸੂਸ ਕਰਦੇ ਹਾਂ। ਆਪਣੇ ਮੰਤਵ ਨੂੰ ਹਾਸਲ ਕਰਨ ਲਈ, ਸਾਨੂੰ ਸੈਂਕੜੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਨੂੰ ਹੌਸਲਾ ਨਹੀਂ ਹਾਰਨਾ ਚਾਹੀਦਾ। ਯਾਦ ਰੱਖੋ, ਇਕ ਮਾਂ ਆਪਣੇ ਬੱਚੇ ਨੂੰ ਬਚਾਉਂਦੀ ਹੈ। ਜਦੋਂ ਉਹ ਘਰ ਵਿਚ ਸੁੱਤਾ ਪਿਆ ਹੋਵੇ ਤੇ ਉਸ ਘਰ ਨੂੰ ਅੱਗ ਲਗ ਜਾਵੇ ਤਾਂ ਉਹ ਉਸ ਅੱਗ ਵਿਚ ਵੀ ਕੁੱਦ ਜਾਂਦੀ ਹੈ। ਇਸੇ ਤਰ੍ਹਾਂ ਸਾਨੂੰ ਵੀ ਆਪਣੇ ਮੰਤਵ ਨੂੰ ਪਾਉਣ ਲਈ ਜੇਲ੍ਹਾਂ ਦੇ ਹਰ ਤਰ੍ਹਾਂ ਦੇ ਕਸ਼ਟਾਂ ਨੂੰ ਸਹਿਣਾ ਪਵੇਗਾ। ਭਰਾਵੋ, ਅਸੀਂ ਸੱਚ ਦੇ ਰਾਹ ਤੇ ਚਲ ਰਹੇ ਹਾਂ ਅਤੇ ਕੋਈ ਵੀ ਸੱਚਾਈ ਦਾ ਮੁਕਾਬਲਾ ਕਰਨ ਦਾ ਹੌਸਲਾ ਨਹੀਂ ਕਰ ਸਕਦਾ। ਤੁਹਾਨੂੰ ਸਭ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਹਰ ਇਕ ਨੇ ਆਖ਼ਿਰ ਤਾਂ ਮਰਨਾ ਹੀ ਹੈ ਜੇ ਇਹ ਸੱਚ ਹੈ ਤਾਂ ਅਸੀਂ ਅਜਾਈਂ ਮੌਤ ਕਿਉਂ ਮਰੀਏ? ਤਾਂ ਅਸੀਂ ਸ਼ਾਨਾਮੱਤੀ ਮੌਤ ਕਿਉਂ ਨਾ ਮਰੀਏ? ਅਸੀਂ ਦੇਸ਼ ਭਗਤੀ ਲਈ ਕਿਉਂ ਨਾ ਮਰੀਏ? ਤੁਹਾਨੂੰ ਪਤਾ ਹੈ ਕਿ

ਕੁੱਤੇ ਨੂੰ ਸਾਰੇ ਜਾਨਵਰਾਂ ਤੋਂ ਘਟੀਆ ਸਮਝਿਆ ਜਾਂਦਾ ਹੈ। ਇਸਦਾ ਕਾਰਨ ਕੀ ਹੈ? ਇਸ ਵਿਚ ਦੇਸ਼ ਭਗਤੀ ਦਾ ਜਜ਼ਬਾ ਨਹੀਂ ਹੈ। ਇਹ ਰੋਟੀ ਦੇ ਟੁਕੜੇ ਨੂੰ ਹੀ ਵੇਖਦਾ ਹੈ। ਇਹ ਉਸੇ ਥਾਂ ਰਹਿ ਜਾਂਦਾ ਹੈ ਜਿਥੇ ਉਸਨੂੰ ਰੋਟੀ ਦਾ ਟੁਕੜਾ ਮਿਲੇ। ਇਸੇ ਪ੍ਰਕਾਰ ਸਾਡੇ ਮੁਲਕ ਦੇ ਵੀ ਸੈਂਕੜੇ ਲੋਕ ਹਨ ਜੋ ਕੁੱਤੇ ਵਾਂਗੂ ਟੁੱਕੜਬੋਚ ਹਨ ਅਤੇ ਆਪਣੇ ਦੇਸ਼ ਨਾਲ ਦਗ਼ਾ ਕਰਕੇ ਆਪਣਾ ਪੇਟ ਪਾਲਦੇ ਹਨ। ਫਿਰ ਵੀ ਉਹ ਆਪਣੇ ਆਪ ਨੂੰ ਮਾਣ ਮੱਤਾ ਸਮਝਦੇ ਹਨ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮਾਣ ਤਾਣ ਚੰਗੇ ਗੁਣਾਂ ਨਾਲ ਹਾਸਲ ਕੀਤਾ ਜਾ ਸਕਦਾ ਹੈ ਨਾ ਕਿ ਪੇਟ ਭਰ ਕੇ? ਮਾਣ ਤਾਣ ਆਪਣੇ ਵਿਚ ਵਿਸ਼ੇਸ਼ ਖ਼ੂਬੀਆਂ ਭਰਨ ਨਾਲ ਮਿਲਦਾ ਹੈ, ਇਹ ਸੋਹਣੇ ਕੱਪੜੇ ਪਹਿਨਣ ਨਾਲ ਜਾਂ ਵਧੀਆ ਸਵਾਰੀ ਕਰਨ ਨਾਲ ਨਹੀਂ ਮਿਲਦਾ। ਤੁਸੀਂ ਮੈਨੂੰ ਦੱਸੋ ਕਿ ਕੀ ਇਕ ਕੁੱਤੇ ਨੂੰ ਵਧੀਆ ਗੱਡੀ 'ਚ ਬਿਠਾ ਦਿਉ। ਜਾਂ ਉਸ ਨੂੰ ਸੁਹਣੇ ਕੱਪੜੇ ਪੁਆ ਦਿਉ ਤਾਂ ਉਹ ਆਦਰਯੋਗ ਹੋ ਜਾਵੇਗਾ। ਨਹੀਂ, ਬਿਲਕੁਲ ਨਹੀਂ। ਦੇਸ਼ ਭਗਤ ਲਈ ਤਾਂ ਸਾਦਾ ਪਹਿਰਾਵਾ ਅਤੇ ਸਾਦਾ ਭੋਜਨ ਹੀ ਕਾਫੀ ਹੈ। ਅਲਬੱਤਾ ਉਸ ਦੀ ਆਤਮਾ ਸ਼ੁਧ ਤੇ ਸਾਫ਼ ਹੋਣੀ ਚਾਹੀਦੀ ਹੈ। ਜ਼ਾਰ ਦੀ ਭੈੜੀ ਹਾਲਤ ਵੱਲ ਦੇਖੋ। ਇਹ ਉਸ ਦੀ ਗੰਦੀ ਆਤਮਾ ਕਰਕੇ ਹੈ। ਭਾਵੇਂ ਕਿ ਉਹ ਰੂਸੀ ਸਾਮਰਾਜ ਦਾ ਮਹਾਨ ਬਾਦਸ਼ਾਹ ਹੈ, ਫਿਰ ਵੀ ਕੀ ਉਸ ਨੂੰ ਕੋਈ ਖ਼ੁਸ਼ਕਿਸਮਤ ਆਖਦਾ ਹੈ। ਨਹੀਂ। ਉਸ ਨੂੰ ਹਮੇਸ਼ਾ ਆਪਣੀ ਜਾਨ ਦਾ ਖੌ ਰਹਿੰਦਾ ਹੈ। ਇਸ ਦੇ ਮੁਕਾਬਲੇ ਨੰਗ ਧੜੰਗ ਸੰਤ ਆਪਣੀ ਸ਼ੁੱਧ ਆਤਮਾ ਨਾਲ ਖ਼ੁਸ਼ ਤੇ ਪ੍ਰਸੰਨ ਹੈ। ਜੋ ਨਿਡਰ ਹੈ ਉਹ ਹੀ ਚਹਿਕਦਾ ਹੋਇਆ ਅਤੇ ਨਿਧੜਕ ਹੋ ਕੇ ਘੁੰਮਦਾ ਫਿਰਦਾ ਹੈ। ਇਕ ਕਾਤਲ ਸੁਫ਼ਨੇ ਵਿਚ ਵੀ ਡਰ ਨਾਲ ਚੀਕਾਂ ਮਾਰਦਾ ਹੈ। ਜੋ ਕੋਈ ਆਪਣੀ ਆਤਮਾ ਵਿਰੁੱਧ ਕੰਮ ਨਹੀਂ ਕਰਦਾ, ਉਸ ਨੂੰ ਕਿਸੇ ਥਾਂ ਵੀ, ਏਥੋਂ ਤੱਕ ਕਿ ਖ਼ਤਰਨਾਕ ਥਾਵਾਂ ਉੱਤੇ ਵੀ ਡਰਨ ਦੀ ਲੋੜ ਨਹੀਂ। 1857 ਦੇ ਗਦਰ ਤੋਂ ਪਹਿਲਾਂ ਜਦ ਅੰਗਰੇਜ਼ ਭਾਰਤ ਆਏ, ਉਹ ਰਾਜਿਆਂ ਨੂੰ ਸਜੀਆਂ ਧਜੀਆਂ ਗੱਡੀਆਂ ਵਿਚ ਬਹੁਤ ਸਾਰੇ ਬਾਡੀਗਾਰਡਾਂ ਵਿਚ ਘਿਰੇ ਘੁੰਮਦੇ ਦੇਖਦੇ ਸਨ। ਕਿਉਂਕਿ ਉਹ ਬੇਇਨਸਾਫ਼ੀ ਸਨ, ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਦੇ ਸਨ, ਇਸੇ ਕਰਕੇ ਲੋਕਾਂ ਤੋਂ ਡਰਦੇ ਸਨ। ਅੰਗਰੇਜ਼ ਅਜਿਹੀ ਗ਼ੁਲਾਮਾਨਾ ਜ਼ਿੰਦਗੀ ਤੋਂ ਨਫ਼ਰਤ ਕਰਦੇ ਸਨ ਕਿਉਂਕਿ ਇਸ ਵਿਚ ਅਜ਼ਾਦੀ ਨਹੀਂ ਸੀ। ਉਹ ਖੁੱਲ੍ਹੇ ਘੁੰਮਦੇ ਸਨ, ਲੋਕ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਸਨ, ਕਿਉਂਕਿ ਤਦ ਤਕ ਉਹ ਇਨਸਾਫ਼ ਪਸੰਦ ਸਨ ਕਿਸੇ ਨੂੰ ਦੁਖ ਨਹੀਂ ਪਹੁੰਚਿਆਉਂਦੇ ਸਨ। ਹੌਲ਼ੀ-ਹੌਲ਼ੀ ਉਹ ਵੀ ਲੋਕਾਂ ਤੇ ਜ਼ੁਲਮ ਕਰਨ ਲੱਗੇ। ਮਿਸਟਰ ਕਲਾਰਕ ਦੀ ਗੱਲ ਹੀ ਸੁਣੋ, ਉਹ ਲੋਕਾਂ 'ਤੇ ਬੁਰੀ ਤਰ੍ਹਾਂ ਜ਼ੁਲਮ ਕਰਦਾ ਸੀ, ਜਿਸਦੇ ਨਤੀਜੇ ਵਜੋਂ ਉਹ ਖ਼ੁਦ ਹੀ ਏਨਾ ਡਰ ਗਿਆ ਕਿ ਰਿਟਾਇਰ ਹੋਣ ਸਮੇਂ, ਉਹ ਚੋਰੀ ਛਿਪੇ ਸ਼ਹਿਰ ਛੱਡ ਕੇ ਦੌੜ ਗਿਆ ਕਿ ਕਿਤੇ ਕੋਈ ਮਾਰ ਹੀ ਨਾ ਦੇਵੇ। ਅੰਮ੍ਰਿਤ ਬਜ਼ਾਰ ਪੱਤ੍ਰਿਕਾ ਨੇ ਲਿਖਿਆ ਕਿ ਇਹ ਚੰਗਾ

ਹੁੰਦਾ ਜੇ ਉਹ ਔਰਤ ਦੇ ਪਹਿਰਾਵੇ ਵਿਚ ਡੋਲੀ ਵਿਚ ਲੁੱਕ ਕੇ ਜਾਂਦਾ। ਜ਼ਾਲਮ ਤਾਂ ਸੁਫ਼ਨਿਆਂ ਵਿਚ ਵੀ ਡਰਦੇ ਰਹਿੰਦੇ ਹਨ। ਜਿਨ੍ਹਾਂ 'ਤੇ ਉਨ੍ਹਾਂ ਜ਼ੁਲਮ ਕੀਤੇ ਹੁੰਦੇ ਹਨ, ਉਨ੍ਹਾਂ ਤੋਂ ਹੀ ਡਰਦੇ ਰਹਿੰਦੇ ਹਨ। ਜਿਨ੍ਹਾਂ ਦੀ ਆਤਮਾ ਸਾਫ਼ ਹੁੰਦੀ ਹੈ ਉਨ੍ਹਾਂ ਨੂੰ ਕਿਸੇ ਦੁਖ ਤਕਲੀਫ਼ ਦਾ ਡਰ ਨਹੀਂ ਹੁੰਦਾ। ਅਜਿਹੇ ਆਦਮੀਆਂ ਨੂੰ ਜਿੰਨੀ ਵੀ ਵੱਧ ਤਕਲੀਫ 'ਚੋਂ ਲੰਘਣਾ ਪਵੇ ਇਹ ਉਨੇ ਹੀ ਦ੍ਰਿੜ੍ਹ ਹੋ ਜਾਂਦੇ ਹਨ। ਉਹ ਸੋਨੇ ਜਿਹੇ ਹੁੰਦੇ ਹਨ ਜਿਸਨੂੰ ਜਿੰਨਾਂ ਕੁੱਟੋ ਉਹ ਓਨਾਂ ਹੀ ਚਮਕਦਾ ਹੈ। ਕਾਲੇ ਕਾਰਨਾਮਿਆਂ ਵਾਲੇ ਲੋਕ ਤੇ ਮਾੜੀ ਜ਼ਹਿਨੀਅਤ ਵਾਲੇ ਲੋਕ ਜਿਵੇਂ ਕਿ ਔਰੰਗਜ਼ੇਬ ਇਸ ਦੁਨੀਆਂ ਵਿਚ ਵਧ ਫੁਲ ਨਹੀਂ ਸਕਦੇ। ਦੇਸ਼ ਭਗਤ ਬਾਬੂ ਬਿਪਨ ਚੰਦਰ ਪਾਲ ਇਕ ਅਜਿਹੀ ਹੀ ਸਾਫ਼ ਆਤਮਾ ਵਾਲੀ ਸ਼ਖ਼ਸੀਅਤ ਹੈ। ਉਹ ਆਪਣੀ ਆਤਮਾ ਦੀ ਆਵਾਜ਼ ਸੁਣਦਾ ਹੈ ਅਤੇ ਇਸ ਦੀ ਖ਼ਾਤਰ ਉਹਨੇ ਜੇਲ੍ਹ ਜਾਣਾ ਵੀ ਮਨਜ਼ੂਰ ਕੀਤਾ ਪਰੰਤੂ ਉਸ ਨੇ ਆਪਣੀ ਆਤਮਾ ਦੀ ਆਵਾਜ਼ ਦੇ ਵਿਰੁੱਧ ਕੁਝ ਨਹੀਂ ਕੀਤਾ। ਉਹਨੂੰ ਤੁਹਾਡੀਆਂ ਮੁਬਾਰਕਾਂ ਦੀ ਹੀ ਸਿਰਫ਼ ਲੋੜ ਨਹੀਂ।

ਉਸ ਦੀ ਖ਼ੁਸ਼ੀ ਇਸ ਵਿਚ ਹੈ ਕਿ ਤੁਸੀਂ ਸਾਰੇ ਉਸ ਦੇ ਆਦਰਸ਼ਾਂ 'ਤੇ ਚੱਲੋ ਅਤੇ ਆਪਣੇ ਦੇਸ਼ ਨੂੰ ਖ਼ੁਸ਼ਹਾਲ ਬਣਾਉਣ ਲਈ ਢਹਿੰਦੀ ਕਲਾ 'ਚੋਂ ਕੱਢਣ ਲਈ, ਇਸ ਵਿਚ ਨਵੀਂ ਰੂਹ ਫੂਕਣ ਅਤੇ ਦੇਸ਼ ਦਾ ਮਾਣ ਤਾਣ ਵਧਾਉਣ ਵਿਚ ਹੈ। ਦੇਖੋ, ਅਸੀਂ ਚੀਨ ਅਤੇ ਟਰਾਂਸਵੈਲ ਵਿਚ ਅੰਗਰੇਜ਼ਾਂ ਦੀ ਅਥਾਹ ਸੇਵਾ ਕੀਤੀ ਹੈ ਪਰੰਤੂ ਸਾਨੂੰ ਇਸ ਦਾ ਕੋਈ ਲਾਭ ਨਹੀਂ ਹੋਇਆ ਤੇ ਸਾਡੇ ਨਾਲ ਉਹੀ ਅਪਮਾਨਜਨਕ ਵਿਹਾਰ ਕੀਤਾ ਗਿਆ। ਏਸ਼ਿਆਈਆਂ ਦੀ ਹਾਲਤ ਬਹੁਤ ਹੀ ਖ਼ਰਾਬ ਹੈ। ਭਰਾਵੋ, ਅੱਜ ਜੇਕਰ ਈਸਾ ਮਸੀਹ ਵੀ ਟਰਾਂਸਵੈਲ ਜਾਂਦਾ ਤਾਂ ਏਸ਼ਿਆਈ ਹੋਣ ਕਰਕੇ ਉਸ ਨੂੰ ਉਥੇ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ ਉਸ ਦੀਆਂ ਵੀ ਉਂਗਲਾਂ ਦੇ ਨਿਸ਼ਾਨ ਲਏ ਜਾਂਦੇ। ਆਪਣੇ ਅਤੇ ਆਪਣੇ ਭਰਾਵਾਂ ਦੇ ਮਾਣ ਅਪਮਾਨ ਨੂੰ ਸਮਝੋ। ਪਿਛਾਂਹ ਕਦਮ ਨਾ ਧਰੋ, ਪਰ ਤਰੱਕੀ ਦੇ ਰਸਤੇ ਉੱਤੇ ਹਮੇਸ਼ਾ ਅਗਾਂਹ ਵਧੋ। ਮਜ਼ਬੂਤ ਇਰਾਦੇ ਵਾਲੇ ਇਨਸਾਨ ਬਣੋ, ਇਹ ਠਾਣ ਲਉ ਕਿ ਹੁਣ ਤੁਸੀਂ ਕਦਮ ਪਿਛਾਂਹ ਨਹੀਂ ਕਰੋਗੇ। ਇਹ ਹਮੇਸ਼ਾ ਅੱਗੇ ਹੀ ਵਧਣਗੇ। ਬਿਨਾਂ ਸ਼ੱਕ ਸਾਨੂੰ ਕਈ ਕਸ਼ਟ ਝੱਲਣੇ ਪੈਣਗੇ ਪਰ ਸਾਡੇ ਕਦਮ ਹਮੇਸ਼ਾ ਅੱਗੇ ਵੀ ਵਧਦੇ ਰਹਿਣਗੇ। ਭਰਾਵੋ ਹੁਣ ਢੈਲੇ ਪੈਣ ਦਾ ਕੋਈ ਲਾਭ ਨਹੀਂ। ਹਰ ਕੋਈ ਤੁਹਾਡੇ ਸੰਜਮ 'ਤੇ ਨਾਖ਼ੁਸ਼ ਹੈ। ਨਰਮੀ ਅਤੇ ਗਰਮੀ ਦੋਵੇਂ ਵਰਤੋ। ਢੁਕਵੇਂ ਮੌਕੇ ਸਖ਼ਤ ਕਦਮ ਚੁੱਕੋ, ਜਦੋਂ ਲੋੜ ਹੋਵੇ ਦ੍ਰਿੜ੍ਹਤਾ ਨਾਲ ਕਾਇਮ ਰਹੋ, ਨਰਮੀ ਵਰਤੋ, ਜਦੋਂ ਇਸ ਦੀ ਲੋੜ ਹੋਵੇ। ਨਰਮੀ ਚੰਗੀ ਹੈ ਪਰ ਗਰਮੀ ਵੀ ਭੈੜੀ ਨਹੀਂ ਹੈ। ਇਸ (ਗਰਮੀ) ਨਾਲ ਕਈ ਪ੍ਰਾਪਤੀਆਂ ਹੋਈਆਂ ਹਨ। ਅੰਗਰੇਜ਼ ਵੀ ਇਹਨਾਂ ਦੋਹਾਂ ਦੀ ਵਰਤੋਂ ਕਰਦੇ ਹਨ। ਇਕ ਵੇਲੇ ਉਹ ਨਰਮੀ ਵਰਤਦੇ ਹਨ ਤਾਂ ਦੂਸਰੇ ਵੇਲੇ ਬੇਰਹਿਮ ਤਾਕਤ ਦਾ ਇਸਤੇਮਾਲ ਕਰਦੇ ਹਨ। ਇਸੇ ਪ੍ਰਕਾਰ ਤੁਹਾਨੂੰ ਵੀ ਤਾਕਤ ਦਾ ਇਸਤੇਮਾਲ ਕਰਨਾ

ਚਾਹੀਦਾ ਹੈ। ਜਦੋਂ ਨਰਮੀ ਦਾ ਕੋਈ ਲਾਭ ਨਹੀਂ ਹੁੰਦਾ। ਅੰਨ੍ਹੇਵਾਹ ਮਗਰ ਲੱਗਣ ਦੀ ਪੁਰਾਣੀ ਆਦਤ ਛੱਡ ਦਿਉ। ਤਕੜੇ ਹੋਵੋ। ਅਸੀਂ ਕਮਜ਼ੋਰ ਨਹੀਂ ਹਾਂ। ਅਸੀਂ ਤਾਂ ਅੰਨ੍ਹੇਵਾਹ ਕਿਸੇ ਦੇ ਮਗਰ ਲੱਗਣ ਦਾ ਖਮਿਆਜ਼ਾ ਭੁਗਤ ਰਹੇ ਹਾਂ। ਅਸੂਲਾਂ ਵਾਲੇ ਅਤੇ ਆਜ਼ਾਦ ਖ਼ਿਆਲਾਂ ਦੇ ਵਿਅਕਤੀ ਬਣੋ। ਇਕ ਵਾਰੀ ਮੁਜ਼ਫਰਗੜ੍ਹ ਇਕ ਆਦਮੀ ਨੇ ਆਪਣੇ ਮੁੰਡੇ ਦੇ ਵਿਆਹ 'ਤੇ ਟੋਕਰੀ ਵਿਚੋਂ ਬਿੱਲੀ ਛੱਡ ਦਿੱਤੀ। ਉਦੋਂ ਤੋਂ ਵਿਆਹਾਂ ਤੇ ਬਿੱਲੀ ਛੱਡਣ ਦਾ ਰਿਵਾਜ਼ ਬਣ ਗਿਆ। ਦੂਜਿਆਂ ਦੇ ਦਬਾਉ ਵਿਚ ਨਾ ਆਵੋ, ਆਪਣੀ ਆਤਮਾ ਦੀ ਆਵਾਜ਼ ਸੁਣੋ। ਸਿੱਖ ਗੁਰੂਆਂ ਦੀ ਸਿੱਖਿਆ ਤੇ ਚੱਲੋ, ਮੈਜ਼ਿਨੀ ਤੇ ਗੈਰੀ ਬਾਲਡੀ ਤੋਂ ਪ੍ਰੇਰਨਾ ਲਵੋ। ਪਾਲ ਅਤੇ ਤਿਲਕ ਐਸੇ ਹੀ ਅਖਲਾਕੀ ਪੱਧਰ ਦੇ ਦੇਸ਼ ਭਗਤ ਹਨ। ਉਹ ਉਹੀ ਕੁਝ ਕਰਦੇ ਹਨ ਜੋ ਉਨ੍ਹਾਂ ਦੀ ਆਤਮਾ ਉਨ੍ਹਾਂ ਨੂੰ ਕਰਨ ਲਈ ਕਹਿੰਦੀ ਹੈ। ਉਹ ਆਪਣੇ ਦੇਸ਼ ਦੀ ਹਾਲਤ ਸੁਧਾਰਨਾ ਚਾਹੁੰਦੇ ਹਨ। ਅੱਗੇ ਆਉ। ਅਸੀਂ ਸਾਰੇ ਇਸ ਪਵਿੱਤਰ ਕਾਰਜ ਵਿਚ ਆਪਣਾ ਹੱਥ ਵਟਾਈਏ ਅਤੇ ਉਨ੍ਹਾਂ ਦੇ ਨਿਸ਼ਕਾਮ ਸੇਵਾ, ਦੇਸ਼ਭਗਤੀ ਅਤੇ ਪਵਿੱਤਰ ਵਿਚਾਰਾਂ ਨੂੰ ਦੇਸ਼ ਦੇ ਕੋਨੇ ਕੋਨੇ ਵਿਚ ਫੈਲਾਈਏ।

14.

ਸਰਦਾਰ ਅਜੀਤ ਸਿੰਘ ਅਤੇ ਲਾਹੌਰ ਦੇ ਡਿਪਟੀ ਕਮਿਸ਼ਨਰ ਵਿਚਕਾਰ ਹੋਈ ਮੁਲ਼ਾਕਾਤ ਮਿਤੀ 13 ਮਾਰਚ, 1908 ਦੇ ਕੁਝ ਅੰਸ਼

ਉੱਤਰ (ਸਰਦਾਰ ਅਜੀਤ ਸਿੰਘ ਵੱਲੋਂ ਦਿੱਤੇ ਗਏ)– "ਮੈਂ ਲੋਕਾਂ ਦੀ ਵਾਹ-ਵਾਹ ਦਾ ਭੁੱਖਾ ਨਹੀਂ, ਨਾ ਹੀ ਮੈਂ ਇਹ ਪ੍ਰਵਾਹ ਕਰਦਾ ਹਾਂ ਕਿ ਕੋਈ ਮੈਨੂੰ ਚਾਹੁੰਦਾ ਹੈ, ਜਾਂ ਨਹੀਂ। ਮੈਂ ਆਪਣੇ ਗਿਆਨ ਅਨੁਸਾਰ ਜੋ ਕੁਝ ਆਪਣੇ ਦੇਸ਼ ਦੇ ਭਲੇ ਲਈ ਠੀਕ ਸਮਝਦਾ ਹਾਂ, ਕਰਦਾ ਹਾਂ। ਮੈਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਮੇਰੀ ਜਲਾਵਤਨੀ ਨੇ ਮੇਰੇ ਲਈ ਮਾਣ ਪੈਦਾ ਕੀਤਾ ਹੈ ਜਾਂ ਬਦਨਾਮੀ। ਜਿਨ੍ਹਾਂ ਨੂੰ ਤੁਸੀਂ ਸ਼ਰਾਰਤੀ ਕਹਿੰਦੇ ਹੋ, ਉਹ ਮੇਰੀਆਂ ਨਜ਼ਰਾਂ ਵਿਚ ਦੇਸ਼ ਭਗਤ ਹਨ। ਜਿਨ੍ਹਾਂ ਨੂੰ ਤੁਸੀਂ ਚੰਗੇ ਬੰਦੇ ਸਮਝਦੇ ਹੋ ਉਹ ਮੇਰੇ ਖ਼ਿਆਲ ਵਿਚ ਗ਼ਦਾਰ ਹਨ। ਜੋ ਕੁਝ ਤੁਸੀਂ ਮੇਰੇ ਬਾਰੇ ਜਾਣਦੇ ਹੋ ਉਹ ਤੁਸੀਂ ਪਾਰਲੀਮੈਂਟ ਦੇ ਨੋਟਿਸ ਵਿਚ ਲਿਆ ਸਕਦੇ ਹੋ। ਮੈਂ ਆਪ ਐਲਾਨ ਕਰਦਾ ਹਾਂ ਕਿ ਮੈਂ ਇਕ ਗਰੀਬ ਆਦਮੀ ਹਾਂ, ਪਰ ਮੇਰਾ ਦਿਲ ਗਰੀਬ ਨਹੀਂ। ਜਿਥੋਂ ਤਕ ਮੇਰੇ ਤਾਜ ਪਹਿਨਣ ਦਾ ਸੰਬੰਧ ਹੈ, ਮੈਂ ਕੇਵਲ ਇਹ ਕਹਾਂਗਾ ਕਿ ਮਹਾਰਾਜਿਆਂ ਦਾ ਜੀਵਨ ਆਮ ਆਦਮੀਆਂ ਨਾਲੋਂ ਕਿਤੇ ਬੁਰਾ ਹੁੰਦਾ ਹੈ। ਇਸ ਲਈ ਮੈਂ ਸ਼ਬਦ 'ਮਹਾਰਾਜਾ' ਨੂੰ ਕੋਈ ਮਹੱਤਵ ਨਹੀਂ ਦਿੰਦਾ ਅਤੇ ਨਾ ਹੀ ਇਸ ਸਮੇਂ ਦੇ ਮੇਰੇ ਦੇਸ਼ ਦੇ ਹਾਲਾਤ ਦਿੰਦੇ ਹਨ। ਇਹ ਕਹਿਣਾ ਬਿਲਕੁਲ ਗਲਤ ਹੈ ਕਿ ਮੈਂ ਆਪਣੇ ਸਿਰ

'ਤੇ ਤਾਜ ਨੂੰ ਰੱਖ ਕੇ ਥਾਂ ਤੋਂ ਥਾਂ ਸਫ਼ਰ ਕਰਦਾ ਫਿਰਦਾ ਹਾਂ। ਮੈਂ ਇਕ ਸਿੱਖ ਹਾਂ, ਇਸ ਲਈ ਮੈਂ ਇਹ ਰਾਜਿਆਂ ਵਾਲੀ ਟੋਪੀ ਇਕ ਪਲ ਵੀ ਨਹੀਂ ਪਹਿਨ ਸਕਦਾ। ਭਾਵੇਂ ਮੈਂ ਇਕ ਅਪਰਾਧ ਕੀਤਾ ਹੈ ਉਹ ਇਹ ਹੈ ਕਿ ਮੈਂ ਪਾਰਲੀਮੈਂਟ ਦੇ ਮੈਂਬਰ, ਜਿਹੜੇ ਇਥੇ ਆਏ ਸਨ, ਨੂੰ ਮਿਲਿਆ ਅਤੇ ਉਨ੍ਹਾਂ ਨੂੰ ਰਾਜਸੀ ਦਸ਼ਾ ਦਾ ਹਾਲ ਦਸਿਆ। ਜਿਥੋਂ ਤੱਕ ਉਸ ਗਲਤ-ਬਿਆਨੀ ਦਾ ਸੰਬੰਧ ਹੈ, ਉਹ ਸੱਚੇ ਤੱਥ ਹਨ। ਕਿਉਂਕਿ ਲੋਕ ਉਨ੍ਹਾਂ ਤੋਂ ਡਰਦੇ ਨਹੀਂ ਅਤੇ ਇਸ ਲਈ ਉਨ੍ਹਾਂ ਪਾਸ ਦਿਲ ਖੋਲ੍ਹ ਕੇ ਗੱਲ ਕਰਦੇ ਹਨ। ਜਿਹੜਾ ਉਨ੍ਹਾਂ ਨਾਲ ਥੋੜ੍ਹਾ ਬਹੁਤ ਮੱਤਭੇਦ ਰੱਖਦਾ ਹੈ, ਉਹ ਤੁਹਾਡੀ ਨਾਰਾਜ਼ਗੀ ਪ੍ਰਾਪਤ ਕਰਦਾ ਹੈ। ਇਸ ਲਈ ਲੋਕ ਉਸ ਪੱਖ ਤੋਂ ਗੱਲਾਂ ਦਾ ਬਿਆਨ ਕਰਦੇ ਹਨ ਜਿਸ ਤੋਂ ਤੁਹਾਨੂੰ ਖ਼ੁਸ਼ੀ ਹੋਵੇ। ਇਸੇ ਤਰ੍ਹਾਂ ਤੁਹਾਡੇ ਪੁਲਿਸ ਮਾਤਹਿਤ ਤੁਹਾਨੂੰ ਨਾ-ਖ਼ੁਸ਼ ਨਹੀਂ ਕਰ ਸਕਦੇ ਅਤੇ ਨਾ ਹੀ ਉਹ ਆਪਣੀਆਂ ਨੌਕਰੀਆਂ ਅਤੇ ਰੋਟੀ ਦਾ ਹੀਲਾ ਗੁਆ ਸਕਦੇ ਹਨ। ਇਸੇ ਤਰ੍ਹਾਂ ਜਿਹੜਾ ਤੁਹਾਡੇ ਨਾਲ ਸਹਿਮਤ ਨਹੀਂ, ਉਹ ਤੁਹਾਡੇ ਵਿਚਾਰ ਵਿਚ ਗੁਸਤਾਖ਼ ਹੈ। ਇਸ ਲਈ ਉਪਰ ਵਾਲੀ ਵਿਚਾਰ ਨੂੰ ਧਿਆਨ ਵਿਚ ਰੱਖਦਿਆਂ ਤੁਸੀਂ ਠੀਕ ਤੱਥ ਜਾਂ ਅਸਲੀਅਤ ਨਹੀਂ ਜਾਣ ਸਕਦੇ। ਤੁਸੀਂ ਪਾਰਲੀਮੈਂਟ ਦੇ ਮੈਂਬਰਾਂ ਨੂੰ ਬੇਵਕੂਫ਼ ਜਾਂ ਝੂਠੇ ਕਹਿੰਦੇ ਹੋ, ਪਰ ਮੈਂ ਉਨ੍ਹਾਂ ਬਾਰੇ ਇਹ ਘਟੀਆ ਰਾਏ ਨਹੀਂ ਰੱਖਦਾ। ਮੈਂ ਲੋਕਾਂ ਨੂੰ ਸ਼ਹੀਦ ਨਹੀਂ ਕਰਵਾਉਂਦਾ, ਪਰ ਸੱਚ ਇਹ ਹੈ ਕਿ ਤੁਹਾਡੇ ਵਲੋਂ ਸਾਡੇ ਦੇਸ਼ ਵਾਸੀਆਂ ਨਾਲ ਵਰਤਾਓ ਉਨ੍ਹਾਂ ਵਿਚੋਂ ਸ਼ਹੀਦ ਪੈਦਾ ਕਰਦਾ ਹੈ। ਤੁਹਾਡੀਆਂ ਇਹ ਧਮਕੀਆਂ ਕਿ ਤੁਸੀਂ ਇਤਨੀਆਂ ਕਰੜੀਆਂ ਸਜ਼ਾਵਾਂ ਆਦਿ ਦੇ ਸਕਦੇ ਹੋ ਜਿੰਨੀਆਂ ਕਿ ਕੋਈ ਸੋਚ ਨਹੀਂ ਸਕਦਾ, ਲੋਕਾਂ ਨੂੰ ਸ਼ਹੀਦੀਆਂ ਦੇਣ ਉੱਤੇ ਮਜ਼ਬੂਰ ਕਰਦੀਆਂ ਹਨ। ਜੇ ਤੁਸੀਂ ਮੈਨੂੰ ਤਕਲੀਫ਼ਾਂ ਦੇ ਸਕਦੇ ਹੋ ਤਾਂ ਮੈਂ ਆਪਣੇ ਵਲੋਂ ਉਨ੍ਹਾਂ ਲਈ ਤਿਆਰ ਹਾਂ, ਕਿਉਂਕਿ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਤੁਸੀਂ ਮੈਨੂੰ ਅਜਿਹੇ ਕੰਮ ਵਿਚ ਫਸਾਉਗੇ ਕਿ ਜਿਸ ਨਾਲ ਲੋਕਾਂ ਦੀ ਕੋਈ ਹਮਦਰਦੀ ਨਾ ਹੋ ਸਕੇ. ਪਰ ਮੈਂ ਇਸ ਲਈ ਵੀ ਤਿਆਰ ਹਾਂ। ਤੁਸੀਂ ਰਾਜ-ਧ੍ਰੋਹ ਦੇ ਸੁਪਨੇ ਦੇਖ ਰਹੇ ਹੋ, ਜਿਸ ਦੀ ਕੋਈ ਬੁਨਿਆਦ ਨਹੀਂ। ਮੈਂ ਕਿਸੇ ਬਾਗ਼ੀ ਜਾਂ ਇਨਕਲਾਬੀ ਦਾ ਤਨਖ਼ਾਹੀਆ ਨਹੀਂ। ਮੇਰੀਆਂ ਲੋੜਾਂ ਅਜਿਹੀਆਂ ਨਹੀਂ, ਕਿ ਮੈਂ ਕਿਸੇ ਦੂਜੇ ਪਾਸੋਂ ਸਹਾਇਤਾ ਲਈ ਮਜਬੂਰ ਹੋਵਾਂ। ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਤੁਸੀਂ ਮੈਨੂੰ ਕਿਸੇ ਨ ਕਿਸੇ ਬਿਪਤਾ ਵਿਚ ਪਾਉਣ ਦੀ ਕੋਈ ਕਸਰ ਨਹੀਂ ਛੱਡੋਗੇ। ਇਸ ਲਈ ਮੈਂ ਅਜਿਹਾ ਜੀਵਨ ਬਤੀਤ ਕਰ ਰਿਹਾ ਹਾਂ, ਜਿਹੜਾ ਮੈਨੂੰ ਉਨ੍ਹਾਂ ਮੁਸੀਬਤਾਂ ਨੂੰ ਬਹਾਦਰੀ ਨਾਲ ਸਹਿਣ ਦੇ ਯੋਗ ਬਣਾਵੇ। ਮੈਂ ਕੋਈ ਵੀ ਕੰਮ ਰੋਟੀ ਖ਼ਾਤਰ ਨਹੀਂ ਕਰਦਾ। ਇਸ ਲਈ ਮੈਂ ਇਕ ਬੜੀ ਗਰੀਬੀ ਵਾਲਾ ਜੀਵਨ ਬਤੀਤ ਕਰਦਾ ਹਾਂ। ਮੈਂ ਅਜੇ ਤੱਕ ਕਿਸੇ ਪਾਸੋਂ ਕਿਸੇ ਚੀਜ਼ ਦੀ ਮੰਗ ਨਹੀਂ ਕੀਤੀ। ਮੇਰੇ ਪਿਤਾ ਜੀ ਜਿਥੋਂ ਤੱਕ ਹੋ ਸਕਦਾ ਹੈ ਮੇਰੀ ਮਾਇਕ ਸਹਾਇਤਾ ਕਰਦੇ ਹਨ ਅਤੇ ਮੈਂ ਉਸੇ ਉਤੇ ਹੀ ਜੀਉਂਦਾ ਹਾਂ, ਜੋ ਮੇਰੇ ਪਿਤਾ ਜੀ ਮੈਨੂੰ ਦਿੰਦੇ ਹਨ।"

ਅਗਲੇ ਪ੍ਰਸ਼ਨਾਂ ਦੇ ਉੱਤਰ

"ਮੈਂ ਬੱਚੂਵਾਲੀ ਮੁਹੱਲੇ ਵਿਚ ਰਹਿੰਦਾ ਹਾਂ। ਲਾਲਾ ਲਾਜਪਤ ਰਾਏ ਡੀ.ਏ.ਵੀ. ਕਾਲਜ ਦੇ ਸਾਹਮਣੇ ਆਪਣੇ ਬੰਗਲੇ ਵਿਚ ਰਹਿੰਦੇ ਹਨ। ਉਹ ਲੋਕਾਂ ਦੇ ਟਰੱਸਟੀ ਹਨ ਅਤੇ ਇਸ ਲਈ ਉਹ ਆਪਣਾ ਸਮਾਂ ਵਕਾਲਤ ਦੀ ਪ੍ਰੈਕਟਿਸ ਨੂੰ ਨਹੀਂ ਦੇ ਸਕਦੇ। ਭਾਰਤੀ, ਜਿਹੜਾ ਸਦਾ ਹੀ ਆਪਣੇ ਦੇਸ਼ ਦੀ ਸੇਵਾ ਕਰਨ ਲਈ ਸੋਚਦਾ ਹੈ, ਤੁਹਾਡੇ ਅਨੁਸਾਰ ਉਸ ਦਾ ਸਿਰ ਖਰਾਬ ਹੋ ਜਾਂਦਾ ਹੈ, ਪਹਿਲਾਂ ਸਿੱਖਿਆ ਦੇਣਾ ਮੇਰੀ ਰੋਜ਼ੀ ਦਾ ਸਾਧਨ ਸੀ ਪਰ ਹੁਣ ਮੈਂ ਅਜਿਹੇ ਛੋਟੇ ਵਿਚਾਰਾਂ ਲਈ ਸੋਚ ਨਹੀਂ ਸਕਦਾ। ਮੈਨੂੰ ਹੁਣ ਪੈਸੇ ਦੀ ਲੋੜ ਨਹੀਂ ਅਤੇ ਮੈਂ ਆਪਣੇ ਦੇਸ਼ ਵਾਸੀਆਂ ਦੀ ਸੇਵਾ ਦਾ ਨਿਸ਼ਚਾ ਕੀਤਾ ਹੈ ਅਤੇ ਇਸ ਵਿਚ ਹੀ ਮੇਰੀ ਖ਼ੁਸ਼ੀ ਹੈ। ਮੈਂ ਅਜਿਹਾ ਕਰਾਂਗਾ ਭਾਵੇਂ ਮੈਂ ਮਰਾਂ ਜਾਂ ਭੁੱਖਾ ਰਹਾਂ। ਸਾਰੇ ਸੰਸਾਰ ਦੀਆਂ ਦੌਲਤਾਂ ਮੇਰੇ ਮਨ ਨੂੰ ਖ਼ੁਸ਼ੀ ਨਹੀਂ ਦੇ ਸਕਦੀਆਂ, ਜਿਹੜੀ ਖ਼ੁਸ਼ੀ ਮੈਨੂੰ ਵਤਨੀ ਭਰਾਵਾਂ ਦੀ ਸੇਵਾ ਤੋਂ ਹੁੰਦੀ ਹੈ। ਮੇਰੇ ਪਿਤਾ ਜੀ ਮੇਰਾ ਸਾਰਾ ਖਰਚਾ ਦਿੰਦੇ ਹਨ। ਮੈਂ ਕੋਈ ਅਪਰਾਧ ਨਹੀਂ ਕੀਤਾ, ਜੋ ਤੁਹਾਡੇ ਪਾਸੋਂ ਆਪਣੀਆਂ ਚੀਜ਼ਾਂ ਵਾਪਸ ਲੈਣ ਲਈ ਆਇਆ ਹਾਂ। ਦੂਜੇ ਮੇਰਾ ਇਥੇ ਜਾਤੀ ਤੌਰ ਤੇ ਆਉਣਾ ਤੁਹਾਨੂੰ ਕੋਈ ਲਾਭ ਨਹੀਂ ਸੀ ਦੇ ਸਕਦਾ, ਸਿਵਾਏ ਇਸ ਦੇ ਕਿ ਤੁਸੀਂ ਮੇਰੀ ਲਾਹ ਪਾਹ ਕਰਦੇ। ਮੈਂ ਨਹੀਂ ਸਮਝਦਾ ਕਿ ਤੁਹਾਡਾ ਪੂਨੇ ਤੋਂ ਮੇਰੀ ਅਦਾਇਗੀ ਦਾ ਕੀ ਅਰਥ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਉਥੋਂ ਕੋਈ ਚੀਜ਼ ਕਿਉਂ ਪ੍ਰਾਪਤ ਕਰਾਂ। ਇਹ ਕਹਾਣੀ ਕਿ ਬਾਬਾ ਧੰਨਪਤ ਰਾਇ ਨੇ ਮੈਨੂੰ ਪੈਸੇ ਦੇਣ ਲਈ ਆਪਣਾ ਘਰ ਵੇਚ ਦਿੱਤਾ ਹੈ ਬੇਬੁਨਿਆਦ ਹੈ। ਤੁਸੀਂ ਕਹਿੰਦੇ ਹੋ ਮੈਂ ਆਪਣੇ ਭਰਾਵਾਂ ਨੂੰ ਬਿਗਾੜ ਦਿੱਤਾ ਹੈ। ਪਰ ਜੇ ਮੈਂ ਆਪਣੇ ਭਰਾਵਾਂ ਨੂੰ ਪਿਆਰ ਅਤੇ ਇੱਜ਼ਤ ਦਿੰਦਾ ਹਾਂ, ਤਾਂ ਇਹ ਕੇਵਲ ਇਸ ਕਾਰਨ ਹੈ ਉਹ ਆਪਣਾ ਸਮਾਂ ਜ਼ਾਤੀ ਗਰਜ਼ਾਂ ਜਾਂ ਕੰਮ ਵਿਚ ਖਰਚ ਨਹੀਂ ਕਰਦੇ, ਸਗੋਂ ਆਪਣੇ ਦੇਸ਼ ਵਾਸੀਆਂ ਦੀ ਸੇਵਾ ਵਿਚ ਲਾਉਂਦੇ ਹਨ। ਤੁਸੀਂ ਮੇਰੇ ਵੱਡੇ ਭਰਾ ਨੂੰ ਜੇਲ੍ਹ ਵਿਚ ਦੇਖ ਕੇ ਬੜੇ ਖ਼ੁਸ਼ ਹੋਏ ਹੋ, ਪਰ ਮੇਰੀ ਰਾਇ ਵਿਚ ਜੇ ਜੇਲ੍ਹ ਉਨ੍ਹਾਂ ਪੁਰਸ਼ਾਂ ਨਾਲ ਭਰ ਜਾਵੇ ਤਾਂ ਉਹ ਕਿਸੇ ਬਾਦਸ਼ਾਹ ਦੇ ਮਹਿਲ ਨਾਲੋਂ ਵੀ ਬਿਹਤਰ ਹੋਵੇਗੀ। ਤੁਸੀਂ ਬਾਬਾ ਧੰਨਪਤ ਰਾਇ ਦੀ ਚਿੱਠੀ ਨੂੰ ਗੁਸਤਾਖ਼ੀ ਵਾਲੀ ਕਹਿੰਦੇ ਹੋ, ਪਰ ਸੱਚ ਇਹ ਹੈ ਕਿ ਜੋ ਕੋਈ ਵੀ ਸੱਚ ਬੋਲਦਾ ਹੈ ਤਾਂ ਉਸ ਉੱਤੇ ਤੁਸੀਂ ਗੁਸਤਾਖ਼ ਹੋਣ ਦਾ ਦੋਸ਼ ਲਾਉਂਦੇ ਹੋ। ਇਹੀ ਕਾਰਨ ਹੈ ਕਿ ਲੋਕ ਤੁਹਾਡੇ ਸਾਹਮਣੇ ਸੱਚ ਬੋਲਣ ਲਈ ਤਿਆਰ ਨਹੀਂ। ਸਰਕਾਰ ਦੇ ਹੁਕਮਾਂ ਬਾਰੇ ਮੈਨੂੰ ਹਨੇਰੇ ਵਿਚ ਰੱਖਣਾ ਠੀਕ ਨਹੀਂ। ਤੁਸੀਂ ਜੇ ਚਾਹੋ ਤਾਂ ਡੀ.ਐਸ.ਪੀ. ਨੂੰ ਲਿਆ ਸਕਦੇ ਹੋ। ਮੇਰਾ ਘਰ ਪਹਿਲਾਂ ਹੀ ਬਹੁਤ ਸਾਰੇ ਜਾਸੂਸਾਂ ਨਾਲ ਘੇਰਿਆ ਰਹਿੰਦਾ ਹੈ। ਮੇਰੇ ਜਾਣਕਾਰਾਂ ਨੂੰ ਲਾਲਚ ਪੇਸ਼ ਕੀਤੇ ਜਾ ਰਹੇ ਹਨ। ਇਸ ਲਈ ਤੁਸੀਂ ਹੁਣ ਜੋ ਜੀ ਆਵੇ ਸੋ ਕਰੋ। ਮੈਂ ਮਹੱਤਵਪੂਰਨ ਅਵਸਰਾਂ ਉਤੇ ਬੋਲਣ ਤੋਂ ਸੰਕੋਚ ਨਹੀਂ ਕਰ ਸਕਦਾ। ਮੈਂ ਆਪਣੇ ਦੇਸ਼ ਵਾਸੀਆਂ ਦੀਆਂ

ਤਕਲੀਫ਼ਾਂ ਅਤੇ ਦੁਖੜਿਆਂ ਨੂੰ ਇਕ ਠੀਕ ਅਤੇ ਉਚਿਤ ਢੰਗ ਨਾਲ ਦੂਰ ਕਰਨ ਦੇ ਸਭ ਯਤਨ ਕਰਾਂਗਾ।

ਮੇਰੇ ਤਾਇਆ (ਸਰਦਾਰ ਬਹਾਦਰ ਦਿਲਬਾਗ ਸਿੰਘ ਦੇ ਪਿਤਾ) ਇਕ ਜਾਸੂਸ ਸਨ। ਉਨ੍ਹਾਂ ਦਾ ਪੁੱਤਰ (ਦਿਲਬਾਗ ਸਿੰਘ) ਵੀ ਉਹੀ ਕੰਮ ਕਰਦਾ ਹੈ ਅਤੇ ਇਸ ਤਰ੍ਹਾਂ ਉਸ ਨੇ ਬਹੁਤ ਸਾਰਾ ਧਨ ਵੀ ਇਕੱਠਾ ਕਰ ਲਿਆ ਹੈ। ਪਰ ਮੈਂ ਉਨ੍ਹਾਂ ਦੇ ਧੰਦੇ ਨੂੰ ਇਕ ਇੱਜ਼ਤ ਵਾਲਾ ਧੰਦਾ ਨਹੀਂ ਸਮਝਦਾ। ਮੇਰੇ ਪਰਿਵਾਰ ਦੇ ਕੁਝ ਮੈਂਬਰ ਮੈਨੂੰ ਆਪਣੇ ਲਈ ਹਾਨੀ ਦਾ ਕਾਰਨ ਸਮਝਦੇ ਹਨ। ਮੈਂ ਆਪਣੀ ਵਲੋਂ ਉਨ੍ਹਾਂ ਬਾਰੇ ਉਹੀ ਰਾਇ ਰਖਦਾ ਹਾਂ, ਜਿਹੜੀ ਉਹ ਮੇਰੇ ਬਾਰੇ ਰੱਖਦੇ ਹਨ। ਉਹ ਅਫ਼ਸਰ ਨੂੰ ਖ਼ੁਸ਼ ਕਰਕੇ, ਉਨ੍ਹਾਂ ਦੀ ਝੋਲੀ ਚੁੱਕ ਕੇ ਅਮੀਰ ਬਣਨਾ ਪਸੰਦ ਕਰਦੇ ਹਨ ਪਰ ਮੈਂ ਸੱਚ ਬੋਲਣ ਅਤੇ ਆਪਣੀ ਪਿੱਤਰ ਭੂਮੀ ਦੀ ਸੇਵਾ ਨੂੰ ਪਿਆਰ ਕਰਦਾ ਹਾਂ।

ਅਗਲੇ ਪ੍ਰਸ਼ਨ ਦਾ ਉੱਤਰ

"ਹਾਂ, ਮੈਂ ਆਪਣੇ ਪੰਜਾਬ ਨੂੰ ਦੂਜਿਆਂ ਪ੍ਰਾਂਤਾਂ ਨਾਲੋਂ ਪਿੱਛੇ ਰਹਿੰਦਿਆਂ ਦੇਖਣਾ ਨਹੀਂ ਚਾਹੁੰਦਾ, ਸਗੋਂ ਮੈਂ ਚਾਹੁੰਦਾ ਹਾਂ ਕਿ ਇਹ ਦੂਜਿਆਂ ਨਾਲੋਂ ਜ਼ਿਆਦਾ ਜਾਗਰਤ ਹੋਵੇ ਅਤੇ ਅਗਾਂਹ ਹੋਵੇ। ਬਿਪਨ ਚੰਦਰ ਪਾਲ ਇਕ ਸੱਚੇ ਦੇਸ਼ ਭਗਤ ਹਨ ਅਤੇ ਹਰ ਇਕ ਹਿੰਦੁਸਤਾਨੀ ਦਾ ਫਰਜ਼ ਹੈ ਕਿ ਉਹ ਉਨ੍ਹਾਂ ਦੀ ਰਿਹਾਈ ਉਤੇ ਖ਼ੁਸ਼ੀ ਦਾ ਪ੍ਰਗਟਾਵਾ ਕਰੇ, ਕਿਉਂਕਿ ਉਨ੍ਹਾਂ ਨੇ ਮਾਤ ਭੂਮੀ ਦੀ ਸੇਵਾ ਲਈ ਆਪਣਾ ਜੀਵਨ ਭੇਂਟ ਕੀਤਾ ਹੋਇਆ ਹੈ। ਮੈਂ ਕੇਵਲ 13 ਸਾਲ ਦੀ ਉਮਰ ਦੇ ਬੱਚਿਆਂ 'ਚੋਂ ਹੀ ਦੇਸ਼ ਭਗਤ ਨਹੀਂ ਬਣਾਂਦਾ, ਬਲਕਿ ਚਾਹੁੰਦਾ ਹਾਂ ਕਿ ਛੋਟੇ ਬੱਚਿਆਂ ਨੂੰ ਆਪਣੀ ਮਾਤਾ ਦੇ ਦੁੱਧ ਵਿਚੋਂ ਦੇਸ਼ ਭਗਤੀ ਦੀ ਗੁੜ੍ਹਤੀ ਪ੍ਰਾਪਤ ਹੋਵੇ। ਮੈਂ ਦੇਸ਼ ਭਗਤੀ ਦੀ ਸਪਿਰਟ ਦਾ ਸੁਆਗਤ ਕਰਦਾ ਹਾਂ। ਜੇ ਇਹ (ਦੇਸ਼ ਪਿਆਰ) ਤੁਹਾਡੇ ਲਈ ਚੰਗਾ ਹੈ, ਤਾਂ ਸਾਡੇ ਲਈ ਵੀ ਚੰਗਾ ਹੈ। ਮੈਂ ਇਕ ਸ਼ਹੀਦ ਵਾਂਗ ਦਿਖਾਵਾ ਨਹੀਂ ਕਰਦਾ। ਪਰ ਜੇ ਸਰਕਾਰ ਦਾ ਦਬਾਓ ਅਤੇ ਅਤਿਆਚਾਰ ਮੇਰੇ ਵਿਚੋਂ ਸ਼ਹੀਦ ਬਣਾਏ ਤਾਂ ਮੈਂ ਇਤਰਾਜ਼ ਨਹੀਂ ਕਰਾਂਗਾ। ਕਿਉਂਕਿ ਸ਼ਹੀਦੀ ਕੇਵਲ ਧੱਕੇਸ਼ਾਹੀ (ਨਿਰੰਕੁਸ਼ਤਾ) ਦੀ ਉਪਜ ਹੈ। ਭਾਵੇਂ ਮੈਂ ਕੋਈ ਵਿਸ਼ੇਸ਼ ਯੋਗਤਾਵਾਂ ਨਹੀਂ ਰੱਖਦਾ, ਪਰ ਮੇਰੇ ਪਾਸ ਹਮਦਰਦੀ ਭਰਿਆ ਦਿਲ ਹੈ ਜਿਹੜਾ ਮੇਰੇ ਦੇਸ਼ਵਾਸੀਆਂ ਦੀਆਂ ਖ਼ੁਸ਼ੀਆਂ ਅਤੇ ਗ਼ਮ ਵੰਡਾਉਣ ਦਾ ਚਾਹਵਾਨ ਹੈ। ਮੈਂ ਆਪਣੇ ਗਿਆਨ ਜਾਂ ਕੋਈ ਦੂਜੀਆਂ ਯੋਗਤਾਵਾਂ ਦੀ ਸ਼ੇਖੀ ਨਹੀਂ ਮਾਰਦਾ। ਪਰ ਮੈਂ ਇਹ ਜਾਣਦਾ ਹਾਂ ਕਿ ਇਕ ਆਦਮੀ ਜਿਸਦਾ ਦਿਲ ਦੂਜਿਆਂ ਲਈ ਹਮਦਰਦੀ ਲਈ ਠਾਠਾਂ ਮਾਰ ਰਿਹਾ ਹੋਵੇ, ਆਪਣੇ ਦੇਸ਼ ਦੀ ਸੇਵਾ ਕਰ ਸਕਦਾ ਹੈ। ਜੀਸਸ ਕਰਾਈਸਟ ਵੀ ਇਕ ਬੜਾ ਗ਼ਰੀਬ ਆਦਮੀ ਸੀ, ਉਹ ਇਕ ਤਰਖਾਣ ਦਾ ਪੁੱਤਰ ਸੀ ਅਤੇ ਮੈਂ ਇਕ ਵਾਹੀਕਾਰ ਦਾ ਹਾਂ।"

15.

ਫਰੰਗੀਆਂ ਨੂੰ ਨੋਟਿਸ

(ਇਹ ਲੀਫਲੈੱਟ ਸਰਦਾਰ ਅਜੀਤ ਸਿੰਘ ਨੇ ਸੂਫ਼ੀ ਅੰਬਾ ਪ੍ਰਸਾਦ ਅਤੇ ਕਿਦਾਰ ਨਾਥ ਨਾਲ 7 ਅਗਸਤ 1908 ਨੂੰ ਵੰਡਿਆ)

ਲੋਕੋ, ਕੀ ਤੁਸੀਂ ਸਚੀਉਂ ਨਹੀਂ ਸਮਝਦੇ ਕਿ ਸਾਡੇ ਦੇਸ਼ ਦੀ ਕੀ ਹਾਲਤ ਹੈ? ਕੀ ਤੁਸੀਂ ਹੁਣ ਵੀ ਘੂਕ ਨੀਂਦਰੋਂ ਨਹੀਂ ਜਾਗੋਗੇ? ਤੁਸੀਂ ਮੁੜ ਉਸੇ ਵੇਲੇ ਹੀ ਆਪਣੇ ਦੇਸ਼ ਤੇ ਕਾਬਜ਼ ਹੋ ਸਕੋਗੇ ਜਦੋਂ ਤੁਸੀਂ ਪੂਰੀ ਤਰ੍ਹਾਂ ਬਦੇਸ਼ੀਆਂ ਨੂੰ ਫਨਾਹ ਕਰ ਦਿਉਗੇ। ਕੀ ਤੁਹਾਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਇਕ ਵੇਲੇ ਏਥੇ ਹਰ ਚੀਜ਼ ਖ਼ੂਬਸੂਰਤ ਹੁੰਦੀ ਸੀ ਪਰ ਹੁਣ ਏਥੇ ਖ਼ੂਬਸੂਰਤੀ ਮਿਲਣੀ ਤਾਂ ਇਕ ਪਾਸੇ ਉਹੋ ਜਿਹੀ ਚੀਜ਼ ਮਿਲਣੀ ਵੀ ਮੁਸ਼ਕਲ ਹੈ? ਪਹਿਲਾਂ ਹਰ ਚੀਜ਼ ਸਸਤੀ ਸੀ। ਹੁਣ ਓਨੀ ਹੀ ਕੀਮਤ ਵਿਚ ਉਸ ਚੀਜ਼ ਦਾ ਸਿਰਫ਼ ਦਸਵਾਂ ਹਿੱਸਾ ਹੀ ਮਿਲਦਾ ਹੈ। ਇਸ ਦਾ ਕਾਰਨ ਕੀ ਹੈ? ਇਸ ਦਾ ਕਾਰਨ ਹੈ ਕਿ ਫਰੰਗੀਆਂ ਨੇ ਸਾਡੇ ਦੇਸ਼ ਨੂੰ ਇਸ ਕਦਰ ਲੁੱਟਿਆ ਹੈ ਕਿ ਪਹਿਲਾਂ ਉਥੇ ਕੁਝ ਵੀ ਨਹੀਂ ਮਿਲਦਾ ਸੀ ਬਲਕਿ ਝਾੜੀਆਂ ਹੀ ਲੱਭਦੀਆਂ ਹਨ (ਮੇਰਾ ਮਤਲਬ ਹੈ ਇੰਗਲੈਂਡ ਵਿਚ) ਅਤੇ ਜਿਥੇ ਕਿ ਪਹਿਲਾਂ ਧਰਤੀ ਸੋਨਾ ਉਗਲਦੀ ਸੀ ਹੁਣ ਉਥੇ ਝਾੜੀਆਂ ਮਿਲਦੀਆਂ ਹਨ। ਇਹ ਸਾਡੀਆਂ ਆਪਣੀਆਂ ਗਲਤੀਆਂ ਦਾ ਨਤੀਜਾ ਹੈ। ਜਦੋਂ ਕਿ ਸਾਡੇ ਦੇਸ਼ ਦੀ ਹਾਲਤ ਇਹ ਹੈ ਤਾਂ ਭਲਾ ਤੁਸੀਂ ਗੂੜ੍ਹੀ ਨੀਂਦੇ ਕਿਉਂ ਸੁੱਤੇ ਹੋਏ ਹੋ? ਤੁਸੀਂ ਦੇਖੋਗੇ ਕਿ ਜੇਕਰ ਮਾਤਰਭੂਮੀ ਦੇ ਪੁੱਤਰ ਦ੍ਰਿੜ੍ਹ ਇਰਾਦੇ ਨਾਲ ਸੰਕਲਪ ਕਰ ਲੈਣ ਤਾਂ ਹਰ ਥਾਂ ਅੰਗਰੇਜ਼ੀ ਰਾਜ ਦਾ ਖ਼ਾਤਮਾ ਨਜ਼ਰ ਆਵੇਗਾ, ਤੁਹਾਨੂੰ ਬੰਬ ਨਾਲ ਇਸ ਨੂੰ ਉਡਾ ਦੇਣਾ ਚਾਹੀਦਾ ਹੈ। ਫਿਰ ਤੁਸੀਂ ਇਹਨਾਂ ਬਦਮਾਸ਼ਾਂ ਤੋਂ ਆਪਣੇ ਦੇਸ਼ ਨੂੰ ਬਚਾਉਣ ਦੇ ਸਮਰੱਥ ਹੋਵੋਗੇ। ਸਾਨੂੰ ਸਾਡੇ ਦੁਸ਼ਮਣ ਨੇ ਖੰਡ ਦੁਆਲੇ ਇਕੱਤਰ ਕੀੜੀਆਂ ਵਾਂਗੂ ਘੇਰਿਆ ਹੋਇਆ ਹੈ। ਅਸੀਂ ਇਸ ਵਿਸ਼ੇ ਤੇ ਅਕਸਰ ਲਿਖਿਆ ਹੈ ਅਤੇ ਇਸ ਤਰ੍ਹਾਂ ਲਿਖਦੇ ਰਹਾਂਗੇ। ਮੈਂ ਕਈ ਸ਼ਹਿਰਾਂ ਵਿਚ ਬੰਬਾਂ ਦੇ ਵਿਸ਼ਿਆਂ ਤੇ ਬਹੁਤ ਸਾਰੇ ਭਾਸ਼ਨ ਦਿੱਤੇ ਹਨ। ਮੈਂ ਹਰ ਥਾਂ ਪੁੱਜਣ ਦੇ ਸਮਰੱਥ ਹਾਂ ਅਤੇ ਕਿਤੇ ਵੀ ਹਾਜ਼ਰ ਹੋ ਸਕਦਾ ਹਾਂ। ਕਿਤੇ ਵੀ ਜਾਣ ਤੇ ਮੈਨੂੰ ਰੋਕ ਨਹੀਂ ਹੈ। ਜਿਸ ਕਿਸੇ ਨੇ ਸਾਡੇ ਕੰਮਾਂ ਬਾਰੇ ਸੁਣਿਆ ਹੈ, ਉਹ ਖ਼ੁਸ਼ ਹੋਇਆ ਹੈ ਅਤੇ ਬੰਬ ਬਣਾਉਣ ਦੇ ਸਾਡੇ ਕਾਰਖਾਨੇ ਹੁਣ ਏਨੀ ਵੱਡੀ ਗਿਣਤੀ ਵਿਚ ਹੋ ਗਏ ਹਨ ਕਿ ਲਹਿਰ ਨੂੰ ਰੋਕ ਸਕਣਾ ਸੰਭਵ ਨਹੀਂ। ਬਿਨਾਂ ਸ਼ੱਕ ਫਿਰੰਗੀ ਸਾਡੇ 'ਤੇ ਦਬਾ ਪਾਉਣਗੇ, ਪਰ ਸਾਡੀ ਸਿਆਣਪ ਉਨ੍ਹਾਂ ਨਾਲੋਂ ਜ਼ਿਆਦਾ ਹੈ। ਅਸੀਂ ਇਹ ਵੀ ਦੱਸਾਂਗੇ ਕਿ ਸਾਡੇ ਕਾਰਖਾਨੇ ਕਿੱਥੇ ਹਨ?

ਇਹ ਹਿਮਾਲੀਆ ਦੀਆਂ ਪਹਾੜੀਆਂ 'ਤੇ ਹਨ। ਸਾਨੂੰ ਕਿਸੇ ਦਾ ਡਰ ਨਹੀਂ ਹੈ ਅਤੇ ਅਸੀਂ ਬਿਨਾਂ ਕਿਸੇ ਡਰ ਦੇ ਲਿਖਦੇ ਹਾਂ। ਪਰ ਇਹ ਯਾਦ ਰੱਖੋ, ਜੇ ਕਿਸੇ ਅੰਗਰੇਜ਼ ਨੇ ਹਿਮਾਲਾ ਦੇ ਨੇੜੇ ਜਾਣ ਦੀ ਹਿੰਮਤ ਕੀਤੀ ਤਾਂ ਉਹ ਜਿਉਂਦਾ ਵਾਪਸ ਨਹੀਂ ਆਵੇਗਾ। ਉਥੇ ਉਸ ਦਾ ਕੰਮ ਤਮਾਮ ਕਰ ਦਿੱਤਾ ਜਾਵੇਗਾ। ਲੋਕੋ! ਤਕੜੇ ਹੋਵੋ, ਜੇ ਤੁਸੀਂ ਆਪਣੀ ਮਾਂ ਦਾ ਦੁੱਧ ਪੀਤਾ ਹੈ ਤਾਂ ਗੱਦਾਰ ਨਾ ਬਣੋ। ਆਪਣੇ ਦੇਸ਼ ਲਈ ਵੱਡਾ ਹੰਭਲਾ ਮਾਰੋ। ਦੇਖੋ ਤੁਹਾਡੇ ਸੈਂਕੜੇ ਦੇਸ਼ ਭਾਈ ਦੇਸ਼ ਨੂੰ ਬਚਾਉਣ ਲਈ ਆਪਣੀਆਂ ਕੁਰਬਾਨੀਆਂ ਦੇ ਰਹੇ ਹਨ। ਪਿੱਛੇ ਰਹਿਣਾ ਸਾਡਾ ਬਣਦਾ ਨਹੀਂ। ਸਾਨੂੰ ਕਦਮ ਅੱਗੇ ਵਧਾਉਣੇ ਚਾਹੀਦੇ ਹਨ ਸਗੋਂ ਉਨ੍ਹਾਂ ਤੋਂ ਅੱਗੇ ਲੰਘਣਾ ਚਾਹੀਦਾ ਹੈ। ਤੁਸੀਂ ਦੇਖੋ ਚਾਰੇ ਪਾਸੇ ਤੂਫ਼ਾਨ ਉੱਠਿਆ ਹੋਇਆ ਹੈ (ਜਵਾਲਾ ਭੜਕ ਉੱਠੀ ਹੋਈ ਹੈ) ਅਤੇ ਫਿਰੰਗੀ ਇਸ ਅੱਗ ਵਿਚ ਘਿਰੇ ਹੋਏ ਹਨ ਅਤੇ ਸਾੜੇ ਜਾ ਰਹੇ ਹਨ। ਅੱਗ ਦਾ ਸੁਭਾਉ ਹੀ ਐਸਾ ਹੈ ਕਿ ਜਿਹੜੀ ਵੀ ਚੀਜ਼ ਇਸ ਦੇ ਘੇਰੇ 'ਚ ਆਉਂਦੀ ਹੈ, ਉਸ ਨੂੰ ਸਾੜ ਦਿੰਦੀ ਹੈ। ਫਿਰੰਗੀਆਂ ਨੂੰ ਸਾਡੇ ਤਿਲਕ ਜੀ ਮਹਾਰਾਜ ਨੂੰ ਰਿਹਾ ਕਰਨਾ ਚਾਹੀਦਾ ਹੈ ਨਹੀਂ ਤਾਂ ਇਸ ਦੇ ਬਦਲੇ ਵਿਚ ਅਸੀਂ ਹਰ ਫਿਰੰਗੀ ਨੂੰ ਸਜ਼ਾ ਦਿਆਂਗੇ ਅਤੇ ਉਸ ਨੂੰ ਲੁੱਟ ਵੀ ਲਵਾਂਗੇ।

ਡਰੋ ਨਾ! ਡਰੋ ਨਾ! ਡਰੋ ਨਾ! ਡਰੋ ਨਾ! ਆ ਹਾ! ਬਹਾਦਰ ਬਣੋ! ਬਹਾਦਰ ਬਣੋ! ਬਹਾਦਰ ਬਣੋ! ਵਾਹ! ਵਾਹ! ਵਾਹ! ਛੇਤੀ ਕਰੋ! ਛੇਤੀ ਕਰੋ! ਛੇਤੀ ਕਰੋ! ਤੁਸੀਂ ਕੀ ਦੇਖ ਰਹੇ ਹੋ? ਮੈਨੂੰ ਪਤਾ ਨਹੀਂ ਤੁਸੀਂ ਸੋਚਾਂ ਵਿਚ ਕਿਉਂ ਡੁੱਬੇ ਹੋਏ ਹੋ?

ਹੇ ਮੇਰੇ ਦੇਸ਼ ਵਾਸੀਓ, ਜਾਗੋ, ਆਪ ਵੀ ਨੀਂਦੋਂ ਜਾਗੋ, ਤੁਸੀਂ ਬਥੇਰੀ ਦੇਰ ਸੌਂ ਲਿਆ ਹੈ।

ਲੋਕੋ, ਮੇਰੇ 'ਤੇ ਭਰੋਸਾ ਕਰੋ। ਮੈਨੂੰ ਤਿੰਨ ਵਾਰ ਦੇਸ਼ ਨਿਕਾਲਾ ਹੋਇਆ ਹੈ। ਓ ਭਰਾਵੋ, ਆਪਣੀਆਂ ਅੱਖਾਂ ਖੋਲ੍ਹੋ। ਦੇਖੋ ਦੁਸ਼ਮਣਾਂ ਨੇ ਸਾਡੇ ਦੇਸ਼ ਤੇ ਹਮਲਾ ਕੀਤਾ ਹੋਇਆ ਹੈ? ਅਸੀਂ ਤੁਹਾਨੂੰ ਯੁਗਾਂਤਰ ਅਖ਼ਬਾਰ ਰਾਹੀਂ ਬੰਬ ਬਣਾਉਣੇ ਸਿਖਾਏ ਹਨ।

ਉਨ੍ਹਾਂ ਸਾਡੇ ਦੇਸ਼ ਨੂੰ ਲੁੱਟ ਲਿਆ ਹੈ। ਉਹਨਾਂ ਸਾਡੇ ਉਦਯੋਗ ਦਾ ਕੱਖ ਨਹੀਂ ਛੱਡਿਆ।

ਡਰੋ ਨਾ! ਅਸੀਂ ਸਾਰਿਆਂ ਇਕ ਵਾਰ ਹੀ ਮਰਨਾ ਹੈ।

ਅਸੀਂ ਅੱਕਸਰ ਇਹ ਗੱਲ ਦੁਹਰਾਈ ਹੈ ਅਤੇ ਦੁਹਰਾਉਣੀ ਜਾਰੀ ਰੱਖਾਂਗੇ। ਅਸੀਂ ਕਿਸੇ ਫਿਰੰਗੀ ਤੋਂ ਨਹੀਂ ਡਰਦੇ।

ਓ, ਫਿਰੰਗੀਓ, ਉਨ੍ਹਾਂ ਚਿਤਾਵਨੀ ਦਿੰਦਿਆਂ ਆਖਿਆ, "ਅਸੀਂ ਤੁਹਾਨੂੰ ਮਲੀਆਮੇਟ ਕਰ ਦਿਆਂਗੇ।"

ਸਾਡੇ ਤਿਲਕ ਮਹਾਰਾਜ ਨੂੰ ਰਿਹਾਅ ਕਰੋ। ਨਹੀਂ ਤਾਂ ਫਿਰੰਗੀਓ ਅਸੀਂ ਤੁਹਾਨੂੰ ਇਕ ਇਕ ਨੂੰ ਲੱਭ ਕੇ, ਸਿੱਧੇ ਹੱਥੀਂ ਲਵਾਂਗੇ।

ਉਨ੍ਹਾਂ ਨੂੰ ਦੁੜਾ ਦਿਉ! ਜੇਲ੍ਹ ਦੇ ਡਰ ਨੂੰ ਛੱਡ ਦਿਉ।

ਅਸੀਂ ਉਸ ਮਾਤਾ ਦੇ ਪੁੱਤਰ ਹਾਂ ਜਿਸ ਦੀ ਭੈਣ ਨਾਗਨੀ ਹੈ।

ਅਸੀਂ ਉਨ੍ਹਾਂ ਨੂੰ ਇਉਂ ਚੱਕ ਦਿਆਂਗੇ ਕਿ ਇੰਗਲੈਂਡ ਸਾਨੂੰ ਯਾਦ ਰੱਖੇਗਾ।

ਭਰਾਵੋ, ਇਹ ਬੜੇ ਦੁੱਖ ਦੀ ਗੱਲ ਹੈ ਕਿ ਭਾਵੇਂ ਕਿ ਅਸੀਂ ਤੁਹਾਨੂੰ ਬੰਬ ਬਣਾਉਣ ਦੇ ਤਰੀਕੇ ਦੱਸੇ ਹਨ, ਪਰ ਫਿਰ ਵੀ ਤੁਸੀਂ ਪਤਾ ਨਹੀਂ ਕਿਸ ਕਾਰਨ ਅਜੇ ਕੁਝ ਨਹੀਂ ਕੀਤਾ। ਛੇਤੀ ਕਰੋ।

16.

29 ਨਵੰਬਰ, 1908 ਨੂੰ ਬਰੈਡਲੇ ਹਾਲ ਲਾਹੌਰ ਵਿਖੇ ਕੌਮੀ ਸਿੱਖਿਆ ਉਤੇ ਭਾਸ਼ਨ

29 ਨਵੰਬਰ, 1908 ਨੂੰ 2 ਵਜੇ ਬਰੈਡਲੇ ਹਾਲ, ਲਾਹੌਰ ਵਿਖੇ ਇਕ ਵਿਸ਼ਾਲ ਮੀਟਿੰਗ ਹੋਈ ਜਿਸ ਵਿਚ ਤਕਰੀਬਨ 5000 ਲੋਕਾਂ ਨੇ ਹਿੱਸਾ ਲਿਆ। ਹਾਲ ਭਰਿਆ ਹੋਇਆ ਸੀ, ਪਰੰਤੂ ਭਾਰਤ ਦੀਆਂ ਜ਼ਿੰਮੇਵਾਰ ਨਾਮੀ ਹਸਤੀਆਂ ਅਤੇ ਰਾਜਨੀਤਕ ਭੇਦ ਭਰੇ ਢੰਗ ਨਾਲ ਉਸ ਵਿਚੋਂ ਗੈਰਹਾਜ਼ਰ ਰਹੇ। ਇਹ ਐਲਾਨ ਕੀਤਾ ਗਿਆ ਸੀ ਕਿ ਅਜੀਤ ਸਿੰਘ ਸਿੱਖਿਆ ਬਾਰੇ ਭਾਸ਼ਨ ਕਰਨਗੇ ਅਤੇ ਹਜ਼ਾਰਾਂ ਹੀ ਹਿੰਦੂ ਤੇ ਸਿੱਖ ਨੌਜਵਾਨ ਅਤੇ ਕੁਝ ਗਿਣਤੀ ਵਿਚ ਮੁਸਲਮਾਨ ਅਤੇ ਵੱਡੀ ਉਮਰ ਦੇ ਲੋਕ ਉਨ੍ਹਾਂ ਨੂੰ ਸੁਣਨ ਲਈ ਪੁੱਜੇ।

ਅਜੀਤ ਸਿੰਘ, ਜਿਨ੍ਹਾਂ ਦੇ ਚਿਹਰੇ ਤੇ ਅਜੇ ਵੀ ਤਾਜ਼ਾ ਬੀਮਾਰੀ ਦੇ ਨਿਸ਼ਾਨ ਸਨ, ਅਤੇ ਜਿਨ੍ਹਾਂ ਸਨਿਆਸੀਆਂ ਵਾਲੇ ਭਗਵੇਂ ਕਪੜੇ ਪਹਿਨੇ ਹੋਏ ਸਨ, ਜਿਹੜੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ੍ਰੀ ਤਿਲਕ ਦੀ ਰਿਹਾਈ ਤੱਕ ਪਾਉਣ ਦਾ ਅਹਿਦ ਕੀਤਾ ਹੋਇਆ ਸੀ, 2.30 ਵਜੇ ਬਾਅਦ ਦੁਪਹਿਰ ਭਾਸ਼ਨ ਕਰਨ ਲਈ ਉੱਠੇ ਅਤੇ ਉਨ੍ਹਾਂ ਅਸੰਗਤ ਸਿੱਖਿਆ ਦੀ ਗੱਲ ਕਰਦਿਆਂ ਕੌਮੀ ਸਿੱਖਿਆ ਦੀ ਲੋੜ ਤੇ ਵਿਖਿਆਨ ਦਿੱਤਾ। ਜਿਹੜੀ ਬਹੁਭਾਂਤੀ ਅਤੇ ਦੇਸ਼ ਪਿਆਰ ਨਾਲ ਭਰੀ ਹੋਈ ਹੋਵੇ। ਲੋਕਾਂ ਦੀਆਂ ਉਤਸ਼ਾਹ ਭਰਪੂਰ ਤਾੜੀਆਂ ਵਿਚ ਉਨ੍ਹਾਂ ਨੂੰ ਕਈ ਵਾਰ ਰੁਕਣਾ ਪਿਆ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਸਾਡੀਆਂ ਯੂਨੀਵਰਸਿਟੀਆਂ ਵਿਚ ਦਿੱਤੀ ਜਾ ਰਹੀ ਸਿੱਖਿਆ ਦਾ ਜ਼ੋਰ ਭਾਰਤੀ ਕੌਮ ਨੂੰ ਤੋੜਨਾ ਹੈ ਅਤੇ ਅਧਿਕਾਰੀ ਬਹੁਤ ਵੱਡੀ ਹੱਦ ਤੱਕ ਇਸ ਉਦੇਸ਼ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਵੀ ਹੋਏ ਹਨ। ਜਿਨ੍ਹਾਂ ਵੀ ਇਹਨਾਂ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਈ ਕੀਤੀ ਹੈ, ਉਹ ਇਸ ਹੱਦ ਤੱਕ ਯੂਰਪੀ ਬਣ ਗਏ ਹਨ ਕਿ ਉਹ ਆਪਣੇ ਦੇਸ਼ ਦੀ ਮਹਾਨਤਾ ਅਤੇ ਪ੍ਰਾਚੀਨ ਸ੍ਰੇਸ਼ਟਤਾ ਬਾਰੇ ਕੁਝ ਨਹੀਂ ਜਾਣਦੇ, ਉਹ ਆਪਣੇ ਦੇਸ਼ ਦੀ ਮੌਜੂਦਾ ਹਾਲਤ ਬਾਰੇ ਬੜੀ ਘੱਟ ਦਿਲਚਸਪੀ ਲੈਂਦੇ ਸਨ ਅਤੇ ਇਸ ਦੇ ਭਵਿੱਖ ਬਾਰੇ ਬੇਪ੍ਰਵਾਹ

ਸਨ। ਉਹ ਆਪਣੇ ਧਰਮ ਤੋਂ ਏਨਾਂ ਬੇਮੁੱਖ ਹੋ ਗਏ ਹਨ ਕਿ ਉਨ੍ਹਾਂ ਨੂੰ ਪਤਾ ਹੈ ਕਿ ਅੰਗਰੇਜ਼ੀ ਖੰਡ ਪਾਵਨ ਗਊ ਦੀਆਂ ਹੱਡੀਆਂ ਤੋਂ ਬਣਾਈ ਗਈ ਹੈ ਪਰ ਉਹ ਬਦੇਸ਼ੀ ਖੰਡ ਵਰਤਣ ਤੋਂ ਭੋਰਾ ਵੀ ਨਹੀਂ ਝਿਜਕਦੇ। ਉਹ ਆਪਣੀਆਂ ਪ੍ਰਾਚੀਨ ਰਸਮਾਂ ਤੋਂ ਇਸ ਕਦਰ ਬੇਮੁੱਖ ਹੋ ਗਏ ਹਨ ਕਿ ਉਨ੍ਹਾਂ ਵਿਚ ਆਪਣੇ ਬਜ਼ੁਰਗਾਂ ਦੇ ਸਤਿਕਾਰ ਦੀ ਬਹੁਤ ਕਮੀ ਹੈ ਅਤੇ ਉਹ ਆਪਣੇ ਆਪ ਨੂੰ ਸਾਰੀ ਬੁੱਧੀਮਤਾ ਦਾ ਭੰਡਾਰ ਮੰਨਦੇ ਹਨ। ਫਿਰ ਵੀ ਹੁਣ ਕੁਝ ਪੜ੍ਹੇ ਲਿਖੇ ਲੋਕਾਂ ਨੇ ਇਸ ਤੇ ਪਛਤਾਵਾ ਕਰਨਾ ਸ਼ੁਰੂ ਕੀਤਾ ਹੈ। ਉਹ ਆਪਣੇ ਨਿਰਮਾਣ ਭਰਾਵਾਂ ਨਾਲ ਘੁਲਣ ਮਿਲਣ ਬਾਰੇ ਥੋੜ੍ਹਾ ਜਿੰਨਾ ਵੀ ਨਹੀਂ ਸੋਚਦੇ ਅਤੇ ਇਸ ਦੇਸ਼ ਦੀ ਮਹਾਨ ਸ੍ਰੇਸ਼ਟਤਾ ਬਾਰੇ ਅਧਿਅਨ ਨਹੀਂ ਕਰਦੇ ਅਤੇ ਉਸ ਦੀ ਹਾਲਤ ਸੁਧਾਰਨ ਬਾਰੇ ਯਤਨ ਨਹੀਂ ਕਰਦੇ। ਇਸ ਦੇ ਸਿੱਟੇ ਵਜੋਂ ਸਰਕਾਰਾਂ ਨੇ ਉਚੇਰੀ ਸਿੱਖਿਆ ਦੀਆਂ ਜੜ੍ਹਾਂ ਖੋਖਲੀਆਂ ਕਰਨ ਦੀ ਠਾਣੀ ਹੋਈ ਸੀ। ਪਹਿਲਾਂ ਇਸ ਨੇ ਪ੍ਰਾਇਮਰੀ ਸਿੱਖਿਆ ਨੂੰ ਵਧਾਉਣ ਦੀ ਤਜਵੀਜ਼ ਰੱਖੀ ਸੀ, ਪਰ ਉਹ ਡਰ ਗਈ ਕਿ ਕਿਤੇ ਇਸ ਨਾਲ ਕਿਸਾਨੀ ਵਿਚ ਬੇਚੈਨੀ ਅਤੇ ਵਿਰੋਧ ਨਾ ਫੈਲ ਜਾਵੇ। ਸਰਕਾਰ ਨੇ ਇਸ ਨੂੰ ਤਾਕ ਤੇ ਰੱਖ ਦੇਣ ਦਾ ਫ਼ੈਸਲਾ ਕੀਤਾ। ਵਿਦਿਆਰਥੀਆਂ ਤੇ ਹੁਣ ਰਾਜਨੀਤੀ ਵਿਚ ਹਿੱਸਾ ਲੈਣ ਤੇ ਰੋਕ ਲਾ ਦਿੱਤੀ ਗਈ ਹੈ ਜਦੋਂ ਕਿ ਇੰਗਲੈਂਡ ਵਿਚ ਉਨ੍ਹਾਂ ਨੂੰ ਇਸ ਵਿਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਭਾਰਤ ਵਿਚ ਅੰਗਰੇਜ਼ੀ ਹਕੂਮਤ ਦਾ ਸਿੱਖਿਆ ਉਤੇ ਖਰਚਾ ਦੂਸਰੇ ਦੇਸ਼ਾਂ ਦੇ ਮੁਕਾਬਲੇ ਚਿੰਤਾਜਨਕ ਹੱਦ ਤੱਕ ਘੱਟ ਹੈ ਅਤੇ ਅਧਿਆਪਕਾਂ ਨੂੰ ਬਹੁਤ ਘੱਟ ਤਨਖਾਹ ਦਿੱਤੀ ਜਾਂਦੀ ਹੈ। ਪ੍ਰਾਈਵੇਟ ਸਕੂਲ ਤੇ ਕਾਲਜ ਵੀ ਯੂਨੀਵਰਸਿਟੀ ਸਿੱਖਿਆ ਦੀਆਂ ਸਕੀਮਾਂ 'ਤੇ ਹੀ ਚਲ ਰਹੇ ਸਨ ਅਤੇ ਇਸ ਨੇ ਦੇਸ਼ਾਂ ਦਾ ਬਹੁਤ ਘੱਟ ਭਲਾ ਕੀਤਾ। ਪਰ ਇਹਨਾਂ ਸੰਸਥਾਵਾਂ ਦੀਆਂ ਤਾਕਤਾਂ ਤੇ ਪਰੋਖ ਰੂਪ ਵਿਚ ਨਜ਼ਰ ਰੱਖੀ ਜਾਂਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਇਹਨਾਂ ਵਿਚਾਰਾਂ ਵਾਸਤੇ ਦੋਸ਼ ਨਹੀਂ ਦਿੱਤਾ। ਕੁਦਰਤੀ ਹੀ ਉਹ ਇਸ ਦੇਸ਼ ਤੇ ਕਬਜ਼ਾ ਜਮਾਈ ਰੱਖਣਾ ਚਾਹੁੰਦੇ ਸਨ ਅਤੇ ਆਪਣੇ ਮਕਸਦ ਨੂੰ ਹਾਸਲ ਕਰਨ ਲਈ ਦ੍ਰਿੜ੍ਹ ਸੰਕਲਪ ਹਨ ਪਰੰਤੂ ਇਹ ਭਾਰਤ ਮਾਂ ਦੇ ਪੁੱਤਰਾਂ ਦਾ ਫਰਜ਼ ਹੈ ਕਿ ਉਹ ਆਪਣੀ ਮਾਤਰਭੂਮੀ ਨੂੰ ਦੂਸਰੇ ਦੇਸ਼ਾਂ ਦੇ ਬਰਾਬਰ ਲਿਆਉਣ ਅਤੇ ਉਸ ਦੀ ਪੁਰਾਣੀ ਹਾਲਤ ਵਿਚ ਪਹੁੰਚਾਉਣ ਲਈ ਸਾਰੇ ਮਤਭੇਦ ਖ਼ਤਮ ਕਰ ਦੇਣ। ਇਸ ਦੇਸ਼ ਵਿਚ ਕਦੇ ਅਥਾਹ ਦੌਲਤ ਸੀ, ਇਸ ਦੀ ਖੇਤੀ ਉਪਜ ਇਸ ਦੇ ਨਿਵਾਸੀਆਂ ਵਾਸਤੇ ਲੋੜ ਤੋਂ ਵਧੇਰੇ ਪੈਦਾ ਹੁੰਦੀ ਸੀ ਅਤੇ ਇਸ ਦੇ ਉਦਯੋਗ ਏਨੇ ਵਿਕਸਿਤ ਸਨ ਕਿ ਇਸ ਦੇ ਉਤਪਾਦ ਵੱਡੀ ਮਾਤਰਾ ਵਿਚ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਦਰਾਮਦ ਕੀਤੇ ਜਾਂਦੇ। ਏਥੋਂ ਤੱਕ ਕਿ ਦੂਰ ਦੁਰਾਡੇ ਯੂਰਪ ਦੇ ਦੇਸ਼ਾਂ ਵਿਚ ਵੀ। ਹੁਣ ਤਾਂ ਦੇਸ਼ ਉਤੇ ਬਜਰਪਾਤ ਹੋਇਆ ਹੈ। ਇਹ ਦੁਨੀਆਂ ਦੇ ਸਭ ਤੋਂ ਗਰੀਬ ਮੁਲਕਾਂ 'ਚੋਂ ਇਕ ਹੋ ਗਿਆ, ਇਸ ਵਿਚ ਭਿਆਨਕ ਕਾਲ ਪਏ ਸਨ, ਇਸਦੇ ਉਦਯੋਗ ਖ਼ਤਮ ਹੋ

ਚੁੱਕੇ ਸਨ। ਇਸ ਲਈ ਸਰਕਾਰ ਦੀ ਨਾਰਾਜ਼ਗੀ ਦੇ ਬਾਵਜੂਦ ਵੀ ਸਾਡਾ ਸਭਨਾਂ ਦਾ ਇਹ ਫਰਜ਼ ਬਣਦਾ ਸੀ ਕਿ ਅਸੀਂ ਇਸ ਦੀ ਵਰਤਮਾਨ ਹਾਲਤ ਨੂੰ ਸੁਧਾਰੀਏ। ਉਨ੍ਹਾਂ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਜ਼ਿਲ੍ਹਾ ਮੈਜਿਸਟਰੇਟ ਪਾਸੋਂ ਚਿਤਾਵਨੀਆਂ ਮਿਲੀਆਂ ਕਿ ਉਨ੍ਹਾਂ ਨੂੰ ਦੇਸ਼ ਧਰੋਹੀ ਕਿਤਾਬਾਂ ਅਤੇ ਪੈਂਫਲੈਟ ਛਾਪਣ ਦਾ ਇਰਾਦਾ ਜਾਰੀ ਨਹੀਂ ਰੱਖਣਾ ਚਾਹੀਦਾ ਤੇ ਉਹ ਜਬਤ ਕਰ ਲਏ ਗਏ। ਇਸ ਤਰ੍ਹਾਂ ਲੱਗਦਾ ਸੀ ਕਿ ਸਰਕਾਰ ਹੁਣ ਤੱਕ ਸਭ ਕੁਝ ਜਾਣ ਚੁੱਕੀ ਸੀ ਕਿ ਉਹ ਦੂਸਰਿਆਂ ਦੇ ਵਿਚਾਰਾਂ ਦਾ ਅਨੁਮਾਨ ਲਾ ਸਕਦੇ ਸਨ। ਪਰ ਜਦੋਂ ਉਨ੍ਹਾਂ ਨੂੰ ਸਰਕਾਰ ਦੀਆਂ ਚਿਤਾਵਨੀਆਂ ਮਿਲੀਆਂ, ਉਦੋਂ ਮਾਤਰ ਭੂਮੀ ਵੀ ਫਰਜ਼ ਪੂਰਤੀ ਲਈ ਉਨ੍ਹਾਂ ਨੂੰ ਆਗਾਹ ਕਰ ਰਹੀ ਸੀ। ਅਧਿਕਾਰੀ ਉਨ੍ਹਾਂ ਨੂੰ ਸੱਚ ਦੀ ਰੌਸ਼ਨੀ ਫੈਲਾਉਣ ਤੋਂ ਦੂਰ ਰੱਖਣਾ ਚਾਹੁੰਦੇ ਸੀ। ਦੇਸ਼ ਦੇ ਹਿੱਤ ਇਹ ਮੰਗ ਕਰਦੇ ਸਨ ਕਿ ਮੌਜੂਦਾ ਅਗਿਆਨਤਾ ਨੂੰ ਦੂਰ ਕਰਨ ਅਤੇ ਗਿਆਨ ਵੰਡਣ ਅਤੇ ਉਹ ਹਰ ਕੀਮਤ ਉਤੇ ਦੇਸ਼ ਪ੍ਰਤੀ ਸੱਚੇ ਰਹਿਣ। ਅੰਗਰੇਜ਼ ਚਾਹੁਣ ਤਾਂ ਉਹ ਇਸ ਨੂੰ ਦੇਸ਼ ਧਰੋਹੀ ਦਾ ਨਾਂ ਦੇ ਸਕਦੇ ਸਨ। ਹਾਕਮ ਨਸਲ ਹੋਣ ਕਰਕੇ ਉਹ ਉਨ੍ਹਾਂ ਦੇ ਵਿਚਾਰਾਂ ਦੀ ਕੋਈ ਵੀ ਵਿਆਖਿਆ, ਜੋ ਉਹ ਚਾਹੁਣ, ਕਰ ਸਕਦੇ ਸਨ। ਪਰ ਉਹ ਇਸ ਗੱਲ ਦੀ ਹਮਾਇਤ ਨਹੀਂ ਕਰਨਗੇ ਕਿ ਅੰਗਰੇਜ਼ ਹਿੰਦੁਸਤਾਨ ਤੇ ਰਾਜ ਕਰਨ। ਇਸ ਦੇਸ਼ ਦੇ ਲੋਕ, ਜੇਕਰ ਚਾਹੁਣ ਤਾਂ ਵੀ ਉਹ ਇਹ ਨਹੀਂ ਕਰਨਗੇ ਕਿਉਂਕਿ ਇਹ ਉਨ੍ਹਾਂ ਦੀ ਤਾਕਤ ਤੋਂ ਬਾਹਰ ਸੀ। (ਇਥੇ ਲੋਕਾਂ ਵਿਚ ਕੁਝ ਹਿਲਜੁਲ ਹੋਈ ਅਤੇ ਅਜੀਤ ਸਿੰਘ ਦੇ ਪੀਲੇ ਚਿਹਰੇ ਤੇ ਹੋਰ ਪੀਲੀ ਭਾਅ ਫੈਲ ਗਈ। ਪਰ ਇਸ ਬਾਰੇ ਪਤਾ ਲੱਗਾ ਕਿ ਕੁਝ ਪੈਂਫਲਟ ਵੰਡੇ ਜਾ ਰਹੇ ਸਨ।) ਪਰ ਇਹ ਉਨ੍ਹਾਂ ਦਾ ਫਰਜ਼ ਹੈ ਕਿ ਉਹ ਘੱਟੋ ਘੱਟ ਇਕ ਬੰਦੇ ਨੂੰ ਪੜ੍ਹਾਵੇ ਤਾਂ ਕਿ ਉਹ ਅਖ਼ਬਾਰਾਂ ਅਤੇ ਕਿਤਾਬਾਂ ਪੜ੍ਹਨ ਦੇ ਯੋਗ ਹੋ ਸਕੇ। (ਸਿੱਖਿਆ) ਪੜ੍ਹਾਈ ਦਾ ਇਹ ਕੰਮ ਬਿਨਾਂ ਝਿਜਕ ਜਾਂ ਖਰਚੇ ਦੇ ਚਲਾਇਆ ਜਾਵੇ। ਇਹ ਗਿਆਨ ਹੀ ਹੈ ਜਿਸ ਦੀ ਹਿੰਦੁਸਤਾਨ ਦੇ ਲੋਕਾਂ ਨੂੰ ਲੋੜ ਹੈ ਅਤੇ ਗਿਆਨ ਹਰ ਕੀਮਤ 'ਤੇ ਅਤੇ ਹਰ ਕੁਰਬਾਨੀ ਕਰਕੇ ਵੰਡਿਆ ਜਾਵੇ।

17.

ਨਵੰਬਰ, 1908 ਨੂੰ ਬਰੈਡਲੇ ਹਾਲ ਲਾਹੌਰ ਵਿਖੇ 'ਤਿਲਕ ਆਸ਼ਰਮ' ਤੇ ਭਾਸ਼ਨ

"ਸ੍ਰੀਮਾਨ, ਇਹ ਤਹਿ ਕੀਤਾ ਗਿਆ ਕਿ ਕੌਮੀ ਏਕਤਾ ਅਤੇ ਤਰੱਕੀ ਵਾਸਤੇ 'ਤਿਲਕ ਆਸ਼ਰਮ' ਨਾਂ ਦੀ ਸੰਸਥਾ ਦੀ ਸਥਾਪਤੀ ਕਰਨ ਲਈ ਅਤੇ ਤਿਲਕ ਦੀਆਂ ਸੇਵਾਵਾਂ ਨੂੰ ਯਾਦ ਕਰਨ ਲਈ ਸਮਾਗਮ ਕੀਤਾ ਜਾਵੇ ਜਿਹੜਾ

ਹਿੰਦੁਸਤਾਨ ਦੇ ਲੋਕਾਂ ਨੂੰ ਰਾਜਨੀਤਕ ਸਿੱਖਿਆ ਦੇਵੇਗਾ। ਸ੍ਰੀ ਤਿਲਕ ਦੀ ਸਭ ਤੋਂ ਵਧੀਆ ਯਾਦ ਇਹੀ ਹੋਵੇਗੀ ਕਿ ਜਿਸ ਧਾਰਮਿਕ ਸ਼ਰਧਾ ਦੀ ਭਾਵਨਾ ਨਾਲ ਉਸ ਨੇ ਕੰਮ ਕੀਤਾ ਹੈ ਅਤੇ ਉਸੇ ਭਾਵਨਾ ਨਾਲ ਆਜ਼ਾਦੀ ਦੀ ਲਹਿਰ ਨੂੰ ਅੱਗੇ ਵਧਾਇਆ ਜਾਵੇ। ਤਿਲਕ ਨੇ ਆਪਣੇ ਜੀਵਨ ਦੇ ਆਸ਼ੇ ਲਈ ਕੁਰਬਾਨੀ ਕੀਤੀ ਅਤੇ ਆਪਣੇ ਆਪ ਨੂੰ ਆਪਣੇ ਦੇਸ਼ ਵਾਸੀਆਂ ਦੇ ਮਨਾਂ ਵਿਚ ਕੌਮੀ ਭਾਵਨਾ ਭਰਨ ਲਈ ਅਰਪਤ ਕੀਤਾ ਤਾਂ ਕਿ ਉਨ੍ਹਾਂ ਵਿਚ ਰਾਜਨੀਤਕ ਚੇਤਨਾ ਪੈਦਾ ਹੋਵੇ। ਉਸ ਦਾ ਮੁੱਖ ਕੰਮ ਉਨ੍ਹਾਂ ਨੂੰ ਸਿੱਖਿਆ ਦੇਣਾ ਸੀ। ਉਨ੍ਹਾਂ ਸੱਭਿਆ ਪੁਰਖਾਂ ਅਤੇ ਇਸਤਰੀਆਂ ਨੂੰ ਉਨ੍ਹਾਂ ਦੇ ਫਰਜ਼ਾਂ ਤੇ ਹੱਕਾਂ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਸਿਖਾਇਆ ਕਿ ਉਨ੍ਹਾਂ ਦਾ ਬੜਾ ਸ਼ਾਨਦਾਰ ਵਿਰਸਾ ਹੈ, ਉਸ ਨੂੰ ਯਾਦ ਕਰਨਾ ਉਨ੍ਹਾਂ ਨੂੰ ਭਵਿੱਖ ਦੇ ਯਤਨਾਂ ਲਈ ਬਹੁਤ ਉਤਸ਼ਾਹਿਤ ਕਰੇਗਾ। ਉਸ ਦੀ ਜ਼ਿੰਦਗੀ ਦਾ ਮਕਸਦ ਲੋਕਾਂ ਦੀ ਰਾਜਸੀ ਸਿੱਖਿਆ ਸੀ। ਉਹ ਸਿਰਫ਼ ਮੁੱਠੀ ਭਰ ਬੁੱਧੀਜੀਵੀਆਂ ਲਈ ਹੀ ਨਹੀਂ ਜੀਵੇ ਅਤੇ ਕੰਮ ਕੀਤਾ ਸਗੋਂ ਉਨ੍ਹਾਂ ਆਮ ਲੋਕਾਂ ਲਈ ਵੀ ਕੰਮ ਕੀਤਾ ਜਿਸਨੇ ਅੰਤਮ ਤੌਰ 'ਤੇ ਰਾਜਨੀਤਕ ਬਹਿਸਾਂ ਵਿਚ ਫ਼ੈਸਲਾਕੁੰਨ ਹੋਣਾ ਹੈ। ਇਸ ਲਈ ਇਹ ਸਾਡੇ ਸਾਰਿਆਂ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਮਹਾਨ ਲੀਡਰ ਤਿਲਕ ਦੇ ਪਵਿੱਤਰ ਕੰਮ ਅਤੇ ਕਾਰਜ, ਜਿਸ ਨੂੰ ਉਹ ਪਿਆਰ ਕਰਦਾ ਸੀ, ਨੂੰ ਉਸੇ ਤਰੀਕੇ ਨਾਲ ਜਾਰੀ ਰੱਖੀਏ। ਇਕ ਲੋਕ ਪ੍ਰਿਯ ਸੰਸਥਾ ਜਿਸ ਨੂੰ ਇਤਿਹਾਸ, ਰਾਜਨੀਤੀ ਅਤੇ ਆਰਥਕ ਗਿਆਨ ਨੂੰ ਲੋਕਾਂ ਵਿਚ ਫੈਲਾਉਣਾ ਚਾਹੀਦਾ ਹੈ ਜੋ ਸਾਡਾ ਮਕਸਦ ਬੜੀ ਚੰਗੀ ਤਰ੍ਹਾਂ ਪੂਰਾ ਕਰੇਗਾ।

ਰਾਜਸੀ ਸਿੱਖਿਆ ਦਾ ਮਹੱਤਵਪੂਰਨ ਕੰਮ ਹੁਣ ਤੱਕ ਅਨਿਯਮਤ, ਗ਼ੈਰਤਰਤੀਬਾ ਬਹੁਤ ਸਾਰੇ ਵਿਅਕਤੀਆਂ ਦੁਆਰਾ ਅਖ਼ਬਾਰਾਂ ਪੈਂਫਲਿਟਾਂ ਅਤੇ ਭਾਸ਼ਨਾਂ ਦੁਆਰਾ ਕੀਤਾ ਜਾ ਰਿਹਾ ਸੀ।

ਹੁਣ ਢੁਕਵਾਂ ਸਮਾਂ ਆ ਗਿਆ ਹੈ ਕਿ ਅਸੀਂ ਤਿਲਕ ਦੇ ਕੰਮ ਨੂੰ ਪੱਕੇ ਤੌਰ 'ਤੇ ਜਥੇਬੰਦ ਕਰਨ ਲਈ ਇਸ ਨੂੰ ਪ੍ਰਮੁੱਖ ਸਥਾਨ ਦੇਈਏ। ਆਸ਼ਰਮ ਵਿਚ ਭਾਰਤੀ ਇਤਿਹਾਸ, ਰਾਜਨੀਤੀ ਅਤੇ ਆਰਥਕ ਵਿਸ਼ਿਆਂ ਤੇ ਚੰਗੀ ਲਾਇਬ੍ਰੇਰੀ ਹੋਵੇ ਅਤੇ ਸਾਨੂੰ ਬੜੀ ਚਾਹ ਨਾਲ ਉਨ੍ਹਾਂ ਵਿਦਿਆਰਥੀਆਂ ਦਾ ਸਵਾਗਤ ਕਰਨਾ ਚਾਹੀਦਾ ਹੈ ਜਿਹੜੇ ਉਥੇ ਭਾਰਤੀ ਰਾਜਨੀਤਕ ਸਵਾਲਾਂ ਤੇ ਅਧਿਅਨ ਕਰਨ ਲਈ ਆਉਣ। ਇਹ ਸਾਡੀ ਕੌਮੀ ਰਾਜਨੀਤੀ ਦੀ ਲਘੂ ਯੂਨੀਵਰਸਿਟੀ ਬਣ ਜਾਣੀ ਚਾਹੀਦੀ ਹੈ। ਇਸ ਦਾ ਨਿਸ਼ਾਨਾ ਯੋਗ ਅਖ਼ਬਾਰ-ਨਵੀਸ, ਬੁਲਾਰੇ ਅਤੇ ਲੇਖਕ ਪੈਦਾ ਕਰਨੇ ਹੋਣਾ ਚਾਹੀਦਾ ਹੈ ਜਿਹੜੇ ਲੋਕਾਂ ਵਿਚ ਨਰੋਏ ਰਾਜਨੀਤਕ ਵਿਚਾਰ ਫੈਲਾਉਣ। ਇਹ ਸਿਰਫ਼ ਅਕਾਦਮਿਕ ਸੰਸਥਾ ਹੋਵੇ, ਇਸ ਨੂੰ ਆਰਜ਼ੀ ਜਦੋਜਹਿਦਾਂ ਜਾਂ ਲਹਿਰਾਂ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ। ਇਸ ਨੂੰ ਹਰ ਵੇਲੇ ਉਨ੍ਹਾਂ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਜੋ

ਸਰਵਵਿਆਪਕ ਸੱਚਾਈਆਂ ਦਾ ਪ੍ਰਤੀਕ ਹੋਣ ਅਤੇ ਜਿਹੜੀਆਂ ਸਾਡੇ ਕੌਮੀ ਜੀਵਨ ਨੂੰ ਸਥਿਰ ਰੱਖਣ ਵਿਚ ਮੱਦਦ ਕਰਨ। ਇਸ ਨੂੰ ਵਕਤੀ ਨਾਜ਼ਕ ਸਵਾਲਾਂ ਅਤੇ ਕਠਿਨਈਆਂ, ਜਿਹੜੀਆਂ ਕਿ ਸਾਰੀਆਂ ਲਹਿਰਾਂ ਦਾ ਹਿੱਸਾ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਦਰਪੇਸ਼ ਹੁੰਦੀਆਂ ਹਨ, ਸਾਨੂੰ ਉਲਝਣਾਂ ਵਿਚ ਨਹੀਂ ਪੈਣਾ ਚਾਹੀਦਾ। ਇਸ ਨੂੰ ਭਾਰਤੀ ਇਤਿਹਾਸ ਅਤੇ ਰਾਜਨੀਤੀ ਸਿਖਾਉਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਹਰ ਪੀੜ੍ਹੀ ਦੇ ਬੁੱਧੀਮਾਨ ਵਿਅਕਤੀਆਂ ਦੇ ਮਨਾਂ ਤੇ ਦਿਲ ਵਿਚ ਕੌਮੀਅਤ ਦੀ ਡੂੰਘੀ ਬੁਨਿਆਦ ਰੱਖਣੀ ਚਾਹੀਦੀ ਹੈ। ਚਲੰਤ ਰਾਜਨੀਤੀ ਨਾਲ ਕੋਈ ਲਾਗਾ ਦੇਗਾ ਨਹੀਂ ਰੱਖਣਾ ਚਾਹੀਦਾ ਹੈ। ਏਨਾ ਹੀ ਕਾਫੀ ਹੈ ਜੇਕਰ ਉਹ ਲੋਕਾਂ ਨੂੰ ਇਹ ਚਿਤਾਵਨੀ ਦੇਵੇ ਕਿ ਉਹ ਇਹ ਨਾ ਭੁੱਲਣ ਕਿ ਉਨ੍ਹਾਂ ਦਾ ਕੋਈ ਇਤਿਹਾਸ ਅਤੇ ਦੇਸ਼ ਵੀ ਹੈ ਜਿਸ ਨੂੰ ਉਨ੍ਹਾਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਉਸ ਦਾ ਹਿੱਤ ਸੋਚਣਾ ਚਾਹੀਦਾ ਹੈ। ਕਿਉਂਕਿ ਜਦੋਜਹਿਦਾਂ ਖ਼ਤਮ ਹੋ ਜਾਂਦੀਆਂ ਹਨ, ਪਰੰਤੂ ਸਿਆਣਪ ਥਿਰ ਰਹਿੰਦੀ ਹੈ ਅਤੇ ਹਿੰਦੁਸਤਾਨ ਦੀ ਮੌਜੂਦਾ ਪ੍ਰਸਥਿਤੀ ਵਿਚ ਇਤਿਹਾਸਕ ਅਤੇ ਰਾਜਨੀਤਕ ਗਿਆਨ ਦਾ ਤੋਹਫ਼ਾ ਸਾਰੇ ਹੀ ਤੋਹਫ਼ਿਆਂ 'ਚੋਂ ਸਭ ਤੋਂ ਵਧੀਆ ਹੈ। (ਸਰਵੇਸ਼ਮ ਏਵਾ ਦਾਨਾਨਾਮ ਨੀਤੀ-ਗਾਨਮ ਵਸ਼ਿਸ਼ਟੇ)।

ਇੱਛਾ ਕੀਤੀ ਜਾਂਦੀ ਹੈ ਕਿ ਸ੍ਰੀ ਤਿਲਕ ਦਾ ਕਦਾਵਰ ਚਿੱਤਰ ਆਸ਼ਰਮ ਦੇ ਹਾਲ ਵਿਚ ਲਾਇਆ ਜਾਵੇ। ਉਸ ਦੇ ਘਟਨਾਵਾਂ-ਪੂਰਨ ਜੀਵਨ ਨੂੰ ਦੀਵਾਰਾਂ 'ਤੇ ਸਜਾਇਆ ਜਾਵੇ। ਆਸ਼ਰਮ ਅਜਿਹੀ ਥਾਂ ਤੇ ਸਥਿਤ ਹੋਵੇ ਜਿਹੜੀ ਦੇਸ਼ ਦੇ ਸਾਰੇ ਹਿੱਸਿਆਂ ਨੂੰ ਆਪਣੇ ਵੱਲ ਖਿੱਚ ਸਕੇ ਅਤੇ ਇਹ ਆਉਣ ਵਾਲਿਆਂ ਦੇ ਦਿਲਾਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰੇ। ਤਿਲਕ ਆਸ਼ਰਮ ਢੁਕਵੇਂ ਵਾਤਾਵਰਣ ਵਿਚਕਾਰ ਸਥਿਤ ਹੋਵੇ। ਜੋ ਕੁਝ ਵੀ ਸ਼ੁੱਧ ਅਤੇ ਪਵਿੱਤਰ ਹੈ ਅਤੇ ਦੇਸ਼ ਭਗਤੀ ਦੀ ਪ੍ਰੇਰਨਾ ਦੇਣ ਵਾਲਾ ਹੋਵੇ। ਤਿਲਕ ਜੀ ਦੇ ਨਾਂ ਨਾਲ ਜੋੜਨਾ ਚਾਹੀਦਾ ਹੈ। ਤਿਲਕ ਜੀ ਸਾਡੇ ਵੇਲਿਆਂ ਦਾ ਰਾਜਨੀਤਕ ਪੁਨਰ ਜਾਗਰਣ ਦਾ ਪੈਗੰਬਰ ਸੀ, ਜੋ ਉਨੀਵੀਂ ਸਦੀ ਦੇ ਅਖ਼ੀਰ ਵਿਚ ਪ੍ਰਗਟ ਹੋਇਆ ਹੈ, ਉਸ ਮਹਾਨ ਨਾਇਕਾਂ ਦੇ ਮੋਢੀ ਜਿਸ ਵਾਸਤੇ ਕੌਮ, ਲੰਮੇ ਸਮੇਂ ਤੋਂ ਇੰਤਜ਼ਾਰ ਕਰ ਰਹੀ ਸੀ।

ਇਸ ਲਈ ਇਹ ਆਸ਼ਰਮ ਹਰਦਵਾਰ, ਬਨਾਰਸ ਜਾਂ ਕਿਸੇ ਹੋਰ ਢੁਕਵੇਂ ਥਾਂ 'ਤੇ ਸਥਾਪਤ ਕਰਨ ਦਾ ਸੁਝਾਉ ਦਿੱਤਾ ਗਿਆ ਹੈ। ਕਿਉਂਕਿ ਅਨੰਤਕਾਲ ਤੋਂ ਸਾਡੀਆਂ ਪੀੜ੍ਹੀਆਂ ਦੇ ਇਕੱਠੇ ਹੋਣ ਦਾ ਇਹ ਮਹਾਨ ਸਥਾਨ ਹੈ। ਤਿਲਕ ਆਸ਼ਰਮ ਦੀ ਐਸੇ ਸਥਾਨ ਤੇ ਸਥਾਪਤੀ ਪੀੜੀਆਂ ਤੱਕ ਸਾਡੇ ਮਹਾਨ ਨੇਤਾ ਦੀ ਯਾਦ ਤਾਜ਼ਾ ਰੱਖੇਗੀ ਅਤੇ ਉਸ ਦਾ ਨਾਂ ਆਪਣੀ ਕੌਮ ਦੇ ਪਰੰਪਰਕ ਇਤਿਹਾਸ ਨਾਲ ਜੁੜੇਗਾ।

ਕੌਮੀ ਨਿਸ਼ਾਨੀਆਂ ਅਤੇ ਸ਼ਾਨਦਾਰ ਵਿਰਸੇ ਦਾ ਅਜਾਇਬ ਘਰ, ਹਿੰਦੁਸਤਾਨ ਦੇ ਮਹਾਨ ਹਸਤੀਆਂ ਦੀਆਂ ਤਸਵੀਰਾਂ ਦੀ ਗੈਲਰੀ, ਉਨ੍ਹਾਂ ਵਿਦਿਆਰਥੀਆਂ ਲਈ ਮੁਫ਼ਤ ਹੋਸਟਲ ਦੀ ਸਹੂਲਤ ਪ੍ਰਦਾਨ ਕੀਤੀ ਜਾਵੇ ਜਿਹੜੇ ਉਥੇ ਪੜ੍ਹਾਈ ਲਈ ਆਉਣ ਅਤੇ ਸੰਸਥਾ ਦੇ ਦੂਸਰੇ ਲਾਹੇਵੰਦ ਸਹਾਇਕ ਕਾਰਜਾਂ ਦੀ ਖੋਜ ਲਈ ਆਉਣ। ਇਸ ਨਾਲ ਅਸੀਂ ਮਹਾਨ ਵਿਅਕਤੀਆਂ ਦੀ ਯਾਦ ਦਾ ਸਨਮਾਨ ਕਰ ਸਕਾਂਗੇ। ਜਿਨ੍ਹਾਂ ਨੂੰ ਜ਼ਾਲਮਾਨਾਂ ਢੰਗ ਨਾਲ ਸਾਥੋਂ ਖੋਹ ਲਿਆ ਗਿਆ ਹੈ।

ਤਿਲਕ ਆਸ਼ਰਮ ਸਾਡੇ ਕੌਮਵਾਦ ਦੀ ਸ਼ਕਤੀ ਦਾ ਕੇਂਦਰ ਹੋਵੇਗਾ। ਇਹ ਸਿਖਿਅਤ ਅਖ਼ਬਾਰ ਨਵੀਸਾਂ ਅਤੇ ਵਕਤਾਵਾਂ ਨੂੰ ਦੇਸ਼ ਦੇ ਸਾਰੇ ਹਿੱਸਿਆਂ ਵਿਚ ਭੇਜੇਗਾ। ਇਹ ਸਾਡੀ ਸੋਚ ਦਾ ਪਰਚਾਰ ਕਰੇਗਾ।

ਸਾਡੇ ਧਰਮ ਗਰੰਥਾਂ ਦੀ ਪਵਿੱਤਰਤਾ, ਨੈਤਿਕ ਪਤਨ ਜਾਂ ਗਲਤ ਧਾਰਨਾਵਾਂ ਵਿਚ ਡਿੱਗਣ ਵਿਰੁੱਧ ਅਗਵਾਈ ਦੇਵੇਗਾ।

ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਾਰੇ ਜਿਹੜੇ ਮਹਾਨ ਆਦਰਸ਼ ਦੀ ਕਦਰ ਕਰਦੇ ਹਨ, ਜਿਨ੍ਹਾਂ ਲਈ ਸ੍ਰੀ ਤਿਲਕ ਨੇ ਆਪਣੀ ਸਾਰੀ ਜ਼ਿੰਦਗੀ ਸਖ਼ਤ ਮਿਹਨਤ ਕੀਤੀ, ਉਪਰਲੀ ਰੂਪ ਰੇਖਾ ਦੀ ਸਕੀਮ ਵਿਚ ਯੋਗਦਾਨ ਪਾਉਣਗੇ। ਆਉ ਆਪਾਂ ਅਮਲੀ ਤੌਰ 'ਤੇ ਇਸ ਦਾ ਵਿਖਾਵਾ ਕਰੀਏ। ਜਿਸ ਕਰਕੇ ਅਸੀਂ ਤਿਲਕ ਨੂੰ ਪਿਆਰ ਕਰਦੇ ਹਾਂ ਜਾਂ ਉਸ ਦੀ ਪ੍ਰਸੰਸਾ ਕਰਦੇ ਹਾਂ। ਕੁਰਬਾਨੀ ਪਿਆਰ ਦਾ ਇਮਤਿਹਾਨ ਹੈ। ਸ੍ਰੀ ਤਿਲਕ ਨੇ ਆਪਣੇ ਦੋਸਤਾਂ ਅਤੇ ਸਹਿਯੋਗੀਆਂ, ਆਪਣੀ ਪਤਨੀ ਤੇ ਬੱਚਿਆਂ ਦੀ ਜੁਦਾਈ ਦਾ ਦਰਦ ਸਹਾਰਿਆ ਹੈ ਅਤੇ ਸਭ ਤੋਂ ਵੱਧ ਕੇ ਕੇਸਰੀ ਅਖ਼ਬਾਰ ਦੀ ਜੁਦਾਈ ਅਤੇ ਉਸ ਕੰਮ ਤੋਂ ਜਿਸ ਨੂੰ ਉਹ ਬਹੁਤ ਪਿਆਰ ਕਰਦਾ ਸੀ, ਯਾਨੀ ਲੋਕ ਸੇਵਾ। ਆਉ ਆਪਾਂ ਹਿੰਮਤ ਧਾਰੀਏ ਅਤੇ ਉਸ ਤੱਕ ਇਹ ਅਧਿਆਤਮਕ ਸੰਦੇਸ਼ ਦੇਈਏ ਕਿ ਜੋ ਅਧੂਰਾ ਕੰਮ ਉਹ ਛੱਡ ਗਿਆ ਹੈ, ਅਸੀਂ ਉਸ ਨੂੰ ਪੂਰਾ ਕਰਾਂਗੇ। ਅਸੀਂ ਉਸਦੇ ਮਿਸ਼ਨ ਦੇ ਵਾਰਸ ਹਾਂ, ਆਧੁਨਿਕ ਹਿੰਦੁਸਤਾਨੀ ਕੌਮਵਾਦ ਦੇ ਪਿਤਾ ਦੇ ਬੱਚੇ। ਆਓ ਮਨੁੱਖਾਂ ਅਤੇ ਭਰਾਵਾਂ ਵਾਂਗ ਆਪਣੇ ਫਰਜ਼ ਨਿਭਾਈਏ।

ਅਮਲ ਤੇ ਸਿਰਫ਼ ਅਮਲ ਵਿਚ ਹੀ ਸਾਡੀ ਨਸਲ ਦੀ ਮੁਕਤੀ ਹੈ।

"ਤਿਲਕ ਆਸ਼ਰਮ ਵਾਸਤੇ ਸਾਰੀ ਸਹਾਇਤਾ ਸੂਫ਼ੀ ਅੰਬਾ ਪ੍ਰਸਾਦ ਮੈਨੇਜਰ ਤਿਲਕ ਆਸ਼ਰਮ, ਲਾਹੌਰ ਦੇ ਨਾਂ ਭੇਜੀ ਜਾਵੇ।"

ਅਜੀਤ ਸਿੰਘ
ਲਾਹੌਰ (ਪੰਜਾਬ)

18.

ਕੌਮਾਂ ਦਾ ਉੱਥਾਨ ਤੇ ਪਤਨ

(ਸ. ਅਜੀਤ ਸਿੰਘ ਵਲੋਂ 11 ਜੁਲਾਈ, 1909 ਨੂੰ ਬਰੈਡਲੇ ਹਾਲ ਲਾਹੌਰ ਵਿਖੇ ਦਿੱਤਾ ਭਾਸ਼ਨ)

ਸੱਜਣੋ, ਦੋਸਤੋ ਅਤੇ ਪਿਆਰੇ ਦੇਸ਼ ਵਾਸੀਓ, ਪੰਡਤ ਸ਼ਰਧਾ ਰਾਮ ਫਿਲੌਰੀ ਨੇ ਇਕ ਕਵਿਤਾ ਲਿਖੀ ਹੈ ਜਿਸ ਦੀ ਆਖ਼ਰੀ ਸਤਰ ਹੈ :

"ਜਿਥੇ ਸੱਤੀ ਵੀਹੀਂ ਹੁੰਦਾ ਸੌ ਹੋਵੇ,
ਉਥੇ ਚੁੱਪ ਹੀ ਹੁੰਦੀ ਹੈ ਭਲੀ।"

ਇਸ ਦਾ ਭਾਵ ਹੈ ਕਿ ਡਾਹਢੇ ਅੱਗੇ ਦਲੀਲ ਦਾ ਕੋਈ ਲਾਭ ਨਹੀਂ। ਉਹ ਲੋਕਾਂ ਨੂੰ ਧੱਕੇ ਨਾਲ ਮਨਵਾ ਲੈਂਦਾ ਹੈ ਕਿ ਸੱਤ ਵੀਹਾਂ ਦਾ ਸੌ ਹੁੰਦਾ ਹੈ। ਹੁਣ ਅੰਗਰੇਜ਼ ਤਾਕਤਵਰ ਹਨ, ਅਤੇ ਇਹ ਸੱਚ ਉਨ੍ਹਾਂ 'ਤੇ ਵੀ ਢੁਕਦਾ ਹੈ। ਸਵਾਰਥੀ ਲੋਕ ਇਕ ਦਮ ਤਾਕਤਵਰਾਂ ਦੇ 'ਗੋਲੇ' ਬਣ ਜਾਂਦੇ ਹਨ। ਜੇ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਅੰਗਰੇਜ਼ ਇਹ ਸੁਣ ਕੇ ਖ਼ੁਸ਼ ਹੁੰਦੇ ਹਨ ਕਿ ਬਹੁਤ ਸਾਰੀਆਂ ਵੀਹਾਂ ਮਿਲ ਕੇ ਸੌ ਬਣਦਾ ਹੈ ਤਾਂ ਸਾਡੇ ਕਈ ਹਿੰਦੀ ਭਰਾ ਦੁਹਰਾਉਂਦੇ ਹਨ ਕਿ ਸੈਂਕੜੇ ਹਜ਼ਾਰ ਵੀਹਾਂ ਦਾ ਸੌ ਹੁੰਦਾ ਹੈ।

ਜਿਵੇਂ ਕਿ ਸਭ ਨੂੰ ਹੀ ਪਤਾ ਹੈ ਕਿ ਸੱਤਾਂ ਵੀਹਾਂ ਦਾ ਸੌ ਕਦੇ ਬਣ ਹੀ ਨਹੀਂ ਸਕਦਾ ਅਤੇ ਨਾ ਹੀ ਇਹ ਕਦੇ ਸੰਭਵ ਹੈ। ਇਸ ਪ੍ਰਕਾਰ ਦੁਨੀਆਂ ਜ਼ੋਰਾਵਰ ਦੀ ਗੱਲ ਡਰ ਕਰਕੇ ਮੰਨ ਲੈਂਦੀ ਹੈ ਜਾਂ ਘੱਟ ਘੱਟ ਉਹ ਆਪਣੀ ਇਸ ਵਿਰੁੱਧ ਆਵਾਜ਼ ਬੁਲੰਦ ਨਹੀਂ ਕਰਦੀ। ਲੋਕ ਆਮ ਤੌਰ 'ਤੇ ਸੱਚ ਅਤੇ ਇਨਸਾਫ਼ ਨਾਲੋਂ ਆਪਣੇ ਸਵਾਰਥ ਨੂੰ ਪਹਿਲ ਦੇ ਦਿੰਦੇ ਹਨ। ਇਸ ਲਈ ਜਦੋਂ ਇਕ ਮਸ਼ਹੂਰ ਇੰਜੀਨੀਅਰ ਬਰਿਡਲੇ ਨੂੰ ਪੁੱਛਿਆ ਗਿਆ ਕਿ ਦਰਿਆ ਕਿਸ ਲਈ ਬਣਾਏ ਗਏ ਸਨ ਤਾਂ ਇਸ ਦਾ ਤੁਰੰਤ ਉੱਤਰ ਸੀ ਨਹਿਰਾਂ ਬਣਾਉਣ ਲਈ। ਇਸੇ ਤਰ੍ਹਾਂ ਜਦੋਂ ਠਾਕਰੇ ਨੂੰ ਪੁੱਛਿਆ ਗਿਆ ਕਿ ਮਹਾਰਾਣੀ ਐਨੀ ਦੀ ਜ਼ਿੰਦਗੀ ਦਾ ਮਕਸਦ ਕੀ ਸੀ ਤਾਂ ਉਸ ਨੇ ਝਿਝਕ ਉੱਤਰ ਦਿੱਤਾ ਕਿ ਉਸ ਦੇ ਜੀਵਨ ਦਾ ਮਕਸਦ ਪ੍ਰਸਿੱਧ ਨਾਵਲ 'ਅਸਮੌਂਡ' ਦਾ ਵਿਸ਼ਾ ਦੇਣਾ ਸੀ।

ਜੇ ਕੋਈ ਸਾਡੇ ਤਥਾਕਥਿਤ ਦਾਤਿਆਂ ਬਾਰੇ ਪੁੱਛੇ ਭਾਵ ਕਿ ਅੰਗਰੇਜ਼ਾਂ ਬਾਰੇ ਕਿ ਹਿੰਦੁਸਤਾਨੀ ਕਾਹਦੇ ਲਈ ਪੈਦਾ ਹੋਏ ਹਨ ਤਾਂ ਸੰਭਵ ਹੈ ਉਨ੍ਹਾਂ ਦਾ ਜਵਾਬ ਹੋਵੇ ਕਿ ਉਹ ਉਨ੍ਹਾਂ (ਅੰਗਰੇਜ਼ਾਂ) ਦਾ ਰਾਜ ਸਹਿਣ ਕਰਨ ਲਈ ਪੈਦਾ ਹੋਏ ਹਨ ਅਤੇ ਉਨ੍ਹਾਂ ਨੂੰ ਆਰਾਮ ਅਤੇ ਐਸ਼ ਦੀਆਂ ਚੀਜ਼ਾਂ ਦੇਣ ਲਈ। ਅਕਸਰ ਹੀ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਗੋਰੀਆਂ ਕੌਮਾਂ ਬਾਰੇ ਦਾਅਵਾ ਕੀਤਾ ਜਾਂਦਾ ਹੈ

ਕਿ ਕਾਲੀਆਂ (ਰੰਗਦਾਰ ਨਸਲਾਂ) ਕੌਮਾਂ ਗੋਰਿਆਂ ਦਾ ਰਾਜ ਸਹਿਣ ਕਰਨ ਲਈ ਹੀ ਬਣੀਆਂ ਹਨ ਕਿਉਂਕਿ ਉਹ ਪੈਦਾ ਹੀ ਉਨ੍ਹਾਂ ਤੇ ਰਾਜ ਕਰਨ ਲਈ ਹੋਏ ਹਨ। ਇਹ ਤਾਕਤ ਦਾ ਨਸ਼ਾ ਹੈ ਜੋ ਉਹ ਇਸ ਤਰ੍ਹਾਂ ਸੋਚਦੇ ਹਨ। ਪਰ ਏਸ਼ੀਆ ਦੇ ਲੋਕ ਉਨ੍ਹਾਂ ਦੀ ਇਸ ਧਾਰਨਾ ਨੂੰ ਕਿਸੇ ਵੀ ਤਰ੍ਹਾਂ ਮੰਨਣ ਲਈ ਤਿਆਰ ਨਹੀਂ ਹਨ। ਹਾਲ ਹੀ ਦੇ ਚੀਨ ਅਤੇ ਜਾਪਾਨ, ਤੁਰਕੀ ਅਤੇ ਇਰਾਨ ਦੇ ਇਨਕਲਾਬਾਂ ਨੇ ਯੂਰਪੀਨਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਅਤੇ ਉਨ੍ਹਾਂ ਦੇ ਗਰੂਰ ਨੂੰ ਚਕਨਾਚੂਰ ਕੀਤਾ ਹੈ। ਜਿਹੜੀਆਂ ਕੌਮਾਂ ਨੇ ਆਜ਼ਾਦੀ ਨੂੰ ਪਿਆਰ ਕੀਤਾ ਉਨ੍ਹਾਂ ਗ਼ੁਲਾਮੀ ਦੀਆਂ ਜੜ੍ਹਾਂ ਪੁੱਟ ਦਿੱਤੀਆਂ, ਉਨ੍ਹਾਂ ਦੂਰ ਦੁਰਾਡੇ ਦੇ ਦੇਸ਼ਾਂ ਵਿਚ ਆਪਣੇ ਸਾਮਰਾਜ ਉਸਾਰ ਕੇ ਲੋਕਾਂ ਦੇ ਪੈਰੀਂ ਗ਼ੁਲਾਮੀ ਦੀਆਂ ਬੇੜੀਆਂ ਪਾ ਦਿੱਤੀਆਂ ਹਨ। ਉਹ ਜਿਹੜੇ ਆਪਣੇ ਦੇਸ਼ਾਂ ਵਿਚ ਆਜ਼ਾਦੀ ਦੇ ਗੀਤ ਗਾਉਂਦੇ ਹਨ, ਉਹੀ ਦੂਸਰੇ ਲੋਕਾਂ ਨੂੰ ਸਦਾ ਲਈ ਗ਼ੁਲਾਮ ਬਣਾਉਂਦੇ ਹਨ। ਇਹ ਸਭ ਕੁਝ ਕਿਉਂ ਵਾਪਰ ਰਿਹਾ ਹੈ। ਇਹ ਸਿਰਫ਼ ਤਾਕਤ ਦੇ ਪ੍ਰਭਾਵ ਕਰਕੇ ਹੈ। ਜਿਹੜਾ ਵੀ ਕੋਈ ਦੂਸਰਿਆਂ 'ਤੇ ਹੁਕਮ ਚਲਾਉਣ ਦਾ ਆਦੀ ਹੈ, ਉਸ ਲਈ ਇਹਨੂੰ ਛੱਡਣਾ ਔਖਾ ਹੈ। ਬਹੁਤ ਵਾਰੀ ਬ੍ਰਾਹਮਣ ਦੀ ਕਹਾਣੀ ਦੁਹਰਾਈ ਗਈ ਹੈ ਜਿਸਦਾ ਪੁੱਤਰ ਸ਼ਰਾਬੀ ਹੋ ਜਾਂਦਾ ਹੈ। ਉਹਦੀ ਆਦਤ ਅਜਿਹੀ ਬਣ ਜਾਂਦੀ ਹੈ ਕਿ ਉਹ ਹਮੇਸ਼ਾ ਦਿਨ ਰਾਤ ਸ਼ਰਾਬੀ ਰਹਿੰਦਾ ਹੈ। ਬੇਚਾਰਾ ਪੰਡਿਤ ਉਸ ਨੂੰ ਬਹੁਤ ਸਮਝਾਉਂਦਾ ਹੈ ਪਰ ਪੁੱਤਰ ਉਸ ਦੀ ਇੱਕ ਨਹੀਂ ਸੁਣਦਾ। ਇਕ ਦਿਨ ਉਸ ਦੇ ਮਾਂ ਬਾਪ ਉਹਦੇ ਕੋਲ ਰੋਂਦੇ ਹੋਏ ਗਏ ਤੇ ਕਿਹਾ ਕਿ ਉਹ ਉਸ ਨੂੰ ਜੋ ਉਹ ਮੰਗੇਗਾ ਦੇਣਗੇ, ਬੱਸ ਉਹ ਸ਼ਰਾਬ ਪੀਣੀ ਛੱਡ ਦੇਵੇ। ਆਗਿਆਕਾਰ ਪੁੱਤਰ ਨੇ ਆਪਣੇ ਪਿਉ ਦੀ ਸਿੱਖਿਆ ਇਸ ਸ਼ਰਤ 'ਤੇ ਮੰਨ ਲਈ ਕਿ ਉਹ ਵੀ ਚਾਰ ਜਾਂ ਪੰਜ ਦਿਨ ਉਸ ਨਾਲ ਸ਼ਰਾਬ ਪੀਵੇ ਤੇ ਫਿਰ ਉਹ ਦੋਨੋਂ ਹੀ ਇਕੱਠੇ ਸ਼ਰਾਬ ਛੱਡ ਦੇਣਗੇ। ਜਿਸ ਪਲ ਪੰਡਿਤ ਨੇ ਸ਼ਰਾਬ ਪੀਤੀ, ਉਹ ਸ਼ਰਾਬੀ ਹੋ ਗਿਆ ਅਤੇ ਉਹ ਇਸ ਦਾ ਕਾਇਲ ਹੋ ਗਿਆ। ਪੰਜਵੇਂ ਦਿਨ ਪੁੱਤਰ ਨੇ ਆਪਣੇ ਪਿਉ ਨੂੰ ਕਿਹਾ, "ਆਉ ਆਪਾਂ ਸ਼ਰਾਬ ਦੀ ਬੀਮਾਰੀ ਨੂੰ ਅਲਵਿਦਾ ਆਖ ਦੇਈਏ। ਪਰ ਹੁਣ ਪੰਡਿਤ ਸ਼ਰਾਬ ਨੂੰ ਅੰਮ੍ਰਿਤ ਨਾਲੋਂ ਚੰਗੇਰਾ ਮੰਨਦਾ ਸੀ ਅਤੇ ਉਸ ਲਈ ਇਸ ਨੂੰ ਛੱਡਣਾ ਔਖਾ ਲੱਗਦਾ ਸੀ। ਉਸ ਨੇ ਕਿਹਾ "ਪੁੱਤਰਾ ਤੂੰ ਛੱਡਣੀ ਛੱਡ ਦੇ, ਮੈਂ ਨਹੀਂ ਛੱਡ ਸਕਦਾ।"

ਹਰ ਕੋਈ ਤਾਕਤ ਹੱਥ ਵਿਚ ਆਉਣ ਨਾਲ ਉਤੇਜਤ ਹੋ ਜਾਂਦਾ ਹੈ ਅਤੇ ਉਹ ਪੰਡਤ ਵਾਲੇ ਤੌਰ ਤਰੀਕੇ ਨਾਲ ਵਿਹਾਰ ਕਰਦਾ ਹੈ। ਇਹ ਉਹੀ ਨਸ਼ੇ ਵਾਲੀ ਹਾਲਤ ਹੀ ਹੈ ਜਦੋਂ ਮਿੰਟੋ ਮਾਰਲੇ ਕੰਪਨੀ ਆਪਣੇ ਆਪ ਨੂੰ ਭਾਰਤ ਦੇ ਲੋਕਾਂ ਨਾਲੋਂ ਇਸ ਦੀ ਵੱਧ ਸ਼ੁਭ ਇੱਛਕ ਆਖਦੀ ਹੈ। ਲੇਕਿਨ ਕੀ ਕੋਈ ਵੀ ਉਸ ਦੇ ਵਿਚਾਰਾਂ ਨਾਲ ਸਹਿਮਤ ਹੋ ਸਕਦਾ ਹੈ?

ਦਸ ਹਜ਼ਾਰ ਮਾਰਲੇ ਤੇ ਮਿੰਟੋ ਮਿਲ ਕੇ ਵੀ ਇਕੱਲੇ ਤਿਲਕ ਜਾਂ ਅਰਬਿੰਦੋ

ਦੇ ਭਾਰਤ ਪ੍ਰਤੀ ਪਿਆਰ ਤੇ ਇਸ ਦੀ ਭਲਾਈ ਦੀ ਚਾਹ ਦੀ ਬਰਾਬਰੀ ਵਿਚ ਮੁਸ਼ਕਲ ਨਾਲ ਹੀ ਆਉਣਗੇ।" ਕੀ ਕੋਈ ਆਦਮੀ ਸਿਰਫ਼ ਇਕ ਮੌਕਾ ਵੀ ਦਸ ਸਕਦਾ ਹੈ ਕਿ ਲਾਰਡ ਮਿੰਟੋ ਨੇ ਹਿੰਦੁਸਤਾਨ ਦੇ ਹੱਕ ਵਿਚ ਕੋਈ ਕੰਮ ਸ਼ੁਰੂ ਕੀਤਾ ਹੋਵੇ ਜਦੋਂ ਉਹ ਕੈਨੇਡਾ ਦਾ ਗਵਰਨਰ ਸੀ, ਜਾਂ ਮਾਰਲੇ ਨੇ ਕੀਤਾ ਹੋਵੇ ਜਦੋਂ ਉਹ ਭਾਰਤ ਦਾ ਸੈਕਰੇਟਰੀ ਆਫ਼ ਸਟੇਟ ਸੀ? ਸਾਡਾ ਖ਼ਿਆਲ ਹੈ ਕਿ ਉਹ ਕਦੇ ਵੀ ਭਾਰਤ ਦੀ ਜਾਗਰਤੀ ਦਾ ਅੰਦਾਜ਼ਾ ਨਹੀਂ ਲਾ ਸਕਦੇ। ਅਸਲ ਵਿਚ, ਉਨ੍ਹਾਂ ਦਾ ਮੁੱਖ ਫਰਜ਼ ਹੈ ਇੰਗਲੈਂਡ ਨਾਲ ਪਿਆਰ ਕਰਨਾ। ਉਨ੍ਹਾਂ ਨੂੰ ਕੀ ਲੋੜ ਪਈ ਹੈ ਕਿ ਭਾਰਤ ਦੀ ਭਲਾਈ ਅਤੇ ਖ਼ੁਸ਼ਹਾਲੀ ਦੀਆਂ ਯੋਜਨਾਵਾਂ ਘੜਦੇ ਫਿਰਨ? ਕੀ ਤੁਹਾਡੇ ਵਿਚੋਂ ਕੋਈ ਕਹਿ ਸਕਦਾ ਹੈ ਕਿ ਉਸ ਨੇ ਇੰਗਲੈਂਡ ਦਾ ਫ਼ਾਇਦਾ ਕੀਤਾ ਹੈ? ਨਹੀਂ, ਕੋਈ ਵੀ ਵਿਅਕਤੀ ਜਿਹੜਾ ਤਨਖ਼ਾਹਦਾਰ ਹੈ, ਉਹ ਉਤਸ਼ਾਹ ਅਤੇ ਸੇਵਾ ਭਾਵ ਨਾਲ ਕੁਝ ਵੀ ਨਹੀਂ ਕਰ ਸਕਦਾ ਜੋ ਕਿ ਦੇਸ਼ ਭਗਤ ਕਰ ਸਕਦਾ ਹੈ ਜਿਸ ਨੂੰ ਸਾਰੇ ਹੀ ਪਿਆਰ ਕਰਦੇ ਹਨ! ਸਾਡੇ ਤਥਾਕਥਿਤ ਦਾਨੇ ਹਾਕਮ ਅਕਸਰ ਦਾਅਵਾ ਕਰਦੇ ਹਨ ਕਿ ਉਹ ਸਾਡੀ ਹਾਲਤ ਬਾਰੇ ਦੂਰ ਤੋਂ ਹੀ ਸਮਝ ਸਕਦੇ ਹਨ ਕਿਉਂਕਿ ਇਕ ਕਹਾਵਤ "ਚਰਚ ਨੇੜੇ ਰਹਿਣ ਵਾਲਾ ਰੱਬ ਤੋਂ ਦੂਰ ਹੁੰਦਾ ਹੈ।" ਵਾਂਗੂੰ ਹਿੰਦੁਸਤਾਨੀ ਵੀ ਆਪਣਾ ਭਲਾ ਬੁਰਾ ਨਹੀਂ ਸਮਝ ਸਕਦੇ ਕਿ ਅਸਲ 'ਚ ਉਨ੍ਹਾਂ ਨੂੰ ਲੋੜ ਕਿਹੜੀ ਗੱਲ ਦੀ ਹੈ।

ਮੈਂ ਸਮਝਦਾ ਹਾਂ ਕਿ ਇਹ ਮੂਰਖਾਂ ਵਾਲਾ ਵਿਚਾਰ ਹੈ। ਫਿਰ ਵੀ, ਜੇਕਰ ਇਸ ਨੂੰ ਠੀਕ ਵੀ ਮੰਨ ਲਿਆ ਜਾਵੇ ਤਾਂ ਸਾਡੇ ਅਤੇ ਅੰਗਰੇਜ਼ਾਂ ਵਿਚ ਇਕ 'ਸਮਝ' ਬਣ ਸਕਦੀ ਹੈ। ਅੰਗਰੇਜ਼ ਦੂਰੋਂ ਟੈਲੀਸਕੋਪ ਨਾਲ ਦੇਖ ਕੇ ਸਾਡੇ ਲਈ ਕਾਨੂੰਨ ਬਣਾਉਣ ਅਤੇ ਅਸੀਂ ਹਿਮਾਲਾ ਦੀ ਚੋਟੀ ਤੇ ਬੈਠ ਕੇ ਇੰਗਲੈਂਡ ਲਈ ਕਾਨੂੰਨ ਬਣਾਈਏ।

ਅਸਲ ਗੱਲ ਇਹ ਹੈ ਕਿ ਜਦੋਂ ਤੱਕ ਕੋਈ ਦੇਸ਼ ਆਪਣੇ ਇਤਿਹਾਸ ਨੂੰ ਨਹੀਂ ਵਾਚਦਾ, ਉਹ ਇਸ ਹਾਲਤ ਵਿਚ ਨਹੀਂ ਹੁੰਦਾ ਕਿ ਉਹ ਆਪਣੀ ਕੌਮ ਦੇ ਉੱਥਾਨ ਅਤੇ ਪਤਨ ਦੇ ਕਾਰਨ ਬਾਰੇ ਜਾਣ ਸਕੇ। ਇਸ ਲਈ ਹੁਣ ਮੈਂ ਸੰਖੇਪ ਵਿਚ ਇਹ ਵਰਣਨ ਕਰਾਂਗਾ ਕਿ ਕੌਮਾਂ ਕਿਵੇਂ ਉੱਭਰਦੀਆਂ ਹਨ ਅਤੇ ਕਿਵੇਂ ਉਨ੍ਹਾਂ ਦਾ ਪਤਨ ਹੁੰਦਾ ਹੈ। ਇਹ ਸੰਭਵ ਹੈ ਕਿ ਰਾਜਨੀਤੀਵਾਨ ਜਦੋਂ ਕੌਮ ਦੇ ਭਵਿੱਖ ਬਾਰੇ ਵਿਆਖਿਆਨ ਕਰ ਰਿਹਾ ਹੋਵੇ ਤਾਂ ਉਹ ਗ਼ਲਤੀ ਕਰ ਸਕਦਾ ਹੈ। ਲਾਰਡ ਸ਼ੈਲਵਰਨੇ ਨੇ ਗਲਤੀ ਕੀਤੀ ਸੀ ਜਦੋਂ ਉਸਨੇ ਐਂਗਲੋ ਅਮਰੀਕਨ ਜੰਗ ਦੌਰਾਨ ਟਿੱਪਣੀ ਕੀਤੀ ਕਿ ਜੇਕਰ ਅਮਰੀਕਾ ਆਜ਼ਾਦ ਹੋ ਗਿਆ ਤਾਂ ਇਹ ਬਰਤਾਨਵੀ ਸਾਮਰਾਜ ਦੇ ਅੰਤ ਦਾ ਐਲਾਨ ਹੋਵੇਗਾ। ਪਰੰਤੂ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਹ ਗੱਲ ਗਲਤ ਸਾਬਤ ਹੋਈ। ਨਾ ਕੇਵਲ ਸ਼ੈਲਬਰਨੇ ਦੇ ਹੀ ਸਗੋਂ ਦੂਸਰੇ ਫੌਕਸ ਅਤੇ ਲਾਡਰ ਜਾਰਜ ਜਰਮੰਨ ਵਰਗੇ ਅੰਗਰੇਜ਼ ਸਿਆਸਤਦਾਨਾਂ ਦੇ

ਵੀ ਇਹੀ ਵਿਚਾਰ ਸਨ। ਪਰੰਤੂ ਤੱਥਾਂ ਨੇ ਉਨ੍ਹਾਂ ਨੂੰ ਗਲਤ ਸਾਬਤ ਕੀਤਾ ਹੈ। ਇਸੇ ਪ੍ਰਕਾਰ ਪ੍ਰਸਿੱਧ ਅੰਗਰੇਜ਼ ਸਿਆਸਤਦਾਨ ਬਰਕੀ ਨੇ ਫਰਾਂਸੀਸੀ ਇਨਕਲਾਬ ਸਮੇਂ ਟਿੱਪਣੀ ਕਰਦਿਆਂ ਇਹੋ ਹੀ ਗਲਤੀ ਦੁਹਰਾਈ ਸੀ। ਅਮਰੀਕਾ ਬਾਰੇ ਲੇਕੀ ਨੇ ਲਿਖਿਆ ਕਿ, "ਇਕ ਇਹੋ ਜਿਹੇ ਦੇਸ਼ ਵਿਚ ਜਿਥੇ ਵੱਖ ਵੱਖ ਕੌਮਾਂ ਅਤੇ ਧਰਮਾਂ ਦੇ ਲੋਕ ਵੱਖ ਵੱਖਰੇ ਦੇਸ਼ਾਂ ਤੋਂ ਆ ਕੇ ਰਹਿ ਰਹੇ ਹੋਣ, ਜਿਹੜਾ ਵਿਸ਼ਾਲ ਭੂਗੋਲਿਕ ਖੇਤਰ ਵਾਲਾ ਦੇਸ਼ ਹੋਵੇ ਅਤੇ ਜਿਥੇ ਆਵਾਜਾਈ ਦੇ ਸਾਧਨ ਅਤੇ ਸੰਚਾਰ ਦੇ ਸਾਧਨ ਪੂਰੇ ਨਾ ਹੋਣ, ਉਥੇ ਇਕ ਦੂਸਰੇ ਨਾਲ ਮੇਲ ਜੋਲ ਲਗਭਗ ਨਾਮੁਮਕਿਨ ਹੈ ਅਤੇ ਜਿਥੇ ਪੈਸਾ ਕਮਾਉਣਾ ਹੀ ਸਾਰੀਆਂ ਇੱਛਾਵਾਂ 'ਤੇ ਭਾਰੂ ਹੋਵੇ, ਉਥੇ ਦੇਸ਼ ਭਗਤੀ ਦੇ ਭਾਵ ਅਤੇ ਵਿਚਾਰਾਂ ਦੀ ਪਹਿਚਾਣ ਸੰਭਵ ਨਹੀਂ ਹੋ ਸਕਦੀ। ਪਰੰਤੂ ਅਮਰੀਕਾ ਆਜ਼ਾਦ ਹੋਇਆ ਅਤੇ ਲੇਕੀ ਦੇ ਵਿਚਾਰ ਝੂਠੇ ਸਾਬਤ ਹੋਏ। ਲੇਕੀ ਨੇ ਇਹ ਵੀ ਕਿਹਾ ਸੀ ਕਿ ਬਹੁਤ ਸਾਰੇ ਸਿਆਸਤਦਾਨ ਇਸ ਵਿਚਾਰ ਦੇ ਸਨ ਕਿ ਜੇਕਰ ਅਮਰੀਕਾ ਆਜ਼ਾਦ ਹੋ ਗਿਆ ਤਾਂ ਉਹ ਬਹੁਤ ਸਾਰੇ ਛੋਟੇ ਛੋਟੇ ਦੇਸ਼ਾਂ ਵਿਚ ਕਮਜ਼ੋਰ ਅਤੇ ਆਪਸ ਵਿਚ ਦੁਸ਼ਮਣੀ ਲੈ ਕੇ ਟੁੱਟ ਭੱਜ ਜਾਵੇਗਾ। ਇਹ ਵੀ ਸੰਭਵ ਸੀ ਕਿ ਭੈੜੇ ਕਿਰਦਾਰ ਵਾਲੇ ਤੇ ਡਾਕੂ, ਜਿਹੜੇ ਪਿਛਲੇ ਕੁਝ ਸਾਲਾਂ ਵਿਚ ਬੜੀ ਵੱਡੀ ਗਿਣਤੀ ਵਿਚ ਸਰਗਰਮ ਹੋਏ ਹਨ, ਉਹ ਸ਼ਾਇਦ ਦੇਸ਼ ਉਤੇ ਕਾਬਜ਼ ਹੋ ਜਾਣ ਅਤੇ ਦੇਸ਼ ਨੂੰ ਤਬਾਹ ਕਰ ਦੇਣ। ਇਹੋ ਜਿਹੇ ਵਿਚਾਰ ਐਂਗਲੋ ਇੰਡੀਅਨ ਅਖ਼ਬਾਰਾਂ ਨੇ ਵੀ ਪ੍ਰਗਟਾਏ ਅਤੇ ਕੁਝ ਸਾਡੇ ਦੇਸ਼ ਦੇ ਉਹ ਲੋਕ ਵੀ ਜਿਹੜੇ ਭਾਰਤ ਪ੍ਰਤੀ ਸਨਮਾਨ ਰੱਖਦੇ ਹਨ। ਉਹ ਇਸ ਖ਼ਿਆਲ ਦੇ ਹਨ ਕਿ ਜੇਕਰ ਭਾਰਤ ਆਜ਼ਾਦ ਹੋ ਗਿਆ ਤਾਂ ਬਹੁਤ ਸਾਰੀਆਂ ਕੌਮਾਂ ਜੋ ਇਥੇ ਰਹਿ ਰਹੀਆਂ ਹਨ, ਉਹ ਆਪਸ ਵਿਚ ਗਲੋ ਗਲੀ ਹੋ ਜਾਣਗੀਆਂ। ਰੋਟੀ ਦੀ ਥਾਂ ਉਹ ਇਕ ਦੂਜੇ ਨੂੰ ਖਾਣ ਲੱਗਣਗੀਆਂ। ਦੇਸ਼ ਵਿਆਪੀ ਬੇਚੈਨੀ ਅਤੇ ਅਰਾਜਕਤਾ ਫੈਲ ਜਾਏਗੀ। ਇਹ ਵਿਚਾਰ ਕਿਥੋਂ ਤੱਕ ਠੀਕ ਹੈ, ਇਤਿਹਾਸ ਇਸਦਾ ਗਵਾਹ ਹੈ।

ਹਿੰਦੂਆਂ ਦਾ ਇਹ ਮੱਤ ਹੈ ਕਿ ਇਹ ਦੁਨੀਆਂ-ਇਹ ਸਾਰਾ ਸੰਸਾਰ ਜਨਮਦਾ ਹੈ, ਨਾਸ਼ ਹੁੰਦਾ ਹੈ ਅਤੇ ਮੁੜ ਵਾਰ ਵਾਰ ਜਨਮ ਲੈਂਦਾ ਹੈ ਅਤੇ ਇਹ ਪ੍ਰਕਿਰਿਆ ਨਿਰੰਤਰ ਜਾਰੀ ਰਹੇਗੀ। ਇਹ ਵੀ ਵਿਆਪਕ ਤੌਰ 'ਤੇ ਮੰਨਿਆ ਗਿਆ ਹੈ ਕਿ ਦਿਨ ਤੋਂ ਬਾਅਦ ਰਾਤ ਅਤੇ ਰਾਤ ਤੋਂ ਬਾਅਦ ਦਿਨ ਚੜ੍ਹੇਗਾ। ਲੋਕ ਇਹ ਦਿਨ ਰਾਤ ਦੇਖਣ ਲਈ ਹਮੇਸ਼ਾ ਲਈ ਜਿੰਦਾ ਨਹੀਂ ਰਹਿ ਸਕਦੇ, ਇਸੇ ਤਰ੍ਹਾਂ ਸਾਮਰਾਜ, ਕੌਮਾਂ ਅਤੇ ਪਰਿਵਾਰਾਂ ਦਾ ਉਥਾਨ ਤੇ ਪਤਨ ਹੁੰਦਾ ਹੈ, ਕੁਝ ਵੀ ਸਥਿਰ ਨਹੀਂ।

ਇਹ ਰੱਬ ਦਾ ਫ਼ੁਰਮਾਨ ਹੈ ਕਿ ਉਹ ਕਿਸੇ ਵੀ ਚੀਜ਼ ਨੂੰ ਹਮੇਸ਼ਾ ਲਈ ਉਸੇ ਹੀ ਰੂਪ ਵਿਚ ਰਹਿਣ ਦਾ ਹੁਕਮ ਨਹੀਂ ਦਿੰਦਾ। ਇਤਿਹਾਸ ਵਾਚਣ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਰੱਬ ਇਕੋ ਹੀ ਢੰਗ ਨਾਲ ਕੌਮਾਂ ਸਿਰਜਦਾ ਅਤੇ ਉਨ੍ਹਾਂ ਨੂੰ ਨਸ਼ਟ ਕਰਦਾ ਹੈ। ਜਿਹੜੀਆਂ ਗੱਲਾਂ ਨੇ ਫਰਾਂਸ ਦੇ ਲੋਕਾਂ ਨੂੰ ਉਤਸ਼ਾਹਿਤ

ਕਿਸੇ ਦੇਸ਼ ਦੀ ਤਾਕਤ ਉਸ ਦੇ ਉੱਨਤ ਹੋਣ ਵਿਚ ਸਹਾਈ ਹੁੰਦੀ ਹੈ। ਫਿਰ ਵੀ, ਅਜਿਹੀ ਚੀਜ਼ ਇਕ ਗ਼ੁਲਾਮ ਦੇਸ਼ ਵਿਚ ਪ੍ਰਾਪਤ ਕਰਨੀ ਔਖੀ ਹੈ, ਕਿਉਂਕਿ ਟੈਕਸ ਇਕੱਠੇ ਕਰਨ ਅਤੇ ਕਾਨੂੰਨ ਬਣਾਉਣ ਦਾ ਹੱਕ ਬਦੇਸ਼ੀਆਂ ਕੋਲ ਹੁੰਦਾਂ ਹੈ। ਫਲੈਂਡਰਜ਼ ਵਿਚ ਰਹਿੰਦੇ ਲੋਕਾਂ ਦਾ ਵਪਾਰ ਅਤੇ ਖੇਤੀ ਬਹੁਤ ਹੀ ਵਧੀਆ ਹੈ, ਪਰੰਤੂ ਬਦੇਸ਼ੀਆਂ ਦੀ ਦਖ਼ਲਅੰਦਾਜ਼ੀ ਉਨ੍ਹਾਂ ਨੂੰ ਪਰੇ ਧੱਕ ਦਿੰਦੀ ਹੈ ਅਤੇ ਉਹ ਇਕ ਕੌਮ ਦਾ ਦਰਜ਼ਾ ਹਾਸਲ ਨਹੀਂ ਕਰ ਸਕਦੇ। ਉਹ ਬੇਕਾਰ ਹਨ। ਇਹ ਇਸ ਲਈ ਵਾਪਰਿਆ ਕਿ ਉਨ੍ਹਾਂ ਵਿਚ ਬਾਹਰਲੀ ਦਖ਼ਲਅੰਦਾਜ਼ੀ ਨੂੰ ਰੋਕਣ ਲਈ ਸਰੀਰਕ ਸ਼ਕਤੀ ਨਹੀਂ ਹੈ।

ਮਨੁੱਖ ਲਈ ਦੋ ਚੀਜ਼ਾਂ ਬਹੁਤ ਜ਼ਰੂਰੀ ਹਨ- ਭੋਜਨ ਅਤੇ ਸੁੱਖ ਦੀ ਨੀਂਦ। ਜਿਸ ਕੋਲ ਇਹ ਚੀਜ਼ਾਂ ਹਨ, ਉਹ ਇਕ ਦਿਨ ਤਰੱਕੀ ਕਰੇਗਾ। ਪਰ ਜਿਸ ਕਿਸੇ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ ਅਤੇ ਉਸ ਦਾ ਮਨ ਦੁਖੀ ਹੈ, ਉਹ ਇਹ ਚੀਜ਼ਾਂ ਹਾਸਲ ਨਹੀਂ ਕਰ ਸਕਦਾ। ਜਿਸ ਨੂੰ ਹਰ ਵੇਲੇ ਰੋਟੀ ਦੇ ਲਾਲੇ ਹੀ ਪਏ ਹੋਣ ਉਹ ਆਜ਼ਾਦੀ ਬਾਰੇ ਸੋਚ ਹੀ ਕਦੋਂ ਸਕਦਾ ਹੈ। ਇਸ ਤਰ੍ਹਾਂ ਇਹ ਹਰ ਵਿਅਕਤੀ ਦਾ ਫ਼ਰਜ਼ ਹੈ ਕਿ ਉਹ ਆਪਣੀ ਕੌਮ ਦੇ ਮਾਨ ਅਤੇ ਗੌਰਵ ਦੀ ਰਾਖੀ ਲਈ ਆਪਣੀ ਪੂਰੀ ਤਾਕਤ ਲਾਵੇ। ਕੋਈ ਕੌਮ ਨੂੰ ਤਰੱਕੀ ਦੇ ਰਾਹ 'ਤੇ ਜਾਣ ਤੋਂ ਨਹੀਂ ਰੋਕ ਸਕਦਾ ਜੇਕਰ ਇਸ ਦੇ ਲੋਕ ਆਪਣਾ ਫਰਜ਼ ਠੀਕ ਢੰਗ ਨਾਲ ਅਤੇ ਲਗਨ ਨਾਲ ਪੂਰਾ ਕਰਨ।

ਪਰ ਇਸ ਲਈ ਇਕ ਜੁੱਟ ਕੋਸ਼ਿਸ਼ਾਂ ਲੋੜੀਂਦੀਆਂ ਹਨ। ਫਿਰ ਵੀ ਸਾਂਝੇ ਯਤਨ ਤਾਂ ਹੀ ਹੋ ਸਕਣਗੇ ਜੇਕਰ ਅਸੀਂ ਆਪਸੀ ਨਫ਼ਰਤ ਤੇ ਸਾੜਾ ਅਤੇ ਇਕ ਦੂਸਰੇ ਤੋਂ ਗ਼ੈਰ ਕੁਦਰਤੀ ਵਧੀਆ ਹੋਣ ਦੀਆਂ ਭਾਵਨਾਵਾਂ ਤੋਂ ਛੁਟਕਾਰਾ ਪਾਵਾਂਗੇ। ਜਦੋਂ ਵੀ ਕੋਈ ਕੌਮ ਆਪਸੀ ਮਤਭੇਦ ਅਤੇ ਸਾੜਾ ਦੂਰ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਉਸ ਦੇ ਅੱਗੇ ਵੱਧਣ ਵਿਚ ਕੋਈ ਰੁਕਾਵਟ ਨਹੀਂ ਠਹਿਰ ਸਕਦੀ। ਪਰ ਜਿਸ ਕੌਮ ਵਿਚ ਇਹ ਕਮਜ਼ੋਰੀਆਂ ਹੁੰਦੀਆਂ ਹਨ, ਯਕੀਨਨ ਉਸ ਦਾ ਪਤਨ ਹੁੰਦਾ ਹੈ ਅਤੇ ਉਸ ਦਾ ਅਪਮਾਨ ਹੁੰਦਾ ਹੈ।

ਜਦੋਂ ਵੀ ਅਸੀਂ ਆਪਣੇ ਕਿਸੇ ਦੇਸ਼ ਵਾਸੀ ਨੂੰ ਆਪਣੇ ਤੋਂ ਨੀਵਾਂ ਤੇ ਘਟੀਆ ਮੰਨਣ ਲੱਗਦੇ ਹਾਂ, ਤਾਂ ਉਸ ਦੇ ਮਨ ਵਿਚ ਲਾਜ਼ਮੀ ਹੀ ਸਾਡੇ ਲਈ ਦੁਸ਼ਮਣ ਭਾਵ ਪੈਦਾ ਹੋ ਜਾਣਗੇ, ਭਾਵੇਂ ਕਿ ਉਹਦੀ ਪਹਿਲਾਂ ਜਿੰਨੀ ਵੀ ਮਰਜ਼ੀ ਸਾਡੇ ਨਾਲ ਦੋਸਤੀ ਰਹੀ ਹੋਵੇ ਜਾਂ ਉਹ ਜਿੰਨਾ ਵੀ ਮਰਜ਼ੀ ਸਾਡਾ ਖ਼ੈਰ ਖੁਆਹ ਰਿਹਾ ਹੋਵੇ। ਅਸਲ ਵਿਚ ਜਾਤਪਾਤ ਦੇ ਭਾਵਾਂ ਅਤੇ ਭਿੰਨ ਭੇਦ ਨੇ ਸਾਡੇ ਲਈ ਬੜੀ ਮੁਸੀਬਤ ਲਿਆਂਦੀ ਹੈ। ਇਸ ਨੇ ਹਮੇਸ਼ਾ ਕੌਮ ਨੂੰ ਬਰਬਾਦ ਕੀਤਾ ਹੈ। ਇਸ ਤੱਥ ਦੇ ਬਾਵਜੂਦ ਕਿ ਸਾਰੇ ਹੀ ਬਰਾਬਰ ਪੈਦਾ ਹੋਏ ਹਨ ਅਤੇ ਜਨਮ ਅਤੇ ਮੌਤ ਤੋਂ ਬਰਾਬਰ ਹਨ ਅਤੇ ਅੰਤ ਇਕ ਹੈ, ਉੱਚੇ ਨੀਵੇਂ ਦੇ ਭਾਵ ਮਨੁੱਖ ਨੇ ਪੈਦਾ ਕੀਤੇ ਹਨ। ਹਿੰਦੂਆਂ ਵਿਚ ਜਾਤਪਾਤੀ ਪ੍ਰਬੰਧ ਅਤੇ ਛੂਆ ਛਾਤ ਬਾਰੇ ਖੋਜ ਨੇ ਦਰਸਾਇਆ

ਕਸੇ ਦੇਸ਼ ਦੀ ਤਾਕਤ ਉਸ ਦੇ ਉੱਨਤ ਹੋਣ ਵਿਚ ਸਹਾਈ ਹੁੰਦੀ ਹੈ। ਫਿਰ ਵੀ, ਜਿਹੀ ਚੀਜ਼ ਇਕ ਗ਼ੁਲਾਮ ਦੇਸ਼ ਵਿਚ ਪ੍ਰਾਪਤ ਕਰਨੀ ਔਖੀ ਹੈ, ਕਿਉਂਕਿ ਟੈਕਸ ਟਕੱਠੇ ਕਰਨ ਅਤੇ ਕਾਨੂੰਨ ਬਣਾਉਣ ਦਾ ਹੱਕ ਬਦੇਸ਼ੀਆਂ ਕੋਲ ਹੁੰਦਾਂ ਹੈ। ਫਲੈਂਡਰਜ਼ ਵਚ ਰਹਿੰਦੇ ਲੋਕਾਂ ਦਾ ਵਪਾਰ ਅਤੇ ਖੇਤੀ ਬਹੁਤ ਹੀ ਵਧੀਆ ਹੈ, ਪਰੰਤੂ ਬਦੇਸ਼ੀਆਂ ੀ ਦਖ਼ਲਅੰਦਾਜ਼ੀ ਉਨ੍ਹਾਂ ਨੂੰ ਪਰੇ ਧੱਕ ਦਿੰਦੀ ਹੈ ਅਤੇ ਉਹ ਇਕ ਕੌਮ ਦਾ ਦਰਜ਼ਾ ਾਸਲ ਨਹੀਂ ਕਰ ਸਕਦੇ। ਉਹ ਬੇਕਾਰ ਹਨ। ਇਹ ਇਸ ਲਈ ਵਾਪਰਿਆ ਕਿ ਿਨ੍ਹਾਂ ਵਿਚ ਬਾਹਰਲੀ ਦਖ਼ਲਅੰਦਾਜ਼ੀ ਨੂੰ ਰੋਕਣ ਲਈ ਸਰੀਰਕ ਸ਼ਕਤੀ ਨਹੀਂ ਹੈ।

ਮਨੁੱਖ ਲਈ ਦੋ ਚੀਜ਼ਾਂ ਬਹੁਤ ਜ਼ਰੂਰੀ ਹਨ- ਭੋਜਨ ਅਤੇ ਸੁੱਖ ਦੀ ਨੀਂਦ। ਜਸ ਕੋਲ ਇਹ ਚੀਜ਼ਾਂ ਹਨ, ਉਹ ਇਕ ਦਿਨ ਤਰੱਕੀ ਕਰੇਗਾ। ਪਰ ਜਿਸ ਕਿਸੇ ਰੋਟੀ ਦੇ ਲਾਲੇ ਪਏ ਹੋਏ ਹਨ ਅਤੇ ਉਸ ਦਾ ਮਨ ਦੁਖੀ ਹੈ, ਉਹ ਇਹ ਚੀਜ਼ਾਂ ਾਸਲ ਨਹੀਂ ਕਰ ਸਕਦਾ। ਜਿਸ ਨੂੰ ਹਰ ਵੇਲੇ ਰੋਟੀ ਦੇ ਲਾਲੇ ਹੀ ਪਏ ਹੋਣ ਉਹ ਾਜ਼ਾਦੀ ਬਾਰੇ ਸੋਚ ਹੀ ਕਦੋਂ ਸਕਦਾ ਹੈ। ਇਸ ਤਰ੍ਹਾਂ ਇਹ ਹਰ ਵਿਅਕਤੀ ਦਾ ਰਜ਼ ਹੈ ਕਿ ਉਹ ਆਪਣੀ ਕੌਮ ਦੇ ਮਾਨ ਅਤੇ ਗੌਰਵ ਦੀ ਰਾਖੀ ਲਈ ਆਪਣੀ ਰੀ ਤਾਕਤ ਲਾਵੇ। ਕੋਈ ਕੌਮ ਨੂੰ ਤਰੱਕੀ ਦੇ ਰਾਹ 'ਤੇ ਜਾਣ ਤੋਂ ਨਹੀਂ ਰੋਕ ਕਦਾ ਜੇਕਰ ਇਸ ਦੇ ਲੋਕ ਆਪਣਾ ਫਰਜ਼ ਠੀਕ ਢੰਗ ਨਾਲ ਅਤੇ ਲਗਨ ਾਲ ਪੂਰਾ ਕਰਨ।

ਪਰ ਇਸ ਲਈ ਇਕ ਜੁੱਟ ਕੋਸ਼ਿਸ਼ਾਂ ਲੋੜੀਂਦੀਆਂ ਹਨ। ਫਿਰ ਵੀ ਸਾਂਝੇ ਤਨ ਤਾਂ ਹੀ ਹੋ ਸਕਣਗੇ ਜੇਕਰ ਅਸੀਂ ਆਪਸੀ ਨਫ਼ਰਤ ਤੇ ਸਾੜਾ ਅਤੇ ਇਕ ਸਰੇ ਤੋਂ ਗ਼ੈਰ ਕੁਦਰਤੀ ਵਧੀਆ ਹੋਣ ਦੀਆਂ ਭਾਵਨਾਵਾਂ ਤੋਂ ਛੁਟਕਾਰਾ ਪਾਵਾਂਗੇ। ਦੋਂ ਵੀ ਕੋਈ ਕੌਮ ਆਪਸੀ ਮਤਭੇਦ ਅਤੇ ਸਾੜਾ ਦੂਰ ਕਰਨ ਵਿਚ ਕਾਮਯਾਬ ਹੋ ਾਂਦੀ ਹੈ ਤਾਂ ਉਸ ਦੇ ਅੱਗੇ ਵੱਧਣ ਵਿਚ ਕੋਈ ਰੁਕਾਵਟ ਨਹੀਂ ਠਹਿਰ ਸਕਦੀ। ਰ ਜਿਸ ਕੌਮ ਵਿਚ ਇਹ ਕਮਜ਼ੋਰੀਆਂ ਹੁੰਦੀਆਂ ਹਨ, ਯਕੀਨਨ ਉਸ ਦਾ ਪਤਨ ਦਾ ਹੈ ਅਤੇ ਉਸ ਦਾ ਅਪਮਾਨ ਹੁੰਦਾ ਹੈ।

ਜਦੋਂ ਵੀ ਅਸੀਂ ਆਪਣੇ ਕਿਸੇ ਦੇਸ਼ ਵਾਸੀ ਨੂੰ ਆਪਣੇ ਤੋਂ ਨੀਵਾਂ ਤੇ ਟੀਆ ਮੰਨਣ ਲੱਗਦੇ ਹਾਂ, ਤਾਂ ਉਸ ਦੇ ਮਨ ਵਿਚ ਲਾਜ਼ਮੀ ਹੀ ਸਾਡੇ ਲਈ ਸ਼ਮਣ ਭਾਵ ਪੈਦਾ ਹੋ ਜਾਣਗੇ, ਭਾਵੇਂ ਕਿ ਉਹਦੀ ਪਹਿਲਾਂ ਜਿੰਨੀ ਵੀ ਮਰਜ਼ੀ ਡੇ ਨਾਲ ਦੋਸਤੀ ਰਹੀ ਹੋਵੇ ਜਾਂ ਉਹ ਜਿੰਨਾ ਵੀ ਮਰਜ਼ੀ ਸਾਡਾ ਖ਼ੈਰ ਖੁਆਹ ਹਾ ਹੋਵੇ। ਅਸਲ ਵਿਚ ਜਾਤਪਾਤ ਦੇ ਭਾਵਾਂ ਅਤੇ ਭਿੰਨ ਭੇਦ ਨੇ ਸਾਡੇ ਲਈ ੜੀ ਮੁਸੀਬਤ ਲਿਆਂਦੀ ਹੈ। ਇਸ ਨੇ ਹਮੇਸ਼ਾ ਕੌਮ ਨੂੰ ਬਰਬਾਦ ਕੀਤਾ ਹੈ। ਇਸ ਖ ਦੇ ਬਾਵਜੂਦ ਕਿ ਸਾਰੇ ਹੀ ਬਰਾਬਰ ਪੈਦਾ ਹੋਏ ਹਨ ਅਤੇ ਜਨਮ ਅਤੇ ਮੌਤ ਤੋਂ ਰਾਬਰ ਹਨ ਅਤੇ ਅੰਤ ਇਕ ਹੈ, ਉੱਚੇ ਨੀਵੇਂ ਦੇ ਭਾਵ ਮਨੁੱਖ ਨੇ ਪੈਦਾ ਕੀਤੇ ਨ। ਹਿੰਦੂਆਂ ਵਿਚ ਜਾਤਪਾਤੀ ਪ੍ਰਬੰਧ ਅਤੇ ਛੂਆ ਛਾਤ ਬਾਰੇ ਖੋਜ ਨੇ ਦਰਸਾਇਆ

ਹੈ ਕਿ ਇਹ ਧਰਮ ਦੀ ਦੇਣ ਨਹੀਂ ਹੈ ਪਰ ਇਹ ਸਿਰਫ਼ ਆਦਤ ਤੇ ਰੀਤ 'ਚੋਂ ਨਿਕਲੀ ਹੈ। ਨਾ ਹੀ ਇਸਦਾ ਨੈਤਿਕਤਾ ਜਾਂ ਸਭਿਆਚਾਰ ਨਾਲ ਦੂਰ ਦਾ ਵੀ ਵਾਸਤਾ ਹੈ। ਸ਼ਾਇਦ ਆਰੀਆਂ ਨੇ ਦੇਸ਼ ਦੇ ਨਿਰਵਿਘਨ ਪ੍ਰਬੰਧ ਲਈ ਆਪਣੇ ਆਪ ਨੂੰ ਧੰਧਿਆਂ ਦੇ ਆਧਾਰ 'ਤੇ ਵੰਡ ਲਿਆ ਅਤੇ ਛੂਆਛਾਤ ਦੌਲਤ ਦੇ ਮੋਹ ਅਤੇ ਸੁੱਖ ਆਰਾਮ ਦਾ ਸਿੱਟਾ ਹੈ।

ਇਹ ਜ਼ਰੂਰੀ ਹੈ ਕਿ ਕੋਈ ਵਿਅਕਤੀ ਇਕੋ ਹੀ ਕਿੱਤਾ ਅਪਣਾਵੇ ਨਾ ਕਿ ਉਹ ਸਭ ਪਾਸੇ ਹੱਥ ਮਾਰਦਾ ਫਿਰੇ। ਫਿਰ ਵੀ ਇਹ ਅਹਿਮਕਾਨਾ ਗੱਲ ਹੈ ਕਿ ਇਕ ਧਰਮ ਦੇ ਲੋਕ ਵੱਖ ਵੱਖ ਕਿੱਤੇ ਕਰਦੇ ਹੋਏ ਭਾਈਚਾਰੇ 'ਚੋਂ ਬਾਹਰ ਕੱਢ ਦਿੱਤੇ ਜਾਣ। ਅਸਲ ਵਿਚ, ਹਰ ਕੋਈ ਇਹ ਵੱਖੋ-ਵੱਖ ਕਿੱਤਿਆਂ ਤੋਂ ਲਾਹਾ ਲੈ ਸਕਦਾ ਹੈ।

ਹਿੰਦੁਸਤਾਨ ਦੇ ਸਾਰੇ ਫਿਰਕੇ ਜਿਹੜੇ ਆਪਣੇ ਆਪ ਨੂੰ ਹਿੰਦੂ ਆਖਦੇ ਹਨ, ਉਹ ਉਨ੍ਹਾਂ ਹੀ ਰਸਮਾਂ ਅਤੇ ਪਵਿੱਤਰ ਗ੍ਰੰਥਾਂ ਨਾਲ ਬੱਝੇ ਹੋਏ ਹਨ, ਜਿਨ੍ਹਾਂ ਨਾਲ ਉਨ੍ਹਾਂ ਦੇ ਧਰਮ ਅਨੁਸਾਰ ਹਿੰਦੂ ਹੋਣ ਦੀ ਵਿਸ਼ਵ ਵਿਆਪੀ ਪਹਿਚਾਣ ਬਣਦੀ ਹੈ ਅਤੇ ਕੋਈ ਵੀ ਹਿੰਦੂ ਕਦੇ ਵੀ ਕਿਸੇ ਹਿੰਦੂ ਦੀ ਹੋਰ ਜਾਤੀ ਹੋਣ ਕਰਕੇ ਹਿੰਦੂਇਜ਼ਮ 'ਚੋਂ ਬਾਹਰ ਨਹੀਂ ਕੱਢਦਾ। ਅਜੇ ਵੀ ਉਨ੍ਹਾਂ ਵਿਚ ਐਸੀ ਸਖ਼ਤ ਦੁਸ਼ਮਣੀ ਜਿਸ ਦੇ ਹੱਦਾਂ ਬੰਨਿਆਂ ਬਾਰੇ ਕੋਈ ਨਹੀਂ ਜਾਣਦਾ ਅਤੇ ਇਸ ਨੇ ਸਾਰੇ ਹੀ ਫ਼ਿਰਕਿਆਂ ਨੂੰ ਇਸ ਕਦਰ ਨੁਕਸਾਨ ਪਹੁੰਚਿਆਇਆ ਹੈ ਕਿ ਇੰਜ ਲੱਗਦਾ ਹੈ ਕਿ ਉਹ ਹੁਣ ਇਕ ਧਰਮ ਜਾਂ ਜਾਤੀ ਨਾਲ ਸੰਬੰਧ ਨਹੀਂ ਰੱਖਦੇ। ਹਰ ਕੋਈ ਆਪਣੇ ਆਪ ਨੂੰ ਵੱਖਰਾ ਤੇ ਅਭਿਮਾਨੀ ਮਹਿਸੂਸ ਕਰਦਾ ਹੈ। ਮਿਸਰ ਵਿਚ ਵੀ ਸਾਡੇ ਦੇਸ਼ ਵਾਂਗ ਜਾਤਪਾਤ ਦਾ ਫਰਕ ਹੈ। ਜਿਵੇਂ ਕਿ ਬੈਰਨ ਬੇਸਨ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ, "ਜਾਤੀ ਭਾਵ ਪਿਤਾ ਜਦੀ ਪੁਸ਼ਤੀ ਕੰਮ ਕਰਨ ਵਾਲੇ ਸਭ ਤੋਂ ਨੀਚ ਸਨ ਅਤੇ ਉਹ ਧਰਮ ਗੁਰੂਆਂ ਜਾਂ ਜੰਗਜੂਆਂ ਦੇ ਅਧੀਨ ਹੁੰਦੇ ਹਨ।" ਇਸ ਦਾ ਅਰਥ ਹੈ ਕਿ ਜੱਦੀ ਪੁਸ਼ਤੀ ਕੰਮ ਕਰਨ ਵਾਲੇ ਸਥਾਈ ਤੌਰ 'ਤੇ ਧਰਮ ਗੁਰੂਆਂ ਅਤੇ ਜੰਗਜੂਆਂ ਦੇ ਅਧੀਨ ਰਹਿੰਦੇ। ਇਸ ਰੀਤ ਦਾ ਸਿੱਟਾ ਇਹ ਸੀ ਕਿ ਦੇਸ਼ ਵਿਚ ਹਮੇਸ਼ਾ ਕੰਮ ਵੰਡ ਰਹੀ। ਜਿਹੜੇ ਆਪਣੇ ਆਪ ਨੂੰ ਉੱਚੀ ਜਾਤੀ ਦੇ ਆਖਦੇ ਸਨ। ਉਹ ਨੀਵੀਂ ਜਾਤ ਦੇ ਲੋਕਾਂ ਨਾਲ ਹੰਕਾਰ ਭਰਿਆ ਅਤੇ ਗ਼ੈਰ ਹਮਦਰਦੀ ਭਰਿਆ ਵਿਹਾਰ ਕਰਦੇ ਜਿਸਦੇ ਬਦਲੇ ਉਹ ਲੋਕ ਉੱਚੀਆਂ ਜਾਤਾਂ ਨਾਲ ਨਫ਼ਰਤ ਕਰਦੇ ਅਤੇ ਉਹ ਹਮੇਸ਼ਾ ਇਸ ਗ਼ੁਲਾਮੀ ਦੀ ਲਾਹਨਤ ਨੂੰ ਦੂਰ ਕਰਨ ਦੀ ਸੋਚਦੇ। ਕੋਈ ਸੱਤ ਸਦੀਆਂ ਪਹਿਲਾਂ ਮਿਸਰ ਦੇ ਬਾਦਸ਼ਾਹ ਕਰਾਈਸਟ ਨੇ ਯੂਨਾਨੀਆਂ ਨੂੰ ਆਪਣੇ ਦੇਸ਼ ਨਾਲ ਵਪਾਰ ਕਰਨ ਦੀ ਖੁੱਲ੍ਹ ਦਿੱਤੀ ਜਿਵੇਂ ਕਿ ਮੁਸਲਮਾਨ ਰਾਜਿਆਂ ਨੇ ਯੂਰਪੀਆਂ ਨੂੰ ਭਾਰਤ ਨਾਲ ਵਪਾਰ ਕਰਨ ਦੀ ਆਗਿਆ ਦਿੱਤੀ। ਕਿਉਂਕਿ ਮੁਗਲ ਬਾਦਸ਼ਾਹਾਂ ਨੇ ਧਾਰਮਿਕ ਅਤਿਆਚਾਰ ਦੀ ਆਪਣੀ ਨੀਤੀ ਨਾਲ ਵਿਰੋਧ ਪੈਦਾ

ਕਰ ਲਿਆ ਸੀ, ਮਿਸਰੀਆਂ ਨੇ ਵੀ ਜਾਤਪਾਤੀ ਅਤੇ ਧਾਰਮਿਕ ਭਿੰਨ ਭੇਦ ਦੇ ਅਮਲ ਕਰਦਿਆਂ ਆਪਣੇ ਦੁਸ਼ਮਣਾਂ ਨੂੰ ਨੀਵੀਂ ਜਾਤੀ ਵਿਚ ਬਦਲ ਦਿੱਤਾ। ਯੂਨਾਨੀਆਂ ਦੇ ਮਿਸਰ ਵਿਚ ਥੋੜ੍ਹ ਚਿਰੇ ਪ੍ਰਵੇਸ਼ ਦੌਰਾਨ ਭਿੰਨ ਭਿੰਨ ਜਾਤਾਂ ਦੇ ਦੋ ਲੱਖ ਚਾਲੀ ਹਜ਼ਾਰ ਲੋਕ ਉਥੋਂ ਪਲਾਇਨ ਕਰਕੇ ਇਥੋਪੀਆ ਚਲੇ ਗਏ ਅਤੇ ਉਥੇ ਵਸ ਗਏ। ਜਦੋਂ ਯੂਨਾਨੀਆਂ ਨੇ ਮਿਸਰ ਦੇ ਫੌਜੀਆਂ ਨੂੰ ਵੱਡੀ ਗਿਣਤੀ ਵਿਚ ਆਪਣੇ ਕਬਜ਼ੇ ਵਿਚ ਕਰ ਲਿਆ ਤਾਂ ਯੂਨਾਨ ਦੇ ਰਾਜੇ ਕੈਬੀਨਸ ਨੇ 125 ਪੂਰਵ ਈਸਵੀ ਮਿਸਰ ਦੇ ਬਾਦਸ਼ਾਹ ਅਮੋਸਿਸ 'ਤੇ ਹਮਲਾ ਕਰਕੇ ਉਸ ਨੂੰ ਹਰਾ ਦਿੱਤਾ। ਉਸ ਤੋਂ ਬਾਅਦ 327 ਈਸਵੀ ਪੂਰਵ ਮਿਸਰ ਇਰਾਨੀਆਂ ਦੇ ਕਬਜ਼ੇ ਵਿਚ ਰਿਹਾ। ਕਿਉਂਕਿ ਮਿਸਰੀ ਲੰਬੇ ਸਮੇਂ ਤਕ ਬਦੇਸ਼ੀ ਰਾਜ ਅਧੀਨ ਰਹੇ, ਸਿੱਟੇ ਵਜੋਂ ਸਿਕੰਦਰ ਦੇ ਬਾਪ ਫਿਲਪ ਨੇ ਇਰਾਨੀਆਂ ਦਾ ਰਾਜ ਪਲਟਾ ਕੇ ਆਪਣਾ ਰਾਜ ਸਥਾਪਤ ਕਰ ਲਿਆ। ਮਿਸਰੀਆਂ ਨੂੰ ਨਵੇਂ ਬਦੇਸ਼ੀ ਰਾਜ ਨੂੰ ਅਪਨਾਉਣ ਵਿਚ ਕੋਈ ਔਖ ਮਹਿਸੂਸ ਨਹੀਂ ਹੋਈ ਕਿਉਂਕਿ ਹੁਣ ਤੱਕ ਉਨ੍ਹਾਂ ਨੂੰ ਬਦੇਸ਼ੀ ਰਾਜ ਸਹਿਨ ਕਰਨ ਦੀ ਆਦਤ ਪੈ ਚੁੱਕੀ ਸੀ ਅਤੇ ਇਸ ਤੋਂ ਵੀ ਅੱਗੇ ਮਿਸਰੀਆਂ ਤੇ ਟੈਕਸਾਂ ਦਾ ਭਾਰੀ ਬੋਝ ਲੱਦਿਆ ਗਿਆ ਅਤੇ ਹਰ ਢੰਗ ਨਾਲ ਉਨ੍ਹਾਂ ਨੂੰ ਬੇਇੱਜ਼ਤ ਕੀਤਾ ਗਿਆ। ਯੂਨਾਨੀਆਂ ਦੀ ਹਕੂਮਤ ਤੋਂ ਬਾਅਦ ਟੌਲੇਮੀਜ਼ ਨੇ ਮਿਸਰ 'ਤੇ ਕਬਜ਼ਾ ਜਮਾ ਲਿਆ ਅਤੇ 30ਵੀਂ ਸਦੀ ਪੂਰਵ ਤੱਕ ਉਥੇ ਹਕੂਮਤ ਕਰਦੇ ਰਹੇ। ਅਸਲ ਵਿਚ ਮਿਸਰੀਆਂ ਨੂੰ ਆਪਣੀ ਕੌਮ ਹੀ ਭੁੱਲ ਭੁਲਾ ਗਈ ਅਤੇ ਬਦੇਸ਼ੀ ਹਾਕਮਾਂ ਨੇ ਉਨ੍ਹਾਂ ਦੀ ਕੌਮੀ ਭਾਵਨਾ ਨੂੰ ਦਬਾਉਣ ਲਈ ਹਰ ਜ਼ੁਲਮ ਕੀਤਾ। ਟੌਲੇਜ ਫਿਰ ਵੀ ਸਭਿਅਕ ਸਨ। ਉਹਦੇ ਇਕ ਬਾਦਸ਼ਾਹ ਜਿਸਦਾ ਨਾਂ ਲੋਜੋਜ ਸੀ, ਨੇ ਸਿਕੰਦਰੀਆਂ ਵਿਚ ਲਾਇਬ੍ਰੇਰੀ ਬਣਾਈ, ਜਿਸ ਵਿਚ ਸੱਤ ਲੱਖ ਕਿਤਾਬਾਂ ਸਨ ਅਤੇ ਜਿਹੜੀਆਂ ਬਾਅਦ ਵਿਚ ਖ਼ਲੀਫ਼ਾ ਨੇ ਸਾੜ ਦਿੱਤੀਆਂ। (ਪ੍ਰੋ. ਮੁਹੰਮਦ ਸ਼ਿਬਲੀ ਅਨੁਸਾਰ ਇਹ ਲਾਇਬ੍ਰੇਰੀ ਇਸਾਈਆਂ ਦੁਆਰਾ ਸਾੜੀ ਗਈ ਸੀ) ਮਿਸਰ ਰੋਮਨਾਂ ਅਧੀਨ ਸੱਤ ਸਦੀਆਂ ਤੱਕ ਰਿਹਾ। ਇਸ ਤੋਂ ਬਾਅਦ ਇਹ ਈਸਾਈਆਂ ਅਤੇ ਯੂਨਾਨ ਅਧੀਨ ਰਿਹਾ ਅਤੇ ਇਕ ਵਾਰ ਫਿਰ ਰੋਮ ਦੇ ਅਧੀਨ ਆ ਗਿਆ ਅਤੇ ਅਖ਼ੀਰ ਵਿਚ ਹਿਜ਼ਰੀ ਯੁੱਗ ਦੌਰਾਨ ਅਰਬਾਂ ਦੁਆਰਾ ਮਿਸਰ ਕੌਮ ਦਾ ਪੂਰੀ ਤਰ੍ਹਾਂ ਕਤਲੇਆਮ ਕਰ ਦਿੱਤਾ ਗਿਆ ਜਦੋਂ ਉਨ੍ਹਾਂ ਸਾਰੇ ਮਰਦਾਂ ਨੂੰ ਮਾਰ ਮੁਕਾਇਆ ਅਤੇ ਖ਼ਲੀਫਾ ਦੇ ਵੀਹ ਹਜ਼ਾਰ ਫੌਜੀਆਂ ਵਿਚੋਂ ਹਰ ਇਕ ਵੀਹ ਮਿਸਰੀ ਔਰਤਾਂ ਦੇ ਮਾਲਕ ਬਣੇ। ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਮਿਸਰ ਦੀ ਇਹ ਹੋਣੀ ਜਾਤਪਾਤੀ ਪ੍ਰਬੰਧ ਦੇ ਔਗੁਣਾਂ ਕਰਕੇ ਹੋਈ ਅਤੇ ਇਕ ਉਹ ਕੌਮ ਜਿਹੜੀ ਇਕ ਸਮੇਂ ਦੁਨੀਆਂ 'ਤੇ ਰਾਜ ਕਰਦੀ ਸੀ, ਹਮੇਸ਼ਾ ਹਮੇਸ਼ਾ ਲਈ ਅਧੀਨਗੀ ਦੀ ਹਾਲਤ ਤੱਕ ਨਿਘਰ ਗਈ।

ਹੁਣ ਇਕ ਹੋਰ ਪ੍ਰਸਿੱਧ ਕੌਮ ਦੀ ਕਹਾਣੀ ਸੁਣੋ ਅਤੇ ਉਨ੍ਹਾਂ ਦੀ ਆਪਸੀ ਫੁੱਟ ਦੇ ਨਤੀਜੇ ਦੇਖੋ। ਯੂਨਾਨੀ ਵੀ ਬਹੁਤ ਸਾਰੇ ਦੇਵੀ ਦੇਵਤਿਆਂ ਨੂੰ ਮੰਨਦੇ ਸਨ

ਅਤੇ ਉਨ੍ਹਾਂ ਵਿਚ ਕਈ ਪ੍ਰਕਾਰ ਦੇ ਧਾਰਮਿਕ ਸਮੁਦਾਇ ਸਨ। ਉਹ ਕਈ ਰਾਜਾਂ ਵਿਚ ਵੀ ਵੰਡੇ ਹੋਏ ਸਨ। ਜਿਵੇਂ ਕਿ ਭਾਰਤ ਦੀ ਦੋ ਪ੍ਰਸਿੱਧ ਰਾਜਪੂਤ ਰਿਆਸਤਾਂ ਦਿੱਲੀ ਤੇ ਕਨੌਜ ਸਨ ਉਥੇ ਵੀ ਏਥਨਜ ਅਤੇ ਸਪਾਰਟਾ ਵਿਰੋਧੀ ਰਾਜ ਸਨ। ਉਨ੍ਹਾਂ ਵਿਚ ਵੀ ਜੈ ਚੰਦ ਅਤੇ ਪ੍ਰਿਥਵੀ ਰਾਜ ਵਾਂਗੂ ਸਾੜਾ ਅਤੇ ਦੁਸ਼ਮਣੀ ਸੀ। ਭਾਰਤ ਦੀਆਂ ਦੋ ਰਾਜਪੂਤ ਰਿਆਸਤਾਂ ਵਾਂਗੂ ਯੂਨਾਨ ਦੀਆਂ ਇਹਨਾਂ ਦੋ ਰਿਆਸਤਾਂ ਵਿਚ ਮਾਮੂਲੀ ਧਾਰਮਿਕ ਵਖਰੇਵਾਂ ਸੀ, ਪਰੰਤੂ ਇਹ ਉਨ੍ਹਾਂ 'ਤੇ ਬੜੀ ਬੁਰੀ ਤਰ੍ਹਾਂ ਹਾਵੀ ਸੀ। ਨਤੀਜੇ ਵਜੋਂ ਸਿਕੰਦਰ ਦੇ ਪਿਉ ਫਿਲਿਪ ਨੇ ਸਪਾਰਟਾ ਨੂੰ ਜਿੱਤ ਲਿਆ। ਫਿਲਿਪ ਦੇ ਜ਼ੁਲਮਾਂ ਤੋਂ ਲੋਕ ਅੱਕ ਗਏ, ਜਿਵੇਂ ਕਿ ਬਦੇਸ਼ੀ ਰਾਜ ਵਿਚ ਹੁੰਦਾ ਹੀ ਹੈ, ਉਨ੍ਹਾਂ ਏਡੀਅਨ ਕਾਨਫੈਡਰੇਸੀ ਦਾ ਗਠਨ ਕੀਤਾ ਅਤੇ ਆਪਣੀ ਆਜ਼ਾਦੀ ਲਈ ਰੋਮਨਾਂ ਦੀ ਸਹਾਇਤਾ ਮੰਗੀ। ਰੋਮਨ ਉਨ੍ਹਾਂ ਦੀ ਸਹਾਇਤਾ ਲਈ ਆਏ ਪਰ ਇਸ ਦੌਰਾਨ ਉਨ੍ਹਾਂ ਉਸ ਦੇਸ਼ ਨੂੰ ਆਪਣੇ ਅਧੀਨ ਕਰ ਲਿਆ, ਕਿਉਂਕਿ ਇਕ ਕਮਜ਼ੋਰ ਅਤੇ ਬੇਦਖ਼ਲ ਮੁਲਕ ਨੂੰ ਕੋਈ ਭਲਾ ਕਿਉਂ ਛੱਡੇ ਜਦੋਂ ਕਿ ਉਹ ਇਕ ਤਾਕਤਵਰ ਦੁਸ਼ਮਣ ਨੂੰ ਹਰਾ ਸਕਦਾ ਸੀ? ਉਹ ਆਪਸੀ ਦੁਸ਼ਮਣੀ, ਫਿਰਕਾਪ੍ਰਸਤੀ ਅਤੇ ਜਾਤਪਾਤੀ ਭਿੰਨ ਭੇਦ ਨਾਲ ਤਬਾਹ ਹੋ ਗਏ। ਸਾਡੇ ਦੇਸ਼ ਦੇ ਕਸ਼ਤਰੀਆਂ ਵਾਂਗੂ ਉਹ ਧਾਰਮਿਕ ਤੌਰ 'ਤੇ ਜੰਗਾਂ ਨੂੰ (ਹਥਿਆਰਾਂ) ਪ੍ਰਣਾਏ ਹੋਏ ਸਨ ਅਤੇ ਜੰਗ ਦੇ ਮੈਦਾਨ ਵਿਚ ਮੌਤ ਕਬੂਲਣੀ ਸ਼ਾਨ ਸਮਝਦੇ ਸਨ। ਕਮਜ਼ੋਰ ਬੱਚਿਆਂ ਨੂੰ ਰਾਜ ਲਈ ਚੰਗੇ ਨਹੀਂ ਸਮਝਿਆ ਜਾਂਦਾ ਸੀ। ਜਿਵੇਂ ਕਿ ਸਪਾਰਟਾ ਵਾਸੀ ਵੀ ਉਨ੍ਹਾਂ ਨੂੰ ਪਹਾੜੀਆਂ ਤੋਂ ਹੇਠਾਂ ਸੁੱਟ ਦਿੰਦੇ ਸਨ। ਯੂਨਾਨੀ ਇਕ ਦੂਸਰੇ ਨੂੰ ਨੀਚ ਸਮਝਦੇ ਸਨ ਅਤੇ ਰਾਜ ਕਰਨ ਵਾਲੇ ਨਾਲੋਂ ਆਪਸ ਵਿਚ ਲੜਾਈ ਵਿਚ ਉਲਝੇ ਰਹਿੰਦੇ। ਐਸੀ ਹਾਲਤ ਵਿਚ ਫਿਲਿਪ ਨੇ 197 ਪੂਰਵ ਈਸਵੀ ਵਿਚ ਉਨ੍ਹਾਂ ਸਾਰਿਆਂ ਨੂੰ ਗ਼ੁਲਾਮ ਬਣਾ ਲਿਆ। ਇਸ ਬਾਰੇ ਇਕ ਕਵੀ ਨੇ ਵੀ ਲਿਖਿਆ ਹੈ।

ਜਿਸ ਦਾ ਭਾਵ ਹੈ ਕਿ ਇਹ ਦੱਸਣਾ ਬੜਾ ਦੁਖਦਾਈ ਹੈ ਕਿ ਯੂਨਾਨ ਆਪਣੇ ਤੇਜ ਪ੍ਰਤਾਪ ਨੂੰ ਗੁਆ ਕੇ ਨਮੋਸ਼ੀ ਦੀ ਹਾਲਤ ਨੂੰ ਪਹੁੰਚ ਗਿਆ। ਕੋਈ ਵੀ ਬਦੇਸ਼ੀ ਤਾਕਤ ਇਸ 'ਤੇ ਕਬਜ਼ਾ ਨਹੀਂ ਸੀ ਜਮਾ ਸਕਦੀ। ਸੱਚੀਉਂ ਇਹ ਆਪਣੀਆਂ ਘਾਟਾਂ ਕਰਕੇ ਗ਼ੁਲਾਮੀ ਦਾ ਸ਼ਿਕਾਰ ਬਣਿਆ ਅਤੇ ਇਸ ਨੇ ਆਪਣੀ ਆਜ਼ਾਦੀ ਗੁਆ ਲਈ। ਪ੍ਰਾਚੀਨ ਯੂਨਾਨ ਦਾ ਹੁਣ ਸਿਰਫ਼ ਕਿਤਾਬਾਂ ਵਿਚ ਹੀ ਜ਼ਿਕਰ ਹੁੰਦਾ ਹੈ। ਪ੍ਰਾਚੀਨ ਯੂਨਾਨ ਦੇ ਲੋਕ ਮਰ ਮੁੱਕ ਚੁੱਕੇ ਹਨ। ਥੋੜ੍ਹਾ ਚਿਰ ਪਹਿਲਾਂ ਹੀ ਯੂਨਾਨੀਆਂ ਨੇ ਆਪਣੀ ਆਜ਼ਾਦੀ ਤੁਰਕਾਂ ਤੋਂ ਪ੍ਰਾਪਤ ਕੀਤੀ। ਇਹ ਸਾਰਾ ਕੁਝ ਆਪਸੀ ਮਤਭੇਦਾਂ ਅਤੇ ਸਾੜੇ ਦਾ ਸਿੱਟਾ ਸੀ ਕਿ ਇਕ ਪ੍ਰਤਾਪੀ ਕੌਮ ਗ਼ੁਲਾਮੀ ਦੀ ਜਿੱਲ੍ਹਣ ਵਿਚ ਖੁੱਭ ਗਈ। ਹੁਣ ਇਕ ਹੋਰ ਤੀਜੀ ਪ੍ਰਾਚੀਨ ਕੌਮ ਦੀ ਕਹਾਣੀ ਸੁਣੋ, ਇਰਾਨੀ, ਜਿਨ੍ਹਾਂ ਦਾ ਵਰਨਣ ਪਹਿਲਾਂ ਵੀ ਕੀਤਾ ਗਿਆ ਹੈ।

ਪੁਰਾਣੇ ਵੇਲਿਆਂ ਵਿਚ ਇਰਾਨ ਦਾ ਰਾਜ ਯੂਨਾਨ ਅਤੇ ਮਿਸਰ ਤੱਕ ਫੈਲਿਆ ਹੋਇਆ ਸੀ। ਇਰਾਨੀ ਰਾਜਾ ਯਕਰਕਸ ਕੋਲ ਏਨੀ ਵੱਡੀ ਫੌਜ ਸੀ ਕਿ ਲਗਾਤਾਰ ਚਲਦੇ ਰਹਿਣ ਤੋਂ ਬਾਅਦ ਇਸ ਦਾ ਆਖਰੀ ਸਿਪਾਹੀ 27ਵੇਂ ਦਿਨ ਦਿਸਦਾ ਸੀ। ਸਿਕੰਦਰ ਦਾ ਪਿਉ ਫਿਲਿਪ ਇਰਾਨ ਦਾ ਗ਼ੁਲਾਮ ਸੀ। ਪਰ ਬਾਅਦ ਵਿਚ ਜਦੋਂ ਇਰਾਨ ਅੰਦਰੂਨੀ ਕਲਾ ਕਲੇਸ਼ ਨਾਲ ਟੁਕੜੇ ਟੁਕੜੇ ਹੋਇਆ ਅਤੇ ਹਾਕਮ ਲੋਕਾਂ ਨਾਲ ਭੈੜਾ ਵਰਤਾਉ ਕਰਨ ਲੱਗੇ ਤਾਂ ਸਿਕੰਦਰ ਨੇ 327 ਈਸਵੀ ਪੂਰਵ ਇਸ ਨੂੰ ਜਿੱਤ ਲਿਆ। ਯੂਨਾਨੀ ਵਾਇਸਰਾਏ 229 ਪੂਰਵ ਈਸਵੀ ਤੱਕ ਇਰਾਨ 'ਤੇ ਰਾਜ ਕਰਦੇ ਰਹੇ। ਬਾਅਦ ਵਿਚ ਯੂਨਾਨੀਆਂ ਨੂੰ ਆਪਣੇ, ਦੇਸ਼ ਰੋਮਨਾਂ ਵਿਰੁੱਧ ਲੜਨ ਲਈ ਜਾਣਾ ਪਿਆ ਅਤੇ ਇਰਾਨ ਉਤੇ ਬਹਿਰਮ ਗੁਰੂ ਖ਼ੁਸਰੋ ਅਨੁਸ਼ਿਰਵਾਨ ਆਦਿ ਨੇ ਰਾਜ ਕੀਤਾ। ਅਨੁਸ਼ਿਰਵਾਨ ਦੀ ਮੌਤ ਤੋਂ ਬਾਅਦ ਜਿਹੜੀ 625 ਈਸਵੀ ਵਿਚ ਹੋਈ ਇਰਾਨ ਵਿਚ ਇਕ ਵਾਰ ਫਿਰ ਅੰਦਰੂਨੀ ਫੁੱਟ ਅਤੇ ਅਨਾਰਕੀ ਫੈਲ ਗਈ। ਸਾਇਰਸ ਮਾਰਿਆ ਗਿਆ। ਅਰਧਾਸ਼ਿਰ ਸ਼ਾਹਰਬਰਾਜ ਤੋਂ ਮਾਰਿਆ ਗਿਆ ਅਤੇ ਸ਼ਾਹਰਬਰਾਜ ਨੂੰ ਲੋਕਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ। 633 ਈਸਵੀ ਵਿਚ ਯਾਜ਼ਦੇਗਿਰਡ ਤਖ਼ਤ ਉਤੇ ਬੈਠਾ। ਅਖ਼ੀਰ ਵਿਚ ਇਸ ਸੁਖ ਰਹਿਣੀ ਕੌਮ ਨੂੰ ਮੁਸਲਮਾਨਾਂ ਨੇ ਫਤਹਿ ਕਰ ਲਿਆ ਜਿਹੜੀ ਅੰਦਰੂਨੀ ਝਗੜਿਆਂ ਕਾਰਨ ਫੁੱਟ ਦਾ ਸ਼ਿਕਾਰ ਸੀ। ਇਰਾਨੀਆਂ ਨੂੰ ਸਿਰਫ਼ ਦੋ ਜੰਗਾਂ ਵਿਚ ਹੀ ਸ਼ਿਕਸਤ ਦੇ ਦਿੱਤੀ ਗਈ। ਜੋਰਾਸਟਰ, ਜਿਹੜੇ ਕਿ ਇਰਾਨ ਤੋਂ ਭੱਜ ਕੇ ਹਿੰਦੁਸਤਾਨ ਆ ਗਏ, ਨੇ ਬਾਦਸ਼ਾਹ ਅਨਿਲਵਾਰਾ ਕੋਲ ਪਨਾਹ ਲਈ, ਜਿਸ ਨੇ ਉਨ੍ਹਾਂ ਨੂੰ ਇਸ ਸ਼ਰਤ ਤੇ ਸੁਰੱਖਿਆ ਦਿੱਤੀ ਕਿ ਉਹ ਗਊਆਂ ਨੂੰ ਨਹੀਂ ਮਾਰਨਗੇ। ਇਸ ਤਰ੍ਹਾਂ ਅੰਦਰੂਨੀ ਮਤਭੇਦਾਂ ਨੇ ਇਸ ਕੌਮ ਨੂੰ ਤਬਾਹ ਔਰ ਬਰਬਾਦ ਕਰ ਦਿੱਤਾ।

ਹੁਣ ਇਕ ਹੋਰ ਦੁਨੀਆਂ ਦੀ ਪ੍ਰਸਿੱਧ ਕੌਮ ਦਾ ਕਿੱਸਾ ਸੁਣੋ ਭਾਵ ਕਿ ਰੋਮ ਦਾ ਜਿਸ ਬਾਰੇ ਅਸੀਂ ਪਹਿਲਾਂ ਵੀ ਗੱਲ ਕਰ ਚੁੱਕੇ ਹਾਂ। ਭਾਵੇਂ ਕਿ ਉਥੇ ਕੋਈ ਪ੍ਰਤੱਖ ਧਾਰਮਿਕ ਵਖਰੇਵੇਂ ਨਹੀਂ ਮਿਲਦੇ। ਪਰੰਤੂ ਰੋਮਨਾਂ ਨੂੰ ਦੌਲਤ ਅਤੇ ਤਾਕਤ ਦਾ ਨਸ਼ਾ ਸੀ। ਇਸ ਨੇ ਲੋਕਾਂ ਅਤੇ ਰਾਜਿਆਂ ਵਿਚ ਕੰਧ ਖੜ੍ਹੀ ਕਰ ਦਿੱਤੀ। ਉਨ੍ਹਾਂ ਇਟਲੀ ਦੇ ਸਾਰੇ ਲੋਕਾਂ ਨੂੰ ਇਨਸਾਨ ਦਾ ਦਰਜਾ ਨਾ ਦਿੱਤਾ। ਸਿਰਫ਼ ਰੋਮ ਵਾਸੀਆਂ ਨੂੰ ਆਜ਼ਾਦ ਨਾਗਰਿਕ ਮੰਨਿਆ ਜਾਂਦਾ। ਉਨ੍ਹਾਂ ਦੀ ਐਸ਼ੋ ਇਸ਼ਰਤ ਦਾ ਕੋਈ ਹੱਦ ਬੰਨਾ ਨਹੀਂ ਸੀ। ਉਨ੍ਹਾਂ ਦਾ ਸਾਰਾ ਕੰਮ ਉਨ੍ਹਾਂ ਦੇ ਗ਼ੁਲਾਮ ਕਰਦੇ ਅਤੇ ਉਹ ਦਿਨ ਰਾਤ ਮੌਜ ਮਸਤੀ ਵਿਚ ਗਲਤਾਨ ਰਹਿੰਦੇ। ਸਾਡੇ ਆਪਣੇ ਦੇਸ਼ ਵਿਚ ਵੀ ਸਾਰੇ ਅੰਗਰੇਜ਼, ਮਾਮੂਲੀ ਅੰਗਰੇਜ਼ ਤੋਂ ਲੈ ਕੇ ਵਾਇਸਰਾਏ ਤੱਕ, ਸਾਰੇ ਰੰਗ ਰਲੀਆਂ ਮਨਾਉਣ ਵਿਚ ਰੁੱਝੇ ਹੋਏ ਹਨ ਅਤੇ ਉਹ ਗਰਮੀਆਂ ਵਿਚ ਪਹਾੜਾਂ ਤੇ ਚਲੇ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਸਾਰਾ ਕੰਮਕਾਰ ਕਰਨ ਲਈ ਭਾਰਤੀ ਜਿਉਂ ਹਨ, ਇਸ ਸਮੇਂ ਤੱਕ ਕਦੇ ਵੀ ਉਨ੍ਹਾਂ ਦੇ ਮਨ ਵਿਚ ਰੋਮਨਾਂ ਵਾਂਗੂ ਆਰਾਮ ਜਾਂ ਸੁਖ ਆਰਾਮ

ਦੀ ਖਾਹਿਸ਼ ਨਹੀਂ ਉਪਜੀ। ਜਦੋਂ ਰੋਮਨ ਆਰਾਮ ਪ੍ਰਸਤ ਹੋ ਗਏ ਤਾਂ ਉਨ੍ਹਾਂ ਨੂੰ ਪੈਸੇ ਦੀ ਲੋੜ ਪੈਂਦੀ ਅਤੇ ਇਸ ਲਈ ਉਹ ਰਿਸ਼ਵਤ ਲੈਣ ਲਗਦੇ। ਇਹ ਭ੍ਰਿਸ਼ਟਾਚਾਰ ਦੀ ਲੋੜ ਸੀ ਕਿ ਬੰਦਾ ਜ਼ੁਲਮ ਕਰਦਾ ਅਤੇ ਇਸ ਤਰ੍ਹਾਂ ਜ਼ੁਲਮਾਂ ਵਿਚ ਵਾਧਾ ਹੁੰਦਾ ਗਿਆ। ਇਸ ਤੋਂ ਇਲਾਵਾ ਰੋਮਨ ਦੂਜਿਆਂ ਨੂੰ ਇਨਸਾਨ ਵੀ ਨਹੀਂ ਮੰਨਦੇ ਸਨ। ਨਤੀਜੇ ਵਜੋਂ ਵਿਰੋਧ ਉਭਰਨ ਲੱਗਾ ਅਤੇ ਰੋਮਨ ਲੋਕਾਂ ਤੇ ਜ਼ਿਆਦਤੀ ਕਰਨ ਲੱਗੇ ਅਤੇ ਤਾਕਤ ਨਾਲ ਦਬਾਉਣ ਲੱਗੇ।

ਸੁਖ ਰਹਿਣੀ ਕੌਮ ਨੂੰ ਦਲੇਰ ਲੋਕਾਂ ਦਾ ਮੁਕਾਬਲਾ ਕਰਨਾ ਪਿਆ। ਪੰਜਵੀਂ ਸਦੀ ਈਸਵੀ ਦੇ ਸ਼ੁਰੂ ਵਿਚ ਗੋਥਾਂ ਦੇ ਲੀਡਰ ਥੀਉਡਰਿਕ ਨੇ ਹਮਲਾ ਕੀਤਾ ਅਤੇ ਸੁਖ ਆਰਾਮ ਅਤੇ ਮੌਜ ਮਸਤੀ ਵਿਚ ਗਲਤਾਨ ਰੋਮਨ ਉਸ ਦਾ ਮੁਕਾਬਲਾ ਨਾ ਕਰ ਸਕੇ। ਲੋਕਾਂ ਵਿਚ ਪਹਿਲਾਂ ਹੀ ਬੇਗਾਨਾਪਨ ਸੀ ਅਤੇ ਸਾਮਰਾਜ ਛੋਟੇ ਛੋਟੇ ਟੁਕੜਿਆਂ ਵਿਚ ਵੰਡਿਆ ਗਿਆ। ਮਜਬੂਰੀ ਵਸ ਰੋਮਨਾਂ ਨੂੰ ਦੂਰ ਦੁਰੇਡੇ ਦੇ ਸੂਬਿਆਂ ਤੋਂ ਫੌਜਾਂ ਨੂੰ ਬੁਲਾਉਣਾ ਪਿਆ। ਪਰ ਇਸ ਦਾ ਕੋਈ ਲਾਭ ਨਾ ਹੋਇਆ। ਸੱਭਿਆ ਲੋਕਾਂ ਨੇ ਵਹਿਸ਼ੀ ਲੋਕਾਂ ਸਾਹਮਣੇ ਸਮਰਪਨ ਕਰ ਦਿੱਤਾ। ਤੁਹਾਨੂੰ ਯਾਦ ਹੋਵੇਗਾ ਕਿ ਉਸ ਸਮੇਂ ਅੰਗਰੇਜ਼ਾਂ ਤੇ ਵੀ ਰੋਮਨਾਂ ਵਲੋਂ ਰਾਜ ਕੀਤਾ ਜਾ ਰਿਹਾ ਸੀ ਅਤੇ ਇਸ ਤਰ੍ਹਾਂ ਜਿਹੜੀ ਫੌਜ ਵੀ ਉਪਲਬਧ ਹੋਈ, ਉਸੇ ਨੂੰ ਬੁਲਾਇਆ ਗਿਆ ਕਿਉਂਕਿ ਰੋਮਨ ਆਪਣੇ ਹੀ ਦੇਸ਼ ਵਿਚ ਹਾਰ ਗਏ ਸਨ ਅਤੇ ਉਨ੍ਹਾਂ ਦਾ ਸਾਮਰਾਜ ਖ਼ਤਮ ਹੋ ਗਿਆ ਸੀ ਇਸ ਲਈ ਉਹ ਬਰਤਾਨੀਆਂ ਵਿਖੇ ਉਸ ਦੇਸ਼ ਤੇ ਕਬਜ਼ਾ ਕਰਨ ਲਈ ਨਾ ਗਏ।

ਇਸ ਤਰ੍ਹਾਂ ਰੋਮਨ ਸਾਮਰਾਜ ਦਾ ਅੰਤ ਵੀ ਉਨ੍ਹਾਂ ਹੀ ਕਾਰਵਾਈਆਂ ਕਰਕੇ ਹੋਇਆ। ਇਸ ਨੇ ਲੋਕਾਂ ਵਿਚਕਾਰ ਭਿੰਨ ਭੇਦ ਕੀਤਾ ਅਤੇ ਉਸ ਨੇ ਆਪਣੇ ਲੋਕਾਂ ਅਤੇ ਜਨਤਾ ਦੇ ਵਿਰੋਧ ਵੱਲ ਧਿਆਨ ਨਾ ਦਿੱਤਾ। ਭਾਵੇਂ ਕਿ ਉਥੇ ਦੇ ਧਰਮ ਵਿਚ ਜਾਤਪਾਤ ਨਹੀਂ ਸੀ ਪਰੰਤੂ ਰਾਜਨੀਤਕ ਅਤੇ ਸਮਾਜਕ ਆਧਾਰ ਵਿਚ ਜਮਾਤਾਂ ਦੀ ਵੰਡ ਕਾਇਮ ਸੀ ਜਿਹੜੀ ਤਬਾਹੀ ਦਾ ਸਬੱਬ ਬਣੀ।

ਹੁਣ ਅਸੀਂ ਬਰਤਾਨਵੀ ਕੌਮ ਦੇ ਪਤਨ ਦੀ ਕਹਾਣੀ ਸੁਣਾਉਂਦੇ ਹਾਂ ਜਿਹੜੀ ਕਿ ਅੱਜ ਕੱਲ ਸਾਡੇ ਤੇ ਰਾਜ ਕਰ ਰਹੀ ਹੈ।

50ਵੀਂ ਈਸਵੀ ਵਿਚ ਬਰਤਾਨੀਆਂ ਜਜ਼ੀਰੇ ਉਤੇ ਰੋਮਨਾਂ ਨੇ ਕਬਜ਼ਾ ਕੀਤਾ। ਜਿਵੇਂ ਕਿ ਯੂਰਪੀਨ ਹਿੰਦੁਸਤਾਨ ਦੀ ਦੌਲਤ ਬਾਰੇ ਸੁਣ ਕੇ ਹਿੰਦੁਸਤਾਨ ਆਏ, ਇਸੇ ਤਰ੍ਹਾਂ ਅੰਗਰੇਜ਼ ਦੋਵੇਂ ਮਰਦ ਅਤੇ ਔਰਤ ਗ਼ੁਲਾਮ ਆਪਣੀ ਵਿਕਰੀ, ਲਈ ਇਟਲੀ ਆਇਆ ਕਰਦੇ। ਰੋਮਨ ਉਨ੍ਹਾਂ ਦੇ ਬੜੇ ਸ਼ੌਕੀਨ ਸਨ ਅਤੇ ਉਹ ਬਰਤਾਨੀਆਂ ਨੂੰ ਖੋਜਣ ਵਿਚ ਕਾਮਯਾਬ ਹੋ ਗਏ। ਨਤੀਜੇ ਦੇ ਤੌਰ 'ਤੇ ਰੋਮਨਾਂ ਨੇ ਬਰਤਾਨੀਆਂ ਉਤੇ ਚਾਰ ਸੌ ਦਸ ਸਾਲ ਰਾਜ ਕੀਤਾ। ਅਗਰੀਕੋਲਾ ਦੇ ਰੋਮਨ ਗਵਰਨਰ ਟੈਕੀਟਸ ਨੇ ਆਪਣੀ ਆਤਮ ਕਥਾ ਵਿਚ ਉਥੋਂ ਦੀਆਂ ਹਾਲਤਾਂ ਬਾਰੇ

ਵਿਸਥਾਰ ਨਾਲ ਵਰਣਨ ਕੀਤਾ ਹੈ। ਅਗਰੀਕੋਲਾ ਬਰਤਾਨੀਆ ਵਿਚ ਰੋਮਨ ਗਵਰਨਰ ਸੀ। ਉਸ ਦੀ ਆਤਮ ਕਥਾ ਦਾ ਅਧਿਅਨ ਦਿਖਾਵੇਗਾ ਕਿ ਰੋਮਨਾਂ ਅਧੀਨ ਬ੍ਰਿਟੇਨ ਦੀ ਬਿਲਕੁਲ ਉਹੀ ਹਾਲਤ ਸੀ ਜਿਹੜੀ ਅੰਗਰੇਜ਼ਾਂ ਅਧੀਨ ਹਿੰਦੁਸਤਾਨ ਦੀ ਹੈ। ਰੋਮਨਾਂ ਅਤੇ ਅੰਗਰੇਜ਼ਾਂ ਲਈ ਵੱਖੋ ਵੱਖ ਕਾਨੂੰਨ ਸਨ, ਅੰਗਰੇਜ਼ਾਂ ਦਾ ਸਰਕਾਰ ਵਿਚ ਕੋਈ ਹਿੱਸਾ ਨਹੀਂ ਸੀ। ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਜ਼ਿੰਮੇਵਾਰੀ ਵਾਲੇ ਅਹੁਦੇ ਤੇ ਲਾਇਆ ਜਾਂਦਾ। ਅੰਗਰੇਜ਼ਾਂ ਅਤੇ ਰੋਮਨਾਂ ਦੇ ਆਪਸੀ ਸੰਬੰਧ ਵੀ ਕੋਈ ਬਹੁਤੇ ਵਧੀਆ ਨਹੀਂ ਸਨ। ਇਸ ਲਈ ਅੰਗਰੇਜ਼ਾਂ ਨੇ ਰੋਮਨਾਂ ਵਿਰੁੱਧ ਵਿਦਰੋਹ ਕੀਤਾ। ਬਿਲਕੁਲ ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਹਿੰਦੁਸਤਾਨੀਆਂ ਨੇ ਅੰਗਰੇਜ਼ਾਂ ਵਿਰੁੱਧ 1857 ਵਿਚ ਵਿਦਰੋਹ ਕੀਤਾ ਸੀ। ਹਿੰਦੁਸਤਾਨੀਆਂ ਵਾਂਗ ਹੀ ਅੰਗਰੇਜ਼ (ਰੋਮਨਾਂ ਵਿਰੁੱਧ ਆਪਣੀ ਜਦੋਜਹਿਦ ਵਿਚ) ਬੇਹਥਿਆਰੇ ਸਨ।

ਜਦੋਂ ਰੋਮਨ ਗੋਥਾਂ ਵਿਰੁੱਧ ਲੜਨ ਲਈ ਬਰਤਾਨੀਆ ਤੋਂ ਵਾਪਸ ਆਏ, ਅੰਗਰੇਜ਼ ਉਸ ਵੇਲੇ ਤੱਕ ਬਹੁਤ ਹੀ ਕਮਜ਼ੋਰ ਹੋ ਚੁੱਕੇ ਸਨ। ਉਨ੍ਹਾਂ ਨੂੰ ਹਥਿਆਰ ਚਲਾਉਣੇ ਨਹੀਂ ਆਉਂਦੇ ਸਨ। ਇਹੋ ਜਿਹੀ ਦੁਰਦਸ਼ਾ ਅਤੇ ਲਾਚਾਰੀ ਦੀ ਹਾਲਤ ਵਿਚ ਉਨ੍ਹਾਂ ਦਾ ਸਮੁੰਦਰ ਅਤੇ ਜ਼ਮੀਨ ਟੈਕਸਾਂ ਦੇ ਭਾਰ ਨਾਲ ਦੱਬੇ ਹੋਏ ਸਨ। ਅੰਗਰੇਜ਼ ਹਮਲਾਵਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ ਸਨ। ਅਪਮਾਨਤ ਅਤੇ ਲਾਚਾਰ ਹੋਏ ਅੰਗਰੇਜ਼ਾਂ ਨੇ ਰੋਮਨਾਂ ਨੂੰ ਇਕ ਅਪੀਲ ਭੇਜੀ ਜਿਸ ਦਾ ਸਿਰਲੇਖ ਸੀ "ਅੰਗਰੇਜ਼ਾਂ ਦਾ ਹਉਕਾ।" ਉਨ੍ਹਾਂ ਬਚਾਉਣ ਲਈ ਤਰਲਾ ਪਾਇਆ ਤੇ ਕਿਹਾ, "ਸਮੁੰਦਰ ਸਾਨੂੰ ਜ਼ਮੀਨ ਤੱਕ ਲੈ ਜਾਂਦਾ ਹੈ ਅਤੇ ਜ਼ਮੀਨ ਸਾਨੂੰ ਸਮੁੰਦਰ ਵਿਚ ਲੈ ਜਾਂਦੀ ਹੈ।" ਰੋਮਨਾਂ ਨੇ ਜਵਾਬ ਦਿੱਤਾ ਕਿ ਉਹ ਉਨ੍ਹਾਂ ਦੇ ਬਚਾਅ ਲਈ ਨਹੀਂ ਆ ਸਕਦੇ ਕਿਉਂਕਿ ਉਹ ਆਪ ਮੁਸੀਬਤ ਵਿਚ ਫਸੇ ਹੋਏ ਹਨ।

ਸਾਨੂੰ ਯਾਦ ਹੈ ਕਿ ਕੁਝ ਵਰ੍ਹੇ ਪਹਿਲਾਂ ਇਕ ਐਂਗਲੋ-ਇੰਡੀਅਨ ਨੇ ਵਿਚਾਰ ਪ੍ਰਗਟ ਕੀਤੇ ਸਨ ਕਿ ਜੇਕਰ ਅੰਗਰੇਜ਼ ਹਿੰਦੁਸਤਾਨ ਛੱਡ ਕੇ ਚਲੇ ਗਏ ਤਾਂ ਉਹ ਅਜੇ ਏਡਨ ਵੀ ਨਹੀਂ ਪੁੱਜੇ ਹੋਣਗੇ ਕਿ ਹਿੰਦੁਸਤਾਨੀ ਉਨ੍ਹਾਂ ਨੂੰ ਵਾਪਸ ਮੁੜ ਆਉਣ ਲਈ ਤਾਰ ਪਾਉਣਗੇ। ਸ਼ਾਇਦ ਉਸ ਨੂੰ ਆਪਣੇ ਦੇਸ਼ ਦਾ ਇਤਿਹਾਸ ਯਾਦ ਆਉਂਦਾ ਹੋਵੇ ਅਤੇ ਉਹ ਮਹਿਸੂਸ ਕਰਦਾ ਹੋਵੇ ਕਿ ਹਿੰਦੁਸਤਾਨੀਆਂ ਨੂੰ ਨੀਤੀ ਦੇ ਤਹਿਤ ਬੇਹਥਿਆਰ ਕੀਤੇ ਹੋਣ ਕਰਕੇ ਏਨੀ ਨਿੱਘਰੀ ਹਾਲਤ ਨੂੰ ਪਹੁੰਚ ਚੁੱਕੇ ਹਨ ਕਿ ਅਫ਼ਗਾਨਿਸਤਾਨ ਜਾਂ ਜਾਪਾਨ ਦੇ ਹਮਲਾ ਕਰ ਦੇਣ ਦੀ ਸੂਰਤ ਵਿਚ ਉਹ ਲਾਜ਼ਮੀ ਤੌਰ 'ਤੇ ਅੰਗਰੇਜ਼ਾਂ ਨੂੰ ਸਹਾਇਤਾ ਦੀ ਅਪੀਲ ਕਰਨਗੇ। ਸਕਾਟਲੈਂਡ ਵਾਂਗ ਹੀ ਅਫ਼ਗਾਨਿਸਤਾਨ ਸਾਡੇ ਉੱਤਰ ਵਿਚ ਹੈ ਅਤੇ ਜਾਪਾਨ ਸਮੁੰਦਰ ਵੱਲ ਸਥਿਤ ਹੈ ਅਤੇ ਇਉਂ ਐਂਗਲੋ ਇੰਡੀਅਨ ਨੇ ਕਲਪਨਾ ਕੀਤੀ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਹਿੰਦੂ ਤੇ ਮੁਸਲਮਾਨ ਇਕ ਦੂਜੇ ਦਾ ਗਲਾ ਕੱਟਣਗੇ। ਉਸ ਦੀ ਕੋਈ ਵੀ ਹਾਲਤ ਹੋਵੇ, ਸਾਡਾ ਯਕੀਨ ਹੈ ਕਿ ਇੰਗਲੈਂਡ ਤੇ ਜਰਮਨੀ ਵਿਚ ਕਿਸੇ

ਹੋਰ ਯੂਰਪੀਨ ਦੇਸ਼ ਨਾਲ ਜੰਗ ਮੌਕੇ ਸਾਡੇ ਅੰਗਰੇਜ਼ 'ਦਾਤੇ' ਸਾਨੂੰ ਛੱਡ ਕੇ ਆਪਣੇ ਦੇਸ਼ ਪਰਤ ਜਾਣਗੇ ਜਾਂ ਘੱਟੋ ਘੱਟ ਸਾਡੀ ਸੁਰੱਖਿਆ ਲਈ ਕੁਝ ਹਥਿਆਰ ਛੱਡ ਜਾਣਗੇ ਜਾਂ ਸਾਡੀ ਸਹਾਇਤਾ ਦੀ ਅਪੀਲ ਦਾ ਹੁੰਗਾਰਾ ਭਰਨਗੇ ਜਾਂ ਉਹ ਸਾਡੀ ਰਖਵਾਲੀ ਕਰਨਗੇ। ਅਫ਼ਗਾਨਾਂ ਤੇ ਜਪਾਨੀਆਂ ਤੋਂ ਬਚਾਉਣ ਲਈ ਜਾਂ ਉਹ ਸਾਨੂੰ ਰੂਸ ਜਾਂ ਤੁਰਕੀ ਨੂੰ ਸਹਾਇਤਾ ਲਈ ਅਪੀਲ ਕਰਨ ਲਈ ਮਜ਼ਬੂਰ ਕਰਨਗੇ ਕਿਵੇਂ ਕਿ ਰੋਮਨਾਂ ਨੇ ਅੰਗਰੇਜ਼ਾਂ ਨੂੰ ਸੈਕਸਨਾਂ ਤੋਂ ਸਹਾਇਤਾ ਲੈਣ ਲਈ ਮਜਬੂਰ ਕੀਤਾ ਸੀ ਜਿਸ ਦੇ ਫਲਸਰੂਪ ਉਹ ਇੰਗਲੈਂਡ ਦੇ ਮਾਲਕ ਬਣ ਗਏ। ਸੈਕਸਨਾਂ ਨੇ ਭਾਰਤ ਵਿਚ ਮੁਸਲਮਾਨਾਂ (ਮੁਗ਼ਲਾਂ) ਵਾਂਗ ਸਾਰੇ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਆਪ ਸਾਂਭ ਲਿਆ। ਅੰਗਰੇਜ਼ ਲੋਕ, ਜਿਹੜੇ ਅੱਜ ਆਪਣੇ ਆਪ ਨੂੰ ਐਂਗਲੋ-ਸੈਕਸਨ ਆਖਦੇ ਹਨ, ਉਹ ਅੰਗਰੇਜ਼ ਔਰਤਾਂ ਅਤੇ ਸੈਕਸਨ ਮਰਦਾਂ ਦੇ ਮੇਲ ਤੋਂ ਪੈਦਾ ਹੋਏ ਹਨ। ਸ਼ਾਇਦ ਹੁਣ ਕੋਈ ਸ਼ੁੱਧ ਅੰਗਰੇਜ਼ ਨਹੀਂ ਹੈ।

ਸਾਨੂੰ ਆਸ ਹੈ ਕਿ ਸਾਡੇ ਨਾਮ ਨਿਹਾਦ ਦਾਤੇ ਸਾਨੂੰ ਜ਼ਾਲਮਾਂ ਦੇ ਰਹਿਮੋ ਕਰਮ ਤੇ ਲਾਚਾਰ ਛੱਡ ਕੇ ਨਹੀਂ ਜਾਣਗੇ ਅਤੇ ਅਸੀਂ ਬੇਨਤੀ ਕਰਦੇ ਹਾਂ ਕਿ ਅਜਿਹੀ ਸੰਭਾਵਤ ਘਟਨਾ ਦੀ ਸੂਰਤ ਵਿਚ ਉਹ ਸਾਨੂੰ ਮੁਕਾਬਲੇ ਲਈ ਤਿਆਰ ਕਰਨ।

ਹੁਣ ਅਸੀਂ ਹਿੰਦੁਸਤਾਨ ਬਾਰੇ ਚਰਚਾ ਕਰਾਂਗੇ। ਭਾਰਤ ਵੀ ਜਾਤਪਾਤੀ ਪ੍ਰਬੰਧ ਅਤੇ ਛੂਆਛਾਤ ਦੀ ਬੀਮਾਰੀ ਵਿਚ ਗ੍ਰਸਿਆ ਹੋਇਆ ਹੈ। ਏਥੇ ਕਈ ਥਾਵਾਂ ਹਨ ਜਿਥੇ ਲੋਕਾਂ ਨੇ ਕਿਸੇ ਵਿਸ਼ੇਸ਼ ਜਾਤੀ ਦਾ ਹੋਣ ਕਰਕੇ ਜਿਸ ਨੂੰ ਬੇਦਲੀਲੀ ਨੀਵੀਂ ਜਾਤੀ ਦਾ ਕਿਹਾ ਜਾਂਦਾ ਹੈ, ਦੂਰ ਰਖਿਆ ਜਾਂਦਾ ਹੈ, ਸਗੋਂ ਉਨ੍ਹਾਂ ਦੀ ਆਪਣੀ ਜਾਤੀ ਦੇ ਬੰਦਿਆਂ ਤੋਂ ਵੀ ਦੂਰ ਰੱਖਿਆ ਜਾਂਦਾ ਹੈ। ਇਕ ਭਰਾ ਦੂਸਰੇ ਭਰਾ ਦੇ ਨੇੜੇ ਨਹੀਂ ਜਾਂਦਾ ਅਤੇ ਉਹ ਦੂਸਰੇ ਭਰਾ ਦੇ ਛੂਹਿਆਂ ਭੋਜਨ ਨਹੀਂ ਖਾਂਦਾ। ਪ੍ਰਿਥਵੀ ਰਾਜ ਅਤੇ ਜੈ ਚੰਦ ਦੋਵੇਂ ਰਾਜਪੂਤ ਸਨ ਅਤੇ ਉਨ੍ਹਾਂ ਦੋਹਾਂ ਵਿਚ ਜੇਕਰ ਕੋਈ ਫ਼ਰਕ ਸੀ ਤਾਂ ਇਹ ਕਿ ਉਨ੍ਹਾਂ 'ਚੋਂ ਇਕ ਚੌਹਾਨ ਸੀ ਤੇ ਦੂਸਰਾ ਰਾਠੌਰ। ਪਰੰਤੂ ਉਹ ਇਕ ਦੂਜੇ ਦੇ ਕੱਟੜ ਦੁਸ਼ਮਣ ਸਨ। ਜੈ ਚੰਦ ਜ਼ਿੰਮੇਵਾਰ ਸੀ ਸ਼ਹਾਬੁਦੀਨ ਗੌਰੀ ਦੇ ਪ੍ਰਿਥਵੀ ਰਾਜ 'ਤੇ ਹਮਲੇ ਦਾ। ਬਾਅਦ ਵਿਚ ਉਹ ਆਪ ਵੀ ਬਰਬਾਦ ਹੋ ਗਿਆ। ਇਕ ਅੰਗਰੇਜ਼ ਨੇ ਲਿਖਿਆ ਹੈ ਕਿ ਕਿਉਂਕਿ ਹਿੰਦੂਆਂ ਨੇ ਨਾ ਤਾਂ ਸਬਕ ਸਿੱਖਿਆ ਹੈ ਤੇ ਨਾ ਹੀ ਉਨ੍ਹਾਂ ਕੁਝ ਭੁਲਾਇਆ ਹੈ ਕਿ ਜਸਵੰਤ ਰਾਇ ਹੋਲਕਰ ਅਤੇ ਉਸ ਦੇ ਭਰਾ ਨੇ ਪ੍ਰਿਥਵੀ ਰਾਜ ਅਤੇ ਜੈ ਚੰਦ ਵਾਂਗੂ ਹੀ ਵਿਹਾਰ ਕੀਤਾ ਹੈ। ਜਦੋਂ ਅੰਗਰੇਜ਼ਾਂ ਦੇ ਖ਼ਿਲਾਫ਼ ਉਨ੍ਹਾਂ ਦੀ ਜੰਗ ਚਲ ਰਹੀ ਸੀ ਤਾਂ ਉਨ੍ਹਾਂ 'ਚੋਂ ਇਕ ਲੜਾਈ 'ਚੋਂ ਬਾਹਰ ਰਿਹਾ ਅਤੇ ਉਹ ਦੂਸਰੇ ਦੀ ਤਬਾਹੀ ਤੇ ਬਰਬਾਦੀ ਹੁੰਦੀ ਦੇਖਦਾ ਰਿਹਾ। ਜਦੋਂ ਦੂਜੀ ਜੰਗ ਲੱਗੀ ਤਾਂ ਪਹਿਲਾ ਲੜਾਈ 'ਚੋਂ ਬਾਹਰ

ਰਿਹਾ ਅਤੇ ਇਸ ਤਰ੍ਹਾਂ ਦੋਵੇਂ ਹੀ ਤਬਾਹ ਔਰ ਬਰਬਾਦ ਹੋ ਗਏ। ਫਿਰ ਵੀ ਹੋਲਕਰ ਨੇ ਹਿੰਦੁਸਤਾਨ ਤੋਂ ਚੌਥ ਭਾਵ ਚੌਥਾ ਹਿੱਸਾ ਵਸੂਲਿਆ।

ਜਦੋਂ ਪੋਰਸ ਪੰਜਾਬ ਵਿਚ ਸਿਕੰਦਰ ਨਾਲ ਲੜ ਰਿਹਾ ਸੀ ਤਾਂ ਉਸ ਦੇ ਪਰਿਵਾਰ ਵਾਲੇ ਉਸ ਦੀ ਹਾਰ ਤੇ ਖ਼ੁਸ਼ ਹੋਏ। ਅਖ਼ੀਰ ਵਿਚ ਸਾਰੇ ਤਬਾਹ ਹੋ ਗਏ।

ਜਾਤਪਾਤੀ ਪ੍ਰਬੰਧ ਕਦੇ ਵੀ ਨੁਕਸਾਨਦੇਹ ਨਹੀਂ ਹੋ ਸਕਦਾ ਜੇਕਰ ਕੰਮ ਧੰਦੇ ਧਾਰਮਿਕ ਵਖਰੇਵੇਂ ਦੇ ਆਧਾਰ ਤੇ ਨਾ ਹੋਣ ਅਤੇ ਦੇਸ਼ ਦੀ ਆਪਣੀ ਸਰਕਾਰ ਹੋਵੇ। ਈਸਾਈਆਂ ਨੇ ਵੀ ਕਈ ਧੰਦੇ ਅਪਣਾਏ ਹਨ, ਉਨ੍ਹਾਂ ਵਿਚ ਸਮਾਜ ਭੇਦ ਹਨ। ਮਨੁੱਖੀ ਸੁਭਾਅ ਵਿਚ ਵੀ ਉੱਚੇ ਤੇ ਨੀਵਾਂ ਦੇ ਭਾਵ ਵਿਆਪਕ ਹਨ, ਪਰ ਇਹ ਤਾਂ ਬਿਲਕੁਲ ਹੀ ਗ਼ੈਰ ਕੁਦਰਤੀ ਹੈ ਕਿ ਅਸੀਂ ਬਿਨਾਂ ਕਿਸੇ ਕਾਰਨ ਦੂਸਰੇ ਵਿਅਕਤੀਆਂ ਨੂੰ ਨੀਚ ਅਤੇ ਅਸ਼ੁੱਧ ਸਮਝੀਏ ਭਾਵੇਂ ਕਿ ਉਹ ਸਾਡੇ ਨਾਲੋਂ ਵੱਧ ਪਵਿੱਤਰ ਆਤਮਾ ਅਤੇ ਬ੍ਰਹਮ ਗਿਆਨੀ ਹੋਵੇ। ਕੀ ਇਹ ਅਨੁਚਿਤ ਨਹੀਂ ਹੈ ਕਿ ਅਸੀਂ ਉਨ੍ਹਾਂ ਨੂੰ ਛੂਹਣ ਅਤੇ ਕੋਲ ਬੈਠਣ ਤੋਂ ਟਲਦੇ ਹਾਂ ਅਤੇ ਇਸ ਗੱਲ ਤੇ ਹੰਕਾਰ ਕਰਦੇ ਹਾਂ ਜਦੋਂ ਕਿ ਅਸੀਂ ਉਨ੍ਹਾਂ ਨਾਲ ਅਨੈਤਿਕ ਅਤੇ ਅਸਾਵਾਂ ਵਿਹਾਰ ਕਰਦੇ ਹਾਂ?

ਮੈਂ ਆਖਦਾ ਹਾਂ ਇਹ ਗੱਲਾਂ ਧਾਰਮਿਕ ਵਿਚਾਰਾਂ ਅਨੁਸਾਰ ਵੀ ਦਰੁਸਤ ਨਹੀਂ। ਸਿਰਫ਼ ਉਹੀ ਇਹ ਵਿਚਾਰ ਰੱਖਦੇ ਹਨ ਜਿਹੜੇ ਧਰਮ ਨਾਲ ਜੁੜੇ ਹੋਏ ਹਨ। ਮੈਂ ਇਹ ਗੱਲਾਂ ਸਿਰਫ਼ ਰਾਜਨੀਤਕ ਨਜ਼ਰੀਏ ਤੋਂ ਕਰ ਰਿਹਾ ਹਾਂ। ਜਾਤਪਾਤੀ ਪ੍ਰਬੰਧ ਘਾਤਕ ਹੈ ਅਤੇ ਇਸ ਅਹਿਮਕਾਨਾ ਵਿਚਾਰ ਨੇ ਸਾਡੇ ਦੇਸ਼ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਜੋ ਬਚਦਾ ਖੁਚਦਾ ਹੈ, ਉਹ ਵੀ ਟੁੱਟ ਭੱਜ ਜਾਵੇਗਾ। ਇਕ ਭੰਗੀ ਜਾਂ ਚਮਾਰ ਦਾ ਕੀ ਕਸੂਰ ਹੈ ਕਿ ਅਸੀਂ ਉਸ ਨੂੰ ਨੀਚ ਸਮਝੀਏ? ਉਸ ਦਾ ਕਸੂਰ ਸਿਰਫ਼ ਇਹੀ ਹੈ ਕਿ ਉਹ ਗਰੀਬ ਹੈ। ਜੇਕਰ ਇਹ ਏਦਾਂ ਹੀ ਹੈ ਤਾਂ ਫਿਰ ਤੁਸੀਂ ਅੰਗਰੇਜ਼ਾਂ ਨੂੰ ਦੋਸ਼ ਕਿਉਂ ਦਿੰਦੇ ਹੋ? ਉਹ ਇਸ ਵੇਲੇ ਦੇਸ਼ 'ਤੇ ਹਕੂਮਤ ਕਰ ਰਹੇ ਹਨ। ਇਸ ਦੀ ਕਾਹਤੋਂ ਸ਼ਿਕਾਇਤ ਕਰਦੇ ਹੋ? ਕਿ ਉਹ ਤੁਹਾਨੂੰ ਨੀਚ ਸਮਝਦੇ ਹਨ ਜਾਂ ਅਪਮਾਨਤ ਕਰਦੇ ਹਨ, ਜਾਂ ਉਹ ਤੁਹਾਨੂੰ ਗੱਡੀ ਵਿਚ, ਤੁਹਾਡੇ ਨਾਲੋਂ ਕਾਨੂੰਨੀ ਮੁਕੱਦਮਿਆਂ ਵਿਚ ਭਿੰਨ ਭੇਦ ਕਰਦੇ ਹਨ। ਤੁਹਾਨੂੰ ਇਸ ਬਾਰੇ ਸ਼ਿਕਵਾ ਨਹੀਂ ਕਰਨਾ ਚਾਹੀਦਾ। ਮੈਨੂੰ ਇਮਾਨਦਾਰੀ ਨਾਲ ਦੱਸੋ ਤੁਸੀਂ ਇਸ ਸਭ ਕਾਸੇ ਬਾਰੇ ਕਿਵੇਂ ਮਹਿਸੂਸ ਕਰਦੇ ਹੋ। ਜਦੋਂ ਤੁਸੀਂ ਆਪ ਕਿਸੇ ਨਾਲ ਇਨਸਾਫ਼ ਨਹੀਂ ਕਰਦੇ ਤਾਂ ਤੁਸੀਂ ਬਦੇਸ਼ੀਆਂ ਤੋਂ ਇਨਸਾਫ਼ ਦੀ ਤਵੱਕੋਂ ਕਿਵੇਂ ਕਰ ਸਕਦੇ ਹੋ?

ਮੇਰੇ ਖ਼ਿਆਲ ਵਿਚ ਲਾਲਾ ਲਾਜਪਤ ਰਾਏ ਨੇ ਸਿਰਫ਼ ਧਾਰਮਿਕ ਖ਼ਿਆਲਾਂ ਕਰਕੇ ਗਰੀਬਾਂ ਅਤੇ ਦੱਬੇ ਕੁਚਲੇ ਲੋਕਾਂ ਨੂੰ ਉਪਰ ਉਠਾਉਣ ਲਈ ਆਪਣੇ ਆਪ ਨੂੰ ਅਰਪਤ ਨਹੀਂ ਕੀਤਾ ਪਰੰਤੂ ਮਗਰੋਂ ਜਦੋਂ ਉਨ੍ਹਾਂ ਕਾਫੀ ਅਧਿਅਨ ਕੀਤਾ ਅਤੇ ਕੌਮਾਂ ਦੇ ਉਥਾਨ ਦੇ ਪਤਨ ਬਾਰੇ ਪਤਾ ਲਗਾਇਆ ਤੇ ਲੱਭਿਆ ਕਿ ਕੌਮਾਂ ਨੂੰ

ਉਠਾਉਣ ਲਈ ਅਸਲ ਵਿਚ ਕੀ ਕਰਨਾ ਚਾਹੀਦਾ ਹੈ।

ਇਕ ਚਮਾਰ ਜਿਸ ਨੂੰ ਅਸੀਂ ਆਪਣੇ ਨਾਲ ਬੈਠਣ ਨਹੀਂ ਦਿੰਦੇ, ਜਦੋਂ ਉਹ ਮੁਸਲਮਾਨ ਬਣ ਜਾਂਦਾ ਹੈ ਅਤੇ ਆਪਣਾ ਨਾਂ ਸ਼ੇਖ ਦੀਨ ਮੁਹੰਮਦ ਰੱਖ ਲੈਂਦਾ ਹੈ ਤਾਂ ਉਹਦੇ ਸਾਡੇ ਨਾਲ ਜ਼ਰਾ ਜਿਹਾ ਛੂਹ ਜਾਣ ਉਤੇ ਸਾਨੂੰ ਸ਼ੁੱਧ ਹੋਣ ਲਈ ਇਸ਼ਨਾਨ ਕਰਨਾ ਪੈਂਦਾ ਹੈ। ਜਦੋਂ ਸਾਡਾ ਕੋਈ ਬੰਦਾ 'ਪਾਦਰੀ ਸਾਹਿਬ' ਬਣ ਕੇ ਆਉਂਦਾ ਹੈ ਤਾਂ ਅਸੀਂ ਉਸ ਨੂੰ 'ਸਾਹਿਬ' ਕਹਿੰਦੇ ਨਹੀਂ ਥੱਕਦੇ ਅਤੇ ਉਸ ਦਾ ਹਰ ਪ੍ਰਕਾਰ ਨਾਲ ਆਦਰ ਮਾਣ ਕਰਦੇ ਹਾਂ। ਕੀ ਇਸ ਤਰ੍ਹਾਂ ਅਸੀਂ ਇਹਨਾਂ ਲੋਕਾਂ ਨੂੰ ਇਸਲਾਮ ਜਾਂ ਇਸਾਈ ਧਰਮ ਅਪਨਾਉਣ ਲਈ ਉਤਸ਼ਾਹਤ ਨਹੀਂ ਕਰਦੇ?

ਯਾਦ ਰੱਖੋ, ਉੱਚੀਆਂ ਜਮਾਤਾਂ ਗਿਣਤੀ ਵਿਚ ਘੱਟ ਹਨ। ਜੇ ਤੁਹਾਨੂੰ ਇਸ ਬਾਰੇ ਸ਼ੱਕ ਹੈ ਤਾਂ ਮਰਦਮ ਸ਼ੁਮਾਰੀ ਦੀ ਰਿਪੋਰਟ ਪੜ੍ਹ ਵੇਖੋ। ਤੁਸੀਂ ਆਪਣੀ ਗਿਣਤੀ 24 ਕਰੋੜ ਇਹਨਾਂ ਨੀਚ ਜਾਤਾਂ ਨੂੰ ਗਿਣ ਕੇ ਹੀ ਕਰਦੇ ਹੋ। ਜਦੋਂ ਤੁਸੀਂ ਉਨ੍ਹਾਂ ਨੂੰ ਛੂੰਹਦੇ ਹੀ ਨਹੀਂ ਤਾਂ ਤੁਹਾਡਾ ਕੀ ਹੱਕ ਬਣਦਾ ਹੈ ਕਿ ਤੁਸੀਂ ਉਨ੍ਹਾਂ ਦੀ ਗਿਣਤੀ ਦਾ ਲਾਭ ਲਵੋ?

ਜੇਕਰ ਉਹ ਸਾਰੇ ਹੀ ਈਸਾਈ ਜਾਂ ਇਸਲਾਮ ਧਰਮ ਗ੍ਰਹਿਣ ਕਰ ਲੈਣ ਤਾਂ ਤੁਹਾਡੀ ਗਿਣਤੀ ਵੱਡੀ ਹੱਦ ਤੱਕ ਘਟ ਜਾਵੇਗੀ ਅਤੇ ਇਹ ਵੀ ਯਾਦ ਰੱਖੋ ਕਿ ਸਾਨੂੰ ਆਪਣੀਆਂ ਜੁੱਤੀਆਂ ਆਪ ਪਾਲਿਸ਼ ਕਰਨੀਆਂ ਪੈਣਗੀਆਂ। ਤੁਹਾਨੂੰ ਉਸ ਵੇਲੇ ਦੁੱਖ ਲੱਗੇਗਾ। ਬਿਨਾਂ ਸ਼ੱਕ ਸਾਡੇ ਪੁਰਖਿਆਂ ਨੇ ਛੂਆ ਛਾਤ ਕਿਸੇ ਵਿਗਿਆਨਕ ਆਧਾਰ 'ਤੇ ਸ਼ੁਰੂ ਕੀਤੀ ਸੀ। ਉਨ੍ਹਾਂ ਨੂੰ ਪਤਾ ਸੀ ਕਿ ਅਸ਼ੁੱਧ ਵਿਚਾਰ ਅਤੇ ਸਰੀਰ (ਮਨ ਤੇ ਤਨ) ਇਕ ਮਹਾਂਮਾਰੀ ਫੈਲਣ ਦਾ ਕਾਰਨ ਬਣਦੇ ਹਨ। ਪਰੰਤੂ ਇਕ ਜਣੇ ਨੂੰ ਦੂਸਰੇ ਦੀ ਬੀਮਾਰੀ ਕਿਵੇਂ ਲਗ ਸਕਦੀ ਹੈ ਜੇਕਰ ਦੋਹਾਂ ਨੂੰ ਇਕੋ ਬੀਮਾਰੀ ਲੱਗੀ ਹੋਵੇ। ਇਹ ਚਮਾਰ ਤੁਹਾਥੋਂ ਵੱਧ ਗੰਦਾ ਕਿਵੇਂ ਹੈ? ਇਹ ਮੁਮਕਿਨ ਹੈ ਕਿ ਇਕ ਗਰੀਬ ਆਦਮੀ ਸਰੀਰਕ ਭੈੜੇ ਕੰਮ ਘੱਟ ਕਰਦਾ ਹੋਵੇ। ਕਿਹੜਾ ਹਿੰਦੂ ਮੁਸਲਮਾਨ ਦੇ ਹੱਥੋਂ ਠੰਢਾ ਪਾਣੀ ਜਾਂ ਸੋਡਾ ਵਾਟਰ ਨਹੀਂ ਪੀਂਦਾ ਜਾਂ ਗਾਂ ਦੀਆਂ ਹੱਡੀਆਂ ਨਾਲ ਸਾਫ਼ ਕੀਤੀ ਖੰਡ ਨਹੀਂ ਖਾਂਦਾ ਜਾਂ ਟੂਟੀਆਂ ਦਾ ਪਾਣੀ ਨਹੀਂ ਪੀਂਦਾ ਜਿਹੜੀਆਂ ਡਰੇਨ ਜਾਂ ਸੀਵਰੇਜ਼ 'ਚੋਂ ਹੀ ਆਉਂਦੀਆਂ ਹਨ? ਭੰਗੀ ਟੱਟੀ ਸਾਫ਼ ਕਰਨ ਤੋਂ ਬਾਅਦ ਆਪਣੇ ਹੱਥ ਧੋਂਦਾ ਹੈ, ਪਰੰਤੂ ਟੂਟੀਆਂ ਹਮੇਸ਼ਾਂ ਮਨੁੱਖ ਦੇ ਟੱਟੀ ਪਿਸ਼ਾਬ ਵਿਚ ਡੁੱਬੀਆਂ ਰਹਿੰਦੀਆਂ ਹਨ। ਕੀ ਤੁਸੀਂ ਟੱਟੀ ਵਿਚ ਡੁੱਬੀ ਹੋਈ ਟੂਟੀ ਦਾ ਪਾਣੀ ਨਹੀਂ ਪੀਂਦੇ? ਤੁਸੀਂ ਇਹ ਹਰ ਰੋਜ਼ ਪੀਂਦੇ ਹੋ। ਫਿਰ ਵੀ ਜੇਕਰ ਭੰਗੀ ਜਾਂ ਚਮਾਰ ਤੁਹਾਨੂੰ ਛੂਹ ਲੈਂਦਾ ਹੈ ਤਾਂ ਤੁਸੀਂ ਭਿੱਟੇ ਜਾਂਦੇ ਹੋ। ਤੁਸੀਂ ਅੰਗਰੇਜ਼ਾਂ ਨਾਲ ਹੱਥ ਮਿਲਾਉਣ ਲਈ ਤਿਆਰ ਰਹਿੰਦੇ ਹੋ ਅਤੇ ਉਨ੍ਹਾਂ ਦੀ ਜੂਠੀ ਚਾਹ ਵੀ ਪੀ ਲੈਂਦੇ ਹੋ ਜਿਹੜੇ ਕਿਸੇ ਵੀ ਤਰ੍ਹਾਂ ਭੰਗੀ ਜਾਂ ਚਮਾਰ ਨੂੰ ਘਿਰਣਾ ਨਹੀਂ ਕਰਦੇ। ਪਰ ਤੁਸੀਂ ਆਪਣੇ ਹੀ ਦੇਸ਼ ਵਾਸੀਆਂ ਨੂੰ ਘਿਰਣਾ ਕਰਦੇ ਹੋ। ਕੀ ਅਸੀਂ

ਇਹਨਾਂ ਲੋਕਾਂ ਦਾ ਤ੍ਰਿਸਕਾਰ ਕਰਕੇ ਇਹਨਾਂ ਨਾਲ ਨਫ਼ਰਤ ਨਹੀਂ ਕਰ ਰਹੇ ਜਿਹੜੇ ਆਪਣੇ ਆਪ ਨੂੰ ਹਿੰਦੂ ਵੀ ਕਹਿੰਦੇ ਹਨ, ਉਹ ਸ਼ਕਲ ਸੂਰਤ ਤੋਂ ਸਾਡੇ ਵਰਗੇ ਹੀ ਹਨ, ਉਹ ਉਸੇ ਮਿੱਟੀ ਦੇ ਬਣੇ ਹਨ ਜਿਹਦੇ ਬਾਰੇ ਅਸੀਂ ਮਾਣ ਕਰਦੇ ਹਾਂ, ਸਾਡੇ ਦੁੱਖ ਸੁੱਖ ਦੇ ਭਾਈਵਾਲ ਹਨ ਅਤੇ ਜਿਹੜੇ ਤੁੱਛ ਜਿਹੀ ਮਜ਼ਦੂਰੀ ਲੈ ਕੇ ਸਾਡੀ ਬਹੁਤ ਸਾਰੀ ਸੇਵਾ ਕਰਦੇ ਹਨ?

ਮੈਂ ਇਹ ਸੁਝਾਉ ਨਹੀਂ ਦੇਵਾਂਗਾ ਕਿ ਅਸੀਂ ਉਨ੍ਹਾਂ ਨਾਲ ਵਿਆਹ ਸਬੰਧਾਂ ਵਿਚ ਬੱਝ ਜਾਈਏ ਕਿਉਂਕਿ ਉਹ ਹਿੰਦੂ ਜਾਤੀਆਂ ਜਿਹੜੀਆਂ ਇਕੱਠੀਆਂ ਖਾਂਦੀਆਂ ਪੀਂਦੀਆਂ ਵੀ ਹਨ, ਉਹ ਵੀ ਇਕ ਦੂਸਰੇ ਨਾਲ ਸ਼ਾਦੀ ਨਹੀਂ ਕਰਦੇ। ਸੁਨਿਆਰ ਤੇ ਲੋਹਾਰ, ਬਾਣੀਏ ਤੇ ਬ੍ਰਾਹਮਣ, ਖਤਰੀ ਤੇ ਜੱਟ ਏਥੋਂ ਤੱਕ ਕਿ ਉਨ੍ਹਾਂ ਵਿਚਲੀਆਂ ਉਪਜਾਤੀਆਂ ਵਿਚ ਵੀ ਅੰਤਰਜਾਤੀ ਸ਼ਾਦੀਆਂ ਨਹੀਂ ਹੁੰਦੀਆਂ। ਪਰ ਅਸੀਂ ਉਨ੍ਹਾਂ ਤੋਂ ਦੂਰ ਨਹੀਂ ਰਹਿੰਦੇ ਤੇ ਨਾ ਹੀ ਉਨ੍ਹਾਂ ਨੂੰ ਨੀਚ ਸਮਝਦੇ ਹਾਂ, ਇਸ ਲਈ ਉਨ੍ਹਾਂ ਦਾ ਸਾਡੇ ਨਾਲ ਕੋਈ ਵੈਰ ਵਿਰੋਧ ਨਹੀਂ ਹੈ।

ਜੇ ਅਸੀਂ ਆਪਣੇ ਹੀ ਭਰਾਵਾਂ ਨੂੰ ਨੀਵੇਂ ਸਮਝਣ ਦੀ ਗਲਤੀ ਨਾ ਕੀਤੀ ਹੁੰਦੀ ਅਤੇ ਉਨ੍ਹਾਂ ਨਾਲ ਮਾੜਾ ਵਿਹਾਰ ਨਾ ਕੀਤਾ ਹੁੰਦਾ ਤਾਂ ਕੌਣ ਸੀ ਦੁਨੀਆਂ ਵਿਚ ਜਿਹੜਾ ਸਾਡੇ 'ਤੇ ਕਬਜ਼ਾ ਜਮਾ ਲੈਂਦਾ? ਅਸੀਂ ਸਾਰੇ ਧਰਮ ਅਤੇ ਆਤਮਾ ਦੇ ਮਾਮਲਿਆਂ ਵਿਚ ਬਰਾਬਰ ਹਾਂ ਅਤੇ ਏਥੋ ਤੱਕ ਕਿ ਸਮਾਜਕ ਵਖਰੇਵੇਂ ਵੀ ਘੱਟ ਨੁਕਸਾਨਦੇਹ ਹਨ ਅਤੇ ਇਹ ਸੰਭਵ ਹੈ ਕਿ ਆਪਣੇ ਆਪ ਨੂੰ ਉੱਚਾ ਸਮਝਣ ਅਤੇ ਦੂਸਰਿਆਂ ਨੂੰ ਨੀਵੇਂ ਦਰਜੇ ਦਾ ਸਮਝਣ ਦੀ ਰੁਚੀ ਮੌਜੂਦ ਹੈ।

ਮੈਨੂੰ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਜਾਤਪਾਤੀ ਪ੍ਰਬੰਧ ਅਤੇ ਊਚ ਤੇ ਨੀਚ ਦੀ ਭਾਵਨਾ ਨੇ ਕੌਮ ਨੂੰ ਤਬਾਹ ਔਰ ਬਰਬਾਦ ਕਰ ਦਿੱਤਾ ਹੈ। ਹੁਣ ਮੈਂ ਤੁਹਾਨੂੰ ਦੱਸਾਂਗਾ ਕਿ ਉਨ੍ਹਾਂ ਕੌਮਾਂ ਨੇ ਕਿਵੇਂ ਤਰੱਕੀ ਕੀਤੀ ਜਿਨ੍ਹਾਂ ਵਿਚ ਇਹ ਭਾਵਨਾ ਨਹੀਂ ਹੈ।

ਰੋਮ ਨੇ ਉਦੋਂ ਤਰੱਕੀ ਕੀਤੀ ਜਦੋਂ ਇਸ ਦੇ ਬਸ਼ਿੰਦਿਆਂ ਨੇ ਸੇਵਾ ਦੀ ਮਹਾਨਤਾ ਸਮਝੀ ਅਤੇ ਇਹੋ ਜਿਹੇ ਗੁਣ ਪੈਦਾ ਕੀਤੇ ਅਤੇ ਉਨ੍ਹਾਂ ਜਾਤਪਾਤ ਅਤੇ ਦੌਲਤ ਦੀ ਪ੍ਰਵਾਹ ਨਹੀਂ ਕੀਤੀ। ਮੈਂ ਮੁਹਬਾਨੇ-ਏ-ਵਤਨ ਕਿਤਾਬ ਦੇ ਕੁਝ ਅੰਸ਼ ਤੁਹਾਡੇ ਨਾਲ ਸਾਂਝੇ ਕਰਦਾ ਹਾਂ।

ਦੇਖੋ! ਉਹ ਜ਼ਮੀਨ ਵਾਹੁੰਦਾ ਹੈ। ਸਾਡੇ ਦੇਸ਼ ਦੇ ਬਹੁਤ ਸਾਰੇ ਲੋਕ ਦੌਲਤਮੰਦ ਅਤੇ ਪ੍ਰਾਚੀਨ ਖਾਨਦਾਨੀ ਹਨ। ਪਰ ਉਨ੍ਹਾਂ ਵਿਚ ਉਹ ਯੋਗਤਾਵਾਂ ਨਹੀਂ ਹਨ ਜੋ ਉਸ ਕੋਲ ਹਨ। ਦੂਰਦਰਸ਼ੀ ਰੋਮਨਾਂ ਨੇ ਇਹਨਾਂ ਭਾਵਨਾਵਾਂ ਦਾ ਲਾਹਾ ਲਿਆ ਅਤੇ ਇਕ ਤਾਕਤਵਰ ਸਾਮਰਾਜ ਉਸਾਰਨ ਵਿਚ ਸਫ਼ਲ ਹੋ ਗਏ, ਜਿਹੜਾ ਬਾਅਦ ਵਿਚ ਸੁਖ ਸਹਿਣ, ਭ੍ਰਿਸ਼ਟ ਅਤੇ ਜ਼ਾਲਮ ਲੋਕਾਂ ਕਰਕੇ ਬਰਬਾਦ ਹੋ ਗਿਆ। ਜਪਾਨ ਵਿਚ ਵੀ ਭਾਰਤ ਵਾਂਗੂ ਅੰਦਰੂਨੀ ਵੰਡ ਸੀ ਅਤੇ ਉਨ੍ਹਾਂ ਵਿਚ ਸਮੂਹ ਸਨ ਅਤੇ

ਅਨੇਕਾਂ ਛੋਟੀਆਂ ਅਤੇ ਆਪਸੀ ਦੁਸ਼ਮਣੀ ਰੱਖਦੀਆਂ ਰਿਆਸਤਾਂ ਸਨ। ਇਹ ਵੇਖ ਕੇ ਅਮਰੀਕਾ ਨੇ 1855 ਈ. ਵਿਚ ਜਪਾਨ 'ਤੇ ਹਮਲਾ ਕਰ ਦਿੱਤਾ। ਬਰਤਾਨੀਆ ਜਿਸ ਨਾਲ ਹੁਣ ਉਸ ਦੇ ਦੋਸਤਾਨਾ ਸੰਬੰਧ ਹਨ, ਨੇ ਵੀ ਜਪਾਨ ਤੇ ਹਮਲਾ ਕਰ ਦਿੱਤਾ। ਪਰ ਰੱਬ ਨੇ ਜਪਾਨੀਆਂ ਨੂੰ ਸੁਮੱਤ ਬਖਸ਼ੀ। ਉਨ੍ਹਾਂ ਇਕ ਜੁੱਟ ਹੋ ਕੇ ਦੁਸ਼ਮਣ ਤੇ ਹੱਲਾ ਬੋਲਿਆ ਅਤੇ ਉਨ੍ਹਾਂ ਨੂੰ ਹਰਾ ਦਿੱਤਾ। ਈਸਟ ਇੰਡੀਆ ਕੰਪਨੀ ਨੇ ਜਪਾਨ ਤੇ ਦੂਸਰਾ ਹਮਲਾ ਕੀਤਾ, ਪਰ ਅਚਾਨਕ ਭਾਰਤ ਵਿਚ ਗਦਰ ਹੋ ਗਿਆ ਅਤੇ ਇਹ ਸਾਰੀ ਵਿਉਂਤ ਧਰੀ ਧਰਾਈ ਰਹਿ ਗਈ। ਰੱਬ ਨੇ ਜਪਾਨੀਆਂ ਨੂੰ ਸੁਮੱਤ ਬਖਸ਼ੀ ਅਤੇ ਸਾਰੀਆਂ ਛੋਟੀਆਂ ਰਿਆਸਤਾਂ ਨੇ ਆਪਣੇ ਰਾਜ ਅਤੇ ਹਕੂਕ ਐਸੇ ਵਿਅਕਤੀ ਨੂੰ ਸੌਂਪ ਦਿੱਤੇ ਜਿਸ ਦੇ ਹੁਕਮ ਮੰਨਣ ਤੇ ਸਾਰਿਆਂ ਦੀ ਸਹਿਮਤੀ ਹੋਈ। ਉਸ ਨੂੰ ਮਿਕਾਡੋ ਕਿਹਾ ਗਿਆ। ਇਹ ਦੁਨੀਆਂ ਦੀ ਸਭ ਤੋਂ ਵੱਡੀ ਕੁਰਬਾਨੀ ਸੀ। ਸਾਡੇ ਰਾਜੇ ਦੂਸਰੇ ਰਾਜੇ ਦੀ ਹਾਰ ਤੇ ਖ਼ੁਸ਼ੀ ਮਨਾਉਂਦੇ ਹਨ, ਸਾਡੇ ਭੁੱਲੜ (ਸਾਧਾਰਣ) ਵੀਰ ਵੀ ਦੂਜਿਆਂ ਦੀ ਬਰਬਾਦੀ ਤੇ ਖ਼ੁਸ਼ ਹੁੰਦੇ ਹਨ ਅਤੇ ਅਖ਼ੀਰ ਵਿਚ ਸਾਰੇ ਹੀ ਤਬਾਹ ਔਰ ਬਰਬਾਦ ਹੋ ਜਾਂਦੇ ਹਨ ਅਤੇ ਕੋਈ ਵੀ ਸੁਰੱਖਿਅਤ ਨਹੀਂ ਰਹਿੰਦਾ। ਦੇਖੋ! ਰੱਬ ਨੇ ਹਮੇਸ਼ਾ ਉਨ੍ਹਾਂ ਦੀ ਸਹਾਇਤਾ ਕੀਤੀ ਜਿਹੜੇ ਆਪਣੀ ਸਹਾਇਤਾ ਆਪ ਕਰਦੇ ਹਨ। ਰੱਬ ਭਲਾ ਉਨ੍ਹਾਂ ਦੀ ਸਹਾਇਤਾ ਕਿਉਂ ਕਰੇਗਾ ਜਿਹੜੇ ਆਪਣੀ ਬੇੜੀ ਆਪ ਡੋਬਣਾ ਚਾਹੁੰਦੇ ਹਨ।

ਅਮਰੀਕਾ ਨੂੰ ਦੇਖੋ, ਤੇਰਾਂ ਕੌਮਾਂ ਦਾ ਆਪੋ ਵਿਚ ਜ਼ਬਾਨ ਦਾ ਵਖਰੇਵਾਂ ਹੈ ਅਤੇ ਹਰ ਕੋਈ ਉਥੇ ਇੱਜ਼ਤ ਨਾਲ ਰਹਿੰਦਾ ਹੈ। ਅੰਗਰੇਜ਼, ਫਰਾਂਸੀਸੀ, ਡੱਚ, ਰੂਸੀ, ਤੁਰਕੀ, ਅਰਬ, ਜਰਮਨ, ਇਟਲੀ ਆਦਿ ਅਤੇ ਵੱਖ ਵੱਖ ਧਰਮਾਂ ਦੇ ਲੋਕ ਜਿਵੇਂ ਪ੍ਰੋਟੈਸਟੈਂਟ, ਰੋਮਨ, ਕੈਥੋਲਿਕ, ਥੀਉਸੌਫਿਸਟ ਸਾਰੇ ਹੀ ਉਥੇ ਰਹਿੰਦੇ ਹਨ ਅਤੇ ਕੋਈ ਵੀ ਕਿਸੇ ਨਾਲੋਂ ਘਟੀਆ ਨਹੀਂ ਮਹਿਸੂਸ ਕਰਦਾ। ਉਹ ਸਾਰੇ ਆਜ਼ਾਦ ਹਨ ਅਤੇ ਉਨ੍ਹਾਂ ਸਭ ਦੇ ਬਰਾਬਰ ਦੇ ਮਨੁੱਖੀ ਅਧਿਕਾਰ ਹਨ ਅਤੇ ਇਸ ਤਰ੍ਹਾਂ ਉਹ ਦੁਨੀਆਂ ਦੇ ਸਵਰਗ ਦਾ ਨਜ਼ਾਰਾ ਲੈਂਦੇ ਹਨ। ਫਰਾਂਸੀਸੀਆਂ ਨੇ ਵੀ ਨਿਰੰਕਸ਼ ਰਾਜ ਦੇ ਦੁੱਖ ਝੱਲੇ ਹਨ ਅਤੇ ਉਨ੍ਹਾਂ ਦੇ ਧਾਰਮਿਕ ਵਖਰੇਵੇਂ ਹਿੰਦੂਆਂ ਮੁਸਲਮਾਨਾਂ ਨਾਲੋਂ ਕੋਈ ਘੱਟ ਤਿੱਖੇ ਨਹੀਂ ਸਨ। ਇਕ ਰਾਤ ਨੂੰ ਸੇਂਟ ਬਾਰਥੋਲੇ ਮਿਊ ਦੇ ਮੇਲੇ ਸਮੇਂ ਸੈਂਕੜੇ ਲੋਕ ਕਤਲ ਕਰ ਦਿੱਤੇ ਗਏ। ਪਰ ਕੀ ਹੁਣ ਉਹ ਆਪੋ ਵਿਚ ਲੜਦੇ ਹਨ? ਇਹੀ ਕਾਰਨ ਹੈ ਕਿ ਅੱਜ ਉਹ ਦੁਨੀਆਂ ਦੀ ਪ੍ਰਮੁੱਖ ਕੌਮ ਹੈ।

ਇਟਲੀ ਨੂੰ ਦੇਖੋ। ਲੰਮੇ ਸਮੇਂ ਤੱਕ ਇਥੋਂ ਦੇ ਲੋਕ ਆਪੋ ਵਿਚ ਲੜਦੇ ਰਹੇ ਅਤੇ ਇਕ ਦੂਸਰੇ ਦੇ ਗੁਣਾਂ 'ਤੇ ਉਂਗਲ ਉਠਾਉਂਦੇ ਰਹੇ। ਰੱਬ ਨੇ ਉਨ੍ਹਾਂ ਨੂੰ ਬੜੇ ਨੀਵੇਂ ਦਰਜੇ 'ਤੇ ਰੱਖਿਆ। ਆਸਟਰੀਆ ਨੇ ਉਨ੍ਹਾਂ 'ਤੇ ਕਬਜ਼ਾ ਕੀਤਾ। ਜਦੋਂ ਉਨ੍ਹਾਂ ਇਕ ਦੂਜੇ ਦੀ ਮਦਦ ਕਰਨੀ ਸ਼ੁਰੂ ਕੀਤੀ ਅਤੇ ਰੱਬ ਦੀ ਮਿਹਰ ਉਨ੍ਹਾਂ 'ਤੇ ਹੋਈ, ਉਹ ਆਜ਼ਾਦ ਹੋ ਗਏ। ਮੈਜ਼ਿਨੀ ਕੋਈ ਮਹਾਂਪੁਰਖ ਨਹੀਂ ਸੀ। ਨਾ ਹੀ ਗੈਰੀ

ਬਾਲਡੀ ਖ਼ੁਦਾ ਸੀ। ਪਰ ਉਹ ਏਕਤਾ ਦਾ ਵੱਡਾ ਹਾਮੀ ਸੀ ਅਤੇ ਲਾਲਚ ਤੋਂ ਕੋਹਾਂ ਦੂਰ ਸੀ। ਰੱਬ ਨੇ ਉਸਦੀ ਮੱਦਦ ਕੀਤੀ। ਇਟਲੀ ਨੂੰ ਹਾਰਾਂ ਦਾ ਮੂੰਹ ਦੇਖਣਾ ਪਿਆ ਪਰ ਉਨ੍ਹਾਂ ਦੇ ਇਰਾਦੇ ਮਜ਼ਬੂਤ ਸਨ ਜਿਸ ਨੇ ਉਨ੍ਹਾਂ ਦੀ ਮੱਦਦ ਕੀਤੀ। ਉਨ੍ਹਾਂ ਦੀ ਬਹਾਦਰੀ ਅਤੇ ਸਿਰੜ ਦੇਖ ਕੇ ਸਾਰੀ ਦੁਨੀਆਂ ਦਾ ਬਾਦਸ਼ਾਹ (ਸਹਿਨਸ਼ਾਹਾਂ ਦਾ ਸ਼ਹਿਨਸ਼ਾਹ) ਉਨ੍ਹਾਂ ਨਾਲ ਮਿਲ ਗਿਆ। ਉਸ ਦਾ ਪੁੱਤਰ ਵਿਕਟਰ ਅਮਾਨਿਊਲ ਵੀ ਉਨ੍ਹਾਂ ਨਾਲ ਖੜ੍ਹਿਆ ਅਤੇ ਅਖ਼ੀਰ 1860 ਵਿਚ ਰੱਬ ਦੀ ਮਿਹਰ ਨਾਲ ਸਾਰੀਆਂ ਰਿਆਸਤਾਂ ਇਕ ਹੋ ਗਈਆਂ। ਰੱਬ ਉਨ੍ਹਾਂ ਦੀ ਸਹਾਇਤਾ ਕਰਦਾ ਹੈ ਜਿਹੜੇ ਆਪਣੀ ਸਹਾਇਤਾ ਆਪ ਕਰਦੇ ਹਨ।

ਭਾਰਤ ਵਿਚ ਔਰੰਗਜ਼ੇਬ ਦੇ ਜ਼ਮਾਨੇ ਵਿਚ ਬੜੀ ਫੁੱਟ ਸੀ। ਸਚਾਈ ਬਾਰੇ ਗਿਆਨ ਨਾ ਹੋਣ ਕਰਕੇ ਉਨ੍ਹਾਂ ਵਿਚ ਬਹੁਤ ਸਾਰਾ ਭੰਬਲ ਭੂਸਾ ਤੇ ਲੜਾਈ ਝਗੜਾ ਸੀ। ਦੱਖਣ ਵਿਚ ਸ਼ਿਵਾ ਜੀ ਗੁਰੂ ਰਾਮ ਦਾਸ ਦੀਆਂ ਸਿੱਖਿਆਵਾਂ ਤੋਂ ਪ੍ਰੇਰਤ ਹੋ ਕੇ, ਉਨ੍ਹਾਂ ਵੱਖ-ਵੱਖ ਫ਼ਿਰਕਿਆਂ ਵਿਚ ਏਕਤਾ ਲਿਆਉਣ ਲਈ ਕੰਮ ਕੀਤਾ। ਉਹ ਅਤੇ ਉਸ ਦੇ ਜਾਨਸ਼ੀਨ ਕੁਝ ਹੱਦ ਤੱਕ ਆਪਣੇ ਟੀਚੇ ਵਿਚ ਕਾਮਯਾਬ ਹੋਏ। ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਹਾਨ ਕੰਮ ਕੀਤਾ। ਉਨ੍ਹਾਂ ਜਾਤ ਪਾਤ ਦੇ ਬੰਧਨ ਤੋੜ ਦਿਤੇ। ਪੰਜ ਪਿਆਰੇ ਪੰਜ ਵੱਖਰੀਆਂ ਜਾਤੀਆਂ ਨਾਲ ਸਬੰਧਤ ਸਨ। ਜਿਨ੍ਹਾਂ ਨੂੰ ਤੁਸੀਂ ਨੀਚ ਜਾਤੀ ਦੇ ਕਿਹਾ, ਉਹ ਉਨ੍ਹਾਂ ਨਾਲ ਸਨ। ਇਹ ਉਨ੍ਹਾਂ ਊਚ ਨੀਚ ਦੇ ਵਿਚਾਰਾਂ ਨੂੰ ਖ਼ਤਮ ਕਰਨ ਲਈ ਕੀਤਾ। ਇਹ ਉਨ੍ਹਾਂ ਦੇ ਆਸ਼ੀਰਵਾਦ ਅਤੇ ਇਹਨਾਂ ਪੰਜ ਪਿਆਰਿਆਂ ਦੀ ਮਿਹਨਤ ਦਾ ਸਿੱਟਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਦਾ ਸ਼ਾਸਕ ਬਣ ਸਕਿਆ। ਜੇਕਰ ਗੁਰੂ ਮਹਾਰਾਜ ਇਹਨਾਂ ਜਾਤੀਆਂ ਨੂੰ ਆਪਣੇ ਨਾਲ ਨਾ ਤੋਰ ਸਕਦੇ ਜਿਨ੍ਹਾਂ ਨੂੰ ਤੁਸੀਂ ਨੀਚ ਜਾਤੀ ਦੇ ਕਹਿੰਦੇ ਹੋ, ਅਤੇ ਉਨ੍ਹਾਂ ਨਾਲ ਬਰਾਬਰੀ ਦਾ ਸਲੂਕ ਨਾ ਕੀਤਾ ਹੁੰਦਾ ਤਾਂ ਉਹ ਏਨੀ ਤੇਜ਼ੀ ਨਾਲ ਕਾਮਯਾਬ ਨਾ ਹੋਏ ਹੁੰਦੇ। ਮੈਂ ਤੁਹਾਡਾ ਹੋਰ ਵਕਤ ਨਹੀਂ ਲੈਣਾ ਚਾਹੁੰਦਾ। ਮੈਂ ਸੰਖੇਪ ਵਿਚ ਤੁਹਾਨੂੰ ਕੌਮਾਂ ਦੇ ਉਥਾਨ ਅਤੇ ਪਤਨ ਬਾਰੇ ਦੱਸਿਆ ਹੈ। ਤੁਸੀਂ ਇਹਨਾਂ ਦੇ ਵੇਰਵੇ ਕਿਤਾਬਾਂ ਵਿਚੋਂ ਪੜ੍ਹ ਸਕਦੇ ਹੋ। ਜਿਹੜੀਆਂ ਸਾਰੀਆਂ ਹੀ ਲਾਇਬ੍ਰੇਰੀਆਂ ਵਿਚ ਮਿਲਦੀਆਂ ਹਨ। ਮੈਂ ਤੁਹਾਨੂੰ ਕਿਤਾਬਾਂ ਦੇ ਨਾਂ ਵੀ ਦੱਸ ਸਕਦਾ ਹਾਂ ਜਦੋਂ ਤੁਸੀਂ ਇਸ ਬਾਰੇ ਪੜ੍ਹੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਊਚ ਅਤੇ ਨੀਚ ਜਾਤੀ ਦੇ ਭਾਵ ਨਾਲ ਪੈਦਾ ਕੀਤੇ ਵਿਰੋਧ ਅਤੇ ਧਾਰਮਕ ਵਖਰੇਵੇਂ ਇਸ ਪਤਨ ਦਾ ਮੂਲ ਕਾਰਨ ਹਨ। ਹਮਦਰਦੀ ਅਤੇ ਬਰਾਬਰੀ ਦੇ ਵਿਹਾਰ ਨਾਲ ਪਾਲੀ ਏਕਤਾ ਸਾਰੀ ਤਰੱਕੀ ਦਾ ਮੂਲ ਹੈ। ਭਰਾਵੋ, ਮੈਂ ਤੁਹਾਨੂੰ ਇਹਨਾਂ ਦੱਬੇ ਕੁਚਲੇ ਲੋਕਾਂ ਨੂੰ ਪਿਆਰ ਕਰਨ ਦੀ ਅਪੀਲ ਕਰਦਾ ਹਾਂ। ਉਨ੍ਹਾਂ ਦਾ ਤ੍ਰਿਸਕਾਰ ਨਾ ਕਰੋ। ਉਨ੍ਹਾਂ ਨੂੰ ਆਪਣੇ ਨਾਲ ਜੋੜੋ! ਖੇਤ ਤਿਆਰ ਕਰਨ ਅਤੇ ਬੀਜ ਬੀਜਣ ਦਾ ਮੌਕਾ ਆ ਗਿਆ ਹੈ। ਜੇਕਰ ਤੁਸੀਂ ਮੂਰਖ ਕਿਸਾਨ

ਵਾਂਗੂ ਜ਼ਮੀਨ ਦੀ ਤਿਆਰੀ ਤੋਂ ਬਾਦ ਬੀਜ ਬੀਜਣ ਵਿਚ ਪੱਛੜ ਗਏ ਤਾਂ ਇਸ ਸਮੇਂ ਦੌਰਾਨ ਵਰਖਾਂ ਹੋਣ ਤੋਂ ਬਾਅਦ ਇਸ ਵਿਚ ਖੱਬਲ ਘਾਹ ਉੱਗ ਆਵੇਗਾ। ਬੀਜ ਬੀਜਣ ਦਾ ਸਮਾਂ ਗੁਜ਼ਰ ਜਾਵੇਗਾ ਅਤੇ ਬੀਜ ਨਹੀਂ ਫੁੱਟਣਗੇ ਅਤੇ ਇਸ ਦੇ ਸਿੱਟੇ ਵਜੋਂ ਕੀਤੀ ਹੋਈ ਮਿਹਨਤ ਬੇਕਾਰ ਜਾਵੇਗੀ ਅਤੇ ਨਵੇਂ ਸਿਰਿਉਂ ਖੇਤ ਦੀ ਤਿਆਰੀ ਕਰਨੀ ਪਵੇਗੀ। ਸੋਨੇ ਅਤੇ ਚਾਂਦੀ ਬਾਰੇ ਜਾਣਕਾਰੀ ਹਾਸਲ ਕਰਨ ਲਈ ਸੁਨਿਆਰੇ ਤੋਂ ਸਲਾਹ ਲਉ, ਲੁਹਾਰ ਤੁਹਾਨੂੰ ਇਸ ਬਾਰੇ ਕੁਝ ਨਹੀਂ ਦੱਸ ਸਕੇਗਾ, ਸਬਜ਼ੀਆਂ ਬਾਰੇ ਕਿਸੇ ਅਰਾਈਂ ਨੂੰ ਪੁੱਛੋ, ਝਟਕਈ ਨੂੰ ਇਸ ਬਾਰੇ ਕੁਝ ਪਤਾ ਨਹੀਂ ਹੋਵੇਗਾ, ਹਥਿਆਰਾਂ ਬਾਰੇ ਫੌਜੀ ਦੀ ਸਲਾਹ ਲਵੋ, ਬਾਣੀਆਂ ਇਸ ਬਾਰੇ ਬੇਖਬਰ ਹੋਵੇਗਾ, ਜ਼ਮੀਨ ਬਾਰੇ ਜ਼ਿਮੀਦਾਰ ਤੋਂ ਸਲਾਹ ਮੰਗੋ, ਵਕੀਲ ਇਸ ਬਾਰੇ ਕੁਝ ਨਹੀਂ ਜਾਣਦਾ ਹੋਵੇਗਾ, ਕਬਰਾਂ ਬਾਰੇ ਸਲਾਹ ਮੁਰਦਿਆਂ ਤੋਂ ਲਉ, ਜਿਹੜੇ ਜੀਉਂਦੇ ਹਨ, ਉਹ ਇਸ ਬਾਰੇ ਕੁਝ ਨਹੀਂ ਦੱਸ ਸਕਦੇ, ਠੰਢਾ ਪਾਣੀ ਅਤੇ ਸੋਡਾ ਵਾਟਰ ਪੀਣ ਵਾਲੇ ਅਤੇ ਸਵਾਦੀ ਪਕਵਾਨ ਖਾਣ ਵਾਲੇ ਗਰੀਬੀ ਬਾਰੇ ਕੁਝ ਨਹੀਂ ਜਾਣ ਸਕਦੇ। ਮੈਂ ਤੁਹਾਨੂੰ ਆਖਦਾ ਹਾਂ ਕਿ ਜਿਹੜੀ ਵੀ ਜ਼ਮੀਨ ਤੁਹਾਨੂੰ ਤਿਆਰ ਮਿਲਦੀ ਹੈ ਉਸ ਵਿਚ ਬੀਜ ਬੀਜੋ ਅਤੇ ਬਾਕੀ ਦੇ ਖੇਤ ਨੂੰ ਤਿਆਰ ਕਰਨਾ ਜਾਰੀ ਰੱਖੋ। ਆਪਣੇ ਆਪ ਨੂੰ ਦੱਬੇ-ਕੁਚਲੇ ਲੋਕਾਂ ਦੀ ਸੇਵਾ ਵਿਚ ਅਰਪਨ ਕਰੋ, ਉਨ੍ਹਾਂ ਨੂੰ ਘਿਰਣਾ ਕਰਨੀ ਛੱਡੋ। ਇਖਲਾਕੀ ਜਿਗਰਾ ਫੜੋ, ਕਾਇਰਤਾ ਛੱਡੋ। ਨੌਜਵਾਨੋ! ਇਹ ਤੁਹਾਡੀ ਜ਼ਿੰਮੇਵਾਰੀ ਹੈ। ਬੁੱਢੇ ਲੋਕਾਂ ਤੋਂ ਬਹੁਤੀ ਆਸ ਨਾ ਕਰੋ। ਇਸ ਨੂੰ ਆਪਣਾ ਧਰਮ ਕਰਕੇ ਜਾਣੋ।

ਰੱਬ ਇਕ ਹੈ। ਹਿੰਦੁਸਤਾਨ ਤੁਹਾਡਾ ਦੇਸ਼ ਹੈ ਅਤੇ ਹਰ ਹਿੰਦੁਸਤਾਨੀ ਤੁਹਾਡਾ ਭਰਾ ਹੈ। ਤੁਸੀਂ ਸਿੱਖ ਮਗਰੋਂ ਹੋ, ਹਿੰਦੁਸਤਾਨੀ ਪਹਿਲਾਂ ਹੋ, ਤੁਸੀਂ ਮੁਸਲਮਾਨ ਮਗਰੋਂ ਹੋ, ਹਿੰਦੁਸਤਾਨੀ ਪਹਿਲਾਂ ਹੋ, ਤੁਸੀਂ ਹਿੰਦੂ ਮਗਰੋਂ ਹੋ, ਹਿੰਦੁਸਤਾਨੀ ਪਹਿਲਾਂ ਹੋ, ਤੁਸੀਂ ਈਸਾਈ ਮਗਰੋਂ ਹੋ, ਪਹਿਲਾਂ ਹਿੰਦੁਸਤਾਨੀ ਹੋ।

"ਮੇਰਾ ਦੇਸ਼" ਹਰਦਮ ਤੁਹਾਡੀ ਜ਼ਬਾਨ 'ਤੇ ਇਹੀ ਸ਼ਬਦ ਚਾਹੀਦਾ ਹੈ ਅਤੇ ਮੌਤ ਦੀ ਘੜੀ ਵੀ ਤੁਹਾਡੀ ਜ਼ਬਾਨ 'ਤੇ ਇਹੀ ਸ਼ਬਦ ਹੋਵੇ "ਮੇਰਾ ਦੇਸ਼", "ਮੇਰਾ ਦੇਸ਼", ਬਿਲਕੁਲ ਉਸੇ ਤਰ੍ਹਾਂ ਜਿਵੇਂ ਪੈਗੰਬਰ ਮੁਹੰਮਦ ਇਹ ਕਹਿੰਦਿਆਂ ਮਰੇ, "ਮੇਰੇ ਲੋਕ", "ਮੇਰੇ ਲੋਕ"। ਮੈਂ ਉਮੀਦ ਕਰਦਾ ਹਾਂ ਕਿ ਜੋ ਕੁਝ ਮੈਂ ਕਿਹਾ ਹੈ, ਫਜ਼ੂਲ ਨਹੀਂ ਜਾਵੇਗਾ।

ਕੁਝ ਲੋਕ ਦਲੀਲ ਦੇ ਸਕਦੇ ਹਨ, "ਅਸੀਂ ਕੀ ਕਰ ਸਕਦੇ ਹਾਂ? ਅਸੀਂ ਵਿਆਹੇ ਵਰ੍ਹੇ ਹਾਂ। ਕੀ ਅਸੀਂ ਆਪਣੇ ਬੱਚਿਆਂ ਦਾ ਦੇਖੀਏ ਜਾਂ ਦੇਸ਼ ਦੀ ਸੇਵਾ ਕਰੀਏ?" ਪਰ ਇਹ ਸੋਚ ਗ਼ਲਤ ਹੈ। ਕੀ ਤਿਲਕ ਮਹਾਰਾਜ ਅਤੇ ਅਰਬਿੰਦੋ ਵਿਆਹੇ ਨਹੀਂ ਸਨ। ਕੀ ਉਹ ਸੁਖ ਆਰਾਮ ਦੀ ਜ਼ਿੰਦਗੀ ਬਤੀਤ ਨਹੀਂ ਸਨ ਕਰ ਸਕਦੇ। ਉਹ ਕਰ ਸਕਦੇ ਸਨ। ਉਹ ਅਜਿਹੇ ਮਾਹੌਲ ਵਿਚ ਜੰਮੇ ਪਲੇ ਸਨ ਕਿ ਉਹ ਸੁਖ

ਆਰਾਮ ਅਤੇ ਐਸ਼ੋ ਇਸ਼ਰਤ ਦਾ ਜੀਵਨ ਬਸਰ ਕਰ ਸਕਦੇ ਸਨ। ਪਰ ਉਨ੍ਹਾਂ ਨਹੀਂ ਬਸਰ ਕੀਤੀ। ਉਨ੍ਹਾਂ ਦੇਸ਼ ਤੇ ਕੌਮ ਦੀ ਸੇਵਾ ਲਈ ਦੁਨਿਆਵੀ ਸੁੱਖ ਆਰਾਮ ਅਤੇ ਐਸ਼ੋ ਇਸ਼ਰਤ ਨੂੰ ਲੱਤ ਮਾਰ ਦਿੱਤੀ। ਸਾਦਾ ਜੀਵਨ ਬਿਤਾਉਂਦਿਆਂ, ਉਨ੍ਹਾਂ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਜੀਵਨ ਦੇ ਦਿਨ ਗੁਜ਼ਾਰੇ ਅਤੇ ਤੁਹਾਡੀ ਖ਼ਾਤਰ ਜਲਾਵਤਨੀ ਕੱਟੀ। ਤੁਹਾਨੂੰ ਵੀ ਉਨ੍ਹਾਂ ਦੇ ਉੱਚ ਆਚਰਣ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ। ਦੇਸ਼ ਸੇਵਾ ਦਾ ਹਲਫ ਲਉ। ਜਦੋਂ ਤੁਸੀਂ ਘਰ ਜਾਂਦੇ ਹੋ ਤਾਂ ਤੁਸੀਂ ਅਕਸਰ ਆਖਦੇ ਹੋ ਕਿ ਤੁਸੀਂ ਆਪਣੀ ਧੀ ਲਈ ਕੁਝ ਖਰੀਦਿਆ ਹੈ ਜਾਂ ਆਪਣੇ ਪੁੱਤਰ ਲਈ ਕੋਈ ਖਿਡੌਣਾ ਖਰੀਦਿਆ ਹੈ ਪਰ ਤੁਸੀਂ ਕਦੇ ਦੋ ਪੈਸੇ ਵੀ ਦੇਸ਼ ਦੀ ਖ਼ਾਤਰ ਖਰਚੇ ਹਨ, ਜਾਂ ਦੇਸ਼ ਦੇ ਭਲੇ ਲਈ ਕਦੇ ਕੋਈ ਕੰਮ ਕੀਤਾ ਹੈ? ਇਹ ਬੜੇ ਅਫ਼ਸੋਸ ਦੀ ਗੱਲ ਹੈ ਕਿ ਤੁਸੀਂ ਰਤੀ ਭਰ ਵੀ ਦੇਸ਼ ਲਈ ਨਹੀਂ ਸੋਚਦੇ। ਅਖ਼ੀਰ ਵਿਚ ਮੈਂ ਵਿਦਿਆਰਥੀਆਂ ਨੂੰ ਅਪੀਲ ਕਰਾਂਗਾ (ਕਿਉਂਕਿ ਗਰਮੀ ਦੀਆਂ ਛੁੱਟੀਆਂ ਵਿਚ ਉਹ ਆਪਣੇ ਘਰੀਂ ਜਾਣਗੇ ਕਿ ਉਹ ਆਪਣੇ ਪਿੰਡਾਂ ਵਿਚ ਲੋਕਾਂ ਨੂੰ ਸਵਦੇਸੀ ਬਾਰੇ ਸਿੱਖਿਅਤ ਕਰਨ। ਪ੍ਰਾਚੀਨ ਵਸਤਾਂ ਨੂੰ ਲੋਕ ਪ੍ਰਿਯ ਬਣਾਉਣ। ਲੋਕਾਂ ਨੂੰ ਆਖੋ ਅਦਾਲਤਾਂ ਵਿਚ ਨਾ ਜਾਣ। ਪੰਚਾਇਤੀ ਰਾਜ ਸਥਾਪਤ ਕਰਨ ਦਾ ਸੁਝਾਅ ਦਿਉ। ਦੂਸਰੇ ਵੀ ਪ੍ਰਾਚੀਨ ਵਸਤਾਂ ਵਰਤਣ, ਉਨ੍ਹਾਂ ਦੇ ਮਨ ਵਿਚ ਹਰਦਮ ਦੇਸ਼ ਤੇ ਕੌਮ ਦੀ ਭਲਾਈ ਦੀ ਸੋਚ ਰਹੇ। ਉਹ ਕਿਸੇ ਦੁਨਿਆਵੀ, ਤਾਕਤ ਤੋਂ ਨਾ ਡਰਨ ਜਦੋਂ ਉਹ ਆਪਣੇ ਦੇਸ਼ ਪ੍ਰਤੀ ਕਿਸੇ ਫਰਜ਼ ਦੀ ਪੂਰਤੀ ਕਰ ਰਹੇ ਹੋਣ। ਰੱਬ 'ਤੇ ਭਰੋਸਾ ਰੱਖੋ ਜਿਹੜਾ ਤੁਹਾਡੀ ਇੱਛਾ ਪੂਰਨ ਕਰੇਗਾ।

(ਤਾੜੀਆਂ)

19.

ਇਟਲੀ ਤੋਂ ਬ੍ਰਿਟਿਸ਼ ਏਜੰਟ ਦੀ ਸਰਦਾਰ ਅਜੀਤ ਸਿੰਘ ਦੀਆਂ ਸਰਗਰਮੀਆਂ ਦੀ ਰਿਪੋਰਟ

ਅਜੀਤ ਸਿੰਘ ਆਪਣੀ ਗੱਲਬਾਤ ਵਿਚ ਚੁਕੰਨਾ ਹੁੰਦਾ ਹੈ ਪਰ ਉਹ ਇਸ ਵਿਚ ਇਹ ਪ੍ਰਭਾਵ ਦਿੰਦਾ ਹੈ ਕਿ ਉਹ ਨਹਿਰੂ ਦਾ ਪ੍ਰਸੰਸਕ ਹੈ ਅਤੇ ਇਹ ਕਿ ਉਸ ਨੂੰ ਬਹੁਤ ਉਮੀਦ ਹੈ ਕਿ ਗਾਂਧੀ ਅਤੇ ਜਿਨਾਹ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਭਾਰਤ ਹਿੰਦੂ ਮੁਸਲਮ ਸਮੱਸਿਆ ਦਾ ਹੱਲ ਕਰ ਲਵੇਗਾ। ਉਹ ਅਜੇ ਵੀ ਪੂੰਜੀਵਾਦ ਦੇ ਵਿਰੁੱਧ ਅਤੇ ਪੂੰਜੀਦਾਰਾਂ ਨੂੰ ਬੁਰਾ ਕਹਿੰਦਾ ਹੈ ਜਿਹੜੇ ਕਿ ਆਪਣੀ ਦੌਲਤ ਦੇ ਸਿਰ 'ਤੇ ਆਪਣੇ ਆਪ ਨੂੰ ਲੋਕਾਂ ਦੇ ਨੇਤਾ ਸਥਾਪਤ ਕਰ ਲੈਂਦੇ ਹਨ। ਪਰ ਉਸ ਦਾ ਵਿਸ਼ਵਾਸ ਹੈ ਕਿ ਸਮਾਂ ਆ ਰਿਹਾ ਹੈ ਜਦੋਂ ਪਦਾਰਥਵਾਦ

ਅਧਿਆਤਮਕ ਕਦਰਾਂ ਕੀਮਤਾਂ ਦੇ ਵਿਰੋਧ ਵਿਚ ਟਿਕ ਨਹੀਂ ਸਕੇਗਾ ਅਤੇ ਜਿਹੜੇ ਨੇਤਾ ਅਧਿਆਤਮਕ ਗੁਣਾਂ ਨਾਲ ਭਰਪੂਰ ਹੋਣਗੇ ਉਨ੍ਹਾਂ ਦੀ ਅਗਵਾਈ ਜ਼ਿਆਦਾ ਦੇਰ ਤੱਕ ਪਿਛਾਂਹ ਨਹੀਂ ਧੱਕੀ ਜਾ ਸਕਦੀ। ਪਿਛਲੇ ਸਾਲ ਰੂਸ ਵਿਚ ਵਾਪਰੀਆਂ ਘਟਨਾਵਾਂ ਨੇ ਉਸ ਨੂੰ ਬਹੁਤ ਵਿਆਕੁਲ ਕੀਤਾ। ਉਹ ਸੋਵੀਅਤ ਦੇ ਮੋਢੀਆਂ ਅਤੇ ਉਨ੍ਹਾਂ ਦੇ ਹਜ਼ਾਰਾਂ ਅਨੁਆਈਆਂ ਦੀ ਫਾਂਸੀ ਤੋਂ ਬਹੁਤ ਚਿੰਤਤ ਹੈ ਅਤੇ ਉਹ ਗਦਰ ਪਾਰਟੀ ਦੇ ਮੈਂਬਰਾਂ, 'ਤੇ ਹੋਰ ਭਾਰਤੀਆਂ ਜਿਹੜੇ ਅਮਰੀਕਾ ਤੋਂ ਯੂ.ਐਸ.ਐਸ.ਆਰ. ਗਏ, ਦੀ ਹੋਣੀ ਜਾਣਨ ਲਈ ਬੜਾ ਫ਼ਿਕਰਮੰਦ ਹੈ। ਚਟੋਪਾਧਿਆਏ ਦੀ ਗ੍ਰਿਫ਼ਤਾਰੀ ਦੀ ਅਫ਼ਵਾਹ ਨਾਲ ਫ਼ਿਕਰਮੰਦੀ ਵਿਚ ਕੋਈ ਫ਼ਰਕ ਨਹੀਂ ਪਿਆ ਹੈ। ਇਹ ਵੀ ਸਪੱਸ਼ਟ ਹੈ ਕਿ ਉਸ ਦੇ ਮਨ ਵਿਚ ਈਸ਼ਰ ਸਿੰਘ ਲਈ ਬਹੁਤ ਕਦਰ ਹੈ।

20.

ਨੌਜਵਾਨਾਂ ਨੂੰ ਸੰਦੇਸ਼ (ਪਹਿਲੀ ਅਪ੍ਰੈਲ, 1947)

ਦੇਸ਼ ਦੇ ਯੁਵਕੋ!

40 ਸਾਲ ਦੇ ਲੰਮੇ ਸਮੇਂ ਤੋਂ ਪਿੱਛੋਂ ਭਾਰਤ ਆ ਕੇ ਤੁਹਾਨੂੰ ਸੰਬੋਧਨ ਕਰਨ ਦਾ ਮੌਕਾ ਮਿਲਿਆ ਹੈ। ਸੰਸਾਰ ਭਰ ਦੇ ਦੇਸਾਂ ਵਿਚ ਨੌਜਵਾਨ ਆਪਣੀ ਕੌਮੀ ਆਜ਼ਾਦੀ ਦੀ ਪ੍ਰਾਪਤੀ ਦੀ ਰਾਖੀ ਲਈ ਆਪਣੀਆਂ ਜਾਨਾਂ ਨਿਛਾਵਰ ਕਰਦੇ ਚਲੇ ਆਏ ਹਨ। ਅਜਿਹੇ ਬਲੀਦਾਨਾਂ ਨਾਲ ਜਨਤਾ ਵਿਚ ਜਾਨ ਪੈਂਦੀ ਹੈ ਅਤੇ ਉਨ੍ਹਾਂ ਦਾ ਨਾਂ ਰੌਸ਼ਨ ਹੁੰਦਾ ਹੈ। ਭਾਰਤ ਵਿਚ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀਆਂ ਦੀ ਬਹੁਤ ਲੋੜ ਹੈ ਅਤੇ ਇਸ ਕਠਿਨ ਕੰਮ ਨੂੰ ਅਸਾਂ ਲੋਕਾਂ ਨੇ ਇਸ ਸਦੀ ਦੇ ਆਰੰਭ ਵਿਚ ਸ਼ੁਰੂ ਕੀਤਾ ਸੀ, ਜਿਸ ਦੀ ਪੂਰਤੀ ਤੁਹਾਡੇ 'ਤੇ ਨਿਰਭਰ ਹੈ।

ਆਜ਼ਾਦੀ ਪ੍ਰਾਪਤ ਕਰਨ ਅਤੇ ਉਸ ਨੂੰ ਕਾਇਮ ਰੱਖਣ ਲਈ ਜਾਨਾਂ ਵਾਰਨ ਵਾਲੇ ਅਤੇ ਬਹਾਦਰ ਨੌਜਵਾਨਾਂ ਦੀ ਲੋੜ ਹੈ। ਮੇਰੀ ਇਹ ਇੱਛਾ ਹੈ ਕਿ ਭਾਰਤ ਦੇ ਨੌਜਵਾਨ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਤਰ੍ਹਾਂ ਕੁਰਬਾਨੀ ਦੇ ਪੁਤਲੇ ਬਣਨ, ਜਿਹੜੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਆਪਣੀਆਂ ਪਿਆਰੀਆਂ ਜਾਨਾਂ ਇਨਕਲਾਬ ਦੀ ਖ਼ਾਤਰ ਨਿਸ਼ਾਵਰ ਕਰ ਦੇਣ।

ਐ ਭਾਰਤ ਦੇ ਨੌਜਵਾਨੋਂ! ਆਪਣੇ ਦੇਸ਼ ਵਿਚੋਂ ਅਗਿਆਨ ਅਤੇ ਗਰੀਬੀ ਦੂਰ ਕਰਨ ਦਾ ਦ੍ਰਿੜ੍ਹ ਇਰਾਦਾ ਕਰੋ। ਹਰ ਸਮੇਂ ਅਤੇ ਹਰ ਥਾਂ ਆਪਣੇ ਪਿਆਰੇ ਦੇਸ਼ ਦੀ ਇੱਜ਼ਤ ਅਤੇ ਪਵਿੱਤਰਤਾ ਨੂੰ ਸਾਹਮਣੇ ਰੱਖੋ। ਗਿਆਨ ਪ੍ਰਾਪਤੀ ਦੇ ਖੇਤਰ ਵਿਚ ਨਿਪੁੰਨਤਾ ਪ੍ਰਾਪਤ ਕਰੋ ਅਤੇ ਪੂਰਨ ਵਿਅਕਤੀ ਬਣ ਕੇ ਆਪਣੇ ਰਾਸ਼ਟਰ

ਦਾ ਨਾਂ ਉੱਚਾ ਕਰੋ। ਆਪਣੇ ਦੇਸ਼ ਦੇ ਉਨ੍ਹਾਂ ਸ਼ਹੀਦਾਂ ਨੂੰ ਕਦੀ ਨਾ ਭੁੱਲੋ, ਜਿਨ੍ਹਾਂ ਦੇਸ਼ ਦੀ ਸ਼ਾਨ ਖ਼ਾਤਰ ਦੇਸ਼ ਅੰਦਰ ਅਤੇ ਦੇਸੋਂ ਬਾਹਰ ਭਾਰਤ ਮਾਤਾ ਦੇ ਨਾਂ 'ਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਉਨ੍ਹਾਂ ਦੇ ਪੂਰਨਿਆਂ ਉੱਤੇ ਚੱਲੋ। ਕਿਉਂਕਿ ਸ਼ਹੀਦਾਂ ਦੇ ਅਮਲ ਹੀ ਕੌਮੀ ਚਿਰੰਜੀਵਤਾ ਦਾ ਕਾਰਨ ਹੁੰਦੇ ਹਨ।

ਫਿਰਕਾਪ੍ਰਸਤੀ ਦੇ ਝਗੜਿਆਂ ਤੋਂ ਬਚੋ, ਜਿਹੜੇ ਕਿ ਦੇਸ਼ ਦੀ ਉਨਤੀ ਦੀ ਰਾਹ ਵਿਚ ਰੁਕਾਵਟ ਬਣ ਰਹੇ ਹਨ। ਆਪਣੇ ਸਮੇਂ ਨੂੰ ਦੇਸ਼ ਲਈ ਲਾਭਦਾਇਕ ਅਤੇ ਠੋਸ ਕੰਮਾਂ ਤੇ ਲਾਓ। ਧਰਮ ਅਤੇ ਨੈਤਿਕਤਾ ਦੀ ਅਸਲੀਅਤ ਨੂੰ ਸਮਝਦੇ ਹੋਏ ਮਨੁੱਖਤਾ ਦੀ ਸੇਵਾ ਨੂੰ ਆਪਣੇ ਜੀਵਨ ਦਾ ਨਿਸ਼ਾਨਾ ਬਣਾਓ। ਸਾਰੀ ਦੁਨੀਆਂ ਇਕ ਨਵੇਂ ਦੌਰ ਵਿਚੋਂ ਲੰਘ ਰਹੀ ਹੈ। ਜੇ ਸਾਡੇ ਵਲੋਂ ਇਸ ਸਮੇਂ ਸੁਸਤੀ ਅਤੇ ਅਣਗਹਿਲੀ ਦਿਖਾਈ ਗਈ ਤਾਂ ਕਈ ਪੜਾਓ ਪਿਛੇ ਰਹਿ ਜਾਣ ਦਾ ਡਰ ਹੈ।

ਸਮਾਂ ਨਿਰੰਤਰ ਬੀਤਦਾ ਜਾਂਦਾ ਹੈ ਅਤੇ ਉਹ ਕਿਸੇ ਦੀ ਉਡੀਕ ਨਹੀਂ ਕਰਦਾ। ਸਾਡੇ ਦੇਸ਼ ਨੂੰ ਇਕ ਸੁਨਹਿਰੀ ਮੌਕਾ ਮਿਲਿਆ ਹੈ। ਆਜ਼ਾਦੀ ਪ੍ਰਾਪਤ ਕਰਨ ਦੀਆਂ ਸਹੂਲਤਾਂ ਮਿਲੀਆਂ ਹਨ। ਜ਼ਮਾਨੇ ਦੇ ਹਾਲਾਤ ਸਾਡੇ ਲਈ ਅਨੁਕੂਲ ਹਨ। ਇਸ ਮਹੱਤਵਪੂਰਨ ਮੌਕੇ 'ਤੇ ਆਪ ਲੋਕ ਇਹ ਪ੍ਰਤਿੱਗਿਆ ਕਰੋ ਕਿ ਵਿਅਕਤੀਗਤ ਦ੍ਰਿਸ਼ਟੀਕੋਣ ਅਤੇ ਲਾਭ ਨੂੰ ਪਿਆਰੇ ਦੇਸ਼ ਤੋਂ ਵਾਰ ਦਿਉਗੇ। ਹਰ ਕੰਮ ਵਿਚ ਆਪ ਉਦਾਹਰਣ ਬਣਨ ਦਾ ਯਤਨ ਕਰੋ। ਜਦੋਂ ਤੱਕ ਭਾਰਤ ਵਿਚੋਂ ਅਗਿਆਨਤਾ, ਅਨਿਆਂ ਅਤੇ ਭੁੱਖ ਦੂਰ ਨਾ ਹੋ ਜਾਣ ਆਪਣੇ ਯਤਨ ਨਾ ਛੱਡੋ।

ਆਪਣੇ ਕਰਤੱਵਾਂ ਨੂੰ ਨਿਭਾਉਂਦੇ ਹੋਏ ਅਮਰ ਜੀਵਨ ਪ੍ਰਾਪਤ ਕਰੋ।

ਜ਼ਿੰਦਾਬਾਦ ਇਨਕਲਾਬ!"

21.

9 ਅਪ੍ਰੈਲ, 1947 ਨੂੰ ਸਰਦਾਰ ਅਜੀਤ ਸਿੰਘ ਵੱਲੋਂ ਪ੍ਰੈੱਸ ਕਾਨਫ਼ਰੰਸ ਵਿਚ ਪ੍ਰਗਟ ਕੀਤੇ ਵਿਚਾਰ

"ਇੰਡੀਅਨ ਨੈਸ਼ਨਲ ਕਾਂਗਰਸ ਭਾਰਤ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਹੈ ਜਿਸ ਨੇ ਇਹਨਾਂ ਕਈ ਸਾਲਾਂ ਦੌਰਾਨ ਭਾਰਤ ਦੀ ਆਜ਼ਾਦੀ ਦੀ ਲੜਾਈ ਲੜੀ ਅਤੇ ਇਸ ਦੇ ਝੰਡੇ ਹੇਠ ਅਣਗਿਣਤ ਕੁਰਬਾਨੀਆਂ ਕੀਤੀਆਂ। ਇਸ ਤਰ੍ਹਾਂ ਕਾਂਗਰਸ ਸਾਰੇ ਦੇਸ਼ ਭਗਤ ਲੋਕਾਂ ਦੀ ਹਮਾਇਤ ਦੀ ਹੱਕਦਾਰ ਹੈ ਅਤੇ ਮੈਂ ਇਸ ਦੀ ਸਹਾਇਤਾ ਦਾ ਅਹਿਦ ਕੀਤਾ ਹੈ ਅਤੇ ਇਸ ਲਈ ਇਸ ਕੌਮੀ ਜਥੇਬੰਦੀ ਅੱਗੇ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਹੀਂ ਖੜ੍ਹੀ ਕਰਨੀ ਚਾਹੀਦੀ।" ਸਰਦਾਰ ਅਜੀਤ ਸਿੰਘ ਨੇ ਅੱਜ ਸ਼ਾਮ 'ਪਾਰਸ' ਦੇ ਦਫ਼ਤਰ ਵਿਚ ਪ੍ਰੈੱਸ ਕਾਨਫ਼ਰੰਸ ਵਿਚ ਐਲਾਨ

ਕੀਤਾ ਜਿਥੇ ਲਾਲਾ ਕਰਮਚੰਦ ਨੇ ਪ੍ਰੈਸ ਨੂੰ ਸੌਂਦਿਆ ਸੀ।

ਨਾਮਾਨਿਗਾਰਾਂ ਦੇ ਪੁੱਛੇ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਕਿਹਾ, "ਕੀ ਤੁਹਾਡੇ ਉਨ੍ਹਾਂ ਵਿਚਾਰਾਂ ਵਿਚ ਕੋਈ ਤਬਦੀਲੀ ਆ ਗਈ ਹੈ ਜਦੋਂ ਤੁਸੀਂ ਪਹਿਲਾਂ ਪੰਜਾਬ ਵਿਚ ਆਜ਼ਾਦੀ ਦੀ ਜਦੋਜਹਿਦ ਸ਼ੁਰੂ ਕੀਤੀ ਸੀ ਅਤੇ ਹੁਣ ਤੁਸੀਂ ਵਾਪਸੀ ਉਤੇ ਭਾਰਤ ਵਿਚ ਕੋਈ ਤਬਦੀਲੀ ਦੇਖੀ ਹੈ ਅਤੇ ਕੀ ਤੁਸੀਂ ਸੋਚਦੇ ਹੋ ਕਿ ਉਸ ਦਾ ਕੰਮ ਕਰਨ ਦਾ ਤਰੀਕਾ 1907-10 ਨਾਲੋਂ ਹੁਣ ਵੱਖਰਾ ਹੋਵੇਗਾ?"

"ਭਾਰਤ ਮਾਤਾ ਲਹਿਰ" ਦੇ ਨਾਇਕ, ਜੋ ਬੀਮਾਰੀ ਤੋਂ ਪੀੜਤ ਸੀ, ਨੇ ਧੀਮੀ ਪਰ ਦ੍ਰਿੜ੍ਹ ਆਵਾਜ਼ ਵਿਚ ਉੱਤਰ ਦਿੱਤਾ, "ਵਿਚਾਰਧਾਰਾ ਵਿਚ ਕੋਈ ਤਬਦੀਲੀ ਨਹੀਂ। ਮੈਂ ਆਪਣੇ ਸਾਥੀਆਂ ਦੇ ਸੁਫ਼ਨੇ ਪੂਰੇ ਹੁੰਦੇ ਦੇਖਣ ਲਈ ਜੀਵਿਆਂ ਹਾਂ। ਸੁਫ਼ਨਾ ਆਜ਼ਾਦ ਭਾਰਤ ਦਾ ਸੀ। ਮੈਂ ਇਸ ਆਸ ਵਿਚ ਜ਼ਿੰਦਾ ਹਾਂ ਕਿ ਮੈਂ ਭਾਰਤ ਨੂੰ ਆਜ਼ਾਦ ਦੇਖਾਂਗਾ। ਸਮੇਂ ਦੇ ਬਦਲਣ ਨਾਲ ਕੰਮ ਦੇ ਤਰੀਕੇ ਬਦਲ ਗਏ ਹਨ। ਜਿਹੜੀ ਗੱਲ ਮੇਰੇ ਲਈ ਤਸੱਲੀ ਤੇ ਖ਼ੁਸ਼ੀ ਦੀ ਹੈ, ਉਹ ਇਹ ਹੈ ਕਿ ਕਾਂਗਰਸ ਨੇ ਉਹੀ ਰਸਤਾ ਅਪਣਾਇਆ ਹੈ ਜਿਹੜਾ ਮੇਰੇ ਸਾਥੀ ਅਤੇ ਮੈਂ ਚਾਹੁੰਦੇ ਸੀ ਕਿ ਚੱਲੇ। ਸ਼ਰਤ ਕਾਂਗਰਸ ਵੇਲੇ ਉਗਰਵਾਦੀ ਸਿਰਫ਼ ਏਹੀ ਜਾਚਨਾ ਕਰਦੇ ਸਨ ਕਿ ਉਹ ਇਸ ਨੂੰ ਸੱਚੀ ਇਨਕਲਾਬੀ ਜਥੇਬੰਦੀ ਬਣਾਉਣ ਦੇ ਇੱਛਕ ਸਨ ਜਿਹੜੀ ਕਿ ਉਹ ਅੱਜ ਬਣੀ ਹੈ। ਹੁਣ ਇਹ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਸਾਰੇ ਤਹਿ ਦਿਲੋਂ ਉਨ੍ਹਾਂ ਦਾ ਸਨਮਾਨ ਕਰੀਏ ਜਿਹੜੇ ਕਾਂਗਰਸ ਦੀ ਤਰਫ਼ੋਂ ਆਪਣੇ ਮੋਢਿਆਂ ਤੇ ਕੋਈ ਜ਼ਿੰਮੇਵਾਰੀ ਚੁੱਕਣਾ ਚਾਹੁੰਦੇ ਹਨ।" ਸ. ਅਜੀਤ ਸਿੰਘ ਨੇ ਕਿਹਾ, "ਪੰਜਾਬ ਦੀ ਪਵਿੱਤਰ ਧਰਤੀ ਅਤੇ ਲਾਹੌਰ ਵਿਚ ਜਿਥੇ ਮੈਂ ਪੜ੍ਹਾਈ ਕੀਤੀ ਅਤੇ ਜਿਹੜਾ ਮੇਰੀਆਂ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਰਿਹਾ, ਵਿਚ ਇਕ ਵਾਰ ਮੁੜ ਆ ਕੇ ਮੈਨੂੰ ਲੱਗਦਾ ਹੈ ਕਿ ਮੈਂ ਗੁਆਚੇ ਸਵਰਗ ਵਿਚ ਵਾਪਸ ਆ ਗਿਆ ਹਾਂ।" ਉਹ ਖ਼ੁਸ਼ ਸਨ ਅਤੇ ਆਪਣੀ ਪਿਆਰੀ ਮਾਤਰ ਭੂਮੀ ਵਿਚ ਵਾਪਸ ਆਉਣ ਦਾ ਉਨ੍ਹਾਂ ਨੂੰ ਮਾਣ ਸੀ। ਜਦ ਕਿ ਉਨ੍ਹਾਂ ਨੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਜਿਹੜੇ ਉਨ੍ਹਾਂ ਦੇ ਜ਼ੋਰ ਸ਼ੋਰ ਨਾਲ ਨਿੱਘਾ ਸਵਾਗਤ ਕਰਨ ਵਿਚ ਸ਼ਾਮਲ ਹੋਏ। ਸ. ਅਜੀਤ ਸਿੰਘ ਨੇ ਕਿਹਾ ਕਿ ਜਦੋਂ ਕਿ ਉਨ੍ਹਾਂ ਦਾ ਮਨ ਇਹ ਦੇਖ ਕੇ ਬੜਾ ਖ਼ੁਸ਼ ਹੋਇਆ ਹੈ ਕਿ ਭਾਰਤ ਰਾਜਨੀਤਕ ਤਰੱਕੀ ਦੇ ਮਾਰਗ ਉੱਤੇ ਅੱਗੇ ਵਧ ਰਿਹਾ ਹੈ। ਪਰ ਉਨ੍ਹਾਂ ਨੂੰ ਆਪਣੇ ਆਪਣੇ ਸੂਬੇ ਦੇ ਬਹਾਦਰ ਤੇ ਮਜ਼ਬੂਤ ਲੋਕਾਂ ਵਿਚ ਅਨੁਸ਼ਾਸਨਹੀਣਤਾ ਦੇਖ ਕੇ ਬਹੁਤ ਦੁੱਖ ਹੋਇਆ ਹੈ ਪਰ ਵੈਸੇ ਉਹ ਆਪਣੇ ਲੋਕਾਂ ਨੂੰ ਬਹੁਤ ਪਿਆਰ ਕਰਦੇ ਹਨ।

ਬਹਾਦਰ ਪੰਜਾਬੀਆਂ ਨੇ ਦੇਸ਼ ਵਿਦੇਸ਼ ਵਿਚ ਬੜਾ ਨਾਮਣਾ ਖੱਟਿਆ ਹੈ, ਇਥੋਂ ਤੱਕ ਕਿ ਸਮੁੰਦਰੋਂ ਪਾਰ ਵੀ ਅਤੇ ਪੰਜਾਬੀ ਫ਼ੌਜ ਦੀ ਪਹਿਲੀ ਜੰਗ ਸਮੇਂ ਬੜੀ ਦਹਿਸ਼ਤ ਹੋਇਆ ਕਰਦੀ ਸੀ ਅਤੇ ਉਹ ਦੂਸਰੀ ਜੰਗ ਸਮੇਂ ਹੋਰ ਵੀ ਬਹਾਦਰ

ਸਾਬਤ ਹੋਏ। ਉਨ੍ਹਾਂ ਦੀ ਇੱਛਾ ਹੈ ਕਿ ਇਹਨਾਂ ਬਹਾਦਰ ਲੋਕਾਂ ਨੂੰ ਅਨੁਸ਼ਾਸਨ ਸਿੱਖਣਾ ਚਾਹੀਦਾ ਹੈ ਅਤੇ ਉਹ ਇਸ ਨੂੰ ਆਪਣੇ ਕੌਮੀ ਆਚਰਣ ਦਾ ਹਿੱਸਾ ਬਣਾਉਣ।

ਗੁੰਡਾਗਰਦੀ ਦੀ ਨਿੰਦਾ

ਉਨ੍ਹਾਂ ਇਸ ਮੌਕੇ ਭਾਰਤ ਦੇ ਕੁਝ ਹਿੱਸਿਆਂ ਵਿਚ ਫੈਲੀ ਬਰਬਰਤਾ ਦੀ ਨਿੰਦਾ ਕੀਤੀ ਅਤੇ ਉਨ੍ਹਾਂ ਕਿਹਾ ਜਦੋਂ ਬੰਗਾਲ ਵਿਚ ਵਾਪਰੀਆਂ ਖ਼ੌਫ਼ਨਾਕ ਘਟਨਾਵਾਂ ਦੀ ਪਹਿਲੀ ਸੂਚਨਾ ਜਰਮਨੀ ਵਿਚ ਮਿਲੀ ਤਾਂ ਉਨ੍ਹਾਂ ਨੂੰ ਬੜੀ ਸ਼ਰਮ ਆਈ ਅਤੇ ਉਨ੍ਹਾਂ ਬੜਾ ਅਪਮਾਨਤ ਮਹਿਸੂਸ ਕੀਤਾ। ਉਨ੍ਹਾਂ ਸਾਰੇ ਫ਼ਿਰਕਿਆਂ ਦੇ ਭਲੇ ਬੰਦਿਆਂ ਨੂੰ ਹਰ ਹਿੱਸੇ ਵਿਚ ਫੈਲੀ ਗੁੰਡਾਗਰਦੀ ਦੀ ਨਿੰਦਾ ਕਰਨ ਲਈ ਆਖਿਆ।

ਰਾਜਨੀਤਕ ਵਾਇਦੇ

"ਮੈਨੂੰ ਇਹ ਕਹਿ ਲੈਣ ਦਿਉ ਕਿ ਅਸੀਂ ਸਿਰਫ਼ ਆਪਣੀ ਜ਼ਿੰਮੇਵਾਰੀ ਲਈ ਹੀ ਆਪਣੇ ਆਪ ਨੂੰ ਤਿਆਰ ਨਾ ਕਰੀਏ ਸਗੋਂ ਇਸ ਨੂੰ ਕਾਇਮ ਵੀ ਕਰੀਏ," ਸ. ਅਜੀਤ ਸਿੰਘ ਨੇ ਗੱਲ ਜਾਰੀ ਰਖਦਿਆਂ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਹੱਥਾਂ ਵਿਚ ਸੱਤਾ ਤਬਦੀਲੀ ਦੀ ਅੰਤਮ ਤਰੀਕ ਮਿੱਥ ਦਿੱਤੀ ਗਈ ਹੈ, ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਸਾਰੇ ਤਬਦੀਲੀ ਦੀ ਤਵੱਕੋਂ ਕਰਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਕਿਸੇ ਵੀ ਸਥਿਤੀ ਦੇ ਮੁਕਾਬਲੇ ਲਈ ਵੀ ਤਿਆਰ ਹੋਣਾ ਚਾਹੀਦਾ ਹੈ ਕਿਉਂਕਿ ਵਾਇਦੇ ਪੂਰੇ ਨਹੀਂ ਵੀ ਹੋ ਸਕਦੇ ਹਨ। ਰਾਜਨੀਤਕ ਵਾਇਦੇ ਆਮ ਤੌਰ 'ਤੇ ਤੋੜੇ ਹੀ ਜਾਂਦੇ ਹਨ ਅਤੇ ਕਿਸੇ ਨੂੰ ਵੀ ਇਹਨਾਂ ਵਾਇਦਿਆਂ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਅੰਗਰੇਜ਼ ਆਖ਼ਿਰ ਰੱਬ ਤਾਂ ਨਹੀਂ ਹਨ।

ਜਾਪਾਨ ਤੇ ਜਰਮਨੀ

ਆਜ਼ਾਦ ਹਿੰਦ ਫੌਜ ਦੀਆਂ ਸਰਗਰਮੀਆਂ ਦਾ ਹਵਾਲਾ ਦਿੰਦਿਆਂ, ਜਿਹੜੀ ਕਿ ਪਹਿਲਾਂ ਇਟਲੀ ਵਿਚ ਬਣਾਈ ਗਈ, ਸਰਦਾਰ ਅਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਤਕਰੀਬਨ 11000 ਹਿੰਦੁਸਤਾਨੀ ਸਨ ਜਿਨ੍ਹਾਂ ਸਵੈ ਇੱਛਕ ਤੌਰ 'ਤੇ ਭਾਰਤ ਦੀ ਆਜ਼ਾਦੀ ਲਈ ਲੜਨ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਇਹਨਾਂ ਵਿਚੋਂ ਬਹੁਤ ਸਾਰੇ ਫੌਜੀ ਸਨ ਜਿਹੜੇ ਅੰਗਰੇਜ਼ਾਂ ਲਈ ਲੜ ਰਹੇ ਸਨ ਅਤੇ ਇਟਲੀ ਫੌਜਾਂ ਵੱਲੋਂ ਫੜੇ ਗਏ ਸਨ। ਸਰਦਾਰ ਅਜੀਤ ਸਿੰਘ ਨੇ ਸ੍ਰੀ ਇਕਬਾਲ ਸ਼ੈਦਾਈ ਦੀਆਂ ਉਨ੍ਹਾਂ ਸੇਵਾਵਾਂ ਪ੍ਰਤੀ ਬੜਾ ਆਭਾਰ ਵਿਅਕਤ ਕੀਤਾ ਜੋ ਉਨ੍ਹਾਂ

ਇਟਲੀ ਅਤੇ ਜਰਮਨੀ ਵਿਚ ਆਜ਼ਾਦ ਹਿੰਦ ਫੌਜ ਨੂੰ ਜਥੇਬੰਦ ਕਰਨ ਲਈ ਕੀਤੀ ਅਤੇ ਭਾਰਤੀ ਪੱਖ ਦੀ ਪ੍ਰਤੀਨਿਧਤਾ ਕੀਤੀ। ਜਦ ਕਿ ਮਸੋਲਿਨੀ ਆਜ਼ਾਦ ਹਿੰਦ ਫੌਜ ਨਾਲ ਇਸ ਸਮਝੌਤੇ ਤੇ ਸਹਿਮਤ ਹੋਇਆ ਸੀ ਕਿ ਉਸ ਦਾ ਹਿੰਦੁਸਤਾਨ ਦੀ ਸਹਾਇਤਾ ਕਰਨ ਪਿੱਛੇ ਕੋਈ ਸਵਾਰਥ ਨਹੀਂ ਸੀ ਸਿਵਾ ਇਸ ਦੇ ਕਿ ਹਿੰਦੁਸਤਾਨ ਆਜ਼ਾਦ ਹੋਵੇ, ਸਰਦਾਰ ਅਜੀਤ ਸਿੰਘ ਨੇ ਕਿਹਾ ਕਿ ਜਰਮਨੀ ਤੇ ਜਾਪਾਨ ਨੇ ਹਿੰਦੁਸਤਾਨ ਨੂੰ ਵੰਡਣ ਲਈ ਆਪੋ ਵਿਚ ਪ੍ਰਬੰਧ ਕਰ ਲਿਆ ਸੀ। ਇਹਨਾਂ ਯੋਜਨਾਵਾਂ ਦਾ ਪਤਾ ਲੱਗਣ ਉਤੇ ਹਿੰਦੁਸਤਾਨੀਆਂ ਨੇ ਉਨ੍ਹਾਂ ਤੋਂ ਕਿਸੇ ਵੀ ਕਿਸਮ ਦੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ।

ਇਟਲੀ ਇਸ ਨਾਲ ਸਹਿਮਤ ਹੋਇਆ ਕਿ ਉਹ ਆਜ਼ਾਦ ਹਿੰਦ ਫੌਜ ਨੂੰ ਪੂਰੀ ਫੌਜੀ ਸਿਖਲਾਈ ਦੇਵੇਗਾ ਖਾਸ ਤੌਰ 'ਤੇ ਪੈਰਾਸ਼ੂਟ ਦੇ ਕੰਮ ਵਿਚ ਅਤੇ ਏਥੋਂ ਤੱਕ ਕਿ ਉਹ ਉਨ੍ਹਾਂ ਨੂੰ ਹਿੰਦੁਸਤਾਨ ਪਹੁੰਚਿਆਵੇਗਾ ਪਰੰਤੂ ਜਰਮਨੀ ਭਾਰਤੀਆਂ ਨੂੰ ਵਰਤਣਾ ਚਾਹੁੰਦਾ ਸੀ। ਜਦੋਂ ਜਰਮਨ ਪ੍ਰਤੀਨਿਧਾਂ ਅਤੇ ਭਾਰਤੀ ਪ੍ਰਤੀਨਿਧ ਸ੍ਰੀ ਇਕਬਾਲ ਸ਼ੈਦਾਈ ਦਰਮਿਆਨ ਗੱਲਬਾਤ ਸ਼ੁਰੂ ਹੋਈ ਤਾਂ ਇਕਬਾਲ ਸ਼ੈਦਾਈ ਨੇ ਉਨ੍ਹਾਂ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਕਿ ਹਿਟਲਰ ਸਪੱਸ਼ਟ ਤੌਰ 'ਤੇ ਇਹ ਐਲਾਨ ਨਹੀਂ ਕਰਦਾ ਕਿ ਉਸ ਦੇ ਹਿੰਦੁਸਤਾਨ ਵਿਚ ਕਿਸੇ ਵੀ ਤਰ੍ਹਾਂ ਦੇ ਨਾ ਆਰਥਿਕ ਅਤੇ ਨਾ ਰਾਜਨੀਤਕ ਹਿੱਤ ਹਨ।

ਪੰਜ ਮਿਲੀਅਨ ਮਨਜ਼ੂਰ ਕਰਨ ਤੋਂ ਇਨਕਾਰ

ਜਰਮਨਾਂ ਨੇ ਕਿਹਾ ਕਿ ਹਿਟਲਰ ਅਜਿਹਾ ਐਲਾਨ ਉਦੋਂ ਕਰੇਗਾ ਜਦੋਂ ਉਹ ਰਾਜਸੀ ਜੁੰਡੀ ਨੂੰ ਫੜ ਲਵੇਗਾ ਕਿਉਂਕਿ ਉਸ ਨੂੰ ਪਤਾ ਹੈ ਕਿ ਕੀ ਕਦੋਂ ਕਰਨਾ ਹੈ। ਪਰੰਤੂ ਸ਼ੈਦਾਈ ਨੇ ਕਿਹਾ ਕਿ ਭਾਰਤੀ ਜਰਮਨਾਂ ਤੇ ਇਤਬਾਰ ਨਹੀਂ ਸਨ ਕਰ ਸਕਦੇ ਜਦੋਂ ਉਨ੍ਹਾਂ ਦੀਆਂ ਫੌਜਾਂ ਭਾਰਤੀ ਜ਼ਮੀਨ ਦੇ ਏਨਾ ਕਰੀਬ ਪਹੁੰਚ ਚੁੱਕੀਆਂ ਹੋਣਗੀਆਂ। ਜਰਮਨ ਬੁਲਾਰੇ ਨੇ ਸ੍ਰੀ ਸ਼ੈਦਾਈ ਨੂੰ ਇਹ ਕਹਿ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਵੀ ਕੀਤੀ ਕਿ ਸਵਿਟਜ਼ਰਲੈਂਡ ਬੈਂਕ ਵਿਚ ਉਸ ਦੇ ਨਾਂ ਤੇ ਪੰਜ ਲੱਖ ਸਵਿਸ ਕੌਇਨ ਜਮ੍ਹਾਂ ਕਰਵਾਏ ਜਾ ਚੁੱਕੇ ਸਨ ਅਤੇ ਉਸ ਨੂੰ ਜਰਮਨੀ ਦੀ ਸਹਾਇਤਾ ਲਈ ਕੰਮ ਸ਼ੁਰੂ ਕਰਨਾ ਚਾਹੀਦਾ ਸੀ। ਸ੍ਰੀ ਸ਼ੈਦਾਈ ਨੇ ਇਸ ਜਰਮਨ ਨੂੰ ਦੱਸਿਆ ਕਿ ਉਹ ਇਸ ਪੈਸੇ ਨੂੰ ਹੱਥ ਵੀ ਨਹੀਂ ਲਾਵੇਗਾ ਜਦੋਂ ਤੱਕ ਕਿ ਜਰਮਨੀ ਦੀ ਭਾਰਤ ਬਾਰੇ ਕੋਈ ਸਾਜ਼ਿਸ਼ ਕਾਇਮ ਸੀ।

ਖ਼ਤਮ ਨਹੀਂ ਹੋਵੇਗਾ

ਇਸ ਦੇ ਬਾਵਜੂਦ ਸਰਦਾਰ ਅਜੀਤ ਸਿੰਘ ਨੇ ਕਿਹਾ ਕਿ ਉਸ ਦਾ ਵਿਸ਼ਵਾਸ ਹੈ ਕਿ ਬਾਵਜੂਦ ਇਸ ਦੇ ਕਿ ਅੱਜ ਜੋ ਕੁਝ ਜਰਮਨ ਵਿਚ ਹੋਇਆ ਹੈ

ਜਾਂ ਉਸ ਦੇ ਲੋਕਾਂ ਨਾਲ ਅੱਜ ਹੋ ਰਿਹਾ ਸੀ, ਜਰਮਨ ਖ਼ਤਮ ਨਹੀਂ ਹੋਵੇਗਾ ਭਾਵੇਂ ਕਿ ਰੂਸ ਅਤੇ ਅਮਰੀਕਾ ਨੇ ਜਰਮਨੀ ਤੇ ਕਬਜ਼ਾ ਕਰ ਲਿਆ ਹੈ ਪਰ ਜਰਮਨ ਲੋਕਾਂ ਨੂੰ ਏਨੀ ਤਕਲੀਫ਼ ਦਾ ਸਾਹਮਣਾ ਨਹੀਂ ਹੋਵੇਗਾ ਜਿਵੇਂ ਕਿ ਬਰਤਾਨੀਆਂ ਦੇ ਕਬਜ਼ੇ ਹੇਠਲੇ ਜਰਮਨੀ ਨੂੰ ਭੁੱਖੇ ਮਰਨ ਲਈ ਮਜ਼ਬੂਰ ਹੋਣਾ ਪਿਆ। ਉਹ ਉਸ ਹਾਲਤ ਵਿਚ ਰਹਿ ਰਹੇ ਹਨ ਜਿਸ ਨੂੰ 'ਨਰਕੀ ਹਾਲਤ' ਕਿਹਾ ਗਿਆ ਫਿਰ ਵੀ ਉਨ੍ਹਾਂ ਵਿਸ਼ਵਾਸ ਜਤਾਇਆ ਕਿ ਜਰਮਨੀ ਖ਼ਤਮ ਨਹੀਂ ਹੋਵੇਗਾ ਭਾਵੇਂ ਕਿ ਜੋ ਵੀ ਘੱਟ ਭੋਜਨ ਉਹ ਪ੍ਰਾਪਤ ਕਰ ਰਹੇ ਸਨ ਉਸ ਨਾਲ ਉਹ ਪਹਿਲਾਂ ਨੌਜਵਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਰਹੇ ਸਨ ਕਿਉਂਕਿ ਜਰਮਨਾਂ ਨੂੰ ਉਨ੍ਹਾਂ 'ਤੇ ਉਮੀਦਾਂ ਸਨ ਅਤੇ ਵਡੇਰੀ ਉਮਰ ਦੇ ਲੋਕ ਬਚਦਾ ਖੁਚਦਾ ਖਾ ਲੈਂਦੇ ਸਨ। ਬਰਤਾਨਵੀ ਜਰਮਨੀ ਵਿਚ ਖਾਣ ਪੀਣ ਲਈ ਉਸ ਨਾਲੋਂ ਵਧੇਰੇ ਪ੍ਰਾਪਤ ਕਰ ਸਕੇ ਸਨ ਜੋ ਕੁਝ ਉਨ੍ਹਾਂ ਨੂੰ ਬਰਤਾਨੀਆ ਵਿਚ ਮਿਲਦਾ ਸੀ।

ਇਹ ਉਨ੍ਹਾਂ ਨੂੰ ਅਖਲਾਕੀ ਤੌਰ 'ਤੇ ਅਤੇ ਸਰੀਰਕ ਤੌਰ 'ਤੇ ਕਮਜ਼ੋਰ ਕਰਨ ਲਈ ਕੀਤਾ ਜਾ ਰਿਹਾ ਸੀ। ਜਰਮਨਾਂ ਨੂੰ ਇਸ ਸਮੇਂ ਕਿਸੇ ਵੀ ਖੇਤਰ ਵਿਚ ਕੋਈ ਵੀ ਤਰੱਕੀ ਦੇ ਮੌਕਿਆਂ ਤੋਂ ਵਿਰਵੇ ਕੀਤਾ ਹੋਇਆ ਹੈ।

ਭਿਆਨਕ ਹਾਲਤਾਂ

ਸਰਦਾਰ ਅਜੀਤ ਸਿੰਘ ਨੇ ਜਰਮਨੀ ਵਿਚ ਬਰਤਾਨਵੀ ਤਸੀਹਾ ਕੇਂਦਰਾਂ ਵਿਚ, ਜੇਲ੍ਹਾਂ ਵਿਚ ਆਪਣੇ ਜਾਤੀ ਤਜ਼ਰਬਿਆਂ ਦੇ ਆਧਾਰ 'ਤੇ ਦੱਸਿਆ ਕਿ ਉਥੇ ਬੜੀਆਂ ਭਿਆਨਕ ਹਾਲਤਾਂ ਸਨ। ਇਟਲੀ ਵਿਚ ਹਾਲਤ ਕੁਝ ਬਿਹਤਰ ਸੀ ਪਰ ਜਰਮਨੀ ਵਿਚ ਤਸੀਹਾ ਕੇਂਦਰਾਂ ਅਤੇ ਜੇਲ੍ਹਾਂ ਵਿਚ ਕਿਸੇ ਵੀ ਸੰਭਵ ਮਨੁੱਖੀ ਸੁਵਿਧਾ ਤੋਂ ਵਾਂਝਿਆਂ ਕੀਤਾ ਹੋਇਆ ਸੀ। ਹਫ਼ਤੇ ਵਿਚ ਇਕ ਵਾਰ ਸਿਰਫ਼ ਪੰਜ ਮਿੰਟ ਲਈ ਹਨੇਰੀ ਅਤੇ ਗੰਦੀ ਕੋਠੜੀ 'ਚੋਂ ਚਹਿਲ ਕਦਮੀ ਲਈ ਬਾਹਰ ਕੱਢਿਆ ਜਾਂਦਾ ਅਤੇ ਜੀਵਨ ਉਥੇ ਬੜਾ ਔਖਾ ਸੀ।

ਉਨ੍ਹਾਂ ਬੜੇ ਮਜ਼ਾਕੀਆ ਅੰਦਾਜ਼ ਵਿਚ ਇਕ ਗੱਲ ਦੱਸੀ ਕਿ ਜਰਮਨਾਂ ਨੇ ਉਨ੍ਹਾਂ ਬੈਰਕਾਂ ਦਾ ਨਾਂ ਭਾਰਤੀ ਨੇਤਾ ਦੇ ਨਾਂ ਤੇ 'ਗਾਂਧੀ ਬੈਰਕ' ਰੱਖਿਆ ਸੀ। ਉਨ੍ਹਾਂ ਦੱਸਿਆ ਕਿ ਸਾਰੇ ਹੀ ਜਰਮਨਾਂ ਦਾ, ਜਿਹੜੇ ਪੈਟਰਬੌਨ ਜੇਲ੍ਹ ਵਿਚ ਡੱਕੇ ਹੋਏ ਸਨ, ਦਾ ਭਾਰ ਤੀਜਾ ਹਿੱਸਾ ਘੱਟ ਗਿਆ ਸੀ। ਉਨ੍ਹਾਂ ਕਿਹਾ ਕਿ ਜਰਮਨ 'ਏਨਾ ਕੁਝ ਮਹਾਤਮਾ ਗਾਂਧੀ ਬਾਰੇ ਜਾਣਦੇ ਸਨ' ਅਤੇ ਹੋਰ ਕਿਹਾ ਕਿ 'ਏਥੋਂ ਤੱਕ ਕਿ ਜਰਮਨ ਨਰਸਾਂ ਵੀ ਗਾਂਧੀ ਜੀ ਦੀ ਖੁਰਾਕ ਬਾਰੇ ਜਾਣਦੀਆਂ ਸਨ ਅਤੇ ਮੈਨੂੰ ਕਿਹਾ ਕਰਦੀਆਂ ਕਿ ਮੈਂ ਗੁਲੂਕੋਸ ਲੈ ਲਵਾਂ ਕਿਉਂਕਿ ਗਾਂਧੀ ਵੀ ਇਹ ਲੈਂਦਾ ਹੈ।'

ਸਭ ਨਾਲ ਸਬੰਧਤ

ਸਰਦਾਰ ਅਜੀਤ ਸਿੰਘ ਨੇ ਐਲਾਨ ਕੀਤਾ ਕਿ ਕਾਂਗਰਸ ਕਿਸੇ ਇਕ ਪਾਰਟੀ ਨਾਲ ਸੰਬੰਧ ਨਹੀਂ ਰੱਖਦੀ ਪਰੰਤੂ ਇਹ ਸਾਰਿਆਂ ਦੀ ਹੈ। ਉਹ ਸਭਨਾਂ ਨੂੰ ਆਪਣਾ ਭਰਾ ਤਸੱਵਰ ਕਰਨਗੇ। ਐਸੇ ਮੌਕੇ ਉਤੇ ਉਨ੍ਹਾਂ ਕਿਹਾ ਆਪਸ ਵਿਚ ਲੜਾਈ ਝਗੜਾ ਕੋਈ ਸ਼ੁਗਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਇਕ ਜੁੱਟ ਹੋਣਾ ਚਾਹੀਦਾ ਹੈ ਅਤੇ ਮਿਲ ਜੁਲ ਕੇ ਕੰਮ ਕਰਨਾ ਚਾਹੀਦਾ ਹੈ।

ਗੋਲੀ ਮਾਰਨ ਵਾਸਤੇ

ਗੱਲਬਾਤ ਨੂੰ ਸਮੇਟਦਿਆਂ ਸਰਦਾਰ ਅਜੀਤ ਸਿੰਘ ਨੇ ਜਰਮਨੀ ਦੇ ਆਪਣੇ ਇਕ ਦੋਸਤ ਦਾ ਖ਼ਤ ਪੜ੍ਹ ਕੇ ਸੁਣਾਇਆ ਜਿਸ ਵਿਚ ਉਨ੍ਹਾਂ ਦੇ ਜਰਮਨੀ ਦੇ ਦੋਸਤ ਨੇ ਲਿਖਿਆ ਸੀ ਕਿ ਸਰਦਾਰ ਅਜੀਤ ਸਿੰਘ ਅਤੇ ਦੋ ਹੋਰਾਂ ਦੀਆਂ ਤਸਵੀਰਾਂ ਸਿਨਮਾਂ ਘਰਾਂ ਵਿਚ ਦਿਖਾਈਆਂ ਜਾ ਰਹੀਆਂ ਸਨ ਜਿਨ੍ਹਾਂ ਦੇ ਹੇਠਾਂ ਉਨ੍ਹਾਂ ਦੇ ਨਾਂ ਲਿਖੇ ਹੋਏ ਸਨ, "ਇਹਨਾਂ ਬੰਦਿਆਂ ਨੂੰ ਗੋਲੀ ਮਾਰਨ ਲਈ ਹਿੰਦੁਸਤਾਨ ਵਾਪਸ ਭੇਜਿਆ ਜਾ ਰਿਹਾ ਸੀ।" ਇਸ ਪ੍ਰਕਾਰ ਦਾ ਪ੍ਰਚਾਰ ਸੀ, ਜੋ ਕੀਤਾ ਜਾ ਰਿਹਾ ਸੀ, ਉਨ੍ਹਾਂ ਕਿਹਾ।

ਸਵਾਗਤੀ ਭਾਸ਼ਨ

ਬਾਅਦ ਵਿਚ ਸ਼ਾਮ ਵੇਲੇ ਪੀਪਲਜ਼ ਇਨਸ਼ੋਰੈਂਸ ਕੰਪਨੀ ਦੇ ਵਿਹੜੇ ਵਿਚ ਇਸ ਦੇ ਚੇਅਰਮੈਨ ਕਿਦਾਰ ਨਾਥ ਸਹਿਗਲ ਐਮ.ਐਲ.ਏ. ਵਲੋਂ ਸਵਾਗਤੀ ਕਮੇਟੀ ਦੀ ਤਰਫ਼ੋਂ ਸਰਦਾਰ ਅਜੀਤ ਸਿੰਘ ਦਾ ਸਵਾਗਤ ਕੀਤਾ ਗਿਆ। ਇਸ ਵਿਚ ਦਾਖ਼ਲਾ ਟਿਕਟਾਂ ਨਾਲ ਸੀਮਤ ਕੀਤਾ ਗਿਆ। ਜਿਹੜੇ ਇਸ ਸਵਾਗਤੀ ਸਮਾਰੋਹ ਵਿਚ ਸ਼ਾਮਲ ਸਨ, ਉਨ੍ਹਾਂ ਵਿਚ ਮਹਾਰਾਜਾ ਪ੍ਰਤਾਪ ਸਿੰਘ, ਸਰਦਾਰ ਸਰਦੂਲ ਸਿੰਘ ਕਵੀਸ਼ਰ, ਬਹੁਤ ਸਾਰੇ ਐਮ.ਐਲ.ਏ. ਅਤੇ ਕਾਰਪੋਰੇਸ਼ਨ ਕੌਂਸਲਰ ਸਨ ਜੋ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਜ਼ਿਲਾ ਕਾਂਗਰਸ ਕਮੇਟੀ ਦੇ ਮੈਂਬਰਾਂ ਨਾਲ ਫਰਸ਼ ਤੇ ਚੌਂਕੜੀ ਮਾਰ ਕੇ ਬੈਠੇ।

ਸਰਦਾਰ ਅਜੀਤ ਸਿੰਘ ਦਾ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ ਜਿਹੜੇ ਆਪਣੇ ਭਰਾ ਸਰਦਾਰ ਕਿਸ਼ਨ ਸਿੰਘ ਅਤੇ ਦੂਸਰਿਆਂ ਨਾਲ ਮੀਟਿੰਗ ਦੀ ਥਾਂ 'ਤੇ ਆਏ ਅਤੇ ਉਨ੍ਹਾਂ ਨੂੰ ਹਾਰਾਂ ਨਾਲ ਲੱਦ ਦਿੱਤਾ ਗਿਆ।

ਸਵਾਗਤੀ ਭਾਸ਼ਨ ਤੋਂ ਬਾਅਦ, ਜਿਸ ਵਿਚ ਉਨ੍ਹਾਂ ਵੱਲੋਂ ਕੀਤੀਆਂ ਕੁਰਬਾਨੀਆਂ ਤੇ ਕੀਤੇ ਕੰਮ ਦਾ ਹਵਾਲਾ ਦਿੱਤਾ ਗਿਆ ਸੀ, ਦੇ ਉੱਤਰ ਵਿਚ ਸਰਦਾਰ ਅਜੀਤ ਸਿੰਘ ਨੇ ਕਿਹਾ ਕਿ "ਮੈਂ ਤੁਹਾਡੇ ਵਿਚ ਆਉਣ ਵਾਲਾ ਖ਼ੁਸ਼ਕਿਸਮਤ ਹਾਂ। ਮੈਂ ਤੁਹਾਡੇ ਵਿਚ ਆ ਕੇ ਆਪਣੇ ਪਰਿਵਾਰ ਵਿਚ ਆਇਆ ਮਹਿਸੂਸ ਕਰਦਾ

ਹਾਂ ਕਿਉਂਕਿ ਮੇਰੇ ਲਈ ਸਾਰਾ ਪੰਜਾਬ ਮੇਰਾ ਆਪਣਾ ਪਰਿਵਾਰ ਹੈ।" ਥੱਕਿਆ ਹੋਇਆ ਸਨਮਾਨਯੋਗ ਬੁਲਾਰਾ ਬਹੁਤਾ ਕੁੱਝ ਨਹੀਂ ਬੋਲਿਆ ਸਿਵਾ ਆਪਣੇ ਉਨ੍ਹਾਂ ਸਾਥੀਆਂ ਨੂੰ ਸ਼ਰਧਾਂਜਲੀ ਦੇਣ ਦੇ, ਜਿਹੜੇ ਹੁਣ ਇਸ ਦੁਨੀਆਂ ਵਿਚ ਨਹੀਂ ਸਨ। ਉਹ ਵਿਅਕਤੀ ਸੂਫ਼ੀ ਅੰਬਾ ਪ੍ਰਸਾਦ ਅਤੇ ਲਾਲਾ ਹਰਦਿਆਲ ਵਰਗੇ ਜਿਹੜੇ ਭਾਰਤ ਦੀ ਆਜ਼ਾਦੀ ਦੀ ਲਾਟ ਨੂੰ ਚੁੱਕਣ ਵਾਲੇ ਸੱਚੇ ਨਾਇਕ ਸਨ, ਜਿਨ੍ਹਾਂ ਦੀ ਅਣਥਕ ਮਿਹਨਤ ਦਾ ਫਲ ਹੁਣ ਭਾਰਤੀ ਲੋਕ ਖਾਣ ਵਾਲੇ ਹਨ।

22.

ਉਦਯੋਗਿਕ ਵਿਕਾਸਪ੍ਰਤੀ ਫ਼ਿਕਰਮੰਦ

(17 ਜੁਲਾਈ 1927 ਨੂੰ ਆਪਣੇ ਮਿੱਤਰ ਪ੍ਰੋ. ਡੀ.ਕੇ. ਕਾਰਲੋ ਐਡਰਲੋ ਨੂੰ ਲਿਖੀ ਚਿੱਠੀ 'ਚੋਂ)

"ਇਟਲੀ ਅਤੇ ਭਾਰਤ ਵਿਚਕਾਰ ਆਪਸੀ ਵਪਾਰ ਦਾ ਖੇਤਰ ਵਿਸ਼ਾਲ ਹੈ। ਅਗਲੇ ਮਹੀਨੇ ਸਾਡਾ ਇਕ ਮਿੱਤਰ-ਇਕਬਾਲ 26 ਵਰ੍ਹੇ ਪਿੱਛੋਂ ਇਥੇ ਵਾਪਸ ਆਵੇਗਾ। ਤੁਸੀਂ ਕਿਰਪਾ ਕਰਕੇ ਇਹ ਪਤਾ ਕਰੋ ਕਿ ਕਿਹੜੇ ਲੋਕ ਇਥੇ ਕਾਰਖਾਨੇ ਸਥਾਪਤ ਕਰਨ ਅਤੇ ਲੋੜੀਂਦੀ ਤਕਨੀਕੀ ਯੋਗਤਾ ਅਤੇ ਮਸ਼ੀਨਰੀ ਲਿਆਉਣ ਲਈ ਤਿਆਰ ਹਨ... ਜਹਾਜ਼ ਬਣਾਉਣੇ ਇਕ ਅਜਿਹਾ ਵਪਾਰ ਹੈ ਜੋ ਅਤਾਲਵੀ(ਅਟੈਲਿਅਨ) ਸਾਡੇ ਦੇਸ਼ ਵਿਚ ਸਫ਼ਲਤਾ ਨਾਲ ਸਥਾਪਤ ਕਰ ਸਕਦੇ ਹਨ... ਡਾਕਟਰੀ ਸਾਮਾਨ ਜਾਂ ਦੁਆਈਆਂ ਬਣਾਉਣ ਲਈ ਵੀ ਗੁੰਜਾਇਸ਼ ਹੈ।"

23.

ਸਰਦਾਰ ਅਜੀਤ ਸਿੰਘ ਦਾ ਸੁਤੰਤਰਤਾ ਉਤੇ ਇਕ ਅਧੂਰਾ ਲੇਖ

(13 ਅਗਸਤ, 1947)

ਪਰਤੰਤਰਤਾ ਨਾਲ ਸਭ ਨੂੰ ਘਿਰਣਾ ਹੈ ਅਤੇ ਸੁਤੰਤਰਤਾ ਨਾਲ ਸਭ ਨੂੰ ਪਿਆਰ ਜੇ ਕਦੀ ਪਸ਼ੂਆਂ ਅਤੇ ਪੰਛੀਆਂ ਨੂੰ ਪਿੰਜਰੇ ਵਿਚ ਜਾਂ ਸੀਖਾਂ ਵਿਚ ਡੱਕ ਦਿੱਤਾ ਜਾਵੇ ਤੇ ਵਧੀਆ ਤੋਂ ਵਧੀਆ ਖਾਣੇ ਦਿੱਤੇ ਜਾਣ ਤਾਂ ਵੀ ਉਨ੍ਹਾਂ ਦੀ ਇੱਛਾ ਸੁਤੰਤਰਤਾ ਲਈ ਹੁੰਦੀ ਹੈ। ਸੁਤੰਤਰਤਾ ਵਿਚ ਭੁੱਖੇ ਰਹਿਣਾ ਸੰਗਲਾਂ ਵਿਚ ਜਕੜੇ ਰਹਿ ਕੇ ਰੱਜ ਕੇ ਖਾਣਾ ਖਾਣ ਤੋਂ ਹਜ਼ਾਰਾਂ ਗੁਣਾਂ ਜ਼ਿਆਦਾ ਸੁਹਾਵਣਾ ਹੁੰਦਾ ਹੈ। ਇਸ ਲਈ ਮਨੁੱਖ ਕਿਵੇਂ ਸੁਤੰਤਰਤਾ ਦਾ ਚਾਹਵਾਨ ਨਾ ਹੋਵੇ ਜਿਹੜੀ

ਕਿ ਦੁਨੀਆਂ ਦੀ ਸਭ ਤੋਂ ਵਧੀਆ ਨਿਹਮਤ ਹੈ।

ਵਿਅਕਤੀਗਤ ਜਾਂ ਨਿੱਜੀ ਸੁਤੰਤਰਤਾ ਤੋਂ ਜਮਾਤੀ ਜਾਂ ਕੌਮੀ ਸੁਤੰਤਰਤਾ ਨੂੰ ਵਧੇਰੇ ਗੌਰਵਤਾ ਪ੍ਰਾਪਤ ਹੋਣੀ ਚਾਹੀਦੀ ਹੈ। ਕਿਉਂਕਿ ਵਿਅਕਤੀ ਸ਼੍ਰੇਣੀ ਦਾ ਅੰਗ ਹੁੰਦੇ ਹਨ ਅਤੇ ਸਮੂਹ ਨੂੰ ਜੁਜ਼ ਤੋਂ ਗੌਰਵਤਾ ਪ੍ਰਾਪਤ ਹੈ। ਆਪਣੀ ਨਿੱਜੀ ਸੁਤੰਤਰਤਾ ਨੂੰ ਕੁਰਬਾਨ ਕਰਨਾ ਹੀ ਹਰ ਵਿਅਕਤੀ ਦਾ ਕਰਤੱਵ ਜਾਂ ਧਰਮ ਹੈ। ਕੌਮੀ ਝੰਡਾ ਮਾਤ੍ਰ-ਭੂਮੀ ਦੇ ਮਾਣ ਅਤੇ ਸ਼ਾਨ ਦਾ ਚਿੰਨ੍ਹ ਹੈ, ਜਿਸ ਨੂੰ ਉੱਚਾ ਰੱਖਣਾ ਅਤੇ ਜਿਸ ਦੀ ਰੱਖਿਆ ਕਰਨਾ ਹਰ ਇਕ ਮਨੁੱਖ ਦਾ ਸਰਵੋਤਮ ਵਿਹਾਰ ਹੈ। ਦੇਸ਼ ਲਈ ਜਿਹੜੀ ਵੀ ਕੁਰਬਾਨੀ ਦਿੱਤੀ ਜਾਵੇ ਥੋੜ੍ਹੀ ਹੈ। ਗਿਰੀ ਹੋਈ, ਜ਼ਹਿਨੀਅਤ ਵਾਲੇ ਪੁਰਸ਼ ਹੀ ਪਰਤੰਤਰਤਾ ਨੂੰ ਪਸੰਦ ਕਰ ਸਕਦੇ ਹਨ। ਇਸੇ ਕਰਕੇ ਕੁੱਤੇ ਵਰਗੇ ਲਾਭਦਾਇਕ ਪਸ਼ੂ ਨੂੰ ਘਿਰਣਾ ਯੋਗ ਮੰਨਿਆ ਗਿਆ ਹੈ ਕਿਉਂਕਿ ਉਹ ਮਨੁੱਖ ਦੀ ਅਧੀਨਗੀ ਸਵੀਕਾਰ ਕਰਦਾ ਹੈ ਅਤੇ ਆਪਣੇ ਸੁਜਾਤਿਆਂ ਨਾਲ ਲੜਦਾ ਹੈ।

ਮੁਸਲਮਾਨਾਂ ਦੇ ਪੈਗੰਬਰ, ਹਜ਼ਰਤ ਰਸੂਲ ਦਾ ਫ਼ਰਮਾਨ ਹੈ ਕਿ ਜਿਸ ਵਿਅਕਤੀ ਵਿਚ ਦੇਸ਼ ਭਗਤੀ ਜਾਂ ਵਤਨ ਦਾ ਪਿਆਰ ਨਾ ਹੋਵੇ ਉਸ ਦਾ ਕੋਈ ਇਮਾਨ ਨਹੀਂ ਹੁੰਦਾ। ਜਿਸ ਦਾ ਕੋਈ ਇਮਾਨ ਨਾ ਹੋਵੇ ਉਹ ਪੁਰਸ਼ ਮਨੁੱਖ ਸ਼੍ਰੇਣੀ ਵਿਚ ਗਿਣੇ ਜਾਣ ਦੇ ਯੋਗ ਨਹੀਂ ਹੁੰਦਾ। ਕੌਮੀ ਸੁਤੰਤਰਤਾ ਦੇ ਝੰਡੇ ਦਾ ਮਾਣ ਕਰਨਾ ਸਭ ਦੇਸ਼ ਨਿਵਾਸੀਆਂ ਲਈ ਜ਼ਰੂਰੀ ਹੁੰਦਾ ਹੈ। ਪ੍ਰਾਧੀਨਤਾ ਜਾਂ ਬੇ-ਬਸੀ ਦੀ ਚਾਕਰੀ ਜਿਹੀ ਖੁਆਰੀ ਦੇ ਵਿਰੁੱਧ ਪਰਤੰਤਰਤਾ ਇਕ ਲਾਹਨਤ ਹੈ। ਇਸ ਨੂੰ ਸਵੀਕਾਰ ਕਰਨ ਵਾਲਾ ਕੁਧਰਮੀ ਹੈ। ਸਭ ਤੋਂ ਵੱਡੀ ਲਾਹਨਤ ਬੇ-ਬਸਾਂ ਦੀ ਪਰਤੰਤਰਤਾ ਹੈ ਅਤੇ ਇਸ ਨੂੰ ਸਵੀਕਾਰ ਕਰਨਾ ਸਭ ਤੋਂ ਵੱਧ ਘਿਰਣਾ ਯੋਗ ਹੈ। ਇਹ ਝੰਡਾ ਕਿਸੇ ਖ਼ਾਸ ਗਰੋਹ ਜਾਂ ਵਿਸ਼ੇਸ਼ ਸ਼੍ਰੇਣੀ ਦਾ ਨਹੀਂ। ਇਹ ਸਾਰਿਆਂ ਦਾ ਝੰਡਾ ਹੈ। ਸਾਰੇ ਦੇਸ਼ ਵਾਸੀਆਂ ਦਾ ਸਾਂਝਾ ਝੰਡਾ ਹੈ ਜਿਸ ਦਾ ਸਤਿਕਾਰ ਕਰਨਾ ਸਭ ਦਾ ਫਰਜ਼ ਹੈ ਅਤੇ ਇਸਦੀ ਬੇ-ਅਦਬੀ ਕਰਨ ਵਾਲਿਆਂ ਵਿਰੁੱਧ ਜਹਾਦ ਕਰਨਾ ਯੋਗ ਕਰਤੱਵ ਹੈ। ਜੇ ਇਸ ਦਾ ਅਪਮਾਨ ਕਰਨ ਵਾਲੇ ਦੇਸ਼ ਵਾਸੀ ਹੀ ਹੋਣ ਤਾਂ ਉਨ੍ਹਾਂ ਨੂੰ ਘਿਰਣਾ ਯੋਗ ਮੰਨ ਕੇ ਡੰਨ ਦੇਣਾ ਚਾਹੀਦਾ ਹੈ।

ਮਨੁੱਖ ਨੂੰ ਆਦਤ ਦਾ ਗ਼ੁਲਾਮ ਕਿਹਾ ਗਿਆ ਹੈ। ਪਰਤੰਤਰਤਾ ਵਿਚ ਰਹਿਣ ਵਾਲੇ ਲੋਕਾਂ ਨੂੰ ਪਰਤੰਤਰਤਾ ਦੀ ਵਾਦੀ ਪੈ ਜਾਂਦੀ ਹੈ ਅਤੇ ਉਹ ਆਪਣੇ ਪਤਨ ਦਾ ਅਨੁਭਵ ਕਰਦੇ ਹੋਏ ਆਪਣੇ ਆਪ ਤੋਂ ਮਾਯੂਸ ਹੋ ਜਾਂਦੇ ਹਨ ਅਤੇ ਅਜਿਹੇ ਹੀਜੜੇ ਹੀ ਪਤਨ ਅਤੇ ਲਾਹਨਤ ਦਾ ਜੀਵਨ ਬਿਤਾਉਣ 'ਤੇ ਸ਼ਾਕਰ ਹੋ ਜਾਂਦੇ ਹਨ। ਕਾਸ਼ ਇਹੋ ਜਿਹੀਆਂ ਜ਼ਲੀਲ ਹਸਤੀਆਂ ਅਲੋਪ ਹੋਣ ਤਾਂ ਕਿ ਭੈੜੀਆਂ ਉਦਾਹਰਣਾਂ ਕਾਇਮ ਨਾ ਹੋਣ। ਸੁਤੰਤਰਤਾ ਦਾ ਇਹ ਅਰਥ ਨਹੀਂ ਕਿ ਪਸ਼ੂਆਂ ਅਤੇ ਦਰਿੰਦਿਆਂ ਦੀ ਤਰ੍ਹਾਂ ਇਕ ਦੂਜੇ ਦੀ ਜਾਨ ਦਾ ਵੈਰੀ ਬਣਨਾ, ਡਾਕੇ ਮਾਰਨਾ

ਜਾਂ ਦੂਜਿਆਂ ਦਾ ਮਾਲ ਖੋਹਣਾ। ਇਹ ਪਸ਼ੂਆਂ ਵਾਲੀ ਸੁਤੰਤਰਤਾ ਹੈ। ਮਨੁੱਖੀ ਸੁਤੰਤਰਤਾ ਦੇ ਅਰਥ ਇਹ ਹਨ ਕਿ ਲੋਕ ਖੁਦ ਆਪਣੇ ਪ੍ਰਤੀਨਿਧਾਂ ਰਾਹੀਂ ਆਪਣੇ ਵਿਧਾਨ ਬਣਾਉਣ ਅਤੇ ਉਹਨਾਂ 'ਤੇ ਚੱਲਣ। ਸਾਡਾ ਆਪਣੇ ਬਣਾਏ ਹੋਏ ਵਿਧਾਨ ਦਾ ਸਤਿਕਾਰ ਕਰਨ ਆਪਣਾ ਮਾਣ ਕਰਨਾ ਹੈ। ਜਿਸ ਵਿਧਾਨ ਨੂੰ ਅਸੀਂ ਖੁਦ ਨਾ ਬਣਾਇਆ ਹੋਵੇ ਉਸਦਾ ਸਤਿਕਾਰ ਕਰਨ ਲਈ ਵਿਦੇਸ਼ੀਆਂ ਵਲੋਂ ਸਾਨੂੰ ਮਜਬੂਰ ਕਰਨ ਦਾ ਕੋਈ ਹੱਕ ਨਹੀਂ। ਕਿਸੇ ਵਿਦੇਸ਼ੀ ਨੂੰ ਸਾਡੇ ਲਈ ਕਾਨੂੰਨ ਬਣਾਉਣ ਦਾ ਕੋਈ ਹੱਕ ਨਹੀਂ। ਜਿਹੜਾ ਵਿਦੇਸ਼ੀ ਅਜਿਹਾ ਕਰੇ ਉਸ ਨੂੰ ਦੇਸ਼ ਦਾ ਵੈਰੀ ਸਮਝ ਕੇ ਫਿਟਕਾਰਨਾ ਚਾਹੀਦਾ ਹੈ। ਹੁਣ ਸਾਨੂੰ ਨਵਾਂ ਤਜ਼ਰਬਾ ਕਰਨ ਦਾ ਸਮਾਂ ਮਿਲਿਆ ਹੈ। ਅਸੀਂ ਹੁਣ ਆਪਣੇ ਕਾਨੂੰਨ ਆਪ ਬਣਾ ਸਕਦੇ ਹਾਂ ਅਤੇ ਜੇ ਸਾਡੇ ਵਰਤਮਾਨ ਪ੍ਰਤਿਨਿਧੀ ਆਪਣੇ ਆਪ ਨੂੰ ਅਯੋਗ ਅਤੇ ਨਾਲਾਇਕ ਸਿੱਧ ਕਰਨਗੇ ਤਾਂ ਉਨ੍ਹਾਂ ਦੀ ਥਾਂ ਯੋਗ ਵਿਅਕਤੀ ਚੁਣਾਂਗੇ। ਵਰਤਮਾਨ ਅੰਤਰਿਮ ਸਰਕਾਰ ਨਾਲ ਲੋਕ ਸਖ਼ਤ ਨਾਰਾਜ਼ ਹਨ। ਪਿਛਲੀਆਂ ਚੋਣਾਂ ਵਿਚ ਚੁਣੇ ਕਾਂਗਰਸੀਆਂ 'ਤੇ ਵਿਸ਼ਵਾਸ ਸੀ ਪਰ ਹੁਣ ਉਹ ਘਟ ਰਿਹਾ ਹੈ। ਲੋਕ ਕਾਂਗਰਸ ਉਤੇ ਕਈ ਪ੍ਰਕਾਰ ਦੇ ਦੋਸ਼ ਲਗਾ ਰਹੇ ਹਨ। ਕਾਂਗਰਸੀ ਮੰਤਰੀ ਕੌਮ ਪ੍ਰਸਤੀ ਦੀ ਥਾਂ ਗਰਜ਼ ਪ੍ਰਸਤੀ, ਰਿਸ਼ਵਤਖੋਰੀ ਆਦਿ ਨੂੰ ਅਪਣਾ ਰਹੇ ਹਨ ਅਤੇ ਉਨ੍ਹਾਂ ਤੇ ਇਹ ਦੋਸ਼ ਲਗਾਏ ਜਾ ਰਹੇ ਹਨ। ਕੋਈ ਕਹਿੰਦਾ ਹੈ ਇਹ ਵਰਤਮਾਨ ਵਜ਼ੀਰ ਇਕ ਚੰਡਾਲ-ਚੌਕੜੀ ਹੈ ਜਿਹੜੀ ਕਿ ਦੇਸ਼ ਪਿਆਰ ਦੀ ਥਾਂ ਮੰਤਰਾਲਾ-ਪ੍ਰਸਤੀ, ਪਦਵੀ-ਭਗਤੀ ਆਦਿ ਨੂੰ ਅਪਨਾ ਰਹੇ ਹਨ। ਮੰਤਰੀ ਆਪਣੇ ਸੰਬੰਧੀਆਂ ਅਤੇ ਚਹੇਤਿਆਂ ਦੀ ਪਾਲਣਾ ਕਰ ਰਹੇ ਹਨ। ਮੰਤਰੀ ਬਣਨ ਤੇ ਜਾਂ ਕੋਈ ਪਦਵੀ ਪ੍ਰਾਪਤ ਕਰਨ 'ਤੇ ਉਨ੍ਹਾਂ ਦੇ ਅਜਿਹਾ ਭੂਤ ਸਿਰ ਚੜ੍ਹ ਜਾਂਦਾ ਹੈ ਕਿ ਉਹ ਇਸ ਪੱਖ ਤੋਂ ਅੰਗਰੇਜ਼ਾਂ ਵਾਲਾ ਰਵਈਆ ਧਾਰਨ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ, ਜਿਨ੍ਹਾਂ ਦੀ ਵਿਰੋਧਤਾ ਵਿਚ ਉਹ ਆਪਣੀ ਨਿਜਾਤ ਹੀ ਸਮਝਿਆ ਕਰਦੇ ਸਨ।

(ਅਧੂਰਾ)

ਭਾਗ - 3

ਸਮਕਾਲੀਆਂ ਦੀ ਨਜ਼ਰ ਵਿਚ
ਸਰਦਾਰ ਅਜੀਤ ਸਿੰਘ

ਸਰਦਾਰ ਅਜੀਤ ਸਿੰਘ - ਜਿਵੇਂ ਮੈਂ ਜਾਣਿਆਂ

-ਭਗਤ ਸਿੰਘ ਬਿਲਗਾ

ਚੱਕ ਨੰਬਰ 105 ਬੰਗਾ ਤਹਿਸੀਲ ਜੜ੍ਹਾਂਵਾਲਾ ਜ਼ਿਲ੍ਹਾ ਲਾਇਲਪੁਰ (ਅੱਜ ਦਾ ਫੈਸਲਾਬਾਦ ਪਾਕਿਸਤਾਨ) ਬਾਬੇ ਅਰਜਨ ਸਿੰਘ ਦਾ ਵਿਸ਼ਾਲ ਅਹਾਤਾ। ਦੱਖਣ ਵੱਲ ਸਾਦ ਮੁਰਾਦੇ ਕਮਰਿਆਂ ਦੀ ਇਕ ਲੰਬੀ ਕਤਾਰ ਤੇ ਵਿਹੜੇ ਵਿਚ ਇਕ ਛਾਇਆਦਾਰ ਦਰੱਖਤ। ਇਸਦੇ ਹਰ ਕਮਰੇ ਦੀ ਆਪਣੀ ਦਾਸਤਾਨ ਹੈ ਜਿਨ੍ਹਾਂ ਬਾਰੇ ਕਾਫੀ ਕੁਝ ਲਿਖਿਆ ਜਾ ਸਕਦਾ ਹੈ। ਪਰ ਮੈਂ ਕਮਰਾ ਨੰਬਰ 2 ਦਾ ਹੀ ਜ਼ਿਕਰ ਕਰਾਂਗਾ। ਕਮਰਾ ਨੰਬਰ 1 ਬੀਬੀ ਹੁਕਮ ਕੌਰ ਦਾ ਕਮਰਾ, ਜਿਨ੍ਹਾਂ ਦੇ ਪਤੀ ਸ਼ਹੀਦ ਸਵਰਨ ਸਿੰਘ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਬਾਗ਼ੀਆਨਾ ਪੈਂਫਲਿਟ ਲਿਬਰਟੀ ਆਦਿ ਲਿਖਦੇ ਤੇ ਵੰਡਦੇ ਗ੍ਰਿਫ਼ਤਾਰ ਹੋਏ ਤੇ ਲੰਬੀ ਸਜ਼ਾ ਦੌਰਾਂਨ ਜੇਲ੍ਹ ਦੀਆਂ ਬੰਦ ਕੋਠੀਆਂ ਵਿਚ ਰਹਿ ਤਪਦਿਕ ਦਾ ਸ਼ਿਕਾਰ ਹੋ ਸ਼ਹੀਦ ਹੋ ਗਏ। ਬੀਬੀ ਨੇ ਸਾਰੀ ਉਮਰ ਕਮਰਾ ਨੰਬਰ ਇਕ ਵਿਚ ਗੁਜ਼ਾਰੀ, ਕਮਰਾ ਨੰਬਰ 2– ਬੀਬੀ ਹਰਨਾਮ ਕੌਰ ਦਾ ਕਮਰਾ ਸੀ ਜਿਨ੍ਹਾਂ ਦੇ ਪਤੀ ਸਰਦਾਰ ਅਜੀਤ ਸਿੰਘ ਨੇ ਸਾਰੀ ਉਮਰ ਜਲਾਵਤਨੀ ਵਿਚ ਗੁਜ਼ਾਰੀ ਤੇ ਆਪ ਨੇ ਖ਼ਾਮੋਸ਼ ਜ਼ਿੰਦਗੀ ਬਸਰ ਕਰਦੇ ਹੋਏ ਦਰਾਣੀ ਨਾਲ ਇਸ ਦਰਖ਼ਤ ਦੀ ਛਾਂ ਹੇਠਾਂ ਚਰਖਾ ਕੱਤਿਆ ਤੇ ਦਿਨ ਗੁਜ਼ਾਰੇ।

ਕਮਰਾ ਨੰਬਰ 3, ਪਰਿਵਾਰ ਦੇ ਮੁਖੀ ਬਾਬਾ ਅਰਜਨ ਸਿੰਘ ਜੀ ਦਾ ਕਮਰਾ, ਜਿਹੜੇ ਦਲੇਰ, ਦੇਸ਼ ਭਗਤ ਤੇ ਤਰਕਸ਼ੀਲ ਖ਼ਿਆਲਾਂ ਦੇ ਧਾਰਨੀ ਸਨ। ਸਾਰੇ ਪਰਿਵਾਰ ਨੂੰ ਦਰਅਸਲ ਬਾਗ਼ੀਆਨਾ ਗੁੜ੍ਹਤੀ ਇਨ੍ਹਾਂ ਦੁਆਰਾ ਹੀ ਪ੍ਰਾਪਤ ਹੋਈ।

ਕਮਰਾ ਨੰਬਰ 4 ਤੇ 5, ਬੀਬੀ ਵਿਦਿਆਵਤੀ ਦਾ ਕਮਰਾ, ਸੁਪਤਨੀ ਸਰਦਾਰ ਕਿਸ਼ਨ ਸਿੰਘ, ਜਿਨ੍ਹਾਂ ਨੇ ਮੁਲਕ ਦੀ ਆਜ਼ਾਦੀ ਲਈ ਕਸ਼ਟ ਤੇ ਕੈਦਾਂ ਕੱਟੀਆਂ। ਦਰਅਸਲ ਇਹ ਕਮਰਾ ਸ਼ਹੀਦੇ–ਆਜ਼ਮ ਭਗਤ ਸਿੰਘ ਦਾ ਜਨਮ ਅਸਥਾਨ ਹੈ।

ਬਰ੍ਹਮਾ ਦੀ ਕੈਦ ਤੋਂ ਰਿਹਾਅ ਹੋ ਲਾਲਾ ਲਾਜਪਤ ਰਾਏ ਨੇ ਆਪਣਾ ਲੀਗਲ ਪ੍ਰੋਫੈਸ਼ਨ ਵਕਾਲਤ ਸ਼ੁਰੂ ਕਰ ਦਿੱਤੀ। ਪਰ ਸਰਦਾਰ ਅਜੀਤ ਸਿੰਘ ਨੇ ਆਪਣੀਆਂ ਇਨਕਲਾਬੀ ਸਰਗਰਮੀਆਂ ਜਾਰੀ ਰੱਖੀਆਂ। ਪੰਜਾਬ ਵਿਚ ਭਾਰਤ ਮਾਤਾ ਸੋਸਾਇਟੀ (ਪੰਜਾਬ ਵਿਚ ਬਦਲਵਾਂ ਨਾਂ ਅੰਜਮਨੇ ਮੁਹਿਬਾਨੇ ਵਤਨ) ਨੂੰ

ਮਜ਼ਬੂਤ ਕਰਨ ਤੇ ਇਸ ਵਿਚ ਬਿਨਾਂ ਲਿਹਾਜ਼ ਮਜ਼੍ਹਬੋ-ਮਿਲਤ ਪੰਜਾਬੀਆਂ ਨੂੰ ਸ਼ਾਮਲ ਕਰਨ ਲਈ ਆਪਣੀ ਕੋਸ਼ਿਸ਼ ਜਾਰੀ ਰੱਖੀ। ਜਾ ਦਿੱਲੀ ਲਾਲਾ ਹਰਦਿਆਲ ਨਾਲ ਮਿਲ ਭਾਰਤ ਮਾਤਾ ਸੋਸਾਇਟੀ ਦੀ ਬੁਨਿਆਦ ਰੱਖੀ। ਜਦ ਪੰਜਾਬ ਵਿਚ ਉਨ੍ਹਾਂ ਦੇ ਸਾਥੀ ਅਖ਼ਬਾਰ ਨਵੀਸ ਗ੍ਰਿਫ਼ਤਾਰ ਕਰਕੇ ਕੈਦ ਕਰ ਦਿੱਤੇ ਤਾਂ ਉਨ੍ਹਾਂ ਨੇ ਅਲਾਹਾਬਾਦ ਤੋਂ ਅਖ਼ਬਾਰ ਛਾਪਣਾ ਸ਼ੁਰੂ ਕਰ ਦਿੱਤਾ, ਜਿਸ ਵਿਚ ਇਕ ਤੋਂ ਬਾਅਦ ਦੂਸਰਾ ਸੱਤ ਐਡੀਟਰ ਕੈਦ ਹੋਏ ਤੇ ਕੁਝ ਇਕ ਨੂੰ ਅੰਡੇਮਾਨ ਜੇਲ੍ਹ ਵੀ ਭੇਜ ਦਿੱਤਾ। ਤਦ ਨੂੰ ਸੂਫ਼ੀ ਅੰਬਾ ਪ੍ਰਸਾਦ ਇਨ੍ਹਾਂ ਨਾਲ ਆ ਮਿਲੇ ਤਾਂ ਇਸ ਇਨਕਲਾਬੀ ਲਹਿਰ ਨੇ ਜ਼ੋਰ ਫੜਨਾ ਸ਼ੁਰੂ ਕਰ ਦਿੱਤਾ। ਉਸ ਵੇਲੇ ਭਾਈ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰ ਜ਼ਿੰਦਗੀ ਭਰ ਸਿੰਘਾਪੁਰ ਜੇਲ੍ਹ ਵਿਚ ਕੈਦ ਰੱਖਿਆ ਗਿਆ ਸੀ। ਮਹਾਰਾਸ਼ਟਰ ਦੇ ਗੁਰੀਲਾ ਲੀਡਰ ਬਲਵੰਤ ਫਾਦਕੇ ਨੂੰ ਗ੍ਰਿਫ਼ਤਾਰ ਕਰ ਅਦਨ-ਅਰਬ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਸੀ। ਉਸ ਵਿਚ ਹੀ ਉਨ੍ਹਾਂ ਦਾ ਅੰਤ ਹੋਇਆ ਹੈ। ਇਸੇ ਤਰ੍ਹਾਂ ਮੱਕਾ ਸ਼ਰੀਫ਼ ਤੋਂ ਗ੍ਰਿਫ਼ਤਾਰ ਕੀਤੇ ਗਏ ਸ਼ੇਖ-ਉਲ-ਹਿੰਦ ਮਦਨੀ ਆਦਿ ਨੂੰ ਮਾਲਟਾ ਜੇਲ੍ਹ ਭੇਜ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਨੂੰ ਵੇਖਦਿਆਂ ਲੋਕਾਂ ਵਿਚ ਆਮ ਚਰਚਾ ਛਿੜ ਗਈ ਕਿ ਸਰਦਾਰ ਅਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰ ਕਿਸੇ ਦੂਰ ਦੁਰੇਡੇ ਦੇ ਮੁਲਕ ਦੀ ਜੇਲ੍ਹ ਵਿਚ ਜ਼ਿੰਦਗੀ ਭਰ ਬੰਦ ਕਰ ਦਿੱਤਾ ਜਾਏਗਾ। ਫ਼ੈਸਲਾ ਹੋਇਆ ਕਿ ਇਸ ਤੋਂ ਬਿਹਤਰ ਹੈ ਕਿ ਕਿਸੇ ਨਜ਼ਦੀਕੀ ਦੇਸ਼ ਵਿਚ ਪਨਾਹ ਲਈ ਜਾਏ ਤੇ ਮੁਲਕ ਦੀ ਆਜ਼ਾਦੀ ਦੀ ਜੰਗ ਨੂੰ ਜਾਰੀ ਰੱਖਿਆ ਜਾਏ। ਸਰਦਾਰ ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸਾਦ, ਕੇਦਾਰ ਨਾਥ, ਜ਼ਿਆ ਉਲ ਹੱਕ ਕਰਾਚੀ ਅੱਪੜ ਗਏ ਤੇ ਉਥੋਂ ਅਗਨਬੋਟ ਫੜ ਈਰਾਨ ਦੀ ਬੰਦਰਗਾਹ ਬੁਸ਼ੇਰ ਜਾ ਉੱਤਰੇ। ਈਰਾਨ ਦੀ ਡੈਮੋਕਰੇਟਿਕ ਪਾਰਟੀ ਦੇ ਲੀਡਰ ਸੱਯਦ ਅਬਦੁਲ ਬੀਬੀਹਾਨੀ ਨੂੰ ਜਾ ਮਿਲੇ। ਉਸਨੇ ਇਨ੍ਹਾਂ ਨੂੰ ਖ਼ਬਰਦਾਰ ਕੀਤਾ ਕਿ ਉਤਰੀ ਈਰਾਨ 'ਤੇ ਅਮਲੀ ਤੌਰ 'ਤੇ ਜ਼ਾਰ ਰੂਸ ਦਾ ਕਬਜ਼ਾ ਹੈ ਤੇ ਦੱਖਣੀ ਈਰਾਨ 'ਤੇ ਅੰਗਰੇਜ਼ਾਂ ਦਾ। ਤੁਹਾਡੇ ਇਥੇ ਪੁੱਜਣ ਦੀ ਅੰਗਰੇਜ਼ਾਂ ਨੂੰ ਜਦ ਵੀ ਖ਼ਬਰ ਲੱਗੀ ਉਹ ਤੁਹਾਨੂੰ ਗ੍ਰਿਫ਼ਤਾਰ ਕਰ ਲੈਣਗੇ। ਬਿਹਤਰ ਹੈ ਤੁਸੀਂ ਛੇਤੀ ਤੋਂ ਛੇਤੀ ਇਥੋਂ ਪੱਤਰਾ ਵਾਚ ਜਾਵੋ।

ਉੱਤਰੀ ਈਰਾਨ 'ਤੇ ਜ਼ਾਰ ਰੂਸ ਦਾ ਤੇ ਦੱਖਣੀ ਈਰਾਨ 'ਤੇ ਅੰਗਰੇਜ਼ਾਂ ਦਾ ਕਬਜ਼ਾ, ਪਰ ਦਰਮਿਆਨ ਦੇ ਵਿਚ ਇਕ ਬਫਰ ਟਰਾਈਬਲ ਇਲਾਕਾ ਸੀ ਜਿਸ 'ਤੇ ਬਾਗ਼ੀ ਟ੍ਰਾਈਬਲ ਖਾਨਾਂ ਦਾ ਰਾਜ ਸੀ। ਅੰਗਰੇਜ਼ਾਂ ਦੇ ਹੇਠ ਆਏ ਇਲਾਕੇ ਵਿਚ ਕੁਝ ਪੱਕੇ ਕੱਚੇ ਰਸਤੇ 'ਤੇ ਟਰਾਂਸਪੋਰਟ ਦਾ ਇੰਤਜ਼ਾਮ ਵੀ ਸੀ। ਇਸ 'ਤੇ ਚਲਦਿਆਂ ਉਨ੍ਹਾਂ ਦੀ ਗ੍ਰਿਫ਼ਤਾਰੀ ਹੋ ਜਾਣੀ ਸੀ। ਇਸ ਵਾਸਤੇ ਫ਼ੈਸਲਾ ਕੀਤਾ ਕਿ ਖਾਨਾਂ ਦੇ ਇਸ ਖਫਰ ਇਲਾਕੇ ਥਾਈਂ ਸਫ਼ਰ ਕੀਤਾ ਜਾਏ, ਜਿਸ 'ਤੇ ਕਿਤੇ-ਕਿਤੇ ਪਗਡੰਡੀ, ਕਿਤੇ ਕਿਤੇ ਬਿਖੜੇ ਰਾਹ ਤੇ ਦੁਸ਼ਵਾਰ ਗੁਜ਼ਰਗਾਹਾਂ ਸਨ। ਪੈਦਲ ਚਾਲੇ ਪਾ ਦਿੱਤੇ। ਪਹਿਲੇ ਪੜਾਅ 'ਤੇ ਤੁੰਗਸਤਾਨ ਦੇ ਖ਼ਾਨ ਜੋਰੀ ਖਿਜ਼ਰ ਦੇ ਇਲਾਕੇ ਵਿਚ ਦਾਖ਼ਲ

ਹੋਏ ਤਾਂ ਉਸਨੇ ਉਨ੍ਹਾਂ ਦਾ ਸ਼ਾਹਾਨਾ ਸਵਾਗਤ ਕੀਤਾ। ਇਸ ਤਰ੍ਹਾਂ ਆਪ ਅੱਗੇ ਚੱਲ ਦੂਸਰੇ ਖ਼ਾਨ ਦੇ ਇਲਾਕੇ ਵਿਚ ਚਲੇ ਗਏ। ਮੀਟਿੰਗ ਕੀਤੀ, ਜਿਸ ਵਿਚ ਫ਼ੈਸਲਾ ਹੋਇਆ ਕਿ ਸੂਫ਼ੀ ਅੰਬਾ ਪ੍ਰਸਾਦ ਅੱਗੇ-ਅੱਗੇ ਰਸਤੇ ਦੀ ਨਿਗਾਹਬਾਨੀ ਕਰਦੇ ਜਾਣ ਤੇ ਸ਼ੀਰਾਜ਼ ਅੱਪੜ ਕੇ ਡੈਮੋਕਰੇਟਿਕ ਪਾਰਟੀ ਦੇ ਮਹਾਨ ਲੀਡਰ ਮਿਰਜ਼ਾ ਮੁਹੰਮਦ ਖਾਂ ਮੌਲਵੀ ਨੂੰ ਮਿਲਣ ਤੇ ਕੋਸ਼ਿਸ਼ ਕਰਨ ਕਿ ਉਹ ਸਰਦਾਰ ਅਜੀਤ ਸਿੰਘ ਤੇ ਸੂਫ਼ੀ ਸਾਹਿਬ ਦੀ ਪਨਾਹ ਦਾ ਇੰਤਜ਼ਾਮ ਕਰਨ। ਕੇਦਾਰ ਨਾਥ ਧੂਰੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਅਮਰੀਕਾ ਅੱਪੜ ਜਾਣ ਦਾ ਹੁਕਮ ਹੋਇਆ। ਉਹ ਅਮਰੀਕਾ ਵਿਚ ਪਹੁੰਚ ਕੇ ਹਜ਼ਾਰਾਂ ਪੰਜਾਬੀ ਇਮੀਗਰੈਂਟਾਂ ਨੂੰ ਮੁਲਕ ਦੀ ਆਜ਼ਾਦੀ ਲਈ ਸੁਚੇਤ ਕਰਨ। ਦਰਅਸਲ ਸਭ ਤੋਂ ਪਹਿਲਾਂ ਅਮਰੀਕੀ ਪੰਜਾਬੀ ਕਿਸਾਨਾਂ ਵਿਚ ਆਜ਼ਾਦੀ ਦਾ ਪ੍ਰਚਾਰ ਜਗ੍ਹਾ ਜਗ੍ਹਾ ਕੇਦਾਰ ਨਾਥ ਨੇ ਹੀ ਸ਼ੁਰੂ ਕੀਤਾ। (ਦੇਖੋ ਗ਼ਦਰ ਪਾਰਟੀ ਦਾ ਇਤਿਹਾਸ ਵਲੋਂ ਗੁਰਚਰਨ ਸਿੰਘ ਸਹਿੰਸਰਾ)।

ਇਕ ਖ਼ਾਨ ਤੋਂ ਦੂਜੇ ਖ਼ਾਨ ਦੇ ਇਲਾਕੇ ਵਿਚ ਜਾਂਦਿਆਂ ਰਸਤੇ ਵਿਚ ਲੁਟੇਰਿਆਂ ਨੇ ਹਮਲੇ ਕਰ ਉਨ੍ਹਾਂ ਨੂੰ ਲੁੱਟਿਆ ਵੀ ਪਰ ਆਮ ਤੌਰ 'ਤੇ ਖਾਨਾਂ ਦੇ ਇਲਾਕਿਆਂ ਦੇ ਲੋਕਾਂ ਨੇ ਹਿੰਦੋਸਤਾਨ ਦੇ ਅਜ਼ਾਦੀ-ਪਸੰਦ ਲੀਡਰਾਂ ਦੀ ਪੁਰਜ਼ੋਰ ਹਮਾਇਤ ਤੇ ਮਾਲੀ ਮਦਦ ਕੀਤੀ ਤੇ ਹਰ ਕਿਸਮ ਦੀ ਸਹਾਇਤਾ ਦਿੱਤੀ। ਭਾਵੇਂ ਇਹ ਟਰਾਈਬਲ ਲੋਕ ਸਨ, ਇਨ੍ਹਾਂ ਨੂੰ ਈਰਾਨ ਦੀ ਆਜ਼ਾਦੀ ਦੀ ਤੜਪ ਸੀ। ਉਹ ਜ਼ਾਰ ਰੂਸ ਤੇ ਅੰਗਰੇਜ਼ਾਂ ਦੇ ਕਬਜ਼ੇ ਵਿਚ ਆਏ ਇਲਾਕੇ ਛੁਡਾਉਣਾ ਚਾਹੁੰਦੇ ਸਨ ਤੇ ਈਰਾਨ ਦੀ ਡੈਮੋਕਰੇਟਿਕ ਪਾਰਟੀ ਨਾਲ ਮਿਲ ਕੇ ਮੁਲਕ ਨੂੰ ਇਕ ਖ਼ੁਦਮੁਖ਼ਤਾਰ ਆਜ਼ਾਦ ਦੇਸ਼ ਦੇਖਣ ਲਈ ਜਦੋਜਹਿਦ ਕਰਦੇ ਸਨ। ਇਸ ਲਈ ਕੁਦਰਤੀ ਤੌਰ 'ਤੇ ਉਨ੍ਹਾਂ ਦਾ ਹਿੰਦੋਸਤਾਨ ਦੀ ਆਜ਼ਾਦੀ ਤੇ ਆਜ਼ਾਦੀ-ਪਸੰਦ ਲੀਡਰਾਂ ਵੱਲ ਹਮਦਰਦੀ ਭਰਿਆ ਰਵੱਈਆ ਸੀ। ਅੰਗਰੇਜ਼ਾਂ ਨੂੰ ਪਤਾ ਲੱਗਣ 'ਤੇ ਉਨ੍ਹਾਂ ਨੇ ਆਪਣੇ ਘੋੜਸਵਾਰ ਦਸਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਇਸ ਆਜ਼ਾਦ ਇਲਾਕੇ ਵੱਲ ਭੇਜੇ। ਪਰ ਖ਼ਾਨ ਅਲੀ ਖ਼ਾਨ ਨੇ ਉਨ੍ਹਾਂ ਨੂੰ ਲਲਕਾਰਿਆ ਕਿ "ਜ਼ਿੰਦਗੀ ਦਾ ਭਲਾ ਚਾਹੁੰਦੇ ਹੋ ਤਾਂ ਇਨ੍ਹਾਂ ਦਾ ਪਿੱਛਾ ਕਰਨਾ ਛੱਡ ਦਿਓ। ਇਹ ਤੁਹਾਡੇ ਹਵਾਲੇ ਕਦੇ ਨਹੀਂ ਕੀਤੇ ਜਾਣਗੇ ਅਤੇ ਇਨ੍ਹਾਂ ਦੀ ਪੂਰੀ ਰੱਖਿਆ ਕੀਤੀ ਜਾਵੇਗੀ। ਇਸ ਮਹਾਨ ਕੰਮ ਲਈ ਅਸੀਂ ਆਪਣੀ ਜਾਨ ਦੀ ਬਾਜ਼ੀ ਵੀ ਲਾ ਸਕਦੇ ਹਾਂ।"

ਕੇਦਾਰ ਨਾਥ ਅਮਰੀਕਾ ਅੱਪੜ ਗਏ। ਜ਼ਿਆ ਉਲ ਹੱਕ ਵਾਪਸ ਦੇਸ਼ ਪਰਤ ਕੇ ਹਦਾਇਤਾਂ ਮੁਤਾਬਕ ਕੰਮ ਵਿਚ ਰੁਝ ਗਿਆ। ਸੂਫ਼ੀ ਅੰਬਾ ਪ੍ਰਸਾਦ ਸ਼ਿਰਾਜ਼ ਕੋਲ ਪਹੁੰਚਿਆ ਤਾਂ ਉਸਨੇ ਆਪਣੀ ਜੱਦੀ ਜਾਇਦਾਦ ਸ਼ੀਰਾਜ਼ ਤੋਂ ਕੁਝ ਮੀਲ ਦੂਰ ਉਸਨੂੰ ਅਪੜਾ ਦਿੱਤਾ। ਅੰਗਰੇਜ਼ਾਂ ਦੇ ਕੰਨੋ ਕੰਨ ਖ਼ਬਰ ਨਾ ਹੋਣ ਦਿੱਤੀ। ਸੂਫ਼ੀ ਅੰਬਾ ਪ੍ਰਸਾਦ ਤਾਂ ਜ਼ਿੰਦਗੀ ਭਰ ਆਪਣੇ ਪੈਦਾ ਕੀਤੇ ਹੋਏ ਮੁਰੀਦਾਂ ਵਿਚ ਮਸ਼ਗੂਲ ਰਹੇ। ਪਹਿਲੇ ਸੰਸਾਰ ਜੰਗ ਦੌਰਾਨ ਆਪ ਨੂੰ ਤੇ ਆਪ ਦੇ ਦੋ ਸਾਥੀਆਂ ਬਸੰਤ ਸਿੰਘ ਚੌਂਦ

ਤੇ ਕੇਦਾਰ ਨਾਥ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਕਿਉਂਕਿ ਆਪ ਨੇ ਈਰਾਨ ਦੀ ਡੈਮੋਕਰੇਟਿਕ ਫੌਜ ਨਾਲ ਮਿਲ ਬਲੋਚਸਤਾਨ ਵਿਚ ਅੰਗਰੇਜ਼ ਜਨਰਲ ਸਾਈਕਸ ਦੀਆਂ ਫੌਜਾਂ ਨੂੰ ਵਖਤ ਪਾ ਛੱਡਿਆ। ਇਸ ਲਈ ਗ੍ਰਿਫ਼ਤਾਰ ਹੋਣ 'ਤੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਦੋਵੇਂ ਸਾਥੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਅਤੇ ਇਨ੍ਹਾਂ ਦੇ ਦੂਸਰੇ ਸਾਥੀ ਹਰਨਾਮ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਰਹਿ ਗਏ ਸਰਦਾਰ ਅਜੀਤ ਸਿੰਘ ਜੀ ਇਕੱਲੇ ਜਿਨ੍ਹਾਂ ਨੇ ਆਪਣਾ ਨਾਂ ਬਦਲ ਕੇ ਮਿਰਜ਼ਾ ਹਸਨ ਖ਼ਾਨ ਰੱਖ ਈਰਾਨੀ ਪਾਸਪੋਰਟ ਹਾਸਲ ਕਰ ਲਿਆ ਸੀ। ਈਰਾਨ ਵਿਚ ਇਨ੍ਹਾਂ ਨੂੰ ਖ਼ਤਰਾ ਹੀ ਖ਼ਤਰਾ ਸੀ। ਇਸ ਲਈ ਈਰਾਨ ਦੇ ਇਨਕਲਾਬੀਆਂ ਦੀ ਮਦਦ ਨਾਲ ਆਪ ਸ਼ੀਰਾਜ਼ ਤੋਂ ਨਿਕਲ ਟਰਕੀ, ਰਸ਼ੀਆ ਹੁੰਦੇ ਹੋਏ ਫਰਾਂਸ ਅੱਪੜ ਗਏ। ਉਸ ਵੇਲੇ ਸਾਰੇ ਯੂਰਪ 'ਤੇ ਜੰਗ ਦੇ ਬੱਦਲ ਛਾਏ ਹੋਏ ਸਨ। ਮਦਨ ਲਾਲ ਢੀਂਗਰਾ ਦੀ ਸ਼ਹਾਦਤ ਤੋਂ ਬਾਅਦ ਲੰਡਨ ਦੇ ਇੰਡੀਆ ਹਾਊਸ ਦੇ ਇਨਕਲਾਬੀਆਂ ਸ਼ਾਮ ਜੀ ਕ੍ਰਿਸ਼ਨ ਵਰਮਾ ਆਦਿ ਨੂੰ ਲੰਡਨ ਛੱਡਣਾ ਪਿਆ ਤੇ ਉਨ੍ਹਾਂ ਆ ਫਰਾਂਸ ਵਿਚ ਡੇਰੇ ਲਾਏ। ਫਰਾਂਸ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਸ ਲਈ ਉਨ੍ਹਾਂ ਨੇ ਸਵਿਟਜ਼ਰਲੈਂਡ, ਦੁਨੀਆਂ ਦੇ ਗਿਣੇ ਮਿਥੇ ਨਿਊਟਰਲ ਮੁਲਕ, ਵਿਚ ਜਾ ਪਨਾਹ ਲਈ। ਸਰਦਾਰ ਅਜੀਤ ਸਿੰਘ ਦੀ ਵੀ ਫਰਾਂਸੀਸੀ ਪੁਲਸ ਵਲੋਂ ਨਿਗਰਾਨੀ ਹੋ ਰਹੀ ਸੀ। ਆਪ ਵੀ ਫਰਾਂਸ ਛੱਡ ਸਵਿਟਜ਼ਰਲੈਂਡ ਚਲੇ ਗਏ, ਜਿਥੇ ਈਰਾਨ ਦੇ ਡੈਮੋਕਰੇਟਿਕ ਇਨਕਲਾਬੀ ਪਾਰਟੀ ਦੇ ਲੋਕਾਂ ਨੇ ਯੂਰਪ ਵਿਚ ਜਲਾਵਤਨੀ ਦੇ ਦੌਰਾਨ ਉਨ੍ਹਾਂ ਦੀ ਹਰ ਤਰ੍ਹਾਂ ਪੁੱਜ ਕੇ ਮਦਦ ਕੀਤੀ। ਉਥੇ ਉਨ੍ਹਾਂ ਦੀ ਆਪਣੀ ਇਕ ਸਿਫ਼ਤ ਵੀ ਜ਼ਿੰਦਗੀ ਭਰ ਉਨ੍ਹਾਂ ਕੰਮ ਆਈ। ਉਹ ਕਈ ਜ਼ਬਾਨਾਂ ਪੜ੍ਹਾਉਣ ਦੇ ਮਾਹਰ ਸਨ, ਜਿਥੇ ਜਾਂਦੇ ਉਰਦੂ, ਫ਼ਾਰਸੀ, ਅੰਗਰੇਜ਼ੀ, ਫ਼ਰੈਂਚ, ਸਪੈਨਿਸ਼, ਜਰਮਨੀ ਸਿਖਾਉਣ ਦੇ ਸਕੂਲ ਖੋਲ੍ਹ ਲੈਂਦੇ ਤੇ ਆਪਣਾ ਗੁਜ਼ਾਰਾ ਇਸਦੀ ਆਮਦਨੀ 'ਤੇ ਕਰਦੇ। ਇਸ ਲਈ ਜਦ ਉਨ੍ਹਾਂ ਦੀ ਜ਼ਿੰਦਗੀ 'ਤੇ ਨਜ਼ਰ ਮਾਰੀ ਜਾਂਦੀ ਹੈ ਤਾਂ ਮਲੂਮ ਹੁੰਦਾ ਹੈ ਕਿ ਉਹ ਕਿਸੇ ਪਾਰਟੀ ਜਾਂ ਮੁਲਕ ਦੇ ਕਦੇ ਮੁਹਤਾਜ਼ ਨਹੀਂ ਰਹੇ, ਆਪਣੀ ਕਮਾਈ ਕੀਤੀ ਤੇ ਗੁਜ਼ਾਰਾ ਕੀਤਾ। ਸਗੋਂ ਇਸ ਕਮਾਈ ਵਿਚੋਂ ਬਚਤ ਕਰ ਦੇਸ਼ਵਾਸੀਆਂ ਦੀ ਵੀ ਸੇਵਾ ਕੀਤੀ।

ਸ਼ਾਮ ਜੀ ਕ੍ਰਿਸ਼ਨ ਵਰਮਾ ਗੁਜਰਾਤ ਦੇ ਅਰਥ ਸ਼ਾਸਤਰ ਦੇ ਮਾਹਰ ਸਨ। ਆਪ ਸ਼ੇਅਰਾਂ ਦੀ ਖਰੀਦੋ ਫਰੋਖ਼ਤ ਦੇ ਮਹਾਨ ਕਨਸਲਟੈਂਟ ਸਨ। ਸ਼ੇਅਰਾਂ ਦਾ ਵਪਾਰ ਕਰਨ ਵਾਲੇ ਲੋਕ ਆਪ ਨੂੰ ਫੀਸ ਦਿੰਦੇ ਤੇ ਸਲਾਹ ਮਸ਼ਵਰਾ ਲੈਂਦੇ। ਇੰਡੀਆ ਵਿਚ ਵੀ ਉਹ ਚੰਗੇ ਦੌਲਤਮੰਦ ਹੀ ਸਮਝੇ ਜਾਂਦੇ ਸਨ। ਆਪ ਨੂੰ ਦੇਸ਼ ਪ੍ਰੇਮ ਦਾ ਸ਼ੌਕ ਸੀ। ਇਨਕਲਾਬੀ ਰੁਚੀ ਰੱਖਦੇ ਸਨ। ਆਪਣੀ ਕਮਾਈ ਦਾ ਸਾਰਾ ਹਿੱਸਾ ਵਿਦਿਆਰਥੀਆਂ ਦੀ ਇੰਗਲੈਂਡ ਵਿਚ ਤੇ ਯੂਰਪ ਵਿਚ ਮਾਲੀ ਮਦਦ ਕਰਦੇ ਜਿਨ੍ਹਾਂ ਵਿਚੋਂ ਕਈ ਇਕ ਹਿੰਦੋਸਤਾਨ ਦੇ ਨਾਮਵਰ ਸਿਆਸਤਦਾਨ ਬਣੇ। ਆਪਣੇ ਆਪ 'ਤੇ ਉਹ ਘੱਟ ਤੋਂ ਘੱਟ ਖਰਚ ਕਰਦੇ ਅਤੇ ਸਾਦਾ ਰੋਟੀ ਤੇ ਰਿਹਾਇਸ਼ 'ਤੇ ਬੜੀ ਕੰਜੂਸੀ ਕਰਦੇ ਸਨ।

ਸਰਦਾਰ ਅਜੀਤ ਸਿੰਘ ਜੀ ਜਦ ਇਨ੍ਹਾਂ ਪਾਸ ਸਵਿਟਜ਼ਰਲੈਂਡ ਅੱਪੜੇ ਤਾਂ ਉਹ ਦੱਸਦੇ ਹਨ ਕਿ ਸ਼ਾਮ ਜੀ ਕ੍ਰਿਸ਼ਨ ਵਰਮਾ ਲਾਇਬ੍ਰੇਰੀਆਂ ਵਿਚ ਸਵਿਟਜ਼ਰਲੈਂਡ ਦੇ ਅਖ਼ਬਾਰਾਂ ਦਾ ਮੁਤਾਲਿਆ ਕਰਦੇ। ਇੰਗਲੈਂਡ ਤੋਂ ਤੇ ਫਰਾਂਸ ਤੋਂ ਆਪਣੇ ਖ਼ਰਚ 'ਤੇ ਅਖ਼ਬਾਰਾਂ ਮੰਗਵਾਉਂਦੇ ਪਰ ਮੇਰੇ ਜ਼ਬਾਨਾਂ ਦੇ ਸਕੂਲ ਵਿਚ ਅੱਪੜ ਮੇਰੀਆਂ ਖਰੀਦੀਆਂ ਮੈਗਜ਼ੀਨਾਂ ਤੇ ਅਖ਼ਬਾਰ ਵੀ ਲੈ ਜਾਂਦੇ। ਉਨ੍ਹਾਂ ਦੀ ਇਸ ਅਤਿਅੰਤ ਕਫਾਇਤਸ਼ੁਆਰੀ ਦਾ ਜ਼ਿਕਰ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਕੀਤਾ ਹੈ। ਪਰ ਆਪ ਨੇ ਕੰਜੂਸੀ ਕਦੇ ਵੀ ਆਪਣੇ ਨਿੱਜੀ ਹਿੱਤਾਂ ਲਈ ਨਹੀਂ ਕੀਤੀ। ਆਪਣੀ ਆਮਦਨੀ ਦੀ ਇਸ ਬੱਚਤ ਨੂੰ ਉਹ ਮੁਲਕ ਦੀ ਇਨਕਲਾਬੀ ਲਹਿਰ ਨੂੰ ਮਜ਼ਬੂਤ ਕਰਨ 'ਤੇ ਹੀ ਖ਼ਰਚ ਕਰਦੇ। ਉਹ ਬੜੇ ਸੂਝਵਾਨ ਸਨ। ਉਨ੍ਹਾਂ ਨੂੰ ਜਰਮਨੀ ਤੇ ਕੈਸਰ ਜਰਮਨੀ ਦੇ ਖ਼ਿਆਲਾਂ ਦਾ ਵੀ ਪਤਾ ਸੀ। ਅੰਗਰੇਜ਼ਾਂ ਨਾਲ ਆਪਣੀ ਦੁਸ਼ਮਣੀ ਦਾ ਵੀ ਗਿਆਨ ਸੀ। ਉਹ ਇਹ ਜਾਣਦੇ ਸਨ ਕਿ ਦੁਸ਼ਮਣ ਦੇ ਦੁਸ਼ਮਣ ਤੋਂ ਇਕ ਹੱਦ ਤੱਕ ਫਾਇਦਾ ਤਾਂ ਉਠਾਇਆ ਜਾ ਸਕਦਾ ਹੈ ਪਰ ਉਹ ਗ਼ੁਲਾਮ ਮੁਲਕਾਂ ਦੀ ਆਜ਼ਾਦੀ ਦੇ ਅਲੰਬਰਦਾਰ ਨਹੀਂ ਹੋ ਸਕਦੇ। ਇਸ ਲਈ ਆਪ ਜਰਮਨੀ ਤੇ ਟਰਕੀ ਤੋਂ ਵੀ ਮੁਹਤਾਤ ਸਨ ਤੇ ਅੰਗਰੇਜ਼ਾਂ ਨਾਲ ਟੱਕਰ ਲੈਣ ਦੇ ਵੀ ਹਾਮੀ ਸਨ। ਇਨ੍ਹਾਂ ਖ਼ਿਆਲਾਂ ਤੋਂ ਉਨ੍ਹਾਂ ਨੇ ਲਾਲਾ ਹਰਦਿਆਲ ਨੂੰ ਵੀ ਜਾਣੂ ਕਰਵਾਇਆ ਸੀ ਤੇ ਲਾਲਾ ਹਰਦਿਆਲ ਨੂੰ ਜਰਮਨੀ ਜਾਣ ਤੋਂ ਰੋਕਣ. ਦੀ ਵੀ ਸਲਾਹ ਦਿੱਤੀ ਸੀ ਤੇ ਸਾਫ਼ ਕਿਹਾ ਸੀ ਕਿ ਜਰਮਨੀ ਹਿੰਦੋਸਤਾਨ ਦੀ ਆਜ਼ਾਦੀ ਲਈ ਹਮਦਰਦ ਨਹੀਂ ਹੋ ਸਕਦਾ, ਇਸ ਨਾਲ ਮੇਲ ਮਿਲਾਪ ਕਰਨ ਲੱਗਿਆਂ ਚੌਕੰਨੇ ਰਹਿਣ ਦੀ ਲੋੜ ਹੈ।

ਸ. ਅਜੀਤ ਸਿੰਘ ਜੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਬੈਲਜੀਅਮ ਅੱਪੜ ਗਏ। ਕੋਸ਼ਿਸ਼ ਵਿਚ ਸਨ ਕਿ ਜਾ ਬਰਲਨ ਕਮੇਟੀ ਵਿਚ ਸ਼ਾਮਲ ਹੋਣ ਜਿਸ ਵਿਚ ਉਸ ਵੇਲੇ ਲਾਲਾ ਹਰਦਿਆਲ, ਬਰਕਤਉਲ੍ਹਾ, ਮੈਡਮ ਕਾਮਾ, ਚਟੋਪਾਧਿਆਏ ਆਦਿ ਇਨਕਲਾਬੀ ਵੀ ਸ਼ਾਮਲ ਸਨ। ਪਰ ਬਦਕਿਸਮਤੀ ਨਾਲ ਬਰਲਨ ਕਮੇਟੀ ਵਿਚ ਉਹ ਲੋਕ ਵੀ ਆ ਸ਼ਾਮਲ ਹੋਏ ਜਿਨ੍ਹਾਂ ਨੂੰ ਵਾਕਿਆਤ ਨੇ ਮਜ਼ਬੂਰ ਕੀਤਾ। ਉਹ ਜ਼ਿਆਦਾਤਰ ਪ੍ਰੋਫੈਸਰ ਆਦਿ ਸਨ ਜਿਨ੍ਹਾਂ ਨੂੰ ਇਨਕਲਾਬੀ ਪਾਣ ਘੱਟ ਹੀ ਸੀ ਤੇ ਜਰਮਨ ਹਕੂਮਤ ਦੀ ਚਾਪਲੂਸੀ ਤੋਂ ਵੱਧ ਆਪਣਾ ਕਿਰਦਾਰ ਨਹੀਂ ਸਨ ਜਾਣਦੇ। ਇਨ੍ਹਾਂ ਨੇ ਅਮਰੀਕਾ ਦੇ ਗ਼ਦਰ ਕਾਂਸਪਰੇਸੀ ਕੇਸ ਵਿਚ ਜੋ ਕਮਜ਼ੋਰੀਆਂ ਦਿਖਾਈਆਂ ਉਨ੍ਹਾਂ ਤੋਂ ਜ਼ਾਹਰ ਹੁੰਦਾ ਸੀ ਕਿ ਇਹ ਤਾਂ ਆਪਣਾ ਵਕਤ ਟਪਾਉਣ ਲਈ ਤੇ ਜਰਮਨ ਹਕੂਮਤ ਤੋਂ ਮਾਲੀ ਇਮਦਾਦ ਹਾਸਲ ਕਰਨ ਲਈ ਹੀ ਬਰਲਨ ਕਮੇਟੀ ਵਿਚ ਸ਼ਾਮਲ ਹੋਏ ਸਨ।

ਬੈਲਜ਼ੀਅਮ ਅੱਪੜ ਕੇ ਸਰਦਾਰ ਅਜੀਤ ਸਿੰਘ ਨੇ ਬਰਲਨ ਜਾਣ ਦੀ ਤੇ ਆਪਣੇ ਇਨਕਲਾਬੀ ਸਾਥੀਆਂ ਨਾਲ ਮਿਲਣ ਦੀ ਧਾਰੀ ਹੋਈ ਸੀ। ਤਦ ਤੱਕ ਸਭ ਸਰਹੱਦਾਂ ਬੰਦ ਹੋ ਚੁੱਕੀਆਂ ਸਨ, ਲੜਾਈ ਸ਼ੁਰੂ ਹੋ ਗਈ ਸੀ। ਵਾਪਸ ਪੈਰਿਸ ਆਉਣ 'ਤੇ ਪੈਰਿਸ ਵਿਚ ਹਫੜਾ ਦਫੜੀ ਖੋਹ-ਖਿੱਚ, ਲੁੱਟ ਦਾ ਬਾਜ਼ਾਰ ਗਰਮ ਸੀ। ਆਪ

ਬੜੀ ਖ਼ਤਰਨਾਕ ਹਾਲਤ ਵਿਚ ਸਨ ਕਿ ਆਪਦੇ ਇਕ ਸਪੈਨਿਸ਼ ਦੋਸਤ ਦਾ ਸੰਦੇਸ਼ ਮਿਲ ਗਿਆ ਕਿ ਉਸਨੇ ਆਪ ਲਈ ਇਕ ਸਪੈਨਿਸ਼ ਸਮੁੰਦਰੀ ਜਹਾਜ਼ 'ਤੇ ਸੀਟ ਬੁੱਕ ਕਰ ਲਈ ਹੈ, ਜਲਦੀ ਅੱਪੜ ਜਾਓ ਤੇ ਬਰਾਜ਼ੀਲ ਰੀਓਦੀ ਜਨੇਰੋ ਪਹੁੰਚ ਜਾਓ।

ਆਪ ਨੇ ਆਪਣੀ ਜ਼ਿੰਦਗੀ ਦਾ ਬੇਹਤਰ ਹਿੱਸਾ ਬਰਾਜ਼ੀਲ ਵਿਚ ਹੀ ਗੁਜ਼ਾਰਿਆ ਭਾਵੇਂ ਈਰਾਨੀ ਦੋਸਤਾਂ ਨੇ ਮੌਕੇ-ਬ-ਮੌਕੇ ਆਪ ਦੀ ਮਦਦ ਕੀਤੀ ਪਰ ਆਪ ਸੈਲਫ਼ ਹੈਲਪ ਦੇ ਆਦੀ ਸਨ। ਜਾ ਜ਼ਬਾਨਾਂ ਪੜ੍ਹਵਾਉਣ ਦਾ ਸਕੂਲ ਇਸ ਮਹਾਨ ਸ਼ਹਿਰ ਵਿਚ ਖੋਲ੍ਹਿਆ ਜਿਸ ਵਿਚ ਕਮਰਸ਼ੀਅਲ ਕਲਾਸਾਂ ਵੀ ਸ਼ੁਰੂ ਕਰ ਦਿੱਤੀਆਂ। ਜੋ ਬਚਤ ਹੁੰਦੀ ਉਹ ਕਿਤਾਬਾਂ 'ਤੇ ਖਰਚ ਕਰ ਇਕ ਚੰਗੀ ਨਿੱਜੀ ਲਾਇਬ੍ਰੇਰੀ ਵੀ ਬਣਾ ਲਈ। ਆਪ ਇਕ ਹੁਨਰੀ ਤਬੀਅਤ ਦੇ ਇਨਸਾਨ ਸਨ। ਟੁੱਥਪੇਸਟ, ਸਾਬਣ, ਕੱਪੜੇ ਦੀ ਬੁਨਤੀ ਆਦਿ ਦੇ ਕਈ ਕਾਰੋਬਾਰਾਂ ਵਿਚ ਆਪ ਨੇ ਕਈਆਂ ਨਾਲ ਹਿੱਸਾ ਪਾ ਕੇ ਕਮਾਈ ਕੀਤੀ। ਬਰਾਜ਼ੀਲ ਬੜਾ ਗਰਮ ਮੁਲਕ ਹੈ। ਇਸਦਾ ਦਰਿਆ ਅਮਾਜ਼ੋਨ ਤੇ ਉਸਦੀਆਂ ਸ਼ਾਖਾਵਾਂ ਦਾ ਜਾਲ ਸਾਰੇ ਬਰਾਜ਼ੀਲ ਵਿਚ ਫੈਲਿਆ ਹੋਇਆ ਹੈ। ਜ਼ਮੀਨ ਏਨੀ ਜਰਖੇਜ਼ ਹੈ ਕਿ ਕਪਾਹ ਦਾ ਬੀਜ ਬੀਜਿਆ ਗਿਆ ਤਾਂ ਉਸ ਦਾ ਬੂਟਾ ਆਦਮੀ ਤੋਂ ਵੀ ਉੱਚਾ ਹੋ ਜਾਂਦਾ ਸੀ ਤੇ ਉਸਦੇ ਟੀਂਡੇ ਤੋੜਨ ਲਈ ਪੌੜੀ ਜਾਂ ਲਿਫਟ ਦਾ ਸਹਾਰਾ ਲਿਆ ਜਾਂਦਾ ਸੀ।

ਯੂਰਪ ਵਾਲਿਆਂ ਇਸ ਮੁਲਕ ਦੇ ਕੁਦਰਤੀ ਸੋਮਿਆਂ ਦਾ ਸ਼ੋਸ਼ਣ ਕਰਕੇ ਪੂਰਾ ਫ਼ਾਇਦਾ ਉਠਾਇਆ। ਬਰਾਜ਼ੀਲ ਦੇ ਆਦਿ ਵਸਨੀਕਾਂ ਰੈਡ ਇੰਡੀਅਨ ਨੂੰ ਉਜਾੜ ਉਨ੍ਹਾਂ ਦੀ ਜ਼ਮੀਨ 'ਤੇ ਜ਼ਬਰਦਸਤੀ ਕਬਜ਼ੇ ਕਰਨ ਲਈ ਬਿਮਾਰੀਆਂ ਦੇ ਜਰਾਸੀਮ ਸੁੱਟੇ ਗਏ। ਇਸ ਮਹਾਨ ਦੇਸ਼ ਦੀ ਸਾਰੀ ਧਰਤੀ ਦੀ ਬਾਬਤ ਜਾਣੂ ਹੋਣਾ ਅਜੇ ਵੀ ਮੁਸ਼ਕਲ ਹੈ। ਪੰਜਾਬੀ ਇਮੀਗਰੈਂਟ ਠੋਕਰਾਂ ਖਾਂਦੇ ਇਥੇ ਅੱਪੜ ਜਾਂਦੇ, ਕੰਮ ਮਿਲ ਜਾਂਦਾ, ਪਰ ਕੰਮ ਸਖ਼ਤ ਸਨ ਤੇ ਪੈਸੇ ਘੱਟ ਸਨ। ਉਹ ਕਮਾਈ ਕਰ ਪੈਸੇ ਘਰ ਨੂੰ ਨਹੀਂ ਭੇਜ ਸਕਦੇ ਸਨ। ਨਵੇਂ ਤੋਂ ਨਵੇਂ ਲੋਕ ਬਰਾਜ਼ੀਲ ਵਿਚ ਆ ਕੇ ਆਬਾਦ ਹੋ ਰਹੇ ਸਨ। ਜ਼ੁਬਾਨਾਂ ਦੇ ਮਾਹਰ ਹੋਣ ਦੇ ਕਾਰਨ ਅਜੀਤ ਸਿੰਘ ਦੀ ਬਰਾਜ਼ੀਲ ਦੇ ਹੁਕਮਰਾਨ ਤਬਕੇ ਵਿਚ ਕਾਫ਼ੀ ਪਹੁੰਚ ਸੀ ਤੇ ਉਥੇ ਦੀ ਸਿਆਸੀ ਉਥਲ-ਪੁਥਲ ਵਿਚ ਵੀ ਆਪ ਉਥੋਂ ਦੇ ਇਨਕਲਾਬੀਆਂ ਦਾ ਸਾਥ ਦਿੰਦੇ, ਉਨ੍ਹਾਂ ਨੂੰ ਪਨਾਹ ਦਿੰਦੇ ਤੇ ਉਨ੍ਹਾਂ ਦੀ ਮੱਦਦ ਕਰਦੇ। ਇਸ ਲਈ ਆਪ ਇਕ ਬਾਰਸੂਖ ਖ਼ਾਨ ਦੇ ਨਾਂ ਨਾਲ ਜਾਣੇ ਜਾਂਦੇ ਸਨ। ਜਦ ਯੂਰਪ ਤੇ ਜਪਾਨ ਦੇ ਅਬਾਦਕਾਰਾਂ ਨੇ ਬਰਾਜ਼ੀਲ ਵਿਚ ਆਪਣੀ ਕਲੋਨੀ ਬਣਾ ਅਬਾਦ ਹੋਣ ਦੀ ਧਾਰੀ ਤਾਂ ਆਪ ਨੂੰ ਵੀ ਸਖ਼ਤ ਜਾਨ ਪੰਜਾਬੀ ਕਿਸਾਨਾਂ ਦਾ ਖ਼ਿਆਲ ਆਇਆ। ਹਕੂਮਤ ਤੋਂ ਇਕ ਬੜਾ ਜਰਖੇਜ਼ ਇਲਾਕਾ ਪੰਜਾਬੀ ਕਲਟੀਵੇਟਰਾਂ ਲਈ ਮਹਿਫ਼ੂਜ ਕਰਵਾ ਲਿਆ ਜਿਸਦੀ ਇਤਲਾਹ ਮਿਲਦਿਆਂ ਅੰਗਰੇਜ਼ੀ ਹਕੂਮਤ ਨੇ ਸਖ਼ਤੀ ਨਾਲ ਬਰਾਜ਼ੀਲ ਹਕੂਮਤ 'ਤੇ ਜ਼ੋਰ ਦਿੱਤਾ ਕਿ ਪੰਜਾਬੀ ਇਮੀਗਰੈਂਟਾਂ ਨੂੰ ਬਰਾਜ਼ੀਲ ਵਸਣ ਦੀ ਕੋਈ ਸਹੂਲਤ ਨਾ ਦਿੱਤੀ ਜਾਵੇ, ਜੇ ਦਿਓਗੇ

ਤਾਂ ਅੰਗਰੇਜ਼ੀ ਹਕੂਮਤ ਇਸਨੂੰ ਦੁਸ਼ਮਣੀ ਭਰਿਆ ਰਵੱਈਆ ਕਰਾਰ ਦੇਵੇਗੀ। ਇਸ ਕਾਰਨ ਸਰਦਾਰ ਅਜੀਤ ਸਿੰਘ ਜੀ ਦੀਆਂ ਇਹ ਸਕੀਮਾਂ ਫੇਲ੍ਹ ਹੋ ਗਈਆਂ।

ਪਹਿਲੀ ਸੰਸਾਰ ਜੰਗ ਦੌਰਾਨ ਤੇ ਜੰਗ ਤੋਂ ਬਾਅਦ ਸਰਦਾਰ ਅਜੀਤ ਸਿੰਘ ਦੀ ਰਿਹਾਇਸ਼ ਦਾ ਸਿਰਫ਼ ਗ਼ਦਰ ਪਾਰਟੀ ਸਾਂਨਫਰਾਂਸਿਸਕੋ ਨੂੰ ਹੀ ਪਤਾ ਸੀ। ਉਨ੍ਹਾਂ ਕੋਸ਼ਿਸ਼ ਕੀਤੀ ਕਿ ਆਪ ਨੂੰ ਅਮਰੀਕਾ ਸੱਦ ਲਿਆ ਜਾਏ ਤੇ ਗ਼ਦਰ ਪਾਰਟੀ ਦੀ ਵਾਗਡੋਰ ਸੰਭਾਲੀ ਜਾਏ ਪਰ ਸਰਦਾਰ ਜੀ ਇਸ ਵਕਤ ਜਾਣ ਲਈ ਤਿਆਰ ਨਾ ਹੋਏ। ਏਧਰ ਮੁਲਕ ਵਿਚ ਸਾਂਡਰਸ ਦਾ ਕਤਲ ਹੋ ਚੁੱਕਾ ਸੀ। ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਮਫਰੂਰ ਸਨ। ਸ਼ਹੀਦ ਭਗਤ ਸਿੰਘ ਦੇ ਮਨ ਵਿਚ ਆਪਣੇ ਜਲਾਵਤਨ ਚਾਚੇ ਨੂੰ ਮਿਲਣ ਦੀ ਬੜੀ ਤਾਂਘ ਸੀ ਜਾਂ ਘੱਟ ਤੋਂ ਘੱਟ ਉਨ੍ਹਾਂ ਨਾਲ ਖ਼ਤੋ ਕਿਤਾਬਤ ਕਰਨ ਦਾ। ਬੰਗਿਆਂ ਵਿਚ ਪੜ੍ਹਦਿਆਂ ਉਨ੍ਹਾਂ ਦੇ ਇਕ ਦੋਸਤ ਅਮਰਨਾਥ ਦਾ ਬਾਪ ਮਾਧੋ ਰਾਮ ਅਮਰੀਕਾ ਵਿਚ ਸੀ ਤੇ ਉਸਦੇ ਗ਼ਦਰ ਪਾਰਟੀ ਨਾਲ ਤਾਲੁਕਾਤ ਸਨ। ਉਸ ਦੁਆਰਾ ਗ਼ਦਰ ਪਾਰਟੀ ਤਕ ਪਹੁੰਚ ਕੀਤੀ ਗਈ। ਗ਼ਦਰ ਪਾਰਟੀ ਨੇ ਲਿਖ ਭੇਜਿਆ ਕਿ ਤੁਸੀਂ ਆਪਣੇ ਖ਼ਤ ਇਸ ਗੁਪਤ ਐਡਰੈਸ 'ਤੇ ਅਮਰੀਕਾ ਭੇਜ ਸਕਦੇ ਹੋ, ਅਸੀਂ ਉਨ੍ਹਾਂ ਨੂੰ ਸਰਦਾਰ ਅਜੀਤ ਸਿੰਘ ਤਕ ਅਪੜਾ ਦਿਆਂਗੇ। ਇੰਝ ਹੀ ਹੋਇਆ ਤੇ ਸਰਦਾਰ ਅਜੀਤ ਸਿੰਘ ਤੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਆਪਸ ਵਿਚ ਖਤੋ-ਕਿਤਾਬਤ ਸ਼ੁਰੂ ਹੋ ਗਈ। ਭਗਤ ਸਿੰਘ ਨੇ ਤਿੰਨ ਅਹਿਮ ਖ਼ਤ ਹਿੰਦੋਸਤਾਨ ਦੀ ਹਾਲਤ ਤੇ ਉਸ ਜ਼ਮਾਨੇ ਦੇ ਕਾਂਗਰਸੀ ਲੀਡਰਾਂ ਦੇ ਕਿਰਦਾਰ 'ਤੇ ਲਿਖੇ। ਅਜੀਤ ਸਿੰਘ ਜੀ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਭਗਤ ਸਿੰਘ ਬਰਾਜ਼ੀਲ ਅੱਪੜ ਜਾਏ ਪਰ ਉਸ ਵੇਲੇ ਮੈਦਾਨ ਛੱਡ ਕੇ ਜਾਣਾ ਮੁਸ਼ਕਲ ਸੀ। ਸ਼ਹੀਦ ਭਗਤ ਸਿੰਘ ਨੂੰ ਜਦ ਫਾਂਸੀ ਦੇ ਦਿੱਤੀ ਗਈ ਤਾਂ ਸਰਦਾਰ ਅਜੀਤ ਸਿੰਘ 'ਤੇ ਇਸਦਾ ਗਹਿਰਾ ਅਸਰ ਹੋਇਆ। ਉਸਨੇ ਦੁਬਾਰਾ ਆਪਣੀ ਇਨਕਲਾਬੀ ਜਦੋਜਹਿਦ ਜਾਰੀ ਕਰਨ ਦਾ ਇਰਾਦਾ ਬਣਾ ਲਿਆ।

ਗ਼ਦਰ ਪਾਰਟੀ ਦੇ ਰੋਮਿੰਗ ਅੰਬੈਸਡਰ ਬਾਬਾ ਰਤਨ ਸਿੰਘ ਜੀ ਕਿਊਬਾ, ਪਨਾਮਾ ਹੁੰਦੇ ਹੋਏ ਬਰਾਜ਼ੀਲ ਅੱਪੜੇ ਅਤੇ ਸਰਦਾਰ ਅਜੀਤ ਸਿੰਘ ਪਾਸ ਮਹੀਨੇ ਤੋਂ ਵੱਧ ਠਹਿਰੇ। ਸਰਦਾਰ ਅਜੀਤ ਸਿੰਘ ਜੀ ਅਜੇ ਵੀ ਕੱਟੜ ਨੈਸ਼ਨਲਿਸਟ ਖ਼ਿਆਲਾਂ ਦੇ ਇਨਕਲਾਬੀ ਸਨ ਜਦ ਕਿ ਬਾਬਾ ਰਤਨ ਸਿੰਘ ਜੀ ਇੰਟਰਨੈਸ਼ਨਲ ਕਮਿਊਨਿਜ਼ਮ ਦੇ ਹਾਮੀ ਸਨ। ਦੋਹਾਂ ਵਿਚ ਬਹਿਸ ਹੁੰਦੀ ਰਹਿੰਦੀ ਤੇ ਕਈ ਵਾਰੀ ਤਲਖੀ ਤੱਕ ਵੀ ਅੱਪੜ ਜਾਂਦੀ। ਪਰ ਦੁਪਹਿਰ ਦੀ ਰੋਟੀ ਵੇਲੇ ਇਕ ਦੂਜੇ ਨੂੰ ਕਹਿੰਦੇ, ਚਲ ਭਾਈ ਹੁਣ ਖਾਣਾ ਖਾਈਏ। ਸਰਦਾਰ ਅਜੀਤ ਸਿੰਘ ਜੀ ਦੇਸ਼ ਭਗਤ ਖ਼ਿਆਲਾਂ ਦੇ ਧਾਰਨੀ ਸਨ। ਉਨ੍ਹਾਂ ਦਾ ਆਪਣੇ ਦੇਸ਼ ਨਾਲ ਗੂੜ੍ਹਾ ਨਾਤਾ ਸੀ। ਸੋਵੀਅਤ ਰੂਸ ਨੂੰ ਹਿੰਦੁਸਤਾਨ ਦੀ ਆਜ਼ਾਦੀ ਦੇ ਦੋਸਤਾਂ ਵਿਚ ਸ਼ਾਮਲ ਕਰਦੇ ਸਨ, ਇਸ ਤੋਂ ਵੱਧ ਨਹੀਂ। ਜਦ ਕਿ ਬਾਬਾ ਰਤਨ ਸਿੰਘ ਕੱਟੜ ਇੰਟਰਨੈਸ਼ਨਲ ਕਮਿਊਨਿਜ਼ਮ ਦੇ ਹਾਮੀ ਤੇ ਸੋਵੀਅਤ

ਯੂਨੀਅਨ ਦੀ ਹਰ ਮੂਵ ਦੇ ਪ੍ਰਸ਼ੰਸਕ ਸਨ। ਇਸ ਲਈ ਆਮ ਕਮਿਊਨਿਸਟਾਂ ਵਾਂਗ ਉਹ ਆਪਣਾ ਕੱਟੜ ਇੰਟਰਨੈਸ਼ਲਿਜ਼ਮ ਨੂੰ ਛੱਡਣ ਲਈ ਤਿਆਰ ਨਹੀਂ ਸਨ ਤੇ ਸਰਦਾਰ ਅਜੀਤ ਸਿੰਘ ਜੀ ਪ੍ਰੋਗਰੈਸਿਵ ਨੈਸ਼ਨਲ ਹਿੰਦੋਸਤਾਨ ਦੀ ਆਜ਼ਾਦੀ ਦੇ ਮਤਵਾਲਿਆਂ ਵਾਲੀ ਗੱਲ ਕਰਦੇ ਸਨ। ਦਿਨਾਂ ਬੱਧੀ ਬਹਿਸ ਤੋਂ ਬਾਅਦ ਸਹਿਮਤ ਨਾ ਹੋ ਸਕੇ। ਪਰ ਗ਼ਦਰ ਪਾਰਟੀ ਦੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਇਨਕਲਾਬੀ ਮੁਹਿੰਮ ਬਾਰੇ ਜ਼ਰੂਰ ਸਹਿਮਤ ਹੋ ਗਏ। ਬਾਬਾ ਰਤਨ ਸਿੰਘ ਦਰਅਸਲ ਸਰਦਾਰ ਅਜੀਤ ਸਿੰਘ ਦੀ ਸਿਹਤ ਬਾਰੇ ਫਿਕਰਮੰਦ ਸਨ। ਇਸੇ ਮਕਸਦ ਲਈ ਗ਼ਦਰ ਪਾਰਟੀ ਨੇ ਉਨ੍ਹਾਂ ਨੂੰ ਬਰਾਜ਼ੀਲ ਭੇਜਿਆ ਸੀ। ਡਾਕਟਰਾਂ ਦੀ ਰਿਪੋਰਟ ਸੀ ਕਿ ਸਰਦਾਰ ਅਜੀਤ ਸਿੰਘ ਨੂੰ ਜਲਦੀ ਤੋਂ ਜਲਦੀ ਕਿਸੇ ਠੰਡੀ ਜਗ੍ਹਾ 'ਤੇ ਅਪੜਾ ਦੇਣਾ ਚਾਹੀਦਾ ਹੈ, ਬਰਾਜ਼ੀਲ ਦੀ ਸਖ਼ਤ ਗਰਮੀ ਵਿਚ ਰਹਿੰਦਿਆਂ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਮਹੀਨੇ ਤੋਂ ਬਾਅਦ ਬਾਬਾ ਰਤਨ ਸਿੰਘ ਅਰਜਨਟੀਨਾ ਪੁੱਜ ਗਏ ਤੇ ਭਗਤ ਸਿੰਘ ਬਿਲਗਾ ਜਨਰਲ ਸੈਕਟਰੀ ਗਦਰ ਪਾਰਟੀ ਅਰਜਨਟੀਨਾ ਨੂੰ ਅਜੀਤ ਸਿੰਘ ਦੀ ਸਿਹਤ ਬਾਰੇ ਰਿਪੋਰਟ ਦੇ ਦਿੱਤੀ। ਇਸ ਬ੍ਰਾਂਚ ਨੇ ਫ਼ੈਸਲਾ ਕੀਤਾ ਕਿ ਸਰਦਾਰ ਅਜੀਤ ਸਿੰਘ ਨੂੰ ਫੌਰਨ ਅਰਜਨਟੀਨਾ ਸੱਦਿਆ ਜਾਵੇ ਤੇ ਕੁਰਦਬਾ ਸ਼ਿਮਲੇ ਵਰਗੀ ਠੰਡੀ ਜਗ੍ਹਾ 'ਤੇ ਇਲਾਜ ਲਈ ਭੇਜਿਆ ਜਾਵੇ। ਸਰਦਾਰ ਅਜੀਤ ਸਿੰਘ ਨੇ ਆਪਣਾ ਸਾਰਾ ਸਮਾਨ ਪੈਕ ਕਰ ਆਪਣੀ ਵੱਡਮੁੱਲੀ ਲਾਇਬ੍ਰੇਰੀ ਤੇ ਟਾਈਪਰਾਈਟਰ ਆਦਿ ਸਮੁੰਦਰੀ ਜਹਾਜ਼ ਰਾਹੀਂ ਅਰਜਨਟੀਨਾ ਗ਼ਦਰ ਬ੍ਰਾਂਚ ਨੂੰ ਭੇਜ ਦਿੱਤੇ ਤੇ ਕੁਝ ਅਰਸੇ ਬਾਅਦ ਖ਼ੁਦ ਵੀ ਅਰਜਨਟੀਨਾ ਪਹੁੰਚ ਗਏ। ਉਨ੍ਹਾਂ ਨੂੰ ਠੰਡੀ ਜਗ੍ਹਾ 'ਤੇ ਰੱਖਿਆ ਗਿਆ ਤੇ ਇਲਾਜ ਕੀਤਾ ਗਿਆ। ਹੁਣ ਬਾਬਾ ਰਤਨ ਸਿੰਘ ਵਾਪਸ ਯੂਰਪ ਅੱਪੜ ਚੁੱਕਾ ਸੀ ਤੇ ਤੇਜਾ ਸਿੰਘ ਸੁਤੰਤਰ ਉਨ੍ਹਾਂ ਦੇ ਪਿੱਛੇ-ਪਿੱਛੇ ਅਮਰੀਕਾ, ਪਨਾਮਾ ਹੁੰਦਾ ਹੋਇਆ ਅਰਜਨਟੀਨਾ ਪਹੁੰਚ ਗਿਆ। ਅਜੀਤ ਸਿੰਘ ਤੇ ਤੇਜਾ ਸਿੰਘ ਨੇ ਹਿੰਦੋਸਤਾਨ ਵਿਚ ਗੁਰੀਲਾ ਜੰਗ ਦੀ ਤਿਆਰੀ ਲਈ ਲੰਬੇ ਚੌੜੇ ਪਲੈਨ ਬਣਾਏ ਜਿਸ ਵਿਚ ਇਨਕਲਾਬੀ ਗ਼ਦਰੀਆਂ ਨੂੰ ਮੁੜ ਹਿੰਦੋਸਤਾਨ ਕਿਸ ਤਰ੍ਹਾਂ ਅਪੜਾਉਣਾ ਹੈ, ਵੀ ਸ਼ਾਮਲ ਸੀ। ਇਸ ਲਈ ਬਰਾਜ਼ੀਲ ਦੀ ਵਿਦੇਸ਼ ਸਰਵਿਸ ਅਤੇ ਤਜਾਰਤੀ ਮਿਸ਼ਨ, ਜਿਸ ਵਿਚ ਅਜੀਤ ਸਿੰਘ ਦਾ ਬੜਾ ਰਸੂਖ ਸੀ, ਤੋਂ ਕੰਮ ਲਿਆ ਗਿਆ। ਯਾਦ ਰਹੇ ਬ੍ਰਿਟਿਸ਼ ਹਿੰਦੋਸਤਾਨ ਦਾ ਬਾਹਰ ਜਾਣ ਵਾਲਿਆਂ ਵਾਸਤੇ ਵੀ ਘੇਰਾਬੰਦੀ ਸੀ ਤੇ ਮੁੜ ਇਸ ਅੰਦਰ ਦਾਖ਼ਲ ਹੋਣ ਲਈ ਬੜੇ ਕਸ਼ਟ ਸਹਾਰਨੇ ਪੈਂਦੇ ਸਨ। ਇਹ ਇਕ ਕਿਲਾ ਸੀ ਜਿਸਦੇ ਗਿਰਦ ਪੁਲਸ ਤੇ ਸੀ.ਆਈ.ਡੀ. ਦਾ ਪਹਿਰਾ ਸੀ। ਹਰ ਬਾਹਰੋਂ ਆਉਣ ਵਾਲੇ ਪੰਜਾਬੀ ਦਾ ਉਹਦੇ ਘਰ ਤਕ ਪਿੱਛਾ ਕੀਤਾ ਜਾਂਦਾ ਸੀ। ਭਾਵੇਂ ਉਹ ਗੌਰਮਿੰਟ ਦੇ ਅਫ਼ਸਰ ਦਾ ਪੁੱਤ ਵੀ ਹੋਵੇ।

ਬਾਬਾ ਰਤਨ ਸਿੰਘ, ਅਜੀਤ ਸਿੰਘ, ਤੇਜਾ ਸਿੰਘ ਤੇ ਗ਼ਦਰ ਪਾਰਟੀ ਦੀ ਐਗਜ਼ੇਕਟਿਵ ਦੇ ਸੋਚਣ ਵਾਲੀ ਗੱਲ ਸੀ। ਅਜੀਤ ਸਿੰਘ ਤੇ ਤੇਜਾ ਸਿੰਘ ਦਾ

ਪਲੈਨ ਸੀ ਕਿ ਗੁਰੀਲਾ ਜੰਗ ਦੀ ਟਰੇਨਿੰਗ ਦੇ ਕੇ ਬਾਹਰੋਂ ਨੌਜਵਾਨਾਂ ਨੂੰ ਮੁਲਕ ਭੇਜਿਆ ਜਾਏ, ਪਰ ਅਜਿਹੇ ਇਨਕਲਾਬੀਆਂ ਲਈ ਮੁਲਕ ਵਿਚ ਦਾਖ਼ਲ ਹੋਣਾ ਅਸੰਭਵ ਸੀ। ਸਰਦਾਰ ਅਜੀਤ ਸਿੰਘ ਨੇ ਆਪਣਾ ਰਸੂਖ ਵਰਤ ਕੇ ਆਪਣੇ ਨਿਕਟਵਰਤੀ ਇਕ ਬਰਾਜ਼ੀਲ ਦੇ ਵਜ਼ੀਰ ਨਾਲ ਸਾਂਝਾ-ਗਾਂਢਾ ਕਰ ਮਿਡਲ ਈਸਟ ਤੇ ਈਰਾਨ ਤੱਕ ਬਰਾਜ਼ੀਲ ਦੀ ਕੌਫੀ ਦੀ ਟਰੇਡ ਦੀ ਮਨਾਪਲੀ ਹਾਸਲ ਕਰ ਲਈ। ਦੋਹਾਂ ਨੇ ਮਿਲ ਲੰਬੇ ਚੌੜੇ ਬਲਿਊ ਤਿਆਰ ਕੀਤੇ। ਕੌਫੀ ਦੇ ਡਿਪੂਆਂ ਦੇ ਕਿਥੇ ਕਿਥੇ ਗੋਦਾਮ ਹੋਣ ਜਿਨ੍ਹਾਂ ਦੇ ਜ਼ਰੀਏ, ਇਨ੍ਹਾਂ ਇਨਕਲਾਬੀਆਂ ਨੂੰ ਕੋਇਟੇ (ਬਲੋਚਿਸਤਾਨ) ਵਲ ਦੀ ਹਿੰਦੋਸਤਾਨ ਵਿਚ ਦਾਖ਼ਲ ਹੋਣ ਲਈ ਸਹੂਲਤ ਹੋ ਜਾਵੇ। ਦੂਜੇ ਪਾਸੇ ਬਾਬਾ ਰਤਨ ਸਿੰਘ ਬੜਾ ਕੱਟੜ ਕਮਿਊਨਿਸਟ ਸੀ ਤੇ ਉਸ ਵੇਲੇ ਉਨ੍ਹਾਂ ਦੀ ਗ਼ਦਰ ਪਾਰਟੀ ਤੇ ਕਮਿਊਨਿਸਟ ਇੰਟਰਨੈਸ਼ਨਲ ਵਿਚ ਬੜੀ ਪੁੱਛ ਸੀ। ਉਨ੍ਹਾਂ ਦਾ ਪਲੈਨ ਸੀ ਕਿ ਗ਼ਦਰ ਪਾਰਟੀ ਦੀਆਂ ਸਾਰੀਆਂ ਬਰਾਂਚਾਂ ਤੋਂ ਇਨਕਲਾਬੀ ਸਾਥੀ ਮਾਸਕੋ ਯੂਨੀਵਰਸਿਟੀ ਟਰੇਨਿੰਗ ਲਈ ਭੇਜੇ ਜਾਣ। ਪਾਰਟੀ ਨੇ ਫ਼ੈਸਲਾ ਬਾਬਾ ਰਤਨ ਸਿੰਘ ਦੇ ਹੱਕ ਵਿਚ ਦੇ ਦਿੱਤਾ ਤੇ ਸਾਰੀਆਂ ਬ੍ਰਾਂਚਾਂ ਤੋਂ ਗ਼ਦਰੀ ਇਨਕਲਾਬੀ ਮਾਸਕੋ, ਏਸ਼ੀਆ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ, ਭੇਜੇ ਜਾਣ ਲੱਗੇ। ਇਥੋਂ ਤੱਕ ਕਿ ਤੇਜਾ ਸਿੰਘ ਸੁਤੰਤਰ ਨੂੰ ਵੀ ਮਾਸਕੋ ਭੇਜਿਆ ਗਿਆ। ਇਨ੍ਹਾਂ ਸਟੂਡੈਂਟਸ ਦੀ ਸਭ ਤੋਂ ਵੱਡੀ ਗਿਣਤੀ ਅਰਜਨਟੀਨਾ ਤੋਂ ਸੀ। ਸਰਦਾਰ ਅਜੀਤ ਸਿੰਘ ਜੀ ਚਾਹੁੰਦੇ ਸੀ ਕਿ ਭਗਤ ਸਿੰਘ ਬਿਲਗਾ ਉਨ੍ਹਾਂ ਦੇ ਅੰਗ-ਸੰਗ ਰਹੇ। ਉਨ੍ਹਾਂ ਦਾ ਰਿਸ਼ਤਾ ਪਿਤਾ-ਪੁੱਤਰ ਦੇ ਸਮਾਨ ਹੋ ਗਿਆ ਸੀ। ਯੂਰਪ ਅੱਪੜ ਤੇਜਾ ਸਿਘ ਸੁਤੰਤਰ, ਭਗਤ ਸਿੰਘ ਬਿਲਗਾ, ਅੱਛਰ ਸਿੰਘ ਛੀਨਾ ਆਦਿ ਨੂੰ ਬਾਬੇ ਰਤਨ ਸਿੰਘ ਦੀ ਕਮਾਂਡ ਹੇਠ ਮਾਸਕੋ ਤੋਰ ਦਿੱਤਾ। ਹੁਣ ਸਰਦਾਰ ਅਜੀਤ ਸਿੰਘ ਦਾ ਬਰਾਜ਼ੀਲ ਦੇ ਵਿਚ ਸਿਹਤਯਾਬ ਰਹਿਣਾ ਤਕਰੀਬਨ ਨਾਮੁਮਕਿਨ ਸੀ। ਆਪ ਵੀ ਯੂਰਪ ਆ ਗਏ ਤੇ ਯੂਰਪ ਵਿਚ ਬਾਬਾ ਰਤਨ ਸਿੰਘ ਨਾਲ ਮਿਲ ਸਿਆਸੀ ਜਦੋਜਹਿਦ ਕਰਨ ਲੱਗੇ। ਨਾਲ ਹੀ ਨਾਲ ਉਨ੍ਹਾਂ ਨੇ ਫੇਰ ਫਰਾਂਸ ਵਿਚ ਆਪਣਾ ਜ਼ੁਬਾਨਾਂ ਸਿਖਾਉਣ ਦਾ ਸਕੂਲ ਖੋਲ੍ਹ ਲਿਆ। ਦੂਸਰੀ ਸੰਸਾਰ ਜੰਗ ਤੱਕ ਆਪ ਬਾਬਾ ਰਤਨ ਸਿੰਘ ਵੀ ਜਰਮਨੀ ਵਿਚ ਹੀ ਸਨ ਤੇ ਮੁਹੰਮਦ ਸ਼ੈਦਾਈ ਇਟਲੀ ਵਿਚ ਸੀ। ਹਿੰਦੁਸਤਾਨੀ ਫੌਜੀ ਕੈਦੀ ਜਰਮਨੀ ਕੰਨਸੈਂਟਰੇਸ਼ਨ ਕੈਂਪ ਵਿਚ ਲਿਆਂਦੇ ਗਏ ਤਾਂ ਇਨ੍ਹਾਂ ਨੇ ਆਈ.ਐਨ.ਏ. ਦੀ ਬੁਨਿਆਦ ਜਰਮਨੀ ਵਿਚ ਰੱਖੀ। ਸਰਦਾਰ ਅਜੀਤ ਸਿੰਘ ਨੇ ਹਿਟਲਰ ਤੇ ਉਨ੍ਹਾਂ ਦੇ ਸਾਥੀਆਂ ਅੱਗੇ ਤਜਵੀਜ਼ ਰੱਖੀ ਕਿ ਸਾਡੀ ਇੰਡੀਅਨ ਨੈਸ਼ਨਲ ਆਰਮੀ ਦੇ ਲੋਕਾਂ ਨੂੰ ਲੜਨ ਲਈ ਸਿਰਫ਼ ਹਿੰਦੋਸਤਾਨ ਦੇ ਫਰੰਟ 'ਤੇ ਹੀ ਭੇਜਿਆ ਜਾ ਸਕਦਾ ਹੈ ਪਰ ਹਿਟਲਰ ਨੇ ਇਸ ਤੋਂ ਇਨਕਾਰ ਕਰ ਦਿੱਤਾ। ਬੜਾ ਪ੍ਰਾਪੇਗੰਡਾ ਹੁੰਦਾ ਸੀ ਕਿ ਜਰਮਨੀ ਹਿੰਦੋਸਤਾਨੀਆਂ ਨੂੰ ਆਜ਼ਾਦੀ ਦਵਾਏਗਾ। ਸ. ਅਜੀਤ ਸਿੰਘ ਨੇ ਹਿਟਲਰ ਤੋਂ ਮੰਗ ਕੀਤੀ ਕਿ ਉਹ ਆਪਣੀ ਕਿਤਾਬ ਮਾਈਨ ਕੈਂਪ 'ਚੋਂ ਉਹ ਫਿਕਰਾ ਕੱਢ ਦੇਣ ਜਿਸ ਦੁਆਰਾ ਉਨ੍ਹਾਂ

ਨੇ ਹਿੰਦੁਸਤਾਨੀਆਂ ਨੂੰ ਘਟੀਆ ਦਰਜੇ ਦੇ ਇਨਸਾਨ ਤੇ ਚਿੱਟੀਆਂ ਕੌਮਾਂ ਦੇ ਸੇਵਾਦਾਰ ਕਹਿ ਕੇ ਲਿਖਿਆ ਸੀ। ਹਿਟਲਰ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ 'ਤੇ ਝਗੜਾ ਹੋ ਗਿਆ ਤੇ ਸਰਦਾਰ ਅਜੀਤ ਸਿੰਘ ਤੇ ਬਾਬਾ ਰਤਨ ਸਿੰਘ ਨੂੰ ਜਰਮਨੀ ਛੱਡ ਕੇ ਆਉਣਾ ਪਿਆ। ਇਟਲੀ ਦੇ ਮੁਸੋਲਿਨੀ ਨੇ ਇਨ੍ਹਾਂ ਦੀਆਂ ਕੁਝ ਮੰਗਾਂ ਮੰਨ ਲਈਆਂ। ਸੋਵੀਅਤ ਰੂਸ ਦੇ ਜੰਗ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਕਮਿਊਨਿਸਟ ਵਿਚਾਰਧਾਰਾ ਦੇ ਲੋਕ ਇਸ ਲੜਾਈ ਨੂੰ ਇੰਪੀਰੀਅਲਿਸਟ ਜੰਗ ਕਹਿੰਦੇ ਸਨ। ਸਰਦਾਰ ਅਜੀਤ ਸਿੰਘ ਨੇ ਰੋਮ ਰੇਡੀਓ ਤੋਂ ਅੰਗ੍ਰੇਜ਼ੀ ਹਕੂਮਤ ਦੇ ਖ਼ਿਲਾਫ਼ ਕਾਫ਼ੀ ਪ੍ਰਚਾਰ ਕੀਤਾ। ਹੁਣ ਜੰਗ ਦਾ ਪਾਸਾ ਪਲਟ ਰਿਹਾ ਸੀ। ਹਿਟਲਰ ਨੇ ਰੂਸ ਤੇ ਹਮਲਾ ਕੀਤਾ ਤਾਂ ਕਮਿਊਨਿਸਟਾਂ ਨੇ ਇਸ ਜੰਗ ਨੂੰ ਐਂਟੀਫਾਸ਼ਿਸਟ ਲੋਕਾਂ ਦੀ ਜੰਗ (ਪੀਪਲਜ਼ ਵਾਰ) ਕਹਿ ਕੇ ਪ੍ਰਚਾਰਿਆ। ਬਾਬੇ ਰਤਨ ਸਿੰਘ ਲਈ ਜਿਹੜੇ ਕਿ ਕੱਟੜ ਕਮਿਊਨਿਸਟ ਸਨ, ਮੁਸ਼ਕਿਲ ਬਣ ਗਈ। ਉਹ ਕਿਸੇ ਨਾ ਕਿਸੇ ਤਰ੍ਹਾਂ ਮਦਗਾਸਕਰ ਪਹੁੰਚ ਗਏ ਤੇ ਉਥੋਂ ਇੰਡੀਆ ਆਉਣ ਦੀ ਤਿਆਰੀ ਕਰਨ ਲੱਗੇ ਹੋਏ ਸਨ ਕਿ ਗ੍ਰਿਫ਼ਤਾਰ ਕਰ ਲਏ ਗਏ ਅਤੇ ਮੁੜ ਇਟਲੀ ਲਿਆਂਦੇ ਗਏ। ਆਪ ਸਖ਼ਤ ਬੀਮਾਰ ਹੋ ਗਏ ਅਤੇ ਆਪਣੇ ਅੰਤਿਮ ਸਵਾਸ ਇਟਲੀ ਦੇ ਕਿਸੇ ਹਸਪਤਾਲ ਵਿਚ ਲਏ। ਸਰਦਾਰ ਅਜੀਤ ਸਿੰਘ ਭਾਵੇਂ ਲੋਕਾਂ ਦੀ ਜੰਗ ਆਦਿ ਦੇ ਨਾਂ ਨੂੰ ਪ੍ਰਵਾਨ ਨਹੀਂ ਕਰਦੇ ਸਨ। ਪਰ ਫਿਰ ਵੀ ਇਟਾਲੀਅਨ ਹਕੂਮਤ ਉਤੇ ਜ਼ੋਰ ਦਿੱਤਾ ਕਿ ਇੰਡੀਅਨ ਨੈਸ਼ਨਲ ਆਰਮੀ ਦੇ ਲੋਕਾਂ ਨੂੰ ਸੋਵੀਅਤ ਰੂਸ ਦੇ ਫਰੰਟ 'ਤੇ ਲਾਲ ਫੌਜ ਦੇ ਵਿਰੁੱਧ ਲੜਨ ਨਾ ਭੇਜਿਆ ਜਾਵੇ, ਸਭ ਕਾਸੇ ਦੇ ਬਾਵਜੂਦ ਸੋਵੀਅਤ ਰੂਸ ਸਾਡਾ ਦੋਸਤ ਬਣ ਗਿਆ ਹੈ। ਜੰਗ ਖ਼ਤਮ ਹੋਈ, ਜਰਮਨੀ, ਇਟਲੀ ਹਾਰ ਗਏ ਤਾਂ ਅੰਗਰੇਜ਼ ਆਰਮੀ ਨੇ ਸਰਦਾਰ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਸਖ਼ਤ ਨਿਗਰਾਨੀ ਹੇਠ ਉਨ੍ਹਾਂ ਨੂੰ ਜੰਗੀ ਕੈਦੀਆਂ ਦੇ ਕੰਸਨਟ੍ਰੇਸ਼ਨ ਕੈਂਪ ਵਿਚ ਰੱਖਿਆ ਗਿਆ ਅਤੇ ਉਨ੍ਹਾਂ ਤੇ ਬੜੀ ਸਖ਼ਤੀ ਕੀਤੀ ਗਈ। ਭਾਵੇਂ ਆਪ ਦੀ ਸਿਹਤ ਵਿਗੜਦੀ ਜਾ ਰਹੀ ਸੀ। ਤੇ ਉਨ੍ਹਾਂ ਦੀ ਜਾਨ ਨੂੰ ਵੀ ਖ਼ਤਰਾ ਸੀ ਫਿਰ ਵੀ ਹੌਂਸਲਾ ਨਾ ਹਾਰਿਆ ਅਤੇ ਇਸ ਜ਼ੁਲਮ ਤਸ਼ੱਦਦ ਦੇ ਖਿਲਾਫ਼ ਡਟ ਕੇ ਮੁਕਾਬਲਾ ਕੀਤਾ। ਏਧਰ ਹਿੰਦੋਸਤਾਨ ਵਿਚ ਰਾਜ ਭਾਗ ਹਿੰਦੋਸਤਾਨੀਆਂ ਦੇ ਹਵਾਲੇ ਕਰਨ ਦੇ ਉਪਰਾਲੇ ਹੋ ਰਹੇ ਸਨ। ਆਪ ਨੂੰ ਜਰਮਨੀ ਦੀ ਜ਼ੇਲ੍ਹ ਤੋਂ ਇੰਗਲੈਂਡ ਭੇਜ ਦਿੱਤਾ ਗਿਆ ਜਿਥੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਲੋਕਾਂ ਨੇ ਦਬਾਅ ਪਾ ਕੇ ਉਨ੍ਹਾਂ ਨੂੰ ਆਪਣੇ ਪਾਸ ਲੈ ਆਂਦਾ। ਹਰ ਜਥੇਬੰਦੀ ਵਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਇਜ਼ਾਜਤ ਹੋ ਗਈ ਕਿ ਉਹ ਹਿੰਦੋਸਤਾਨ ਜਾ ਸਕਦੇ ਹਨ। ਕਰਾਚੀ ਅਪੜਨ 'ਤੇ ਹਿੰਦੋਸਤਾਨ ਦੀਆਂ ਸਮੂਹ ਪਾਰਟੀਆਂ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਦੀ ਰਿਹਾਇਸ਼ ਦੇ ਖ਼ਾਸ ਇੰਤਜ਼ਾਮ ਕਰ ਦਿੱਤੇ। ਮੁਲਕ ਦੀ ਤਕਸੀਮ ਦੀਆਂ ਗੱਲਾਂ ਹੋ ਰਹੀਆਂ ਸਨ। ਹਿੰਦੂ, ਸਿੱਖ, ਮੁਸਲਮਾਨ

ਫਸਾਦ ਜ਼ੋਰਾਂ 'ਤੇ ਸਨ ਤੇ ਪੰਜਾਬ ਵਿਚ ਇਕ ਕਿਸਮ ਦੀ ਅੱਗ ਲੱਗੀ ਹੋਈ ਸੀ। ਸਰਦਾਰ ਅਜੀਤ ਸਿੰਘ ਜੀ ਬੰਗਲੇ ਵਿਚ ਬੈਠ ਕੇ ਇਹ ਤਮਾਸ਼ਾ ਕਿਸ ਤਰ੍ਹਾਂ ਦੇਖ ਸਕਦੇ ਸਨ। ਆਪ ਬਿਨਾਂ ਦੱਸੇ ਬੰਗਲੇ ਤੋਂ ਫ਼ਰਾਰ ਹੋ ਪੰਜਾਬ ਪਹੁੰਚ ਗਏ। ਉਹ ਮੁਲਕ ਜਿਸਦੀ ਅਜ਼ਾਦੀ ਲਈ ਜ਼ਿੰਦਗੀ ਲਾ ਦਿੱਤੀ ਅਤੇ ਆਪਣੇ ਪਰਿਵਾਰ ਦੇ ਸਪੂਤ ਕੁਰਬਾਨ ਕਰ ਦਿੱਤੇ, ਉਸ ਦੀ ਚੀਰ ਫਾੜ, ਦੰਗੇ ਫਸਾਦਾਂ ਨੂੰ ਆਪ ਕਿਵੇਂ ਸਹਾਰ ਸਕਦੇ ਸਨ। ਦਖ਼ਲ ਦਿੱਤਾ, ਘੁੰਮੇ ਫਿਰੇ, ਬੋਲੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਵੇਲੇ ਪੰਜਾਬ ਵਿਚ ਗਰਮੀ ਦਾ ਜ਼ੋਰ ਸੀ, ਆਖ਼ਿਰ ਉਹ ਹੀ ਹੋਇਆ ਜਿਸ ਦਾ ਡਰ ਸੀ। ਪੰਜਾਬ ਦੀ ਸਖ਼ਤ ਗਰਮੀ ਵਿਚ ਆਪ ਸਖ਼ਤ ਬੀਮਾਰ ਹੋ ਗਏ। ਡਾਕਟਰ ਨੇ ਠੰਢੀ ਜਗ੍ਹਾ ਜਾਣ ਦੀ ਸਲਾਹ ਦਿੱਤੀ। ਆਪ ਨੂੰ ਡਲਹੌਜ਼ੀ ਪਹੁੰਚਾ ਦਿੱਤਾ ਗਿਆ। ਬਾਵਜੂਦ ਡਾਕਟਰਾਂ ਦੀ ਪੂਰੀ ਕੋਸ਼ਿਸ਼ ਦੇ ਤੇ ਪਰਿਵਾਰਕ ਮੈਂਬਰਾਂ ਦੀ ਸੇਵਾ ਦੇ ਆਪ ਸਿਹਤਯਾਬ ਨਾ ਹੋ ਸਕੇ ਤੇ ਆਖ਼ਿਰ 1947 ਵਿਚ ਜਦ ਲਾਲ ਕਿਲ੍ਹੇ ਤੇ ਕੌਮੀ ਝੰਡਾ ਝੁਲਾਇਆ ਜਾ ਰਿਹਾ ਸੀ, ਲਾਹੌਰ ਤੇ ਕਰਾਚੀ ਵਿਚ ਲੀਗੀ ਝੰਡੇ ਝੂਲ ਰਹੇ ਸਨ, ਆਪ ਆਪਣੇ ਆਖ਼ਰੀ ਸਵਾਸ ਪੂਰੇ ਕਰ ਗਏ।

ਇਸ ਖ਼ਾਨਦਾਨ ਦੀਆਂ ਕੁਰਬਾਨੀਆਂ ਦੀ ਦਾਸਤਾਨ ਲੰਮੀ ਹੈ। ਇਹ ਤਾਂ ਜ਼ਿਕਰ ਸਿਰਫ਼ ਕਮਰਾ ਨੰਬਰ 2 ਦੇ ਇਤਿਹਾਸ ਦਾ ਹੈ। ਬਾਕੀ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਅਸਥਾਨ ਦੇ ਕਮਰਿਆਂ ਬਾਰੇ ਬੜੀਆਂ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਅਜੇ ਹੋਰ ਲਿਖੀਆਂ ਜਾਣੀਆਂ ਚਾਹੀਦੀਆਂ ਹਨ। ਇਸ ਖ਼ਾਨਦਾਨ ਦੀ ਲਾਸਾਨੀ ਕੁਰਬਾਨੀ ਦਾ ਮੁਕਾਬਲਾ ਦੁਨੀਆਂ ਵਿਚ ਕਿਤੇ ਵਿਰਲਾ ਵਿਰਲਾ ਹੀ ਮਿਲਦਾ ਹੈ।

***

1234567890